# ਯਿਸੂ ਦਾ ਜੀਵਨ ਅਤੇ ਸੇਵਕਾਈ

shepherds
GLOBAL CLASSROOM

Shepherds Global Classroom ਦੁਨੀਆ ਭਰ ਦੇ ਉੱਭਰਦੇ ਈਸਾਈ ਨੇਤਾਵਾਂ ਲਈ ਪਾਠਕ੍ਰਮ ਪ੍ਰਦਾਨ ਕਰਕੇ ਮਸੀਹ ਦੇ ਸਰੀਰ ਨੂੰ ਤਿਆਰ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਵਿਸ਼ਵ ਦੇ ਹਰ ਦੇਸ਼ ਵਿੱਚ ਅਧਿਆਤਮਿਕ ਟ੍ਰੇਨਰਾਂ ਦੇ ਹੱਥਾਂ ਵਿੱਚ 20-ਕੋਰਸ ਪਾਠਕ੍ਰਮ ਟੂਲ ਦੇ ਕੇ ਸਵਦੇਸ਼ੀ ਸਿਖਲਾਈ ਪ੍ਰੋਗਰਾਮਾਂ ਨੂੰ ਗੁਣਾ ਕਰਨਾ ਹੈ।

https://www.shepherdsglobal.org/courses ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਮੁੱਖ ਲੇਖਕ: ਡਾ. ਰੈਂਡਲ ਡੀ. ਮੈਕਲਵੇਨ Dr. Randall D. McElwain

ਕਾਪੀਰਾਈਟ © 2023 Shepherds Global Classroom

ਤੀਜੇ ਐਡੀਸ਼ਨ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।

ਸਾਰੇ ਹੱਕ ਰਾਖਵੇਂ ਹਨ.

ਤੀਜੀ-ਧਿਰ ਸਮੱਗਰੀਆਂ ਉਨ੍ਹਾਂ ਦੇ ਸੰਬੰਧਤ ਮਾਲਕਾਂ ਦੇ ਕਾਪੀਰਾਈਟ ਹਨ ਅਤੇ ਵੱਖ-ਵੱਖ ਲਾਇਸੈਂਸਾਂ ਦੇ ਅਧੀਨ ਸਾਂਝੀਆਂ ਕੀਤੀਆਂ ਗਈਆਂ ਹਨ।

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਕਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

**ਇਜਾਜ਼ਤ ਨੋਟਿਸ:**

ਇਸ ਕੋਰਸ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। Shepherds Global Classroom ਦੀ ਇਜਾਜ਼ਤ ਅਤੇ ਨਿਗਰਾਨੀ ਤੋਂ ਬਿਨਾਂ ਕੋਰਸ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ਹੈ।

# ਵਿਸ਼ਾ ਸੂਚੀ


ਕੋਰਸ ਦੇ ਬਾਰੇ ਸੰਖੇਪ ਜਾਣਕਾਰੀ ....... 5

ਇਸਰਾਏਲ ਦਾ ਨਕਸ਼ਾ ....... 7

(1) ਸੇਵਕਾਈ ਦੇ ਲਈ ਤਿਆਰੀ ....... 9

(2) ਯਿਸੂ ਦੀ ਤਰ੍ਹਾਂ ਪ੍ਰਾਥਨਾ ਕਰਨਾ ....... 31

(3) ਯਿਸੂ ਦੀ ਤਰ੍ਹਾਂ ਅਗਵਾਈ ਕਰਨਾ ....... 53

(4) ਯਿਸੂ ਦੀ ਤਰ੍ਹਾਂ ਸਿਖਾਉਣਾ ....... 77

(5) ਯਿਸੂ ਦੀ ਤਰ੍ਹਾਂ ਪ੍ਰਚਾਰ ਕਰਨਾ ....... 101

(6) ਯਿਸੂ ਅਤੇ ਪਰਮੇਸ਼ੁਰ ਦਾ ਰਾਜ ....... 121

(7) ਯਿਸੂ ਦੀ ਤਰ੍ਹਾਂ ਪਿਆਰ ਕਰਨਾ ....... 147

(8) ਸਲੀਬ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ ....... 173

(9) ਇੱਕ ਵਿਰਾਸਤ ਨੂੰ ਪਿੱਛੇ ਛੱਡਣਾ ....... 205

ਰਾਜ ਦਾ ਸ਼ੁਭਸਮਾਚਾਰ (ਇੱਕ ਪ੍ਰਚਾਰ) ....... 227

ਸਿਫਾਰਿਸ਼ ਕੀਤੇ ਹੋਏ ਸ੍ਰੋਤ ....... 241

ਅਸਾਇਨਮੈਂਟਾਂ ਦਾ ਰਿਕਾਰਡ ....... 243

# ਕੋਰਸ ਦੇ ਬਾਰੇ ਸੰਖੇਪ ਜਾਣਕਾਰੀ

ਇਹ ਕੋਰਸ ਅੱਜ ਦੀ ਸੇਵਕਾਈ ਦੇ ਨਮੂਨੇ ਵੱਜੋਂ ਯਿਸੂ ਦੇ ਜੀਵਨ ਅਤੇ ਸੇਵਕਾਈ ਦਾ ਅਧਿਐਨ ਕਰਦਾ ਹੈ। ਇਹ ਸ਼ੁਭਸਮਾਚਾਰਾਂ ਦਾ ਵਿਖਿਆਤਮਕ ਅਧਿਐਨ ਨਹੀਂ ਹੈ। ਇਸਦੀ ਬਜਾਏ ਇਹ ਕੋਰਸ ਅੱਜ ਦੀ ਸੇਵਕਾਈ ਦੇ ਲਈ ਸਬਕ ਲੈਣ ਲਈ ਯਿਸੂ ਦੇ ਸੇਵਕਾਈ ਦੇ ਕੁਝ ਚੁਣੇ ਹੋਏ ਪਹਿਲੂਆਂ ਨੂੰ ਵੇਖਦਾ ਹੈ। ਜੇਕਰ ਤੁਸੀਂ ਯਿਸੂ ਦੇ ਸੰਪੂਰਨ ਜੀਵਨ ਦਾ ਅਧਿਐਨ ਕਰਨਾ ਚਾਹੁੰਦੇ ਹੋ ਤਾਂ ਇਸ ਪੁਸਤਕ ਦੇ ਪਿੱਛਲੇ ਪਾਸੇ ਸਿਫ਼ਾਰਿਸ਼ ਕੀਤੇ ਹੋਏ ਸ੍ਰੋਤ ਵੇਖੋ।

ਜੇਕਰ ਤੁਸੀਂ ਇਸਦਾ ਅਧਿਐਨ ਇੱਕ ਸਮੂਹ ਦੇ ਤੌਰ ਤੇ ਕਰਦੇ ਹੋ ਤਾਂ ਤੁਸੀਂ ਵਾਰੀ ਸਿਰ ਪੜ ਸਕਦੇ ਹੋ। ਤੁਹਾਨੂੰ ਸਮੇਂ-ਸਮੇਂ ਕਲਾਸ ਦੀ ਚਰਚਾ ਦੇ ਲਈ ਰੁਕਣਾ ਚਾਹੀਦਾ ਹੈ। ਇੱਕ ਕਲਾਸ ਦੇ ਆਗੂ ਦੇ ਰੂਪ ਵਿੱਚ ਤੁਸੀਂ ਇਸ ਗੱਲ ਦੇ ਲਈ ਜਿੰਮੇਵਾਰ ਹੋ ਕਿ ਚਰਚਾ ਅਧਿਐਨ ਸਮੱਗਰੀ ਤੋਂ ਭਟਕ ਨਾ ਜਾਏ। ਹਰੇਕ ਚਰਚਾ ਦੇ ਲਈ ਇੱਕ ਸਮੇਂ ਸੀਮਾ ਨੂੰ ਨਿਰਧਾਰਿਤ ਕਰਨਾ ਚੰਗਾ ਸੁਝਾਅ ਹੈ।

**ਚਰਚਾ ਦੇ ਪ੍ਰਸ਼ਨ** ਅਤੇ **ਕਲਾਸ ਦੀਆਂ ਕਿਰਿਆਵਾਂ** ਦੇ ਲਈ ਇਹ ► ਚਿੰਨ੍ਹ ਦਿੱਤਾ ਹੋਇਆ ਹੈ। ਜਦੋਂ ਵੀ ਤੁਸੀਂ ਇੰਨਾਂ ਵਿੱਚੋਂ ਕਿਸੇ ਇੱਕ ਤੇ ਆਉ, ਤਾਂ ਇਸ ਤੋਂ ਅੱਗੇ ਆਉਣ ਵਾਲਾ/ਵਾਲੇ ਪ੍ਰਸ਼ਨ ਪੁੱਛੋ ਅਤੇ ਵਿਦਿਆਰਥੀਆਂ ਨੂੰ ਉੱਤਰ ਦੀ ਚਰਚਾ ਕਰਨ ਦਿਉ। ਕ੍ਰਿਪਾ ਅਰਥ ਪੂਰਨ ਚਰਚਾ ਦੇ ਲਈ ਸਮਾਂ ਲਵੋ। ਇਸਦੇ ਬਿਨਾਂ ਵਿਦਿਆਰਥੀ ਅੱਜ ਦੀ ਸੇਵਕਾਈ ਨੂੰ ਯਿਸੂ ਦੀ ਸੇਵਕਾਈ ਦੇ ਨਾਲ਼ ਜੋੜਣ ਦੇ ਵਿੱਚ ਅਸਫਲ ਹੋ ਜਾਣਗੇ।

ਪੂਰੇ ਕੋਰਸ ਦੇ ਦੌਰਾਨ **ਪਵਿੱਤਰ ਵਚਨਾਂ** ਦੇ ਬਹੁਤ ਸਾਰੇ ਹਵਾਲੇ ਦਿੱਤੇ ਗਏ ਹਨ ਜੋ ਮੁੱਖ ਲਿਖਤ ਅਤੇ ਹੇਠਾਂ ਦਿੱਤੀ ਜਾਣਕਾਰੀ ਦੋਨਾਂ ਦੇ ਵਿੱਚ ਪਾਏ ਜਾਂਦੇ ਹਨ। ਜਿੰਨ੍ਹਾਂ ਹਿੱਸਿਆਂ ਦੇ ਵਿੱਚ ਬੁਲੇਟ ਪੌਇੰਟ ► ਦਿੱਤੇ ਗਏ ਹਨ ਉਹ ਕਲਾਸ ਦੇ ਵਿੱਚ ਉੱਚੀ ਆਵਾਜ ਵਿੱਚ ਪੜੇ ਜਾਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਲੰਬੇ ਹਿੱਸੇ ਕਲਾਸ ਤੋਂ ਪਹਿਲਾਂ ਪੜਣੇ ਚਾਹੀਦੇ ਹਨ। ਛੋਟੇ ਭਾਗ ਕਲਾਸ ਵਿੱਚ ਪੜੇ ਜਾ ਸਕਦੇ ਹਨ।

ਜਿੰਨ੍ਹਾਂ ਭਾਗਾਂ ਨੂੰ **"ਇੱਕ ਨੇੜੇ ਦੀ ਝਾਤ"** ਕਿਹਾ ਗਿਆ ਹੈ ਉਹ ਸਬਕ ਦੀ ਚਰਚਾ ਦੇ ਲਈ ਖਾਸ ਵਿਸ਼ਿਆਂ ਤੇ ਧਿਆਨ ਲਗਾਉਂਦੇ ਹਨ।

ਹਰੇਕ ਸਬਕ ਦੇ ਵਿੱਚ ਇੱਕ ਜਾਂ **ਅਸਾਇਨਮੈਂਟ** ਹੋਣਗੇ। ਜੇਕਰ ਵਿਦਿਆਰਥੀ **Shepherds Global Classroom ਤੋਂ ਸਰਟੀਫੀਕੇਟ ਲੈਣਾ ਚਾਹੁੰਦੇ ਹਨ** ਤਾਂ ਉਨ੍ਹਾਂ ਕਲਾਸ ਵਿੱਚ ਭਾਗ ਲੈਣਾ ਪਵੇਗਾ ਅਤੇ ਅਸਾਇਨਮੈਂਟ ਪੂਰੇ ਕਰਨੇ ਪੈਣਗੇ। ਕੋਰਸ ਦੇ ਅੰਤ ਵਿੱਚ ਇੱਕ ਫਾਰਮ ਦਿੱਤਾ ਗਿਆ ਹੈ ਜਿੱਥੇ ਪੂਰੇ ਕੀਤੇ ਅਸਾਇਨਮੈਂਟਾਂ ਦੀ ਜਾਣਕਾਰੀ ਦਰਜ ਕੀਤੀ ਜਾ ਸਕਦੀ ਹੈ।

ਇਸ ਕੋਰਸ ਦਾ ਇੱਕ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਅਕ ਬਣਨ ਦੇ ਲਈ ਤਿਆਰ ਕਰਨਾ ਹੈ। ਕਲਾਸ ਦੇ ਆਗੂ ਨੂੰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿਖਾਉਣ ਦੇ ਹੁਨਰ ਵਿੱਚ ਅੱਗੇ ਵਧਣ ਦੇ ਮੌਕੇ ਦੇਣੇ ਚਾਹੀਦੇ ਹਨ। ਉਦਾਹਰਨ ਦੇ ਵੱਜੋਂ, ਕਲਾਸ ਦੇ ਆਗੂ ਨੂੰ ਕਦੇ-ਕਦੇ ਕਿਸੇ ਵਿਦਿਆਰਥੀ ਨੂੰ ਇੱਕ ਛੋਟਾ ਭਾਗ ਸਿਖਾਉਣ ਦਾ ਮੌਕਾ ਦੇਣਾ ਚਾਹੀਦਾ ਹੈ।

## ਇਸਰਾਏਲ ਦਾ ਨਕਸ਼ਾ[1]

(1) ਸੂਰ

(2) ਕੈਸਰੀਆ ਫ਼ਿਲਿੱਪੀ

(3) ਗਲੀਲ (ਖੇਤਰ)

(4) ਕਾਨਾ

(5) ਕਫ਼ਰਨਾਹੂਮ

(6) ਨਾਸਰਤ

(7) ਦਿਕਾਪੁਲਿਸ (ਖੇਤਰ)

(8) ਸਾਮਰਿਯਾ (ਖੇਤਰ)

(9) ਯਰਦਨ ਨਦੀ

(10) ਇਮਾਊਸ

(11) ਯਰੂਸ਼ਲਮ

(12) ਬੈਤਲਹਮ

(13) ਤੱਟੀ ਮੈਦਾਨ

(14) ਕੇਂਦਰੀ ਉੱਚੇ ਖੇਤਰ

(15) ਯਹੂਦਾਹ ਦੀ ਉਜਾੜ

(16) ਮ੍ਰਿਤ ਸਾਗਰ

(17) ਗ਼ਲੀਲ ਸਾਗਰ

(18) ਭੂਮੱਧ ਸਾਗਰ




---

[1] "ਇਸਰਾਏਲ ਦਾ ਨਕਸ਼ਾ" ਐਸ ਜੀ ਸੀ ਦੇ ਐਨ ਈ ਡੀ, ਐਸ ਆਰ ਟੀ ਐਮ, ਨਾਸਾ ਅਤੇ ਬਾਈਬਲ ਜਿਓਕੋਡਿੰਗ ਤੋਂ ਡਾਟਾ ਲੈ ਕੇ ਬਣਾਇਆ ਗਿਆ ਹੈ (ਨਕਲ 4.0 ਦੁਆਰਾ) ਜੋ ਅੱਗੇ ਦੱਸੇ ਡੋਮੇਨ ਤੇ ਉਪਲੱਭਧ ਹਨ ://www.flickr.com/photos/sgc-library/52344178339, public domain (CC0).

## ਪਾਠ 1

# ਸੇਵਕਾਈ ਦੇ ਲਈ ਤਿਆਰੀ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਇਹ ਜਾਣਨਾ ਕਿ ਯਿਸੂ ਸਾਡੀ ਸੇਵਕਾਈ ਦਾ ਨਮੂਨਾ ਹੈ।

(2) ਜਿੰਨ੍ਹਾਂ ਨੂੰ ਬੁਲਾਇਆ ਗਿਆ ਹੈ ਉਨ੍ਹਾਂ ਵਿੱਚ ਪਰਮੇਸ਼ੁਰ ਦੀ ਸਰਵ-ਉੱਚਤਾ ਦੀ ਪ੍ਰਸ਼ੰਸਾ ਕਰਨੀ।

(3) ਜੋ ਭੂਮਿਕਾ ਪਰਮੇਸ਼ੁਰ ਉਸਦੇ ਲਈ ਚੁਣਦਾ ਹੈ ਉਸਦੇ ਪ੍ਰਤੀ ਸਮਰਪਿਤ ਹੋਣਾ।

(4) ਪਰਤਾਵੇ ਤੇ ਜਿੱਤ ਪ੍ਰਾਪਤ ਕਰਨ ਦੇ ਲਈ ਯਿਸੂ ਦੇ ਨਕਸ਼ੇ ਕਦਮਾਂ ਤੇ ਚੱਲਣਾ।

### ਇਸ ਪਾਠ ਦੇ ਲਈ ਤਿਆਰੀ

*ਪੜ੍ਹੋ ਮੱਤੀ 1-4, ਲੂਕਾ 1-3, ਅਤੇ ਯੂਹੰਨਾ 1*

### ਸੇਵਕਾਈ ਦੇ ਲਈ ਸਿਧਾਂਤ

ਪਰਮੇਸ਼ੁਰ ਬੁਲਾਇਆਂ ਹੋਇਆਂ ਨੂੰ ਉਸ ਸੇਵਕਾਈ ਦੇ ਲਈ ਤਿਆਰ ਕਰਦਾ ਹੈ ਜਿਸਦੇ ਲਈ ਉਸਨੇ ਉਨ੍ਹਾਂ ਨੂੰ ਸੱਦਿਆ ਹੈ।

### ਜਾਣ-ਪਛਾਣ

ਇਸ ਕੋਰਸ ਦੇ ਵਿੱਚ ਅਸੀਂ ਸਾਡੀ ਅੱਜ ਦੀ ਸੇਵਕਾਈ ਦੇ ਲਈ ਨਮੂਨੇ ਵੱਜੋਂ ਯਿਸੂ ਦੇ ਬਾਰੇ ਅਧਿਐਨ ਕਰਾਂਗੇ। ਯਿਸੂ ਨੇ ਕਿਹਾ, "ਇਸ ਲਈ ਜੋ ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ" (ਯੂਹੰਨਾ 13:15)। ਯਿਸੂ ਦਾ ਧਰਤੀ ਤੇ ਜੀਵਨ ਉਸਦੇ ਪੈਰੋਕਾਰਾਂ ਦੇ ਲਈ ਇੱਕ ਨਮੂਨਾ ਸੀ।

ਪੌਲੁਸ ਇਸ ਸਿਧਾਂਤ ਨੂੰ ਸਮਝ ਗਿਆ ਸੀ। ਜਦੋਂ ਉਸਨੇ ਫ਼ਿਲਿੱਪੈ ਦੇ ਮਸੀਹੀਆਂ ਦੇ ਵਿੱਚ ਝਗੜੇ ਦੇ ਬਾਰੇ ਸੁਣਿਆ, ਉਸਨੇ ਯਿਸੂ ਦੇ ਨਮੂਨੇ ਵੱਲ ਸੰਕੇਤ ਕੀਤਾ। "ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ" (ਫ਼ਿਲਿੱਪੀਆਂ 2:5)। ਪੌਲੁਸ ਜਾਣਦਾ ਸੀ ਕਿ ਜੇਕਰ ਮਸੀਹੀ ਲੋਕ ਯਿਸੂ ਦੇ ਨਮੂਨੇ ਤੇ ਚੱਲਣਗੇ ਤਾਂ, ਉਨ੍ਹਾਂ ਦੀ ਹਲੀਮੀ ਕਲੀਸਿਆ ਦੇ ਵਿੱਚ ਝਗੜੇ ਨੂੰ ਖ਼ਤਮ ਕਰ ਦੇਵੇਗੀ।

ਅਫਰੀਕਾ ਦੀ ਇੱਕ ਯਾਤਰਾ ਦੇ ਦੌਰਾਨ ਇੱਕ ਯਹੂਦੀ ਪੱਤਰਕਾਰ, ਡੇਵਿਡ ਪਲੋਟਜ਼ ਮਲਾਵੀ ਹਵਾਈ ਅੱਡੇ ਤੇ ਫਸਿਆ ਹੋਇਆ ਸੀ। ਉੱਥੇ ਉਹ ਇੱਕ ਮਸੀਹੀ ਪਾਸਟਰ ਨੂੰ ਮਿਲਿਆ ਜੋ ਪਲੋਟਜ਼ ਨੂੰ ਆਪਣੇ ਘਰ ਲੈ ਗਿਆ, ਉਸਨੂੰ ਦੋ ਦਿਨਾਂ ਤੱਕ ਖਾਣਾ ਖੁਵਾਇਆ ਅਤੇ

ਉਸਨੂੰ ਯਿਸੂ ਮਸੀਹ ਦੇ ਬਾਰੇ ਗਵਾਹੀ ਸੁਣਾਈ। ਡੇਵਿਡ ਪਲੋਟਜ਼ ਨੇ ਬਾਅਦ ਦੇ ਵਿੱਚ ਲਿਖਿਆ, "ਮੈਂ ਉਸ ਕਿਸੇ ਗੱਲ ਤੇ ਵਿਸ਼ਵਾਸ ਨਹੀਂ ਕਰਦਾ ਜਿਨ੍ਹਾਂ ਤੇ ਇਹ ਆਦਮੀ ਵਿਸ਼ਵਾਸ ਕਰਦਾ ਹੈ, ਪਰ ਮੈਂ ਉਸਦੇ ਵਿਸ਼ਵਾਸ ਤੋਂ ਬਹੁਤ ਹੈਰਾਨ ਹਾਂ। ਅਜਿਹਾ ਜਾਪਦਾ ਹੈ ਕਿ ਮਸੀਹ ਉਸਦੇ ਅੰਦਰ ਵਾਸ ਕਰਦਾ ਹੈ, ਜਿਸਦੇ ਕਾਰਨ ਉਸਨੇ ਇੱਕ ਅਨਜਾਣ ਵਿਆਕਤੀ ਨੂੰ ਆਪਣੇ ਘਰ ਬੁਲਾਇਆ, ਉਸਨੂੰ ਖਾਣਾ ਖੁਵਾਇਆ ਅਤੇ ਕੱਪੜੇ ਦਿੱਤੇ।" ਅਫਰੀਕਨ ਪਾਸਟਰ ਨੇ ਇਸ ਗੱਲ ਨੂੰ ਸਮਝ ਲਿਆ ਕਿ ਸਾਨੂੰ ਯਿਸੂ ਦੇ ਨਮੂਨੇ ਦੇ ਪਿੱਛੇ ਚੱਲਣ ਦੇ ਲਈ ਬੁਲਾਇਆ ਗਿਆ ਹੈ।

ਇਹ ਕੋਰਸ ਯਿਸੂ ਦੇ ਜੀਵਨ ਬਾਰੇ ਵਿਖਿਆਤਮਕ ਅਧਿਐਨ ਨਹੀਂ ਹੈ। ਇਸਦੀ ਬਜਾਏ ਅਸੀਂ ਯਿਸੂ ਦੇ ਜੀਵਨ ਦੇ ਉਨ੍ਹਾਂ ਪਹਿਲੂਆਂ ਤੇ ਧਿਆਨ ਲਗਾਵਾਂਗੇ ਜੋ ਅੱਜ ਦੀ ਸੇਵਕਾਈ ਦੇ ਲਈ ਨਮੂਨਾ ਪ੍ਰਦਾਨ ਕਰਦਾ ਹੈ। ਅਸੀਂ ਆਪਣੀ ਸੇਵਕਾਈ ਯਿਸੂ ਦੇ ਨਮੂਨੇ ਅਨੁਸਾਰ ਕਰਨਾ ਸਿੱਖਾਂਗੇ।

ਪਹਿਲੇ ਪਾਠ ਦੇ ਵਿੱਚ, ਅਸੀਂ ਸੇਵਕਾਈ ਦੇ ਲਈ ਯਿਸੂ ਦੀ ਤਿਆਰੀ ਦੇ ਬਾਰੇ ਵੇਖਾਂਗੇ। ਇਹ ਇਸ ਸਿਧਾਂਤ ਨੂੰ ਦਰਸਾਉਂਦਾ ਹੈ ਕਿ ਪਰਮੇਸ਼ੁਰ ਉਸ ਹਰੇਕ ਵਿਅਕਤੀ ਨੂੰ ਤਿਆਰ ਕਰਦਾ ਹੈ ਜਿਸਨੂੰ ਉਹ ਸੇਵਕਾਈ ਦੇ ਲਈ ਬੁਲਾਉਂਦਾ ਹੈ।

## ਪਰਮੇਸ਼ੁਰ ਨੇ ਆਪਣੇ ਦਾਸ ਦੇ ਪਰਿਵਾਰਿਕ ਪਿਛੋਕੜ ਨੂੰ ਤਿਆਰ ਕੀਤਾ

► ਆਪਣੇ ਪਰਿਵਾਰਿਕ ਪਿਛੋਕੜ ਅਤੇ ਅਰੰਭਿਕ ਜੀਵਨ ਦੇ ਬਾਰੇ ਸੋਚੋ। ਪਰਮੇਸ਼ੁਰ ਨੇ ਤੁਹਾਨੂੰ ਸੇਵਕਾਈ ਦੇ ਲਈ ਤਿਆਰ ਕਰਨ ਦੇ ਲਈ ਤੁਹਾਡੇ ਪਰਿਵਾਰਿਕ ਪਿਛੋਕੜ ਦਾ ਕਿਵੇਂ ਇਸਤੇਮਾਲ ਕੀਤਾ ਹੈ?

ਸ਼ੁਭਸਮਾਚਾਰਾਂ ਦੀਆਂ ਕੁਲਪੱਤ੍ਰੀਆਂ ਵਿਖਾਉਂਦੀਆਂ ਹਨ ਕਿ ਸਰਵਉੱਚ ਪਰਮੇਸ਼ੁਰ ਨੇ ਆਪਣੇ ਦਾਸ ਯਿਸੂ ਦੇ ਜਨਮ ਤੋਂ ਸੈਂਕੜੇ ਸਾਲਾਂ ਪਹਿਲਾਂ ਉਸਦੇ ਲਈ ਰਾਹ ਤਿਆਰ ਕੀਤਾ। ਯਿਸੂ ਦੇ ਜਨਮ ਦੇ ਬਹੁਤ ਸਮਾਂ ਪਹਿਲਾਂ, ਪਰਮੇਸ਼ੁਰ ਨੇ ਉਸਦੇ ਆਉਣ ਦਾ ਰਾਹ ਤਿਆਰ ਕੀਤਾ।

ਕੁਲਪੱਤ੍ਰੀਆਂ ਇਸ ਪ੍ਰਸ਼ਨ ਦਾ ਉੱਤਰ ਦਿੰਦੀਆਂ ਹਨ, "ਯਿਸੂ ਕੌਣ ਸੀ?" ਕੁਲਪੱਤ੍ਰੀਆਂ ਅਬਰਾਹਾਮ ਅਤੇ ਦਾਊਦ ਦੇ ਮਹੱਤਵ ਨੂੰ ਦਰਸਾਉਂਦੀਆਂ ਹਨ। ਅਬਰਾਹਾਮ ਯਿਸੂ ਦੀ ਕੁਲਪੱਤ੍ਰੀ ਵਿੱਚ ਮਹੱਤਵਪੂਰਨ ਹੈ ਕਿਉਂਕਿ ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਵਾਇਦਾ ਕੀਤਾ, "ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (ਉਤਪਤ 12:3)। ਇਹ ਵਾਇਦਾ ਨਾਸਰਤ ਦੇ ਯਿਸੂ ਦੁਆਰਾ ਪੂਰਾ ਹੋਇਆ।

ਦਾਊਦ ਕੁਲਪੱਤ੍ਰੀਆਂ ਦੇ ਵਿੱਚ ਮਹੱਤਵਪੂਰਨ ਹੈ ਕਿਉਂਕਿ ਪਰਮੇਸ਼ੁਰ ਨੇ ਦਾਊਦ ਦੇ ਨਾਲ ਵਾਇਦਾ ਕੀਤਾ ਕਿ ਉਸਦੀ ਰਾਜ ਗੱਦੀ ਸਦਾ ਦੇ ਲਈ ਸਥਾਪਿਤ ਕੀਤੀ ਜਾਵੇਗੀ (2 ਸਮੂਏਲ 7:16)। ਯਿਸੂ ਦੇ ਜਨਮ ਦੇ ਸਮੇਂ ਦਾਊਦ ਰਾਜੇ ਦੇ ਰੂਪ ਵਿੱਚ ਨੂੰ ਗੱਦੀ ਤੇ ਬੈਠੇ 500 ਸਾਲਾਂ ਤੋਂ ਜਿਆਦਾ ਦਾ ਸਮਾਂ ਬੀਤ ਚੁੱਕਾ ਸੀ। ਮੱਤੀ ਅਤੇ ਲੂਕਾ ਵਿਖਾਉਂਦੇ ਹਨ ਕਿ ਯਿਸੂ ਦਾਊਦ ਨਾਲ ਕੀਤੇ ਵਾਇਦੇ ਦੀ ਪੂਰਤੀ ਸੀ।

**ਯਿਸੂ ਦਾਊਦ ਦਾ ਪੁੱਤਰ ਸੀ (ਮੱਤੀ 1:1-17)**

ਯੂਨਾਨੀ ਦੇ ਨਵੇਂ ਨੇਮ ਦੇ ਵਿੱਚ, ਮੱਤੀ ਦੀ ਇੰਜੀਲ ਦੇ ਪਹਿਲੇ ਦੋ ਸ਼ਬਦਾਂ ਨੇ ਮੱਤੀ ਦੇ ਪਾਠਕਾਂ ਨੂੰ ਉਤਪਤ ਦੀ ਪੁਸਤਕ ਦੇ ਬਾਰੇ ਯਾਦ ਦਿਵਾਈ ਹੋਵੇਗੀ (ਉਤਪਤ 2:4, ਉਤਪਤ 5:1)। ਜਿਵੇਂ ਉਤਪਤ ਰਚਨਾ ਦੇ ਉੱਤੇ ਪਰਮੇਸ਼ੁਰ ਦੀ ਸਰਵਉੱਚਤਾ ਦਾ ਪ੍ਰਗਟਾਵਾ ਕਰਦੀ ਹੈ, ਮੱਤੀ ਇਤਿਹਾਸ ਦੇ ਉੱਤੇ ਪਰਮੇਸ਼ੁਰ ਦੀ ਸਰਵਉੱਚਤਾ ਨੂੰ ਵਿਖਾਉਂਦਾ ਹੈ। ਮੱਤੀ ਦੀ ਕੁਲਪੱਤ੍ਰੀ ਵਿਖਾਉਂਦੀ ਹੈ ਕਿ ਇਸਰਾਏਲ ਦਾ ਇਤਿਹਾਸ ਮਸੀਹ ਦੇ ਜਨਮ ਦੇ ਵੱਲ ਅਗਵਾਈ ਕਰ ਰਿਹਾ ਸੀ।

ਮੱਤੀ ਦੀ ਕੁਲਪੱਤ੍ਰੀ ਦੇ ਵਿੱਚ 14 ਨਾਵਾਂ ਦੇ ਤਿੰਨ ਸਮੂਹ ਦਰਜ ਹਨ। ਇਹ ਯਾਦ ਰੱਖਣ ਦਾ ਆਮ ਯਹੂਦੀ ਤਰੀਕਾ ਸੀ। ਇਕਸਾਰ ਸਮੂਹ ਵਿਦਿਆਰਥੀਆਂ ਨੂੰ ਲੰਬੇ ਨਾਵਾਂ ਦੀ ਸੂਚੀ ਨੂੰ ਯਾਦ ਰੱਖਣ ਵਿੱਚ ਸਹਾਇਤਾ ਕਰਦੇ ਸਨ। ਮੱਤੀ ਦੀ ਕੁੱਲਪੱਤ੍ਰੀ ਪੜ੍ਹਣ ਵਾਲੇ ਵਿਦਿਆਰਥੀ ਇਹ ਜਾਣਦੇ ਹੋਣਗੇ ਕਿ ਇਸ ਵਿੱਚ ਅਬਰਾਹਾਮ ਅਤੇ ਯੂਸੁਫ਼ ਦੇ ਵਿੱਚਕਾਰ ਆਉਣ ਵਾਲੇ ਸਾਰੇ ਪੁਰਖਿਆਂ ਦੇ ਨਾਮ ਦਰਜ ਨਹੀਂ ਕੀਤੇ ਗਏ ਹਨ। ਮੱਤੀ ਦੁਆਰਾ ਦੁਹਰਾਏ ਜਾਣ ਵਾਲੇ ਸ਼ਬਦ “ਉਸ ਤੋਂ ਜੰਮਿਆ” ਕਿਸੇ ਵੀ ਪੁਰਖੇ ਦੇ ਬਾਰੇ ਹੋ ਸਕਦਾ ਹੈ। ਯਹੂਦੀ ਕੁੱਲਪੱਤ੍ਰੀ ਦਰਜ ਕਰਨ ਵਾਲੇ ਅਕਸਰ ਕੁਝ ਕੁਲਪੱਤ੍ਰੀਆਂ ਨੂੰ ਛੱਡ ਦਿੰਦੇ ਸਨ। ਮੱਤੀ ਯਿਸੂ ਦੀ ਕੁਲਪੱਤ੍ਰੀ ਦੇ ਮਹੱਤਵਪੂਰਨ ਨਾਮ ਦਰਜ ਕਰਦਾ ਹੈ ਅਤੇ ਬਾਕੀਆਂ ਨੂੰ ਛੱਡ ਦਿੰਦਾ ਹੈ।

ਕਿਉਂਕਿ ਮੱਤੀ ਕੁਝ ਪੀੜ੍ਹੀਆਂ ਨੂੰ ਦਰਜ ਨਹੀਂ ਕਰਦਾ ਇਸ ਲਈ ਜਿੰਨਾਂ ਪੀੜ੍ਹੀਆਂ ਨੂੰ ਉਸਨੇ ਦਰਜ ਕੀਤਾ ਹੈ ਉਹ ਖਾਸ ਤੌਰ ਤੇ ਬਹੁਤ ਦਿਲਚਸਪ ਹਨ। ਮੱਤੀ ਨੇ ਇੰਨ੍ਹਾਂ ਨਾਵਾਂ ਦੀ ਚੋਣ ਇੱਕ ਉਦੇਸ਼ ਦੇ ਨਾਲ ਕੀਤੀ। ਉਦਾਹਰਨ ਦੇ ਲਈ ਮੱਤੀ ਚਾਰ ਔਰਤਾਂ ਦਾ ਜਿਕਰ ਕਰਦਾ ਹੈ। ਇਹ ਯਹੂਦੀ ਕੁਲਪੱਤ੍ਰੀ ਦੇ ਲਈ ਆਮ ਗੱਲ ਨਹੀਂ ਸੀ। ਇਸਦੇ ਵਿੱਚ ਦਰਜ ਇਸਤਰੀਆਂ ਦੇ ਕੋਲ ਅਜਿਹੀ ਕੋਈ ਯੋਗਤਾ ਨਹੀਂ ਸੀ ਜਿਸਦੀ ਅਸੀਂ ਉਮੀਦ ਕਰਦੇ ਹਾਂ। ਰਾਹਾਬ ਅਤੇ ਰੂਥ ਵਿਦੇਸ਼ੀ ਸਨ। ਤਾਮਾਰ, ਰਾਹਾਬ ਅਤੇ ਬਥਸ਼ਬਾ ਜਿਨਸੀ ਸ਼ਰਮਿੰਦਗੀ ਦੇ ਨਾਲ ਸੰਬੰਧਿਤ ਸਨ।

ਇਸੇ ਪ੍ਰਕਾਰ ਇਸ ਸੂਚੀ ਵਿੱਚ ਦਰਜ ਇੱਕ ਪੁਰਸ਼ ਨੇ ਸ਼ਰਮਿੰਦਗੀ ਦਾ ਸਾਹਮਣਾ ਕੀਤਾ। ਯਹੂਦਾਹ ਨੇ ਤਾਮਾਰ ਦੇ ਨਾਲ ਸ਼ਰਮਿੰਦਗੀ ਭਰਿਆ ਵਿਵਹਾਰ ਕੀਤਾ। ਯਹੋਯਾਕੀਨ ਦੀ ਪੀੜ੍ਹੀ ਨੂੰ ਇਸਰਾਏਲ ਦੇ ਸਿੰਘਾਸਣ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਸੀ (ਮੱਤੀ 1:12, ਯਿਰਮਿਯਾਹ 22:30)। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਦਾਊਦ ਦੀ ਪਹਿਚਾਣ ਉਸ ਦੀਆਂ ਮਹਾਨ ਉਪਲੱਭਧੀਆਂ ਦੇ ਤੌਰ ਤੇ ਪਰ ਊਰੀਆਹ ਦੀ ਪਤਨੀ ਤੋਂ ਪੈਦਾ ਹੋਏ ਸੁਲੇਮਾਨ ਦੇ ਪਿਤਾ ਵੱਜੋਂ ਕਰਦਾ ਹੈ।

ਇਹ ਨਾਮ ਯਿਸੂ ਦੀ ਪਹਿਚਾਣ ਪਾਪੀ ਮਨੁੱਖਤਾ ਦੇ ਨਾਲ ਕਰਦਾ ਹੈ। ਪਰਮੇਸ਼ੁਰ ਆਪਣੇ ਪੁੱਤਰ ਨੂੰ ਇਸ ਸੰਸਾਰ ਦੇ ਵਿੱਚ ਕਿਸੇ ਦੋਸ਼ ਰਹਿਤ ਪਰਿਵਾਰਿਕ ਲੜੀ ਦੁਆਰਾ ਨਹੀਂ ਲਿਆਂਦਾ, ਪਰ ਸਾਧਾਰਨ ਪਾਪੀਆਂ ਦੀ ਸੰਤਾਨ ਦੇ ਤੌਰ ਤੇ। ਯਹੂਦੀ ਆਗੂਆਂ ਨੇ ਯਿਸੂ ਦੇ ਨਿੰਦਣਯੋਗ ਜਨਮ ਕਰਕੇ ਉਸਦਾ ਮਜਾਕ ਉਡਾਇਆ ਅਤੇ ਉਸਨੂੰ ਅਯੋਗ ਕਰਾਰ ਦਿੱਤਾ (ਯੂਹੰਨਾ 8:41, 48)। ਮੱਤੀ ਵਿਖਾਉਂਦਾ

ਹੈ ਕਿ ਪਰਮੇਸ਼ੁਰ ਆਪਣੇ ਮਹਾਨ ਉਦੇਸ਼ਾਂ ਨੂੰ ਪੂਰਿਆਂ ਕਰਨ ਦੇ ਲਈ ਕਿਸੇ ਪਾਪੀ ਪੁਰਖਿਆਂ ਵਾਲੇ ਵਿਅਕਤੀ ਨੂੰ ਇਸਤੇਮਾਲ ਕਰ ਸਕਦਾ ਹੈ।

► ਸਾਡੇ ਸਭਿਆਚਾਰ ਦੇ ਵਿੱਚ, ਕਿਸੇ ਵਿਅਕਤੀ ਦੇ ਪਿਛੋਕੜ ਦੇ ਕਿਹੜੇ ਤੱਥ ਹਨ ਜਿੰਨ੍ਹਾਂ ਕਾਰਨ ਅਸੀਂ ਸੋਚ ਸਕਦੇ ਹਾਂ ਕਿ ਉਹ ਅਯੋਗ ਹੈ?

ਪਰਮੇਸ਼ੁਰ ਅਕਸਰ ਲੋਕਾਂ ਨੂੰ ਆਪਨੀ ਸੇਵਕਾਈ ਦੇ ਲਈ ਅਜਿਹੇ ਪਿਛੋਕੜਾਂ ਤੋਂ ਬੁਲਾਉਂਦਾ ਹੈ ਜਿਸਦੀ ਉਮੀਦ ਵੀ ਨਹੀਂ ਹੁੰਦੀ। ਕੋਈ ਵੀ ਆਪਣੇ ਪਰਿਵਾਰਿਕ ਪਿਛੋਕੜ ਦੇ ਕਾਰਨ ਅਯੋਗ ਨਹੀਂ ਹੁੰਦਾ। ਕਿਸੇ ਵਿਅਕਤੀ ਦੇ ਪਰਿਵਾਰਿਕ ਪਿਛੋਕੜ ਦੇ ਅਜਿਹੇ ਤੱਥ ਜਿੰਨਾਂ ਕਰਕੇ ਅਸੀਂ ਉਸਨੂੰ ਅਯੋਗ ਮੰਨਦੇ ਹਾਂ ਉਹ ਪਰਮੇਸ਼ੁਰ ਦੇ ਲਈ ਮਾਇਨੇ ਨਹੀਂ ਰਖਾਉਂਦੇ।

### ਯਿਸੂ ਆਦਮ ਦਾ ਪੁੱਤਰ ਸੀ (ਲੂਕਾ 3:23-38)

ਮੱਤੀ "ਯਹੂਦੀਆਂ ਦੇ ਰਾਜੇ" ਦੀ ਕੁਲਪੱਤ੍ਰੀ ਨੂੰ ਅਬਰਾਹਾਮ ਦੇ ਨਾਲ ਜੋੜਦਾ ਹੈ। ਲੂਕਾ ਯਿਸੂ ਦੀ ਕੁਲਪੱਤ੍ਰੀ ਨੂੰ ਆਦਮ ਦੇ ਨਾਲ ਜੋੜਦਾ ਹੈ। ਇਹ ਲੂਕਾ ਦੁਆਰਾ ਯਿਸੂ ਤੇ "ਮਨੁੱਖ ਦਾ ਪੁੱਤਰ" ਹੋਣ ਤੇ ਦਿੱਤੇ ਜ਼ੋਰ ਦੇ ਲਈ ਢੁੱਕਵਾਂ ਹੈ। ਲੂਕਾ ਦੀ ਕੁਲਪੱਤ੍ਰੀ ਯਿਸੂ ਦੀ ਕੁਲਪੱਤ੍ਰੀ ਯਿਸੂ ਮਨੁੱਖਤਾਈ ਤੇ ਜ਼ੋਰ ਦਿੰਦੀ ਹੈ। ਲੂਕਾ ਕੁਲਪੱਤ੍ਰੀ ਨੂੰ ਯਿਸੂ ਦੀ ਪ੍ਰੀਖਿਆ ਦੇ ਬਿਲਕੁਲ ਪਹਿਲਾਂ ਰੱਖਦਾ ਹੈ। ਇਹ ਪਾਠਕ ਨੂੰ ਯਾਦ ਦਿਵਾਉਂਦਾ ਹੈ ਕਿ ਯਿਸੂ ਜੋ ਕਿ ਦੂਸਰਾ ਆਦਮ ਹੈ ਉਹ ਉਸ ਖੇਤਰ ਵਿੱਚ ਜੇਤੂ ਹੋਇਆ ਜਿਸ ਵਿੱਚ ਪਹਿਲਾ ਆਦਮ ਹਾਰ ਗਿਆ ਸੀ।

### ਇੱਕ ਨੇੜੇ ਦੀ ਝਾਤ: ਮੱਤੀ ਅਤੇ ਲੂਕਾ ਦੀਆਂ ਕੁਲਪੱਤ੍ਰੀਆਂ

ਮੱਤੀ 1 ਅਤੇ ਲੂਕਾ 3 ਯਿਸੂ ਦੀਆਂ ਅਲੱਗ-ਅਲੱਗ ਕੁਲਪੱਤ੍ਰੀਆਂ ਦਿੰਦੇ ਹਨ। ਮੱਤੀ ਅਬਰਾਹਾਮ ਤੋਂ ਰਾਜਾ ਸੁਲੇਮਾਨ ਅਤੇ ਫਿਰ ਯੂਸੁਫ਼ ਤੱਕ ਆਉਂਦਾ ਹੈ। ਲੂਕਾ ਯੂਸੁਫ਼ ਤੋਂ ਪਿੱਛੇ ਨਾਤਾਨ (ਦਾਊਦ ਦੇ ਪੁੱਤਰਾਂ ਵਿੱਚੋਂ ਇੱਕ) ਅਤੇ ਉਸ ਤੋਂ ਆਦਮ ਤੱਕ ਆਉਂਦਾ ਹੈ।

ਅਬਰਾਹਾਮ ਅਤੇ ਦਾਊਦ ਦੇ ਵਿੱਚਕਾਰ ਦੀਆਂ ਕੁਲਪੱਤ੍ਰੀਆਂ ਇੱਕ ਸਮਾਨ ਹਨ। ਪਰ ਦਾਊਦ ਤੋਂ ਯੂਸੁਫ਼ ਤੱਕ ਦੋਵੇਂ ਕੁਲਪੱਤ੍ਰੀਆਂ ਅਲੱਗ ਪੀੜੀਆਂ ਦੀਆਂ ਲੜੀਆਂ ਦੀ ਗੱਲ ਕਰਦੀਆਂ ਹਨ। ਇਸਦੀ ਇੱਕ ਸੰਭਾਵਿਤ ਵਿਆਖਿਆ ਇਹ ਹੈ ਕਿ ਮੱਤੀ ਯੂਸੁਫ਼ ਦੇ ਪੁਰਖਿਆਂ ਬਾਰੇ ਦੱਸਦਾ ਹੈ ਅਤੇ ਲੂਕਾ ਮਰੀਅਮ ਦੇ ਪੁਰਖਿਆਂ ਦੀ ਕੁਲਪੱਤ੍ਰੀ ਦਰਜ ਕਰਦਾ ਹੈ।[2]

ਮੱਤੀ ਦੀ ਕੁਲਪੱਤ੍ਰੀ ਦੇ ਵਿੱਚ ਯੂਸੁਫ਼ ਦੇ ਪੁਰਖੇ ਸੁਲੇਮਾਨ ਦੁਆਰਾ ਉਸਦੇ ਸ਼ਾਹੀ ਹੋਣ ਨੂੰ ਦਰਸਾਉਂਦਾ ਹੈ। ਇਹ ਮੱਤੀ ਦੇ ਵਿਸ਼ੇ ਲਈ ਢੁੱਕਵਾਂ ਹੈ ਜੋ ਯਿਸੂ ਨੂੰ ਇੱਕ ਰਾਜਾ ਦੇ ਰੂਪ ਵਿੱਚ ਵਿਖਾਉਂਦਾ ਹੈ। ਇਹ ਯਿਸੂ ਦੀ ਕਾਨੂੰਨੀ ਵੰਸ਼ ਹੈ- ਜੋ ਯੂਸੁਫ਼ ਦੇ ਦੁਆਰਾ ਆਉਂਦੀ ਹੈ।

---

[2] ਹੋਰ ਸੰਭਾਵਿਤ ਵਿਆਖਿਆਵਾਂ ਲਈ, ਵਿਜ਼ਟ ਕਰੋ: http://www.gotquestions.org/Jesus-genealogy.html, accessed March 22, 2021.

ਲੂਕਾ ਦੇ ਵਿੱਚ ਮਰੀਅਮ ਦੇ ਪੁਰਖਿਆਂ ਦੀ ਕੁਲਪੱਤ੍ਰੀ "ਸਰੀਰਕ" ਕੁਲਪੱਤ੍ਰੀ ਹੈ ਜੋ ਦਾਊਦ ਦੇ ਪੁੱਤਰ ਨਾਤਾਨ ਦੇ ਦੁਆਰਾ ਹੈ। ਇਹ ਕੁਲਪੱਤ੍ਰੀ ਲੂਕਾ ਦੁਆਰਾ ਯਿਸੂ ਨੂੰ "ਮਨੁੱਖ ਦਾ ਪੁੱਤਰ" ਪੇਸ਼ ਕਰਨ ਦੇ ਵਿਸ਼ੇ ਨਾਲ ਢੁੱਕਵੀਂ ਬੈਠਦੀ ਹੈ। ਇਸਨੂੰ ਵਿਖਾਉਣ ਦੇ ਲਈ ਲੂਕਾ ਮਰੀਅਮ ਦੇ ਦੁਆਰਾ ਯਿਸੂ ਦੀ ਸਰੀਰਕ ਕੁਲਪੱਤ੍ਰੀ ਨੂੰ ਦਰਜ ਕਰਦਾ ਹੈ। ਉਹ ਆਪਣੇ ਵਾਕ ਨੂੰ ਯੂਸੁਫ਼ ਦੇ ਪੁੱਤਰ ਨਾਲ ਹੀ ਅਰੰਭ ਕਰਦਾ ਹੈ ਕਿਉਂਕਿ ਯਹੂਦੀ ਕੁਲਪੱਤ੍ਰੀਆਂ ਦੇ ਵਿੱਚ ਕਿਸੇ ਔਰਤ ਦੀ ਵੰਸ਼ ਨੂੰ ਵੇਖਣ ਦੇ ਲਈ ਵੀ ਪੁਰਸ਼ ਦੇ ਨਾਮ ਦਾ ਹੀ ਉਪਯੋਗ ਕੀਤਾ ਜਾਂਦਾ ਹੈ।

ਮਰੀਅਮ ਦੀ ਵੰਸ਼ ਦਾਊਦ ਦੇ ਨਾਲ ਲਹੂ ਦਾ ਸੰਬੰਧ ਪ੍ਰਦਾਨ ਕਰਦੀ ਹੈ। ਯੂਸੁਫ਼ ਦੀ ਵੰਸ਼ ਸੁਲੇਮਾਨ ਦੇ ਦੁਆਰਾ ਸਿੰਘਾਸਣ ਦੇ ਅਧਿਕਾਰ ਪ੍ਰਦਾਨ ਕਰਦੀ ਹੈ।

## ਪਰਮੇਸ਼ੁਰ ਨੇ ਆਪਣੇ ਦਾਸ ਦੇ ਪਰਿਵਾਰਿਕ ਪਿਛੋਕੜ ਨੂੰ ਤਿਆਰ ਕੀਤਾ (ਜਾਰੀ ਹੈ)

### ਯਿਸੂ ਪਰਮੇਸ਼ੁਰ ਦਾ ਪੁੱਤਰ ਸੀ (ਯੂਹੰਨਾ 1:1-18)

ਯੂਹੰਨਾ ਦਾ ਸ਼ੁਭਸਮਾਚਾਰ ਈਸ਼ਵਰੀ ਕੁਲਪੱਤ੍ਰੀ ਦੇ ਨਾਲ ਅਰੰਭ ਹੁੰਦਾ ਹੈ; ਯਿਸੂ ਪਰਮੇਸ਼ੁਰ ਦਾ ਪੁੱਤਰ ਸੀ। "ਯਿਸੂ ਦਾ ਜੀਵਨ...ਜਨਮ ਦੇ ਸਮੇਂ ਅਰੰਭ ਨਹੀਂ ਹੋਇਆ। ਉਹ ਪਹਿਲਾਂ ਤੋਂ ਹੀ ਹੋਂਦ ਵਾਲੀ ਸਥਿਤੀ ਤੋਂ ਸੰਸਾਰ ਦੇ ਵਿੱਚ ਇੱਕ ਖਾਸ ਮਿਸ਼ਨ ਨੂੰ ਪੂਰਿਆਂ ਕਰਨ ਲਈ ਆਇਆ।"[3]

ਪੁਰਾਣੇ ਨੇਮ ਦੇ ਵਿੱਚ ਲੋਕ ਪਰਮੇਸ਼ੁਰ ਦੀ ਹਜ਼ੂਰੀ ਨੂੰ ਮਿਲਾਪ ਦੇ ਤੰਬੂ ਦੇ ਉੱਪਰ ਇੱਕ ਬੱਦਲ ਦੇ ਰੂਪ ਵਿੱਚ ਵੇਖਦੇ ਸਨ। ਹੁਣ ਪਰਮੇਸ਼ੁਰ ਯਿਸੂ ਮਸੀਹ ਦੇ ਵਿਅਕਤੀਤਵ ਦੇ ਵਿੱਚ ਸਾਡੇ ਵਿੱਚਕਾਰ ਵਾਸ ਕਰਦਾ ਹੈ (ਯੂਹੰਨਾ 1:14)। ਪਰਮੇਸ਼ੁਰ ਦੀ ਈਸ਼ਵਰੀ ਮਹਿਮਾ ਹੁਣ ਮਨੁੱਖੀ ਰੂਪ ਵਿੱਚ ਪ੍ਰਗਟ ਹੋਈ ਹੈ।

ਸ਼ਬਦ ਸਦੀਪਕ ਸੀ; "ਸ਼ਬਦ ਪਰਮੇਸ਼ੁਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ੁਰ ਸੀ" (ਯੂਹੰਨਾ 1:1)। ਪਿਤਾ ਅਤੇ ਪੁੱਤਰ ਸਦੀਪਕ ਸੰਗਤੀ ਦੇ ਵਿੱਚ ਰਹਿੰਦੇ ਸਨ।[4] ਯਿਸੂ ਸੰਸਾਰ ਦੇ ਵਿੱਚ ਕਿਉਂ ਆਇਆ? ਪਿਤਾ ਨੂੰ ਪ੍ਰਗਟ ਕਰਨ ਦੇ ਲਈ। ਪਿਤਾ ਨੂੰ ਕਦੇ ਕਿਸੇ ਨੇ ਨਹੀਂ ਵੇਖਿਆ, ਪਰ ਯਿਸੂ ਨੇ ਉਸਨੂੰ ਸਾਡੇ ਤੇ ਪ੍ਰਗਟ ਕੀਤਾ ਹੈ (ਯੂਹੰਨਾ 1:18)। ਜਦੋਂ ਅਸੀਂ ਯਿਸੂ ਨੂੰ ਵੇਖਦੇ ਹਾਂ, ਅਸੀਂ ਪਿਤਾ ਨੂੰ ਵੇਖਦੇ ਹਾਂ (ਯੂਹੰਨਾ 14:9)।

---

[3] J. Dwight Pentecost, *The Words and Works of Jesus Christ.* (Grand Rapids: Zondervan, 1981), 28

[4] ਯੂਹੰਨਾ 1:3 ਯਹੋਵਾਹ ਦੇ ਗਵਾਹਾਂ (ਯਹੋਵਾਹ ਵਿਟਨਸ) ਦੇ ਇਸ ਦਾਅਵੇ ਨੂੰ ਝੂਠਾ ਸਾਬਿਤ ਕਰਦਾ ਹੈ ਕਿ ਯਿਸੂ ਰਚਿਆ ਹੋਇਆ ਪ੍ਰਾਣੀ ਸੀ। ਯਿਸੂ ਰਚਨਾ ਦੇ ਸਮੇਂ ਮੌਜੂਦ ਸੀ। "ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੂ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ"

ਅੱਜ, ਬਹੁਤ ਸਾਰੇ ਲੋਕ ਯਿਸੂ ਨੂੰ ਇੱਕ ਪਿਆਰੇ ਮਿੱਤਰ ਅਤੇ ਪਿਤਾ ਨੂੰ ਇੱਕ ਕਠੋਰ ਨਿਆਂਈ ਦੇ ਰੂਪ ਵਿੱਚ ਵਿਖਾਉਂਦੇ ਹਨ। ਪਰ 1 ਯੂਹੰਨਾ ਦੱਸਦਾ ਹੈ ਕਿ ਯਿਸੂ ਦਾ ਸੁਭਾਉ ਪਿਤਾ ਦੇ ਸਮਾਨ ਹੈ। ਜਦੋਂ ਅਸੀਂ ਯਿਸੂ ਨੂੰ ਵੇਖਦੇ ਹਾਂ ਤਾਂ ਅਸੀਂ ਪਿਤਾ ਨੂੰ ਵੇਖਦੇ ਹਾਂ।

## ਪਰਮੇਸ਼ੁਰ ਨੇ ਆਪਣੇ ਦਾਸ ਨੂੰ ਇੱਕ ਚਮਤਕਾਰੀ ਜਨਮ ਦੇ ਦੁਆਰਾ ਤਿਆਰ ਕੀਤਾ

ਯਿਸੂ ਦਾ ਜਨਮ ਯਹੂਦਿਆ ਦੇ ਬੈਤਲਹਮ ਵਿੱਚ ਲਗਭਗ 5 ਬੀ.ਸੀ ਦੇ ਵਿੱਚ ਹੋਇਆ।[5] ਯੂਸੁਫ਼ ਰੋਮੀ ਜਨਗਣਨਾ ਦੇ ਕਾਰਨ ਯਾਤਰਾ ਕਰਕੇ ਬੈਤਲਹਮ ਪਹੁੰਚਿਆ। ਜਨਗਣਨਾ ਦਾ ਉਦੇਸ਼ ਰੋਮ ਦੇ ਅਧੀਨ ਆਉਣ ਵਾਲੇ ਪ੍ਰਾਂਤਾਂ ਦੇ ਵਿੱਚ ਚੁੰਗੀ ਦੇ ਵੇਰਵੇ ਨੂੰ ਕਾਇਮ ਰੱਖਣਾ ਸੀ।

ਰੋਮ ਦਾ ਆਮ ਤਰੀਕਾ ਲੋਕਾਂ ਦਾ ਉਸ ਸ਼ਹਿਰ ਵਿੱਚ ਪੰਜੀਕਰਨ ਕਰਨਾ ਸੀ ਜਿੱਥੇ ਉਹ ਰਹਿੰਦੇ ਅਤੇ ਕੰਮ ਕਰਦੇ ਸਨ। ਹਾਲਾਂਕਿ, ਇੱਕ ਯਹੂਦੀ ਆਬਾਦੀ ਨਾਲ ਸ਼ਾਂਤੀ ਬਣਾਈ ਰੱਖਣ ਲਈ ਜੋ ਬਗਾਵਤ ਕਰਨ ਲਈ ਤੇਜ਼ ਸੀ, ਰੋਮ ਨੇ ਯਹੂਦੀ ਸੂਬੇ ਨੂੰ ਆਪਣੇ ਗੋਤ ਦੇ ਜੱਦੀ ਘਰ ਵਿੱਚ ਪੰਜੀਕਰਨ ਕਰਨ ਦੇ ਯਹੂਦੀ ਢੰਗ ਦੀ ਪਾਲਣਾ ਕਰਨ ਦੀ ਇਜਾਜ਼ਤ ਦਿੱਤੀ। ਇਸ ਦੇ ਨਤੀਜੇ ਵਜੋਂ, ਯੂਸੁਫ਼ ਅਤੇ ਮਰੀਅਮ ਨੇ ਨਾਸਰਤ ਤੋਂ ਬੈਤਲਹਮ ਤੱਕ 100 ਕਿਲੋਮੀਟਰ ਦੀ ਯਾਤਰਾ ਕੀਤੀ। ਭਾਵੇਂ ਕਿ ਪੰਜੀਕਰਨ ਕਰਨ ਦੇ ਲਈ ਸਿਰਫ਼ ਘਰ ਦੇ ਪੁਰਸ਼ ਮੁਖੀ ਲੋੜ ਸੀ, ਯੂਸੁਫ਼ ਮਰੀਅਮ ਨੂੰ ਬੈਤਲਹਮ ਲੈ ਆਇਆ। ਇਹ ਸੰਭਵ ਹੈ ਕਿ ਯੂਸੁਫ਼ ਮਰੀਅਮ ਨੂੰ ਨਾਸਰਤ ਦੇ ਛੋਟੇ ਜਿਹੇ ਪਿੰਡ ਵਿੱਚ ਚੁਗਲੀ ਕਰਨ ਵਾਲੇ ਗੁਆਂਢੀਆਂ ਦੇ ਕੋਲ ਛੱਡਣਾ ਨਹੀਂ ਚਾਹੁੰਦਾ ਸੀ।

ਪਰਮੇਸ਼ੁਰ ਆਪਣੇ ਉਦੇਸ਼ ਨੂੰ ਪੂਰਿਆਂ ਕਰਨ ਦੇ ਲਈ ਸੰਸਾਰ ਦੀਆਂ ਘਟਨਾਵਾਂ ਦੇ ਦੁਆਰਾ ਕੰਮ ਕਰਦਾ ਹੈ। ਪਰਮੇਸ਼ੁਰ ਦੀ ਪ੍ਰਭੂਸੱਤਾ ਇੱਕ ਗ਼ੈਰ-ਯਹੂਦੀ ਰਾਜੇ ਦੇ ਯਹੂਦੀ ਜਨਗਣਨਾ ਦੀ "ਚੋਣ" ਕਰਨ ਦਾ ਕਾਰਨ ਬਣੀ ਤਾਂ ਕਿ ਪਰਮੇਸ਼ੁਰ ਦੇ ਉਦੇਸ਼ ਪੂਰੇ ਹੋ ਸਕਣ। ਪਾਤਸ਼ਾਹ ਦਾ ਮਨ ਯਹੋਵਾਹ ਦੇ ਹੱਥ ਵਿੱਚ ਪਾਣੀ ਦੀਆਂ ਖਾਲਾਂ ਵਾਂਙੁ ਹੈ, ਉਹ ਜਿੱਧਰ ਚਾਹੁੰਦਾ ਹੈ ਉਹ ਨੂੰ ਮੋੜਦਾ ਹੈ।" (ਕਹਾਉਤਾਂ 21:1)। ਪਰਮੇਸ਼ੁਰ ਦੇ ਰਾਜ ਦੇ ਕਾਮਿਆਂ ਦੇ ਰੂਪ ਵਿੱਚ, ਇਸ ਤੋਂ ਸਾਨੂੰ ਇਹ ਭਰੋਸਾ ਮਿਲਣਾ ਚਾਹੀਦਾ ਹੈ ਕਿ ਪਰਮੇਸ਼ੁਰ ਆਪਣੇ ਉਦੇਸ਼ਾਂ ਦੀ ਪੂਰਤੀ ਉਸ ਸਮੇਂ ਵੀ ਕਰ ਲੈਂਦਾ ਹੈ ਜਦੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬੁਰੇ ਲੋਕ ਨਿਯੰਤਰਣ ਦੇ ਵਿੱਚ ਹਨ।

ਇਹ ਚੁੰਗੀ ਜਨਗਣਨਾ ਉਨ੍ਹਾਂ ਬਹੁਤ ਸਾਰੀਆਂ ਉਦਾਹਰਨਾਂ ਦੇ ਵਿੱਚੋਂ ਇੱਕ ਹੈ ਜੋ ਇਹ ਵਿਖਾਉਂਦੀਆਂ ਹਨ ਕਿ ਪਰਮੇਸ਼ੁਰ ਨੇ ਸੰਸਾਰ ਨੂੰ ਯਿਸੂ ਦੇ ਜਨਮ ਲਈ ਕਿਵੇਂ ਤਿਆਰ ਕੀਤਾ। ਪਰਮੇਸ਼ੁਰ ਨੇ ਯੂਨਾਨੀ ਸਾਮਰਾਜ ਦੇ ਸਭਿਆਚਾਰਕ ਪਿਛੋਕੜ ਅਤੇ ਯਹੂਦੀ ਵਿਸ਼ਵਾਸ

---

[5] ਗ੍ਰੈਗੋਰੀਅਨ ਕੈਲੇਂਡਰ 1582 ਤੋਂ ਪਹਿਲਾਂ ਨਹੀਂ ਵਿਕਸਿਤ ਹੋਇਆ ਸੀ। ਇਹ ਕੈਲੇਂਡਰ ਪੂਰੀ ਤਰ੍ਹਾਂ ਸਟੀਕ ਨਹੀਂ ਪਰ ਲਗਭਗ ਨੂੰ ਦਰਸਾਉਂਦਾ ਹੈ। ਹੇਰੋਦੇਸ ਮਹਾਨ ਲਗਭਗ 4 ਈ.ਪੂ ਦੇ ਲਗਭਗ ਮਰਿਆ ਸੀ। ਇਸ ਮਿਤੀ ਦੇ ਆਧਾਰ ਤੇ ਯਿਸੂ ਦਾ ਜਨਮ ਲਗਭਗ 5-6 ਬੀ ਸੀ ਦੇ ਲਗਭਗ ਮੰਨਿਆ ਜਾ ਸਕਦਾ ਹੈ।

ਦੇ ਧਾਰਮਿਕ ਸਿਧਾਂਤਾਂ ਦੇ ਦੁਆਰਾ ਕੰਮ ਕਰਦੇ ਹੋਏ ਸੰਸਾਰ ਨੂੰ ਮਸੀਹ ਦੇ ਲਈ ਤਿਆਰ ਕੀਤਾ। ਇਸ ਪਿਛੋਕੜ ਦਾ ਅਧਿਐਨ ਕਰਨ ਦੇ ਲਈ ਕ੍ਰਿਪਾ ਕਰਕੇ Shepherds Global Classroom ਕੋਰਸ ਦੇ ਪਾਠ 1, *ਨਵੇਂ ਨੇਮ ਦੀ ਪੜਚੋਲ਼ ਕਰਨਾ* ਨੂੰ ਵੇਖੋ।[6]

**ਅਯਾਲੀਆਂ ਦੀ ਫੇਰੀ (ਲੂਕਾ 2:8-20)**

ਯਿਸੂ ਦੇ ਜਨਮ ਦੇ ਬਾਰੇ ਪਹਿਲਾ ਸਮਾਚਾਰ ਪ੍ਰਾਪਤ ਕਰਨ ਵਾਲੇ ਲੋਕ ਬੈਤਲਹਮ ਦੇ ਬਾਹਰ ਵਾਲੇ ਅਯਾਲੀ ਸਨ। ਇਹ ਮਹੱਤਵਪੂਰਨ ਹੈ ਕਿਉਂਕਿ ਪਹਿਲੀ ਸਦੀ ਦੇ ਜਿਆਦਾਤਰ ਯਹੂਦੀ ਇੰਨ੍ਹਾਂ ਤੋਂ ਦੂਰੀ ਬਣਾਈ ਰੱਖਦੇ ਸਨ। ਅਯਾਲੀਆਂ ਦਾ ਸਮਾਜਿਕ ਦਰਜਾ ਇੰਨਾਂ ਨੀਵਾਂ ਸੀ ਕਿ ਯਹੂਦੀ ਅਦਾਲਤਾਂ ਦੇ ਵਿੱਚ ਉਨ੍ਹਾਂ ਦੀ ਗਵਾਹੀ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਅਯਾਲੀਆਂ ਤੇ ਧਿਆਨ ਕਰਦੇ ਹੋਏ, ਲੂਕਾ ਵਿਖਾਉਂਦਾ ਹੈ, "ਜੇਕਰ ਅਯਾਲੀਆਂ ਦਾ ਸੁਆਗਤ ਕੀਤਾ ਗਿਆ ਹੈ ਤਾਂ ਫਿਰ ਪਰਮੇਸ਼ੁਰ ਦੇ ਰਾਜ ਵਿੱਚ **ਕਿਸੇ** ਦਾ ਵੀ ਸੁਆਗਤ ਹੈ!" ਸਵਰਗਦੂਤ ਨੇ ਅਯਾਲੀਆਂ ਨੂੰ ਕਿਹਾ, "ਵੇਖੋ ਮੈਂ ਤੁਹਾਨੂੰ ਵੱਡੀ ਖੁਸ਼ੀ ਦੀ ਖਬਰ ਸੁਣਾਉਂਦਾ ਹਾਂ ਜੋ **ਸਾਰੀ ਪਰਜਾ ਦੇ ਲਈ** ਹੋਵੇਗਾ।" (ਲੂਕਾ 2:10)।

ਸ਼ੁਭਸਮਾਚਾਰ ਕਿਸੇ ਇੱਕ ਦੇਸ਼ ਜਾਂ ਕਿਸੇ ਇੱਕ ਸਮਾਜਿਕ ਸ਼੍ਰੇਣੀ ਦੇ ਲਈ ਸੀਮਿਤ ਨਹੀਂ ਹੈ; ਸ਼ੁਭਸਮਾਚਾਰ ਸਭਨਾਂ ਲੋਕਾਂ ਦੇ ਲਈ ਹੈ। ਇਹ ਲੂਕਾ ਦੇ ਸਾਰੇ ਸ਼ੁਭਸਮਾਚਾਰ ਵਿੱਚ ਵਿਖਾਈ ਦਿੰਦਾ ਹੈ। ਲੂਕਾ ਯਿਸੂ ਦੁਆਰਾ ਇਸਤਰੀਆਂ, ਸਾਮਰੀ ਲੋਕਾਂ ਅਤੇ ਜ਼ੱਕੀ ਜਿਹੇ ਸਮਾਜ ਦੁਆਰਾ ਸਵੀਕਾਰ ਨਾ ਕੀਤੇ ਜਾਣ ਵਾਲੇ ਲੋਕਾਂ ਦੇ ਲਈ ਕੀਤੀ ਸੇਵਕਾਈ ਤੇ ਖਾਸ ਧਿਆਨ ਦਿੰਦਾ ਹੈ।

**ਜੋਤਸ਼ੀਆਂ ਦੀ ਆਉਣਾ (ਮੱਤੀ 2:1-12)**

ਮੱਤੀ ਦਾ ਸ਼ੁਭਸਮਾਚਾਰ ਪਹਿਲਾਂ ਯਹੂਦੀ ਸ੍ਰੋਤਿਆਂ ਦੇ ਲਈ ਲਿਖਿਆ ਗਿਆ ਸੀ। ਜਦਕਿ ਲੂਕਾ ਨੇ ਆਪਣੇ ਸੰਦੇਸ਼ ਦਾ ਧਿਆਨ ਸਾਰੇ ਲੋਕਾਂ ਦੇ ਲਈ ਕੀਤਾ, ਮੱਤੀ ਨੇ ਆਪਣੇ ਸੰਦੇਸ਼ ਦਾ ਧਿਆਨ ਸਵਰਗੀ ਰਾਜ ਦੇ ਵੱਲ ਲਗਾਇਆ। ਅਯਾਲੀਆਂ ਦੇ ਸਥਾਨ ਤੇ, ਮੱਤੀ ਨੇ ਬੁੱਧੀਮਾਨ ਮਨੁੱਖਾਂ, ਜੋਤਸ਼ੀਆਂ ਦੇ ਆਉਣ ਬਾਰੇ ਦੱਸਿਆ। ਇਹ ਲੋਕ ਉਦੋਂ ਆਏ ਜਦੋਂ ਯਿਸੂ ਦਾ ਪਰਿਵਾਰ ਇੱਕ ਪੱਕੇ ਘਰ ਦੇ ਵਿੱਚ ਜਾ ਚੁੱਕਾ ਸੀ, ਸ਼ਾਇਦ ਜਨਮ ਦੇ ਕੁਝ ਮਹੀਨਿਆਂ ਦੇ ਬਾਅਦ (ਮੱਤੀ 2:11)। ਇਸਦਾ ਪਤਾ ਹੇਰੋਦੇਸ ਦੇ ਹੁਕਮ ਤੋਂ ਲੱਗਦਾ ਹੈ ਜਿਸਨੇ ਦੋ ਸਾਲਾਂ ਤੋਂ ਘੱਟ ਉਮਰ ਦੇ ਮੁੰਡਿਆਂ ਨੂੰ ਮਾਰਨ ਦਾ ਹੁਕਮ ਦਿੱਤਾ ਸੀ।

ਜੋਤਸ਼ੀ ਆਕਾਸ਼ ਦਾ ਅਧਿਐਨ ਕਰਨ ਵਾਲੇ ਲੋਕ ਸਨ ਜਿੰਨ੍ਹਾਂ ਕੁਝ ਹੈਰਾਨੀਜਨਕ ਚੀਜ਼ਾਂ ਤੇ ਗੌਰ ਕੀਤਾ। ਜਿਸ ਸਮੇਂ ਯਾਤਰਾ ਕਰਨੀ ਬਹੁਤ ਖ਼ਤਰਨਾਕ ਸੀ, ਉਸ ਸਮੇਂ ਉਨ੍ਹਾਂ ਨੇ ਇੱਕ ਲੰਬੀ ਯਾਤਰਾ ਕੀਤੀ ਤਾਂ ਕਿ ਆਕਾਸ਼ ਦੇ ਵਿੱਚ ਵੇਖੇ ਅਨੋਖੇ ਚਿੰਨ੍ਹ ਦੇ ਬਾਰੇ ਜਾਂਚ ਪੜਤਾਲ ਕਰ ਸਕਣ।

---

[6] ਇਹ ਸ੍ਰੋਤ https://www.shepherdsglobal.org/ ਤੇ ਉਪਲੱਭਧ ਹੈ।

ਜੋਤਸ਼ੀ ਪਹਿਲਾਂ ਯਰੂਸ਼ਲਮ ਦੇ ਵਿੱਚ ਆਏ ਸਨ, ਜੋ ਇੱਕ ਯਹੂਦੀ ਰਾਜੇ ਦਾ ਢੁੱਕਵਾਂ ਸਥਾਨ ਸੀ। ਜਦੋਂ ਹੇਰੋਦੇਸ਼ ਦੇ ਕੋਲ ਸੰਭਾਵਿਤ ਵਿਰੋਧੀ ਦਾ ਸਮਾਚਾਰ ਪਹੁੰਚਿਆ, ਤਾਂ ਉਹ ਸਾਰੇ ਯਰੂਸ਼ਲਮ ਸਣੇ ਬਹੁਤ ਪਰੇਸ਼ਾਨ ਹੋਇਆ (ਮੱਤੀ 2:3)। "ਸਾਰੇ ਯਰੂਸ਼ਲਮ" ਸ਼ਬਦ ਭਵਿੱਖ ਦੇ ਵਿੱਚ ਯਰੂਸ਼ਲਮ ਦੇ ਧਾਰਮਿਕ ਆਗੂਆਂ ਦੁਆਰਾ ਯਿਸੂ ਦਾ ਇਨਕਾਰ ਕੀਤੇ ਜਾਣ ਦੀ ਝਲਕ ਪੇਸ਼ ਕਰਦਾ ਹੈ।

ਜੋਤਸ਼ੀਆਂ ਦੀ ਫੇਰੀ ਗ਼ੈਰ-ਜਾਤੀਆਂ ਦੇ ਲਈ ਮਸੀਹ ਦੇ ਬਾਰੇ ਪਹਿਲੀ ਪ੍ਰਸਤੁਤੀ ਸੀ। ਯਰੂਸ਼ਲਮ ਨਿਵਾਸੀਆਂ ਦੇ ਉਲਟ ਜੋ ਇਸ ਚਿੰਨ੍ਹ ਨੂੰ ਵੇਖ ਕੇ ਘਬਰਾ ਗਏ ਸਨ, ਜੋਤਸ਼ੀਆਂ ਦੇ ਵਿਸ਼ਵਾਸ ਦੇ ਨਾਲ ਪ੍ਰਤੀਕਿਰਿਆ ਕੀਤੀ। ਯਿਸੂ ਸਾਰੀਆਂ ਕੌਮਾਂ ਦੇ ਰਾਜੇ ਵੱਜੋਂ ਆਇਆ, ਸਿਰਫ਼ ਯਹੂਦੀਆਂ ਦੇ ਰਾਜੇ ਵੱਜੋਂ ਨਹੀਂ।

ਮੱਤੀ ਇਹ ਜਾਣਕਾਰੀ ਨਹੀਂ ਦਿੰਦਾ ਕਿ ਯਿਸੂ ਦੀ ਅਰਾਧਨਾ ਕਰਨ ਦੇ ਲਈ ਕਿੰਨੇ ਜੋਤਸ਼ੀ ਆਏ ਸਨ। ਤਿੰਨ ਮਯੂਸੀਆਂ ਵਾਲੀ ਪਰੰਪਰਾ ਮੱਤੀ 2:11 ਵਿੱਚ ਦਿੱਤੇ ਤਿੰਨ ਤੌਹਫਿਆਂ ਤੇ ਆਧਾਰਿਤ ਹੈ। ਹਰੇਕ ਤੌਹਫਾ ਯਿਸੂ ਦੀ ਸੇਵਕਾਈ ਦੇ ਕਿਸੇ ਪਹਿਲੂ ਨੂੰ ਦਰਸਾਉਂਦਾ ਹੈ।

- ਸੋਨਾ ਰਾਜੇ ਦੇ ਲਈ ਤੌਹਫਾ ਸੀ। ਪਰ ਯਿਸੂ ਦਾ ਰਾਜ ਕਿਸੇ ਸਿੰਘਾਸਣ ਤੋਂ ਨਹੀਂ ਪਰ ਸਲੀਬ ਤੋਂ ਹੋਣਾ ਸੀ।
- ਲੁਬਾਣ ਇੱਕ ਜਾਜਕ ਦੇ ਲਈ ਤੌਹਫਾ ਹੈ। ਬਲੀਦਾਨਾਂ ਦੇ ਸਮੇਂ ਲੋਬਾਨ ਨੂੰ ਸੁਗੰਧ ਦੇ ਲਈ ਇਸਤੇਮਾਲ ਕੀਤਾ ਜਾਂਦਾ ਸੀ। ਯਿਸੂ ਇੱਕ ਅਜਿਹੇ ਜਾਜਕ ਦੇ ਰੂਪ ਵਿੱਚ ਆਇਆ ਜਿਸਨੇ ਸਭਨਾਂ ਮਨੁੱਖਾਂ ਦੇ ਲਈ ਪਰਮੇਸ਼ੁਰ ਦੇ ਰਾਜ ਵਿੱਚ ਦਾਖਿਲ ਹੋਣ ਨੂੰ ਸੰਭਵ ਬਣਾਇਆ।
- ਗੰਧਰਸ ਦਾ ਲੇਪ ਮੁਰਦਾ ਜਿਸਮ ਤੇ ਕੀਤਾ ਜਾਂਦਾ ਸੀ। ਯਿਸੂ ਦਾ ਜਨਮ ਮਨੁੱਖਤਾ ਦੇ ਲਈ ਮਰਨ ਦੇ ਲਈ ਹੋਇਆ ਸੀ।

## ਪਰਮੇਸ਼ੁਰ ਨੇ ਆਪਣੇ ਦਾਸ ਦੀ ਰਾਖੀ ਕੀਤੀ

ਯਿਸੂ ਦੇ ਜਨਮ ਤੋਂ ਪਹਿਲਾਂ, ਇੱਕ ਦੂਤ ਨੇ ਯੂਸੁਫ਼ ਦੇ ਨਾਲ ਸੁਫਨੇ ਵਿੱਚ ਗੱਲ ਕਰਕੇ ਉਸਨੂੰ ਪਰਮੇਸ਼ੁਰ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ। ਜੋਤਸ਼ੀਆਂ ਦੀ ਫੇਰੀ ਤੋਂ ਬਾਅਦ, ਇੱਕ ਦੂਤ ਨੇ ਯੂਸੁਫ਼ ਨੂੰ ਮਿਸਰ ਦੇ ਵੱਲ ਭੱਜ ਜਾਣ ਦੀ ਚੇਤਾਵਨੀ ਦਿੱਤੀ। ਇਹ ਪਰਿਵਾਰ ਹੇਰੋਦੇਸ ਦੀ ਮੌਤ ਤੱਕ ਮਿਸਰ ਦੇ ਵਿੱਚ ਹੀ ਰਿਹਾ (ਲਗਭਗ 4 ਬੀ.ਸੀ ਤੱਕ)।

ਹੇਰੋਦੇਸ ਬਹੁਤ ਸਾਰੇ ਪਹਿਲੂਆਂ ਤੋਂ ਇੱਕ ਪ੍ਰਭਾਵਸ਼ਾਲੀ ਹਾਕਮ ਸੀ। ਉਹ ਯਹੂਦੀਆਂ ਦੀ ਇੱਜਤ ਕਰਦਾ ਸੀ ਅਤੇ ਇੱਥੋਂ ਤੱਕ ਕਿ ਭੋਜਨ ਪ੍ਰਤੀ ਉਨ੍ਹਾਂ ਯਹੂਦੀ ਕਾਨੂੰਨਾਂ ਦੀ ਪਾਲਣਾ ਵੀ ਕਰਦਾ ਸੀ। ਉਸਨੇ ਹੈਕਲ ਦੀ ਵਧੇਰੇ ਉਸਾਰੀ ਦੇ ਕੰਮ ਨੂੰ ਅਰੰਭ ਕੀਤਾ ਜੋ ਯਿਸੂ ਦੇ ਜੀਵਨ ਕਾਲ ਦੌਰਾਨ ਜਾਰੀ ਰਿਹਾ। 25 ਈ.ਪੂ ਦੇ ਸਮੇਂ ਇੱਕ ਕਾਲ ਦੇ ਦੌਰਾਨ ਉਸਨੇ ਆਪਣੇ ਪੈਸਿਆਂ ਦੇ ਨਾਲ ਯਹੂਦਿਆ ਦੇ ਲੋਕਾਂ ਨੂੰ ਭੋਜਨ ਖਰੀਦ ਕੇ ਦਿੱਤਾ।

ਹਾਲਾਂਕਿ, ਹੇਰੋਦੇਸ ਬਹੁਤ ਪਾਗਲ ਕਿਸਮ ਦਾ ਵਿਅਕਤੀ ਸੀ। ਜਦੋਂ ਉਸਨੂੰ ਸ਼ੱਕ ਹੋਇਆ ਕਿ ਉਸਦੀ ਆਪਣੀ ਇੱਕ ਪਤਨੀ ਮਰੀਅਮ ਨੇ ਅਤੇ ਉਸਦਾ ਮਾਤਾ ਐਲੀਗਜੈਂਡਰਾ ਉਸਦੇ ਵਿਰੁੱਧ ਸਾਜਿਸ਼ ਕਰ ਰਹੇ ਹਨ ਤਾਂ ਉਸਨੇ ਉਨ੍ਹਾਂ ਦਾ ਕਤਲ ਕਰਵਾ ਦਿੱਤਾ ਸੀ। ਜਦੋਂ

ਉਸਦੇ ਆਪਣੇ ਤਿੰਨ ਪੁੱਤਰ ਉਸਦੇ ਲਈ ਖ਼ਤਰਾ ਬਣਨ ਦੀ ਉਮਰ ਤੱਕ ਪਹੁੰਚੇ ਤਾਂ ਆਪਣੇ ਹੀ ਤਿੰਨ ਪੁੱਤਰਾਂ ਦਾ ਕਤਲ ਕਰਵਾ ਦਿੱਤਾ। ਹੇਰੋਦੇਸ ਜਿਹੇ ਘਬਰਾ ਕੇ ਪਾਗਲ ਹੋ ਜਾਣ ਵਾਲੇ ਵਿਅਕਤੀ ਦੇ ਲਈ ਬੈਤਲਹਮ ਦੇ ਵਿੱਚ ਬੱਚਿਆਂ ਦਾ ਕਤਲੇਆਮ ਕਰਨਾ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਆਪਣੇ ਗੱਦੀ ਨੂੰ ਸੰਭਾਲੀ ਰੱਖਣ ਦੇ ਲਈ ਕੁਝ ਦਰਜਨਾਂ ਬੱਚਿਆਂ ਨੂੰ ਮਾਰ ਦੇਣ ਨਾਲ ਉਸ ਨੂੰ ਕੁਝ ਜਿਆਦਾ ਫਰਕ ਨਹੀਂ ਪਿਆ ਹੋਵੇਗਾ।

ਹੇਰੋਦੇਸ ਦਾ ਜੁਲਮ ਉਸਦੀ ਮੌਤ ਤੱਕ ਜਾਰੀ ਰਿਹਾ। ਜਦੋਂ ਉਹ ਆਪਣੀ ਮੌਤ ਦੇ ਵੱਲ ਵਧ ਰਿਹਾ ਸੀ ਤਾਂ ਉਸਨੇ ਹੁਕਮ ਕੀਤਾ ਕਿ ਜਦੋਂ ਉਹ ਮਰੇ ਤਾਂ ਯਰੂਸ਼ਲਮ ਦੇ ਕੁਝ ਆਗੂ ਨਾਗਰਿਕਾਂ ਨੂੰ ਗ੍ਰਿਫਤਾਰ ਕਰਕੇ ਮਾਰ ਦਿੱਤਾ ਜਾਏ। ਉਸਦਾ ਵਿਸ਼ਵਾਸ ਸੀ ਕਿ ਇਸ ਨਾਲ ਇਹ ਨਿਸਚਿਤ ਹੋ ਜਾਵੇਗਾ ਕਿ ਉਸਦੀ ਮੌਤ ਦਾ ਦਿਨ ਸੋਗ ਦਾ ਦਿਨ ਬਣੇ। (ਇਸਦੀ ਬਜਾਏ ਹੇਰੋਦੇਸ ਦੀ ਵਿਧਵਾ ਨੇ ਕੈਦੀਆਂ ਨੂੰ ਰਿਹਾ ਕਰ ਦਿੱਤਾ, ਜਿਸ ਨਾਲ ਇਸ ਪੂਰੇ ਫਸਲਤੀਨ ਦੇ ਵਿੱਚ ਅਨੰਦ ਦਾ ਦਿਨ ਬਣ ਗਿਆ)।

ਹੇਰੋਦੇਸ ਦੀ ਮੌਤ ਤੋਂ ਬਾਅਦ, ਉਸਦਾ ਰਾਜ ਉਸਦੇ ਤਿੰਨ ਪੁੱਤਰਾਂ ਦੇ ਵਿਚਾਲੇ ਵੰਡਿਆ ਗਿਆ। ਅੰਤੀਪਾਸ ਨੂੰ ਗ਼ਲੀਲ ਅਤੇ ਪੇਰਿਆ ਦਾ ਇਲਾਕਾ ਮਿਲਿਆ; ਫਿਲਿਪੁੱਸ ਨੂੰ ਫਲਸਤੀਨ ਦਾ ਉੱਤਰ-ਪੂਰਬੀ ਇਲਾਕੇ ਦਿੱਤਾ ਗਿਆ; ਆਰਕਿਓਲੁਸ ਨੂੰ ਯਹੂਦਿਯਾ, ਇਓਡੋਮੀਆ ਅਤੇ ਸਾਮਰਿਯਾ ਦੇ ਇਲਾਕੇ ਵਿੱਚ ਨਿਯੁਕਤ ਕੀਤਾ ਗਿਆ। ਪੁਰਾਤਨ ਇਤਿਹਾਸਕਾਰ ਦੱਸਦੇ ਹਨ ਕਿ ਆਰਕਿਓਲੁਸ ਦੇ ਵਿੱਚ ਉਸਦੇ ਪਿਤਾ ਦੀਆਂ ਸਾਰੀਆਂ ਕਮਜ਼ੋਰੀਆਂ ਸਨ, ਪਰ ਉਸਦੇ ਪਿਤਾ ਦੀ ਕੋਈ ਵੀ ਚੰਗੀ ਵਿਸ਼ੇਸ਼ਤਾ ਨਹੀਂ ਸੀ। ਯਹੂਦੀ ਉਸਨੂੰ ਨਫ਼ਰਤ ਕਰਦੇ ਸਨ ਅਤੇ ਉਸਨੂੰ 6 ਏ.ਡੀ ਦੇ ਵਿੱਚ ਉਸਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਕਿਉਂਕਿ ਯਹੂਦੀਆਂ ਨੇ ਕੈਸਰ ਦੇ ਅੱਗੇ ਉਸਦੀ ਸ਼ਿਕਾਇਤ ਕੀਤੀ ਸੀ। ਇਸਦੇ ਬਾਅਦ ਯਹੂਦਿਯਾ ਤੇ ਰੋਮੀ ਹਾਕਮ ਰਾਜ ਕਰਨ ਲੱਗੇ ਜਿਵੇਂ ਕਿ ਪੰਤੀਓਸ ਪਿਲਾਤੁਸ।

ਹੇਰੋਦੇਸ ਦੀ ਮੌਤ ਦੇ ਬਾਅਦ ਇੱਕ ਸਵਰਗਦੂਤ ਨੇ ਯੂਸੁਫ਼ ਨੂੰ ਸੁਫਨੇ ਦੇ ਵਿੱਚ ਦਰਸ਼ਨ ਦੇ ਕੇ ਇਸਰਾਏਲ ਵਾਪਿਸ ਮੁੜ ਆਉਣ ਦੇ ਲਈ ਕਿਹਾ। ਪਰ ਕਿਉਂਕਿ ਆਰਕਿਓਲੁਸ ਆਪਣੇ ਪਿਤਾ ਹੇਰੋਦੇਸ ਦੇ ਹੀ ਤਰ੍ਹਾਂ ਖ਼ਤਰਨਾਕ ਸੀ ਇਸ ਲਈ ਯੂਸੁਫ਼ ਆਪਣੇ ਪਰਿਵਾਰ ਨੂੰ ਲੈ ਕੇ ਬੈਤਲਹਮ ਜਾਣ ਦੀ ਬਜਾਏ ਨਾਸਤਰ ਦੇ ਵਿੱਚ ਜਾ ਵੱਸਿਆ।

► ਜਦੋਂ ਜੋਨ ਵੈਸਲੀ ਇੱਕ ਛੋਟਾ ਬੱਚਾ ਸੀ ਤਾਂ ਉਹ ਇੱਕ ਬਲਦੇ ਹੋਏ ਘਰ ਵਿੱਚੋਂ ਚਮਤਕਾਰੀ ਢੰਗ ਨਾਲ ਬਚ ਗਿਆ ਸੀ। ਉਸਦਾ ਇਹ ਵਿਸ਼ਵਾਸ ਸੀ ਕਿ ਪਰਮੇਸ਼ੁਰ ਨੇ ਉਸਨੂੰ ਇੱਕ ਖਾਸ ਉਦੇਸ਼ ਦੇ ਲਈ ਬਚਾਇਆ ਹੈ। ਵੈਸਲੀ ਆਪਣੇ ਆਪ ਨੂੰ "ਅੱਗ ਦੇ ਵਿੱਚੋਂ ਨਿੱਕਲਿਆ ਹੋਇਆ ਬ੍ਰਾਂਡ ਮੰਨਦਾ ਸੀ (ਜ਼ਕਰਯਾਹ 3:2)। ਆਪਣੀ ਜਮਾਤ ਦੇ ਮੈਂਬਰਾਂ ਨੂੰ ਇਹ ਗੱਲਾਂ ਸਾਂਝੀਆਂ ਕਰਨ ਦੇ ਲਈ ਸੱਦਾ ਦਿਓ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਸੇਵਕਾਈ ਦੇ ਲਈ ਕਿਵੇਂ ਬਚਾ ਕੇ ਰੱਖਿਆ ਹੈ-ਇਹ ਕੋਈ ਚਮਤਕਾਰੀ ਬਚਾਅ ਜਾਂ ਪਰਮੇਸ਼ੁਰ ਦੀ ਮੁਹੱਈਆ ਕਰਨ ਵਾਲੀ ਤਾਕਤ ਹੋ ਸਕਦੀ ਸੀ।

## ਮੱਤੀ 2:23 ਤੇ ਇੱਕ ਨੇੜੇ ਦੀ ਝਾਤ

ਮੱਤੀ ਨੇ ਕਿਸੇ ਵੀ ਹੋਰ ਇੰਜੀਲ ਤੋਂ ਜਿਆਦਾ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਦਾ ਇਸਤੇਮਾਲ ਕੀਤਾ। ਯਹੂਦੀ ਸ੍ਰੋਤਿਆਂ ਨੂੰ ਲਿਖਦੇ ਹੋਏ, ਮੱਤੀ ਨੇ ਵਿਖਾਇਆ ਕਿ ਯਿਸੂ ਵਾਅਦਾ ਕੀਤਾ ਹੋਇਆ ਮਸੀਹ ਹੈ:

- ਯਿਸੂ ਦਾ ਕੁਆਰੀ ਦੇ ਦੁਆਰਾ ਜਨਮ (ਮੱਤੀ 1:22-23) ਜੋ ਯਸਾਯਾਹ 7:14 ਨੂੰ ਪੂਰਿਆਂ ਕਰਦਾ ਹੈ।
- ਬੈਤਲਹਮ ਦੇ ਵਿੱਚ ਯਿਸੂ ਦਾ ਜਨਮ (ਮੱਤੀ 2:5-6) ਜੋ ਮੀਕਾਹ 5:2 ਨੂੰ ਪੂਰਿਆਂ ਕਰਦਾ ਹੈ।
- ਮਿਸਰ ਦੇ ਵਿੱਚ ਫੇਰੀ (ਮੱਤੀ 2:14-15) ਜੋ ਹੋਸ਼ੇਆ 11:1 ਨੂੰ ਪੂਰਿਆਂ ਕਰਦਾ ਹੈ।
- ਬੈਤਲਹਮ ਦੇ ਵਿੱਚ ਛੋਟੇ ਬੱਚਿਆਂ ਦਾ ਕਤਲੇਆਮ (ਮੱਤੀ 2:16-18) ਜੋ ਯਿਰਮਿਯਾਹ 31:15 ਨੂੰ ਪੂਰਾ ਕਰਦਾ ਹੈ।
- ਯਰੂਸ਼ਲਮ ਦੇ ਵਿੱਚ ਦਾਖਲਾ (ਮੱਤੀ 21:1-5) ਜੋ ਜ਼ਕਰਯਾਹ 9:9 ਨੂੰ ਪੂਰਿਆਂ ਕਰਦਾ ਹੈ।

ਮੱਤੀ 2:23 ਦੇ ਵਿੱਚ ਪੂਰੀ ਹੋਈ ਭਵਿੱਖਬਾਣੀ ਦੀ ਪੂਰਤੀ ਨੂੰ ਸਮਝਣਾ ਕਠਿਨ ਹੈ। ਮੱਤੀ ਲਿਖਦਾ ਹੈ, "ਅਤੇ ਨਾਸਰਤ ਨਾਮੇ ਇੱਕ ਨਗਰ ਵਿੱਚ ਜਾ ਵੱਸਿਆ ਇਸ ਲਈ ਕਿ ਜਿਹੜਾ ਬਚਨ ਨਬੀਆਂ ਦੀ ਜ਼ਬਾਨੀ ਆਖਿਆ ਗਿਆ ਸੀ ਪੂਰਾ ਹੋਵੇ ਜੋ ਉਹ ਨਾਸਰੀ ਕਹਾਵੇਗਾ।"

ਮੁਸ਼ਕਿਲ ਇਸ ਗੱਲ ਦੀ ਹੈ ਕਿ ਪੁਰਾਣੇ ਨੇਮ ਦੇ ਵਿੱਚ ਇਹ ਕਿਸੇ ਵੀ ਸਥਾਨ ਤੇ ਜ਼ਿਕਰ ਨਹੀਂ ਕੀਤਾ ਗਿਆ ਕਿ ਉਹ ਨਾਸਰੀ ਕਹਾਵੇਗਾ। ਇਹ ਵਚਨ ਦੇ ਪਿੱਛੇ ਦੋ ਵਿਚਾਰ ਹੋ ਸਕਦੇ ਹਨ:

1. ਯਿਸੂ ਦੇ ਸਮੇਂ ਵਿੱਚ ਨਾਸਰਤ ਕਿਸੇ ਵੀ ਤਰ੍ਹਾਂ ਇੱਕ ਮਹੱਤਵਪੂਰਨ ਨਗਰ ਨਹੀਂ ਸੀ (ਯੂਹੰਨਾ 1:46)। ਯਹੂਦੀਆਂ ਦੀ ਇਹ ਉਮੀਦ ਸੀ ਕਿ ਉਨ੍ਹਾਂ ਦਾ ਮਸੀਹ ਯਹੂਦਿਯਾ ਤੋਂ ਆਵੇਗਾ, ਨਾ ਕਿ ਗ਼ਲੀਲ ਦੇ ਆਰਥਿਕ ਇਲਾਕੇ ਵਿੱਚੋਂ (ਯੂਹੰਨਾ 7:41, 52)। ਯਿਸੂ ਦਾ ਨਾਸਰਤ ਜਿਹੇ ਨਕਾਰੇ ਹੋਏ ਇਲਾਕੇ ਵਿੱਚ ਵੱਸਣਾ ਯਸਾਯਾਹ 49:7 ਅਤੇ ਯਸਾਯਾਹ 53:3 ਜਿਹੀਆਂ ਭਵਿੱਖਬਾਣੀਆਂ ਦੀ ਪੂਰਤੀ ਕਰਦਾ ਹੈ।
2. ਯਸਾਯਾਹ 11:1 ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ ਮਸੀਹ ਇੱਕ "ਟਾਹਣੀ" ਹੋਵੇਗਾ। ਟਾਹਣੀ ਦੇ ਲਈ ਇਬਰਾਨੀ ਸ਼ਬਦ (ਨੈਟਜ਼ਰ) ਨਾਸਤਰ ਜਿਹਾ ਹੀ ਜਾਪਦਾ ਹੈ। ਮੱਤੀ ਦੇ ਯਹੂਦੀ ਪਾਠਕ ਇਸ ਸ਼ਬਦਾਂ ਦੀ ਖੇਡ ਨੂੰ ਚੰਗੀ ਤਰ੍ਹਾਂ ਸਮਝਦੇ ਹੋਣਗੇ।

## ਪਰਮੇਸ਼ੁਰ ਨੇ ਆਪਣੇ ਦਾਸ ਦੇ ਲਈ ਇੱਕ ਪਹਿਲਾਂ ਹੋਕਾ ਦੇਣ ਵਾਲੇ ਦੇ ਦੁਆਰਾ ਰਸਤਾ ਤਿਆਰ ਕੀਤਾ

ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਦਾ ਰਿਸ਼ਤੇਦਾਰੀ ਦੇ ਵਿੱਚ ਭਰਾ ਸੀ। ਯੂਹੰਨਾ ਦੀ ਕਹਾਣੀ ਦੇ ਅਰੰਭ ਵਿੱਚ ਅਸੀਂ ਉਸਦੇ ਪਿਤਾ **ਜ਼ਕਰਯਾਹ** ਨੂੰ ਆਪਣੀ ਕੌਮ ਦੇ ਵੱਲੋਂ ਧੂਪ ਧੁਖਾਉਂਦੇ ਹੋਏ ਵੇਖਦੇ ਹਾਂ, ਜੋ ਇੱਕ ਜਾਜਕ ਦਾ ਸਭ ਤੋਂ ਆਦਰਯੋਗ ਕੰਮ ਸੀ (ਲੂਕਾ 1:9)।

ਜਦੋਂ ਜ਼ਕਰਯਾਹ ਇਸ ਪਵਿੱਤਰ ਰਸਮ ਨੂੰ ਨਿਭਾ ਰਿਹਾ ਸੀ ਤਾਂ ਧੂਪ ਦੀ ਵੇਦੀ ਦੇ ਸੱਜੇ ਪਾਸੇ ਇੱਕ ਸਵਰਗਦੂਤ ਵਿਖਾਈ ਦਿੱਤਾ। ਯਹੂਦੀ ਪਰੰਪਰਾ ਦੇ ਅਨੁਸਾਰ, ਪਰਮੇਸ਼ੁਰ ਭੇਂਟ ਦੇ ਸਮੇਂ ਇਸੇ ਪਾਸੇ ਮੌਜੂਦ ਹੁੰਦਾ ਹੈ। ਜ਼ਿਬਰਾਇਲ ਸਵਰਗਦੂਤ ਨੇ ਜ਼ਕਰਯਾਹ ਨੂੰ ਦੱਸਿਆ ਕਿ ਉਸਦੀ ਪੁੱਤਰ ਦੇ ਲਈ ਕੀਤੀਆਂ ਪ੍ਰਾਥਨਾਵਾਂ ਦਾ ਉੱਤਰ ਮਿਲ ਗਿਆ ਹੈ।

ਕਿਉਂਕਿ ਇਲੀਸਬਤ ਬੱਚਾ ਪੈਦਾ ਕਰਨ ਦੀ ਉਮਰ ਨਾਲੋਂ ਵਧੇਰੇ ਬਜ਼ੁਰਗ ਹੋ ਗਈ ਸੀ, ਇਸ ਲਈ ਜ਼ਕਰਯਾਹ ਨੇ ਸਵਰਗਦੂਤ ਦੇ ਵਾਇਦੇ ਤੇ ਸ਼ੱਕ ਕੀਤਾ। ਉਸਦੇ ਅਵਿਸ਼ਵਾਸ ਦੇ ਕਾਰਨ ਉਹ ਯੂਹੰਨਾ ਦਾ ਜਨਮ ਹੋਣ ਤੱਕ ਗੁੰਗਾ ਰਿਹਾ। ਇੱਕ ਜਾਜਕ ਅਤੇ ਪਵਿੱਤਰ ਵਚਨਾਂ ਦੇ ਵਿਦਿਆਰਥੀ ਦੇ ਰੂਪ ਵਿੱਚ, ਜ਼ਕਰਯਾਹ ਪੁਰਾਣੇ ਨੇਮ ਤੋਂ ਹੰਨਾਹ ਅਤੇ ਰਾਖਲ ਦੀਆਂ ਕਹਾਣੀਆਂ ਤੋਂ ਜਾਣੂ ਹੋਵੇਗਾ ਅਤੇ ਉਸਨੂੰ ਵਿਸ਼ਵਾਸ ਕਰਨਾ ਚਾਹੀਦਾ ਸੀ ਕਿ ਪਰਮੇਸ਼ੁਰ ਚਮਤਕਾਰੀ ਢੰਗ ਦੇ ਨਾਲ ਇਲੀਸਬਤ ਦੀ ਕੁੱਖ ਨੂੰ ਖੋਲ੍ਹ ਦੇਵੇਗਾ।

ਯੂਹੰਨਾ ਨੇ ਤੀਹ ਸਾਲਾਂ ਦੇ ਬਾਅਦ ਆਪਣੀ ਸੇਵਕਾਈ ਨੂੰ ਅਰੰਭ ਕੀਤਾ। ਉਸਨੇ ਯਰੂਸ਼ਲਮ ਦੇ ਵਿੱਚ ਇੱਕ ਜਾਜਕ ਦੇ ਤੌਰ ਤੇ ਕੰਮ ਕਰਨ ਦੀ ਬਜਾਏ, ਯਹੂਦਿਯਾ ਦੀ ਉਜਾੜ ਵਿੱਚ ਇੱਕ ਨਬੀ ਦੇ ਤੌਰ ਤੇ ਸੇਵਕਾਈ ਕਰਨੀ ਅਰੰਭ ਕੀਤੀ। ਯੂਹੰਨਾ ਨੂੰ ਮਸੀਹ ਦੇ ਵਿਖੇ ਹੋਕਾ ਦੇਣ ਵਾਲੇ ਦੇ ਵੱਜੋਂ ਭੇਜਿਆ ਗਿਆ ਸੀ। ਜਦੋਂ ਯੂਹੰਨਾ ਪ੍ਰਚਾਰ ਕਰ ਰਿਹਾ ਸੀ ਤਾਂ ਲੋਕਾਂ ਨੇ ਪੁੱਛਿਆ, "ਕੀ ਯੂਹੰਨਾ ਵਾਇਦਾ ਕੀਤਾ ਹੋਇਆ ਮਸੀਹ ਹੈ?" ਉਸਨੇ ਉੱਤਰ ਦਿੱਤਾ, "ਪਰ ਇੱਕ ਮੈਥੋਂ ਬਲਵੰਤ ਆਉਂਦਾ ਹੈ ਜਿਹਦੀ ਜੁੱਤੀ ਦਾ ਤਸਮਾ ਮੈਂ ਖੋਲਣ ਦੇ ਜੋਗ ਨਹੀਂ" (ਲੂਕਾ 3:16)। ਕਿਸੇ ਦਾਸ ਦਾ ਸਭ ਤੋਂ ਛੋਟਾ ਕੰਮ ਉਸਦੇ ਮਾਲਿਕ ਦੇ ਜੁੱਤੀ ਦੇ ਤਸਮੇ ਖੋਲਣਾ ਸੀ, ਪਰ ਯੂਹੰਨਾ ਨੇ ਕਿਹਾ, "ਜੋ ਆਉਣ ਵਾਲਾ ਹੈ ਉਹ ਮੇਰੇ ਤੋਂ ਇੰਨਾਂ ਉੱਪਰ ਹੈ ਕਿ ਮੈਂ ਇੱਕ ਤੁਛ ਜਿਹੇ ਕੰਮ ਦੇ ਯੋਗ ਵੀ ਨਹੀਂ ਹਾਂ।" ਯੂਹੰਨਾ ਇੱਕ ਹਲੀਮੀ ਦੀ ਸੇਵਕਾਈ ਦਾ ਨਮੂਨਾ ਪੇਸ਼ ਕਰਦਾ ਹੈ।

ਸਾਰੇ ਵਚਨਾਂ ਦੇ ਵਿੱਚ ਪਰਮੇਸ਼ੁਰ ਨੇ ਲੋਕਾਂ ਦਾ ਉਪਯੋਗ ਕਿਸੇ ਹੋਰ ਦੇ ਲਈ ਰਸਤਾ ਤਿਆਰ ਕਰਨ ਦੇ ਲਈ ਕੀਤਾ। ਪੌਲੁਸ ਅਤੇ ਬਰਨਾਬਾਸ ਦੀ ਉਦਾਹਰਨ ਦੇ ਵੱਲ ਵੇਖੋ। ਜਦੋਂ ਪੌਲੁਸ ਮਸੀਹੀਆਂ ਨੂੰ ਸਤਾਅ ਰਿਹਾ ਸੀ, ਉਸ ਸਮੇਂ ਬਰਨਾਬਾਸ ਕਲੀਸਿਆ ਦੇ ਵਿੱਚ ਇੱਕ ਆਦਰਯੋਗ ਆਗੂ ਸੀ। ਬਰਨਾਬਾਸ ਨੇ ਉਸ ਸਮੇਂ ਪੌਲੁਸ ਤੇ ਭਰੋਸਾ ਕੀਤਾ ਜਦੋਂ ਕੁਝ ਹੋਰ ਮਸੀਹੀ ਉਸਨੂੰ ਅਜੇ ਵੀ ਕਲੀਸਿਆ ਦੇ ਸਤਾਉਣ ਵਾਲੇ ਵੱਜੋਂ ਹੀ ਵੇਖ ਰਹੇ ਸਨ।

ਜਦੋਂ ਉਨ੍ਹਾਂ ਨੇ ਆਪਣੀ ਪਹਿਲੀ ਮਿਸ਼ਨਰੀ ਯਾਤਰਾ ਦੀ ਸ਼ੁਰੂਆਤ ਕੀਤੀ, ਤਾਂ ਰਸੂਲਾਂ ਦੇ ਕਰਤੱਬ ਵਿੱਚ ਇਸ ਟੀਮ ਨੂੰ "ਬਰਨਾਬਾਸ ਅਤੇ ਪੌਲੁਸ" ਦੇ ਵੱਜੋਂ ਸੰਬੋਧਿਤ ਕੀਤਾ ਗਿਆ ਹੈ (ਰਸੂਲਾਂ ਦੇ ਕਰਤੱਬ 13:2)। ਜਲਦੀ ਹੀ ਉਨ੍ਹਾਂ ਦੀ ਟੀਮ ਨੂੰ "ਪੌਲੁਸ ਅਤੇ ਬਰਨਾਬਾਸ" ਕਿਹਾ ਜਾਣ ਲੱਗਾ (ਰਸੂਲਾਂ ਦੇ ਕਰਤੱਬ 13:43 ਅਤੇ ਬਾਅਦ ਦੇ ਵਚਨ)। ਬਰਨਾਬਾਸ ਸ਼ੁਰੂਆਤ ਦੇ ਵਿੱਚ ਆਗੂ ਸੀ, ਪਰ ਉਹ ਪੌਲੁਸ ਨੂੰ ਆਗੂ ਬਣਾਉਣ ਦੇ ਵਿੱਚ ਰਾਜ਼ੀ ਸੀ।

ਕਈ ਵਾਰ ਤੁਹਾਡੀ ਭੂਮਿਕਾ ਯੂਹੰਨਾ ਬਪਤਿਸਮਾ ਦੇਣ ਵਾਲੇ ਜਾਂ ਬਰਨਾਬਾਸ ਵੱਜੋਂ ਕਿਸੇ ਦੇ ਲਈ ਰਾਹ ਤਿਆਰ ਕਰਨ ਦੀ ਹੋ ਸਕਦੀ ਹੈ। ਜਦੋਂ ਪਰਮੇਸ਼ੁਰ ਤੁਹਾਨੂੰ ਉਪਯੋਗ ਕਰਨ ਦੀ ਚੋਣ ਕਰਦਾ ਹੈ ਤਾਂ ਇਸਨੂੰ ਸਭ ਤੋਂ ਵਧੀਆ ਢੰਗ ਨਾਲ ਕਰੋ। ਜਦੋਂ ਪਰਮੇਸ਼ੁਰ

ਤੁਹਾਨੂੰ ਕਿਸੇ ਹੋਰ ਦਾ ਸਮਰਥਨ ਕਰਨ ਦੀ ਭੂਮਿਕਾ ਦਿੰਦਾ ਹੈ, ਤਾਂ ਇਸਦਾ ਇਨਕਾਰ ਨਾ ਕਰੋ। ਤੁਸੀਂ ਪਰਮੇਸ਼ੁਰ ਤੇ ਭਰੋਸਾ ਰੱਖ ਸਕਦੇ ਹੋ ਕਿ ਉਹ ਤੁਹਾਨੂੰ ਪ੍ਰਭਾਵਸ਼ਾਲੀ ਰੂਪ ਨਾਲ ਇਸਤੇਮਾਲ ਕਰੇ।

ਜਦੋਂ ਯੂਹੰਨਾ ਨੇ ਆਪਣੇ ਚੇਲਿਆਂ ਦਾ ਧਿਆਨ ਯਿਸੂ ਦੇ ਵੱਲ ਮੋੜਿਆ ਤਾਂ ਉੱਥੇ ਅਸੀਂ ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਹਲੀਮੀ ਨੂੰ ਵੇਖਦੇ ਹਾਂ (ਯੂਹੰਨਾ 1:35-37)। ਕਿਸੇ ਵੀ ਰੱਬੀ (ਧਾਰਮਿਕ ਗੁਰੂ) ਦਾ ਟੀਚਾ ਅਜਿਹੇ ਚੇਲੇ ਬਣਾਉਣਾ ਹੁੰਦਾ ਜੋ ਆਪਣੇ ਗੁਰੂ ਦੇ ਪਿੱਛੇ ਚੱਲਣ ਅਤੇ ਉਸਦਾ ਆਦਰ ਕਰਨ। ਇਸਦੀ ਬਜਾਏ ਯੂਹੰਨਾ ਨੇ ਆਪਣੇ ਚੇਲਿਆਂ ਦਾ ਮਨ ਇੱਕ ਮਹਾਨ ਸਿੱਖਿਅਕ ਦੇ ਵੱਲ ਮੋੜ ਦਿੱਤਾ। ਉਸਨੇ ਇਸ ਗੱਲ ਨੂੰ ਸਮਝ ਲਿਆ ਕਿ ਉਸਦਾ ਕੰਮ ਲੋਕਾਂ ਨੂੰ ਉਸਦੇ ਨਾਲੋਂ ਮਹਾਨ ਵਿਅਕਤੀ ਦੇ ਵੱਲ ਮੋੜਣਾ ਹੈ। ਯੂਹੰਨਾ ਨੇ ਆਪਣੇ ਚੇਲਿਆਂ ਨੂੰ ਉਸਨੂੰ ਛੱਡ ਕੇ ਯਿਸੂ ਦੇ ਪਿੱਛੇ ਜਾਂਦੇ ਹੋਏ ਵੇਖਿਆ। ਉਸਦਾ ਟੀਚਾ ਉਸਦੀ ਆਪਣੀ ਮਹਿਮਾ ਨਹੀਂ ਸਗੋਂ ਪਰਮੇਸ਼ੁਰ ਦਾ ਰਾਜ ਸੀ। ਇੱਕ ਮਸੀਹੀ ਆਗੂ ਦੇ ਤੌਰ ਤੇ ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਾਡਾ ਟੀਚਾ ਆਪਣੇ ਲਈ ਸਫਲਤਾ ਪ੍ਰਾਪਤ ਕਰਨਾ ਨਹੀਂ ਸਗੋਂ ਲੋਕਾਂ ਦਾ ਧਿਆਨ ਯਿਸੂ ਦੇ ਵੱਲ ਲਗਾਉਣਾ ਹੈ।

### ਇੱਕ ਨੇੜੇ ਦੀ ਝਾਤ: ਤੌਬਾ ਕਰਨ ਦਾ ਕੀ ਅਰਥ ਹੈ?

► ਮੱਤੀ 3:1-6.

ਯੂਹੰਨਾ ਨੇ ਤੌਬਾ ਦੇ ਸੰਦੇਸ਼ ਦਾ ਪ੍ਰਚਾਰ ਕੀਤਾ। ਅੱਜ ਕੁਝ ਲੋਕ ਕਹਿੰਦੇ ਹਨ ਕਿ ਤੌਬਾ ਕਰਨ ਦਾ ਅਰਥ ਸਿਰਫ਼ ਤੁਹਾਡੇ ਮਨ ਨੂੰ ਬਦਲਣਾ ਹੈ। ਬਹੁਤ ਸਾਰੇ ਮਸੀਹੀ ਦੇ ਜੀਵਨ ਵਿੱਚ ਬਦਲੇ ਹੋਏ ਜੀਵਨ ਦੇ ਬਹੁਤ ਘੱਟ ਚਿੰਨ੍ਹ ਵਿਖਾਈ ਦਿੰਦੇ ਹਨ।

ਪਰ "ਤੌਬਾ" ਦਾ ਅਰਥ ਮਾਨਸਿਕ ਫੈਸਲੇ ਨਾਲੋਂ ਕਿਤੇ ਜਿਆਦਾ ਹੈ। ਨਵੇਂ ਨੇਮ ਦੇ ਲੇਖਕਾਂ ਨੇ "ਤੌਬਾ" ਦੇ ਸਬਦ ਦਾ ਉਸੇ ਪ੍ਰਕਾਰ ਉਪਯੋਗ ਕੀਤਾ ਜਿਵੇਂ ਪੁਰਾਣੇ ਨੇਮ ਦੇ ਨਬੀਆਂ ਨੇ ਕੀਤਾ ਸੀ। ਇਸਦਾ ਅਰਥ ਜੀਵਨ ਦੀ ਸੰਪੂਰਨ ਤਬਦੀਲੀ ਹੈ। ਨਵੇਂ ਨੇਮ ਦੇ ਵਿੱਚ ਤੌਬਾ ਕਰਨ ਤੋਂ ਭਾਵ ਹੈ:

- ਆਪਣੀਆਂ ਸੋਚਾਂ ਅਤੇ ਮਾਨਤਾਵਾਂ ਦੇ ਵਿੱਚ ਤਬਦੀਲੀ **ਅਤੇ**
- ਤੁਹਾਡੇ ਕੰਮਾਂ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਉਣਾ।

ਕੁਝ ਸਾਲ ਪਹਿਲਾਂ ਅਮਰੀਕਾ ਦੇ ਵਿੱਚ ਇੱਕ ਪੌਪ ਗਾਇਕ ਸੀ ਜੋ ਆਪਣੀ ਪਾਪੀ ਜੀਵਨ ਸ਼ੈਲੀ ਦੇ ਲਈ ਜਾਣਿਆ ਜਾਂਦਾ ਸੀ। ਇਸ ਗਾਇਕ ਨੇ ਕਿਹਾ, "ਮੈਂ ਇੱਕ ਮਸੀਹੀ ਬਣ ਗਿਆ ਹਾਂ ਅਤੇ ਮੈਂ ਪਵਿੱਤਰ ਆਤਮਾ ਦੇ ਨਾਲ ਭਰਿਆ ਹੋਇਆ ਹਾਂ। ਮੈਂ ਆਪਣੇ ਜੀਵਨ ਨੂੰ ਪਹਿਲਾਂ ਦੀ ਤਰ੍ਹਾਂ ਹੀ ਜਿਉਂਦਾ ਰਹਾਂਗਾ, ਪਰ ਹੁਣ ਮੈਂ ਇੱਕ ਮਸੀਹੀ ਹਾਂ। ਜੇਕਰ ਮੈਂ ਮਰ ਗਿਆ ਤਾਂ ਮੈਂ ਸਵਰਗ ਦੇ ਵਿੱਚ ਜਾਵਾਂਗਾ।" ਜੋ "ਤੋਬਾ" ਇਸ ਵਿਅਕਤੀ ਨੇ ਕੀਤੀ ਸੀ ਉਸ ਵਿੱਚ ਜੀਵਨ ਸ਼ੈਲੀ ਦਾ ਕੋਈ ਬਦਲਾਅ ਸ਼ਾਮਿਲ ਨਹੀਂ ਸੀ। ਇਹ ਸੱਚੀ ਤੋਬਾ ਨਹੀਂ ਹੈ।

ਯੂਹੰਨਾ ਨੇ ਸਿਖਾਇਆ ਕਿ ਤੋਬਾ ਤੁਹਾਡੀ ਜੀਵਨ ਸ਼ੈਲੀ ਨੂੰ ਬਦਲਦੀ ਹੈ। ਯੂਹੰਨਾ ਨੇ ਬਪਤਿਸਮਾ ਲੈਣ ਵਾਲਿਆਂ ਦੇ ਅੱਗੇ ਇਹ ਮੰਗ ਰੱਖੀ ਕਿ ਤੋਬਾ ਦੇ ਨਾਲ ਚੰਗਾ ਵਿਵਹਾਰ ਵੀ ਜਰੂਰ ਜੋੜਣ (ਲੂਕਾ 3:8)। ਬਪਤਿਸਮਾ ਇੱਕ ਖਾਲੀ ਰਿਵਾਜ਼ ਨਹੀਂ ਹੋਣਾ ਚਾਹੀਦਾ: "ਮੈਂ ਵਿਸ਼ਵਾਸ ਕਰਦਾ ਹਾਂ ਇਸ ਲਈ ਹੁਣ ਮੈਨੂੰ ਬਪਤਿਸਮਾ ਦੇ ਦਿਉ।" ਬਪਤਿਸਮਾ ਸੱਚੀ ਤੋਬਾ ਅਤੇ ਬਦਲੇ ਹੋਏ ਜੀਵਨ ਦੀ ਗਵਾਹੀ ਹੋਣਾ ਚਾਹੀਦਾ ਹੈ।

## ਪਰਮੇਸ਼ੁਰ ਨੇ ਪਰਤਾਵਿਆਂ ਦੇ ਦੁਆਰਾ ਆਪਣੇ ਦਾਸ ਨੂੰ ਤਿਆਰ ਕੀਤਾ

ਜਦੋਂ ਅਸੀਂ ਪਰਤਾਵਿਆਂ ਦਾ ਸਾਹਮਣਾ ਕਰਦੇ ਹਾਂ ਤਾਂ ਪਰਤਾਵਿਆਂ ਦੇ ਉੱਤੇ ਯਿਸੂ ਦੀ ਜਿੱਤ ਇੱਕ ਨਮੂਨਾ ਪ੍ਰਦਾਨ ਕਰਦੀ ਹੈ। "ਤਦ ਯਿਸੂ ਆਤਮਾ ਦੀ ਅਗਵਾਈ ਨਾਲ ਉਜਾੜ ਵਿੱਚ ਗਿਆ ਭਈ ਸ਼ਤਾਨ ਕੋਲੋਂ ਪਰਤਾਇਆ ਜਾਵੇ" (ਮੱਤੀ 4:1)। ਇਹ ਪਰਤਾਵਾ ਯਿਸੂ ਦੀ ਜਨਤਕ ਸੇਵਕਾਈ ਤੋਂ ਬਿਲਕੁਲ ਪਹਿਲਾਂ ਆਏ। ਦੂਸਰਿਆਂ ਦੇ ਅੱਗੇ ਪ੍ਰਚਾਰ ਕਰਨ ਤੋਂ ਪਹਿਲਾਂ, ਯਿਸੂ ਨੇ ਆਪਣੇ ਪਿਤਾ ਦੀ ਇੱਛਾ ਆਗਿਆਕਾਰੀ ਕਰਕੇ ਵਿਖਾਈ।

ਮੱਤੀ ਪਰਤਾਵੇ ਦੀ ਕਹਾਣੀ ਨੂੰ  ਯਿਸੂ ਦੇ ਬਪਤਿਸਮੇ ਦੇ ਤੁਰੰਤ ਬਾਅਦ ਰੱਖਦਾ ਹੈ। ਅਕਸਰ ਸਾਡੀ ਆਤਮਿਕ ਜਿੱਤ ਦੇ ਬਾਅਦ ਸਾਡੇ ਅੱਗੇ ਵੱਡੇ ਪਰਤਾਵੇ ਆਉਂਦੇ ਹਨ। ਕਰਮਲ ਪਹਾੜ ਤੇ ਏਲੀਯਾਹ ਦੀ ਜਿੱਤ ਤੋਂ ਬਾਦ ਅਸੀਂ ਉਸਨੂੰ ਉਦਾਸੀ ਅਤੇ ਸ਼ੱਕ ਵਿੱਚ ਪਿਆ ਹੋਇਆ ਆਪਣੀ ਜਾਨ ਦੇ ਲਈ ਭੱਜਦਾ ਹੋਇਆ ਵੇਖ ਸਕਦੇ ਹਾਂ (1 ਰਾਜਿਆਂ 18-19)।

ਲੂਕਾ ਯਿਸੂ ਦੀ ਕੁੱਲਪੱਤਰੀ ਨੂੰ ਆਦਮ ਦੇ ਨਾਲ ਜੋੜਣ ਦੇ ਤੁਰੰਤ ਬਾਅਦ ਉਸਦੇ ਪਰਤਾਵਿਆਂ ਦੀ ਕਹਾਣੀ ਨੂੰ ਰੱਖਦਾ ਹੈ। ਲੂਕਾ ਵਿਖਾਉਂਦਾ ਹੈ ਕਿ ਜਿੱਥੇ ਆਦਮ ਅਸਫਲ ਹੋਇਆ, ਉੱਥੇ ਮਨੁੱਖ ਦਾ ਪੁੱਤਰ ਯਿਸੂ ਜੇਤੂ ਰਿਹਾ (ਲੂਕਾ 3:38)। ਯਿਸੂ ਨੇ ਆਪਣੀ ਪਹਿਚਾਣ ਮਨੁੱਖਤਾ ਦੇ ਨਾਲ ਕੀਤੀ ਅਤੇ ਇਹ ਨਮੂਨਾ ਪੇਸ਼ ਕੀਤਾ ਕਿ ਸਾਧਾਰਨ ਮਸੀਹੀ ਪਾਪ ਦੇ ਉੱਤੇ ਜਿੱਤ ਕਿਵੇਂ ਪ੍ਰਾਪਤ ਕਰ ਸਕਦੇ ਹਨ।

### ਪਰਤਾਵੇ

#### *ਪੱਥਰਾਂ ਨੂੰ ਰੋਟੀ ਬਣਾਉਣ ਵਾਲਾ ਪਰਤਾਵਾ*

> " ਅਸੀਂ ਉਨ੍ਹਾਂ ਦੀ ਸ਼ਲਾਘਾ ਕਰਦੇ ਹਾਂ ਜੋ ਕਹਿੰਦੇ ਹਨ, "ਮੈਂ ਆਪਣੇ ਹੱਕਾਂ ਲਈ ਖੜਾ ਹੋ ਕੇ ਆਪਣੀ ਤਾਕਤ ਸਾਬਿਤ ਕਰਾਂਗਾ' "ਪਰ ਸੰਪੂਰਨ ਮਨੁੱਖ ਨੇ ਵਿਖਾਇਆ ਕਿ ਸੱਚੀ ਸ਼ਕਤੀ ਆਪਣੀ ਇੱਛਾ ਨੂੰ ਪਰਮੇਸ਼ੁਰ ਦੇ ਅੱਗੇ ਸਮਰਪਿਤ ਕਰ ਦੇਣ ਵਿੱਚ ਹੁੰਦੀ ਹੈ।"
> ਜੀ. ਕੈਮਬਲ ਮੋਰਗਨ ਤੋਂ ਲਿਆ ਗਿਆ

ਸ਼ੈਤਾਨ ਨੇ ਯਿਸੂ ਨੂੰ ਪਰਤਾਇਆ ਕਿ ਉਹ ਆਪਣੀ ਈਸ਼ਵਰੀ ਸ਼ਕਤੀ ਦਾ ਉਪਯੋਗ ਕਰਕੇ ਪੱਥਰਾਂ ਨੂੰ ਰੋਟੀ ਬਣਾ ਦੇਵੇ। ਸ਼ੈਤਾਨ ਨੇ ਯਿਸੂ ਨੂੰ ਪਰਤਾਇਆ ਕਿ ਉਹ ਪਿਤਾ ਤੇ ਨਿਰਭਰ ਰਹਿਣ ਦੀ ਬਜਾਏ ਆਪਣੀ ਸ਼ਕਤੀ ਦਾ ਉਪਯੋਗ ਆਪਣੇ ਫਾਇਦੇ ਲਈ ਕਰੇ। ਯਿਸੂ ਨੇ ਆਪਣੇ ਭੋਜਨ ਖਾਣ ਦੇ ਹੱਕ ਨੂੰ ਪਿਤਾ ਦੇ ਅੱਗੇ ਸਮਰਪਿਤ ਕਰ ਦਿੱਤਾ।

ਪਹਿਲੇ ਮਨੁੱਖ ਦੇ ਮਨ੍ਹਾ ਕੀਤੇ ਹੋਏ ਭੋਜਨ ਨੂੰ ਖਾ ਕੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ। ਦੂਸਰਾ ਆਦਮ ਇਸ ਵਿੱਚ ਵਫਾਦਾਰ ਸੀ।

***ਹੈਕਲ ਦੇ ਕਿੰਗਰੇ ਤੋਂ ਛਾਲ ਮਾਰ ਦੇਣ ਦਾ ਪਰਤਾਵਾ***

ਸ਼ੈਤਾਨ ਨੇ ਯਿਸੂ ਨੂੰ ਪਰਤਾਇਆ ਕਿ ਉਹ ਆਪਣੇ ਆਪ ਨੂੰ ਹੈਕਲ ਤੋਂ ਹੇਠਾਂ ਥੱਲੇ ਸੁੱਟ ਦੇਵੇ (ਕਿਦਰੋਨ ਘਾਟੀ ਤੋਂ 91 ਮੀਟਰ ਉੱਚੀ)। ਜਦੋਂ ਪਿਤਾ ਤੋਂ ਉਹ ਉਸਦੀ ਸੁਰੱਖਿਆ ਦੇ ਵਾਇਦੇ ਮੰਗ ਕਰਦੇ ਹੋਏ ਉਹ ਇਸ ਨਾਲ ਲੋਕਾਂ ਨੂੰ ਹੈਰਾਨ ਕਰ ਦੇਵੇਗਾ।

ਸ਼ੈਤਾਨ ਨੇ ਯਿਸੂ ਨੂੰ ਪਿਤਾ ਦੇ ਵਾਇਦਿਆਂ ਰਾਂਹੀ ਪਰਤਾਉਣ ਦੇ ਲਈ ਜ਼ਬੂਰ 91:11-12 ਦਾ ਹਵਾਲਾ ਦਿੱਤਾ। ਇਸ ਪਰਤਾਵੇ ਦੇ ਨਾਲ ਯਿਸੂ ਪਿਤਾ ਨੂੰ ਆਪਣਾ ਦਾਸ ਬਣਾ ਲੈਂਦਾ-ਜੋ ਉਸਦੀਆਂ ਮੰਗਾਂ ਅਤੇ ਉਮੀਦਾਂ ਨੂੰ ਪੂਰਾ ਕਰਦਾ ਰਹੇ।

ਯਿਸੂ ਨੇ ਜ਼ਬੂਰ 91 ਦੇ ਵਾਇਦੇ ਨੂੰ ਅਜਿਹੇ ਹਾਲਾਤ ਤੋਂ ਲਾਗੂ ਕਰਨ ਦਾ ਇਨਕਾਰ ਕਰ ਦਿੱਤਾ ਜਿਸ ਤੇ ਇਹ ਲਾਗੂ ਨਹੀਂ ਹੁੰਦਾ। ਸ਼ੈਤਾਨ ਨੂੰ ਜੁਆਬ ਦਿੰਦੇ ਹੋਏ ਯਿਸੂ ਹੋਏ ਬਿਵਸਥਾ ਸਾਰ 6:6 ਦਾ ਹਵਾਲਾ ਦਿੱਤਾ, “ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਨਾ ਪਰਤਾਓ।’ ਪਰਮੇਸ਼ੁਰ ਦੀ ਸੰਤਾਨ ਦੇ ਤੌਰ ਤੇ ਅਸੀਂ ਉਸਦੇ ਅੱਗੇ ਇਹ ਮੰਗ ਨਹੀਂ ਰੱਖ ਸਕਦੇ ਕਿ ਉਹ ਸਾਡੇ ਮਕਸਦਾਂ ਦੇ ਲਈ ਆਪਣੀ ਸ਼ਕਤੀ ਦਾ ਉਪਯੋਗ ਕਰੇ।

**ਇੱਕ ਨੇੜੇ ਦੀ ਝਾਤ: ਅਸਲ ਵਿਸ਼ਵਾਸ**

ਕੁਝ ਮਸੀਹੀ ਕਹਿੰਦੇ ਹਨ, “ਕਿਤਾਬ ਦਾ ਹਰ ਵਾਇਦਾ ਮੇਰੇ ਲਈ ਹੈ।” ਜਦਕਿ ਵਚਨਾਂ ਦੇ ਸਾਰੇ ਵਾਇਦੇ ਸੱਚੇ ਹਨ, ਪਰ ਸਾਨੂੰ ਪੁੱਛਣਾ ਚਾਹੀਦਾ ਹੈ, “ਕਿ ਇਹ ਵਾਇਦਾ ਇਸ ਹਾਲਾਤ ਤੇ ਲਾਗੂ ਹੁੰਦਾ ਹੈ?” ਯਿਸੂ ਜਾਣਦਾ ਸੀ ਕਿ ਜ਼ਬੂਰ 91 ਦਾ ਵਾਇਦਾ ਉਸ ਦੁਆਰਾ ਉਜਾੜ ਦੀ ਸਾਹਮਣਾ ਕੀਤੇ ਜਾਣ ਵਾਲੇ ਹਾਲਾਤ ਦੇ ਲਈ ਪਰਮੇਸ਼ੁਰ ਦੀ ਇੱਛਾ ਨਹੀਂ ਸੀ। ਪਰਮੇਸ਼ੁਰ ਦੀ ਸ਼ਕਤੀ ਤੇ ਕਾਬੂ ਕਰਨ ਦਾ ਯਤਨ ਕਰਨ ਦੀ ਬਜਾਏ ਅਸੀਂ ਇਸ ਗੱਲ ਦੇ ਪ੍ਰਤੀ ਕਿਵੇਂ ਪੱਕੇ ਹੋ ਸਕਦੇ ਹਾਂ ਕਿ ਅਸੀਂ ਪਰਮੇਸ਼ੁਰ ਦੇ ਵਾਇਦਿਆਂ ਦਾ ਸੱਚੇ ਵਿਸ਼ਵਾਸ ਨਾਲ ਦਾਅਵਾ ਕਰ ਰਹੇ ਹਾਂ?

**(1) ਸਾਨੂੰ ਪਰਮੇਸ਼ੁਰ ਦੇ ਵਚਨ ਨੂੰ ਜਾਣਨਾ ਚਾਹੀਦਾ ਹੈ**

ਜਿੰਨੇ ਚੰਗੇ ਤਰੀਕੇ ਨਾਲ ਅਸੀਂ ਬਾਈਬਲ ਦੇ ਵਾਇਦਿਆਂ ਦੇ ਪ੍ਰਸੰਗ ਅਤੇ ਵਾਇਦੇ ਦੇ ਨਾਲ ਜੁੜੀਆਂ ਸ਼ਰਤਾਂ ਦੇ ਬਾਰੇ ਜਾਣਾਂਗੇ, ਉਨੇ ਹੀ ਚੰਗੇ ਤਰੀਕੇ ਨਾਲ ਅਸੀਂ ਆਪਣੇ ਹਾਲਾਤ ਤੇ ਇਸਦੇ ਲਾਗੂਕਰਨ ਬਾਰੇ ਜਾਣ ਸਕਦੇ ਹਾਂ।

ਕੁਝ ਵਾਇਦੇ ਕਿਸੇ ਖਾਸ ਸਥਿਤੀ ਦੇ ਲਈ ਕਿਸੇ ਖਾਸ ਲੋਕਾਂ ਨੂੰ ਦਿੱਤੇ ਗਏ ਸਨ। ਪੁਰਾਣੇ ਨੇਮ ਦੇ ਵਿੱਚ, ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਵਾਇਦਾ ਕੀਤਾ ਕਿ ਜੇਕਰ ਉਹ ਨੇਮ ਦੇ ਪ੍ਰਤੀ ਵਫ਼ਾਦਾਰ ਬਣੇ ਰਹਿੰਦੇ ਹਨ ਤਾਂ ਉਨ੍ਹਾਂ ਭੋਤਿਕ ਬਰਕਤਾਂ ਮਿਲਣਗੀਆਂ। ਉਨ੍ਹਾਂ

ਦੀ ਜ਼ਮੀਨ ਬਹੁਤ ਫ਼ਲਦਾਇਕ ਹੋਵੇਗੀ, ਉਨ੍ਹਾਂ ਦੇ ਭੜੋਲੇ ਭਰੇ ਰਹਿਣਗੇ, ਉਹ ਸੈਨਿਕ ਲੜਾਈਆਂ ਜਿੱਤਣਗੇ। ਨਵੇਂ ਨੇਮ ਦੇ ਵਾਇਦੇ ਅਕਸਰ ਆਤਮਿਕ ਬਰਕਤਾਂ ਦੇ ਬਾਰੇ ਹਨ। ਕੁਝ ਲੋਕ ਇਹ ਗੱਲ ਜਾਣ ਕੇ ਨਿਰਾਸ਼ ਹੋ ਜਾਂਦੇ ਹਨ, ਪਰ ਸਾਨੂੰ ਖੁਸ਼ ਹੋਣਾ ਚਾਹੀਦਾ ਹੈ। ਭੋਤਿਕ ਬਰਕਤਾਂ ਅਸਥਾਈ ਹਨ; ਆਤਮਿਕ ਸੰਪੰਨਤਾ ਸਦਾ ਦੇ ਲਈ ਹੁੰਦੀ ਹੈ। ਵਿਸ਼ਵਾਸ ਪਰਮੇਸ਼ੁਰ ਤੇ ਭਰੋਸਾ ਰੱਖਦਾ ਹੈ ਕਿ ਉਹ ਆਪਣੇ ਵਾਇਦਿਆਂ ਨੂੰ ਆਪਣੇ ਤਰੀਕੇ ਨਾਲ ਪੂਰਾ ਕਰੇਗਾ, ਬਜਾਏ ਇਸਦੇ ਕਿ ਅਸੀਂ ਪਰਮੇਸ਼ੁਰ ਤੋਂ ਆਪਣੀਆਂ ਇੱਛਾਵਾਂ ਮਨਾਉਣ ਦਾ ਯਤਨ ਕਰੀਏ।

**(2) ਸਾਨੂੰ ਆਮ ਅਤੇ ਖਾਸ ਵਾਇਦਿਆਂ ਦੇ ਵਿਚਾਲੇ ਦੇ ਫਰਕ ਨੂੰ ਸਮਝਣਾ ਚਾਹੀਦਾ ਹੈ।**

ਜਦੋਂ ਅਸੀਂ ਕਿਸੇ ਆਮ ਵਾਇਦੇ ਬਾਰੇ ਪੜਦੇ ਹਾਂ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡੀ ਖਾਸ ਸਥਿਤੀ ਦੇ ਲਈ ਸਾਨੂੰ ਇਹ ਵਾਇਦਾ ਦੇ ਰਿਹਾ ਹੈ। ਕੁਝ ਵਾਇਦੇ ਆਮ ਹਨ, ਉਹ ਵਿਸ਼ਵ-ਵਿਆਪੀ ਨਹੀਂ ਹਨ।

ਜ਼ਬੂਰ 103:3 ਪਰਮੇਸ਼ੁਰ ਦੀ ਮਹਿਮਾ ਕਰਦਾ ਹੈ "ਉਹ ਸਾਰੇ ਰੋਗਾਂ ਤੋਂ ਤੈਨੂੰ ਨਰੋਆ ਕਰਦਾ ਹੈ।" ਕਈ ਲੋਕਾਂ ਨੇ ਇਸਨੂੰ ਇੱਕ ਵਿਸ਼ਵ-ਵਿਆਪੀ ਵਾਇਦੇ ਦੀ ਤਰ੍ਹਾਂ ਲੈ ਲਿਆ ਹੈ ਕਿ ਪਰਮੇਸ਼ੁਰ ਹਰੇਕ ਵਿਸ਼ਵਾਸ ਕਰਨ ਵਾਲੇ ਮਸੀਹੀ ਦੇ ਹਰੇਕ ਰੋਗ ਨੂੰ ਚੰਗਾ ਕਰ ਦੇਵੇਗਾ। ਪਰ ਵਚਨ ਸਾਨੂੰ ਦੱਸਦਾ ਹੈ ਕਿ ਹਰੇਕ ਸਰੀਰਕ ਬਿਮਾਰੀ ਚੰਗੀ ਨਹੀਂ ਹੁੰਦੀ। ਪੌਲੁਸ ਨੇ ਚੰਗਾਈ ਦੇ ਲਈ ਪ੍ਰਾਥਨਾ ਕੀਤੀ, ਅਤੇ ਪਰਮੇਸ਼ੁਰ ਨੇ ਕਿਹਾ, "ਨਹੀਂ" (2 ਕੁਰਿੰਥੀਆਂ 12:7)। ਕਈ ਵਾਰ ਪਰਮੇਸ਼ੁਰ ਆਪਣੇ ਬੱਚਿਆਂ ਨੂੰ ਬਿਮਾਰੀ ਤੋਂ ਚੰਗਾ ਕਰਨ ਦੀ ਚੋਣ ਕਰਦਾ ਹੈ; ਕਈ ਵਾਰ ਉਹ ਉਨ੍ਹਾਂ ਨੂੰ ਉਸ ਬਿਮਾਰੀ ਨੂੰ ਝੱਲਣ ਦੀ ਕ੍ਰਿਪਾ ਦੇਣ ਦੀ ਚੋਣ ਕਰਦਾ ਹੈ।

ਸਾਡੀ ਪ੍ਰਤੀਕਿਰਿਆ ਤਿੰਨ ਯਹੂਦੀ ਨੌਜਵਾਨਾਂ ਵਰਗੀ ਹੋਣੀ ਚਾਹੀਦੀ ਹੈ। ਜਦੋਂ ਨਬੂਕੱਦਨਸਰ ਨੇ ਉਨ੍ਹਾਂ ਨੂੰ ਬਲਦੀ ਹੋਈ ਭੱਠੀ ਵਿੱਚ ਸੁੱਟ ਦੇਣ ਦੀ ਧਮਕੀ ਦਿੱਤੀ, ਤਾਂ ਉਨ੍ਹਾਂ ਨੇ ਕਿਹਾ, "ਸਾਡਾ ਪਰਮੇਸ਼ੁਰ ਜਿਹ ਦੀ ਅਸੀਂ ਸੇਵਾ ਕਰਦੇ ਹਾਂ ਉਹ ਸਾਨੂੰ ਅੱਗ ਦੀ ਬਲਦੀ ਹੋਈ ਭੱਠੀ ਤੋਂ ਬਚਾਉਣ ਦੀ ਸ਼ਕਤੀ ਰੱਖਦਾ ਹੈ ਅਤੇ ਹੇ ਮਹਾਰਾਜ, ਉਹੀ ਸਾਨੂੰ ਤੁਹਾਡੇ ਹੱਥੋਂ ਛੁਡਾਵੇਗਾ। **ਨਹੀਂ ਤਾਂ** ਹੇ ਮਹਾਰਾਜ ਤੁਹਾਨੂੰ ਪਤਾ ਹੋਵੇ ਕਿ ਅਸੀਂ ਤੁਹਾਡੇ ਦੇਵਤਿਆਂ ਦੀ ਸੇਵਾ ਨਹੀਂ ਕਰਾਂਗੇ ਅਤੇ ਨਾ ਉਸ ਸੋਨੇ ਦੀ ਮੂਰਤ ਅੱਗੇ ਜਿਹ ਨੂੰ ਤੁਸਾਂ ਖੜਾ ਕੀਤਾ ਹੈ ਮੱਥਾ ਟੇਕਾਂਗੇ"(ਦਾਨੀਏਲ 3:17-18)। ਉਹ ਜਾਣਦੇ ਸਨ ਕਿ ਪਰਮੇਸ਼ੁਰ ਦੇ ਕੋਲ ਉਨ੍ਹਾਂ ਨੂੰ ਛੁਡਾਉਣ ਦੀ ਸ਼ਕਤੀ ਹੈ; ਪਰ ਜੇਕਰ ਕਿਸੇ ਹੋਰ ਰਾਹ ਦੀ ਚੋਣ ਕਰਦਾ ਹੈ, ਤਾਂ ਉਹ ਉਸ ਤੇ ਵਫਾਦਾਰੀ ਦੇ ਨਾਲ ਚੱਲਣ ਦੇ ਪ੍ਰਤੀ ਸਮਰਪਿਤ ਸਨ।

ਪਰਮੇਸ਼ੁਰ ਆਪਣੇ ਬੱਚਿਆਂ ਨੂੰ ਸਰੀਰਕ ਦੁੱਖਾਂ ਤੋਂ ਛੁਡਾ ਸਕਦਾ ਹੈ, ਪਰ ਉਹ ਹਮੇਸ਼ਾਂ ਇਸ ਰਾਹ ਦੀ ਚੋਣ ਨਹੀਂ ਕਰਦਾ। ਜਦੋਂ ਤੱਕ ਪਰਮੇਸ਼ੁਰ ਇਸ ਗੱਲ ਨੂੰ ਪੱਕਿਆਂ ਨਹੀਂ ਕਰਦਾ ਕਿ ਕੋਈ ਬਾਈਬਲ ਦਾ ਵਾਇਦਾ ਖਾਸ ਤੌਰ ਤੇ ਤੁਹਾਡੇ ਲਈ ਹੈ, ਤਾਂ ਉਸ ਸਮੇਂ ਤੱਕ ਤੁਸੀਂ ਪਰਮੇਸ਼ੁਰ ਦੀ ਚੋਣ ਤੇ ਭਰੋਸਾ ਕਰੋ। ਯੂਹੰਨਾ ਰਸੂਲ ਨੇ ਇਹ ਵਾਇਦਾ ਦਿੱਤਾ, " ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ

ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਇਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ।" (1 ਯੂਹੰਨਾ 5:14-15)।

ਮੈਨੂੰ ਇਹ ਅੰਦਾਜਾ ਨਹੀਂ ਲਗਾਉਣਾ ਚਾਹੀਦਾ ਕਿ ਬਾਈਬਲ ਦਾ ਹਰੇਕ ਵਾਇਦਾ ਮੇਰੇ ਖਾਸ ਹਾਲਾਤ ਤੇ ਲਾਗੂ ਹੁੰਦਾ ਹੈ। ਵਿਸ਼ਵਾਸ ਕਹਿੰਦਾ ਹੈ, "ਮੈਂ ਉਸਦੀ ਇੱਛਾ ਦੇ ਅਨੁਸਾਰ ਮੰਗਾਂਗਾ।" ਮੈਨੂੰ ਹਰੇਕ ਵਾਇਦੇ ਨੂੰ ਨਿੱਜੀ ਵਾਇਦੇ ਦੇ ਤੌਰ ਤੇ ਨਹੀਂ ਲੈਣਾ ਚਾਹੀਦਾ। ਇਸਦੀ ਬਜਾਏ ਮੈਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਵਾਇਦਾ ਮੇਰੇ ਹਾਲਾਤ ਦੇ ਲਈ ਹੈ ਜਾਂ ਨਹੀਂ।

**(3) ਸਾਨੂੰ ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰਨੀ ਚਾਹੀਦੀ ਹੈ।**

ਯਿਸੂ ਨੇ ਵਾਇਦਾ ਕੀਤਾ, "ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ" (ਯੂਹੰਨਾ 14:13)। ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰਨ ਦਾ ਅਰਥ ਹੈ ਕਿ ਤੁਹਾਡੀਆਂ ਪ੍ਰਾਥਨਾਵਾਂ ਉਸ ਦੀਆਂ ਪ੍ਰਾਥਮਿਕਤਾਵਾਂ ਅਤੇ ਉਸਦੇ ਚਰਿੱਤਰ ਦੇ ਨਾਲ ਮੇਲ ਖਾਂਦੀਆਂ ਹੋਣ। ਯਿਸੂ ਨੇ ਉਨ੍ਹਾਂ ਵਸਤਾਂ ਦੇ ਲਈ ਪ੍ਰਾਥਨਾ ਕੀਤੀ ਜੋ ਪਰਮੇਸ਼ੁਰ ਦੇ ਨਾਮ ਨੂੰ ਵਡਿਆਈ ਦੇਣ, ਸਾਨੂੰ ਵੀ ਇਸੇ ਪ੍ਰਕਾਰ ਕਰਨਾ ਚਾਹੀਦਾ ਹੈ। ਜੇਕਰ ਸਾਡੇ ਕੋਲ ਸੱਚਾ ਵਿਸ਼ਵਾਸ ਹੈ ਤਾਂ ਅਸੀਂ ਆਪਣੀ ਇੱਛਾ ਨਾਲੋਂ ਵਧੀਕ ਪਰਮੇਸ਼ੁਰ ਦੀ ਵਡਿਆਈ ਦੇ ਬਾਰੇ ਚਿੰਤਾ ਕਰਾਂਗੇ।

ਪਿਤਾ ਦੀ ਵਡਿਆਈ ਕਰਨ ਦੇ ਲਈ ਪ੍ਰਾਥਨਾ ਕਰਨ ਤੋਂ ਭਾਵ ਹੈ ਕਿ ਅਸੀਂ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੇ ਪ੍ਰਮੁੱਖ ਮਕਸਦਾਂ ਦੇ ਪ੍ਰਤੀ ਸਮਰਪਿਤ ਹੋ ਜਾਈਏ। ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਵਾਇਦਾ ਕੀਤਾ, "ਮੈਂ ਆਪਣੀਆਂ ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, ਸ਼ਾਂਤੀ ਦੀਆਂ ਸੋਚਾਂ ਬੁਰਿਆਈ ਦੀਆਂ ਨਹੀਂ, ਭਈ ਮੈਂ ਤੁਹਾਨੂੰ ਛੇਕੜ ਨੂੰ ਆਸ ਦੁਆਂਵਾ।" (ਯਿਰਮਿਯਾਹ 29:11)। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਵਾਇਦਾ ਇਸਰਾਏਲ ਨੂੰ ਉਸ ਸਮੇਂ ਦਿੱਤਾ ਗਿਆ ਸੀ ਜਦੋਂ ਉਹ ਬਾਬੁਲ ਦੇ ਵਿੱਚ 70 ਸਾਲਾਂ ਦੀ ਗੁਲਾਮੀ ਦੇ ਵਿੱਚ ਸੀ। ਬਾਬੁਲ ਦੇ ਵਿੱਚ ਹੋਈ ਹਰੇਕ ਗੁਲਾਮੀ ਪਰਮੇਸ਼ੁਰ ਦੇ ਲੋਕਾਂ ਲਈ ਉਸਦੇ ਮਕਸਦ ਨੂੰ ਪੂਰਾ ਕਰ ਰਹੀ ਸੀ; ਉਨ੍ਹਾਂ ਦੀ ਨਿਰਾਸ਼ਾ ਵਿੱਚ, ਇਸਰਾਏਲ ਨੇ ਪਰਮੇਸ਼ੁਰ ਨੂੰ ਪੁਕਾਰਿਆ ਅਤੇ ਉਸਨੇ ਉਨ੍ਹਾਂ ਦੀ ਸੁਣੀ।

ਕੀ ਅੱਜ ਸਾਡੇ ਤੇ ਵੀ ਇਹ ਵਾਇਦਾ ਲਾਗੂ ਹੁੰਦਾ ਹੈ? ਜੀ ਹਾਂ! ਪਰਮੇਸ਼ੁਰ ਦਾ ਚਰਿੱਤਰ ਬਦਲਿਆ ਨਹੀਂ ਹੈ; ਉਹ ਆਪਣੇ ਬੱਚਿਆਂ ਦੀ ਭਲਿਆਈ ਕਰਦਾ ਹੈ। ਸਭ ਕੁਝ ਚੰਗਾ ਹੀ ਨਹੀਂ ਹੋਵੇਗਾ ਪਰ ਅਸੀਂ ਪੂਰੇ ਆਤਮ-ਵਿਸ਼ਵਾਸ ਦੇ ਨਾਲ ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰ ਸਕਦੇ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਡੇ ਜੀਵਨ ਦੀ ਹਰੇਕ ਸਥਿਤੀ ਦੇ ਦੁਆਰਾ ਪਰਮੇਸ਼ੁਰ ਆਪਣੇ ਉਦੇਸ਼ ਨੂੰ ਪੂਰਿਆਂ ਕਰ ਰਿਹਾ ਹੈ।

## ਪਰਮੇਸ਼ੁਰ ਨੇ ਪਰਤਾਵਿਆਂ ਦੇ ਦੁਆਰਾ ਆਪਣੇ ਦਾਸ ਨੂੰ ਤਿਆਰ ਕੀਤਾ (ਜਾਰੀ ਹੈ)

### ਪਰਤਾਵੇ (ਜਾਰੀ ਹੈ)

#### *ਸੰਸਾਰ ਦੀਆਂ ਪਾਤਸ਼ਾਹੀਆਂ ਦਾ ਪ੍ਰਸਤਾਵ*

ਸ਼ੈਤਾਨ ਦੇ ਅੰਤਿਮ ਪਰਤਾਵੇ ਦੇ ਵਿੱਚ **ਸਮਝੌਤੇ** ਦਾ ਪ੍ਰਸਤਾਵ ਸੀ, ਅਰਥਾਤ ਸਲੀਬ ਤੋਂ ਬਿਨਾਂ ਭਵਿੱਖ ਦੇ ਰਾਜ ਨੂੰ ਪ੍ਰਾਪਤ ਕਰਨ ਦਾ ਰਾਹ। ਜੇਕਰ ਯਿਸੂ ਸ਼ੈਤਾਨ ਦੇ ਅੱਗੇ ਝੁਕ ਜਾਂਦਾ ਤਾਂ ਉਹ ਸਲੀਬ ਦੇ ਦੁੱਖਾਂ ਤੋਂ ਬਚ ਸਕਦਾ ਸੀ। ਯਿਸੂ ਨੇ ਬਿਵਸਥਾ ਸਾਰ 6:13 ਦੇ ਨਾਲ ਉੱਤਰ ਦਿੱਤਾ, "ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸੇ ਇਕੱਲੇ ਦੀ ਉਪਾਸਨਾ ਕਰ।" (ਮੱਤੀ 4:10)।

### ਪਰਤਾਵੇ ਦੇ ਉੱਤੇ ਯਿਸੂ ਦੀ ਜਿੱਤ

ਪਰਤਾਵੇ ਦੇ ਵਿੱਚ ਯਿਸੂ ਦੀ ਉਦਾਹਰਨ ਤੋਂ ਲਾਭ ਲੈਣ ਦੇ ਲਈ ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਯਿਸੂ ਪੂਰੀ ਤਰ੍ਹਾਂ ਮਨੁੱਖ ਸੀ। ਉਹ "ਹਰੇਕ ਗੱਲ ਵਿੱਚ...ਸਾਡੀ ਤਰ੍ਹਾਂ ਪਰਤਾਇਆ ਗਿਆ, ਪਰ ਪਾਪ ਰਹਿਤ ਰਿਹਾ।" (ਇਬਰਾਨੀਆਂ 4:15)।

► 1 ਕੁਰਿੰਥੀਆਂ 10:13 ਅਤੇ ਇਬਰਾਨੀਆਂ 4:15 ਪੜ੍ਹੋ। ਉਹ ਪਰਤਾਵੇ ਦੇ ਬਾਰੇ ਕੀ ਸਿਖਾਉਂਦੇ ਹਨ?

1 ਯੂਹੰਨਾ 2:16 ਵਿੱਚ ਰਸੂਲ ਵਿਖਾਉਂਦਾ ਹੈ ਕਿ ਪ੍ਰੀਖਿਆ ਸਰੀਰ ਦੀ ਲਾਲਸਾ, ਅੱਖਾਂ ਦੀ ਕਾਮਨਾ ਅਤੇ ਜੀਵਨ ਦੇ ਘਮੰਡ ਤੋਂ ਆ ਸਕਦੀ ਹੈ। ਯਿਸੂ ਇਸ ਵਿੱਚੋਂ ਹਰੇਕ ਖੇਤਰ ਦੇ ਵਿੱਚ ਪਰਤਾਇਆ ਗਿਆ।

- ਜਦੋਂ ਯਿਸੂ ਰੋਟੀ ਦੇ ਲਈ ਭੁੱਖਾ ਸੀ ਤਾਂ ਸ਼ੈਤਾਨ ਨੇ ਸਰੀਰ ਨੂੰ ਪਰਤਾਇਆ।
- ਸ਼ੈਤਾਨ ਨੇ ਯਿਸੂ ਨੂੰ ਜਗਤ ਦੀਆਂ ਪਾਤਸ਼ਾਹੀਆਂ ਵਿਖਾ ਕੇ ਅੱਖਾਂ ਨੂੰ ਪਰਤਾਇਆ।
- ਸ਼ੈਤਾਨ ਨੇ ਯਿਸੂ ਨੂੰ ਭੀੜਾਂ ਨੂੰ ਹੈਰਾਨ ਕਰਨ ਦੇ ਲਈ ਇੱਕ ਨਾਟਕੀ ਕੰਮ ਕਰਨ ਦੇ ਲਈ ਪਰਤਾਉਣ ਦੁਆਰਾ ਜੀਵਨ ਦੇ ਘਮੰਡ ਨੂੰ ਸੰਬੋਧਨ ਕੀਤਾ।

ਪਰਤਾਵਿਆਂ ਦੇ ਉੱਤੇ ਯਿਸੂ ਦੀ ਜਿੱਤ ਸਾਡੇ ਪਰਤਾਵਿਆਂ ਦੇ ਸਮੇਂ ਲਈ ਨਮੂਨਾ ਪ੍ਰਦਾਨ ਕਰਦੀ ਹੈ। ਪਰਤਾਵੇ ਤੇ ਜਿੱਤ ਪ੍ਰਾਪਤ ਕਰਨ ਲਈ ਯਿਸੂ ਦੁਆਰਾ ਉਪਯੋਗ ਕੀਤੇ ਤਿੰਨ ਔਜ਼ਾਰਾਂ ਤੇ ਧਿਆਨ ਦਿਉ।

#### *ਆਤਮਾ ਦੀ ਸ਼ਕਤੀ*

ਯਿਸੂ ਆਤਮਾ ਦੀ ਅਗਵਾਈ ਵਿੱਚ ਚੱਲਿਆ। ਉਸਨੇ ਉਹੀ ਕੀਤਾ ਜੋ ਕਰਨ ਲਈ ਆਤਮਾ ਨੇ ਅਗਵਾਈ ਕੀਤੀ। ਤਾਂ ਯਿਸੂ ਪਵਿੱਤ੍ਰ ਆਤਮਾ ਨਾਲ ਭਰਪੂਰ ਹੋ ਕੇ ਯਰਦਨ ਤੋਂ ਮੁੜਿਆ ਅਰ ਆਤਮਾ ਦੀ ਅਗਵਾਈ ਨਾਲ"(ਲੂਕਾ 4:1)।

ਯਿਸੂ ਧਰਤੀ ਤੇ ਆਪਣੀ ਸਾਰੀ ਸੇਵਕਾਈ ਦੇ ਦੌਰਾਨ ਪਵਿੱਤਰ ਆਤਮਾ ਦੀ ਅਗਵਾਈ ਅਧੀਨ ਚੱਲਦਾ ਰਿਹਾ। ਉਸਨੇ ਆਤਮਾ ਦੀ ਸ਼ਕਤੀ ਦੇ ਨਾਲ ਭੂਤਾਂ ਨੂੰ ਬਾਹਰ ਕੱਢਿਆ (ਮੱਤੀ 12:28)। "ਯਿਸੂ ਨਾਸਰੀ ਭਈ ਕਿਸ ਬਿਧ ਨਾਲ ਉਹ ਨੂੰ ਪਵਿੱਤਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹ ਦੇ ਨਾਲ ਸੀ" (ਰਸੂਲਾਂ ਦੇ ਕਰਤੱਬ 10:38)।

ਯਿਸੂ ਨੇ ਧਰਤੀ ਤੇ ਆਪਣੀ ਸੇਵਕਾਈ ਪਵਿੱਤਰ ਆਤਮਾ ਦੀ ਸਮਰੱਥਾ ਦੇ ਨਾਲ ਕੀਤੀ। ਜੇਕਰ ਅਸੀਂ ਪਰਤਾਵੇ ਦੇ ਸਾਹਮਣੇ ਮਜ਼ਬੂਤ ਹੋਣਾ ਚਾਹੁੰਦੇ ਹਾਂ, ਤਾਂ ਸਾਨੂੰ ਪਵਿੱਤਰ ਆਤਮਾ ਦੀ ਸਮਰੱਥਾ ਦੇ ਨਾਲ ਜਿਉਣਾ ਚਾਹੀਦਾ ਹੈ।

### *ਪ੍ਰਾਥਨਾ ਦੀ ਸਮਰੱਥਾ*

ਚਾਲ੍ਹੀ ਦਿਨਾਂ ਦੇ ਵਰਤ ਪ੍ਰਾਥਨਾ ਤੋਂ ਬਾਦ ਯਿਸੂ ਪਰਤਾਇਆ ਗਿਆ। ਪ੍ਰਾਥਨਾ ਨੇ ਉਸਨੂੰ ਆਤਮਿਕ ਯੁੱਧ ਦੇ ਲਈ ਤਿਆਰ ਕੀਤਾ। ਬਾਦ ਦੇ ਵਿੱਚ ਇੱਕ ਪਾਠ ਦੇ ਵਿੱਚ ਅਸੀਂ ਯਿਸੂ ਦੇ ਜੀਵਨ ਅਤੇ ਸੇਵਕਾਈ ਦੇ ਵਿੱਚ ਪ੍ਰਾਥਨਾ ਦੇ ਮੁੱਖ ਸਥਾਨ ਦੇ ਬਾਰੇ ਵੇਖਾਂਗੇ। ਜੇਕਰ ਯਿਸੂ ਪ੍ਰਾਥਨਾ ਦੇ ਉੱਤੇ ਨਿਰਭਰ ਸੀ, ਤਾਂ ਫਿਰ ਅਸੀਂ ਪ੍ਰਾਥਨਾ ਤੋਂ ਬਿਨਾਂ ਆਤਮਿਕ ਜਿੱਤਾਂ ਪ੍ਰਾਪਤ ਕਰਨ ਦੀ ਉਮੀਦ ਕਿਵੇਂ ਕਰ ਸਕਦੇ ਹਾਂ?

ਸ਼ੈਤਾਨ ਅਕਸਰ ਸਾਡੇ ਤੇ ਉਸ ਸਮੇਂ ਹਮਲਾ ਕਰਦਾ ਹੈ ਜਦੋਂ ਅਸੀਂ ਪ੍ਰਾਥਨਾ ਦੇ ਵਿੱਚ ਲਾਪਰਵਾਹ ਹੋ ਜਾਂਦੇ ਹਾਂ। ਉਹ ਜਾਣਦਾ ਹੈ ਕਿ ਜੇਕਰ ਅਸੀਂ ਲਗਾਤਾਰ ਪ੍ਰਾਥਨਾ ਵਿੱਚ ਬਣੇ ਨਹੀਂ ਰਹਿੰਦੇ ਤਾਂ ਅਸੀਂ ਪਰਤਾਵੇ ਦੇ ਵਿੱਚ ਕਮਜ਼ੋਰ ਹੋਵਾਂਗੇ।

### *ਵਚਨ ਦੀ ਸਮਰੱਥਾ*

ਯਿਸੂ ਨੇ ਹਰੇਕ ਪਰਤਾਵੇ ਦਾ ਜੁਆਬ ਪਵਿੱਤਰ ਸ਼ਾਸਤਰ ਦੇ ਵਚਨਾਂ ਨਾਲ ਦਿੱਤਾ। ਉਹ ਇੰਨਾਂ ਵਚਨਾਂ ਨੂੰ ਕਿਵੇਂ ਜਾਣਦਾ ਸੀ? ਯਹੂਦੀ ਬੱਚੇ ਆਪਣੇ ਬਚਪਨੇ ਦੀ ਸਿੱਖਿਆ ਦੇ ਵੱਜੋਂ ਤੋਰਾਹ ਨੂੰ ਯਾਦ ਕਰਦੇ ਸਨ। ਜਦੋਂ ਯਿਸੂ ਪਰਤਾਇਆ ਗਿਆ ਤਾਂ ਇਹ ਵਚਨ ਇੱਕਦਮ ਉਸਦੇ ਮਨ ਵਿੱਚ ਆ ਗਏ।

ਮਸੀਹੀਆਂ ਦੇ ਤੌਰ ਤੇ, ਸਾਨੂੰ ਪਰਮੇਸ਼ੁਰ ਦੇ ਵਚਨਾਂ ਨੂੰ ਆਪਣੇ ਮਨਾਂ ਬੀਜ਼ ਲੈਣਾ ਚਾਹੀਦਾ ਹੈ। ਪ੍ਰੀਖਿਆ ਦੇ ਦੌਰਾਨ, ਵਚਨ ਸਾਨੂੰ ਪਰਤਾਵੇ ਦੇ ਵਿੱਚ ਸ਼ਕਤੀ ਪ੍ਰਦਾਨ ਕਰਦਾ ਹੈ।

ਪਰਤਾਵੇ ਦਾ ਸਾਹਮਣਾ ਕਰਦੇ ਹੋਏ ਯਿਸੂ ਨੇ ਉਨ੍ਹਾਂ ਹੀ ਔਜ਼ਾਰਾਂ ਦਾ ਉਪਯੋਗ ਕੀਤਾ ਜੋ ਸਾਡੇ ਕੋਲ ਵੀ ਹਨ। ਸਾਨੂੰ ਪ੍ਰੀਖਿਆਵਾਂ ਦਾ ਸਾਹਮਣਾ ਯਿਸੂ ਦੀ ਹੀ ਕਰਨਾ ਚਾਹੀਦਾ ਹੈ, ਆਤਮਾ ਦੀ ਸ਼ਕਤੀ ਨਾਲ, ਪ੍ਰਾਥਨਾ ਦੀ ਸ਼ਕਤੀ ਨਾਲ, ਅਤੇ ਵਚਨ ਦੀ ਸ਼ਕਤੀ ਦੇ ਨਾਲ। ਇੰਨਾਂ ਹਥਿਆਰਾਂ ਦੇ ਬਿਨਾਂ, ਅਸੀਂ ਸ਼ੈਤਾਨ ਦੇ ਹਮਲੇ ਵਿੱਚ ਹਾਰ ਜਾਵਾਂਗੇ।

## ਇੱਕ ਨੇੜੇ ਦੀ ਝਾਤ: ਦੇਹ ਧਾਰੀ ਹੋਣਾ

ਮੁੱਢਲੇ ਮਸੀਹੀ ਸਰਬਪੱਖੀ ਸੋਚ ਨਾਲ ਇਹ ਮੰਨਦੇ ਸਨ ਕਿ ਯਿਸੂ ਪਰਮੇਸ਼ੁਰ ਸੀ। ਹਾਲਾਂਕਿ ਗ਼ਲਤ ਸਿੱਖਿਆ ਵਾਲੇ ਲੋਕ ਜਿਵੇਂ ਕਿ ਏਰੀਅਸ ਨੇ ਯਿਸੂ ਦੇ ਈਸ਼ਵਰ ਹੋਣ ਦਾ ਇਨਕਾਰ ਕੀਤਾ, ਪਰ ਕੱਟੜ ਮਸੀਹੀ ਇਹ ਸਿਖਾਉਂਦੇ ਸਨ ਕਿ ਯਿਸੂ ਪਰਮੇਸ਼ੁਰ ਹੈ।

ਕੱਟੜ ਮਸੀਹੀ ਇਹ ਸਿਖਾਉਂਦੇ ਸਨ ਕਿ ਯਿਸੂ ਪੂਰੀ ਤਰ੍ਹਾਂ ਨਾਲ ਮਨੁੱਖ ਸੀ। ਇਸ ਧਰਮ ਸਿੱਖਿਆ ਨੂੰ ਅਕਸਰ ਗ਼ਲਤ ਸਿਖਾਉਣ ਵਾਲੇ ਲੋਕਾਂ ਦੁਆਰਾ ਨਕਾਰਿਆ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਅੱਜ ਵੀ, ਬਹੁਤ ਸਾਰੇ ਸ਼ੁਭਸਮਾਚਾਰ ਆਧਾਰਿਤ ਵਿਚਾਰਧਾਰਾ ਵਾਲੇ ਲੋਕ ਯਿਸੂ ਦੀ ਮਨੁੱਖਤਾ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਬਹੁਤ ਸਾਰੇ ਮਸੀਹੀ ਅੰਦਾਜਾ ਲਗਾਉਂਦੇ ਹਨ ਕਿ ਯਿਸੂ ਪੂਰੀ ਤਰ੍ਹਾਂ ਪਰਮੇਸ਼ੁਰ ਸੀ, ਪਰ ਉਸਦੀ ਮਨੁੱਖਤਾ ਅਸਲ ਨਹੀਂ ਸੀ। ਉਹ ਸੋਚਦੇ ਹਨ ਕਿ ਉਸਨੇ ਇੱਕ ਮਨੁੱਖੀ ਰੂਪ ਧਾਰਿਆ, ਪਰ ਉਹ ਪੂਰੀ ਤਰ੍ਹਾਂ ਨਾਲ ਮਨੁੱਖ ਨਹੀਂ ਸੀ।

ਕੁਝ ਪ੍ਰਚਾਰ ਦੀਆਂ ਉਦਾਹਰਨਾਂ ਇਸ ਝੂਠੀ ਧਾਰਨਾ ਨੂੰ ਸਹਿਯੋਗ ਕਰਦੀਆਂ ਹਨ। ਕੁਝ ਪ੍ਰਚਾਰਕ ਅਜਿਹੇ ਰਾਜੇ ਦੀ ਗਾਥਾ ਦੱਸਦੇ ਹਨ ਜਿਸਨੇ ਇੱਕ ਯਾਤਰੀ ਕਿਸਾਨ ਦਾ ਵਿਖਾਵਾ ਕੀਤਾ। ਪਰ ਯਿਸੂ ਅਜਿਹਾ ਪਰਮੇਸ਼ੁਰ ਨਹੀਂ ਸੀ ਜੋ ਮਨੁੱਖ ਹੋਣ ਦਾ ਵਿਖਾਵਾ ਕਰ ਰਿਹਾ ਸੀ। ਉਹ ਸਾਡੇ ਜਿਹਾ ਬਣ ਗਿਆ।

ਯਿਸੂ ਦੀ ਮਨੁੱਖਤਾ ਦੀ ਧਰਮ ਸਿੱਖਿਆ ਸਾਡੇ ਮਸੀਹੀ ਅਨੁਭਵ ਦੇ ਲਈ ਬਹੁਤ ਮਹੱਤਵਪੂਰਨ ਹੈ। ਜੇਕਰ ਯਿਸੂ ਪੂਰੀ ਤਰ੍ਹਾਂ ਮਨੁੱਖ ਨਹੀਂ ਸੀ, ਤਾਂ ਉਸਦਾ ਜੀਵਨ ਸਾਡੇ ਲਈ ਅਸਲ ਮਾਇਨਿਆਂ ਦੇ ਵਿੱਚ ਨਮੂਨਾ ਨਹੀਂ ਹੋ ਸਕਦਾ। ਇੱਕ ਧਰਮ ਸ਼ਾਸਤਰੀ ਨੇ ਇਸ ਪ੍ਰਕਾਰ ਕਿਹਾ, "ਜੇਕਰ ਯਿਸੂ ਅਸਲ ਵਿੱਚ ਸਾਡੇ ਜਿਹਾ ਨਹੀਂ ਹੈ, ਤਾਂ ਫਿਰ ਸਾਡੇ ਕੋਲ ਉਸ ਜਿਹਾ ਨਾ ਬਣਨ ਦਾ ਬਹਾਨਾ ਹੈ।"[7]

ਬਹੁਤ ਸਾਰੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਅਸੀਂ ਲਗਾਤਾਰ ਆਪਣੀ ਇੱਛਾ ਅਨੁਸਾਰ ਪਾਪ ਵਿੱਚ ਡਿੱਗਦੇ ਹਾਂ। ਯਿਸੂ ਨੇ ਆਪਣੀ ਮਨੁੱਖਤਾ ਦੇ ਵਿੱਚ ਵਿਖਾਇਆ, ਕਿ ਸਾਧਾਰਨ ਮਸੀਹੀ ਪਵਿੱਤਰ ਆਤਮਾ ਦੀ ਸਮਰੱਥਾ ਦੇ ਨਾਲ ਪਾਪ ਤੇ ਜਿੱਤ ਪ੍ਰਾਪਤ ਕਰ ਸਕਦੇ ਹਨ।

ਜੇਕਰ ਉਹ ਟੁੱਟੀ ਹੋਈ ਮਨੁੱਖਤਾ ਦਾ ਹਿੱਸਾ ਬਣਿਆ, ਜੇਕਰ ਉਸਨੇ ਸਾਡੀ ਤਰ੍ਹਾਂ ਪਵਿੱਤਰ ਆਤਮਾ ਦੀ ਜਰੂਰਤ ਦਾ ਅਨੁਭਵ ਕੀਤਾ, ਅਤੇ ਜੇਕਰ ਉਹ ਸਾਡੀ ਤਰ੍ਹਾਂ ਪਰਤਾਇਆ ਗਿਆ ਤਾਂ ਫਿਰ ਪਰਤਾਵੇ ਤੇ ਉਸਦੀ ਜਿੱਤ ਸਾਨੂੰ ਵਿਖਾਉਂਦੀ ਹੈ ਕਿ ਅਸੀਂ ਆਪਣੇ ਪ੍ਰਤੀਦਿਨ ਦੇ ਜੀਵਨਾਂ ਵਿੱਚ ਕਿਵੇਂ ਜਿੱਤ ਸਕਦੇ ਹਾਂ। ਪਵਿੱਤਰ ਆਤਮਾ ਦੇ ਦੁਆਰਾ ਅਸੀਂ ਇੱਕ ਜੇਤੂ ਜੀਵਨ ਜੀ ਸਕਦੇ ਹਾਂ।

---

[7]Cherith Fee Nordling, "Open Question" *Christianity Today*, April 2015, 26-27

► ਤੁਹਾਡੇ ਲਈ ਕਿਹੜੀ ਧਾਰਮਿਕ ਧਾਰਨਾ ਨੂੰ ਸਮਝਣਾ ਕਠਿਨ ਹੈ, ਯਿਸੂ ਦੀ ਈਸ਼ਵਰਤਾਈ ਨੂੰ ਜਾਂ ਉਸਦੀ ਮਨੁੱਖਤਾ ਨੂੰ? ਚਰਚਾ ਕਰੋ ਕਿ ਦੋਵੇਂ ਧਾਰਮਿਕ ਧਾਰਨਾਵਾਂ ਸਾਡੇ ਮਸੀਹੀ ਜੀਵਨ ਅਤੇ ਸੇਵਕਾਈ ਦੇ ਲਈ ਕਿੰਨੀਆਂ ਮਹੱਤਵਪੂਰਨ ਹਨ।

## ਸਮਾਪਤੀ: ਪਰਮੇਸ਼ੁਰ ਆਪਣੇ ਦਾਸਾਂ ਨੂੰ ਤਿਆਰ ਕਰਦਾ ਹੈ

ਇਸ ਪਾਠ ਦੇ ਵਿੱਚ ਅਸੀਂ ਵੇਖਿਆ ਹੈ ਕਿ ਕਿਸ ਪ੍ਰਕਾਰ ਪਰਮੇਸ਼ੁਰ ਨੇ ਯਿਸੂ ਦੀ ਸੇਵਕਾਈ ਦੇ ਲਈ ਰਾਹ ਤਿਆਰ ਕੀਤਾ। ਉਸਦੀ ਕੁਲਪੱਤ੍ਰੀ ਦੁਆਰਾ, ਰੋਮੀ ਸਾਮਰਾਜ ਦੁਆਰਾ, ਉਸਦੇ ਚਮਤਕਾਰੀ ਜਨਮ ਦੁਆਰਾ, ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਕਾਈ ਦੇ ਦੁਆਰਾ, ਅਤੇ ਇੱਥੋਂ ਤੱਕ ਕਿ ਪਰਤਾਵਿਆਂ ਦੁਆਰਾ ਪਰਮੇਸ਼ੁਰ ਨੇ ਯਿਸੂ ਦੇ ਲਈ ਰਾਹ ਤਿਆਰ ਕੀਤਾ।

ਅਸੀਂ ਬਾਈਬਲ ਵਿੱਚ ਇਸ ਸਚਿਆਈ ਨੂੰ ਬਹੁਤ ਵਾਰ ਵੇਖਦੇ ਹਾਂ। ਪੌਲੁਸ ਦੀ ਉਦਾਹਰਨ ਵੱਲ ਵੇਖੋ। ਪੌਲੁਸ ਦਾ ਪਾਲਣ-ਪੋਸ਼ਣ ਰੋਮ ਦੇ ਤਰਸੁਸ ਨਾਮਕ ਸ਼ਹਿਰ ਵਿੱਚ ਹੋਇਆ ਸੀ। ਬਚਪਨ ਤੋਂ ਹੀ ਉਸਦੇ ਬਹੁਤ ਸਾਰੇ ਪਰਾਈਆਂ ਕੌਮਾਂ ਦੇ ਦੋਸਤ ਸਨ। ਬਹੁਤ ਸਾਰੇ ਯਹੂਦੀਆਂ ਤੋਂ ਹੱਟ ਕੇ, ਪੌਲੁਸ ਪਰਾਈਆਂ ਕੌਮਾਂ ਦੇ ਨਾਲ ਆਸਾਨੀ ਨਾਲ ਘੁਲ-ਮਿਲ ਸਕਦਾ ਸੀ।

ਪੌਲੁਸ ਦਾ ਪਿਤਾ ਇੱਕ ਰੋਮੀ ਨਾਗਰਿਕ ਸੀ, ਇਸ ਕਾਰਨ ਪੌਲੁਸ ਦੇ ਕੋਲ ਰੋਮੀ ਨਾਗਰਿਕਤਾ ਦੇ ਕੀਮਤੀ ਹੱਕ ਸਨ। ਉਸਦੀ ਮਾਤਾ ਯਹੂਦੀ ਸੀ, ਇਸ ਲਈ ਪੌਲੁਸ ਨੇ ਆਪਣੀ ਮੁੱਢਲੀ ਸਿਖਲਾਈ ਪੁਰਾਣੇ ਨੇਮ ਦੇ ਵਚਨਾਂ ਵਿੱਚ ਕੀਤੀ। ਉਹ ਬਹੁਤ ਹੀ ਤੇਜ਼ ਦਿਮਾਗ ਸੀ ਅਤੇ ਉਸਨੇ ਇਬਰਾਨੀ ਧਰਮ ਸਿੱਖਿਆ ਮਹਾਨ ਯਹੂਦੀ ਗੁਰੂ (ਰੱਬੀ) ਗਮਲੀਏਲ ਤੋਂ ਪ੍ਰਾਪਤ ਕੀਤੀ। ਉਸਦੇ ਰੋਮੀ ਪਿਛੋਕੜ ਦੇ ਨਾਲ ਉਸਨੇ ਯੂਨਾਨੀ ਅਤੇ ਯੂਨਾਨੀ ਦਾਰਸ਼ਨਿਕਾਂ ਦੀ ਸਿੱਖਿਆ ਦਾ ਅਧਿਐਨ ਕੀਤਾ।

ਅਜਿਹੇ ਪਿਛੋਕੜ ਦੇ ਕਾਰਨ, ਇਸ ਗੱਲ ਦੇ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਪਰਮੇਸ਼ੁਰ ਨੇ ਪੌਲੁਸ ਨੂੰ ਪਰਾਈਆਂ ਕੌਮਾਂ ਦੇ ਲਈ ਸ਼ੁਭਸਮਾਚਾਰ ਪ੍ਰਚਾਰਕ ਹੋਣ ਦੇ ਲਈ ਬੁਲਾਇਆ। ਜਨਮ ਤੋਂ ਹੀ ਪਰਮੇਸ਼ੁਰ ਨੇ ਪੌਲੁਸ ਨੂੰ ਪਰਾਈਆਂ ਕੌਮਾਂ ਦੇ ਵਿੱਚ ਪਹਿਲਾ ਰਸੂਲ ਬਣਨ ਦੇ ਲਈ ਤਿਆਰ ਕੀਤਾ। ਉਸ ਤਿਆਰੀ ਦੇ ਬਾਰੇ ਸੋਚੋ ਜੋ ਪਰਮੇਸ਼ੁਰ ਨੇ ਇਸ ਸੇਵਕਾਈ ਦੇ ਲਈ ਪ੍ਰਦਾਨ ਕੀਤੀ:

- ਉਸਦੀ ਰੋਮੀ ਨਾਗਰਿਕਤਾ ਦੇ ਕਾਰਨ ਪੌਲੁਸ ਕਿਸੇ ਵੀ ਸਥਾਨ ਤੇ ਆਜਾਦੀ ਦੇ ਨਾਲ ਯਾਤਰਾ ਕਰ ਸਕਦਾ ਸੀ।
- ਪੌਲੁਸ ਦੀ ਇਬਰਾਨੀ ਅਤੇ ਯੂਨਾਨੀ ਸਿਖਲਾਈ ਨੇ ਉਸਨੂੰ ਅਜਿਹੇ ਸਾਧਨ ਪ੍ਰਦਾਨ ਕੀਤੇ ਜਿਸ ਕਾਰਨ ਉਸਨੇ ਨਵੇਂ ਨੇਮ ਦੀਆਂ ਸਭ ਤੋਂ ਡੂੰਘੀਆਂ ਪੁਸਤਕਾਂ ਲਿਖੀਆਂ।
- ਯੂਨਾਨੀ ਫਲਸਫੇ ਦੇ ਅਧਿਐਨ ਨੇ ਪੌਲੁਸ ਨੂੰ ਅਥੇਨੇ ਅਜਿਹੇ ਸਥਾਨਾਂ ਤੇ ਯੂਨਾਨੀ ਬੁੱਧੀਜੀਵੀਆਂ ਦੇ ਨਾਲ ਗੱਲ ਕਰਨ ਦੇ ਲਈ ਤਿਆਰ ਕੀਤਾ।

ਸ਼ਾਇਦ ਤੁਸੀਂ ਪ੍ਰਤੀਕਿਰਿਆ ਕਰ ਸਕਦੇ ਹੋ, "ਪਰਮੇਸ਼ੁਰ ਨੇ ਮੈਨੂੰ ਪੌਲੁਸ ਦੀ ਤਰ੍ਹਾਂ ਬਹੁਤ ਵਧੀਆ ਸਿੱਖਿਆ ਨਹੀਂ ਦਿੱਤੀ। ਮੇਰੇ ਕੋਲ ਬਹੁਤ ਵਧੀਆ ਪਰਿਵਾਰਿਕ ਪਿਛੋਕੜ ਨਹੀਂ ਹੈ।" ਇਹ ਕੋਈ ਵੱਡੀ ਗੱਲ ਨਹੀਂ ਹੈ! ਪਹਿਲੀ ਸਦੀ ਦੀ ਵਿੱਚ ਕਲੀਸਿਆ ਦੇ ਇੱਕ ਹੋਰ ਆਗੂ ਦੇ ਵੱਲ ਵੇਖੋ।

ਸ਼ਮਊਨ ਪਤਰਸ ਇੱਕ ਵਪਾਰਕ ਮੱਛੀਆਂ ਫੜਣ ਵਾਲੇ ਦੇ ਵੱਜੋਂ ਵੱਡਾ ਹੋਇਆ। ਉਸਦੇ ਕੋਲ ਪੌਲੁਸ ਦੀ ਤਰ੍ਹਾਂ ਸਿੱਖਿਆ ਜਾਂ ਤੇਜ਼ ਦਿਮਾਗੀ ਨਹੀਂ ਸੀ। ਅਸਲ ਵਿੱਚ ਪਤਰਸ ਨੇ ਬਾਅਦ ਵਿੱਚ ਕਿਹਾ ਕਿ ਪੌਲੁਸ ਕੁਝ ਅਜਿਹੀਆਂ ਗੱਲਾਂ ਲਿਖੀਆਂ ਹਨ ਜਿੰਨਾਂ ਨੂੰ ਸਮਝਣਾ ਔਖਾ ਹੈ (2 ਪਤਰਸ 3:15-16)। ਪਰ ਪਰਮੇਸ਼ੁਰ ਨੇ ਪਤਰਸ ਦਾ ਇਸਤੇਮਾਲ ਇੱਕ ਸ਼ਕਤੀਸ਼ਾਲੀ ਤਰੀਕੇ ਦੇ ਨਾਲ਼ ਕੀਤਾ। ਜੋ ਲੋਕ ਪੌਲੁਸ ਦੇ ਡੂੰਘੇ ਸ਼ਬਦਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਸਨ ਉਹ ਪਤਰਸ ਦੇ ਸਾਧਾਰਨ ਸੰਦੇਸ਼ਾਂ ਨੂੰ ਵੀ ਸਮਝ ਲੈਂਦੇ ਸਨ।

ਪਰਮੇਸ਼ੁਰ ਨੇ ਸੇਵਕਾਈ ਦੇ ਲਈ ਤੁਹਾਨੂੰ ਤਿਆਰ ਕੀਤਾ ਹੈ। ਜੇਕਰ ਤੁਸੀਂ ਆਪਣੀ ਸਿਖਲਾਈ, ਆਪਣਾ ਪਿਛੋਕੜ ਅਤੇ ਉਹ ਸਭ ਜੋ ਪਰਮੇਸ਼ੁਰ ਨੇ ਤੁਹਾਨੂੰ ਦਿੱਤਾ ਹੈ ਉਹ ਸਭ ਉਸਦੇ ਅੱਗੇ ਸਮਰਪਿਤ ਕਰ ਦੇਵੋਗੇ, ਤਾਂ ਉਹ ਆਪਣੇ ਉਦੇਸ਼ ਦੇ ਲਈ ਤੁਹਾਨੂੰ ਉਪਯੋਗ ਕਰੇਗਾ। ਪਰਮੇਸ਼ੁਰ ਲੋਕਾਂ ਨੂੰ ਉਸ ਸੇਵਕਾਈ ਦੇ ਲਈ ਤਿਆਰ ਕਰਦਾ ਹੈ ਜਿਸਦੇ ਲਈ ਉਹ ਉਨ੍ਹਾਂ ਨੂੰ ਬੁਲਾਹਟ ਦਿੰਦਾ ਹੈ।

## ਪਾਠ 1 ਅਸਾਇਨਮੈਂਟ

(1) ਇਸ ਪਾਠ ਦੇ ਵਿੱਚ ਅਸੀਂ ਪਰਤਾਵਿਆਂ ਦੇ ਉੱਤੇ ਯਿਸੂ ਦੀ ਜਿੱਤ ਨੂੰ ਵੇਖਿਆ। ਹੇਠਾਂ ਦਿੱਤੇ ਪਹਿਲੇ ਚਾਰਟ ਦੇ ਵਿੱਚ, ਬਾਈਬਲ ਦੀਆਂ ਤਿੰਨ ਅਜਿਹੇ ਲੋਕਾਂ ਦੀਆਂ ਉਦਾਹਰਨਾਂ ਦੀ ਸੂਚੀ ਹੈ ਜਿੰਨਾਂ ਨੇ ਪਰਤਾਵੇ ਦੇ ਉੱਤੇ ਜਿੱਤ ਪ੍ਰਾਪਤ ਕੀਤੀ।। ਉਹ ਇੱਕ ਗੱਲ ਤੇ ਧਿਆਨ ਦਿਉ ਜਿਸਨੇ ਉਨ੍ਹਾਂ ਨੂੰ ਪਰਤਾਵਿਆਂ ਦੇ ਵਿੱਚ ਬਲ ਦਿੱਤਾ। ਫਿਰ ਬਾਈਬਲ ਦੀਆਂ ਤਿੰਨ ਅਜਿਹੀਆਂ ਉਦਾਹਰਨਾਂ ਹਨ ਜੋ ਪਰਤਾਵੇ ਦੇ ਵਿੱਚ ਡਿੱਗ ਪਏ। ਹਰੇਕ ਉਦਾਹਰਨ ਦੇ ਵਿੱਚ, ਉਸ ਤੱਥ ਦੀ ਪਹਿਚਾਣ ਕਰੋ ਜਿਸ ਕਾਰਨ ਉਹ ਡਿੱਗ ਪਏ।

(2) ਤੁਹਾਡੇ ਦੁਆਰਾ ਬਣਾਈ ਸੂਚੀ ਦੇ ਆਧਾਰ ਤੇ, ਪਰਤਾਵੇ ਦੇ ਉੱਤੇ ਇੱਕ ਸੰਦੇਸ਼ ਜਾਂ ਬਾਈਬਲ ਅਧਿਐਨ ਤਿਆਰ ਕਰੋ। ਇਸ ਵਿੱਚ ਯਿਸੂ ਦੀ ਅਤੇ ਤੁਹਾਡੇ ਦੁਆਰਾ ਚਾਰਟ ਦੀ ਸੂਚੀ ਵਿੱਚ ਰੱਖੀਆਂ ਉਦਾਹਰਨਾਂ ਨੂੰ ਸ਼ਾਮਿਲ ਕਰੋ।

| ਪਰਤਾਵੇ ਤੇ ਜਿੱਤ | ਵਚਨ | ਕਿਸ ਗੱਲ ਦੇ ਕਾਰਨ ਜਿੱਤ ਹੋਈ? |
|---|---|---|
| ਯੂਸੁਫ਼ (ਜਿਨਸੀ ਸ਼ੁੱਧਤਾ) | ਉਤਪਤ 39 | ਪਰਮੇਸ਼ੁਰ ਤੇ ਧਿਆਨ ਲਗਾਉਣਾ (ਉਤਪਤ 39:9) |
| | | |
| | | |
| | | |

| ਪਰਤਾਵੇ ਦੇ ਵਿੱਚ ਅਸਫਲਤਾ | ਵਚਨ | ਕਿਸ ਗੱਲ ਦੇ ਕਾਰਨ ਹਾਰ ਹੋਈ? |
|---|---|---|
| ਪਤਰਸ (ਯਿਸੂ ਦਾ ਇਨਕਾਰ) | ਲੂਕਾ 22:54-62 | ਲੋੜ ਤੋਂ ਵਧੇਰੇ ਆਤਮ-ਵਿਸ਼ਵਾਸ (ਲੂਕਾ 22:31-34) |
| | | |
| | | |
| | | |

ਪਾਠ 2

# ਯਿਸੂ ਦੀ ਤਰ੍ਹਾਂ ਪ੍ਰਾਥਨਾ ਕਰਨਾ

## ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਯਿਸੂ ਦੇ ਜੀਵਨ ਅਤੇ ਉਸਦੀ ਸੇਵਕਾਈ ਦੇ ਵਿੱਚ ਪ੍ਰਾਥਨਾ ਦੇ ਮਹੱਤਵ ਨੂੰ ਸਮਝਣਾ।

(2) ਯਿਸੂ ਦੀ ਸਿੱਖਿਆ ਤੋਂ ਪ੍ਰਾਥਨਾ ਦੇ ਸਿਧਾਂਤਾਂ ਨੂੰ ਸਿੱਖਣਾ।

(3) ਅੱਜ ਸਾਡੀ ਸੇਵਕਾਈ ਦੇ ਵਿੱਚ ਪ੍ਰਾਥਨਾ ਦੇ ਮਹੱਤਵ ਬਾਰੇ ਸਿੱਖਣਾ।

(4) ਇੱਕ ਪ੍ਰਾਥਨਾ ਕਰਨ ਵਾਲਾ ਵਿਅਕਤੀ ਬਣਨ ਦੇ ਲਈ ਵਿਵਹਾਰਿਕ ਪੜਾਵਾਂ ਨੂੰ ਵਿਕਸਿਤ ਕਰਨਾ।

## ਸੇਵਕਾਈ ਦੇ ਲਈ ਸਿਧਾਂਤ

ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੇਵਕਾਈ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਯਿਸੂ ਦੀ ਤਰ੍ਹਾਂ ਪ੍ਰਾਥਨਾ ਕਰਨੀ ਚਾਹੀਦੀ ਹੈ।

## ਜਾਣ-ਪਛਾਣ

ਪ੍ਰਾਥਨਾ ਦੇ ਬਾਰੇ ਇੱਕ ਸੰਦੇਸ਼ ਦੇ ਵਿੱਚ ਪ੍ਰੋਫੈਸਰ ਹੈਂਡਰਿਕ ਹੋਵਾਰਡ ਨੇ ਇੱਕ ਅਜਿਹਾ ਬਿਆਨ ਦਿੱਤਾ:

> ਜੇਕਰ ਤੁਸੀਂ ਬਾਈਬਲ ਪੜਦੇ ਹੋ ਤਾਂ ਇਸ ਨਾਲ ਸ਼ੈਤਾਨ ਨੂੰ ਕੋਈ ਚਿੰਤਾ ਨਹੀਂ ਹੁੰਦੀ, ਕਿਉਂਕਿ ਜੇਕਰ *ਤੁਸੀਂ ਪ੍ਰਾਥਨਾ ਨਹੀਂ ਕਰਦੇ* ਤਾਂ ਫਿਰ ਪਵਿੱਤਰ ਵਚਨ ਕਦੇ ਤੁਹਾਨੂੰ ਪਰਿਵਰਤਿਤ ਨਹੀਂ ਕਰ ਸਕਦਾ। ਇਹ ਤੁਹਾਨੂੰ ਆਤਮਿਕ ਘਮੰਡ ਦੇ ਸਕਦਾ ਹੈ ਕਿ ਤੁਸੀਂ ਇਸਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ।
>
> ਜੇਕਰ ਤੁਸੀਂ ਆਪਣਾ ਵਿਸ਼ਵਾਸ ਦੂਸਰਿਆਂ ਨਾਲ ਸਾਂਝਾ ਕਰਦੇ ਹੋ ਤਾਂ ਸ਼ੈਤਾਨ ਨੂੰ ਕੋਈ ਚਿੰਤਾ ਨਹੀਂ ਹੁੰਦੀ, ਕਿਉਂਕਿ *ਜੇਕਰ ਤੁਸੀਂ ਪ੍ਰਾਥਨਾ ਨਹੀਂ ਕਰਦੇ*, ਤਾਂ ਉਹ ਜਾਣਦਾ ਹੈ ਕਿ ਦੂਸਰਿਆਂ ਨਾਲ ਪਰਮੇਸ਼ੁਰ ਦੇ ਬਾਰੇ ਗੱਲ ਕਰਨ ਨਾਲੋਂ ਮਨੁੱਖਾਂ ਦੇ ਬਾਰੇ ਪਰਮੇਸ਼ੁਰ ਦੇ ਨਾਲ ਗੱਲ ਕਰਨਾ ਵਧੇਰੇ ਮਹੱਤਵਪੂਰਨ ਹੈ।

> ਜੇਕਰ ਤੁਸੀਂ ਸਥਾਨਕ ਕਲੀਸਿਆ ਦੀ ਸੇਵਕਾਈ ਦੇ ਵਿੱਚ ਸ਼ਾਮਿਲ ਹੁੰਦੇ ਹੋ ਤਾਂ ਸ਼ੈਤਾਨ ਨੂੰ ਇਸਦੀ ਕੋਈ ਚਿੰਤਾ ਨਹੀਂ ਹੁੰਦੀ , ਕਿਉਂਕਿ ਜੇਕਰ *ਤੁਸੀਂ ਪ੍ਰਾਥਨਾ ਨਹੀਂ ਕਰਦੇ*, ਤਾਂ ਤੁਸੀਂ ਕਿਰਿਆਸ਼ੀਲ ਤਾਂ ਹੋਵੋਗੇ ਪਰ ਕੁਝ ਜਿਆਦਾ ਕਰ ਨਹੀਂ ਪਾਓਗੇ।[8]

ਪ੍ਰਾਥਨਾ ਯਿਸੂ ਦੀ ਧਰਤੀ ਤੇ ਸੇਵਕਾਈ ਦਾ ਕੇਂਦਰੀ ਹਿੱਸਾ ਸੀ। ਕੋਈ ਵੀ ਹੋਰ ਚੀਜ਼ ਪ੍ਰਾਥਨਾ ਨਾਲੋਂ ਜਰੂਰੀ ਨਹੀਂ ਸੀ। ਯਿਸੂ ਦੀ ਸੇਵਕਾਈ ਉਸਦੇ ਸਵਰਗੀ ਪਿਤਾ ਦੇ ਨਾਲ ਉਸਦੇ ਸੰਬੰਧ ਤੇ ਟਿਕੀ ਹੋਈ ਸੀ। ਉਸ ਸੰਬੰਧ ਨੂੰ ਪ੍ਰਾਥਨਾ ਅਤੇ ਪਰਮੇਸ਼ੁਰ ਦੇ ਨਾਲ ਨਜ਼ਦੀਕੀ ਸੰਬੰਧ ਦੇ ਨਾਲ ਕਾਇਮ ਰੱਖਿਆ ਜਾਂਦਾ ਸੀ।

► ਇਸ ਪਾਠ ਦਾ ਅਧਿਐਨ ਕਰਨ ਤੋਂ ਪਹਿਲਾਂ, ਆਪਣੇ ਜੀਵਨ ਅਤੇ ਸੇਵਕਾਈ ਦੇ ਵਿੱਚ ਪ੍ਰਾਥਨਾ ਦੀ ਭੂਮਿਕਾ ਦਾ ਮੁਲਾਂਕਣ ਕਰੋ। ਇਹ ਸਵਾਲ ਪੁੱਛੋ:

- ਕੀ ਮੇਰਾ ਪ੍ਰਾਥਨਾ ਜੀਵਨ ਲਗਾਤਾਰ ਚੱਲਣ ਵਾਲਾ ਹੈ?
- ਪਿੱਛਲੀ ਵਾਰ ਇਹ ਕਦੋਂ ਸੀ ਜਦੋਂ ਮੈਂ ਕਿਸੇ ਖਾਸ ਪ੍ਰਾਥਨਾ ਦੇ ਉੱਤਰ ਨੂੰ ਵੇਖਿਆ?
- ਮੇਰੇ ਪ੍ਰਾਥਨਾ ਜੀਵਨ ਦੇ ਵਿੱਚ ਸਭ ਤੋਂ ਵੱਡੀਆਂ ਚੁਣੌਤੀਆਂ ਕਿਹੜੀਆਂ ਹਨ?
- ਕੀ ਮੈਂ ਆਪਣੇ ਪ੍ਰਾਥਨਾ ਜੀਵਨ ਵਿੱਚ ਅੱਗੇ ਵੱਧ ਰਿਹਾ ਹਾਂ?

> "ਪ੍ਰਾਥਨਾ ਆਤਮਾ ਦੀ ਵਰਜਿਸ਼ ਹੈ"
> -ਸਮੂਏਲ ਜਵੈਮਰ
> "ਇਸਲਾਮ ਦਾ ਰਸੂਲ"

## ਪ੍ਰਾਥਨਾ ਦੇ ਬਾਰੇ ਯਿਸੂ ਦੀ ਉਦਾਹਰਨਾਂ

ਯਿਸੂ ਦੀ ਸਾਰੀ ਸੇਵਕਾਈ ਦੇ ਦੌਰਾਨ ਅਸੀਂ ਉਸਦੇ ਮਹੱਤਵਪੂਰਨ ਪਲਾਂ ਦੇ ਵਿੱਚ ਉਸਨੂੰ ਪ੍ਰਾਥਨਾ ਕਰਦੇ ਹੋਏ ਵੇਖਦੇ ਹਾਂ। ਇੰਜੀਲਾਂ ਦੇ ਵਿੱਚ ਅਜਿਹੀਆਂ 15 ਖਾਸ ਘਟਨਾਵਾਂ ਹਨ ਜਦੋਂ ਯਿਸੂ ਨੇ ਪ੍ਰਾਥਨਾ ਕੀਤੀ। ਪ੍ਰਾਥਨਾ ਉਸਦੇ ਜੀਵਨ ਦਾ ਕੇਂਦਰੀ ਭਾਗ ਸੀ; ਇਹ ਕਦੇ ਵੀ ਦੂਸਰੇ ਸਥਾਨ ਤੇ ਨਹੀਂ ਹੁੰਦੀ ਸੀ।

ਕਿਸੇ ਵੀ ਹੋਰ ਲੇਖਕ ਨਾਲੋਂ ਵਧੇਰੇ, ਲੂਕਾ ਯਿਸੂ ਦੀ ਪ੍ਰਾਥਨਾ ਦੀ ਸੇਵਕਾਈ ਨੂੰ ਪ੍ਰਗਟ ਕਰਦਾ ਹੈ। ਸਿਰਫ਼ ਲੂਕਾ ਹੀ ਦੱਸਦਾ ਹੈ ਕਿ ਯਿਸੂ ਨੇ ਬਾਰ੍ਹਾਂ ਚੇਲਿਆਂ ਦੀ ਚੋਣ ਕਰਨ ਤੋਂ ਪਹਿਲਾਂ ਪ੍ਰਾਥਨਾ ਕੀਤੀ (ਲੂਕਾ 6:12)। ਸਿਰਫ਼ ਲੂਕਾ ਹੀ ਦੱਸਦਾ ਹੈ ਕਿ ਯਿਸੂ ਦਾ ਰੂਪ ਜਲਾਈ ਉਸ ਸਮੇਂ ਹੋਇਆ ਜਦੋਂ ਉਹ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਪ੍ਰਾਥਨਾ ਕਰਨ ਦੇ ਲਈ ਪਰਬਤ ਤੇ ਲੈ ਕੇ ਗਿਆ ਸੀ (ਲੂਕਾ 9:28)। ਇਹ ਜ਼ੋਰ ਰਸੂਲਾਂ ਦੇ ਕਰਤੱਬ ਵਿੱਚ ਵੀ ਜਾਰੀ ਹੈ ਜਿੱਥੇ ਲੂਕਾ 35 ਵਾਰ ਮੁੱਢਲੀ ਕਲੀਸਿਆ ਦੇ ਜੀਵਨ ਵਿੱਚ ਪ੍ਰਾਥਨਾ ਦੀ ਭੂਮਿਕਾ ਦੇ ਬਾਰੇ ਲਿਖਦਾ ਹੈ।

---

[8] ਇਹ ਹਵਾਲਾ Howard G. Hendricks, "Prayer—the Christian's Secret Weapon." *Veritas* ਜਨਵਰੀ 2004 ਵਿੱਚ ਪੁਨਰ ਛਾਪੀ ਗਈ.

## ਯਿਸੂ ਦੀ ਪ੍ਰਤੀਦਿਨ ਦੀ ਸੇਵਕਾਈ ਦੇ ਵਿੱਚ ਪ੍ਰਾਥਨਾ

► ਪੜ੍ਹੋ ਮਰਕੁਸ 1:32-39.

ਯਿਸੂ ਦੀ ਸ਼ੁਰੂਆਤੀ ਸੇਵਕਾਈ ਦੇ ਨਾਲ ਸੰਬੰਧਿਤ ਇਹ ਕਹਾਣੀ ਦੱਸਦੀ ਹੈ ਕਿ ਕਿਵੇਂ ਪ੍ਰਾਥਨਾ ਅਤੇ ਸੇਵਕਾਈ ਆਪਸ ਦੇ ਵਿੱਚ ਜੁੜੇ ਹੋਏ ਹਨ। ਧਿਆਨ ਦਿਉ ਕਿ ਇਹ ਵਾਰਤਾ ਕਿਵੇਂ ਅੱਗੇ ਵੱਧਦੀ ਹੈ। ਪਿੱਛਲੀ ਸ਼ਾਮ ਦੇ ਸਮੇਂ ਲੋਕ ਉਸ ਘਰ ਦੇ ਬਾਹਰ ਇਕੱਠੇ ਹੁੰਦੇ ਹਨ ਜਿੱਥੇ ਯਿਸੂ ਰਹਿ ਰਿਹਾ ਸੀ, ਅਤੇ ਉਸਨੇ ਬਹੁਤ ਸਾਰੇ ਲੋਕਾਂ ਨੂੰ ਚੰਗਿਆਂ ਕੀਤਾ।

ਸਵੇਰੇ ਤੜਕਸਾਰ ਦੇ ਸਮੇਂ, ਯਿਸੂ ਇੱਕ ਇਕਾਂਤ ਸਥਾਨ ਤੇ ਪ੍ਰਾਥਨਾ ਕਰਨ ਦੇ ਲਈ ਗਿਆ। ਸਮਊਨ ਪਤਰਸ ਉਸਨੂੰ ਲੱਭਦਾ ਹੋਇਆ ਆਇਆ ਅਤੇ ਕਿਹਾ, "ਹਰ ਕੋਈ ਤੁਹਾਡੀ ਭਾਲ ਕਰ ਰਿਹਾ ਹੈ।" ਯਿਸੂ ਨੇ ਉੱਤਰ ਦਿੱਤਾ, "ਆਓ ਅੱਗਲੇ ਨਗਰਾਂ ਵਿੱਚ ਚੱਲੀਏ, ਤਾਂ ਕਿ ਮੈਂ ਉੱਥੇ ਵੀ ਪ੍ਰਚਾਰ ਕਰਾਂ, ਮੈਂ ਇਸੇ ਲਈ ਆਇਆ ਹਾਂ।" ਯਿਸੂ ਦੀ ਸੇਵਕਾਈ ਦੀ ਵਿਧੀ **ਪ੍ਰਾਥਨਾ ਦੇ ਨਾਲ ਜੁੜੀ ਹੋਈ ਸੇਵਕਾਈ ਸੀ।**

ਇਹੀ ਸੇਵਕਾਈ ਦਾ ਨਮੂਨਾ ਹੋਣਾ ਚਾਹੀਦਾ ਹੈ। ਪ੍ਰਾਥਨਾ ਤੋਂ ਬਿਨਾਂ, ਸਾਡੀ ਸੇਵਕਾਈ ਆਤਮਿਕ ਤੌਰ ਤੇ ਸੁੱਕ ਜਾਂਦੀ ਹੈ। ਸੇਵਕਾਈ ਦੇ ਬਿਨਾਂ, ਸਾਡਾ ਪ੍ਰਾਥਨਾ ਜੀਵਨ ਸਵੈ-ਕੇਂਦਰਿਤ ਬਣ ਜਾਂਦਾ ਹੈ; ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੀ ਜਰੂਰਤਾਂ ਦੇ ਲਈ ਸੇਵਕਾਈ ਦਾ ਕੋਈ ਯਤਨ ਨਹੀਂ ਕਰਦੇ। ਯਿਸੂ ਵਿਖਾਉਂਦਾ ਹੈ ਕਿ ਪ੍ਰਾਥਨਾ ਅਤੇ ਸੇਵਕਾਈ ਆਪਸ ਦੇ ਵਿੱਚ ਜੁੜੇ ਹੋਏ ਹੋਣੇ ਚਾਹੀਦੇ ਹਨ।

## ਫੈਸਲੇ ਲੈਣ ਦੇ ਸਮੇਂ ਵਿੱਚ ਪ੍ਰਾਥਨਾ

► ਪੜ੍ਹੋ ਲੂਕਾ 6:12-16.

ਯਿਸੂ ਦੀ ਸੇਵਕਾਈ ਦੇ ਫੈਸਲਿਆਂ ਵਿੱਚੋਂ ਇੱਕ ਬਹੁਤ ਮਹੱਤਵਪੂਰਨ ਬਾਰ੍ਹਾਂ ਚੇਲਿਆਂ ਦੀ ਚੋਣ ਕਰਨਾ ਸੀ। ਉਸਦੇ ਪ੍ਰਚਾਰ ਨੂੰ ਸੁਣਨ ਵਾਲੇ ਹਜ਼ਾਰਾਂ ਲੋਕਾਂ ਦੇ ਵਿੱਚੋਂ, ਬਹੁਤ ਸਾਰੇ ਲੋਕ ਇੰਨ੍ਹੇ ਨੇੜੇ ਸਨ ਕਿ ਉਨ੍ਹਾਂ ਨੂੰ ਚੇਲੇ ਕਿਹਾ ਜਾ ਸਕਦਾ ਸੀ (ਯੂਹੰਨਾ 6:60, 66)। ਉਸਦੇ 72 ਚੇਲ੍ਹੇ ਇੰਨੇ ਨੇੜੇ ਸਨ ਕਿ ਉਹ ਪ੍ਰਚਾਰ ਦੇ ਵਿੱਚ ਯਿਸੂ ਦੇ ਪ੍ਰਤੀਨਿਧੀ ਬਣ ਸਕਦੇ ਸਨ (ਲੂਕਾ 10:1)। ਪਰ ਯਿਸੂ ਨੇ ਸਿਰਫ਼ ਬਾਰ੍ਹਾਂ ਚੇਲਿਆਂ ਦੀ ਹੀ ਰਸੂਲਾਂ ਦੇ ਵੱਜੋਂ ਚੋਣ ਕੀਤੀ।

ਬਾਰ੍ਹਾਂ ਰਸੂਲਾਂ ਨੇ ਯਿਸੂ ਦੇ ਨਾਲ ਕਾਫੀ ਸਮਾਂ ਬਿਤਾਇਆ। ਉਹ ਉਸਦੀ ਧਰਤੀ ਤੇ ਸੇਵਕਾਈ ਦੇ ਅੰਤ ਤੱਕ ਉਸਦੇ ਨਾਲ ਬਣੇ ਰਹੇ। ਉਸਦੇ ਸਵਰਗ ਤੇ ਉਠਾਏ ਜਾਣ ਦੇ ਬਾਅਦ, ਗਿਆਰ੍ਹਾਂ ਰਸੂਲ ਮੁੱਢਲੀ ਕਲੀਸਿਆ ਦੇ ਆਗੂ ਬਣੇ। ਬਾਰਹਵੇਂ ਦੀ ਚੋਣ ਕਰਨਾ ਬਹੁਤ ਹੀ ਮਹੱਤਵਪੂਰਨ ਸੀ। ਯਿਸੂ ਨੇ ਕੋਈ ਕਿਤਾਬ ਨਹੀਂ ਲਿਖੀ ਜਾਂ ਕੋਈ ਸਕੂਲ ਨਹੀਂ ਬਣਾਇਆ। ਕਲੀਸਿਆ ਦੇ ਲਈ ਉਸਦਾ ਦਰਸ਼ਨ ਇੰਨ੍ਹਾਂ ਮਨੁੱਖਾਂ ਦੇ ਦੁਆਰਾ ਹੀ ਪੂਰਾ ਹੋਣਾ ਸੀ।

ਯਿਸੂ ਨੇ ਬਾਰ੍ਹਾਂ ਰਸੂਲਾਂ ਦੀ ਚੋਣ ਕਰਨ ਤੋਂ ਪਹਿਲਾਂ ਕੀ ਕੀਤਾ? ਉਸਨੇ ਪ੍ਰਾਥਨਾ ਕੀਤੀ। ਇੱਕ ਮਹੱਤਵਪੂਰਨ ਫੈਸਲੇ ਦਾ ਸਾਹਮਣਾ ਕਰਦੇ ਹੋਏ, ਯਿਸੂ ਨੇ ਸਾਰੀ ਰਾਤ ਪ੍ਰਾਥਨਾ ਵਿੱਚ ਬਿਤਾਈ। ਜੇਕਰ ਇੱਕ ਮਹੱਤਵਪੂਰਨ ਫੈਸਲਾ ਲੈਣ ਤੋਂ ਪਹਿਲਾਂ ਪਰਮੇਸ਼ੁਰ ਦੇ ਪੁੱਤਰ ਨੇ ਇੰਨੇ ਜੋਸ਼ ਦੇ ਨਾਲ ਪ੍ਰਾਥਨਾ ਕੀਤੀ, ਤਾਂ ਫਿਰ ਸਾਡੇ ਫੈਸਲਿਆਂ ਦੇ ਵਿੱਚ ਪ੍ਰਾਥਨਾ ਦੀ ਕਿੰਨੀ ਕੇਂਦਰੀ ਭੂਮਿਕਾ ਹੋਣੀ ਚਾਹੀਦੀ ਹੈ!

**ਦੁੱਖਾਂ ਦਾ ਸਾਹਮਣਾ ਕਰਦੇ ਸਮੇਂ ਪ੍ਰਾਥਨਾ ਕਰਨੀ**

► ਪੜ੍ਹੋ ਮੱਤੀ 26:36-46.

ਆਪਣੇ ਫੜੇ ਜਾਣ ਦੇ ਕੁਝ ਘੰਟੇ ਪਹਿਲਾਂ, ਯਿਸੂ ਪ੍ਰਾਥਨਾ ਕਰਨ ਦੇ ਲਈ ਗਤਸਮਨੀ ਦੇ ਵਿੱਚ ਗਿਆ। ਉਸਨੇ ਪ੍ਰਾਥਨਾ ਦੇ ਰਾਂਹੀ ਦੁੱਖ ਉਠਾਉਣ ਦੀ ਤਿਆਰੀ ਕੀਤੀ। ਯਿਸੂ ਨੇ ਮਨੁੱਖੀ ਦੁੱਖ-ਤਕਲੀਫਾਂ ਤੋਂ ਛੁਟਕਾਰਾ ਪਾਉਣ ਦੇ ਲਈ ਕਦੇ ਵੀ ਆਪਣੀ ਈਸ਼ਵਰਤਾਈ ਦਾ ਉਪਯੋਗ ਨਹੀਂ ਕੀਤਾ। ਇਸਦੀ ਬਜਾਏ, ਉਹ ਦੁੱਖਾਂ ਦੇ ਵਿੱਚ ਬਲ ਪ੍ਰਾਪਤ ਕਰਨ ਦੇ ਲਈ ਪ੍ਰਾਥਨਾ ਤੇ ਨਿਰਭਰ ਰਿਹਾ।

ਬਾਗ਼ ਦੇ ਵਿੱਚ ਯਿਸੂ ਦੀ ਪ੍ਰਾਥਨਾ ਅੱਜ ਸਾਡੇ ਲਈ ਇੱਕ ਨਮੂਨਾ ਹੈ। ਉਸਦੀ ਪ੍ਰਾਥਨਾ ਬਨਾਵਟੀ ਨਹੀਂ ਸੀ; ਯਿਸੂ ਨੇ ਦੁੱਖਾਂ ਦੀ ਅਸਲੀਅਤ ਦਾ ਸਾਹਮਣਾ ਕੀਤਾ। ਕੀ ਇਸਦੇ ਨਾਲ ਤੁਹਾਨੂੰ ਉਤਸ਼ਾਹ ਮਿਲਦਾ ਹੈ ਕਿ ਯਿਸੂ ਨੇ ਦੁੱਖਾਂ ਦੇ ਸਮੇਂ ਮਨੁੱਖੀ ਤਰੀਕੇ ਨਾਲ ਪ੍ਰਤੀਕਿਰਿਆ ਕੀਤੀ? ਦੁੱਖਾਂ ਦੇ ਸਾਹਮਣਾ ਕਰਦੇ ਹੋਏ, ਯਿਸੂ ਨੇ ਆਰਾਮ ਦੇ ਲਈ ਪ੍ਰਾਥਨਾ ਕੀਤੀ:

> ਉਸਨੇ ਬਾਗ਼ ਦੇ ਵਿੱਚ ਇਸ ਪ੍ਰਕਾਰ ਪ੍ਰਾਥਨਾ ਨਹੀਂ ਕੀਤੀ, "ਹੇ, ਪ੍ਰਭੂ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਕਿ ਤੁਸੀਂ ਮੈਨੂੰ ਆਪਣੇ ਸਥਾਨ ਦੇ ਦੁੱਖ ਝੱਲਣ ਦੇ ਲਈ ਚੁਣਿਆ।" ਨਹੀਂ, ਉਸਨੇ ਦੁੱਖ, ਡਰ, ਤਿਆਗੇ ਜਾਣ ਅਤੇ ਕਿਤੇ ਨਾ ਕਿਤੇ ਨਿਰਾਸ਼ਾ ਦਾ ਸਾਹਮਣਾ ਕੀਤਾ। ਫਿਰ ਵੀ ਉਸਨੇ ਇਸਨੂੰ ਝੱਲਿਆ ਕਿਉਂਕਿ ਉਹ ਜਾਣਦਾ ਸੀ ਉਸਦਾ ਪਿਤਾ ਬ੍ਰਹਿਮੰਡ ਦੇ ਕੇਂਦਰੀ ਸਥਾਨ ਵਿੱਚ ਨਿਵਾਸ ਕਰਦਾ ਹੈ, ਪਿਆਰ ਦਾ ਅਜਿਹਾ ਪਰਮੇਸ਼ੁਰ ਜਿਸ ਤੇ ਆਪਣੇ ਆਸ-ਪਾਸ ਦੇ ਦੁੱਖਾਂ ਦੇ ਬਾਵਜੂਦ ਭਰੋਸਾ ਕੀਤਾ ਜਾ ਸਕਦਾ ਸੀ।[9]

ਦੁੱਖਾਂ ਦਾ ਸਾਹਮਣਾ ਕਰਦੇ ਹੋਏ ਸਾਨੂੰ ਆਪਣੇ ਆਪ ਨੂੰ ਅਸਲੀਅਤ ਨਾਲੋਂ ਜਿਆਦਾ ਮਜ਼ਬੂਤ ਹੋਣ ਦਾ ਵਿਖਾਵਾ ਨਹੀਂ ਕਰਨਾ ਚਾਹੀਦਾ। ਅੱਯੂਬ ਦੀ ਤਰ੍ਹਾਂ ਅਸੀਂ ਆਪਣੇ ਦੁੱਖਾਂ ਦੇ ਸਮੇਂ ਰੋ ਸਕਦੇ ਹਾਂ। ਆਪਣੀ ਮਨੁੱਖਤਾਈ ਦੇ ਵਿੱਚ, ਯਿਸੂ ਨੇ ਵੀ ਇਹੀ ਕੀਤਾ! ਪਰ ਯਿਸੂ ਦੀ ਤਰ੍ਹਾਂ ਹੀ ਅਸੀਂ ਵਿਸ਼ਵਾਸਯੋਗ ਬਣੇ ਰਹਿ ਸਕਦੇ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਡੇ ਪਿਤਾ ਦੇ ਕੋਲ ਸਭਨਾਂ ਵਸਤਾਂ ਤੇ ਕਾਬੂ ਹੈ।

---

[9] Philip Yancey, *The Jesus I Never Knew.* (Grand Rapids: Zondervan, 1995), 161

ਅਸੀਂ ਪ੍ਰਾਥਨਾ ਦੇ ਵਿੱਚ ਹੀ ਪਿਤਾ ਦੀ ਇੱਛਾ ਨੂੰ ਸਵੀਕਾਰ ਕਰ ਸਕਦੇ ਹਾਂ। ਦੁੱਖਾਂ ਦੇ ਸਮੇਂ ਯਿਸੂ ਦੀ ਪ੍ਰਾਥਨਾ ਕਰਨ ਦੀ ਕੁੰਜੀ, ਅਤੇ ਦੁੱਖਾਂ ਦੇ ਵਿੱਚ ਸਾਡੇ ਦੁਆਰਾ ਪ੍ਰਾਥਨਾ ਕਰਨ ਦੀ ਕੁੰਜੀ ਪਿਤਾ ਦੀ ਇੱਛਾ ਦੇ ਅੱਗੇ ਸਮਰਪਿਤ ਹੋਣਾ ਹੈ: ਪਰ ਮੇਰੀ ਨਹੀਂ, ਸਗੋਂ ਤੁਹਾਡੀ ਮਰਜੀ ਪੂਰੀ ਹੋਵੇ।"

## ਪ੍ਰਾਥਨਾ ਦੇ ਬਾਰੇ ਯਿਸੂ ਦੀ ਸਿੱਖਿਆ

ਯਿਸੂ ਨੇ ਪ੍ਰਾਥਨਾ ਦੇ ਮਹੱਤਵ ਨੂੰ ਸਿਰਫ਼ ਆਪਣੇ ਨਮੂਨੇ ਦੇ ਵਿੱਚ ਹੀ ਨਹੀਂ ਵਿਖਾਇਆ, ਪਰ ਉਸਨੇ ਪ੍ਰਾਥਨਾ ਦੇ ਬਾਰੇ ਬਹੁਤ ਕੁਝ ਸਿਖਾਇਆ। ਯਿਸੂ ਜਾਣਦਾ ਸੀ ਕਿ ਉਸਦੇ ਪੈਰੋਕਾਰਾਂ ਦੇ ਆਤਮਿਕ ਜੀਵਨ ਲਈ ਪ੍ਰਾਥਨਾ ਦੀ ਬਹੁਤ ਜਿਆਦਾ ਲੋੜ ਸੀ। ਇਸੇ ਕਾਰਨ, ਉਸਨੇ ਆਪਣੇ ਚੇਲਿਆਂ ਨੂੰ ਪ੍ਰਾਥਨਾ ਕਰਨ ਦੀ ਸਿਖਲਾਈ ਦਿੱਤੀ।

### ਪਹਾੜੀ ਉਪਦੇਸ਼ ਦੇ ਵਿੱਚ ਯਿਸੂ ਦੀ ਸਿੱਖਿਆ

► ਪੜ੍ਹੋ ਮੱਤੀ 6:1-18.

ਪਹਾੜੀ ਉਪਦੇਸ਼ ਦੇ ਵਿੱਚ, ਯਿਸੂ ਨੇ ਆਤਮਿਕ ਕਿਰਿਆ ਦੇ ਤਿੰਨ ਖੇਤਰਾਂ ਦੇ ਬਾਰੇ ਸਿਖਾਇਆ: ਗ਼ਰੀਬਾਂ ਨੂੰ ਦੇਣਾ, ਪ੍ਰਾਥਨਾ ਅਤੇ ਵਰਤ ਰੱਖਣਾ। ਉਸਦੀ ਸਿੱਖਿਆ ਤੋਂ ਇਹ ਸਪੱਸ਼ਟ ਹੈ ਕਿ ਯਿਸੂ ਦੇ ਅਨੁਸਾਰ ਇਹ ਉਸਦੇ ਚੇਲਿਆਂ ਦੇ ਲਈ ਸਾਧਾਰਨ ਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ। ਯਿਸੂ ਨੇ ਅਜਿਹਾ ਨਹੀਂ ਕਿਹਾ, "ਜੇਕਰ ਤੁਸੀਂ ਗ਼ਰੀਬਾਂ ਨੂੰ ਦਾਨ ਦਿਉ..." ਜਾਂ "ਜੇਕਰ ਤੁਸੀਂ ਪ੍ਰਾਥਨਾ ਕਰੋ..." ਜਾਂ "ਜੇਕਰ ਤੁਸੀਂ ਵਰਤ ਰੱਖੋ..." ਉਸਨੇ ਉਮੀਦ ਕੀਤੀ ਕਿ ਉਸਦੇ ਪੈਰੋਕਾਰ ਦਾਨੀ, ਪ੍ਰਾਥਨਾ ਕਰਨ ਵਾਲੇ ਅਤੇ ਸਵੈ-ਅਨੁਸ਼ਾਸਿਤ ਹੋਣ।

ਯਿਸੂ ਨੇ ਵਿਖਾਇਆ ਕਿ ਜੇਕਰ ਇਹ ਭਲੇ ਕੰਮ ਭ੍ਰਿਸ਼ਟ ਇਰਾਦੇ ਨਾਲ ਕੀਤੇ ਜਾਣ ਤਾਂ ਇਹ ਅਰਥਹੀਨ ਹੋ ਸਕਦੇ ਹਨ। ਪੁਰਾਤਨ ਸਮੇਂ ਦੇ ਵਿੱਚ ਕਪਟੀ ਇੱਕ ਅਜਿਹਾ ਕਲਾਕਾਰ ਸੀ ਜੋ ਅਲੱਗ-ਅਲੱਗ ਭੂਮਿਕਾਵਾਂ ਨਿਭਾਉਣ ਦੇ ਲਈ ਅਲੱਗ-ਅਲੱਗ ਮਖੋਟਿਆਂ ਨੂੰ ਪਹਿਨਦਾ ਸੀ। ਦੂਸਰਿਆਂ ਦੇ ਸਾਹਮਣੇ "ਇੱਕ ਧਾਰਮਿਕ ਭੂਮਿਕਾ ਨਿਭਾਉਣੀ" ਸੰਭਵ ਹੈ।

- ਇਹ ਸੰਭਵ ਹੈ ਕਿ ਦੂਸਰਿਆਂ ਨੂੰ ਸਾਡੀ ਖੁੱਲ੍ਹਦਿਲੀ ਦੇ ਵਿਖੇ ਪ੍ਰਭਾਵਿਤ ਕਰਨ ਦੇ ਲਈ ਅਸੀਂ ਗ਼ਰੀਬਾਂ ਨੂੰ ਦਾਨ ਦਈਏ। ਯਿਸੂ ਨੇ ਕਿਹਾ, "ਉਹ ਆਪਣਾ ਪ੍ਰਤੀਫ਼ਲ ਪਾ ਚੁੱਕੇ ਹਨ।"
- ਇਹ ਸੰਭਵ ਹੈ ਕਿ ਅਸੀਂ ਆਪਣੀ ਪ੍ਰਾਥਨਾ ਸੁੰਦਰ ਸ਼ਬਦਾਂ ਦੇ ਨਾਲ ਬਾਹਰ ਵਾਲਿਆਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰੀਏ। ਯਿਸੂ ਨੇ ਕਿਹਾ, "ਉਹ ਆਪਣਾ ਪ੍ਰਤੀਫ਼ਲ ਪਾ ਚੁੱਕੇ ਹਨ।"
- ਵਰਤ ਰੱਖ ਕੇ ਆਪਣੀ ਧਾਰਮਿਕਤਾ ਅਤੇ ਸਵੈ-ਅਨੁਸ਼ਾਸਨ ਦੇ ਨਾਲ ਦੂਸਰਿਆਂ ਨੂੰ ਪ੍ਰਭਾਵਿਤ ਕਰਨਾ ਸੰਭਵ ਹੈ। ਯਿਸੂ ਨੇ ਕਿਹਾ, "ਉਹ ਆਪਣਾ ਪ੍ਰਤੀਫ਼ਲ ਪਾ ਚੁੱਕੇ ਹਨ।"

ਹਰ ਮੁੱਦੇ ਦੇ ਵਿੱਚ, ਜਿਸਨੇ ਗ਼ਰੀਬਾਂ ਨੂੰ ਦਾਨ ਦਿੱਤਾ, ਪ੍ਰਾਥਨਾ ਕੀਤੀ ਜਾਂ ਵਰਤ ਰੱਖਿਆ ਇਹ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਕੀਤਾ ਗਿਆ। ਲੋਕ ਪ੍ਰਭਾਵਿਤ ਹੋ ਗਏ; ਉਸਦਾ ਉਹੀ ਪ੍ਰਤੀਫ਼ਲ ਸੀ। ਇਸ ਲਈ ਉਸਨੂੰ ਪਰਮੇਸ਼ੁਰ ਦੇ ਵੱਲੋਂ ਕੋਈ ਪ੍ਰਤੀਫ਼ਲ ਨਹੀਂ ਮਿਲੇਗਾ।

ਇੰਨਾਂ ਆਤਮਿਕ ਕੰਮਾਂ ਦੀ ਪ੍ਰੇਰਨਾ ਦਾ ਕਾਰਨ ਪਰਮੇਸ਼ੁਰ ਨੂੰ ਪ੍ਰਸੰਨ ਹੋਣਾ ਚਾਹੀਦਾ ਹੈ। ਚਾਹੇ ਇਹ ਗ਼ਰੀਬਾਂ ਨੂੰ ਦਾਨ ਦੇਣਾ ਹੋਵੇ, ਪ੍ਰਾਥਨਾ ਕਰਨਾ ਜਾਂ ਵਰਤ ਰੱਖਣਾ ਹੋਵੇ, ਸਾਡਾ ਪ੍ਰਤੀਫ਼ਲ ਪਰਮੇਸ਼ੁਰ ਆਪ ਹੈ। ਸਾਨੂੰ ਇਹ ਸਾਰੇ ਕੰਮ ਸੰਸਾਰਿਕ ਪ੍ਰਸ਼ੰਸਾ ਦੇ ਲਈ ਨਹੀਂ ਕਰਨੇ ਚਾਹੀਦੇ। ਇਸਦੀ ਬਜਾਏ ਸਾਨੂੰ ਇਹ ਸਭ ਪਰਮੇਸ਼ੁਰ ਤੇ ਸਦਾ ਨਿਰਭਰ ਰਹਿਣ ਦੀ ਇੱਛਾ ਦੇ ਨਾਲ ਕਰਨੇ ਚਾਹੀਦੇ ਹਨ।

ਯਿਸੂ ਨੇ ਆਪਣੇ ਚੇਲਿਆਂ ਨੂੰ ਇਸ ਸਾਧਾਰਨ ਅਤੇ ਸਿੱਧੇ ਤਰੀਕੇ ਨਾਲ ਪ੍ਰਾਥਨਾ ਕਰਨੀ ਸਿਖਾਈ:

> ਹੇ ਸਾਡੇ ਪਿਤਾ, ਜੋ ਸਵਰਗ ਵਿੱਚ ਹੈਂ, ਤੁਹਾਡਾ ਨਾਮ ਪਾਕ ਮੰਨਿਆ ਜਾਵੇ। ਤੁਹਾਡਾ ਰਾਜ ਆਵੇ, ਤੁਹਾਡੀ ਮਰਜੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਧਰਤੀ ਤੇ ਵੀ ਹੋਵੇ। ਸਾਡੇ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ। ਸਾਡੇ ਕਸੂਰ ਸਾਨੂੰ ਮਾਫ ਕਰ, ਜਿਵੇਂ ਅਸੀਂ ਆਪਣੇ ਕਸੂਰਵਾਰਾਂ ਨੂੰ ਮਾਫ ਕਰਦੇ ਹਾਂ। ਸਾਨੂੰ ਪਰਤਾਵੇ ਵਿੱਚ ਨਾ ਪਾ, ਸਗੋਂ ਬੁਰਿਆਈ ਤੋਂ ਬਚਾ (ਮੱਤੀ 6:9-13)।

ਇਹ ਉਨ੍ਹਾਂ ਖਾਲੀ ਵਾਕਾਂ ਦੀ ਤਰ੍ਹਾਂ ਬਿਨਾਂ ਸੋਚੇ ਦੁਹਰਾਏ ਜਾਣ ਵਾਲੀ ਪ੍ਰਾਥਨਾ ਨਹੀਂ ਜਿੰਨਾਂ ਦੀ ਨਿੰਦਾ ਯਿਸੂ ਨੇ ਮੱਤੀ 6:7-8 ਵਿੱਚ ਕੀਤੀ ਹੈ, ਇਹ ਪ੍ਰਾਥਨਾ ਉਨ੍ਹਾਂ ਰਵੱਈਆਂ ਦਾ ਨਮੂਨਾ ਹੈ ਜਿਸ ਦੇ ਦੁਆਰਾ ਸਾਡੀ ਪ੍ਰਾਥਨਾਵਾਂ ਦੀ ਅਗਵਾਈ ਹੋਣੀ ਚਾਹੀਦੀ ਹੈ।

***ਸੰਬੰਧ***

"ਹੇ ਸਾਡੇ ਪਿਤਾ, ਜੋ ਸਵਰਗ ਵਿੱਚ ਹੈਂ" ਇਹ ਪਰਮੇਸ਼ੁਰ ਦੇ ਨਾਲ ਨੇੜਤਾ ਦੇ ਸੰਬੰਧ ਨੂੰ ਦਰਸਾਉਂਦਾ ਹੈ। ਅਸੀਂ ਪਰਮੇਸ਼ੁਰ ਨੂੰ ਇੱਕ ਦੂਰ ਬੈਠੇ ਈਸ਼ਵਰ ਦੀ ਤਰ੍ਹਾਂ ਮੰਨਣ ਦੀ ਬਜਾਏ, ਉਸਨੂੰ ਇੱਕ ਅਜਿਹੇ ਪਿਤਾ ਦੇ ਵੱਜੋਂ ਮੰਨਦੇ ਹਾਂ ਜੋ ਆਪਣੇ ਬੱਚਿਆਂ ਨੂੰ ਚੰਗੀਆਂ ਵਸਤਾਂ ਦੇਣਾ ਪਸੰਦ ਕਰਦਾ ਹੈ (ਮੱਤੀ 7:11)। ਇਸ ਵਾਕ ਦੇ ਵਿੱਚ ਨੇੜਤਾ ("ਸਾਡੇ ਪਿਤਾ") ਅਤੇ ਅਧਿਕਾਰ ("ਸਵਰਗ ਵਿੱਚ") ਦੋਨਾਂ ਨੂੰ ਹੀ ਦਰਸਾਉਂਦਾ ਹੈ। ਪਰਮੇਸ਼ੁਰ ਜਲਾਲੀ ਅਤੇ ਨਿੱਜੀ ਦੋਵੇਂ ਹੈ।

### *ਆਦਰ*

"ਤੁਹਾਡਾ ਨਾਮ ਪਾਕ ਮੰਨਿਆ ਜਾਵੇ" ਇਹ ਸਾਡੇ ਅਤੇ ਸਵਰਗੀ ਪਿਤਾ ਦੇ ਵਿੱਚਕਾਰ ਅੰਤਰ ਨੂੰ ਦਰਸਾਉਂਦਾ ਹੈ। ਭਾਵੇਂ ਕਿ ਪਰਮੇਸ਼ੁਰ ਪਿਆਰ ਕਰਨ ਵਾਲਾ ਪਿਤਾ ਹੈ, ਉਹ ਪਵਿੱਤਰ ਹੈ।[10] ਜਿਵੇਂ ਉਪਦੇਸ਼ਕ ਦੀ ਪੋਥੀ ਦੇ ਬੁੱਧੀਮਾਨ ਵਿਅਕਤੀ ਨੇ ਸਿੱਖਿਆ, ਸਾਨੂੰ ਪਰਮੇਸ਼ੁਰ ਦੀ ਹਜੂਰੀ ਦੇ ਵਿੱਚ ਸ਼ਰਧਾ ਅਤੇ ਭੈ ਦੇ ਨਾਲ ਜਾਣਾ ਚਾਹੀਦਾ ਹੈ (ਉਪਦੇਸ਼ਕ 5:2)

### *ਸਮਰਪਣ*

"ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ

ਜਮੀਨ ਉੱਤੇ ਵੀ ਹੋਵੇ।" ਇਹ ਉਸਦੇ ਅਧਿਕਾਰ ਦੇ ਅੱਗੇ ਸਾਡੀ ਅਧੀਨਗੀ ਦੀ ਇੱਛਾ ਨੂੰ ਦਰਸਾਉਂਦਾ ਹੈ। ਜਿਵੇਂ ਸਵਰਗ ਦੇ ਵਿੱਚ ਪਰਮੇਸ਼ੁਰ ਦੀ ਮਰਜੀ ਸੰਪੂਰਨਤਾਈ ਦੇ ਵਿੱਚ ਪੂਰੀ ਹੁੰਦੀ ਹੈ, ਸਾਨੂੰ ਪ੍ਰਾਥਨਾ ਕਰਨੀ ਚਾਹੀਦੀ ਹੈ ਕਿ ਧਰਤੀ ਦੇ ਵਿੱਚ ਇਸੇ ਪ੍ਰਕਾਰ ਹੋਵੇ।

### *ਪ੍ਰਦਾਨ ਕਰਨਾ*

ਇਸ ਸੰਸਾਰ ਦੀ ਇੱਕ ਵੱਡੀ ਜਨਸੰਖਿਆ ਨੂੰ ਉਨ੍ਹਾਂ ਦੇ ਭੋਜਨ ਲਈ ਪ੍ਰਤੀਦਿਨ ਕੰਮ ਕਰਨਾ ਪੈਂਦਾ ਹੈ। "ਸਾਡੇ ਰੋਜ਼ ਦੀ ਰੋਟੀ ਅੱਜ ਸਾਨੂੰ ਦਿਹ" ਇਹ ਪਿਤਾ ਦੇ ਉੱਤੇ ਸਾਡੇ ਪ੍ਰਤੀਦਿਨ ਦੇ ਭਰੋਸੇ ਨੂੰ ਦਰਸਾਉਂਦਾ ਹੈ। ਬੱਚਿਆਂ ਦੀ ਤਰ੍ਹਾਂ, ਅਸੀਂ ਭਰੋਸਾ ਕਰਦੇ ਹਾਂ ਕਿ ਉਹ ਸਾਡੀਆਂ ਲੋੜਾਂ ਪੂਰੀਆਂ ਕਰੇਗਾ।

### *ਇਕਰਾਰ ਕਰਨਾ*

"ਸਾਡੇ ਕਸੂਰ ਸਾਨੂੰ ਮਾਫ ਕਰ, ਜਿਵੇਂ ਅਸੀਂ ਆਪਣੇ ਕਸੂਰਵਾਰਾਂ ਨੂੰ ਮਾਫ ਕਰਦੇ ਹਾਂ।" ਲੂਕਾ 11:2-4 ਦੇ ਵਿੱਚ ਇਸੇ ਪ੍ਰਕਾਰ ਪ੍ਰਾਥਨਾ ਦੱਸੀ ਗਈ ਹੈ "ਸਾਡੇ ਪਾਪ ਸਾਨੂੰ ਮਾਫ਼ ਕਰ,ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ।" ਕਿਉਂਕਿ ਸਾਡਾ ਪਾਪ ਅਜਿਹੇ ਕਰਜੇ ਦੀ ਤਰ੍ਹਾਂ ਜੋ ਅਸੀਂ ਪਰਮੇਸ਼ੁਰ ਨੂੰ ਅਦਾ ਕਰਨਾ ਹੈ (ਕੁਲੁੱਸੀਆਂ 2:14) ਮੱਤੀ ਅਤੇ ਲੂਕਾ ਵਿੱਚ ਇਸਦਾ ਇੱਕ ਸਮਾਨ ਅਰਥ ਹੈ।

ਸਾਡੀ ਮਾਫੀ ਨੂੰ ਦੂਸਰਿਆਂ ਨੂੰ ਮਾਫ਼ ਕਰਨ ਦੇ ਨਾਲ ਜੋੜ ਕੇ ਯਿਸੂ ਨੇ ਇਹ ਨਹੀਂ ਸਿਖਾਇਆ ਕਿ ਅਸੀਂ ਆਪਣੀ ਮਾਫੀ ਨੂੰ ਕਮਾ ਸਕਦੇ ਹਾਂ। ਇਸਦੀ ਬਜਾਏ, ਅਸੀਂ ਜੋ ਮਾਫ਼ ਕੀਤੇ ਗਏ ਹਾਂ ਉਨ੍ਹਾਂ ਨੂੰ ਆਪਣੀ ਮਰਜੀ ਨਾਲ ਮਾਫ ਕਰਦੇ ਹਾਂ ਜੋ ਸਾਡੇ ਵਿਰੁੱਧ ਗ਼ਲਤ ਕਰਦੇ

---

[10] ਸ਼ਬਦ "ਪਾਕ" ਦਾ ਅਰਥ ਹੈ "ਪਵਿੱਤਰ" ਜਾਂ "ਵੱਖਰਾ ਕੀਤਾ ਹੋਇਆ"

ਹਨ। ਯਿਸੂ ਦੁਆਰਾ ਮਾਫ਼ ਕਰਨ ਵਾਲੇ ਨੌਕਰ ਦਾ ਦ੍ਰਿਸ਼ਟਾਂਤ ਸਾਡੀ ਮਾਫੀ ਅਤੇ ਦੂਸਰਿਆਂ ਨੂੰ ਮਾਫ਼ ਕਰਨ ਦੀ ਇੱਛਾ ਵਿੱਚਕਾਰ ਸੰਬੰਧ ਨੂੰ ਵਿਖਾਉਂਦਾ ਹੈ (ਮੱਤੀ 18:21-35)।

### *ਜਿੱਤ*

"ਸਾਨੂੰ ਪਰਤਾਵੇ ਵਿੱਚ ਨਾ ਪਾ, ਸਗੋਂ ਬੁਰਿਆਈ ਤੋਂ ਬਚਾ" ਇਹ ਪਰਤਾਵੇ ਅਤੇ ਪ੍ਰੀਖਿਆ ਤੇ ਜਿੱਤ ਦੇ ਲਈ ਪ੍ਰਾਥਨਾ ਹੈ। ਪਰਮੇਸ਼ੁਰ ਕਦੇ ਆਪਣੇ ਬੱਚਿਆਂ ਨੂੰ ਨਹੀਂ ਪਰਤਾਉਂਦਾ (ਯਾਕੂਬ 1:13), ਪਰ ਸਾਡੇ ਵਿੱਚੋਂ ਹਰ ਕੋਈ ਪਰਤਾਵੇ ਅਤੇ ਪ੍ਰੀਖਿਆ ਦਾ ਸਾਹਮਣਾ ਕਰਦਾਹੈ। ਉਨ੍ਹਾਂ ਸਮਿਆਂ ਦੇ ਵਿੱਚ, ਪਰਮੇਸ਼ੁਰ ਕਦੇ ਵੀ ਸਾਡੇ ਸਹਿ ਸਕਣ ਤੋਂ ਜਿਆਦਾ ਪਰਤਾਏ ਜਾਣ ਦੀ ਪ੍ਰਵਾਨਗੀ ਨਹੀਂ ਦਿੰਦਾ (1 ਕੁਰਿੰਥੀਆਂ 10:13)।

## ਦਿਲੇਰੀ ਦੀ ਪ੍ਰਾਥਨਾ ਬਾਰੇ ਯਿਸੂ ਦੀ ਸਿੱਖਿਆ

► ਪੜ੍ਹੋ ਲੂਕਾ 11:1-13.

ਲੂਕਾ ਪ੍ਰਭੂ ਦੀ ਪ੍ਰਾਥਨਾ ਦੇ ਬਾਅਦ ਇੱਕ ਦ੍ਰਿਸ਼ਟਾਂਤ ਦਿੰਦਾ ਹੈ ਜਿਸ ਵਿੱਚ ਅਜਿਹੇ ਪਿਤਾ ਦੇ ਅੱਗੇ ਦਿਲੇਰੀ ਨਾਲ ਪ੍ਰਾਥਨਾ ਕਰਨ ਬਾਰੇ ਸਿਖਾਉਂਦਾ ਹੈ ਜੋ ਆਪਣੇ ਬੱਚਿਆਂ ਨੂੰ ਚੰਗੀਆਂ ਵਸਤਾਂ ਦੇਣਾ ਪਸੰਦ ਕਰਦਾ ਹੈ। ਮੱਧ ਪੂਰਬ ਦੇ ਵਿੱਚ ਕਿਸੇ ਮਹਿਮਾਨ ਦੀ ਖਾਤਿਰਦਾਰੀ ਕਰਨ ਦੇ ਲਈ ਕਿਸੇ ਗੁਆਂਢੀ ਦੇ ਕੋਲੋਂ ਉਧਾਰ ਲੈਣਾ ਆਮ ਗੱਲ ਸੀ। ਜੇਕਰ ਕੋਈ ਮਨੁੱਖ ਦਿਲੇਰੀ ਨਾਲ ਮੰਗਦਾ ਸੀ ਤਾਂ ਉਸਦਾ ਗੁਆਂਢੀ ਉਸਦੀ ਜਰੂਰਤ ਅਨੁਸਾਰ ਉਸਨੂੰ ਦੇ ਦਿੰਦਾ ਸੀ। ਉਸ ਸਭਿਆਚਾਰ ਦੇ ਵਿੱਚ, ਕਿਸੇ ਬੇਨਤੀ ਨੂੰ ਮਨ੍ਹਾ ਕਰਨਾ ਬਹੁਤ ਬੁਰਾ ਸਮਝਿਆ ਜਾਂਦਾ ਸੀ। ਜੇਕਰ ਗੁਆਂਢੀ ਆਪਣੀ ਪਰਿਵਾਰ ਨੂੰ ਤੰਗ ਨਹੀਂ ਵੀ ਕਰਨਾ ਚਾਹੁੰਦਾ ਸੀ, ਫਿਰ ਵੀ ਉਹ ਸਹਾਇਤਾ ਦੀ ਬੁਲਾਹਟ ਦਾ ਇਨਕਾਰ ਨਹੀਂ ਕਰਦਾ ਸੀ।

ਇੱਕ ਵੱਡੇ ਪੱਧਰ ਤੇ, ਪਰਮੇਸ਼ੁਰ ਆਪਣੇ ਉਨ੍ਹਾਂ ਬੱਚਿਆਂ ਨੂੰ ਚੰਗੀਆਂ ਵਸਤਾਂ ਦਿੰਦਾ ਹੈ ਜੋ ਦਿਲੇਰੀ ਨਾਲ ਮੰਗਦੇ ਹਨ। ਜਿਵੇਂ ਇਸ ਦ੍ਰਿਸ਼ਟਾਂਤ ਦੇ ਵਿੱਚ ਮਨੁੱਖ ਦਿਲੇਰੀ ਨਾਲ ਮੰਗਦਾ ਹੈ, ਅਸੀਂ ਵੀ ਵਿਸ਼ਵਾਸ ਦੇ ਨਾਲ ਆਪਣੇ ਸਵਰਗੀ ਪਿਤਾ ਦੇ ਕੋਲ ਜਾ ਸਕਦੇ ਹਾਂ। ਅਜਿਹਾ ਕਿਉਂ? ਅਜਿਹਾ ਨਹੀਂ ਹੈ ਕਿ ਪਰਮੇਸ਼ੁਰ ਸਾਡੀ ਬੇਨਤੀ ਦਾ ਇਨਕਾਰ ਕਰਨ ਤੋਂ ਸ਼ਰਮਾਏਗਾ, ਪਰ ਇਸ ਲਈ ਕਿਉਂਕਿ ਸਾਨੂੰ ਮੰਗਣ, ਭਾਲਣ ਅਤੇ ਖੜਕਾਉਣ ਦੀ ਪ੍ਰਵਾਨਗੀ ਮਿਲੀ ਹੋਈ ਹੈ (ਲੂਕਾ 11:9)।

### ਇੱਕ ਨੇੜੇ ਦੀ ਝਾਤ: ਸਿਖਾਉਣ ਦੀ ਇਬਰਾਨੀ ਸ਼ੈਲੀ

ਲੂਕਾ 11:1-13 ਦੇ ਵਿੱਚ ਯਿਸੂ ਇੱਕ ਅਜਿਹੇ ਮਨੁੱਖ ਦੀ ਕਹਾਣੀ ਦੱਸਦਾ ਹੈ ਜੋ ਆਪਣੇ ਬਿਸਤਰ ਤੋਂ ਉੱਠ ਕੇ ਆਪਣੇ ਉਸ ਗੁਆਂਢੀ ਦੀ ਸਹਾਇਤਾ ਨਹੀਂ ਕਰਨਾ ਚਾਹੁੰਦਾ ਜੋ ਆਪਣੇ ਦੋਸਤ ਦੇ ਲਈ ਖਾਣਾ ਉਧਾਰ ਮੰਗਣ ਦੇ ਲਈ ਆਇਆ ਹੈ।

ਇਸ ਦ੍ਰਿਸ਼ਟਾਂਤ ਨੂੰ ਸਮਝਣ ਦੇ ਲਈ, ਤੁਹਾਨੂੰ ਸਿਖਾਉਣ ਦੀ ਇਬਰਾਨੀ ਸ਼ੈਲੀ ਨੂੰ ਸਮਝਣਾ ਪਵੇਗਾ-ਇਹ ਛੋਟੇ ਤੋਂ ਵੱਡੇ ਤਰਕ ਦੇ ਬਾਰੇ ਹੈ। ਸਿਖਾਉਣ ਦਾ ਇਹ ਤਰੀਕਾ ਦੱਸਦਾ ਹੈ, "ਜੇਕਰ (ਛੋਟੀ) ਗੱਲ ਸੱਚੀ ਹੈ ਤਾਂ ਫਿਰ (ਵੱਡੀ ਗੱਲ) **ਕਿੰਨੀ ਜਿਆਦਾ** ਸੱਚੀ ਹੋਵੇਗੀ।" ਅੱਜ ਅਸੀਂ ਕਹਿ ਸਕਦੇ ਹਾਂ, "ਜੇਕਰ ਕੋਈ ਵਿਅਕਤੀ ਕਿਸੇ ਓਪਰੇ ਨੂੰ ਖੁਆ ਸਕਦਾ ਹੈ (ੳ), ਤਾਂ ਫਿਰ **ਕਿੰਨਾ ਵਧੀਕ** ਇੱਕ ਪਿਆਰ ਕਰਨ ਵਾਲਾ ਪਿਤਾ ਆਪਣੇ ਬੱਚਿਆਂ ਨੂੰ ਖਿਲਾਏਗਾ (ਅ)।"

ਜਦੋਂ ਤੁਸੀਂ ਦ੍ਰਿਸ਼ਟਾਂਤ ਨੂੰ ਪੜਦੇ ਹੋ ਤਾਂ ਇਹ ਨਾ ਸੋਚੋ ਕਿ ਪਰਮੇਸ਼ੁਰ ਉਸ ਹਿਚਕਚਾਉਂਦੇ ਹੋਏ ਗੁਆਂਢੀ ਜਿਹਾ ਹੈ। ਮੈਨੂੰ ਉਸਨੂੰ ਆਪਣੀਆਂ ਪ੍ਰਾਥਨਾਵਾਂ ਦੇ ਉੱਤਰ ਲਈ ਮਨਾਉਣਾ ਪਵੇਗਾ।" ਇਸਦੀ ਬਜਾਏ ਯਿਸੂ ਇੱਕ ਹਿਚਕਚਾਉਣ ਵਾਲੇ ਮਿੱਤਰ ਦੇ ਉਲਟ ਇੱਕ ਇਛੁੱਕ ਸਵਰਗੀ ਪਿਤਾ ਨੂੰ ਪੇਸ਼ ਕਰਦਾ ਹੈ। ਜੇਕਰ ਧਰਤੀ ਦਾ ਗੁਆਂਢੀ ਇੱਕ ਦਿਲੇਰੀ ਵਾਲੀ ਬੇਨਤੀ ਤੇ ਪ੍ਰਤੀਕਿਰਿਆ ਕਰਦਾ ਹੈ, ਤਾਂ ਫਿਰ **ਕਿੰਨਾ ਵਧੀਕ** ਸਵਰਗੀ ਪਿਤਾ ਆਪਣੇ ਬੱਚਿਆਂ ਦੇ ਲਈ ਪ੍ਰਤੀਕਿਰਿਆ ਕਰੇਗਾ!

## ਪ੍ਰਾਥਨਾ ਦੇ ਬਾਰੇ ਯਿਸੂ ਦੀ ਸਿੱਖਿਆ (ਜਾਰੀ ਹੈ)

### ਦਿਲੇਰੀ ਦੀ ਪ੍ਰਾਥਨਾ ਬਾਰੇ ਯਿਸੂ ਦੀ ਸਿੱਖਿਆ (ਜਾਰੀ ਹੈ)

#### *ਪ੍ਰਾਥਨਾ ਇੱਕ ਸੰਬੰਧ ਹੈ।*

ਜੇਕਰ ਪਰਮੇਸ਼ੁਰ ਆਪਣੇ ਬੱਚਿਆਂ ਦੀਆਂ ਪ੍ਰਾਥਨਾਵਾਂ ਦੇ ਉੱਤਰ ਦੇਣੇ ਚਾਹੁੰਦਾ ਹੈ, ਤਾਂ ਫਿਰ ਕਈ ਵਾਰ ਉਸਦੇ ਉੱਤਰ ਦੇਣ ਵਿੱਚ ਦੇਰ ਕਿਉਂ ਲੱਗਦੀ ਹੈ? ਮੰਗਣਾ, ਭਾਲਣਾ ਅਤੇ ਖੜਕਾਉਣਾ ਵਰਤਮਾਨ ਕਾਲ ਦੀ ਆਗਿਆ ਹੈ। ਇਸਦਾ ਭਾਵ ਹੈ ਕਿ ਸਾਨੂੰ ਲਗਾਤਾਰ ਮੰਗਦੇ, ਭਾਲਦੇ ਅਤੇ ਖੜਕਾਉਂਦੇ ਰਹਿਣਾ ਹੋਵੇਗਾ। ਅਜਿਹਾ ਕਿਉਂ ਹੈ?

> ਪ੍ਰਾਥਨਾ ਵਸਤਾਂ ਦੀ ਮੰਗ ਕਰਨ ਬਾਰੇ ਜਾਂ ਸਾਡੀਆਂ ਇੱਛਾਵਾਂ ਦੀ ਪੂਰਤੀ ਬਾਰੇ ਨਹੀਂ ਹੈ, ਪ੍ਰਾਥਨਾ ਪਰਮੇਸ਼ੁਰ ਤੋਂ ਮੰਗਣਾ ਅਤੇ ਆਪਣੀਆਂ ਜਰੂਰਤਾਂ ਦੀ ਪੂਰਤੀ ਕਰਨਾ ਹੈ-
> ਫਿਲਿਪ ਯੈਂਸੀ

ਇੱਕ ਕਾਰਨ ਕਿ ਪ੍ਰਾਥਨਾ ਕੁਝ ਬੇਨਤੀਆਂ ਦੀ ਸੂਚੀ ਦੇਣ ਨਾਲੋਂ ਕਿਤੇ ਵੱਧ ਹੈ ਉਹ ਇਹ ਹੈ। ਪ੍ਰਾਥਨਾ ਪਰਮੇਸ਼ੁਰ ਦੇ ਨਾਲ ਲਗਾਤਾਰ ਚੱਲਣ ਵਾਲਾ ਸੰਬੰਧ ਹੈ। ਜਿਵੇਂ ਪੌਲੁਸ ਨੇ ਸਾਨੂੰ ਆਗਿਆ ਦਿੱਤੀ ਹੈ "ਲਗਾਤਾਰ ਪ੍ਰਾਥਨਾ ਕਰੋ" (1 ਥੱਸਲੁਨੀਕੀਆਂ 5:17) ਯਿਸੂ ਸਾਨੂੰ ਲਗਾਤਾਰ ਮੰਗਣ, ਭਾਲਣ ਅਤੇ ਖੜਕਾਉਣ ਦੀ ਆਗਿਆ ਦਿੰਦਾ ਹੈ। ਪਰਮੇਸ਼ੁਰ ਨੇ ਨਾਲ ਇਸ ਲਗਾਤਾਰ ਚੱਲਣ ਵਾਲੀ ਗੱਲਬਾਤ ਦੇ ਨਾਲ, ਸਾਡਾ ਉਸਦੇ ਨਾਲ ਸੰਬੰਧ ਹੋਰ ਡੂੰਘਾ ਹੁੰਦਾ ਜਾਂਦਾ ਹੈ। ਪ੍ਰਾਥਨਾ ਬੇਨਤੀਆਂ ਦੀ ਸੂਚੀ ਨਾਲੋਂ ਕਿਤੇ ਵੱਧ ਹੈ; ਪ੍ਰਾਥਨਾ ਇੱਕ ਸੰਬੰਧ ਹੈ।

## ਲਗਾਤਾਰ ਕੀਤੇ ਜਾਣ ਵਾਲੀ ਪ੍ਰਾਥਨਾ ਦੇ ਬਾਰੇ ਦ੍ਰਿਸ਼ਟਾਂਤ

ਲੂਕਾ 17, ਦੇ ਵਿੱਚ ਫ਼ਰੀਸੀਆਂ ਨੇ ਯਿਸੂ ਤੋਂ ਪੁੱਛਿਆ ਕਿ ਪਰਮੇਸ਼ੁਰ ਦਾ ਰਾਜ ਕਦੋਂ ਆਵੇਗਾ। ਉਸਦੇ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਸ਼ਾਨਦਾਰ ਚਿੰਨ੍ਹਾਂ ਦੀ ਉਮੀਦ ਨਹੀਂ ਕਰਨੀ ਚਾਹੀਦੀ। ਇਸਦੀ ਬਜਾਏ, ਉਸਨੇ ਉਨ੍ਹਾਂ ਨੂੰ ਕਿਹਾ, "ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚਕਾਰ ਹੈ" (ਲੂਕਾ 17:20-21)। ਜੋ ਯਿਸੂ ਦੇ ਪਿੱਛੇ ਚੱਲ ਰਹੇ ਸਨ ਪਰਮੇਸ਼ੁਰ ਦਾ ਰਾਜ ਉਨ੍ਹਾਂ ਦੇ ਵਿੱਚ ਪਹਿਲਾਂ ਤੋਂ ਮੌਜੂਦ ਸੀ।

ਫਿਰ ਯਿਸੂ ਆਪਣੇ ਚੇਲਿਆਂ ਦੇ ਵੱਲ ਮੁੜਿਆ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਦੇ ਬਾਰੇ ਸਿਖਾਇਆ। ਉਨ੍ਹਾਂ ਨੇ ਉਮੀਦ ਕੀਤੀ ਕਿ ਯਿਸੂ ਜਦਲੀ ਦੇ ਨਾਲ ਇੱਕ ਰਾਜਨੀਤਿਕ ਰਾਜ ਦੀ ਸਥਾਪਨਾ ਕਰ ਦੇਵੇ, ਪਰ ਯਿਸੂ ਨੇ ਆਪਣੀ ਮੌਤ ਦੇ ਬਾਅਦ ਵੀ ਉਨ੍ਹਾਂ ਨੂੰ ਇੰਤਜਾਰ ਕਰਨ ਦੇ ਲਈ ਤਿਆਰ ਕੀਤਾ। ਇੰਤਜਾਰ ਕਰਦੇ ਹੋਏ, ਉਨ੍ਹਾਂ ਨੂੰ ਲਗਾਤਾਰ ਪ੍ਰਾਥਨਾ ਵਿੱਚ ਬਣੇ ਰਹਿਣਾ ਹੈ ਅਤੇ ਹਿੰਮਤ ਨਹੀਂ ਹਾਰਨੀ ਹੈ। ਫਿਰ ਯਿਸੂ ਨੇ ਇੱਕ ਵਿਸ਼ਵਾਸਯੋਗ ਪ੍ਰਾਥਨਾ ਦੇ ਬਾਰੇ ਇੱਕ ਕਹਾਣੀ ਸੁਣਾਈ।

► ਪੜ੍ਹੋ ਲੂਕਾ 18:1-8.

ਬਹੁਤ ਸਾਰੇ ਪੁਰਾਤਨ ਨਗਰਾਂ ਦੇ ਵਿੱਚ, ਨਿਆਈਂ ਬੇਈਮਾਨ। ਕੋਈ ਵੀ ਰਿਸ਼ਵਤ ਦਿੱਤੇ ਬਿਨਾਂ ਨਿਆਂ ਸਭਾ ਵਿੱਚ ਨਹੀਂ ਆ ਸਕਦਾ ਸੀ। ਵਿਧਵਾ ਦੇ ਕੋਲ ਨਿਆਈਂ ਨੂੰ ਰਿਸ਼ਵਤ ਦੇਣ ਦੇ ਲਈ ਕੋਈ ਪੈਸਾ ਨਹੀਂ ਸੀ, ਇਸ ਕਰਕੇ ਉਸਨੇ ਉਸਦੀ ਸੁਣਵਾਈ ਕਰਨ ਤੋਂ ਮਨ੍ਹਾ ਕਰ ਦਿੱਤਾ। ਪਰ ਇਸ ਧੀਰਜਵਾਨ ਔਰਤ ਨੇ ਹਿੰਮਤ ਨਹੀਂ ਹਾਰੀ। ਅੰਤ ਦੇ ਵਿੱਚ ਉਸ ਬੇਈਮਾਨ ਨਿਆਈਂ ਨੇ ਕਿਹਾ, "ਕਿਉਂਕਿ ਇਹ ਵਿਧਵਾ ਮੈਨੂੰ ਤੰਗ ਕਰਦੀ ਰਹਿੰਦੀ ਹੈ ਇਸ ਲਈ ਮੈਂ ਇਸਨੂੰ ਨਿਆਂ ਦੇ ਹੀ ਦੇਵਾਂਗਾ।"

ਇਸ ਦ੍ਰਿਸ਼ਟਾਂਤ ਦੇ ਵਿੱਚ ਉਸੇ ਛੋਟੇ ਅਤੇ ਵੱਡੇ ਸਿਖਾਉਣ ਦੀ ਸ਼ੈਲੀ ਦਾ ਉਪਯੋਗ ਕੀਤਾ ਗਿਆ ਹੈ ਜਿਵੇਂ ਦਿਲੇਰ ਗੁਆਂਡੀ ਦੀ ਕਹਾਣੀ ਦੇ ਵਿੱਚ ਸੀ। ਜਦੋਂ ਤੁਸੀਂ ਦ੍ਰਿਸ਼ਟਾਂਤ ਤੋਂ ਪੜਦੇ ਹੋ, ਇਹ ਗੱਲ ਸਮਝੋ:

- ਪਰਮੇਸ਼ੁਰ ਬੇਇਨਸਾਫ ਨਿਆਈਂ ਨਹੀਂ ਹੈ। ਸਾਡਾ ਪਿਤਾ ਉਸਦੇ ਚੁਣੇ ਹੋਇਆਂ ਨੂੰ ਨਿਆਂ ਦੇਣਾ ਚਾਹੁੰਦਾ ਹੈ।
- ਅਸੀਂ ਵਿਧਵਾ ਨਹੀਂ ਹਾਂ। ਉਹ ਇੱਕ ਅਜਨਬੀ ਸੀ; ਅਸੀਂ ਪਰਮੇਸ਼ੁਰ ਦੇ ਬੱਚੇ ਹਾਂ।
- ਉਹ ਨਿਆਈਂ ਦੇ ਕੋਲ ਨਹੀਂ ਜਾ ਸਕਦੀ ਸੀ, ਅਸੀਂ ਯਿਸੂ ਦੇ ਦੁਆਰਾ ਪਰਮੇਸ਼ੁਰ ਦੇ ਕੋਲ ਜਾ ਸਕਦੇ ਹਾ

> "ਪ੍ਰਾਥਨਾ ਕਿਸੇ ਕੰਮ ਲਈ ਪਰਮੇਸ਼ੁਰ ਨੂੰ ਮਨਾਉਣਾ ਨਹੀਂ ਹੈ, ਇਹ ਪਰਮੇਸ਼ੁਰ ਦੀ ਇੱਛਾ ਨੂੰ ਫੜਣਾ ਹੈ।
> -ਮਾਰਟਿਨ ਲੂਥਰ

ਇਹ ਵਿਰੋਧਾਭਾਸ ਵਾਲਾ ਦ੍ਰਿਸ਼ਟਾਂਤ ਹੈ। ਜੇਕਰ ਇੱਕ ਅਧਰਮੀ ਨਿਆਈਂ ਇੱਕ ਲਗਾਤਾਰ ਮੰਗਣ ਵਾਲੀ ਵਿਧਵਾ ਨੂੰ ਉੱਤਰ ਦੇ ਸਕਦਾ ਹੈ, ਤਾਂ **ਕਿੰਨਾ ਵਧੀਕ** ਸਾਡਾ ਸਵਰਗੀ ਪਿਤਾ ਆਪਣੇ ਬੱਚਿਆਂ ਦੀਆਂ ਪ੍ਰਾਥਨਾਵਾਂ ਦਾ ਉੱਤਰ ਦੇਵੇਗਾ।

## ਹਲੀਮੀ ਦੀ ਪ੍ਰਾਥਨਾ ਦੇ ਬਾਰੇ ਇੱਕ ਦ੍ਰਿਸ਼ਟਾਂਤ

► ਪੜ੍ਹੋ ਲੂਕਾ 18:9-14

ਪ੍ਰਾਥਨਾ ਦੇ ਬਾਰੇ ਯਿਸੂ ਦਾ ਅੱਗਲਾ ਦ੍ਰਿਸ਼ਟਾਂਤ ਉਨ੍ਹਾਂ ਦੇ ਲਈ ਸੀ "ਜੋ ਆਪਣੇ ਆਪ ਤੇ ਵਿਸ਼ਵਾਸ ਕਰਦੇ ਸਨ ਕਿ ਉਹ ਧਰਮੀ ਹਨ ਅਤੇ ਦੂਸਰਿਆਂ ਨੂੰ ਤੁੱਛ ਜਾਣਦੇ ਸਨ।" ਇਹ ਦ੍ਰਿਸ਼ਟਾਂਤ ਪ੍ਰਾਥਨਾ ਦੇ ਵਿੱਚ ਸਹੀ ਰਵੱਈਆ ਰੱਖਣਾ ਸਿਖਾਉਂਦਾ ਹੈ।

ਇਸ ਦ੍ਰਿਸ਼ਟਾਂਤ ਦਾ ਵਿਸ਼ਾ ਅੰਤ ਦੇ ਵਿੱਚ ਦਿੱਤਾ ਗਿਆ ਹੈ: "ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਉਹ ਨੀਵਾਂ ਕੀਤਾ ਜਾਵੇਗਾ, ਪਰ ਜੋ ਕੋਈ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਉਹ ਉੱਚਾ ਕੀਤਾ ਜਾਵੇਗਾ। ਫ਼ਰੀਸੀ ਸੋਚਦੇ ਸਨ ਕਿ ਪ੍ਰਾਥਨਾਵਾਂ ਉਨ੍ਹਾਂ ਦੀ ਧਾਰਮਿਕਤਾ ਦੇ ਕਾਰਨ ਸੁਣੀਆਂ ਜਾਂਦੀਆਂ ਹਨ। ਯਿਸੂ ਵਿਖਾਉਂਦਾ ਹੈ ਕਿ ਪ੍ਰਾਥਨਾਵਾਂ ਉਨ੍ਹਾਂ ਲੋਕਾਂ ਤੇ ਪਰਮੇਸ਼ੁਰ ਦੀ ਕ੍ਰਿਪਾ ਦੇ ਕਾਰਨ ਸੁਣੀਆਂ ਜਾਂਦੀਆਂ ਹਨ ਜਿੰਨ੍ਹਾਂ ਦੇ ਕੋਲ ਆਪਣੀ ਕੋਈ ਧਾਰਮਿਕਤਾ ਨਹੀਂ ਹੈ। ਕਿਸੇ ਦੇ ਕੋਲ ਵੀ ਪ੍ਰਾਥਨਾ ਦੇ ਉੱਤਰ ਦੀ ਯੋਗਤਾ ਨਹੀਂ ਹੈ; ਪਰਮੇਸ਼ੁਰ ਉਨ੍ਹਾਂ ਤੇ ਕ੍ਰਿਪਾ ਕਰਕੇ ਪ੍ਰਾਥਨਾ ਦੇ ਉੱਤਰ ਦਿੰਦਾ ਹੈ ਜੋ ਇਸਦੀ ਯੋਗਤਾ ਨਹੀਂ ਰੱਖਦੇ।

## ਲਾਗੂਕਰਨ: ਇੱਕ ਮਸੀਹੀ ਦੇ ਜੀਵਨ ਵਿੱਚ ਪ੍ਰਾਥਨਾ

ਮਸੀਹ ਜਿਹੇ ਲੋਕ ਪ੍ਰਾਥਨਾ ਕਰਨ ਵਾਲੇ ਲੋਕ ਹਨ। ਜੇ.ਸੀ ਰਾਇਲ, 19ਵੀਂ ਸਦੀ ਦੇ ਵਿੱਚ ਲਿਵਰਪੂਲ ਦਾ ਬਿਸ਼ਪ, ਜਿਸਨੇ ਇਤਿਹਾਸ ਦੇ ਮਹਾਨ ਮਸੀਹੀਆਂ ਦਾ ਅਧਿਐਨ ਕੀਤਾ। ਉਸਨੇ ਕਿਹਾ ਕੁਝ ਅਮੀਰ ਸਨ, ਬਾਕੀ ਗ਼ਰੀਬ ਸਨ।; ਕੁਝ ਲੋਕ ਪੜ੍ਹੇ-ਲਿਖੇ ਸਨ, ਬਾਕੀ ਅਣਪੜ੍ਹ ਸਨ। ਕੁਝ ਕੈਲਵਿਨ ਦੀ ਵਿਚਾਰਧਾਰਾ ਵਾਲੇ ਸਨ; ਬਾਕੀ ਅਰਮੀਨੀਅਨ ਵਿਚਾਰਧਾਰਾ ਵਾਲੇ ਸਨ। ਕੁਝ ਲੋਕ ਲਿਖਤ ਧਾਰਮਿਕ ਧਾਰਨਾਵਾਂ ਵਾਲੇ ਸਨ, ਕੁਝ ਆਜਾਦ ਸਨ। "ਪਰ ਉਨ੍ਹਾਂ ਸਭਨਾਂ ਦੇ ਵਿੱਚ ਇੱਕ ਗੱਲ ਸਾਂਝੀ ਸੀ। ਉਹ ਸਭ ਪ੍ਰਾਥਨਾ ਕਰਨ ਵਾਲੇ ਲੋਕ ਸਨ।"[11]

ਕਲੀਸਿਆ ਦੇ ਇਤਿਹਾਸ ਦੇ ਦੌਰਾਨ, ਮਸੀਹ ਜਿਹੇ ਲੋਕ ਪ੍ਰਾਥਨਾ ਕਰਨ ਵਾਲੇ ਲੋਕ ਹਨ। ਈ.ਐਮ ਬੌਂਡਸ, ਜੋ ਇੱਕ ਮਹਾਨ ਮਸੀਹੀ ਆਗੂ ਸੀ, ਉਹ ਹਰ ਸਵੇਰੇ 4:00 ਵਜੇ ਤੋਂ ਲੈ ਕੇ 7:00 ਵਜੇ ਤੱਕ ਪ੍ਰਾਥਨਾ ਕਰਦਾ ਸੀ। ਉਸਨੇ ਲਿਖਿਆ ਪਵਿੱਤਰ ਆਤਮਾ ਤਰੀਕਿਆ ਦੇ ਰਾਂਹੀ ਨਹੀਂ ਸਗੋਂ ਮਨੁੱਖਾਂ ਦੇ ਰਾਂਹੀ ਵਹਿੰਦਾ ਹੈ। ਉਹ ਕਿਸੇ ਮਸ਼ੀਨ ਤੇ ਨਹੀਂ ਆਉਂਦਾ ਪਰ ਮਨੁੱਖਾਂ ਤੇ ਆਉਂਦਾ ਹੈ। ਉਹ ਯੋਜਨਾਵਾਂ ਨੂੰ ਮਸਹ ਨਹੀਂ ਕਰਦਾ ਹੈ ਪਰ ਮਨੁੱਖਾਂ ਨੂੰ ਮਸਹ ਕਰਦਾ ਹੈ-ਪ੍ਰਾਥਨਾ ਕਰਨ ਵਾਲੇ ਮਨੁੱਖਾਂ ਨੂੰ।"[12]

---

[11] Matt Friedeman, *The Accountability Connection*. (Wheaton, Illinois: Victor Books, 1992), 37

[12] Edward M. Bounds, *Power Through Prayer*. (Kenosha, Wisconsin: Treasures Media, n.d.), 2

ਜੋਰਜ਼ ਮੁਲੱਰ ਹਜ਼ਾਰਾਂ ਬੱਚਿਆਂ ਦੇ ਲਈ ਅਨਾਥ-ਆਸ਼ਰਮ ਚਲਾਉਂਦਾ ਸੀ। ਉਸਨੇ ਫੈਸਲਾ ਲਿਆ ਕਿ ਉਹ ਇਸਦੇ ਲਈ ਕਿਸੇ ਵੀ ਮਨੁੱਖ ਤੋਂ ਸਹਾਇਤਾ ਨਹੀਂ ਮੰਗੇਗਾ, ਪਰ ਉਹ ਸਿਰਫ਼ ਪ੍ਰਾਥਨਾ ਤੇ ਹੀ ਨਿਰਭਰ ਰਹੇਗਾ। ਉਸਨੇ ਸਿਰਫ਼ ਪ੍ਰਾਥਨਾ ਹੀ ਦੇ ਦੁਆਰਾ 7 ਲੱਖ ਡਾਲਰ ਪ੍ਰਾਪਤ ਕੀਤੇ। ਉਸਨੇ ਸਿਰਫ਼ ਅਨਾਥ-ਆਸ਼ਰਮ ਹੀ ਨਹੀਂ ਚਲਾਏ, ਸਗੋਂ ਮੁਲੱਰ ਨੇ ਹੋਰ ਸੇਵਕਾਈਆਂ ਨੂੰ ਵੀ ਹਜ਼ਾਰਾਂ ਡਾਲਰਾਂ ਦੀ ਸਹਾਇਤਾ ਦਿੱਤੀ। ਜੋਰਜ਼ ਮੁਲੱਰ ਪ੍ਰਾਥਨਾ ਦੀ ਸ਼ਕਤੀ ਨੂੰ ਜਾਣਦਾ ਸੀ।

## ਅਸੀਂ ਪ੍ਰਾਥਨਾ ਕਿਉਂ ਕਰਦੇ ਹਾਂ?

### *ਅਸੀਂ ਪ੍ਰਾਥਨਾ ਕਰਦੇ ਹਾਂ ਕਿਉਂਕਿ ਅਸੀਂ ਪਰਮੇਸ਼ੁਰ ਤੇ ਨਿਰਭਰ ਹਾਂ*

> "ਜੇਕਰ ਤੁਸੀਂ ਪ੍ਰਾਥਨਾ ਤੋਂ ਬਿਨਾਂ ਕੁਝ ਵੀ ਕਰ ਸਕਦੇ ਹੋ ਤਾਂ ਕੀ ਇਸਨੂੰ ਕਰਨਾ ਚਾਹੀਦਾ ਹੈ?
> -ਡਾ. ਹੋਵਾਰਡ ਹੈਂਡ੍ਰਿਕਸ

ਆਪਣੀ ਮਨੁੱਖਤਾ ਦੇ ਵਿੱਚ, ਯਿਸੂ ਆਪਣੇ ਪਿਤਾ ਦੇ ਨਾਲ ਗੱਲਬਾਤ ਕਰਨ ਦੇ ਲਈ ਪ੍ਰਾਥਨਾ ਤੇ ਨਿਰਭਰ ਰਿਹਾ। ਪ੍ਰਾਥਨਾ ਪਰਮੇਸ਼ੁਰ ਤੇ ਨਿਰਭਰ ਹੋਣ ਦੀ ਕਿਰਿਆ ਹੈ। ਇਹ ਵਿਖਾਉਂਦੀ ਹੈ ਕਿ ਅਸੀਂ ਆਪਣੇ ਆਪ ਤੇ ਨਿਰਭਰ ਨਹੀਂ ਹਾਂ, ਪਰ ਪਰਮੇਸ਼ੁਰ ਤੇ ਨਿਰਭਰ ਹਾਂ।

► ਪੜ੍ਹੋ ਮੱਤੀ 26:31-46.

ਸ਼ਮਊਨ ਪਤਰਸ ਦਾ ਡਿੱਗਣਾ ਪ੍ਰਾਥਨਾ ਦੇ ਮਹੱਤਵ ਨੂੰ ਦਰਸਾਉਂਦਾ ਹੈ। ਯਿਸੂ ਨੇ ਚੇਲਿਆਂ ਨੂੰ ਚੇਤਾਵਨੀ ਦਿੱਤੀ, "ਅੱਜ ਰਾਤ ਤੁਸੀਂ ਮੇਰੇ ਕਾਰਨ ਠੋਕਰ ਖਾਉਗੇ" ਯਿਸੂ ਨੇ ਬਹੁਤ ਸਿੱਧੇ ਤੌਰ ਤੇ ਪਤਰਸ ਨੂੰ ਚੇਤਾਵਨੀ ਦਿੱਤੀ, "ਸ਼ਮਊਨ, ਸ਼ਮਊਨ ! ਵੇਖ ਸ਼ਤਾਨ ਨੇ ਤੁਹਾਨੂੰ ਮੰਗਿਆ ਹੈ ਭਈ ਕਣਕ ਦੀ ਤਰਾਂ ਤੁਹਾਨੂੰ ਫਟਕੇ" (ਲੂਕਾ 22:31)। ਪਤਰਸ ਦੋ ਕਮਜ਼ੋਰੀਆਂ ਦੇ ਕਾਰਨ ਡਿੱਗਿਆ ਸੀ।

1. **ਪਤਰਸ ਦੇ ਵਿੱਚ ਬਹੁਤ ਜ਼ਿਆਦਾ ਆਤਮਵਿਸ਼ਵਾਸ.** ਉਸਨੇ ਕਿਹਾ, "ਭਾਵੇਂ ਤੇਰੇ ਕਾਰਨ ਸੱਭੇ ਠੋਕਰ ਖਾਣ ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ.... ਭਾਵੇਂ ਤੇਰੇ ਨਾਲ ਮੈਨੂੰ ਮਰਨਾ ਭੀ ਪਵੇ ਤਾਂ ਵੀ ਮੈਂ ਤੇਰਾ ਇਨਕਾਰ ਕਦੀ ਨਾ ਕਰਾਂਗਾ!" (ਮੱਤੀ 26:33,35) ਘਮੰਡ ਦੇ ਕਾਰਨ ਪਤਰਸ ਦੇ ਵਿੱਚ ਆਪਣੀ ਤਾਕਤ ਤੇ ਬਹੁਤ ਜ਼ਿਆਦਾ ਆਤਮ-ਵਿਸ਼ਵਾਸ ਸੀ।

2. **ਪਤਰਸ ਪ੍ਰਾਥਨਾ ਕਰਨ ਦੇ ਵਿੱਚ ਅਸਫਲ ਹੋ ਗਿਆ.** ਕਿਉਂਕਿ ਪਤਰਸ ਆਪਣੀ ਹੀ ਤਾਕਤ ਤੇ ਬਹੁਤ ਜ਼ਿਆਦਾ ਆਤਮਵਿਸ਼ਵਾਸ ਕਰ ਰਿਹਾ ਸੀ, ਇਸ ਲਈ ਉਹ ਪਰਮੇਸ਼ੁਰ ਤੇ ਨਿਰਭਰ ਨਹੀਂ ਰਿਹਾ। ਯਿਸੂ ਦੇ ਨਾਲ ਪ੍ਰਾਥਨਾ ਕਰਨ ਦੀ ਬਜਾਏ, ਪਤਰਸ ਸੌਂ ਗਿਆ। ਜਦੋਂ ਅਸੀਂ ਸਮਝ ਲੈਂਦੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਤੇ ਨਿਰਭਰ ਤਾਂ ਅਸੀਂ ਜਿਆਦਾ ਬੋਝ ਦੇ ਨਾਲ ਪ੍ਰਾਥਨਾ ਕਰਦੇ ਹਾਂ। ਡਿੱਕ ਈਸਟਮੈਨ ਨੇ ਲਿਖਿਆ, "ਅਸੀਂ ਸਿਰਫ਼ ਪ੍ਰਾਥਨਾ ਦੇ ਵਿੱਚ ਹੀ ਆਪਣੀਆਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਦੇ ਅੱਗੇ ਸਮਰਪਿਤ ਕਰਦੇ ਹਾਂ।[13]

[13] Dick Eastman, *The Hour That Changes the World*. (Grand Rapids: Baker Book House, 1995), 12

### *ਅਸੀਂ ਪਰਮੇਸ਼ੁਰ ਨੂੰ ਹੋਰ ਜਿਆਦਾ ਜਾਣਨ ਦੇ ਲਈ ਪ੍ਰਾਥਨਾ ਕਰਦੇ ਹਾਂ।*

> "ਅਸੀਂ ਪ੍ਰਾਥਨਾ ਨੂੰ ਆਪਣੇ ਲਈ ਕੁਝ ਪ੍ਰਾਪਤ ਕਰਨ ਦੇ ਜ਼ਰੀਏ ਵੱਜੋਂ ਵੇਖਿਆ ਜਾਂਦਾ ਹੈ; ਬਾਈਬਲ ਦਾ ਪ੍ਰਾਥਨਾ ਕਰਨ ਦਾ ਵਿਚਾਰ ਇਹ ਹੈ ਕਿ ਇਹ ਨਾਲ ਅਸੀਂ ਪਰਮੇਸ਼ੁਰ ਨੂੰ ਹੋਰ ਜਾਣਦੇ ਹਾਂ
> -ਓਸਵਾਲਡ ਚੈਂਬਰਜ਼

ਅੱਜ ਦੀ ਕਲੀਸਿਆ ਦੀ ਇੱਕ ਬਹੁਤ ਵੱਡੀ ਸਮੱਸਿਆ ਇਹ ਹੈ ਕਿ ਸਾਡਾ ਪਰਮੇਸ਼ੁਰ ਦੇ ਬਾਰੇ ਗਿਆਨ ਬਹੁਤ ਕਮਜ਼ੋਰ ਹੈ। ਅਕਸਰ ਸਾਡੀਆਂ ਪ੍ਰਾਥਨਾਵਾਂ ਦੇ ਵਿਸ਼ੇ ਜਿਆਦਾਤਰ ਭੌਤਿਕ ਜਰੂਰਤਾਂ ਅਤੇ ਨਿੱਜੀ ਪੂਰਤੀਆਂ ਵਾਲੇ ਹੁੰਦੇ ਹਨ। ਸਾਡੇ ਵਿੱਚੋਂ ਜਿਆਦਾਤਰ ਸਮਾਂ ਇਸ ਪ੍ਰਕਾਰ ਪ੍ਰਾਥਨਾ ਕਰਨ ਦੇ ਵਿੱਚ ਬਿਤਾਉਂਦੇ ਹਾਂ, "ਪਰਮੇਸ਼ੁਰ ਮੇਰੇ ਬੱਚਿਆਂ ਦੀ ਨੌਕਰੀ ਮਿਲਣ ਵਿੱਚ ਸਹਾਇਤਾ ਕਰੋ।" ਬਜਾਏ ਇਸਦੇ, "ਪਰਮੇਸ਼ੁਰ ਕ੍ਰਿਪਾ ਕਰਕੇ ਮੇਰੇ ਬੱਚਿਆਂ ਦੀ ਤੁਹਾਡੇ ਸਰੂਪ ਵਿੱਚ ਢਲ ਜਾਣ ਦੇ ਵਿੱਚ ਸਹਾਇਤਾ ਕਰੋ।" ਅਸੀਂ ਆਤਮਿਕ ਚੰਗਿਆਈ ਦੇ ਨਾਲੋਂ ਸਰੀਰਕ ਚੰਗਿਆਈ ਦੇ ਲਈ ਜਿਆਦਾ ਬੋਝ ਦੇ ਨਾਲ ਕਰਦੇ ਹਾਂ। ਇਸ ਤੋਂ ਪਤਾ ਚੱਲਦਾ ਹੈ ਕਿ ਅਸੀਂ ਪ੍ਰਾਥਨਾ ਦੇ ਅਸਲ ਅਰਥ ਨੂੰ ਕਿੰਨਾ ਘੱਟ ਸਮਝਦੇ ਹਾਂ।

ਪ੍ਰਾਥਨਾ ਕਰਨ ਦਾ ਇੱਕ ਮੁੱਢਲਾ ਉਦੇਸ਼ ਪਰਮੇਸ਼ੁਰ ਨੂੰ ਪੂਰੀ ਤਰ੍ਹਾਂ ਦੇ ਨਾਲ ਜਾਣਨਾ ਹੈ। ਪ੍ਰਾਥਨਾ ਦੇ ਵਿੱਚ, ਅਸੀਂ ਪਰਮੇਸ਼ੁਰ ਦੇ ਦਿਲ ਨਾਲ ਜੁੜ ਜਾਂਦੇ ਹਾਂ। ਪ੍ਰਾਥਨਾ ਪਰਮੇਸ਼ੁਰ ਦੇ ਕੋਲੋਂ ਸਾਡੀ ਇੱਛਾ ਦੇ ਕੰਮ ਕਰਵਾਉਣਾ ਨਹੀਂ ਹੈ। ਪ੍ਰਾਥਨਾ ਸਾਨੂੰ ਪਰਮੇਸ਼ੁਰ ਦੇ ਦਿਲ ਦਾ ਗਿਆਨ ਦਿੰਦੀ ਹੈ ਜਦੋਂ ਤੱਕ ਅਸੀਂ ਉਹ ਨਹੀਂ ਚਾਹੁੰਦੇ ਜੋ ਪਰਮੇਸ਼ੁਰ ਚਾਹੁੰਦਾ ਹੈ।

ਜਦੋਂ ਅਸੀਂ ਇਸ ਬਿੰਦੂ ਤੇ ਪਹੁੰਚ ਜਾਂਦੇ ਹਾਂ, ਯਿਸੂ ਨੇ ਕਿਹਾ, "ਜੋ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ" (ਮਰਕੁਸ 11:24)।ਕਿਉਂਕਿ ਸਾਡਾ ਦਿਲ ਪਰਮੇਸ਼ੁਰ ਦੇ ਦਿਲ ਨਾਲ ਜੁੜਿਆ ਹੋਇਆ ਹੈ, ਇਸ ਲਈ ਅਸੀਂ ਗ਼ਲਤ ਇਰਾਦੇ ਦੇ ਨਾਲ ਜਾਂ ਪਰਮੇਸ਼ੁਰ ਦੀ ਇੱਛਾ ਦੇ ਵਿਰੁੱਧ ਨਹੀਂ ਮੰਗਾਂਗੇ (ਯਾਕੂਬ 4:3 ਅਤੇ 1 ਯੂਹੰਨਾ 5:14)। ਪਰਮੇਸ਼ੁਰ ਦੇ ਦਿਲ ਗਿਆਨ ਲਗਾਤਾਰ ਪ੍ਰਾਥਨਾ ਕਰਨ ਦੇ ਨਾਲ ਪ੍ਰਾਪਤ ਹੁੰਦਾ ਹੈ।

ਪੁਇਉਰੀਟਨਸ ਨੇ ਕਿਹਾ "ਉਸ ਸਮੇਂ ਤੱਕ ਪ੍ਰਾਥਨਾ ਕਰੋ ਜਦੋਂ ਤੱਕ ਅਸੀਂ ਪ੍ਰਾਥਨਾ ਨਹੀਂ ਕਰਨ ਲੱਗ ਜਾਂਦੇ" ਦੂਸਰੇ ਸ਼ਬਦਾਂ ਦੇ ਵਿੱਚ , ਸਾਨੂੰ ਲੰਬਾ ਸਮੇਂ ਅਤੇ ਧੀਰਜ ਨਾਲ ਪ੍ਰਾਥਨਾ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਖਾਲੀ ਸ਼ਬਦਾਂ ਤੋਂ ਪਾਰ ਹੋ ਕੇ ਪਰਮੇਸ਼ੁਰ ਦੀ ਹਜੂਰੀ ਵਿੱਚ ਦਾਖਿਲ ਹੋ ਜਾਈਏ। ਸਾਨੂੰ ਉਸ ਸਮੇਂ ਤੱਕ ਪ੍ਰਾਥਨਾ ਕਰਨੀ ਚਾਹੀਦੀ ਹੈ ਜਦੋਂ ਤੱਕ ਅਸੀਂ ਪਰਮੇਸ਼ੁਰ ਦੇ ਵਿੱਚ ਪ੍ਰਸੰਨ ਨਹੀਂ ਹੁੰਦੇ।

► ਅਜਿਹੇ ਸਮੇਂ ਦੇ ਬਾਰੇ ਦੱਸੋ ਜਦੋਂ ਪ੍ਰਾਥਨਾ ਨੇ ਤੁਹਾਨੂੰ ਪਰਮੇਸ਼ੁਰ ਅਤੇ ਉਸਦੀ ਇੱਛਾ ਦਾ ਡੂੰਘਾ ਗਿਆਨ ਦਿੱਤਾ।

### ਅਸੀਂ ਪ੍ਰਾਥਨਾ ਕਿਵੇਂ ਕਰਦੇ ਹਾਂ?

ਪ੍ਰਾਥਨਾ ਦੇ ਬਾਰੇ ਯਿਸੂ ਦੀ ਉਦਾਹਰਨ ਦਾ ਅਧਿਐਨ ਕਰਕੇ, ਅਸੀਂ ਪ੍ਰਭਾਵਸ਼ਾਲੀ ਪ੍ਰਾਥਨਾ ਦੇ ਬਾਰੇ ਪਾਠ ਸਿੱਖਦੇ ਹਾਂ।

*ਅਸੀਂ ਧੀਰਜ ਦੇ ਨਾਲ ਪ੍ਰਾਥਨਾ ਕਰਦੇ ਹਾਂ।*

ਯਿਸੂ ਪਰਮੇਸ਼ੁਰ ਦਾ ਪੁੱਤਰ ਸੀ। ਕੋਈ ਇਹ ਸੋਚ ਸਕਦਾ ਹੈ ਕਿ ਉਸਦਾ ਪ੍ਰਾਥਨਾ ਜੀਵਨ ਸਾਧਾਰਨ ਤੌਰ ਤੇ ਇਸੇ ਪ੍ਰਕਾਰ ਹੋਵੇਗਾ, "ਪਿਤਾ ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਕਰਾਂ?" ਅਤੇ ਉਸਨੂੰ ਇੱਕਦਮ ਉੱਤਰ ਮਿਲ ਜਾਂਦਾ ਹੋਵੇਗਾ! ਇਸਦੀ ਬਜਾਏ ਅਸੀਂ ਯਿਸੂ ਨੂੰ ਬਾਰ੍ਹਾਂ ਚੇਲ੍ਹਿਆਂ ਦੀ ਚੋਣ ਕਰਨ ਤੋਂ ਪਹਿਲਾਂ ਸਾਰੀ ਰਾਤ ਪ੍ਰਾਥਨਾ ਕਰਦੇ ਹੋਏ ਵੇਖਦੇ ਹਾਂ। ਅਸੀਂ ਉਸਨੂੰ ਗਤਸਮਨੀ ਦੇ ਬਾਗ਼ ਵਿੱਚ ਪ੍ਰਾਥਨਾ ਦੇ ਵਿੱਚ ਸੰਘਰਸ਼ ਕਰਦੇ ਹੋਏ ਵੇਖਦੇ ਹਾਂ। ਯਿਸੂ ਨੂੰ ਵੀ ਪ੍ਰਾਥਨਾ ਦੇ ਲਈ ਧੀਰਜ ਅਤੇ ਸਮੇਂ ਦੀ ਲੋੜ ਸੀ। ਪ੍ਰਾਥਨਾ ਪਰਮੇਸ਼ੁਰ ਦੇ ਲਈ ਉਡੀਕ ਕਰਨਾ ਹੈ।

ਗਲੈਨ ਪੀਟਰਸਨ ਨੇ ਪ੍ਰਾਥਨਾ ਦੇ ਵਿੱਚ ਉਡੀਕ ਕਰਨ ਦੇ ਮਹੱਤਵ ਬਾਰੇ ਲਿਖਦੇ ਹੋਏ ਕਿਹਾ, "ਸਾਡੇ ਉਡੀਕ ਕਰਨ ਦੇ ਸਮੇਂ ਪਰਮੇਸ਼ੁਰ ਦੁਆਰਾ ਕੀਤੇ ਜਾਣ ਵਾਲਾ ਕੰਮ ਉਨ੍ਹਾਂ ਹੀ ਮਹੱਤਵਪੂਰਨ ਜਿੰਨੀ ਉਹ ਚੀਜ਼ ਮਹੱਤਵਪੂਰਨ ਹੈ ਜਿਸਦੇ ਲਈ ਅਸੀਂ ਉਡੀਕ ਕਰ ਰਹੇ ਹਾਂ। ਉਡੀਕ ਕਰਨਾ ਪਰਮੇਸ਼ੁਰ ਦੀ ਉਸ ਪ੍ਰਕਿਰਿਆ ਦਾ ਹਿੱਸਾ ਹੈ ਜਿਸ ਵਿੱਚ ਉਹ ਸਾਨੂੰ ਉਸਦੀ ਇੱਛਾ ਦੇ ਅਨੁਸਾਰ ਢਾਲ ਰਿਹਾ ਹੁੰਦਾ ਹੈ।" ਪਰਮੇਸ਼ੁਰ ਦੀ ਉਡੀਕ ਕਰਦੇ ਹੋਏ ਅਸੀਂ ਉਸਨੂੰ ਹੋਰ ਬਿਹਤਰ ਤਰੀਕੇ ਦੇ ਨਾਲ ਜਾਣ ਸਕਦੇ ਹਾਂ।

ਜ਼ਬੂਰ 37:1-9 ਪ੍ਰਾਥਨਾ ਦੇ ਵਿਖੇ ਮਹੱਤਵਪੂਰਨ ਪਾਠ ਸਿਖਾਉਂਦਾ ਹੈ। ਇੰਨ੍ਹਾਂ ਹੁਕਮਾਂ ਦੇ ਵੱਲ ਵੇਖੋ:

- ਨਾ ਕੁੜ੍ਹ।
- ਯਹੋਵਾਹ ਤੇ ਭਰੋਸਾ ਰੱਖ
- ਯਹੋਵਾਹ ਦੇ ਵਿੱਚ ਨਿਹਾਲ ਰਹਿ
- ਆਪਣੇ ਰਾਹ ਯਹੋਵਾਹ ਦੇ ਵੱਸ ਵਿੱਚ ਕਰ
- ਉਸ ਉੱਤੇ ਭਰੋਸਾ ਰੱਖ
- ਯਹੋਵਾਹ ਦੇ ਅੱਗੇ ਚੁੱਪਚਾਪ ਰਹਿ
- ਧੀਰਜ ਨਾਲ ਉਸਦੀ ਉਡੀਕ ਕਰ
- ਕ੍ਰੋਧ ਨੂੰ ਛੱਡ
- ਨਾ ਕੁੜ੍ਹ (ਦੁਬਾਰਾ!)

ਇਹ ਹੁਕਮ ਉਸ ਪਰਮੇਸ਼ੁਰ ਤੇ ਧੀਰਜਵਾਨ ਭਰੋਸਾ ਰੱਖਣ ਦੇ ਵੱਲ ਸੰਕੇਤ ਕਰਦੇ ਹਨ ਜੋ ਤੁਹਾਡੀ ਫਿਕਰ ਕਰਦਾ ਹੈ ਅਤੇ ਉਹ ਤੁਹਾਡੀਆਂ ਮਨੋਕਾਮਨਾਵਾਂ ਨੂੰ ਪੂਰਿਆਂ ਕਰੇਗਾ (ਜ਼ਬੂਰ 37:4)। ਧੀਰਜਵਾਨ ਪ੍ਰਾਥਨਾ ਦੇ ਦੁਆਰਾ, ਅਸੀਂ ਭਰੋਸਾ ਕਰਨ ਵਾਲੇ ਅਜਿਹੇ ਲੋਕ ਬਣ ਜਾਂਦੇ ਹਾਂ ਜੋ ਪਰਮੇਸ਼ੁਰ ਸਾਨੂੰ ਬਣਾਉਣਾ ਚਾਹੁੰਦਾ ਹੈ।

### *ਇੱਕ ਧੀਰਜਵਾਨ ਪ੍ਰਾਥਨਾ ਦਾ ਨਮੂਨਾ*

> "ਮਨੁੱਖ ਸਾਨੂੰ ਸਾਡੀਆਂ ਬੇਨਤੀਆਂ ਦੇ ਲਈ ਝਿੜਕ ਸਕਦੇ ਹਨ, ਉਹ ਸਾਡੇ ਸੰਦੇਸ਼ਾਂ ਦਾ ਇਨਕਾਰ ਕਰ ਸਕਦੇ ਹਨ, ਸਾਡੇ ਵਿਚਾਰਾਂ ਦਾ ਵਿਰੋਧ ਕਰ ਸਕਦੇ ਹਨ, ਸਾਡੇ ਵਿਅਕਤੀਆਂ ਦਾ ਇਨਕਾਰ ਕਰ ਸਕਦੇ ਹਨ, ਪਰ ਉਹ ਸਾਡੀਆਂ ਪ੍ਰਾਥਨਾਵਾਂ ਦੇ ਅੱਗੇ ਬੇਬੱਸ ਹਨ
>
> ਜੇ ਸਿਡਲੋ ਬਾਕਸਟਰ

ਆਪਣੇ ਮਸੀਹੀ ਜੀਵਨ ਦੇ ਅਰੰਭਿਕ ਸਮੇਂ ਦੇ ਵਿੱਚ, ਜੌਰਜ਼ ਮੁੱਲਰ ਨੇ ਆਪਣੇ ਪੰਜ ਦੋਸਤਾਂ ਦੇ ਬਦਲਾਅ ਲਈ ਪ੍ਰਾਥਨਾ ਕਰਨੀ ਅਰੰਭ ਕੀਤੀ। ਬਹੁਤ ਸਾਰੇ ਮਹੀਨਿਆਂ ਦੇ ਬਾਅਦ ਉਨ੍ਹਾਂ ਵਿੱਚੋਂ ਇੱਕ ਪ੍ਰਭੂ ਦੇ ਵਿੱਚ ਆ ਗਿਆ। ਦਸ ਸਾਲਾਂ ਦੇ ਬਾਅਦ ਦੋ ਹੋਰ ਬਦਲ ਗਏ। ਚੋਥੇ ਵਿਅਕਤੀ ਦੇ ਬਚਾਏ ਜਾਣ ਵਿੱਚ 25 ਸਾਲ ਲੱਗ ਗਏ।

ਮੁੱਲਰ ਆਪਣੀ ਮੌਤ ਦੇ ਸਮੇਂ ਤੱਕ ਆਪਣੇ ਪੰਜਵੇਂ ਦੋਸਤ ਦੇ ਲਈ ਪ੍ਰਾਥਨਾ ਕਰਦਾ ਰਿਹਾ। 52 ਸਾਲਾਂ ਦੇ ਤੱਕ, ਉਸਨੇ ਕਦੇ ਉਮੀਦ ਨਹੀਂ ਹਾਰੀ ਕਿ ਉਸਦਾ ਇਹ ਮਿੱਤਰ ਮਸੀਹ ਨੂੰ ਸਵੀਕਾਰ ਕਰੇਗਾ! ਮੁੱਲਰ ਦੀ ਮੌਤ ਜ਼ਨਾਜੇ ਦੇ ਕੁਝ ਦਿਨਾਂ ਬਾਅਦ, ਪੰਜਵੇਂ ਦੋਸਤ ਨੇ ਵੀ ਮੁਕਤੀ ਪ੍ਰਾਪਤ ਕਰ ਲਈ। ਮੁੱਲਰ ਧੀਰਜਵਾਨ ਪ੍ਰਾਥਨਾ ਦੇ ਵਿੱਚ ਵਿਸ਼ਵਾਸ ਰੱਖਦਾ ਸੀ।

### *ਅਸੀਂ ਹਲੀਮੀ ਨਾਲ ਪ੍ਰਾਥਨਾ ਕਰਦੇ ਹਾਂ।*

ਯਿਸੂ ਨੇ ਪ੍ਰਾਥਨਾ ਕੀਤੀ, "ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ" (ਲੂਕਾ 22:42)। ਯਿਸੂ ਜਾਣਦਾ ਸੀ ਕਿ ਉਹ ਆਪਣੇ ਪਿਤਾ ਦੀ ਸਿੱਧ ਇੱਛਾ ਤੇ ਭਰੋਸਾ ਕਰ ਸਕਦਾ ਸੀ।

ਪ੍ਰਾਥਨਾ ਹਲੀਮੀ ਵਾਲਾ ਕੰਮ ਹੈ। ਅਸੀਂ ਦੂਸਰਿਆਂ ਦੇ ਲਈ ਪ੍ਰਾਥਨਾ ਕਰਦੇ ਹਾਂ ਕਿਉਂਕਿ ਅਸੀਂ ਆਪਣੀ ਬੁੱਧ ਦੇ ਨਾਲ ਨਾਲ ਉਨ੍ਹਾਂ ਦੀ ਸਹਾਇਤਾ ਨਹੀਂ ਕਰ ਸਕਦੇ; ਸਾਨੂੰ ਪਰਮੇਸ਼ੁਰ ਤੇ ਨਿਰਭਰ ਹੋਣਾ ਪੈਂਦਾ ਹੈ। ਅਸੀਂ ਆਪਣੇ ਲਈ ਪ੍ਰਾਥਨਾ ਕਰਦੇ ਹਾਂ ਕਿਉਂਕਿ ਅਸੀਂ ਆਪਣੇ ਜੀਵਨ ਨੂੰ ਆਪਣੀ ਸ਼ਕਤੀ ਨਾਲ ਸੰਭਾਲ ਨਹੀਂ ਸਕਦੇ; ਸਾਨੂੰ ਪਰਮੇਸ਼ੁਰ ਤੇ ਭਰੋਸਾ ਕਰਨ ਦੀ ਜਰੂਰਤ ਹੈ।

ਪ੍ਰਾਥਨਾ ਸਾਡੀ ਪਰਮੇਸ਼ੁਰ ਤੋਂ ਮਿਲਣ ਵਾਲੀ ਸਹਾਇਤਾ ਦੀ ਜਰੂਰਤ ਨੂੰ ਪਹਿਚਾਣਦੀ ਹੈ। ਜਦੋਂ ਅਸੀਂ ਸਮੱਸਿਆਵਾਂ ਦੇ ਨਾਲ ਨਜਿੱਠਣ ਦੇ ਲਈ ਆਪਣੀ ਯੋਗਤਾ ਤੇ ਭਰੋਸਾ ਰੱਖਦੇ ਹਾਂ, ਤਾਂ ਬੋਝ ਸਹਿਤ ਪ੍ਰਾਥਨਾ ਦੀ ਸੰਭਾਵਨਾ ਬਹੁਤ ਹੀ ਘੱਟ ਹੁੰਦੀ ਹੈ। ਜਦੋਂ ਅਸੀਂ ਜਾਣ ਲੈਂਦੇ ਹਾਂ ਕਿ ਅਸੀਂ ਜੀਵਨ ਨੂੰ ਆਪਣੀ ਤਾਕਤ ਦੇ ਨਾਲ ਨਹੀਂ ਚਲਾ ਸਕਦੇ, ਫਿਰ ਅਸੀਂ ਹਲੀਮੀ ਦੇ ਨਾਲ ਪ੍ਰਾਥਨਾ ਕਰਦੇ ਹਾਂ।

ਸਾਡੀ ਪ੍ਰਾਥਨਾ ਆਤਮ ਵਿਸ਼ਵਾਸ ਨਾਲ ਭਰੀ ਹਲੀਮੀ ਨਾਲ ਕੀਤੀ ਜਾਣੀ ਚਾਹੀਦੀ ਹੈ। ਜਦੋਂ ਅਸੀਂ ਉੱਤਰ ਦੇ ਲਈ ਪਰਮੇਸ਼ੁਰ ਦੀ ਉਡੀਕ ਕਰਦੇ ਹਾਂ, ਤਾਂ ਸਾਡੇ ਕੋਲ ਭਰੋਸਾ ਅਤੇ ਸ਼ਾਂਤੀ ਹੁੰਦੀ ਹੈ ਕਿਉਂਕਿ ਅਸੀਂ ਅਜਿਹੇ ਸਵਰਗੀ ਪਿਤਾ ਦੇ ਅੱਗੇ ਪ੍ਰਾਥਨਾ ਕਰ ਰਹੇ ਹਾਂ ਜੋ ਸਾਨੂੰ ਪਿਆਰ ਕਰਦਾ ਹੈ ਅਤੇ ਆਪਣੇ ਬੱਚਿਆਂ ਦੇ ਲਈ ਉੱਤਮ ਵਸਤਾਂ ਦੀ ਇੱਛਾ ਰੱਖਦਾ ਹੈ। ਜੀਵਨ ਅਤੇ ਸੇਵਕਾਈ ਦੇ ਦਬਾਅ ਵਿੱਚ, ਹਲੀਮ ਪ੍ਰਾਥਨਾ ਸਾਨੂੰ ਪਰਮੇਸ਼ੁਰ ਤੇ ਸ਼ਾਂਤੀ ਭਰਿਆ ਭਰੋਸਾ ਦਿੰਦੀ ਹੈ।

*ਅਸੀਂ ਨਿੱਜੀ ਤੌਰ ਤੇ ਪ੍ਰਾਥਨਾ ਕਰਦੇ ਹਾਂ.*

ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਉਹ ਪ੍ਰਾਥਨਾ ਦੇ ਵਿੱਚ ਪਰਮੇਸ਼ੁਰ ਨੂੰ ਨਿੱਜੀ ਤੌਰ ਤੇ ਸੰਬੋਧਨ ਕਰਨ, "ਸਾਡੇ ਪਿਤਾ" ਸੱਚੀ ਪ੍ਰਾਥਨਾ ਨਿੱਜੀ ਹੁੰਦੀ ਹੈ। ਪੌਲ ਮਿਲਰ ਨੇ ਲਿਖਿਆ, "ਬਹੁਤ ਸਾਰੇ ਲੋਕ ਪ੍ਰਾਥਨਾ ਕਰਨ ਦੇ ਵਿੱਚ ਸੰਘਰਸ਼ ਕਰਦੇ ਹਨ ਕਿਉਂਕਿ ਉਹ ਪਰਮੇਸ਼ੁਰ ਦੀ ਬਜਾਏ ਪ੍ਰਾਥਨਾ ਤੇ ਧਿਆਨ ਲਗਾਉਂਦੇ ਹਨ।"[14] ਅਕਸਰ ਅਸੀਂ ਪਰਮੇਸ਼ੁਰ ਦੇ ਨਾਲ ਗੱਲ ਕਰਨ ਦੀ ਬਜਾਏ ਸਿਰਫ਼ "ਪ੍ਰਾਥਨਾ ਕਹਿੰਦੇ ਹਾਂ।" ਇਹ ਯਿਸੂ ਦੁਆਰਾ ਕਹੇ "ਬਕ ਬਕ" ਦੇ ਸ਼ਬਦਾਂ ਦੇ ਕੇਂਦਰ ਵਿੱਚ ਆਉਂਦਾ ਹੈ (ਮੱਤੀ 6:7)।

ਇੱਕ ਅਜਿਹੇ ਵਿਅਕਤੀ ਦੀ ਕਲਪਨਾ ਕਰੋ ਜੋ ਰਾਤ ਦੇ ਖਾਣੇ ਦੇ ਮੇਜ਼ ਤੇ ਯਾਦ ਕੀਤੇ ਹੋਏ ਭਾਸ਼ਨ ਦੇ ਨਾਲ ਆਵੇ। ਉਹ ਕਹੇ, "ਮੈਂ ਆਪਣੇ ਪਰਿਵਾਰ ਦੇ ਨਾਲ ਗੱਲ ਕਰਨਾ ਚਾਹੁੰਦਾ ਹਾਂ, ਇਸ ਲਈ ਮੈਂ ਕੁਝ ਸ਼ਬਦਾਂ ਨੂੰ ਯਾਦ ਕੀਤਾ ਹੈ।" ਇਹ ਇੱਕ ਸੱਚੀ ਗੱਲਬਾਤ ਨਹੀਂ ਹੋਵੇਗੀ! ਅਸੀਂ ਕਿਸੇ ਵਿਅਕਤੀ ਤੋਂ ਮੇਜ਼ ਦੇ ਦੁਆਲੇ ਬੈਠੇ ਲੋਕਾਂ ਤੇ ਧਿਆਨ ਕਰਨ ਦੀ ਉਮੀਦ ਕਰਦੇ ਹਾਂ, ਨਾ ਕਿ ਉਸ ਦੁਆਰਾ ਇਸਤੇਮਾਲ ਕੀਤੇ ਸ਼ਬਦਾਂ ਤੇ।

ਸਾਡੇ ਦੁਆਰਾ ਜਾਂ ਹੋਰਨਾਂ ਦੁਆਰਾ ਲਿਖੀਆਂ ਪ੍ਰਾਥਨਾਵਾਂ ਸਾਡੀ ਵਿਸ਼ਿਆਂ ਨੂੰ ਯਾਦ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ ਜੋ ਸਾਡੀ ਪ੍ਰਾਥਨਾ ਦੇ ਵਿੱਚ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ, ਪਰ ਪ੍ਰਾਥਨਾ ਦੇ ਵਿੱਚ ਯਾਦ ਕੀਤੇ ਹੋਏ ਸ਼ਬਦਾਂ ਦੀ ਬਜਾਏ, ਪਰਮੇਸ਼ੁਰ ਤੇ ਧਿਆਨ ਲਗਾਇਆ ਜਾਣਾ ਚਾਹੀਦਾ ਹੈ। ਪ੍ਰਾਥਨਾ ਇੱਕ ਪ੍ਰਣਾਲੀ ਨਹੀਂ ਹੈ, ਪ੍ਰਾਥਨਾ ਇੱਕ ਸੰਬੰਧ ਹੈ, ਪ੍ਰਾਥਨਾ ਨਿੱਜੀ ਹੋਣੀ ਚਾਹੀਦੀ ਹੈ।

**ਅਸੀਂ ਪ੍ਰਾਥਨਾ ਵਾਲੇ ਲੋਕ ਕਿਵੇਂ ਬਣਦੇ ਹਾਂ?**

ਪੰਜਵੀਂ ਈਸਵੀ ਦੇ ਵਿੱਚ, ਏਨੀਸੀਆ ਫਾਲਟੋਨੀਆ ਪਰੋਬਾ, ਨਾਮਕ ਇੱਕ ਰੋਮੀ ਕੁਲੀਨ ਇਸਤਰੀ ਨੇ ਅਗਸਟਿਨ ਤੋਂ ਪ੍ਰਾਥਨਾ ਦੇ ਬਾਰੇ ਸੁਝਾਅ ਮੰਗਿਆ। ਪਰੋਬਾ ਜਾਣਨਾ ਚਾਹੁੰਦੀ ਸੀ ਕਿ ਉਹ ਪ੍ਰਾਥਨਾ ਕਰਨ ਵਾਲੀ ਔਰਤ ਕਿਵੇਂ ਬਣ ਸਕਦੀ ਹੈ। ਅਗਸਟਿਨ ਨੇ ਪ੍ਰਾਥਨਾ ਦੇ ਬਾਰੇ ਬੁੱਧੀਮਾਨੀ ਦੇ ਮਸ਼ਵਰੇ ਦਾ ਇੱਕ ਲੰਬਾ ਪੱਤਰ ਲਿਖਿਆ।[15] ਇਸ ਭਾਗ ਦੇ ਵਿੱਚ ਅਸੀਂ ਪ੍ਰਾਥਨਾ ਦੇ ਬਾਰੇ ਅਗਸਟਿਨ ਦੇ ਸਿਧਾਂਤਾਂ ਤੇ ਵਿਚਾਰ ਕਰਾਂਗੇ।

*ਕਿਸ ਪ੍ਰਕਾਰ ਦਾ ਵਿਅਕਤੀ ਪ੍ਰਾਥਨਾ ਕਰਨ ਵਾਲਾ ਵਿਅਕਤੀ ਬਣ ਸਕਦਾ ਹੈ?*

---

[14] Paul E. Miller, *A Praying Life: Connecting with God in a Distracting World*. (Colorado Springs: NavPress, 2009)

[15] Philip Schaff, ed. *The Confessions and Letters of St. Augustine: Nicene and Post-Nicene Fathers, First Series, Volume 1*. (Buffalo, New York: Christian Literature Publishing Company, 1886), 459-469

ਪਹਿਲਾਂ, ਅਗਸਟਿਨ ਕਹਿੰਦਾ ਹੈ ਕਿ ਪ੍ਰਾਥਨਾ ਕਰਨ ਵਾਲੇ ਵਿਅਕਤੀ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜਿਸਦੇ ਕੋਲ ਹੋਰ ਕੋਈ ਸ੍ਰੋਤ ਨਾ ਹੋਣ। ਇੱਕ ਪ੍ਰਾਥਨਾ ਕਰਨ ਵਾਲਾ ਵਿਅਕਤੀ ਅਜਿਹਾ ਵਿਅਕਤੀ ਹੈ ਜੋ ਸਿਰਫ਼ ਪ੍ਰਾਥਨਾ ਤੇ ਹੀ ਨਿਰਭਰ ਰਹਿੰਦਾ ਹੈ।

ਪਰੋਬਾ ਰੋਮ ਦੇ ਇੱਕ ਬਹੁਤ ਹੀ ਤਾਕਤਵਰ ਅਤੇ ਅਮੀਰ ਆਮਦੀ ਦੀ ਵਿਧਵਾ ਸੀ। ਉਸਦੇ ਤਿੰਨ ਪੁੱਤਰ ਰੋਮ ਦੀ ਸਰਕਾਰ ਵਿੱਚ ਕੰਮ ਕਰਦੇ ਸਨ। ਅਗਸਟਿਨ ਨੇ ਪਰੋਬਾ ਨੂੰ ਇਹ ਕਹਿੰਦੇ ਹੋਏ ਅਰੰਭ ਕੀਤਾ ਕਿ "ਉਸਨੂੰ ਆਪਣੇ ਆਪ ਨੂੰ ਸੰਸਾਰ ਦੇ ਵਿੱਚ ਵਿਰਾਨ ਸਮਝਣਾ ਚਾਹੀਦਾ ਹੈ।" ਅਸੀਂ ਚਾਹੇ ਕਿੰਨੇ ਵੀ ਅਮੀਰ, ਸ਼ਕਤੀਸ਼ਾਲੀ ਜਾਂ ਸਫਲ ਹੋਈਏ, ਸਾਨੂੰ ਹਮੇਸ਼ਾਂ ਆਪਣੇ ਆਪਣੀ ਕਮਜ਼ੋਰੀ ਨੂੰ ਸਮਝਣਾ ਚਾਹੀਦਾ ਹੈ। ਨਹੀਂ ਤਾਂ, ਸਾਡੀਆਂ ਪ੍ਰਾਥਨਾਵਾਂ ਚੁੰਗੀ ਲੈਣ ਵਾਲੇ ਦੀ ਪ੍ਰਾਥਨਾ ਦੇ ਬਜਾਏ ਫਰੀਸੀ ਦੀ ਪ੍ਰਾਥਨਾ ਵਰਗੀ ਹੋ ਜਾਏਗੀ।

### *ਸਾਨੂੰ ਕਿਸ ਚੀਜ਼ ਦੇ ਲਈ ਪ੍ਰਾਥਨਾ ਕਰਨੀ ਚਾਹੀਦੀ ਹੈ*?

ਅਗਸਟਿਨ ਪਰੋਬਾ ਨੂੰ ਇੱਕ ਦਿਲਚਸਪ ਸਲਾਹ ਦਿੰਦਾ ਹੈ। ਉਹ ਕਹਿੰਦਾ ਹੈ, "ਇੱਕ ਖੁਸ਼ ਜੀਵਨ ਦੇ ਲਈ ਪ੍ਰਾਥਨਾ ਕਰੋ।" ਇਹ ਸੁਆਰਥੀ ਪ੍ਰਤੀਤ ਹੋ ਸਕਦਾ ਹੈ, ਪਰ ਅਗਸਟਿਨ ਸਮਝਾਉਂਦਾ ਹੈ ਕਿ ਸੱਚੀ ਖੁਸ਼ੀ ਸਿਰਫ਼ ਪਰਮੇਸ਼ੁਰ ਤੋਂ ਪ੍ਰਾਪਤ ਹੁੰਦੀ ਹੈ। "ਇੱਕ ਅਸਲ ਵਿੱਚ ਖੁਸ਼ ਮਨੁੱਖ ਉਹ ਹੈ ਜਿਸਦੇ ਕੋਲ ਉਹ ਸਭ ਹੈ ਜਿਸਦੀ ਉਹ ਕਾਮਨਾ ਕਰਦਾ ਹੈ, ਅਤੇ ਉਹ ਅਜਿਹੀ ਕਿਸੇ ਚੀਜ਼ ਦੀ ਕਾਮਨਾ ਨਹੀਂ ਕਰਦਾ ਜਿਸਦੀ ਕਾਮਨਾ ਨਹੀਂ ਕਰਨੀ ਚਾਹੀਦੀ।"

ਇੱਕ ਮਸੀਹੀ ਇਸ ਲਈ ਖੁਸ਼ ਹੈ ਕਿਉਂਕਿ ਉਸਦੇ ਕੋਲ ਪਰਮੇਸ਼ੁਰ ਹੈ, ਅਤੇ ਉਹ ਅਜਿਹੀ ਕਿਸੇ ਚੀਜ਼ ਦੀ ਕਾਮਨਾ ਨਹੀਂ ਕਰਦਾ ਜੋ ਪਰਮੇਸ਼ੁਰ ਦੇ ਅਨੁਸਾਰ ਉਸਦੇ ਕੋਲ ਨਹੀਂ ਹੋਣੀ ਚਾਹੀਦੀ। ਜ਼ਬੂਰ ਲਿਖਣ ਵਾਲੇ ਦੀ ਤਰ੍ਹਾਂ ਅਸੀਂ ਪਰਮੇਸ਼ੁਰ ਦੀ ਹਜੂਰੀ ਦੇ ਨਾਲ ਸੰਤੁਸ਼ਟ ਹਾਂ।

> ਮੈਂ ਯਹੋਵਾਹ ਤੋਂ ਇੱਕ ਗੱਲ ਮੰਗੀ ਹੈ ਅਤੇ ਮੈਂ ਉਹੀ ਭਾਲਾਂਗਾ, ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ। (ਜ਼ਬੂਰ 27:4)।

ਜੇਕਰ ਅਸੀਂ ਸਭ ਤੋਂ ਵੱਧ ਕੇ ਪਰਮੇਸ਼ੁਰ ਦੀ ਹਜੂਰੀ ਦੀ ਇੱਛਾ ਰੱਖਾਂਗੇ, ਤਾਂ ਫਿਰ ਅਸੀਂ ਇਹ ਜਾਣਦੇ ਹੋਏ ਖੁਸ਼ੀ ਦੇ ਲਈ ਕਿ ਪਰਮੇਸ਼ੁਰ ਸਾਨੂੰ ਆਪਣਾ ਆਪ ਦੇ ਕੇ ਸਾਡੀ ਸਭ ਤੋਂ ਡੂੰਘੀ ਇੱਛਾ ਨੂੰ ਸੰਤੁਸ਼ਟ ਕਰਦਾ ਹੈ!

### *ਸਾਨੂੰ ਦੁੱਖਾਂ ਦੇ ਸਮੇਂ ਕਿਸ ਤਰ੍ਹਾਂ ਪ੍ਰਾਥਨਾ ਕਰਨੀ ਚਾਹੀਦੀ ਹੈ?*

ਅਗਸਟਿਨ ਪਰੋਬਾ ਨੂੰ ਯਾਦ ਦਿਵਾਉਂਦਾ ਹੈ ਕਿ ਪੌਲੁਸ ਨੇ ਇਸ ਗੱਲ ਨੂੰ ਪਹਿਚਾਣਿਆ ਕਿ ਕੁਝ ਅਜਿਹੇ ਸਮੇਂ ਹੁੰਦੇ ਹਨ ਜਦੋਂ "**ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ**" (ਰੋਮੀਆਂ 8:26)। ਜਦੋਂ ਅਸੀਂ ਬਿਲਕੁਲ ਹੀ ਮਜ਼ਬੂਰ ਹੋ ਜਾਂਦੇ ਹਾਂ ਤਾਂ ਫਿਰ ਸਾਨੂੰ ਕਿਵੇਂ ਪ੍ਰਾਥਨਾ ਕਰਨੀ ਚਾਹੀਦੀ ਹੈ?

ਅਗਸਟਿਨ ਤਿੰਨ ਵਚਨਾਂ ਦੇ ਨੂੰ ਵੇਖਦਾ ਹੈ। ਪਹਿਲਾਂ, ਉਹ ਪੌਲੁਸ ਦੀ ਉਦਾਹਰਨ ਦੇ ਵੱਲ ਸੰਕੇਤ ਕਰਦਾ ਹੈ ਜਦੋਂ ਉਸਨੇ ਆਪਣੇ "ਸਰੀਰ ਦੇ ਵਿੱਚ ਕੰਡੇ" ਦੇ ਤੋਂ ਛੁਟਕਾਰੇ ਦੇ ਲਈ ਪ੍ਰਾਥਨਾ ਕੀਤੀ। ਛੁਟਕਾਰੇ ਦੇਣ ਦੀ ਬਜਾਏ ਪਰਮੇਸ਼ੁਰ ਨੇ ਵਾਇਦਾ ਕੀਤਾ, "ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ।" ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ....ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦ ਹੀ ਮੈਂ ਸਮਰੱਥੀ ਹੁੰਦਾ ਹਾਂ" (2 ਕੁਰਿੰਥੀਆਂ 12:8-10)।

ਦੂਸਰਾ, ਅਗਸਟਿਨ ਗਤਸਮਨੀ ਦੇ ਵਿੱਚ ਯਿਸੂ ਦੀ ਉਦਾਹਰਨ ਦੇ ਵਿੱਚ ਸੰਕੇਤ ਕਰਦਾ ਹੈ। ਯਿਸੂ ਨੇ ਆਪਣੀਆਂ ਇੱਛਾਵਾਂ ਪਰਮੇਸ਼ੁਰ ਦੇ ਅੱਗੇ ਸਮਰਪਿਤ ਕਰ ਦਿੱਤੀਆਂ। ਯਿਸੂ ਨੇ ਛੁਟਕਾਰੇ ਦੇ ਲਈ ਪ੍ਰਾਥਨਾ ਕੀਤੀ: "**ਹੇ ਮੇਰੇ ਪਿਤਾ, ਜੇ ਹੋ ਸੱਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ**" ਪਰ ਉਸਨੇ ਇਸ ਪ੍ਰਕਾਰ ਸਮਾਪਤੀ ਕੀਤੀ, "**ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹੋ ਜੋ ਤੂੰ ਚਾਹੁੰਦਾ ਹੈਂ**" (ਮੱਤੀ 26:39)।

ਅੰਤ ਦੇ ਵਿੱਚ, ਅਗਸਟਿਨ ਰੋਮੀਆਂ 8:26 ਦੇ ਵੱਲ ਸੰਕੇਤ ਕਰਦਾ ਹੈ। ਜਦੋਂ ਅਸੀਂ ਨਹੀਂ ਜਾਣਦੇ ਕਿ ਕਿਵੇਂ ਪ੍ਰਾਥਨਾ ਕਰਨੀ ਚਾਹੀਦੀ ਹੈ, ਤਾਂ ਪਵਿੱਤਰ ਆਤਮਾ ਸਾਡੇ ਦਿਲਾਂ ਦੀ ਅਗਵਾਈ ਕਰਦਾ ਹੈ। ਪਵਿੱਤਰ ਆਤਮਾ ਸਾਡੀਆਂ ਕਮਜ਼ੋਰੀਆਂ ਦੇ ਵਿੱਚ ਸਾਡੀ ਸਹਾਇਤਾ ਕਰਦਾ ਹੈ ਅਤੇ ਸਾਡੇ ਹਾਉਕੇ ਭਰ-ਭਰ ਕੇ ਡੂੰਘੇ ਸ਼ਬਦਾਂ ਦੇ ਨਾਲ ਵਿਚੋਲਗੀ ਕਰਦਾ ਹੈ। ਜਦੋਂ ਸਾਡੇ ਕੋਲ ਸ਼ਬਦ ਨਹੀਂ ਹੁੰਦੇ, ਤਾਂ ਪਵਿੱਤਰ ਆਤਮਾ ਪਿਤਾ ਦੇ ਅੱਗੇ ਸਾਡੀਆਂ ਪ੍ਰਾਥਨਾਵਾਂ ਨੂੰ ਲਿਆਉਂਦਾ ਹੈ, ਜੋ ਉਨ੍ਹਾਂ ਨੂੰ ਸਵੀਕਾਰ ਕਰਦਾ ਹੈ ਅਤੇ ਸਭਨਾਂ ਗੱਲਾਂ ਵਿੱਚੋਂ ਉਨ੍ਹਾਂ ਦੇ ਲਈ ਭਲਿਆਈ ਪੈਦਾ ਕਰਦਾ ਹੈ ਜੋ ਉਸਦੇ ਉਦੇਸ਼ ਦੇ ਅਨੁਸਾਰ ਸੱਦੇ ਹੋਏ ਹਨ (ਰੋਮੀਆਂ 8:26-28)।

## ਸਮਾਪਤੀ: ਜਦੋਂ ਅਸੀਂ ਨਹੀਂ ਜਾਣਦੇ ਕਿ ਪ੍ਰਾਥਨਾ ਕਿਵੇਂ ਕਰਨੀ ਹੈ

ਕਈ ਵਾਰ ਖਾਮੋਸ਼ੀ ਤੁਹਾਡੇ ਵੱਲੋਂ ਕੀਤੇ ਜਾਣ ਵਾਲਾ ਸਭ ਤੋਂ ਉੱਤਮ ਕੰਮ ਹੁੰਦਾ ਹੈ।[16] ਤੁਸੀਂ ਪ੍ਰਾਥਨਾ ਕਰਨੀ ਚਾਹੁੰਦੇ ਹੋ, ਪਰ ਤੁਸੀਂ ਇਹ ਨਹੀਂ ਜਾਣਦੇ ਕਿ ਕਿਵੇਂ ਕਰਨੀ ਹੈ; ਪ੍ਰਾਥਨਾਵਾਂ ਨਹੀਂ ਹੋ ਪਾਉਂਦੀਆਂ ਹਨ। ਫਿਰ ਤੁਸੀਂ ਕੀ ਕਰਦੇ ਹੋ? ਇੱਕ ਸਮਝਣ ਵਾਲਾ ਭੇਤ ਇਹ ਹੈ ਕਿ ਮਸੀਹ ਸਾਡਾ ਮਹਾਂ-ਜਾਜਕ ਹੈ।

ਸ਼ੁਭ-ਸਮਾਚਾਰ ਆਧਾਰਿਤ ਮਸੀਹੀਆਂ ਦੇ ਤੌਰ ਤੇ, ਅਸੀਂ ਸਾਰੇ ਵਿਸ਼ਵਾਸੀਆਂ ਦੀ ਜਾਜਕਾਈ ਦੇ ਵਿੱਚ ਵਿਸ਼ਵਾਸ ਕਰਦੇ ਹਾਂ। ਧਰਮ ਸੁਧਾਰ ਲਹਿਰ ਦੀ ਇਹ ਮਹਾਨ ਸਿੱਖਿਆ ਸਿਖਾਉਂਦੀ ਹੈ ਕਿ ਸਾਡੇ ਸਭ ਦੇ ਕੋਲ ਪਿਤਾ ਤੱਕ ਪਹੁੰਚ ਹੈ। ਪਰ ਜੇਕਰ ਇਸਨੂੰ ਗ਼ਲਤ

[16] ਇਹ ਭਾਗ Marc Cortez *Everyday Theology.*ਤੋਂ ਲਿਆ ਗਿਆ ਹੈ।

ਸਮਝਿਆ ਜਾਵੇ, ਤਾਂ ਇਹ ਸਿੱਖਿਆ ਆਤਮਿਕ ਸੰਘਰਸ਼ ਦੇ ਵੱਲ ਲੈ ਜਾਂਦੀ ਹੈ। ਮੈਂ ਸ਼ੱਕ ਦੇ ਨਾਲ ਭਰ ਸਕਦਾ ਹਾਂ:" ਕੀ ਮੈਂ ਸਹੀ ਸਮਾਂ ਪ੍ਰਾਥਨਾ ਕੀਤੀ ਹੈ? ਕੀ ਮੈਂ ਸੱਚਮੁੱਚ ਆਪਣਾ ਹਿੱਸਾ ਕੀਤਾ ਹੈ?"

2013 ਦੇ ਵਿੱਚ ਹੋਏ ਇੱਕ ਸੰਮੇਲਨ ਦੇ ਦੌਰਾਨ, ਪ੍ਰੋਫੈਸਰ ਏਲਾਨ ਟੋਰੈਂਸ ਨੇ ਇੰਨਾਂ ਪ੍ਰਸ਼ਨਾਂ ਦੇ ਨਾਲ ਉਸਦੇ ਸੰਘਰਸ਼ਾਂ ਦੇ ਬਾਰੇ ਗਵਾਹੀ ਦਿੱਤੀ।

> ਜਨਵਰੀ 2008 ਦੇ ਵਿੱਚ ਮੇਰੀ ਪਤਨੀ ਜੇਨ ਕੈਂਸਰ ਦੇ ਨਾਲ ਮਰ ਗਈ। ਉਹ ਬਹੁਤ ਹੀ ਅਦਭੁੱਤ ਮਸੀਹੀ ਇਸਤਰੀ, ਪਤਨੀ ਅਤੇ ਮਾਂ ਸੀ। ਕੈਂਸਰ ਦੇ ਫੈਲਣ ਕਾਰਨ ਉਸਨੂੰ ਦਰਦ ਦੇ ਵਿੱਚ ਮਰਦੇ ਹੋਏ ਵੇਖਣਾ ਬਹੁਤ ਕਠਿਨ ਸੀ ਅਤੇ ਸਾਡੇ ਬੱਚਿਆਂ ਨੂੰ ਇਸ ਸਭ ਦੇ ਗਵਾਹਾਂ ਦੇ ਰੂਪ ਵਿੱਚ ਵੇਖਣਾ ਹੋਰ ਵੀ ਕਠਿਨ ਸੀ। ਕੁਝ ਸਮੇਂ ਅਜਿਹੇ ਸਨ, ਜਦੋਂ ਮੈਂ ਆਪਣੇ ਦੁੱਖ ਦੇ ਵਿੱਚ, ਮੈਂ ਇਹ ਜਾਣਨ ਲਈ ਸੰਘਰਸ਼ ਕੀਤਾ ਕਿ ਮੈਂ ਕੀ ਅਤੇ ਕਿਵੇਂ ਪ੍ਰਾਥਨਾ ਕਰਨੀ ਚਾਹੀਦੀ ਹੈ। ਮੈਂ ਨਹੀਂ ਜਾਣਦਾ ਸੀ ਕਿ ਪ੍ਰਾਥਨਾ ਕਿਵੇਂ ਕਰਨੀ ਹੈ।
>
> ਉਸ ਸਮੇਂ ਦੇ ਵਿੱਚ, ਮਸੀਹ ਦੀ ਜਾਜਕਾਈ ਮੇਰੇ ਲਈ ਬਹੁਤ ਅਰਥਪੂਰਨ ਬਣ ਗਈ। ਜਿਵੇਂ ਹੀ ਮੈਂ ਜੇਨ ਨੂੰ ਆਪਣੀਆਂ ਬਾਹਾਂ ਵਿੱਚ ਫੜਿਆ, ਤਾਂ ਸਾਡਾ ਸਵਰਗ ਉਠਾਇਆ ਹੋਏ ਜਾਜਕ (ਯਿਸੂ ਮਸੀਹ) ਮੇਰੇ ਲਈ ਪ੍ਰਾਥਨਾ ਕਰ ਰਿਹਾ ਸੀ। ਅਸੀਂ ਉਸਦੀ ਹਜ਼ੂਰੀ ਦੇ ਵਿੱਚ ਸਕੂਨ ਮਹਿਸੂਸ ਕਰਦੇ ਸੀ।
>
> ਜੋ ਪ੍ਰਾਥਨਾ ਮੈਂ ਉਸ ਸਮੇਂ ਕਰਦਾ ਰਿਹਾ ਉਹ ਪ੍ਰਭੂ ਵਾਲੀ ਪ੍ਰਾਥਨਾ ਸੀ। ਮੈਂ ਪ੍ਰਾਥਨਾ ਕਰਨ ਦੇ ਲਈ ਇਕੱਲਾ ਨਹੀਂ ਛੱਡਿਆ ਗਿਆ ਸੀ। "**ਮੇਰੇ** ਪਿਤਾ, ਤੁਸੀਂ ਜੋ ਸਵਰਗ ਵਿੱਚ ਹੋ-ਮੇਰੇ ਤੋਂ ਬਹੁਤ ਦੂਰ ਹੋ ਗਿਆ ਸੀ।" ਇਸਦੀ ਬਜਾਏ ਪਵਿੱਤਰ ਆਤਮਾ ਦੇ ਦੁਆਰਾ ਮੈਂ ਪ੍ਰਾਥਨਾ ਕੀਤੀ, "**ਸਾਡੇ** ਪਿਤਾ, ਤੁਸੀਂ ਜੋ ਸਵਰਗ ਵਿੱਚ ਹੋ, ਤੁਹਾਡਾ ਨਾਮ ਪਾਕ ਮੰਨਿਆ ਜਾਵੇ, ਤੁਹਾਡਾ ਰਾਜ ਆਵੇ, ਤੁਹਾਡੀ ਮਰਜੀ ਪੂਰੀ ਹੋਵੇ।"
>
> ਮਸੀਹ ਦੀ ਜਾਜਕਾਈ ਦੀ ਲਗਾਤਾਰ ਚੱਲਣ ਵਾਲੀ ਸੇਵਕਾਈ ਦੇ ਮਹੱਤਵ ਦੀ ਭਾਲ ਕਰਨ ਦੇ ਲਈ ਸ਼ੁਭ-ਸਮਾਚਾਰ ਨੂੰ ਅਜਿਹੇ ਤਰੀਕੇ ਨਾਲ ਭਾਲਣਾ ਹੈ ਜੋ ਸਾਡੇ ਜੀਵਨਾਂ ਅਤੇ ਅਰਾਧਨਾ ਦੇ ਹਰੇਕ ਹਿੱਸੇ ਨੂੰ ਪਰਿਵਰਤਿਤ ਕਰਦਾ ਹੈ।

ਜਦੋਂ ਅਸੀਂ ਇਹ ਸਮਝਦੇ ਹਾਂ ਕਿ ਸਾਨੂੰ ਆਪਣੇ ਬਲ ਦੇ ਪਿਤਾ ਦੇ ਕੋਲ ਜਾਣਾ ਚਾਹੀਦਾ ਹੈ ਤਾਂ ਇਸਦਾ ਅਰਥ ਹੈ ਕਿ ਅਸੀਂ ਸਾਰੇ ਵਿਸ਼ਵਾਸੀਆਂ ਦੀ ਜਾਜਕਾਈ ਨੂੰ ਗ਼ਲਤ ਸਮਝ ਲਿਆ ਹੈ। ਇਹ ਇੱਕ ਗ਼ਲਤੀ ਹੈ। ਸਾਰੇ ਵਿਸ਼ਵਾਸੀਆਂ ਦੀ ਜਾਜਕਾਈ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ **ਸਾਨੂੰ ਮਸੀਹ ਤੋਂ ਇਲਾਵਾ ਕਿਸੇ ਹੋਏ ਵਿਚੋਲੇ ਦੀ ਜਰੂਰਤ ਨਹੀਂ ਹੈ।** ਉਹੀ ਸਾਡੇ ਲਈ, ਪ੍ਰਾਥਨਾ ਕਰਨ ਦੇ ਵਿੱਚ ਸਾਡੇ ਅਸਫਲ ਯਤਨਾਂ ਨੂੰ ਸਵੀਕਾਰ ਕਰਦਾ ਹੋਇਆ ਵਿਚੋਲਗੀ ਕਰਦਾ ਹੈ, ਅਤੇ ਉਨ੍ਹਾਂ ਨੂੰ ਪਿਤਾ ਦੇ ਅੱਗੇ ਸਵੀਕਾਰ ਕਰਨ ਯੋਗ

ਭੇਟਾਂ ਬਣਾ ਕੇ ਪਿਤਾ ਦੇ ਅੱਗੇ ਪੇਸ਼ ਕਰਦਾ ਹੈ। । ਸਾਡੀ ਪ੍ਰਾਥਨਾ ਨੂੰ ਆਤਮਾ ਦੇ ਦੁਆਰਾ ਬਲ ਮਿਲਦਾ ਹੈ ਅਤੇ ਸਾਡੇ ਮਹਾਂ-ਜਾਜਕ , ਯਿਸੂ ਮਸੀਹ ਦੇ ਦੁਆਰਾ ਉਨ੍ਹਾਂ ਦੀ ਵਿਚੋਲਗੀ ਹੁੰਦੀ ਹੈ।

ਜਦੋਂ ਤੁਸੀਂ ਨਹੀਂ ਜਾਣਦੇ ਕਿ ਪ੍ਰਾਥਨਾ ਕਿਵੇਂ ਕਰਨੀ ਹੈ, ਤਾਂ ਨਿਰਾਸ਼ ਨਾ ਹੋਵੋ। ਸਾਡੇ ਕੋਲ ਇੱਕ ਅਜਿਹਾ ਹੈ ਜੋ ਸਾਡੇ ਲਈ ਪ੍ਰਾਥਨਾ ਕਰਦਾ ਹੈ, ਸਾਡੇ ਨਾਲ ਗੋਡੇ ਟੇਕਦਾ ਹੈ, ਪਿਤਾ ਦੇ ਅੱਗੇ ਵਿਚੋਲਗੀ ਕਰਦਾ ਹੈ, ਉਹ ਗੱਲਾਂ ਕਹਿੰਦਾ ਹੈ ਜੋ ਅਸੀਂ ਨਹੀਂ ਕਹਿ ਸਕਦੇ।

## ਪਾਠ 2 ਦੇ ਅਸਾਇਨਮੈਂਟ

(1) ਇੱਕ ਸ਼ਬਦਕੋਸ਼ ਜਾਂ ਬਾਈਬਲ ਸਰਚ ਪ੍ਰੋਗ੍ਰਾਮ ਦਾ ਉਪਯੋਗ ਕਰਦੇ ਹੋਏ ਬਾਈਬਲ ਦੇ ਵਿੱਚੋਂ ਪ੍ਰਾਥਨਾ ਦੀਆਂ ਤਿੰਨ ਉਦਾਹਰਨਾਂ ਦਿਉ। ਹਰੇਕ ਪ੍ਰਾਥਨਾ ਦੀ ਤੁਲਨਾ ਪ੍ਰਭੂ ਦੀ ਪ੍ਰਾਥਨਾ ਦੇ ਨਾਲ ਕਰੋ। ਪ੍ਰਭੂ ਦੀ ਪ੍ਰਾਥਨਾ ਦੇ ਅਜਿਹੇ ਕਿਹੜੇ ਤੱਥ ਹਨ ਜੋ ਬਾਈਬਲ ਦੀਆਂ ਹੋਰਨਾਂ ਪ੍ਰਾਥਨਾਵਾਂ ਵਿੱਚ ਪਾਏ ਜਾਂਦੇ ਹਨ? ਜੋ ਤੁਸੀਂ ਵੇਖਦੇ ਹੋ ਉਸਨੂੰ ਰਿਕਾਰਡ ਕਰਨ ਦੇ ਲਈ ਅੱਗਲੇ ਪੰਨੇ ਤੇ ਬਣੇ ਟੇਬਲ ਦਾ ਉਪਯੋਗ ਕਰੋ।

(2) ਇੱਕ ਮਹੀਨੇ ਦੇ ਲਈ ਪ੍ਰਾਥਨਾ ਡਾਇਰੀ ਨੂੰ ਰੱਖੋ। ਪ੍ਰਾਥਨਾ ਦੇ ਵਿੱਚ ਤੁਹਾਡੇ ਚਿੜਚਿੜੇਪਨ, ਤੁਹਾਡੀਆਂ ਜਿੱਤਾਂ ਅਤੇ ਪਰਮੇਸ਼ੁਰ ਦੁਆਰਾ ਦਿੱਤੇ ਪ੍ਰਾਥਨਾ ਦੇ ਉੱਤਰਾਂ ਨੂੰ ਰਿਕਾਰਡ ਕਰੋ। ਆਪਣੇ ਪ੍ਰਾਥਨਾ ਜੀਵਨ ਦੇ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਲਈ ਇਸ ਡਾਇਰੀ ਦਾ ਇਸਤੇਮਾਲ ਕਰੋ।

| ਬਾਈਬਲ ਦੀ ਪ੍ਰਾਥਨਾ | ਵਚਨ | ਪ੍ਰਾਥਨਾ ਦੇ ਵਿੱਚ ਤੱਥ |
|---|---|---|
| ਨਹਮਯਾਹ ਦੀ ਪ੍ਰਾਥਨਾ | ਨਹਮਯਾਹ 1:5-11 | • ਸੰਬੰਧ: "ਨੇਮ ਨੂੰ ਬਣਾਈ ਰੱਖਣਾ"<br>• ਆਦਰ: "ਮਹਾਨ ਅਤੇ ਭੈਅ-ਦਾਇਕ ਪਰਮੇਸ਼ੁਰ"<br>• ਸਮਰਪਣ: "ਆਪਣੇ ਦਾਸ ਦੀ ਪ੍ਰਾਥਨਾ"<br>• ਪ੍ਰਦਾਨ ਕਰਨਾ: "ਆਪਣੇ ਦਾਸ ਨੂੰ ਸਫਲਤਾ ਦੇ"<br>• ਇਕਰਾਰ ਕਰਨਾ: "ਇਸਰਾਏਲ ਦੇ ਲੋਕਾਂ ਦੇ ਪਾਪਾਂ ਦਾ ਇਕਰਾਰ ਕਰਨਾ।" |
| | | |
| | | |
| | | |

## ਪਾਠ 3

# ਯਿਸੂ ਦੀ ਤਰ੍ਹਾਂ ਅਗਵਾਈ ਕਰਨਾ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਉਨ੍ਹਾਂ ਯੋਗਤਾਵਾਂ ਨੂੰ ਪਹਿਚਾਣਨਾ ਜਿੰਨਾਂ ਨੇ ਯਿਸੂ ਨੂੰ ਮਹਾਨ ਆਗੂ ਬਣਾਇਆ।

(2) ਪਰਮੇਸ਼ੁਰ ਦੁਆਰਾ ਦਿੱਤੇ ਮਿਸ਼ਨ ਅਤੇ ਬੁਲਾਹਟ ਦੇ ਅਨੁਸਾਰ ਆਪਣੀਆਂ ਰੋਜ਼ਾਨਾ ਪ੍ਰਾਥਮਿਕਤਾਵਾਂ ਨੂੰ ਢਾਲਣਾ।

(3) ਭਵਿੱਖ ਦੇ ਆਗੂਆਂ ਨੂੰ ਸਿੱਖਿਅਤ ਕਰਨ ਦੀ ਪ੍ਰਕਿਰਿਆ ਨੂੰ ਵਿਕਸਿਤ ਕਰਨਾ ਤਾਂ ਕਿ ਭਵਿੱਖ ਦੇ ਵਿੱਚ ਸੇਵਕਾਈ ਦੀ ਟੀਮ ਬਣਾਈ ਜਾ ਸਕੇ।

(4) ਜਿੰਨ੍ਹਾਂ ਲੋਕਾਂ ਦੀ ਉਹ ਅਗਵਾਈ ਕਰਦਾ ਹੈ ਉਨ੍ਹਾਂ ਦੇ ਵਿੱਚ ਉਸਦੀ ਦਾਸ ਵਾਲੀ ਭੂਮਿਕਾ ਦੀ ਸ਼ਲਾਘਾ ਕਰਨੀ।

### ਸੇਵਕਾਈ ਦੇ ਲਈ ਸਿਧਾਂਤ

ਜਦੋਂ ਆਗੂ ਦੂਸਰਿਆਂ ਦੀ ਸੇਵਾ ਕਰ ਰਹੇ ਹੁੰਦੇ ਹਨ ਤਾਂ ਉਹ ਬਹੁਤ ਜਿਆਦਾ ਯਿਸੂ ਦੇ ਵਰਗੇ ਹੁੰਦੇ ਹਨ।

### ਜਾਣ-ਪਛਾਣ

*ਅਗਵਾਈ* ਅਜਿਹਾ ਸ਼ਬਦ ਹੈ ਜੋ ਮਜ਼ਬੂਤ ਭਾਵਨਾਵਾਂ ਨੂੰ ਜਾਗ੍ਰਿਤ ਕਰਦਾ ਹੈ। ਜਦੋਂ ਸੰਸਾਰਿਕ-ਮਾਨਸਿਕਤਾ ਵਾਲੇ ਲੋਕ ਆਗੂਪੁਣੇ ਦੇ ਬਾਰੇ ਸੋਚਦੇ ਹਨ, ਉਹ ਸ਼ਕਤੀ ਅਤੇ ਅਹੁਦੇ ਦੇ ਬਾਰੇ ਸੋਚਦੇ ਹਨ। ਆਗੂ ਹੋਣ ਦਾ ਮਤਲਬ "ਬੋਸ" ਬਣਨਾ ਹੈ। ਅਭਿਲਾਸ਼ੀ ਆਗੂ ਉੱਚੇ ਅਹੁਦਿਆਂ ਤੇ ਪਹੁੰਚਣਾ ਚਾਹੁੰਦੇ ਹਨ ਅਤੇ ਵੱਡੀਆਂ ਪਦਵੀਆਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ। ਇੱਥੋਂ ਤੱਕ ਕਿ ਪਾਸਬਾਨ ਵੀ ਅਜਿਹੀ ਮਾਨਸਿਕਤਾ ਰੱਖ ਸਕਦੇ ਹਨ। ਉਹ ਆਪਣਾ ਧਿਆਨ ਵੱਡੀਆਂ ਕਲੀਸਿਆਵਾਂ, ਉੱਚੇ ਅਹੁਦਿਆਂ ਅਤੇ ਵੱਡੇ ਆਦਰ ਨੂੰ ਪ੍ਰਾਪਤ ਕਰਨ ਦੇ ਵੱਲ ਲਗਾ ਸਕਦੇ ਹਨ।

ਇਸ ਸੰਸਾਰਿਕ ਮਾਨਸਿਕਤਾ ਦੀ ਪ੍ਰਤੀਕਿਰਿਆ ਦੇ ਕਾਰਨ ਕੁਝ ਮਸੀਹੀ *ਆਗੂਪੁਣੇ* ਦੀ ਧਾਰਨਾ ਦੇ ਵਿਰੁੱਧ ਪ੍ਰਤੀਕਿਰਿਆ ਕਰਦੇ ਹਨ। ਇੱਕ ਵਾਰ ਇੱਕ ਪਾਸਬਾਨ ਨੇ ਕਿਹਾ, "ਮੈਂ ਆਪਣੀ ਕਲੀਸਿਆ ਦੇ ਵਿੱਚ ਆਗੂ ਨਹੀਂ ਬਣਨਾ ਚਾਹੁੰਦਾ, ਮੈਂ ਸਿਰਫ਼ ਸੇਵਾ ਕਰਨੀ ਚਾਹੁੰਦਾ ਹਾਂ।" ਪਰ, ਹਾਲਾਂਕਿ ਉਸਦਾ ਕਥਨ ਬਹੁਤ ਹਲੀਮ ਲੱਗਾ, ਪਰ ਇਸਦੇ ਨਾਲ ਉਸਦੀ ਕਲੀਸਿਆ ਦੇ ਵਿੱਚ ਅਗਵਾਈ ਅਤੇ ਉਦੇਸ਼ ਦੀ ਧਾਰਨਾ ਖ਼ਤਮ ਹੋ ਗਈ। ਸਾਰੀਆਂ ਸੰਸਥਾਵਾਂ, ਇੱਥੋਂ ਤੱਕ ਕਿ ਕਲੀਸਿਆਵਾਂ ਦੇ ਵਿੱਚ ਆਗੂਆਂ ਦੀ ਜਰੂਰਤ ਹੁੰਦੀ ਹੈ।

ਪਾਸਬਾਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਾਸਬਾਨ ਸ਼ਬਦ ਦਾ ਮੁੱਢਲਾ ਅਰਥ "ਚਰਵਾਹਾ" ਹੈ। ਇੱਕ ਚਰਵਾਹੇ ਦੇ ਕੋਲ ਬਹੁਤ ਪ੍ਰਭਾਵਸ਼ਾਲੀ ਕੰਮ ਨਹੀਂ ਹੁੰਦਾ ਹੈ। ਇੱਕ ਚਰਵਾਹਾ ਆਪਣੇ ਦਿਨ ਬਦਬੂ ਭਰੀਆਂ ਭੇਡਾਂ ਦੇ ਨਾਲ ਬਿਤਾਉਂਦਾ ਹੈ। ਉਸਦੇ ਕੰਮ ਦੇ ਬਹੁਤ ਹੀ ਅਕਾ ਦੇਣ ਵਾਲੇ ਕੰਮ ਸ਼ਾਮਿਲ ਹਨ: ਖਾਣਾ ਅਤੇ ਪਾਣੀ ਲੱਭਣਾ, ਭਟਕ ਜਾਣ ਵਾਲੇ ਲੇਲਿਆਂ ਦੇ ਪਿੱਛੇ ਜਾਣਾ ਅਤੇ ਜ਼ਖਮੀ ਹੋਈਆਂ ਭੇਡਾਂ ਦੀ ਦੇਖਭਾਲ ਕਰਨੀ।

ਇੱਕ ਚਰਵਾਹੇ ਦੇ ਕੋਲ ਇੱਕ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇੱਕ ਚਰਵਾਹਾ ਬਹੁਤ ਨੀਵੇਂ ਕੰਮ ਕਰਦਾ ਹੈ, ਪਰ ਇੱਕ ਚਰਵਾਹਾ ਝੁੰਡ ਨੂੰ ਸੁਰੱਖਿਅਤ ਰੱਖਣ ਦੀ ਭਾਰੀ ਜਿੰਮੇਵਾਰੀ ਨੂੰ ਨਿਭਾਉਂਦਾ ਹੈ। ਝੁੰਡ ਉਹ ਚਰਵਾਹੇ ਤੇ ਨਿਰਭਰ ਰਹਿੰਦਾ ਹੈ ਜੋ ਇੱਕ ਆਗੂ ਹੈ।

ਯਿਸੂ ਇੱਕ ਸੱਚੇ ਆਗੂ ਦਾ ਨਮੂਨਾ ਪ੍ਰਦਾਨ ਕਰਦਾ ਹੈ। ਉਹ ਅਜਿਹਾ ਚਰਵਾਹਾ ਸੀ ਜਿਸਨੇ ਹਲੀਮੀ ਨਾਲ ਪਰ ਇੱਕ ਡੂੰਘੇ ਉਦੇਸ਼ ਦੀ ਭਾਵਨਾ ਨਾਲ ਸੇਵਾ ਕੀਤੀ। ਉਹ ਮਜ਼ਬੂਤ ਸੀ ਪਰ ਦਯਾ ਦੇ ਨਾਲ ਭਰਿਆ ਹੋਇਆ ਸੀ। ਉਹ ਕਿਸੇ ਅਹੁਦੇ ਦੀ ਭਾਲ ਵਿੱਚ ਨਹੀਂ ਸੀ, ਪਰ ਉਹ ਆਪਣੇ ਮਿਸ਼ਨ ਤੇ ਭਰੋਸਾ ਰੱਖਦਾ ਸੀ। ਯਿਸੂ ਦਾਸ-ਆਗੂਆਂ ਦੇ ਲਈ ਇੱਕ ਨਮੂਨਾ ਪ੍ਰਦਾਨ ਕਰਦਾ ਹੈ।

► ਉਨ੍ਹਾਂ ਮਹਾਨ ਸਫਲ ਆਗੂਆਂ ਦੇ ਬਾਰੇ ਸੋਚੋ ਜਿੰਨਾਂ ਨੂੰ ਤੁਸੀਂ ਨਿੱਜੀ ਤੌਰ ਤੇ ਜਾਣਿਆ ਹੈ। ਅਜਿਹੀਆਂ ਤਿੰਨ ਜਾਂ ਚਾਰ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਉ ਜਿੰਨਾਂ ਨੇ ਇਸ ਵਿਅਕਤੀ ਨੂੰ ਇੱਕ ਚੰਗਾ ਆਗੂ ਬਣਾਇਆ। ਕੀ ਇਹ ਵਿਸ਼ੇਸ਼ਤਾਵਾਂ ਯਿਸੂ ਦੀ ਸੇਵਕਾਈ ਦੇ ਵਿੱਚ ਵੀ ਵੇਖੀਆਂ ਜਾ ਸਕਦੀਆਂ ਹਨ? ਕੀ ਤੁਹਾਡੀਆਂ ਸੇਵਕਾਈ ਦੇ ਵਿੱਚ ਇਹ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ?

ਯਿਸੂ ਵਿਖਾਉਂਦਾ ਹੈ ਕਿ ਸੱਚੇ ਆਗੂਪੁਣੇ ਦੇ ਵਿੱਚ ਹਲੀਮੀ ਭਰੀ ਸੇਵਾ ਸ਼ਾਮਿਲ ਹੁੰਦੀ ਹੈ। ਹਲੀਮੀ ਦਾ ਅਰਥ ਨਿਰਬਲਤਾਈ ਜਾਂ ਅਸਪੱਸ਼ਟਤਾ ਨਹੀਂ ਹੈ; ਯਿਸੂ ਬਹੁਤ ਮਜ਼ਬੂਤ ਸੀ। ਇੰਜੀਲਾਂ ਬਾਰ-ਬਾਰ ਯਿਸੂ ਦੇ ਅਧਿਕਾਰ ਨੂੰ ਦਰਸਾਉਂਦੀਆਂ ਹਨ।[17] ਪਰ ਯਿਸੂ ਨੇ ਅਧਿਕਾਰ ਦੀ ਪ੍ਰਾਪਤੀ ਆਦਰ ਦੀ ਮੰਗ ਕਰਕੇ ਨਹੀਂ ਸਗੋਂ ਸੇਵਾ ਕਰਕੇ ਪ੍ਰਾਪਤ ਕੀਤੀ। ਜਦੋਂ ਉਸਦੇ ਚੇਲਿਆਂ ਨੇ ਰਾਜ ਦੇ ਵਿੱਚ ਅਹੁਦਿਆਂ ਦੇ ਬਾਰੇ ਬਹਿਸ ਕੀਤੀ, ਤਾਂ ਯਿਸੂ ਨੇ ਕਿਹਾ:

> ਪਰ ਉਸ ਨੇ ਉਨ੍ਹਾਂ ਨੂੰ ਆਖਿਆ ਕਿ ਪਰਾਈਆਂ ਕੌਮਾਂ ਦੇ ਰਾਜੇ ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਜਿਹੜੇ ਉਨ੍ਹਾਂ ਉੱਤੇ ਇਖ਼ਤਿਆਰ ਰੱਖਦੇ ਹਨ ਸੋ ਗਰੀਬਨਵਾਜ ਕਹਾਉਂਦੇ ਹਨ। ਪਰ ਤੁਸੀਂ ਏਹੋ ਜੇਹੇ ਨਾ ਹੋਵੋ ਸਗੋਂ ਤੁਹਾਡੇ ਵਿੱਚ ਜਿਹੜਾ ਵੱਡਾ ਹੈ ਉਹ ਛੋਟੇ ਵਰਗਾ ਅਤੇ ਜਿਹੜਾ ਸਰਦਾਰ ਉਹ ਟਹਿਲੂ ਵਰਗਾ ਬਣੇ। ਕਿਉਂਕਿ ਵੱਡਾ ਕੌਣ ਹੈ, ਉਹ ਜਿਹੜਾ ਖਾਣ ਨੂੰ ਬੈਠਦਾ ਹੈ ਯਾ ਉਹ ਜਿਹੜਾ ਟਹਿਲ ਕਰਦਾ ਹੈ? ਭਲਾ, ਉਹ ਨਹੀਂ ਜਿਹੜਾ ਖਾਣ ਨੂੰ ਬੈਠਦਾ ਹੈ? ਪਰ ਮੈਂ ਤੁਹਾਡੇ ਵਿੱਚ ਟਹਿਲੂਏ ਵਰਗਾ ਹਾਂ (ਲੂਕਾ 22:25-27)।

---

[17] ਮੱਤੀ 7:28-29, ਮਰਕੁਸ 1:22-28, ਲੂਕਾ 4:32-36; ਲੂਕਾ 20:1-8

ਇਸ ਪਾਠ ਦੇ ਵਿੱਚ ਅਸੀਂ ਉਨਾਂ ਵਿਸ਼ੇਸ਼ਤਾਵਾਂ ਦੇ ਵੱਲ ਵੇਖਾਂਗੇ ਜਿੰਨਾਂ ਨੇ ਯਿਸੂ ਨੂੰ ਇੱਕ ਮਹਾਨ ਆਗੂ ਬਣਾਇਆ। ਅਸੀਂ ਸਿੱਖਾਂਗੇ ਕਿ ਅਸੀਂ ਯਿਸੂ ਦੀ ਉਦਾਹਰਨ ਤੇ ਚੱਲਦੇ ਹੋਏ ਪ੍ਰਭਾਵਸ਼ਾਲੀ ਆਗੂ ਕਿਵੇਂ ਬਣ ਸਕਦੇ ਹਾਂ।

## ਇੱਕ ਪ੍ਰਭਾਵਸ਼ਾਲੀ ਮਸੀਹੀ ਆਗੂ ਆਪਣੇ ਮਿਸ਼ਨ ਨੂੰ ਜਾਣਦਾ ਹੈ

ਇੱਕ ਮਹਾਨ ਆਗੂ ਦੇ ਕੋਲ ਇੱਕ ਸਪੱਸ਼ਟ ਮਿਸ਼ਨ ਹੁੰਦਾ ਹੈ ਅਤੇ ਉਹ ਉਸ ਮਿਸ਼ਨ ਤੇ ਆਪਣਾ ਪੂਰਾ ਧਿਆਨ ਲਗਾਉਂਦਾ ਹੈ। ਯਿਸੂ ਆਪਣੇ ਮਿਸ਼ਨ ਨੂੰ ਜਾਣਦਾ ਸੀ। ਯਿਸੂ ਦੇ ਮਿਸ਼ਨ ਦਾ ਸਾਰ ਮਰਕੁਸ 10:45 ਦੇ ਵਿੱਚ ਦਿੱਤਾ ਗਿਆ ਹੈ: "ਕਿਉਂਕਿ ਮਨੁੱਖ ਦਾ ਪੁੱਤ੍ਰ ਵੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਲਈ ਨਿਸਤਾਰੇ ਦੇ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ।"

ਆਪਣੇ ਪਹਿਲੇ ਜਨਤਕ ਸੰਦੇਸ਼ ਦੇ ਵਿੱਚ, ਯਿਸੂ ਨੇ ਆਪਣੇ ਸ੍ਰੋਤਿਆਂ ਨੂੰ ਦੱਸਿਆ ਕਿ ਉਹ ਯਸਾਯਾਹ ਦੇ ਵਿੱਚ ਭਵਿੱਖਬਾਣੀ ਕੀਤੇ ਹੋਏ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਆਇਆ ਸੀ:

> ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਸਨੇ ਮੈਨੂੰ ਮਸਹ ਕੀਤਾ ਹੈ, ਭਈ ਗ਼ਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ। ਉਸਨੇ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ ਅਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ। ਅਤੇ ਪ੍ਰਭੂ ਦੀ ਮਨਜੂਰੀ ਦੇ ਵਰ੍ਹੇ ਦਾ ਪ੍ਰਚਾਰ ਕਰਾਂ (ਲੂਕਾ 4:18-19, ਜੋ ਕਿ ਯਸਾਯਾਹ 61:1-3 ਤੋਂ ਲਿਆ ਗਿਆ ਹੈ)।

ਯਿਸੂ ਦਾ ਮਿਸ਼ਨ ਉਸਦੇ ਪ੍ਰਤੀਦਿਨ ਦੇ ਫੈਸਲਿਆਂ ਦੀ ਅਗਵਾਈ ਕਰਦਾ ਸੀ। ਜਦੋਂ ਉਸਨੇ ਯਹੂਦਿਯਾ ਤੋਂ ਗ਼ਲੀਲ ਦੇ ਵੱਲ ਯਾਤਰਾ ਕੀਤੀ ਉਸਦੇ ਮਿਸ਼ਨ ਨੇ ਉਸਦੀ ਯਾਤਰਾ ਦੇ ਰਾਹ ਦੀ ਅਗਵਾਈ ਕੀਤੀ। ਯਹੂਦੀ ਰੱਬੀ (ਧਰਮ ਗੁਰੂ) ਅਕਸਰ ਯਰਦਨ ਨਦੀ ਦੇ ਪੂਰਬੀ ਪਾਸੇ ਵੱਲ ਯਾਤਰਾ ਕਰਦੇ ਸਨ ਤਾਂ ਕਿ ਉਹ ਸਾਮਰੀਆਂ ਤੋਂ ਹੋਣ ਵਾਲੀ ਅਸ਼ੁੱਧਤਾਈ ਤੋਂ ਬਚ ਸਕਣ। ਪਰ ਯਿਸੂ ਦੀ ਯਾਤਰਾ ਦੇ ਰਾਹ ਦੀ ਅਗਵਾਈ ਸਾਮਰੀ ਔਰਤ ਦੇ ਨਾਲ ਪਰਮੇਸ਼ੁਰ ਦੀ ਦਯਾ ਸਾਂਝੀ ਕਰਨ ਦੇ ਮਿਸ਼ਨ ਦੁਆਰਾ ਹੋ ਰਹੀ ਸੀ। ਇਸਦੇ ਕਾਰਨ ਉਸਨੂੰ ਸਾਮਰਿਯਾ ਦੇ ਵਿੱਚੋਂ ਦੀ ਲੰਘਣਾ ਪਿਆ (ਯੂਹੰਨਾ 4:4)। ਇੱਕ ਮਸੀਹੀ ਆਗੂ ਦੇ ਤੌਰ ਤੇ, ਤੁਹਾਡਾ ਮਿਸ਼ਨ ਤੁਹਾਡੇ ਪ੍ਰਤੀਦਿਨ ਦੇ ਫੈਸਲਿਆਂ ਦੀ ਅਗਵਾਈ ਕਰਦਾ ਹੈ।

ਇੱਕ ਆਗੂ ਦੇ ਰੂਪ ਵਿੱਚ, ਜਿੰਨਾ ਤੁਸੀਂ ਪ੍ਰਾਪਤ ਕਰ ਸਕਦੇ ਹੋ ਉਸ ਨਾਲੋਂ ਵੀ ਜਿਆਦਾ ਕਰਨ ਵਾਲਾ ਕੰਮ ਹੈ। ਉਸਦੀਆਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਕਿਵੇਂ ਨਿਰਧਾਰਿਤ ਕਰਦੇ ਹੋ? ਤੁਸੀਂ ਸਭ ਕੁਝ ਨਹੀਂ ਕਰ ਸਕਦੇ, ਅਤੇ ਤੁਹਾਨੂੰ ਸਭ ਕੁਝ ਨਹੀਂ ਕਰਨਾ ਚਾਹੀਦਾ। ਤੁਹਾਨੂੰ ਮੌਕਿਆਂ ਦਾ ਮੁਲਾਂਕਣ ਆਪਣੇ ਮਿਸ਼ਨ ਦੇ ਦੁਆਰਾ ਕਰਨਾ ਚਾਹੀਦਾ ਹੈ। ਹਰੇਕ ਆਗੂ ਦੇ ਕੋਲ ਦੋ ਸੂਚੀਆਂ ਹੋਣੀਆਂ ਚਾਹੀਦੀਆਂ ਹਨ-ਇੱਕ "ਕਰਨ ਵਾਲੇ ਕੰਮਾਂ ਦੀ ਸੂਚੀ" ਅਤੇ "ਨਾ ਕਰਨ ਵਾਲੇ ਕੰਮਾਂ ਦੀ ਸੂਚੀ।" ਕਰਨ ਵਾਲੇ ਕੰਮਾਂ ਦੀ ਸੂਚੀ ਵਿੱਚ ਉਹ ਕੰਮ ਹਨ ਜੋ ਤੁਹਾਨੂੰ ਪੂਰੇ ਕਰਨੇ ਚਾਹੀਦੇ ਹਨ। ਨਾ ਕਰਨ ਵਾਲੇ ਕੰਮਾਂ ਦੀ ਸੂਚੀ ਵਿੱਚ ਅਜਿਹੇ ਕੰਮ ਸ਼ਾਮਿਲ ਹਨ ਜੋ ਤੁਹਾਨੂੰ ਤੁਹਾਡੇ ਮਿਸ਼ਨ

ਤੋਂ ਭਟਕਾਉਂਦੇ ਹਨ। ਜੋ ਤੁਹਾਨੂੰ ਆਪਣੇ ਮਿਸ਼ਨ ਤੋਂ ਭਟਕਾਉਂਦੇ ਹਨ। ਹੋ ਸਕਦਾ ਹੈ ਕਿ ਕਿਸੇ ਹੋਰ ਦੀ ਉਹ ਕੰਮ ਕਰਨ ਦੇ ਲਈ ਬੁਲਾਹਟ ਹੋਵੇ, ਪਰ ਇਹ ਕੰਮ ਤੁਹਾਡੇ ਲਈ ਨਹੀਂ ਹਨ। ਤੁਹਾਡੇ ਮਿਸ਼ਨ ਦੇ ਦੁਆਰਾ ਤੁਹਾਡੀਆਂ ਪ੍ਰਤੀਦਿਨ ਦੀਆਂ ਪ੍ਰਾਥਮਿਕਤਾਵਾਂ ਦੀ ਅਗਵਾਈ ਹੋਣੀ ਚਾਹੀਦੀ ਹੈ।

ਪੌਲੁਸ ਰਸੂਲ ਇੱਕ ਅਜਿਹੇ ਆਗੂ ਦੀ ਉਦਾਹਰਨ ਹੈ ਜੋ ਆਪਣੇ ਮਿਸ਼ਨ ਨੂੰ ਜਾਣਦਾ ਸੀ। ਪੌਲੁਸ ਨੂੰ ਰੋਮ ਦੇ ਮੁੱਖ ਸ਼ਹਿਰਾਂ ਵਿੱਚ ਕਲੀਸਿਆਵਾਂ ਸਥਾਪਿਤ ਕਰਨ ਦੇ ਲਈ ਬੁਲਾਇਆ ਗਿਆ ਸੀ। ਉਹ ਕਿਸੇ ਹੋਰ ਦੀ ਧਰੀ ਨੀਂਹ ਤੇ ਉਸਾਰੀ ਨਹੀਂ ਕਰਨਾ ਚਾਹੁੰਦਾ ਸੀ। ਪਰ ਉਹ ਸ਼ੁਭ-ਸਮਾਚਾਰ ਅਜਿਹੇ ਲੋਕਾਂ ਤੱਕ ਲੈ ਕੇ ਜਾਣਾ ਚਾਹੁੰਦਾ ਸੀ ਜਿੰਨ੍ਹਾਂ ਨੇ ਅਜੇ ਤੱਕ ਇਸਨੂੰ ਨਹੀਂ ਸੁਣਿਆ ਸੀ (ਰੋਮੀਆਂ 15:20)। ਇਸੇ ਮਿਸ਼ਨ ਦੇ ਦੁਆਰਾ ਪੌਲੁਸ ਦੀਆਂ ਯਾਤਰਾਵਾਂ ਦੀ ਅਗਵਾਈ ਹੁੰਦੀ ਸੀ, ਨਾਲ ਹੀ ਇਹ ਕਿ ਉਹ ਕਿੰਨੇ ਦੇਰ ਉੱਥੇ ਰੁਕੇਗਾ ਅਤੇ ਇੱਥੋਂ ਤੱਕ ਕਿ ਉਹ ਕਿਹੜੇ ਸੰਦੇਸ਼ ਦਾ ਪ੍ਰਚਾਰ ਕਰੇਗਾ। ਪੌਲੁਸ ਦਾ ਮਿਸ਼ਨ ਉਸਦੇ ਹਰੇਕ ਫੈਸਲੇ ਦੀ ਅਗਵਾਈ ਕਰਦਾ ਸੀ।

► ਇੰਨਾਂ ਪ੍ਰਸ਼ਨਾਂ ਦੀ ਚਰਚਾ ਕਰੋ:

- ਪਰਮੇਸ਼ੁਰ ਨੇ ਤੁਹਾਨੂੰ ਕਿਹੜਾ ਮਿਸ਼ਨ ਦਿੱਤਾ ਹੈ? ਆਪਣੇ ਸ਼ਬਦਾਂ ਦੇ ਵਿੱਚ ਆਪਣੇ ਮਿਸ਼ਨ ਦਾ ਸਾਰ ਲਿਖੋ।
- ਕੀ ਤੁਸੀਂ ਉਨ੍ਹਾਂ ਲੋਕਾਂ ਦੇ ਨਾਲ ਆਪਣਾ ਮਿਸ਼ਨ ਸਾਂਝਾ ਕੀਤਾ ਹੈ ਜੋ ਸੇਵਕਾਈ ਦੇ ਵਿੱਚ ਤੁਹਾਡੇ ਨਾਲ ਜੁੜਦੇ ਹਨ?
- ਕੀ ਤੁਹਾਡਾ ਦਰਸ਼ਨ ਤੁਹਾਡੇ ਪ੍ਰਤੀਦਿਨ ਦੇ ਫੈਸਲਿਆਂ ਦੀ ਅਗਵਾਈ ਕਰਦਾ ਹੈ?

## ਇੱਕ ਪ੍ਰਭਾਵਸ਼ਾਲੀ ਮਸੀਹੀ ਆਗੂ ਦੂਸਰੇ ਆਗੂਆਂ ਨੂੰ ਸਿਖਲਾਈ ਦਿੰਦਾ ਹੈ

ਯਿਸੂ ਨੇ ਆਪਣੀ ਸੇਵਕਾਈ ਦੇ ਆਰੰਭ ਤੋਂ ਹੀ, ਬਹੁਤ ਧਿਆਨਪੂਰਵਕ ਚੇਲਿਆਂ ਦੇ ਇੱਕ ਸਮੂਹ ਨੂੰ ਚੁਣਿਆ ਅਤੇ ਉਨ੍ਹਾਂ ਨੂੰ ਸਿਖਲਾਈ ਦਿੱਤੀ ਜੋ ਉਸਦੇ ਪਿਤਾ ਦੇ ਕੋਲ ਵਾਪਿਸ ਜਾਣ ਤੋਂ ਬਾਅਦ ਉਸਦੀ ਸੇਵਕਾਈ ਨੂੰ ਜਾਰੀ ਰੱਖਣ ਵਾਲੇ ਸਨ। ਇੰਨ੍ਹਾਂ ਚੇਲਿਆਂ ਨੇ ਉਸ ਤੋਂ ਸਿੱਖਿਆ, ਉਸਦੇ ਨਾਲ ਸਮਾਂ ਬਿਤਾਇਆ, ਉਸਦੇ ਨਾਲ ਸੇਵਕਾਈ ਕੀਤੀ, ਅਤੇ ਸੰਸਾਰ ਭਰ ਦੇ ਵਿੱਚ ਉਸਦੇ ਸੰਦੇਸ਼ ਨੂੰ ਫੈਲਾਇਆ। ਯਿਸੂ ਨੇ ਆਪਣੇ ਸਰੂਪ ਦੇ ਦੁਆਰਾ ਇੰਨ੍ਹਾਂ ਚੇਲਿਆਂ ਤੇ ਮੋਹਰ ਲਗਾਈ ਅਤੇ ਫਿਰ ਕਲੀਸਿਆ ਤਿਆਰ ਕਰਨ ਦੇ ਲਈ ਉਨ੍ਹਾਂ ਦਾ ਉਪਯੋਗ ਕੀਤਾ।

> "ਯਿਸੂ ਨੇ ਕਦੇ ਕੋਈ ਕਿਤਾਬ ਨਹੀਂ ਲਿਖੀ।ਇਸਦੀ ਬਜਾਏ ਉਸਨੇ ਆਪਣਾ ਸੰਦੇਸ਼ ਰਸੂਲਾਂ ਦੇ ਉੱਤੇ ਲਿਖਿਆ।"
>
> -ਵਿਲੀਅਮ ਬਾਰਕਲੇ

ਲੂਕਾ ਨੇ ਸੇਵਕਾਈ ਦੇ ਦਬਾਅ ਦੇ ਬਾਰੇ ਲਿਖਿਆ। "ਇੰਨੇ ਨੂੰ ਜਾਂ ਹਜਾਰਾਂ ਲੋਕ ਇੱਕਠੇ ਹੋਏ ਐਥੋਂ ਤੋੜੀ ਜੋ ਇੱਕ ਦੂਜੇ ਡਿੱਗਿਆ ਪੈਂਦਾ ਸੀ ਤਾਂ ਉਹ ਪਹਿਲਾਂ ਆਪਣੇ ਚੇਲਿਆਂ ਨੂੰ ਕਹਿਣ ਲੱਗਾ" (ਲੂਕਾ 12:1)। ਭਾਵੇਂ ਕਿ ਹਜਾਰਾਂ ਦੇ ਵਿੱਚ ਸੇਵਕਾਈ ਕਰਨੀ ਜਿਆਦਾ ਉਤਸੁਕਤਾ ਵਾਲੀ ਸੀ, ਪਰ ਯਿਸੂ ਚੇਲਿਆਂ ਦੇ ਲਈ ਕੀਤੀ ਜਾਣ ਵਾਲੀ ਸੇਵਕਾਈ ਤੋਂ ਨਹੀਂ ਭਟਕਿਆ।

ਉਹ ਜਾਣਦਾ ਸੀ ਕਿ ਰਾਜ ਨੂੰ ਸਥਾਪਿਤ ਕਰਨ ਦੇ ਲਈ, ਉਸਨੂੰ ਕਲੀਸਿਆ ਦੀ ਅਗਵਾਈ ਕਰਨ ਦੇ ਲਈ ਆਪਣੇ ਚੇਲ੍ਹਿਆਂ ਨੂੰ ਸਿਖਲਾਈ ਦੇਣੀ ਹੈ। ਚੇਲ੍ਹਿਆਂ ਨੂੰ ਸਿਖਲਾਈ ਦੇਣ ਦੇ ਦੁਆਰਾ ਅਸੀਂ ਅੱਗਲੀ ਪੀੜ੍ਹੀ ਦੇ ਆਗੂਆਂ ਨੂੰ ਤਿਆਰ ਕਰਦੇ ਹਾਂ।

ਪੌਲੁਸ ਨੇ ਵੀ ਇਹੀ ਨਮੂਨਾ ਅਪਣਾਇਆ। ਉਹ ਭੀੜਾਂ ਦੇ ਵਿੱਚ ਪ੍ਰਚਾਰ ਕਰਦਾ ਸੀ, ਪਰ ਉਹ ਆਪਣਾ ਧਿਆਨ ਹਰੇਕ ਸ਼ਹਿਰ ਦੇ ਵਿੱਚ ਕੁਝ ਆਗੂਆਂ ਨੂੰ ਸਿਖਲਾਈ ਦੇਣ ਦੇ ਵਿੱਚ ਲਗਾਉਂਦਾ ਸੀ। ਉਹ ਅੱਜ ਦੇ ਆਗੂਆਂ ਦੇ ਲਈ ਨਮੂਨਾ ਪ੍ਰਦਾਨ ਕਰਦਾ ਹੈ। ਪੌਲੁਸ ਨੇ ਪਾਸਬਾਨਾਂ ਸੱਦਾ ਦਿੱਤਾ ਕਿ ਉਹ ਸੰਤਾਂ ਨੂੰ ਸੇਵਕਾਈ ਦੇ ਲਈ ਤਿਆਰ ਕਰਨ (ਅਫ਼ਸੀਆਂ 4:12)। ਪਾਸਬਾਨ ਕਲੀਸਿਆ ਦੇ ਸਾਰੇ ਕੰਮ ਕਰਨ ਦੇ ਲਈ ਜਿੰਮੇਵਾਰ ਨਹੀਂ ਹੈ; ਪਾਸਬਾਨ ਕਲੀਸਿਆ ਦੇ ਮੈਂਬਰਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਕਲੀਸਿਆ ਦੇ ਕੰਮ ਲਈ ਤਿਆਰ ਕਰਨ ਦੇ ਪ੍ਰਤੀ ਜਿੰਮੇਵਾਰ ਹੈ। ਪ੍ਰਭਾਵਸ਼ਾਲੀ ਆਗੂ ਦੂਸਰੇ ਆਗੂਆਂ ਨੂੰ ਸਿਖਲਾਈ ਦਿੰਦੇ ਹਨ।

## ਚੇਲ੍ਹਿਆਂ ਨੂੰ ਆਤਮਿਕ ਅਗਵਾਈ ਦੇਣ ਵਿੱਚ ਯਿਸੂ ਦਾ ਨਮੂਨਾ

### ਇੱਕ ਆਤਮਿਕ ਆਗੂ ਨੂੰ ਚੇਲ੍ਹਿਆਂ ਦੀ ਚੋਣ ਧਿਆਨਪੂਰਵਕ ਕਰਨੀ ਚਾਹੀਦੀ ਹੈ.[18]

► ਪੜ੍ਹੋ ਯੂਹੰਨਾ 1:35-51, ਯੂਹੰਨਾ 2:1-11, ਮੱਤੀ 4:18-22, ਲੂਕਾ 5:1-11, ਅਤੇ ਲੂਕਾ 6:12-16.

ਜਦੋਂ ਤੁਸੀਂ ਇੰਨਾਂ ਵਚਨਾਂ ਨੂੰ ਪੜਿਆ, ਕੀ ਤੁਸੀਂ ਪ੍ਰਕਿਰਿਆ ਤੇ ਧਿਆਨ ਦਿੱਤਾ? ਯਿਸੂ ਨੇ ਆਪਣੀ ਜਨਤਕ ਸੇਵਕਾਈ ਦੇ ਪਹਿਲੇ ਹਫ਼ਤੇ ਵਿੱਚ ਅੰਦ੍ਰਿਆਸ ਅਤੇ ਯੂਹੰਨਾ ਨੂੰ ਉਸਦੇ ਪਿੱਛੇ ਆਉਣ ਦਾ ਸੱਦਾ ਦਿੱਤਾ। ਅੰਦ੍ਰਿਆਸ ਸ਼ਮਊਨ ਪਤਰਸ ਨੂੰ ਯਿਸੂ ਦੇ ਕੋਲ ਲੈ ਕੇ ਆਇਆ। ਯਿਸੂ ਨੇ ਫਿਲਿਪੁਸ ਨੂੰ ਸੱਦਾ ਦਿੱਤਾ ਜਿਸਨੇ ਨਥਾਨੀਏਲ ਲੱਭਿਆ (ਯੂਹੰਨਾ 1:35-51)। ਇਹ ਉਨ੍ਹਾਂ ਦੇ ਸੱਦੇ ਦਾ ਪਹਿਲਾ ਕਦਮ ਸੀ। ਉਨ੍ਹਾਂ ਨੇ ਯਿਸੂ ਨੂੰ ਮੰਨ ਲਿਆ, ਪਰ ਉਹ ਅਜੇ ਉਸਦੇ ਸਥਾਈ ਪੈਰੋਕਾਰ ਨਹੀਂ ਬਣੇ ਸਨ। ਇਸ ਯਿਸੂ ਦੇ ਪਿੱਛੇ ਚੱਲਣ ਦਾ ਸੱਦਾ ਸੀ। ਬਾਅਦ ਦੇ ਵਿੱਚ ਯਿਸੂ ਨੇ ਉਨ੍ਹਾਂ ਨੂੰ ਪੂਰੇ ਸਮੇਂ ਦੇ ਚੇਲੇ ਹੋ ਜਾਣ ਦਾ ਸੱਦਾ ਦਿੱਤਾ।

ਯੂਹੰਨਾ 2 ਅਧਿਆਏ ਇਸ ਪ੍ਰਕਿਰਿਆ ਦਾ ਅਹਿਮ ਪੜਾਅ ਹੈ। ਕਾਨਾ ਦੇ ਵਿਆਹ ਤੇ, ਯਿਸੂ ਨੇ ਆਪਣੀ ਮਹਿਮਾ ਚੇਲ੍ਹਿਆਂ ਦੇ ਅੱਗੇ ਪ੍ਰਗਟ ਕੀਤੀ। ਬਾਕੀ ਦੇ ਮਹਿਮਾਨਾਂ ਨੂੰ ਚਮਤਕਾਰ ਦੇ ਬਾਰੇ ਪਤਾ ਨਹੀਂ ਲੱਗਾ; ਇਹ ਚਿੰਨ੍ਹ ਚੇਲ੍ਹਿਆਂ ਦੇ ਲਈ ਸੀ। ਯਿਸੂ ਨੇ ਚੇਲ੍ਹਿਆਂ ਦੇ ਅੱਗੇ ਆਪਣੇ ਆਪ ਨੂੰ ਪ੍ਰਗਟ ਕੀਤਾ ਤਾਂ ਕਿ ਉਹ ਉਸ ਤੇ ਭਰੋਸਾ ਕਰ ਸਕਣ। ਅਤੇ ਉਸਦੇ ਚੇਲ੍ਹਿਆਂ ਨੇ ਉਸ ਤੇ ਵਿਸ਼ਵਾਸ ਕੀਤਾ (ਯੂਹੰਨਾ 2:11)।

ਮੱਤੀ 4:18-22 ਦੀ ਘਟਨਾ ਯਿਸੂ ਦੇ ਨਾਸਰਤ ਤੋਂ ਕਫਰਨਾਹੂਮ ਦੇ ਵੱਲ ਚਲੇ ਜਾਣ ਅਤੇ ਪ੍ਰਚਾਰ ਅਰੰਭ ਕਰਨ ਤੋਂ ਬਾਅਦ ਹੁੰਦੀ ਹੈ (ਮੱਤੀ 4:12-17)। ਗ਼ਲੀਲ ਦੇ ਸਮੁੰਦਰ ਕੰਢੇ ਚੱਲਦੇ ਹੋਏ, ਯਿਸੂ ਨੇ ਸ਼ਮਊਨ, ਅੰਦ੍ਰਿਆਸ, ਯਾਕੂਬ ਅਤੇ ਯੂਹੰਨਾ ਨੂੰ ਉਸਦੇ ਪਿੱਛੇ

[18] Robert Coleman, *The Master Plan of Evangelism* ਤੋਂ ਲਿਆ ਗਿਆ। (Grand Rapids: Baker Book House, 1963)

ਚੱਲਣ ਦਾ ਸੱਦਾ ਦਿੱਤਾ। "ਅਤੇ ਓਹ ਝੱਟ ਜਾਲਾਂ ਨੂੰ ਛੱਡ ਕੇ ਉਹ ਤੇ ਮਗਰ ਹੋ ਤੁਰੇ" (ਮੱਤੀ 4:20)। ਯੂਹੰਨਾ 1 ਅਧਿਆਏ ਵਿੱਚ ਇਸ ਅਰੰਭਿਕ ਬੁਲਾਹਟ ਤੋਂ ਬਾਅਦ, ਇੰਨ੍ਹਾਂ ਚੇਲ੍ਹਿਆਂ ਨੇ ਆਪਣੇ ਮੱਛੀਆਂ ਫੜਣ ਦੇ ਕੰਮ ਨੂੰ ਜਾਰੀ ਰੱਖਿਆ ਸੀ। ਹੁਣ ਯਿਸੂ ਨੇ ਉਨ੍ਹਾਂ ਨੂੰ ਸੇਵਕਾਈ ਦੇ ਲਈ ਬੁਲਾਇਆ: "ਹੁਣ ਤੋਂ ਤੁਸੀਂ ਮਨੁੱਖਾਂ ਨੂੰ ਫੜਣ ਵਾਲੇ ਹੋਵੋਗੇ" (ਲੂਕਾ 5:10)।

ਇਸ ਪ੍ਰਕਿਰਿਆ ਦਾ ਅੱਗਲਾ ਪੜਾਅ ਯਿਸੂ ਦੇ ਦੁਆਰਾ ਚੇਲ੍ਹਿਆਂ ਦੀ ਚੋਣ ਕਰਨਾ ਸੀ। ਬਹੁਤ ਸਾਰੇ ਪੈਰੋਕਾਰਾਂ ਦੇ ਵਿੱਚੋਂ (ਉਨ੍ਹਾਂ ਨੂੰ ਯੂਹੰਨਾ 6 ਵਿੱਚ "ਚੇਲ੍ਹੇ" ਕਿਹਾ ਗਿਆ), ਯਿਸੂ ਨੇ ਬਾਰ੍ਹਾਂ ਅਜਿਹੇ ਲੋਕ ਚੁਣੇ ਜੋ ਉਸਦੇ ਬਹੁਤ ਨਜਦੀਕੀ ਬਣੇ।

ਯਿਸੂ ਨੇ ਬਾਰ੍ਹਾਂ ਦੀ ਚੋਣ ਕਰਨ ਵਿੱਚ ਕੋਈ ਜਲਦਬਾਜੀ ਨਹੀਂ ਕੀਤੀ। ਅਜਿਹਾ ਜਾਪਦਾ ਹੈ ਕਿ ਇਹ ਪ੍ਰਕਿਰਿਆ ਕਈ ਮਹੀਨਿਆਂ ਤੱਕ ਚੱਲਦੀ ਰਹੀ। ਇਸਦੇ ਨਾਲ ਯਿਸੂ ਨੂੰ ਉਨ੍ਹਾਂ ਸਾਰਿਆਂ ਦੇ ਨਾਲ ਸਮਾਂ ਬਿਤਾਉਣ ਦਾ ਸਮਾਂ ਮਿਲਿਆ। ਅਕਸਰ, ਇੱਕ ਆਗੂ ਕਿਸੇ ਵਿਅਕਤੀ ਨੂੰ ਜਾਣਨ ਦੇ ਲਈ ਬਿਨਾਂ ਸਮੇਂ ਬਿਤਾਏ ਅੱਗਲੇ ਆਗੂ ਦੀ ਚੋਣ ਕਰ ਲੈਂਦਾ ਹੈ। ਇੱਕ ਬੁੱਧੀਮਾਨ ਆਗੂ ਕਿਸੇ ਵਿਅਕਤੀ ਦੇ ਵਿੱਚ ਅਗਵਾਈ ਕਰਨ ਦੀਆਂ ਯੋਗਤਾਵਾਂ ਦਾ ਮੁਲਾਂਕਣ ਕਰਨ ਦੇ ਲਈ ਕੁਝ ਕੰਮ ਸੌਂਪਦਾ ਹੈ।

### ਇੱਕ ਆਤਮਿਕ ਆਗੂ ਨੂੰ ਆਪਣੇ ਚੇਲ੍ਹਿਆਂ ਦੇ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ

► ਜਿਆਦਾ ਉਤਸੁਕਤਾ ਕਿਸ ਗੱਲ ਵਿੱਚ ਹੈ, ਬਹੁਤ ਸਾਰੇ ਲੋਕਾਂ ਤੱਕ ਵਚਨ ਪਹੁੰਚਾਉਣਾ ਜਾਂ ਕੁਝ ਲੋਕਾਂ ਨੂੰ ਸਿਖਲਾਈ ਦੇਣਾ? ਲੰਬੇ ਸਮੇਂ ਦੇ ਲਈ ਕਿਹੜੀ ਗੱਲ਼ ਜਿਆਦਾ ਜਰੂਰੀ ਹੈ? ਯਿਸੂ ਨੇ ਬਾਰ੍ਹਾਂ ਮਨੁੱਖਾਂ ਦੇ ਉੱਤੇ ਜਿਆਦਾ ਜ਼ੋਰ ਕਿਉਂ ਦਿੱਤਾ?

ਯਿਸੂ ਨੇ ਆਪਣਾ ਜਿਆਦਾ ਸਮਾਂ ਬਾਰ੍ਹਾਂ ਰਸੂਲਾਂ ਦੇ ਲਈ ਸਮਰਪਿਤ ਕੀਤਾ। "ਅਰ ਉਹ ਨੇ ਬਾਰਾਂ ਪੁਰਸ਼ ਠਹਿਰਾਏ **ਜੋ ਉਹ ਦੇ ਨਾਲ ਰਹਿਣ** ਅਤੇ ਉਹ ਉਨ੍ਹਾਂ ਨੂੰ ਭੇਜੇ ਭਈ ਪਰਚਾਰ ਕਰਨ, ਨਾਲੇ ਭੂਤਾਂ ਦੇ ਕੱਢਣ ਦਾ ਇਖ਼ਤਿਆਰ ਰੱਖਣ" (ਮਰਕੁਸ 3:14-15)। ਪਹਿਲਾਂ ਉਹ ਉਸਦੇ ਤਰੀਕਿਆਂ ਨੂੰ ਸਿੱਖਣ ਦੇ ਲਈ ਉਸਦੇ ਨਾਲ ਸਮਾਂ ਬਿਤਾਉਣਗੇ। ਫਿਰ ਹੀ ਉਹ ਸੇਵਕਾਈ ਦੇ ਲਈ ਘੱਲੇ ਜਾਣ ਦੇ ਲਈ ਤਿਆਰ ਹੋ ਸਕਦੇ ਸਨ।

ਮਰਕੁਸ ਯਿਸੂ ਦੇ ਗ਼ਲੀਲ ਦੇ ਰਾਂਹੀ ਗੁਜ਼ਰਨ ਦੀ ਇੱਕ ਯਾਤਰਾ ਨੂੰ ਦਰਜ ਕਰਦਾ ਹੈ: "ਅਤੇ ਉਹ ਨਹੀਂ ਚਾਹੁੰਦਾ ਸੀ ਜੋ ਕਿਸੇ ਨੂੰ ਖਬਰ ਹੋਵੇ (ਕਿ ਉਹ ਉੱਥੇ ਹੈ), ਇਸ ਲਈ ਕਿ ਉਹ ਆਪਣੇ ਚੇਲਿਆਂ ਨੂੰ ਸਿਖਾਲਦਾ ਸੀ" (ਮਰਕੁਸ 9:30-31)। ਯਿਸੂ ਦਾ ਮੁੱਖ ਕੰਮ ਭੀੜਾਂ ਤੱਕ ਪਹੁੰਚਣ ਦੇ ਲਈ ਕਿਸੇ ਪ੍ਰੋਗ੍ਰਾਮ ਨੂੰ ਬਣਾਉਣਾ ਨਹੀਂ ਸੀ, ਪਰ ਅਜਿਹੇ ਮਨੁੱਖਾਂ ਨੂੰ ਵਿਕਸਿਤ ਕਰਨਾ ਸੀ ਜੋ ਕਲੀਸਿਆ ਦੀ ਅਗਵਾਈ ਕਰਨਗੇ।

ਯਿਸੂ ਨੇ ਹਜਾਰਾਂ ਦੇ ਲਈ ਪ੍ਰਚਾਰ ਕੀਤਾ, ਪਰ ਉਸਦਾ ਮੁੱਢਲਾ ਕੰਮ ਕੁਝ ਲੋਕਾਂ ਨੂੰ ਭਵਿੱਖ ਦੀ ਸੇਵਕਾਈ ਦੇ ਲਈ ਸਿਖਲਾਈ ਦੇਣਾ ਸੀ। ਯਿਸੂ ਜਾਣਦਾ ਸੀ ਕਿ ਜੇਕਰ ਸਿਖਲਾਈ ਕਿਸੇ ਛੋਟੇ ਸਮੂਹ ਦੇ ਵਿੱਚ ਕੀਤੀ ਜਾਂਦੀ ਹੈ ਤਾਂ ਇਹ ਜਿਆਦਾ ਪ੍ਰਭਾਵਸ਼ਾਲੀ ਹੁੰਦੀ ਹੈ। ਰੋਬਰਟ ਕੋਲਮੈਨ ਚੇਤਾਵਨੀ ਦਿੰਦੀ ਹੈ, "ਜਿੰਨ੍ਹੀ ਜਿਆਦਾ ਤੁਹਾਡੀ ਸੇਵਕਾਈ ਵਧੇਗੀ, ਵਿਅਕਤੀਗਤ ਤੌਰ ਤੇ ਚੇਲ੍ਹਿਆਂ ਨੂੰ ਸਿਖਾਉਣਾ

ਉਨ੍ਹਾਂ ਹੀ **ਕਠਿਨ** ਹੋ ਜਾਵੇਗਾ। ਪਰ ਜਿੰਨੀ ਜਿਆਦਾ ਸੇਵਕਾਈ ਵੱਧ ਜਾਵੇਗੀ, ਫਿਰ ਚੇਲ੍ਹਿਆਂ ਨੂੰ ਸਿਖਲਾਈ ਦੇਣਾ ਉਨਾਂ ਹੀ ਜਿਆਦਾ **ਮਹੱਤਵਪੂਰਨ** ਹੋ ਜਾਂਦਾ ਹੈ।"

ਜਦੋਂ ਤੁਸੀਂ ਇੰਜੀਲਾਂ ਨੂੰ ਪੜਦੇ ਹੋ ਤਾਂ ਪਾਉਂਦੇ ਹੋ ਕਿ ਯਿਸੂ ਸੇਵਕਾਈ ਦੇ ਸਮੇਂ ਆਪਣੇ ਤਿੰਨ ਚੇਲ੍ਹਿਆਂ ਅਕਸਰ ਹੀ ਕੋਲ ਰੱਖਦੇ ਸਨ। ਯਿਸੂ ਅਤੇ ਉਸਦੇ ਚੇਲ੍ਹੇ ਅਕਸਰ ਉਜਾੜਾਂ ਦੇ ਵਿੱਚ ਸਿਖਲਾਈ ਦੇ ਲਈ ਜਾਂਦੇ ਸਨ। ਧਰਤੀ ਤੇ ਆਪਣੀ ਸੇਵਕਾਈ ਦੇ ਅੰਤ ਦੇ ਸਮੇਂ ਵਿੱਚ ਯਿਸੂ ਨੇ ਆਪਣੇ ਚੇਲ੍ਹਿਆਂ ਦੇ ਨਾਲ ਹੋਰ ਵੀ ਜਿਆਦਾ ਸਮਾਂ ਬਿਤਾਇਆ। ਯਰੂਸ਼ਲਮ ਦੇ ਵਿੱਚ ਆਪਣੇ ਆਖਰੀ ਹਫ਼ਤੇ ਦੇ ਦੌਰਾਨ ਯਿਸੂ ਨੇ ਜਿਆਦਾਤਰ ਆਪਣੇ ਚੇਲ੍ਹਿਆਂ ਨੂੰ ਆਪਣੇ ਕੋਲ ਹੀ ਰੱਖਿਆ। ਇੰਨ੍ਹਾਂ ਮਨੁੱਖਾਂ ਨੂੰ ਸਿਖਲਾਈ ਦੇਣਾ ਉਸਦੇ ਮੁੱਖ ਕੰਮਾਂ ਦੇ ਵਿੱਚੋਂ ਇੱਕ ਸੀ।

ਇੱਕ ਯਹੂਦੀ ਕਹਾਵਤ ਹੈ, "ਇੱਕ ਚੇਲ੍ਹਾ ਉਹ ਹੁੰਦਾ ਹੈ ਜੋ ਆਪਣੇ ਗੁਰੂ ਦੀ ਮਿੱਟੀ ਖਾਂਦਾ ਹੈ।" ਇੱਕ ਚੇਲ੍ਹਾ ਆਪਣੇ ਗੁਰੂ ਦੇ ਇੰਨਾ ਨੇੜੇ ਚੱਲਦਾ ਹੈ ਕਿ ਉਹ ਗੁਰੂ ਦੇ ਪੈਰਾਂ ਦੁਆਰਾ ਉੱਡਣ ਵਾਲੀ ਮਿੱਟੀ ਨੂੰ ਖਾਂਦਾ ਹੈ। ਇੱਕ ਚੇਲ੍ਹਾ ਉਹੀ ਖਾਂਦਾ ਸੀ ਜੋ ਗੁਰੂ ਖਾਂਦਾ ਸੀ; ਇੱਕ ਚੇਲ੍ਹਾ ਉੱਥੇ ਜਾਂਦਾ ਸੀ ਜਿੱਥੇ ਗੁਰੂ ਜਾਂਦਾ ਸੀ; ਚੇਲ੍ਹਾ ਆਪਣੇ ਗੁਰੂ ਦੇ ਨਮੂਨੇ ਅਤੇ ਉਸਦੀ ਸਿੱਖਿਆ ਦੇ ਪ੍ਰਤੀ ਸਮਰਪਿਤ ਹੁੰਦਾ ਸੀ। ਬਾਅਦ ਦੇ ਵਿੱਚ ਉਹ "ਮਸੀਹੀ" ਅਖਵਾਏ; ਉਹ ਆਪਣੇ ਗੁਰੂ ਜਿਹੇ ਬਣ ਗਏ ਸਨ।

ਇਸੇ ਪ੍ਰਕਾਰ ਪੌਲੁਸ ਦੇ ਵੀ ਚੇਲ੍ਹੇ ਸਨ ਜਿਵੇਂ ਤਿਮੋਥਿਉਸ, ਤੀਤੁਸ, ਲੂਕਾ ਅਤੇ ਤੁਖੀਕੁਸ। ਪੌਲੁਸ ਨੇ ਉਨ੍ਹਾਂ ਦੇ ਨਾਲ ਸਮਾਂ ਬਿਤਾ ਕੇ ਉਨ੍ਹਾਂ ਨੂੰ ਸੇਵਕਾਈ ਦੇ ਲਈ ਸਿਖਲਾਈ ਦਿੱਤੀ।

ਇੱਕ ਵਾਰ ਫਿਰ ਤੋਂ, ਇਹ ਸਾਨੂੰ ਅੱਜ ਦੇ ਲਈ ਇੱਕ ਨਮੂਨਾ ਪ੍ਰਦਾਨ ਕਰਦਾ ਹੈ। ਤੁਸੀਂ ਆਪਣੀ ਸੇਵਕਾਈ ਕਰਦੇ ਹੋਏ, ਆਪਣੀ ਟੀਮ ਦੇ ਮੈਂਬਰਾਂ ਨੂੰ ਉਤਸ਼ਾਹਿਤ ਕਰ ਸਕਦੇ ਹਾਂ, ਤਾਂ ਕਿ ਉਹ ਸੇਵਕਾਈ ਕਰਨੀ ਸਿੱਖ ਸਕਣ। ਇੱਕ ਸਫਲ ਕਲੀਸਿਆਈ ਆਗੂ ਨੇ ਕਿਹਾ, "ਮੈਂ ਸੇਵਕਾਈ ਦੀ ਕੋਈ ਵੀ ਯਾਤਰਾ ਕਿਸੇ ਜੁਆਨ ਸੇਵਕ ਨੂੰ ਨਾਲ ਲੈ ਜਾਣ ਤੋਂ ਬਿਨਾਂ ਨਹੀਂ ਕਰਦਾ, ਤਾਂ ਕਿ ਉਹ ਸੇਵਕਾਈ ਕਰਨੀ ਸਿੱਖ ਸਕਣ। ਮੇਰੇ ਲਈ ਭਵਿੱਖ ਦੇ ਕਲੀਸਿਆ ਦੇ ਆਗੂਆਂ ਨੂੰ ਸਿਖਲਾਈ ਦੇਣਾ ਮੇਰੀ ਸੇਵਕਾਈ ਕਰਨ ਜਿੰਨਾ ਹੀ ਜਰੂਰੀ ਹੈ" ਇਸ ਪਾਸਬਾਨ ਨੇ ਸਮਝਿਆ ਕਿ ਇੱਕ ਪ੍ਰਭਾਵਸ਼ਾਲੀ ਆਗੂ ਦੂਸਰੇ ਆਗੂਆਂ ਨੂੰ ਸਿਖਲਾਈ ਦਿੰਦਾ ਹੈ।

### ਇੱਕ ਆਤਮਿਕ ਆਗੂ ਆਪਣੇ ਚੇਲ੍ਹਿਆਂ ਦੇ ਲਈ ਸੇਵਕਾਈ ਦਾ ਨਮੂਨਾ ਹੋਣਾ ਚਾਹੀਦਾ ਹੈ

ਚੇਲ੍ਹਿਆਂ ਦੇ ਪੈਰ ਧੋਣ ਤੋਂ ਬਾਅਦ, ਯਿਸੂ ਨੇ ਕਿਹਾ, "ਇਸ ਲਈ ਜੋ ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ" (ਯੂਹੰਨਾ 13:15)। ਯਿਸੂ ਨੇ ਨਮੂਨਾ ਦੇ ਕੇ ਸਿਖਾਇਆ। ਉਹ ਜਾਣਦਾ ਸੀ ਕਿ ਇਹ ਕਹਿਣਾ ਕਾਫੀ ਨਹੀਂ ਹੈ ਕਿ "ਅਜਿਹਾ ਕਰੋ।" ਸਾਨੂੰ ਇਹ ਵਿਖਾਉਣਾ ਹੋਵੇਗਾ ਕਿ ਇਸਨੂੰ **ਕਿਵੇਂ** ਕਰਨਾ ਹੈ। ਯਿਸੂ ਨੇ ਖੁਦ ਕਰ ਕੇ ਵਿਖਾਉਣ ਤੋਂ ਬਿਨਾਂ ਆਪਣੇ ਚੇਲ੍ਹਿਆਂ ਨੂੰ ਕੁਝ ਵੀ ਕਰਨ ਦੇ ਲਈ ਨਹੀਂ ਕਿਹਾ।

ਚੇਲਿਆਂ ਨੇ ਯਿਸੂ ਨੂੰ ਪ੍ਰਾਥਨਾ ਕਰਦੇ ਹੋਏ ਵੇਖਿਆ ਅਤੇ ਕਿਹਾ, “ਪ੍ਰਭੂ ਸਾਨੂੰ ਪ੍ਰਾਥਨਾ ਕਰਨੀ ਸਿਖਾ” (ਲੂਕਾ 11:1)। ਯਿਸੂ ਨੇ ਸਿਰਫ਼ ਪ੍ਰਾਥਨਾ ਦੇ ਬਾਰੇ ਇੱਕ ਪਾਠ ਹੀ ਨਹੀਂ ਪੜਾਇਆ। ਉਸਨੇ ਪ੍ਰਾਥਨਾ ਕੀਤੀ। ਜਦੋਂ ਚੇਲਿਆਂ ਨੇ ਉਸਨੂੰ ਪ੍ਰਾਥਨਾ ਕਰਦੇ ਹੋਏ ਵੇਖਿਆ, ਤਾਂ ਉਹ ਖੁਦ ਪ੍ਰਾਥਨਾ ਬਾਰੇ ਸਿੱਖਣ ਲਈ ਉਤਾਵਲੇ ਹੋ ਗਏ। ਜਦੋਂ ਵਿਦਿਆਰਥੀ ਸਿੱਖਣ ਦੇ ਭੁੱਖ ਰੱਖਦੇ ਹਨ, ਤਦ ਉਹ ਵਧੀਆ ਸਿੱਖਦੇ ਹਨ!

ਚੇਲਿਆਂ ਨੇ ਯਿਸੂ ਨੂੰ ਪ੍ਰਚਾਰ ਦੇ ਦੌਰਾਨ ਵਚਨਾਂ ਦਾ ਉਪਯੋਗ ਕਰਦੇ ਹੋਏ ਸੁਣਿਆ। ਯਿਸੂ ਅਕਸਰ ਪੁਰਾਣੇ ਨੇਮ ਦੇ ਹਵਾਲੇ ਦਿੰਦਾ ਸੀ। ਉਸਨੇ ਬਾਈਬਲ ਦੇ ਪ੍ਰਚਾਰ ਦਾ ਨਮੂਨਾ ਦਿੱਤਾ। ਕੀ ਚੇਲਿਆਂ ਨੇ ਇਹ ਪਾਠ ਸਿੱਖਿਆ? ਜੀ ਬਿਲਕੁਲ! ਜਦੋਂ ਪਤਰਸ ਨੇ ਰਸੂਲਾਂ ਦੇ ਕਰਤੱਬ 2 ਦੇ ਵਿੱਚ ਪ੍ਰਚਾਰ ਕੀਤਾ ਤਾਂ ਉਸਨੇ ਯੋਏਲ, ਜ਼ਬੂਰ 2 ਅਤੇ ਜ਼ਬੂਰ 110 ਦੇ ਹਵਾਲੇ ਦਿੱਤੇ। ਪਤਰਸ ਨੇ ਆਪਣੇ ਪ੍ਰਚਾਰ ਨੂੰ ਪਵਿੱਤਰ ਵਚਨਾਂ ਤੇ ਆਧਾਰਿਤ ਕਰਨਾ ਯਿਸੂ ਤੋਂ ਹੀ ਸਿੱਖਿਆ ਸੀ। ਰਸੂਲਾਂ ਦੇ ਕਰਤੱਬ ਦੇ ਵਿੱਚ ਹਰੇਕ ਸੰਦੇਸ਼ ਪੁਰਾਣੇ ਨੇਮ ਦੇ ਹਵਾਲੇ ਦਿੰਦਾ ਹੈ।

ਪੌਲੁਸ ਨੇ ਇਸੇ ਹੀ ਵਿਧੀ ਨੂੰ ਅਪਣਾਇਆ। ਉਸਨੇ ਬਾਰ-ਬਾਰ ਲਿਖਿਆ, “ਤੁਸੀਂ ਮੇਰੇ ਨਮੂਨੇ ਨੂੰ ਵੇਖਿਆ ਹੈ। ਮੇਰੀ ਰੀਸ ਕਰੋ।”[19] ਪੌਲੁਸ ਨੇ ਉਦਾਹਰਨ ਬਣ ਕੇ ਸਿਖਾਇਆ। ਤੀਤੁਸ ਅਤੇ ਤਿਮੋਥਿਉਸ ਜਿਹੇ ਚੇਲਿਆਂ ਨੇ ਆਤਮਿਕ ਆਗੂ ਪੌਲੁਸ ਦੇ ਨਮੂਨੇ ਤੋਂ ਸਿੱਖਿਆ।

ਅੱਜ ਅਸੀਂ ਜਿੰਨ੍ਹਾਂ ਨੂੰ ਸਿਖਲਾਈ ਦਿੰਦੇ ਹਾਂ, ਉਨ੍ਹਾਂ ਦੇ ਲਈ ਉਦਾਹਰਨ ਬਣਨਾ ਚਾਹੀਦਾ ਹੈ। ਉਹ ਸਾਡੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਨੂੰ ਵੇਖਦੇ ਹਨ। ਸਭ ਤੋਂ ਵੱਧ ਉਹ ਸਾਡੇ ਚਰਿੱਤਰ ਨੂੰ ਵੇਖਦੇ ਹਨ ਜਦੋਂ ਅਸੀਂ ਆਪਣੀਆਂ ਗ਼ਲਤੀਆਂ ਨੂੰ ਮੰਨਦੇ ਹਾਂ ਅਤੇ ਸਿੱਖਦੇ ਹਾਂ। ਚੇਲ੍ਹੇ ਸਾਡੀ ਉਦਾਹਰਨ ਨੂੰ ਵੇਖ ਕੇ ਸੇਵਕਾਈ ਦੀ ਅਸਲੀਅਤ ਬਾਰੇ ਸਿੱਖਦੇ ਹਨ।

### ਇੱਕ ਆਤਮਿਕ ਆਗੂ ਚੇਲ੍ਹਿਆਂ ਨੂੰ ਜਿੰਮੇਵਾਰੀ ਵੰਡਦਾ ਹੈ

► ਪੜ੍ਹੋ ਮੱਤੀ 10:5-11:1.

ਸ਼ੁਰੂਆਤ ਤੋਂ ਹੀ ਯਿਸੂ ਦਾ ਉਦੇਸ਼ ਚੇਲਿਆਂ ਨੂੰ ਸੇਵਕਾਈ ਦੇ ਲਈ ਤਿਆਰ ਕਰਨਾ ਸੀ। ਉਸਨੇ ਉਨ੍ਹਾਂ ਨੂੰ ਆਪਣੇ ਪਿੱਛੇ ਚੱਲਣ ਲਈ ਬੁਲਾਇਆ, ਤਾਂ ਕਿ ਉਹ ਉਨ੍ਹਾਂ ਨੂੰ ਮਨੁੱਖਾਂ ਦੇ ਫੜਣ ਵਾਲੇ ਬਣਾ ਸਕੇ (ਮੱਤੀ 4:19)।

---

[19] ਉਦਾਹਰਨ ਦੇ ਵਿੱਚ 1 ਕੁਰਿੰਥੀਆਂ 11:1, ਫਿਲਿੱਪੀਆਂ 3:17, ਫਿਲਿੱਪੀਆਂ 4:9 ਸ਼ਾਮਿਲ ਹੈ।

ਯਿਸੂ ਦੇ ਨਾਲ ਉਨ੍ਹਾਂ ਦੇ ਪਹਿਲੇ ਸਾਲ ਵਿੱਚ ਉਨ੍ਹਾਂ ਨੇ ਜਿਆਦਾਤਰ ਯਿਸੂ ਦੀ ਸੇਵਕਾਈ ਨੂੰ ਵੇਖਿਆ। ਉਨ੍ਹਾਂ ਨੇ ਉਸਦੀ ਉਦਾਹਰਨ ਤੋਂ ਸਿੱਖਿਆ। ਜਦੋਂ ਉਨ੍ਹਾਂ ਨੇ ਚੰਗੀ ਤਰ੍ਹਾਂ ਵੇਖ ਅਤੇ ਸਿੱਖ ਲਿਆ ਫਿਰ ਯਿਸੂ ਨੇ ਉਨ੍ਹਾਂ ਨੂੰ ਸੇਵਕਾਈ ਦੇ ਲਈ ਭੇਜਿਆ। ਮੱਤੀ 10 ਵਿਖਾਉਂਦਾ ਹੈ ਕਿ ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਜਿੰਮੇਵਾਰੀਆਂ ਸੌਂਪੀਆਂ।

***ਉਸਨੇ ਉਨ੍ਹਾਂ ਨੂੰ ਅਧਿਕਾਰ ਦਿੱਤਾ (ਮੱਤੀ 10:1)।***

ਬਾਹਰ ਘੱਲਣ ਤੋਂ ਪਹਿਲਾਂ, ਯਿਸੂ ਨੇ ਚੇਲ੍ਹਿਆਂ ਨੂੰ ਆਪਣੇ ਸੌਂਪੇ ਹੋਏ ਮਿਸ਼ਨ ਨੂੰ ਕਰਨ ਦੇ ਲਈ ਅਧਿਕਾਰ ਦਿੱਤਾ। ਕਈ ਵਾਰ ਆਗੂ ਆਪਣੇ ਸਹਾਇਕਾਂ ਨੂੰ ਅਧਿਕਾਰ ਦੇਣ ਤੋਂ ਡਰਦੇ ਹਨ। ਪਰ, **ਅਧਿਕਾਰ ਤੋਂ ਬਿਨਾਂ ਜਿੰਮੇਵਾਰੀ ਦੇਣਾ ਉਨ੍ਹਾਂ ਨੂੰ ਅਯੋਗ ਬਣਾਉਂਦਾ ਹੈ ਜਿੰਨ੍ਹਾਂ ਨੂੰ ਤੁਸੀਂ ਸਿਖਲਾਈ ਦੇ ਰਹੇ ਹੋ**। ਸਾਨੂੰ ਆਪਣੇ ਸਹਾਇਕਾਂ ਨੂੰ ਉਸ ਸਮੇਂ ਤੱਕ ਜਿੰਮੇਵਾਰੀ ਨਹੀਂ ਦੇਣੀ ਚਾਹੀਦੀ ਜਦੋਂ ਤੱਕ ਅਸੀਂ ਉਨ੍ਹਾਂ ਨੂੰ ਉਸ ਜਿੰਮੇਵਾਰੀ ਦੇ ਲਈ ਅਧਿਕਾਰ ਨਹੀਂ ਦਿੱਤਾ ਹੈ।

***ਉਸਨੇ ਉਨ੍ਹਾਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ (ਮੱਤੀ 10:5-42)***

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਇੱਕ ਸਪੱਸ਼ਟ ਸੰਦੇਸ਼ ਦਿੱਤਾ: ਰਾਜ ਦਾ ਪ੍ਰਚਾਰ ਕਰੋ। ਉਨ੍ਹਾਂ ਦਾ ਕੰਮ ਸਪੱਸ਼ਟ ਸੀ। ਉਹ ਜਾਣਦੇ ਸਨ ਕਿ ਯਿਸੂ ਉਨ੍ਹਾਂ ਤੋਂ ਕੀ ਉਮੀਦ ਕਰਦਾ ਹੈ।

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਿੱਥੇ ਸੇਵਕਾਈ ਕਰਨੀ ਚਾਹੀਦੀ ਹੈ: ਇਸਰਾਏਲ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੇ ਵਿੱਚਕਾਰ। ਬਾਅਦ ਦੇ ਵਿੱਚ, ਰਸੂਲਾਂ ਨੇ ਪਰਾਈਆਂ ਕੌਮਾਂ ਦੇ ਵਿੱਚ ਵੀ ਪ੍ਰਚਾਰ ਕੀਤਾ, ਪਰ ਜਦੋਂ ਉਹ ਸੇਵਕਾਈ ਕਰਨੀ ਸਿੱਖ ਰਹੇ ਸਨ, ਯਿਸੂ ਨੇ ਉਨ੍ਹਾਂ ਨੂੰ ਘਰ ਦੇ ਨੇੜੇ ਤੋਂ ਅਰੰਭ ਕਰਨ ਦੇ ਲਈ ਕਿਹਾ। ਸਾਨੂੰ ਉਹ ਹਰੇਕ ਸੰਭਵ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ ਸਾਡੇ ਵਿਦਿਆਰਥੀਆਂ ਦੀ ਸਫਲ ਹੋਣ ਵਿੱਚ ਸਹਾਇਤਾ ਕੀਤੀ ਜਾ ਸਕੇ। ਅਜਿਹੇ ਟੀਚੇ ਦੇ ਨਾਲ ਸ਼ੁਰੂ ਕਰੋ ਜਿਸਨੂੰ ਪੂਰਾ ਕਰਨਾ ਆਸਾਨ ਹੋਵੇ। ਯਿਸੂ ਨੇ ਉਨ੍ਹਾਂ ਦੇ ਲਈ ਵਾਜਿਬ ਟੀਚੇ ਨਿਰਧਾਰਿਤ ਕੀਤੇ।

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਸਤਾਅ ਦੇ ਬਾਰੇ ਹਦਾਇਤਾਂ ਦਿੱਤੀਆਂ। ਸਤਾਅ ਇਸ ਲਈ ਨਹੀਂ ਆਏਗਾ ਕਿਉਂਕਿ ਚੇਲ੍ਹੇ ਸੇਵਕਾਈ ਦੇ ਵਿੱਚ ਅਸਫਲ ਹੋ ਗਏ ਹਨ, ਪਰ ਇਹ ਇਸ ਲਈ ਹੋਵੇਗਾ ਕਿਉਂਕਿ ਯਿਸੂ ਦੀ ਆਗਿਆਕਾਰੀ ਕਰਨ ਦੀ ਬੁਲਾਹਟ ਉਨ੍ਹਾਂ ਦੇ ਵਿੱਚ ਅਤੇ ਉਸਦਾ ਇਨਕਾਰ ਕਰਨ ਵਾਲਿਆਂ ਦੇ ਵਿੱਚਕਾਰ ਇੱਕ ਫੁੱਟ ਪਾ ਦਿੰਦੀ ਹੈ।

***ਉਸਨੇ ਉਨ੍ਹਾਂ ਨੂੰ ਟੀਮਾਂ ਦੇ ਵਿੱਚ ਭੇਜਿਆ (ਮਰਕੁਸ 6:7)।***

ਯਿਸੂ ਨੇ ਸੇਵਕਾਈ ਦੇ ਵਿੱਚ ਟੀਮਾਂ ਦੇ ਮਹੱਤਵ ਬਾਰੇ ਵਿਖਾਇਆ। ਉਸਨੇ ਚੇਲ੍ਹਿਆਂ ਨੂੰ ਦੋ-ਦੋ ਦੀਆਂ ਟੀਮਾਂ ਦੇ ਵਿੱਚ ਘੱਲਿਆ। ਕੁਝ ਮਹੀਨਿਆਂ ਦੇ ਬਾਅਦ, ਯਿਸੂ ਨੇ ਆਪਣੇ 72 ਪੈਰੋਕਾਰਾਂ ਨੂੰ ਦੋ-ਦੋ ਦੀਆਂ ਟੀਮਾਂ ਬਣਾ ਕੇ ਭੇਜਿਆ (ਲੂਕਾ 10:1)। ਇਹ ਅਰੰਭਿਕ

ਕਲੀਸਿਆ ਦੀ ਸੇਵਕਾਈ ਦੇ ਲਈ ਇੱਕ ਨਮੂਨਾ ਬਣ ਗਿਆ ਸੀ। ਪਤਰਸ ਅਤੇ ਯੂਹੰਨਾ ਨੇ ਇਕੱਠਿਆਂ ਸੇਵਕਾਈ ਕੀਤੀ। ਬਰਨਾਬਾਸ ਅਤੇ ਸੌਲੁਸ ਨੇ ਇਕੱਠਿਆਂ ਯਾਤਰਾ ਕੀਤੀ। ਪੌਲੁਸ ਅਤੇ ਸੀਲਾਸ ਨੇ ਇਕੱਠਿਆਂ ਸੇਵਕਾਈ ਕੀਤੀ।

**ਇੱਕ ਆਤਮਿਕ ਆਗੂ ਨੂੰ ਆਪਣੇ ਚੇਲ੍ਹਿਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ**

ਚੇਲ੍ਹਿਆਂ ਦੇ ਸੇਵਕਾਈ ਤੋਂ ਵਾਪਿਸ ਆਉਣ ਦੇ ਬਾਅਦ, ਉਨ੍ਹਾਂ ਨੇ ਯਿਸੂ ਨੂੰ ਜਾਣਕਾਰੀ ਦਿੱਤੀ (ਮਰਕੁਸ 6:30)। ਕੀਤੇ ਹੋਏ ਕੰਮ ਦੀ ਜਾਣਕਾਰੀ ਲੈਣਾ ਯਿਸੂ ਦੁਆਰਾ ਚੇਲ੍ਹਿਆਂ ਨੂੰ ਸਿਖਲਾਈ ਦੇਣ ਦਾ ਮਹੱਤਵਪੂਰਨ ਹਿੱਸਾ ਸੀ। ਸਿਰਫ਼ ਜਿੰਮੇਵਾਰੀ ਵੰਡ ਕੇ ਸੌਂਪ ਦੇਣਾ ਹੀ ਕਾਫੀ ਨਹੀਂ ਹੈ; ਇੱਕ ਪ੍ਰਭਾਵਸ਼ਾਲੀ ਆਗੂ ਆਪਣੇ ਚੇਲ੍ਹੇ ਦੇ ਕੰਮ ਦਾ ਮੁਲਾਂਕਣ ਵੀ ਕਰਦਾ ਹੈ। ਬਿਨਾਂ ਮੁਲਾਕਣ ਦੇ ਜਿੰਮੇਵਾਈ ਸੌਂਪਣ ਦੇ ਨਾਲ ਚੰਗਾ ਨਤੀਜਾ ਨਹੀਂ ਆਉਂਦਾ ਹੈ।

► ਪੜ੍ਹੋ ਮੱਤੀ 17:14-21

ਹੋਵਾਰਡ ਹੈਂਡ੍ਰਿਕ ਨੇ ਸਿਖਾਇਆ ਕਿ ਅਸਫਲ ਹੋਣਾ ਸਿੱਖਣ ਦੀ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਚੇਲ੍ਹਿਆਂ ਨੇ ਪੁੱਛਿਆ, "ਅਸੀਂ ਇਸ ਮੁੰਡੇ ਵਿੱਚੋਂ ਦੁਸ਼ਟ-ਆਤਮਾ ਬਾਹਰ ਕਿਉਂ ਨਹੀਂ ਕੱਢ ਸਕੇ?" ਯਿਸੂ ਨੇ ਉਨ੍ਹਾਂ ਨੂੰ ਵਿਸ਼ਵਾਸ ਦੇ ਸਿਖਾਉਂਦੇ ਹੋਏ ਉੱਤਰ ਦਿੱਤਾ। ਸੇਵਕਾਈ ਦੇ ਅਰੰਭਿਕ ਪੜਾਅ ਵਿੱਚ ਅਸਫਲ ਹੋਣਾ ਯਿਸੂ ਦੇ ਸਵਰਗ ਤੇ ਚਲੇ ਜਾਣ ਤੋਂ ਬਾਅਦ ਅਸਫਲ ਹੋਣ ਨਾਲੋਂ ਜਿਆਦਾ ਬਿਹਤਰ ਸੀ!

ਪ੍ਰਭਾਵਸ਼ਾਲੀ ਨਿਗਰਾਨੀ ਦੇ ਵਿੱਚ ਮੁਲਾਂਕਣ ਸ਼ਾਮਿਲ ਹੈ। ਜਦੋਂ ਕੋਈ ਚੇਲ੍ਹਾ ਕਿਸੇ ਕੰਮ ਨੂੰ ਕਰਨ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਉਸਨੂੰ ਟੀਮ ਵਿੱਚੋਂ ਬਾਹਰ ਨਹੀਂ ਕੱਢਿਆ ਜਾਂਦਾ। ਇਸਦੀ ਬਜਾਏ, ਸਾਨੂੰ ਅਸਫਲਤਾ ਦੇ ਕਾਰਨ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਭਵਿੱਖ ਦੇ ਸੁਧਾਰ ਦੇ ਲਈ ਯੋਜਨਾ ਬਣਾਉਣੀ ਚਾਹੀਦੀ ਹੈ।

ਯਿਸੂ ਲੂਕਾ 9 ਵਿੱਚ ਇਹ ਨਮੂਨਾ ਵਿਖਾਉਂਦਾ ਹੈ:

- 9:1-6 ਵਿੱਚ ਯਿਸੂ ਨੇ ਬਾਰ੍ਹਾਂ ਚੇਲ੍ਹਿਆਂ ਨੂੰ ਘੱਲਿਆ।
- 9:10 ਵਿੱਚ, ਉਨ੍ਹਾਂ ਨੇ ਆਪਣੀ ਯਾਤਰਾ ਦੀ ਜਾਣਕਾਰੀ ਦਿੱਤੀ।
- 9:37-43 ਵਿੱਚ, ਚੇਲ੍ਹੇ ਇੱਕ ਦੁਸ਼ਟ ਆਤਮਾ ਨੂੰ ਨਹੀਂ ਕੱਢ ਸਕੇ।
- 9:46-48 ਵਿੱਚ ਯਿਸੂ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਦੀ ਮਹਾਨਤਾ ਦੇ ਬਾਰੇ ਸਿਖਾਇਆ।
- 9:49-50 ਦੇ ਵਿੱਚ ਯਿਸੂ ਨੇ ਯੂਹੰਨਾ ਨੂੰ ਸੇਵਕਾਈ ਪ੍ਰਤੀ ਇੱਕ ਬੁਰਾ ਫੈਸਲਾ ਲੈਣ ਦੇ ਕਾਰਨ ਝਿੜਕਿਆ।
- 9:52 ਵਿੱਚ ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਸਾਮਰਿਯਾ ਦੇ ਵਿੱਚ ਇੱਕ ਯਾਤਰਾ ਦੀ ਤਿਆਰੀ ਕਰਨ ਦੇ ਲਈ ਭੇਜਿਆ।
- 9:54-55 ਵਿੱਚ ਯਿਸੂ ਨੇ ਯਾਕੂਬ ਅਤੇ ਯੂਹੰਨਾ ਨੂੰ ਸੇਵਕਾਈ ਦੇ ਇੱਕ ਹੋਰ ਬੁਰੇ ਫੈਸਲੇ ਦੇ ਲਈ ਝਿੜਕਿਆ।

- 10:1 ਵਿੱਚ ਯਿਸੂ ਨੇ ਇੱਕ ਵੱਡੇ ਸਮੂਹ ਨੂੰ ਸੇਵਕਾਈ ਕਰਨ ਦੇ ਲਈ ਭੇਜਿਆ।

ਯਿਸੂ ਨੇ ਸਿੱਖਿਆ, ਜਿੰਮੇਵਾਰੀ ਸੌਂਪਣ, ਅਤੇ ਮੁਲਾਂਕਣ ਦੇ ਵਿੱਚ ਫੇਰ ਬਦਲ ਨੂੰ ਉਪਯੋਗ ਕੀਤਾ। ਉਹ ਚੇਲ੍ਹਿਆਂ ਤੋਂ ਅੱਕਿਆ ਨਹੀਂ, ਜਦੋਂ ਉਹ ਅਸਫਲ ਹੋ ਗਏ ਤਦ ਵੀ ਨਹੀਂ। ਇਸਦੀ ਬਜਾਏ, ਉਸਨੇ ਅਸਫਲਤਾ ਦਾ ਇਸਤੇਮਾਲ ਇੱਕ ਸਿਖਾਉਣ ਦੇ ਮੌਕੇ ਵੱਜੋਂ ਕੀਤਾ।

ਬਾਅਦ ਦੇ ਵਿੱਚ ਪੌਲੁਸ ਨੇ ਇਹੀ ਨਮੂਨੇ ਨੂੰ ਅਪਣਾਇਆ। ਉਸਨੇ ਕਰੇਤ ਦੇ ਵਿੱਚ ਕਲੀਸਿਆ ਦੀ ਅਗਵਾਈ ਕਰਨ ਦੇ ਲਈ ਤੀਤੁਸ ਨੂੰ ਨਿਯੁਕਤ ਕੀਤਾ, ਅਤੇ ਅਫ਼ਸੁਸ ਦੇ ਵਿੱਚ ਤਿਮੋਥਿਉਸ ਨੂੰ ਠਹਿਰਾਇਆ। ਫਿਰ ਉਸਨੇ ਉਨ੍ਹਾਂ ਨੂੰ ਅੱਗੇ ਦੀ ਸਿਖਲਾਈ ਦੇਣ ਦੇ ਲਈ ਪੱਤ੍ਰੀਆਂ ਲਿਖੀਆਂ। ਪਹਿਲਮੀ ਮਿਸ਼ਨਰੀ ਯਾਤਰਾ ਦੇ ਦੌਰਾਨ ਕਲੀਸਿਆਵਾਂ ਨੂੰ ਅਰੰਭ ਕਰਨ ਤੋਂ ਬਾਅਦ, ਪੌਲੁਸ ਆਪਣੀ ਦੂਸਰੀ ਮਿਸ਼ਨਰੀ ਯਾਤਰਾ ਤੇ ਕਲੀਸਿਆਵਾਂ ਦੀ ਨਿਗਰਾਨੀ ਕਰਨ ਦੇ ਲਈ ਵਾਪਸੀ ਕੀਤੀ (ਰਸੂਲਾਂ ਦੇ ਕਰਤੱਬ 15:36)।

ਸਿਖਲਾਈ ਦੇ ਲਈ ਇਹ ਵਿਧੀ ਅੱਜ ਵੀ ਪ੍ਰਭਾਵਸ਼ਾਲੀ ਹੈ। ਬਹੁਤ ਸਾਰੇ ਆਗੂ ਨਵੇਂ ਸੇਵਕਾਂ ਨੂੰ ਕਿਸੇ ਵੀ ਨਿਗਰਾਨੀ ਅਤੇ ਜੁਆਬਦੇਹੀ ਤੋਂ ਬਿਨਾਂ ਘੱਲ ਦਿੰਦੇ ਹਨ-ਅਤੇ ਜਦੋਂ ਉਹ ਅਸਫਲ ਹੋ ਜਾਂਦੇ ਹਨ ਤਾਂ ਫਿਰ ਹੈਰਾਨ ਹੁੰਦੇ ਹਨ। ਸਾਨੂੰ ਇਸ ਪ੍ਰਕਾਰ ਨਹੀਂ ਸੋਚਣਾ ਚਾਹੀਦਾ, "ਮੈਂ ਇਹ ਪਾਠ ਸਿਖਾ ਦਿੱਤਾ ਹੈ, ਇਸ ਲਈ ਉਹ ਇਸਨੂੰ ਸਹੀ ਹੀ ਕਰਨਗੇ।" ਇਸਦੀ ਬਜਾਏ ਨਿਗਰਾਨੀ ਇੱਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ। ਜੇਕਰ ਤੁਸੀਂ ਆਗੂਆਂ ਨੂੰ ਸਿਖਲਾਈ ਦੇਣਾ ਚਾਹੁੰਦੇ ਹੋ, ਤਾਂ ਤੁਹਾਨੂੰ ਨਿਗਰਾਨੀ ਦੇ ਵਿੱਚ ਜਰੂਰ ਸਮਾਂ ਬਿਤਾਉਣਾ ਚਾਹੀਦਾ ਹੈ।

ਹੋਵਾਰਡ ਹੈਂਡ੍ਰਿਕ ਨਵੇਂ ਆਗੂਆਂ ਦੀ ਸਿਖਲਾਈ ਦੇ ਚਾਰ ਪੜਾਵਾਂ ਦੀ ਸੂਚੀ ਦਿੰਦਾ ਹੈ:

1. **ਦੱਸਣਾ:** ਸਮੱਗਰੀ ਨੂੰ ਸਿਖਾਉਣਾ। ਯਿਸੂ ਨੇ ਆਪਣੇ ਚੇਲ੍ਹਿਆਂ ਦੇ ਲਈ ਰਾਜ ਦੇ ਸੰਦੇਸ਼ ਦਾ ਪ੍ਰਚਾਰ ਕੀਤਾ।

2. **ਵਿਖਾਉਣਾ:** ਸੇਵਕਾਈ ਦੇ ਲਈ ਨਮੂਨਾ ਪ੍ਰਦਾਨ ਕਰਨਾ। ਯਿਸੂ ਨੇ ਚੇਲ੍ਹਿਆਂ ਨੂੰ ਸੇਵਕਾਈ ਕਰਕੇ ਵਿਖਾਈ।

3. **ਅਭਿਆਸ ਕਰਨਾ:** ਸਿੱਧੀ ਨਿਗਰਾਨੀ ਦੇ ਅਧੀਨ ਸੇਵਕਾਈ। ਯਿਸੂ ਨੇ ਚੇਲ੍ਹਿਆਂ ਨੂੰ ਸੇਵਕਾਈ ਕਰਨ ਦੇ ਲਈ ਭੇਜਿਆ ਅਤੇ ਉਨ੍ਹਾਂ ਨੇ ਅਨੁਭਵ ਦਾ ਮੁਲਾਂਕਣ ਕੀਤਾ।

4. **ਕਰਨਾ**: ਸਿੱਧੀ ਨਿਗਰਾਨੀ ਤੋਂ ਬਿਨਾਂ ਸੇਵਕਾਈ। ਪੰਤੇਕੁਸਤ ਤੋਂ ਬਾਅਦ, ਚੇਲ੍ਹਿਆਂ ਨੇ ਯਿਸੂ ਦੀ ਨਿਗਰਾਨੀ ਤੋਂ ਬਿਨਾਂ ਸੇਵਕਾਈ ਕੀਤੀ।

► ਤੁਸੀਂ ਚੇਲ੍ਹਿਆਂ ਨੂੰ ਆਗੂਪੁਣੇ ਦੇ ਵਿੱਚ ਸਿਖਾਉਣ ਦੇ ਲਈ ਕੀ ਕਰ ਰਹੇ ਹੋ? ਜਿੰਨਾਂ ਪੜਾਵਾਂ ਦਾ ਅਸੀਂ ਅਧਿਐਨ ਕੀਤਾ ਹੈ ਉਨ੍ਹਾਂ ਦੇ ਵਿੱਚੋਂ ਕਿਹੜੇ ਅਸੀਂ ਪ੍ਰਭਾਵਸ਼ਾਲੀ ਢੰਗ ਦੇ ਨਾਲ ਕਰਦੇ ਹਾਂ? ਕਿਹੜੇ ਪੜਾਵਾਂ ਦੇ ਵਿੱਚ ਸੁਧਾਰ ਦੀ ਜਰੂਰਤ ਹੈ? ਇੱਕ ਸਮੂਹ ਦੇ ਰੂਪ ਵਿੱਚ, ਚਰਚਾ ਕਰੋ ਕਿ ਤੁਸੀਂ ਭਵਿੱਖ ਦੇ ਆਗੂਆਂ ਦੀ ਅਗਵਾਈ ਕਰਨ ਦੇ ਵਿੱਚ ਹੋਰ ਜਿਆਦਾ ਪ੍ਰਭਾਵਸ਼ਾਲੀ ਕਿਵੇਂ ਹੋ ਸਕਦੇ

ਹੋ। ਇਹ ਚਰਚਾ ਉਸ ਸਮੇਂ ਤੱਕ ਚੱਲਦੀ ਰਹਿਣੀ ਚਾਹੀਦੀ ਹੈ ਜਦੋਂ ਤੱਕ ਤੁਹਾਡੇ ਕੋਲ ਆਪਣੀ ਸੇਵਕਾਈ ਦੇ ਵਿੱਚ ਆਗੂਆਂ ਨੂੰ ਵਿਕਸਿਤ ਕਰਨ ਦੇ ਲਈ ਯੋਜਨਾ ਨਾ ਹੋਵੇਗੀ।

**ਸਾਡੇ ਚੇਲ਼ਿਆਂ ਦੇ ਦੁਆਰਾ ਨਵੇਂ ਚੇਲ਼ੇ ਬਣਾਏ ਜਾਣੇ ਚਾਹੀਦੇ ਹਨ**

ਯਿਸੂ ਨੇ ਆਪਣੇ ਚੇਲ਼ਿਆਂ ਨੂੰ ਕਿਹਾ, "ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ..." (ਯੂਹੰਨਾ 15:16)। ਯਿਸੂ ਨੇ ਆਪਣੇ ਚੇਲ਼ਿਆਂ ਨੂੰ ਹੋਰ ਜਿਆਦਾ ਚੇਲ਼ੇ ਬਣਾਉਣ ਦੀ ਸਿਖਲਾਈ ਦਿੱਤੀ। ।

► ਪੜ੍ਹੋ ਮੱਤੀ 13:31-32

ਪਰਮੇਸ਼ੁਰ ਦੇ ਰਾਜ ਬਾਰੇ ਯਿਸੂ ਦਾ ਰਾਈ ਦੇ ਬੀਜ ਦਾ ਦ੍ਰਿਸ਼ਟਾਂਤ ਦੱਸਦਾ ਹੈ ਕਿ ਕਿਵੇਂ ਇਹ ਰਾਜ ਇਸਦੇ ਮੁੱਢਲੇ ਰੂਪ ਨਾਲੋਂ ਕਿਵੇਂ ਬਹੁਤ ਜਿਆਦਾ ਵੱਧ ਜਾਂਦੀ ਹੈ। ਜਿਵੇਂ ਇੱਕ ਰਾਈ ਦਾ ਛੋਟਾ ਜਿਹਾ ਬੀਜ ਉਮੀਦ ਨਾਲੋਂ ਵੀ ਵੱਡੇ ਆਕਾਰ ਦਾ ਬਣ ਗਿਆ, ਇਸੇ ਪ੍ਰਕਾਰ ਕਲੀਸਿਆ ਉਮੀਦ ਨਾਲੋਂ ਵੀ ਜਿਆਦਾ ਵੱਡੇ ਆਕਾਰ ਦੇ ਵੱਧ ਜਾਵੇਗੀ। ਪੁਰਾਣੇ ਨੇਮ ਦੇ ਵਿੱਚ, ਜਿੱਥੇ ਪੰਛੀ ਕਿਸੇ ਰੁੱਖ ਤੇ ਟਿਕਾਣਾ ਬਣਾਉਂਦੇ ਹਨ ਤਾਂ ਇੱਕ ਅਜਿਹੇ ਰਾਜ ਨੂੰ ਦਰਸਾਉਂਦਾ ਹੈ ਜਿਸਦੇ ਵਿੱਚ ਬਹੁਤ ਸਾਰੇ ਦੇਸ਼ ਸ਼ਾਮਿਲ ਹਨ (ਦਾਨੀਏਲ 4:12 ਅਤੇ ਹਿਜ਼ਕੀਏਲ 31:6)। ਯਿਸੂ ਨੇ ਵਾਇਦਾ ਕੀਤਾ ਕਿ ਜਿਵੇਂ ਹੀ ਨਵੇਂ ਚੇਲ਼ੇ ਬਣਦੇ ਜਾਣਗੇ, ਉਸੇ ਪ੍ਰਕਾਰ ਕਲੀਸਿਆ ਆਪਣੇ ਮੁੱਢਲੇ ਆਕਾਰ ਨਾਲੋਂ ਬਹੁਤ ਵੱਡਾ ਹੋ ਜਾਵੇਗਾ ਅਤੇ ਉਹ ਬਹੁਤ ਸਾਰੇ ਦੇਸ਼ਾਂ ਤੱਕ ਪਹੁੰਚ ਜਾਵੇਗਾ।

ਡਾ.ਰੋਬਰਟ ਕੋਲਮੈਨ ਨੇ ਲਿਖਿਆ ਕਿ ਸੇਵਕਾਈ ਦਾ ਮੁੱਖ ਮੁਲਾਂਕਣ ਉਸਦੇ ਵਾਧੇ ਦੇ ਦੁਆਰਾ ਹੁੰਦਾ ਹੈ। "ਇੱਥੇ ਅੰਤ ਦੇ ਵਿੱਚ ਸਾਨੂੰ ਸਭ ਨੂੰ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਸਾਡੇ ਜੀਵਨਾਂ ਦਾ ਵਿਕਾਸ ਕਿਵੇਂ ਚੱਲ ਰਿਹਾ ਹੈ। ਜੋ ਵਿਅਕਤੀ ਸਾਨੂੰ ਸੌਂਪੇ ਗਏ ਹਨ ਕਿ ਉਹ ਮਹਾਨ ਆਗਿਆ ਦੇ ਦਰਸ਼ਨ ਨੂੰ ਸਮਝ ਸਕਣਗੇ, ਅਤੇ ਕਿ ਉਹ ਇਸਨੂੰ ਹੋਰਨਾਂ ਵਿਸ਼ਵਾਸਯੋਗ ਮਨੁੱਖਾਂ ਨੂੰ ਸੌਂਪਣਗੇ ਜੋ ਦੂਸਰਿਆਂ ਨੂੰ ਵੀ ਸਿਖਾਉਣ ਦੇ ਯੋਗ ਹੋਣ? ਉਹ ਸਮਾਂ ਬਹੁਤ ਜਲਦੀ ਆ ਜਾਵੇਗੀ ਜਦੋਂ ਸਾਡੇ ਸੇਵਕਾਈ ਉਨ੍ਹਾਂ ਦੇ ਹੀ ਹੱਥਾਂ ਵਿੱਚ ਹੋਵੇਗੀ।"[20]

---

[20] Robert Coleman, "The Jesus Way to Win the World: Living the Great Commission Every Day." Evangelical Theological Society, 2003.

## ਇੱਕ ਨੇੜੇ ਦੀ ਝਾਤ: ਯਿਸੂ ਦੀ ਮਹਾਂ-ਜਾਜਕਾਈ ਵਾਲੀ ਪ੍ਰਾਥਨਾ

ਯਿਸੂ ਦੀ ਮਹਾਂ-ਜਾਜਕਾਈ ਵਾਲੀ ਪ੍ਰਾਥਨਾ ਦਾ ਵਿਚਕਾਰਲਾ ਹਿੱਸਾ ਉਸਦੇ ਚੇਲ੍ਹਿਆਂ ਤੇ ਕੇਂਦਰਿਤ ਹੈ (ਯੂਹੰਨਾ 17:6-19)। ਇਹ ਪ੍ਰਾਥਨਾ ਯਿਸੂ ਦੇ ਦੁਆਰਾ ਉਸਦੇ ਚੇਲ੍ਹਿਆਂ ਦੀ ਅਗਵਾਈ ਕਰਨ ਦੇ ਬਾਰੇ ਬਹੁਤ ਕੀਮਤੀ ਸਬਕਾਂ ਨੂੰ ਸਿਖਾਉਂਦੀ ਹੈ।[21]

### (1) ਪਹਿਲਾ, ਅਸੀਂ ਜਿੰਨ੍ਹਾਂ ਦੀ ਅਗਵਾਈ ਕਰਦੇ ਹਾਂ ਉਨ੍ਹਾਂ ਦੀ ਸੁਰੱਖਿਆ ਕਰਦੇ ਹਾਂ

ਯਿਸੂ ਨੇ ਪ੍ਰਾਥਨਾ ਕੀਤੀ, "ਜਦੋਂ ਮੈਂ ਉਨ੍ਹਾਂ ਦੇ ਨਾਲ ਸੀ, ਮੈਂ ਉਨ੍ਹਾਂ ਦੀ ਰੱਖਿਆ ਕੀਤੀ।" ਇੰਜੀਲਾਂ ਦੇ ਵਿੱਚ ਯਿਸੂ ਨੇ 20 ਤੋਂ ਵੀ ਵੱਧ ਵਾਰ ਆਪਣੇ ਚੇਲ੍ਹਿਆਂ ਨੂੰ ਖ਼ਤਰੇ ਤੋਂ ਸਾਵਧਾਨ ਰਹਿਣ ਲਈ ਕਿਹਾ। ਉਸਨੇ ਗ਼ਲਤੀਆਂ ਤੋਂ ਉਨ੍ਹਾਂ ਦੀ ਸੁਰੱਖਿਆ ਕੀਤੀ। ਜਦੋਂ ਅਸੀਂ ਚੇਲ੍ਹਿਆਂ ਨੂੰ ਸਿਖਲਾਈ ਦਿੰਦੇ ਹਾਂ, ਸਾਨੂੰ ਉਨ੍ਹਾਂ ਦੀ ਸੰਸਾਰ ਦੇ ਖ਼ਤਰਿਆਂ ਤੋਂ ਰੱਖਿਆ ਕਰਨੀ ਚਾਹੀਦੀ ਹੈ। ਸਾਡੀ ਸਿਖਲਾਈ ਅਭਿਆਸਕ ਹੋਣੀ ਚਾਹੀਦੀ ਹੈ।

► ਤੁਹਾਡੇ ਸਭਿਆਚਾਰ ਦੇ ਵਿੱਚ ਨਵੇਂ ਸੇਵਕ ਕਿਹੜੇ ਖ਼ਤਰਿਆਂ ਦਾ ਸਾਹਮਣਾ ਕਰਦੇ ਹਨ? ਇੱਕ ਆਤਮਿਕ ਆਗੂ ਦੇ ਤੌਰ ਤੇ, ਤੁਸੀਂ ਉਨ੍ਹਾਂ ਨੂੰ ਇੰਨ੍ਹਾਂ ਖ਼ਤਰਿਆਂ ਦੇ ਨਾਲ ਨਜਿੱਠਣ ਦੇ ਲਈ ਕਿਵੇਂ ਤਿਆਰ ਕਰੋਗੇ?

### (2) ਜਦੋਂ ਉਹ ਪਰਿੱਪਕ ਹੋ ਰਹੇ ਹੁੰਦੇ ਹਨ, ਤਾਂ ਅਸੀਂ ਸਾਡੀ ਆਤਮਿਕ ਅਗਵਾਈ ਅਧੀਨ ਆਉਣ ਵਾਲੇ ਲੋਕਾਂ ਤੇ ਭਰੋਸਾ ਕਰਦੇ ਹਾਂ

ਯਿਸੂ ਨੇ ਪ੍ਰਾਥਨਾ ਕੀਤੀ, "ਮੈਂ ਇਹ ਬੇਨਤੀ ਨਹੀਂ ਕਰਦਾ ਜੋ ਤੂੰ ਓਹਨਾਂ ਨੂੰ ਜਗਤ ਵਿੱਚੋਂ ਚੁੱਕ ਲਵੇਂ ਪਰ ਇਹ ਜੋ ਤੂੰ ਦੁਸ਼ਟ ਤੋਂ ਓਹਨਾਂ ਦੀ ਰੱਛਿਆ ਕਰੇਂ" (ਯੂਹੰਨਾ 17:15)। ਯਿਸੂ ਜਾਣਦਾ ਸੀ ਕਿ ਉਸਦੇ ਚੇਲ੍ਹੇ ਪ੍ਰੀਖਿਆਵਾਂ ਦਾ ਸਾਹਮਣਾ ਕਰਨਗੇ, ਪਰ ਜਿੰਨ੍ਹਾਂ ਨੂੰ ਉਸਨੇ ਤਿਆਰ ਕੀਤਾ ਸੀ, ਉਸਨੂੰ ਉਨ੍ਹਾਂ ਤੇ ਭਰੋਸਾ ਸੀ। ਸਾਨੂੰ ਉਨ੍ਹਾਂ ਨਵੇਂ ਆਗੂਆਂ ਤੇ ਭਰੋਸਾ ਕਰਨਾ ਸਿੱਖਣਾ ਚਾਹੀਦਾ ਹੈ ਜੋ ਸਾਡੀ ਅਗਵਾਈ ਦੇ ਅਧੀਨ ਹਨ। ਇਸ ਲਈ ਸਾਨੂੰ ਆਗੂਪੁਣੇ ਦੇ ਵਿੱਚ ਤਾਨਾਸ਼ਾਹੀ ਵਾਲੀ ਧਾਰਨਾ ਦਾ ਤਿਆਗ ਕਰਨ ਅਤੇ ਮਹੱਤਵਪੂਰਨ ਫੈਸਲਿਆਂ ਨਾਲ ਦੂਜਿਆਂ 'ਤੇ ਭਰੋਸਾ ਕਰਨ ਦੀ ਲੋੜ ਹੈ

ਅਜਿਥ ਫਰਨਾਡੋ ਲਿਖਦਾ ਹੈ ਕਿ ਆਗੂ ਦੋ ਤਰੀਕਿਆਂ ਦੇ ਨਾਲ ਆਪਣੇ ਚੇਲ੍ਹਿਆਂ ਨੂੰ ਵੇਖ ਸਕਦੇ ਹਨ।

- ਕਮਜ਼ੋਰ ਆਗੂ ਆਪਣੇ ਚੇਲ੍ਹਿਆਂ ਦੀਆਂ ਕਮਜ਼ੋਰੀਆਂ ਤੇ ਧਿਆਨ ਲਗਾਉਂਦੇ ਹਨ।
- ਪ੍ਰਭਾਵਸ਼ਾਲੀ ਆਗੂ ਆਪਣੇ ਚੇਲ੍ਹਿਆਂ ਦੀਆਂ ਦੀਆਂ ਯੋਗਤਾਵਾਂ ਤੇ ਧਿਆਨ ਲਗਾਉਂਦੇ ਹਨ ਅਤੇ ਉਨ੍ਹਾਂ ਦੀਆਂ ਕਮਜ਼ੋਰੀਆਂ ਤੇ ਵੀ ਕੰਮ ਕਰਦੇ ਰਹਿੰਦੇ ਹਨ। ਪ੍ਰਭਾਵਸ਼ਾਲੀ ਆਗੂ ਦੂਸਰਿਆਂ ਨੂੰ "ਉਮੀਦ ਦੀਆਂ ਨਜ਼ਰਾਂ" ਦੇ ਨਾਲ ਵੇਖਦੇ ਹਨ।

[21] Ajith Fernando, *Jesus Driven Ministry* ਤੋਂ ਲਿਆ ਗਿਆ (Wheaton, Illinois: Crossway Books, 2002), 172-173

### (3) ਸਿਖਲਾਈ ਦੇਣ ਤੋਂ ਅਸੀਂ ਆਪਣੇ ਚੇਲ੍ਹਿਆਂ ਨੂੰ ਸੰਸਾਰ ਦੇ ਵਿੱਚ ਸੇਵਕਾਈ ਕਰਨ ਦੇ ਲਈ ਭੇਜਦੇ ਹਾਂ

ਯਿਸੂ ਨੇ ਪ੍ਰਾਥਨਾ ਕੀਤੀ, "ਜਿਸ ਤਰਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਓਹਨਾਂ ਨੂੰ ਜਗਤ ਵਿੱਚ ਘੱਲਿਆ" (ਯੂਹੰਨਾ 17:18)। ਪੰਤੇਕੁਸਤ ਦੇ ਬਾਦ ਚੇਲ੍ਹਿਆਂ ਨੇ ਉਹ ਮਹਾਨ ਮਿਸ਼ਨ ਨੂੰ ਕਰਨਾ ਅਰੰਭ ਕੀਤਾ ਜਿਸਦ ਲਈ ਯਿਸੂ ਨੇ ਉਨ੍ਹਾਂ ਨੂੰ ਤਿਆਰ ਕੀਤਾ ਸੀ। ਅਸੀਂ ਚੇਲ੍ਹਿਆਂ ਦੀ ਅਗਵਾਈ ਕਰਦੇ ਹਾਂ, ਤਾਂ ਕਿ ਉਹ ਜਰੂਰਤਮੰਦ ਸੰਸਾਰ ਦੇ ਵਿੱਚ ਸ਼ੁਭਸਮਾਚਾਰ ਨੂੰ ਫੈਲਾ ਸਕਣ।

ਯਿਸੂ ਨੇ ਕਿਹਾ, "ਉਨ੍ਹਾਂ ਵਿੱਚ ਮੇਰੀ ਵਡਿਆਈ ਹੋਈ ਹੈ" (ਯੂਹੰਨਾ 17:10)। ਜਦੋਂ ਅਸੀਂ ਆਪਣੇ ਚੇਲ੍ਹਿਆਂ ਨੂੰ ਬਾਹਰ ਘੱਲਦੇ ਹਾਂ, ਤਾਂ ਸਾਨੂੰ ਇਹ ਗੱਲ ਨਿਸਚਿਤ ਕਰਨੀ ਚਾਹੀਦੀ ਹੈ ਇਸਤੋਂ ਯਿਸੂ ਨੂੰ ਵਡਿਆਈ ਮਿਲੇ। ਸਾਡੇ ਵਿੱਚ ਆਪਣੇ ਚੇਲ੍ਹਿਆਂ ਤੋਂ ਵਡਿਆਈ ਪ੍ਰਾਪਤ ਕਰਨ ਦਾ ਪਰਤਾਵਾ ਹੋ ਸਕਦਾ ਹੈ। ਅਸੀਂ ਦੂਸਰਿਆਂ ਨੂੰ ਸਿਖਲਾਈ ਦੇਣ ਦੀ ਆਪਣੀ ਯੋਗਤਾ ਦੇ ਕਾਰਨ ਦੂਸਰਿਆਂ ਤੋਂ ਮਹਿਮਾ ਪ੍ਰਾਪਤ ਕਰਨ ਦੇ ਪਰਤਾਵੇ ਵਿੱਚ ਪੈ ਸਕਦੇ ਹਾਂ। ਇਸਦੇ ਬਜਾਏ ਸਾਨੂੰ ਇਸ ਗੱਲ ਨੂੰ ਪੱਕਿਆਂ ਕਰਨਾ ਚਾਹੀਦਾ ਹੈ ਕਿ ਸਾਰੀ ਵਡਿਆਈ ਪਰਮੇਸ਼ੁਰ ਨੂੰ ਹੀ ਮਿਲਣੀ ਚਾਹੀਦੀ ਹੈ।

### ਲਾਗੂਕਰਨ: ਸੇਵਕਾਈ ਦੀ ਟੀਮ ਦੀ ਕੀਮਤ

ਯਿਸੂ ਦੀ ਉਦਾਹਰਨ ਸੇਵਕਾਈ ਦੇ ਵਿੱਚ ਟੀਮਾਂ ਦੇ ਮਹੱਤਵ ਨੂੰ ਵਿਖਾਉਂਦੀ ਹੈ। ਟੀਮ ਦੀ ਸੇਵਕਾਈ ਦੇ ਵਿੱਚ ਨਵੇਂ ਸੇਵਕਾਂ ਦੀ ਅਗਵਾਈ ਕਰਨਾ ਅਤੇ ਸੰਗੀ ਪਾਸਬਾਨਾਂ ਦੇ ਨਾਲ ਚੰਗੇ ਸੰਬੰਧਾਂ ਦੀ ਉਸਾਰੀ ਕਰਨਾ ਸ਼ਾਮਿਲ ਹੈ। ਸਾਡੀ ਰਚਨਾ ਦੂਸਰੇ ਲੋਕਾਂ ਦੇ ਨਾਲ ਸੰਬੰਧ ਬਣਾਉਣ ਦੇ ਲਈ ਕੀਤੀ ਗਈ। ਟੀਮਾਂ ਇੰਨੀਆਂ ਜਿਆਦਾ ਮਹੱਤਵਪੂਰਨ ਕਿਉਂ ਹਨ?

### ਟੀਮਾਂ ਸੰਤੁਲਨ ਪ੍ਰਦਾਨ ਕਰਦੀਆਂ ਹਨ

ਯਿਸੂ ਨੇ ਲੋਕਾਂ ਨੂੰ ਵੱਖ-ਵੱਖ ਪਿਛੋਕੜਾਂ ਤੋਂ ਚੁਣਿਆ। ਪਤਰਸ ਅਤੇ ਯੂਹੰਨਾ ਇੱਕ ਦੂਸਰੇ ਦੇ ਵਿਰੋਧੀ ਸਨ। ਮੱਤੀ ਨੇ ਰੋਮ ਦੇ ਵਿੱਚ ਕੰਮ ਕਰਦਾ ਸੀ, ਜਦਕਿ ਸ਼ਮਊਨ ਕਨਾਨੀ ਰੋਮੀਆਂ ਨੂੰ ਯਹੂਦਿਯਾ ਤੋਂ ਬਾਹਰ ਕੱਢਣਾ ਚਾਹੁੰਦਾ ਸੀ। ਇਹ ਪੁਰਸ਼ ਇੱਕ ਦੂਸਰੇ ਦੇ ਉਲਟ ਸਨ। ਚੇਲ੍ਹਿਆਂ ਨੂੰ ਚੁਣਨ ਦੇ ਵਿੱਚ, ਯਿਸੂ ਨੇ ਉਨ੍ਹਾਂ ਦੀ ਅਲੱਗ-ਅਲੱਗ ਸਮੂਹਾਂ ਤੋਂ ਚੋਣ ਕੀਤੀ।

ਭਾਵੇਂ ਕਿ ਅਸੀਂ ਇੱਕ ਟੀਮ ਦੇ ਵਿੱਚ ਅਜਿਹੇ ਵਿਰੋਧੀ ਲੋਕਾਂ ਰੱਖਣ ਦੀ ਕਠਿਨਾਈਆਂ ਨੂੰ ਵੇਖਦੇ ਹਾਂ, ਪਰ ਸਾਨੂੰ ਇੰਨਾਂ ਅਲੱਗ-ਅਲੱਗ ਵਿਅਕਤੀਤਵਾਂ ਤੋਂ ਮਿਲਣ ਵਾਲੇ ਲਾਭਾਂ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ। ਪਤਰਸ ਜਿਹਾ ਰਸੂਲ ਵੱਡੀਆਂ ਘੋਸ਼ਨਾਵਾਂ ਕਰਨ ਦੇ ਵਿੱਚ ਬਹੁਤ ਜਲਦਬਾਜ਼ੀ ਕਰਦਾ ਸੀ। ਉਸਨੇ ਸਮੂਹ ਵਿੱਚ ਥੋਮੇ ਅਤੇ ਅੰਦ੍ਰਿਆਸ ਜਿਹੇ ਸਾਵਧਾਨ ਵਿਅਕਤੀਆਂ ਸੰਤੁਲਨ ਬਣਾਇਆ। ਅਰੰਭਿਕ ਕਲੀਸਿਆ ਨੂੰ ਅਗਵਾਈ ਦੇ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਵਿਅਕਤੀਤਵਾਂ ਤੋਂ ਬਹੁਤ ਲਾਭ ਪ੍ਰਾਪਤ ਹੋਇਆ।

ਬੁੱਧੀਮਾਨ ਆਗੂ ਆਪਣੀ ਟੀਮ ਦੇ ਮੈਂਬਰਾਂ ਨੂੰ ਅਲੱਗ-ਅਲੱਗ ਪਿਛੋਕੜ ਤੋਂ ਚੁਣਦੇ ਹਨ। ਇੱਕ ਮਜ਼ਬੂਤ ਟੀਮ ਕਲੀਸਿਆ ਦੇ ਆਗੂਪੁਣੇ ਵਿੱਚ ਵੱਲ-ਵੱਖ ਤਰ੍ਹਾਂ ਦੇ ਬਲ ਨੂੰ ਲਿਆਉਂਦਾ ਹੈ। ਟੀਮ ਦੇ ਕਿਸੇ ਮੈਂਬਰ ਨੂੰ ਆਰਥਿਕ ਮੁੱਦਿਆਂ ਦੇ ਬਾਰੇ ਬਿਹਤਰ ਜਾਣਕਾਰੀ ਹੋ ਸਕਦੀ ਹੈ; ਹੋ ਸਕਦਾ ਹੈ ਕਿ ਕੋਈ ਹੋਰ ਨਿੱਜੀ ਸੰਬੰਧ ਬਣਾਉਣ ਦੀ ਮਜ਼ਬੂਤ ਹੋਵੇ, ਅਤੇ ਕੋਈ ਹੋਰ ਬਾਈਬਲ ਦੇ ਵਿੱਚੋਂ ਡੂੰਘੀਆਂ ਗੱਲਾਂ ਕੱਢਣ ਵਾਲਾ ਹੋਵੇ। ਇਹ ਸਭ ਇਕੱਠੇ ਹੋ ਕੇ ਕਲੀਸਿਆ ਦੇ ਲਈ ਇੱਕ ਸੰਤੁਲਿਤ ਅਗਵਾਈ ਪ੍ਰਦਾਨ ਕਰਦੇ ਹਨ।

### ਟੀਮਾਂ ਬੁੱਧੀਮਾਨੀ ਵਾਲੀ ਸਲਾਹ ਦਿੰਦੀਆਂ ਹਨ

ਜਦੋਂ ਯਿਸੂ ਚੇਲ੍ਹਿਆਂ ਨੂੰ ਤਿਆਰ ਕਰ ਰਿਹਾ ਸੀ ਤਾਂ ਉਹ ਜਾਣਦਾ ਸੀ ਕਿ ਉਹ ਕਲੀਸਿਆ ਦੇ ਲਈ ਨੀਂਹ ਧਰ ਰਿਹਾ ਹੈ। ਪੰਤੇਕੁਸਤ ਦੇ ਬਾਅਦ ਕਲੀਸਿਆ ਨੂੰ ਬਹੁਤ ਸਾਰੇ ਕਠਿਨ ਫੈਸਲਿਆਂ ਦਾ ਸਾਹਮਣਾ ਕਰਨਾ ਪੈਣਾ ਸੀ। ਯਿਸੂ ਜਾਣਦਾ ਸੀ ਕਿ ਫੈਸਲਾ ਲੈਂਦੇ ਸਮੇਂ ਚੇਲ੍ਹਿਆਂ ਨੂੰ ਇੱਕ ਦੂਸਰੀ ਦੀ ਜਰੂਰਤ ਪਵੇਗੀ।

ਅਰੰਭਿਕ ਕਲੀਸਿਆ ਦੇ ਅੱਗੇ ਇੱਕ ਕਠਿਨ ਫੈਸਲਾ ਇਹ ਸੀ ਕਿ, "ਪਰਾਈਆਂ ਕੌਮਾਂ ਦੇ ਵਿਸ਼ਵਾਸੀ ਕਲੀਸਿਆ ਦਾ ਹਿੱਸਾ ਕਿਵੇਂ ਬਣ ਸਕਦੇ ਹਨ?" ਕੀ ਉਨ੍ਹਾਂ ਦੇ ਲਈ ਸਾਰੀ ਯਹੂਦੀ ਸ਼ਰਾ ਦੇ ਪਿੱਛੇ ਚੱਲਣਾ ਜਰੂਰੀ ਹੈ?" ਭਾਵੇਂ ਇਹ ਸਾਨੂੰ ਸਾਧਾਰਨ ਜਾਪਦੀ ਹੈ, ਪਰ ਇਹ ਇੱਕ ਕਠਿਨ ਫੈਸਲਾ ਸੀ। ਇਹ ਕਿਸੇ ਨਿੱਜੀ ਪ੍ਰਾਥਮਿਕਤਾ ਦਾ ਮੁੱਦਾ ਨਹੀਂ ਸੀ; ਭੋਜਨ ਅਤੇ ਸੁੰਨਤ ਦੀ ਸ਼ਰਾ ਪੁਰਾਣੇ ਨੇਮ ਤੇ ਹੀ ਆਧਾਰਿਤ ਸਨ। ਇਸ ਫੈਸਲੇ ਦੇ ਵਿੱਚ ਲੰਬੇ ਸਮੇਂ ਦੇ ਨਤੀਜੇ ਆਉਣੇ ਸਨ। ਅੱਜ ਮੈਂ ਅਤੇ ਤੁਸੀਂ ਵੀ ਇਸ ਫੈਸਲੇ ਦੇ ਨਾਲ ਪ੍ਰਭਾਵਿਤ ਹੁੰਦੇ ਹਾਂ; ਜੇਕਰ ਯਰੂਸ਼ਲਮ ਦੀ ਕਲੀਸਿਆ ਨੇ ਅਲੱਗ ਤਰੀਕੇ ਦਾ ਫੈਸਲਾ ਲਿਆ ਹੁੰਦਾ, ਤਾਂ ਅੱਜ ਵੀ ਪਰਾਈਆਂ ਕੌਮਾਂ ਵਾਲੇ ਮਸੀਹੀਆਂ ਦੇ ਯਹੂਦੀ ਸ਼ਰਾ ਨੂੰ ਪੂਰਿਆਂ ਕਰਨਾ ਜਰੂਰੀ ਹੁੰਦਾ।

ਰਸੂਲਾਂ ਦੇ ਕਰਤੱਬ 15 ਵਿਖਾਉਂਦਾ ਹੈ ਕਿ ਮੁੱਢਲੀ ਕਲੀਸਿਆ ਨੇ ਇਸ ਮਹੱਤਵਪੂਰਨ ਮੁੱਦੇ ਦਾ ਨਿਪਟਾਰਾ ਕਿਵੇਂ ਕੀਤਾ। ਅਲੱਗ-ਅਲੱਗ ਧਾਰਨਾਵਾਂ ਨੂੰ ਸੁਣਨ ਤੋਂ ਬਾਅਦ ਉਹ ਇੱਕ ਅੰਤਿਮ ਫੈਸਲੇ ਤੇ ਪਹੁੰਚੇ। ਪਰਾਈ ਕਲੀਸਿਆ ਨੂੰ ਲਿਖੀ ਇੱਕ ਪੱਤ੍ਰੀ ਦੇ ਵਿੱਚ ਰਸੂਲ ਨੇ ਇਸ ਫੈਸਲੇ ਦੇ ਬਾਰੇ ਬਹੁਤ ਸੁੰਦਰ ਵਚਨਾਂ ਦੇ ਵਿੱਚ ਵਿਆਖਿਆ ਕੀਤੀ, "ਕਿਉਂਕਿ ਪਵਿੱਤ੍ਰ ਆਤਮਾ ਨੇ ਅਤੇ ਅਸਾਂ ਚੰਗਾ ਜਾਣਿਆ ਜੋ ਇਨ੍ਹਾਂ ਜਰੂਰੀ ਗੱਲਾਂ ਤੋਂ ਬਿਨਾ ਤੁਹਾਡੇ ਉੱਤੇ ਹੋਰ ਕੁਝ ਭਾਰ ਨਾ ਪਾਈਏ" (ਰਸੂਲਾਂ ਦੇ ਕਰਤੱਬ 15:28)। ਆਤਮਾ ਨੇ ਕਲੀਸਿਆ ਦੇ ਆਗੂਆਂ ਇਕੱਠੇ ਕਰਨ ਵਿੱਚ ਅਗਵਾਈ ਕੀਤੀ, ਅਤੇ ਉਨ੍ਹਾਂ ਨੂੰ ਆਪਣੀ ਰਾਏ ਸਾਂਝੀ ਕਰਨ ਦੀ ਪ੍ਰਵਾਨਗੀ ਦਿੱਤੀ, ਅਤੇ ਫਿਰ ਸਮੂਹ ਨੂੰ ਇੱਕ ਸਹੀ ਫੈਸਲੇ ਤੱਕ ਪਹੁੰਚਣ ਦੇ ਵਿੱਚ ਅਗਵਾਈ ਕੀਤੀ।

ਕਹਾਉਤਾਂ ਦਾ ਲੇਖਕ ਫੈਸਲਾ ਲੈਣ ਦੇ ਸਮੇਂ ਜਿਆਦਾ ਸਲਾਹਾਂ ਲੈਣ ਦੇ ਮਹੱਤਵ ਤੇ ਜ਼ੋਰ ਦਿੰਦਾ ਹੈ।

- ਮੂਰਖ ਦੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਚੰਗੀ ਹੈ, ਪਰ ਬੁੱਧਵਾਨ ਸਲਾਹ ਨੂੰ ਮੰਨ ਲੈਂਦਾ ਹੈ (ਕਹਾਉਤਾਂ 12:15)।
- ਜਦੋਂ ਅਗਵਾਈ ਨਹੀਂ ਤਾਂ ਲੋਕ ਡਿੱਗ ਪੈਂਦੇ ਹਨ, ਪਰ ਬਹੁਤੇ ਸਲਾਹੁਆਂ ਨਾਲ ਬਚਾਉ ਹੈ। (ਕਹਾਉਤਾਂ 11:14)।

- ਤੂੰ ਚੰਗੀ ਮੱਤ ਲੈ ਕੇ ਤਾਂ ਆਪਣਾ ਯੁੱਧ ਕਰ, ਬਹੁਤੇ ਸਲਾਹੂਆਂ ਨਾਲ ਹੀ ਬਚਾਓ ਹੈ (ਕਹਾਉਤਾਂ 24:6)।

ਇਹ ਕਲੀਸਿਆ ਦੇ ਆਗੂਆਂ ਦੇ ਲਈ ਇੱਕ ਮਹੱਤਵਪੂਰਨ ਸਿਧਾਂਤ ਹੈ। ਜੇਕਰ ਤੁਸੀਂ ਦੂਸਰਿਆਂ ਨੂੰ ਸੁਣਨਾ ਨਹੀਂ ਚਾਹੁੰਦੇ ਹਾਂ, ਤਾਂ ਕਹਾਉਤਾਂ ਦੱਸਦੀ ਹੈ ਕਿ ਤੁਸੀਂ ਬੁੱਧੀਮਾਨ ਨਹੀਂ ਹੋ। ਇੱਕ ਮੂਰਖ ਹਮੇਸ਼ਾਂ ਸੋਚਦਾ ਹੈ ਕਿ ਉਹ ਸਹੀ ਹੈ, ਪਰ ਬੁੱਧੀਮਾਨ ਵਿਅਕਤੀ ਦੂਸਰਿਆਂ ਨੂੰ ਸੁਣਨ ਦਾ ਇਛੁੱਕ ਹੁੰਦਾ ਹੈ।

ਜੇਕਰ ਕਿਸੇ ਟੀਮ ਦਾ ਉਦੇਸ਼ ਬੁੱਧੀਮਾਨੀ ਦੀ ਸਲਾਹ ਦੇਣਾ ਹੈ, ਸਾਨੂੰ ਅਜਿਹੇ ਲੋਕਾਂ ਦੀ ਜਰੂਰਤ ਹੈ ਜੋ ਸਾਡੇ ਨਾਲੋਂ ਅਲੱਗ ਸੋਚ ਰੱਖਦੇ ਹਨ। ਟੀਮ ਦੀ ਚੋਣ ਕਰਦੇ ਸਮੇਂ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਸੀਂ ਸਾਰੇ ਲੋਕ ਆਪਣੇ ਜਿਹੇ ਹੀ ਨਾ ਚੁਣੀਏ। ਸਾਨੂੰ ਅਜਿਹੇ ਲੋਕਾਂ ਦੀ ਜਰੂਰਤ ਨਹੀਂ ਹੈ ਜੋ ਸਦਾ ਜਲਦੀ ਦੇ ਨਾਲ ਸਾਡੇ ਨਾਲ ਸਹਿਮਤ ਹੋ ਜਾਂਦੇ ਹਨ।

### ਟੀਮਾਂ ਉਤਸ਼ਾਹ ਪ੍ਰਦਾਨ ਕਰਦੀਆਂ ਹਨ

ਉਪਦੇਸ਼ਕ ਦੀ ਪੋਥੀ ਇੱਕ ਟੀਮ ਦੇ ਫਾਇਦੇ ਦਾ ਵਰਣਨ ਕਰਦੀ ਹੈ। "ਇੱਕ ਨਾਲੋਂ ਦੋ ਚੰਗੇ ਹਨ ਕਿਉਂ ਜੋ ਉਨ੍ਹਾਂ ਦੀ ਮਿਹਨਤ ਦੀ ਚੰਗੀ ਖੱਟੀ ਹੁੰਦੀ ਹੈ। ਕਿਉਂਕਿ ਜੇ ਉਹ ਡਿੱਗ ਪੈਣ ਤਾਂ ਇੱਕ ਜਣਾ ਦੂਜੇ ਨੂੰ ਚੁੱਕੇਗਾ ਪਰ ਹਾਏ ਉਹ ਦੇ ਉੱਤੇ ਜਿਹੜਾ ਇਕੱਲਾ ਡਿੱਗਦਾ ਹੈ ਕਿਉਂ ਜੋ ਉਸ ਦਾ ਦੂਜਾ ਕੋਈ ਨਹੀਂ ਜੋ ਉਹ ਨੂੰ ਚੁੱਕ ਖੜਾ ਕਰੇ!" (ਉਪਦੇਸ਼ਕ ਦੀ ਪੋਥੀ 4:9-10)।

ਜਦੋਂ ਕਲੀਸਿਆ ਨੇ ਵਿਰੋਧ ਦਾ ਸਾਹਮਣਾ ਕੀਤਾ, ਰਸੂਲਾਂ ਨੇ ਇੱਕ ਦੂਸਰੇ ਨੂੰ ਉਤਸ਼ਾਹਿਤ ਕੀਤਾ। ਲੂਕਾ ਨੇ ਅਰੰਭਿਕ ਕਲੀਸਿਆ ਦੇ ਵਿੱਚ ਦੂਸਰੇ ਦੇ ਸਮਰਥਨ ਨੂੰ ਬਿਆਨ ਕਰਨ ਲਈ "ਇੱਕ ਮਨ" ਵਾਕ ਦਾ ਉਪਯੋਗ ਕੀਤਾ।

ਮਹਾਨ ਮਿਸ਼ਨਰੀ ਹਡਸਨ ਟੇਲਰ ਇਸ ਸਿਧਾਂਤ ਨੂੰ ਬਿਆਨ ਕਰਦਾ ਹੈ। ਟੈਲਰ ਸੇਵਕਾਈ ਕਰਨ ਦੇ ਜੋਸ਼ ਨਾਲ ਚੀਨ ਦੇ ਵਿੱਚ ਗਿਆ ਸੀ, ਪਰ ਉਹ ਜਲਦੀ ਹੀ ਨਿਰਾਸ਼ ਹੋ ਗਿਆ। ਉਸਦੇ ਕੁਝ ਸਮਰਥਕਾਂ ਨੇ ਉਸਨੂੰ ਆਰਥਿਕ ਸਹਾਇਤਾ ਭੇਜਣੀ ਬੰਦ ਕਰ ਦਿੱਤੀ। ਸਥਾਪਿਤ ਮਿਸ਼ਨਰੀ ਉਸਦੇ ਆਲੋਚਕ ਸਨ। ਇੱਥੋਂ ਤੱਕ ਕਿ ਬ੍ਰੀਟਿਸ਼ ਸਰਕਾਰ ਨੇ ਵੀ ਉਸਦਾ ਵਿਰੋਧ ਕੀਤਾ। ਉਸਦੀ ਮੰਗੇਤਰ ਨੇ ਇੰਗਲੈਂਡ ਤੋਂ ਉਸਨੂੰ ਚਿੱਠੀ ਲਿਖੀ ਕਿ ਉਹ ਨਿਸਚਿਤ ਨਹੀਂ ਹੈ ਕਿ ਉਸਨੂੰ ਇੱਕ ਮਿਸ਼ਨਰੀ ਦੇ ਨਾਲ ਵਿਆਹ ਕਰਨਾ ਚਾਹੀਦਾ ਹੈ ਜਾਂ ਨਹੀਂ। ਟੇਲਰ ਬਹੁਤ ਨਿਰਾਸ਼ ਹੋਇਆ ਅਤੇ ਉਹ ਵਾਪਿਸ ਜਾਣ ਦੇ ਲਈ ਤਿਆਰ ਹੋ ਗਿਆ।

ਇਸ ਸਮੇਂ ਦੇ ਦੌਰਾਨ, ਵਿਲੀਅਮ ਬਰਨਸ ਨਾਮਕ ਇੱਕ ਪੁਰਾਣੇ ਸਕੋਟਿਸ਼ ਮਿਸ਼ਨਰੀ ਨੇ ਉਸਦੇ ਨਾਲ ਚੀਨ ਦੇ ਇੱਕ ਖੇਤਰ ਵਿੱਚ ਸੁਭਸਮਾਚਾਰ ਪ੍ਰਚਾਰ ਦੀ ਇੱਕ ਯਾਤਰਾ ਦੇ ਵਿੱਚ ਸੱਤ ਮਹੀਨੇ ਬਿਤਾਏ। ਦੋਵਾਂ ਨੇ ਮਿਲ ਕੇ ਯਾਤਰਾ ਕੀਤੀ, ਇੱਕਠਿਆਂ ਪ੍ਰਾਥਨਾ ਕੀਤੀ ਅਤੇ ਪ੍ਰਚਾਰ ਕੀਤਾ। ਟੇਲਰ ਨੇ ਚੀਨ ਦੇ ਲਈ ਆਪਣੇ ਦਰਸ਼ਨ ਨੂੰ ਮੁੜ ਸੁਰਜੀਤ ਕੀਤਾ। ਜੌਨ ਪੋਲੋਕ ਨੇ ਲਿਖਿਆ, "ਵਿਲੀਅਮ ਬਰਨਸ ਨੇ ਹਡਸਨ ਟੇਲਰ ਨੂੰ ਹਡਸਨ ਟੇਲਰ ਤੋਂ ਬਚਾ ਲਿਆ"

ਹਡਸਨ ਟੇਲਰ ਨੇ ਬਾਅਦ ਦੇ ਵਿੱਚ ਚੀਨ ਇੰਨਲੈਂਡ ਮਿਸ਼ਨ ਨੂੰ ਸਥਾਪਿਤ ਕੀਤਾ ਅਤੇ ਹੁਣ ਉਹ ਆਧੁਨਿਕ ਸਮੇਂ ਦੇ ਇੱਕ ਮਹਾਨ ਮਿਸ਼ਨਰੀ ਵੱਜੋਂ ਜਾਣਿਆ ਜਾਂਦਾ ਹੈ; ਵਿਲੀਅਮ ਬਰਨਸ ਨੂੰ ਲਗਭਗ ਕੋਈ ਨਹੀਂ ਜਾਣਦਾ। ਪਰ ਚੀਨ ਇੰਨਲੈਂਡ ਮਿਸ਼ਨ ਦੇ ਦੁਆਰਾ ਪਰਿਵਰਤਿਤ ਹੋਏ ਹਜ਼ਾਰਾਂ ਲੋਕਾਂ ਦੀ ਕੁਝ ਪਹਿਚਾਣ ਦਾ ਵਿਲੀਅਮ ਬਰਨਸ ਵੀ ਹੱਕਦਾਰ ਹੈ। ਬਰਨਸ ਨੇ ਇੱਕ ਬਹੁਤ ਹੀ ਅਹਿਮ ਪਲ ਦੇ ਵਿੱਚ ਹਡਸਨ ਟੇਲਰ ਨੂੰ ਉਤਸ਼ਾਹਿਤ ਕੀਤਾ। ਟੀਮਾਂ ਉਤਸ਼ਾਹ ਪ੍ਰਦਾਨ ਕਰਦੀਆਂ ਹਨ।

### ਟੀਮਾਂ ਜੁਆਬਦੇਹੀ ਪ੍ਰਦਾਨ ਕਰਦੀਆਂ ਹਨ

ਸਾਡੇ ਵਿੱਚੋਂ ਸਭਨਾਂ ਦੇ ਲੁਕੀਆਂ ਹੋਈਆਂ ਗੱਲਾਂ ਹਨ-ਉਹ ਵਿਸ਼ੇਸ਼ਤਾਵਾਂ ਜੋ ਅਸੀਂ ਖੁਦ ਨਹੀਂ ਵੇਖ ਸਕਦੇ। ਅਸੀਂ ਆਪਣੀ ਸੇਵਕਾਈ ਦੇ ਵਿੱਚ ਅਜਿਹੀ ਕਮਜ਼ੋਰੀਆਂ ਨੂੰ ਲਿਆਉਂਦੇ ਹਾਂ ਜੋ ਸਾਡੇ ਪਰਿਵਾਰਿਕ ਪਿਛੋਕੜ, ਮਸੀਹੀ ਬਣਨ ਤੋਂ ਪਹਿਲਾਂ ਦੇ ਸਾਡੇ ਜੀਵਨ ਅਤੇ ਸਾਡੇ ਵਿਅਕਤੀਤਵ ਤੋਂ ਆਉਂਦੀਆਂ ਹਨ। ਇਹ ਗੱਲਾਂ ਸਾਡੀ ਸੇਵਕਾਈ ਨੂੰ ਪ੍ਰਭਾਵਿਤ ਕਰਦੀਆਂ ਹਨ।

ਸ਼ਾਇਦ ਅਸੀਂ ਇੰਨਾਂ ਕਮਜ਼ੋਰੀਆਂ ਨੂੰ ਆਪਣੇ ਅੰਦਰ ਖੁਦ ਨਾ ਵੇਖ ਸਕੀਏ, ਪਰ ਟੀਮ ਦੇ ਦੂਸਰੇ ਲੋਕ ਸਾਨੂੰ ਅਜਿਹੇ ਖੇਤਰਾਂ ਦੇ ਬਾਰੇ ਚੇਤਾਵਨੀ ਦੇ ਸਕਦੇ ਹਨ ਜੋ ਸਾਡੀ ਸੇਵਕਾਈ ਨੂੰ ਬਰਬਾਦ ਕਰ ਸਕਦੇ ਹਨ। ਇਬਰਾਨੀਆਂ ਦੇ ਲੇਖਕ ਨੇ ਮਸੀਹੀਆਂ ਨੂੰ ਇੱਕ ਦੂਸਰੇ ਨੂੰ ਭਲੇ ਕੰਮਾਂ ਦੇ ਵਿੱਚ ਉਤਸ਼ਾਹਿਤ ਕਰਨ ਦੇ ਲਈ ਕਿਹਾ (ਇਬਰਾਨੀਆਂ 10:24)। ਯੂਨਾਨੀ ਭਾਸ਼ਾ ਦੇ ਵਿੱਚ "ਧਿਆਨ ਰੱਖੀਏ" ਦਾ ਮੂਲ ਸ਼ਬਦ ਦਾ ਅਰਥ ਕਿਸੇ ਨੂੰ ਉਕਸਾਉਣਾ ਜਾਂ ਉਤਸ਼ਾਹਿਤ ਕਰਨਾ ਹੈ। ਕਈ ਵਾਰ ਇਸ ਗੱਲ ਦੇ ਨਾਲ ਸਹਿਮਤੀ ਪ੍ਰਗਟ ਨਹੀਂ ਕੀਤੀ ਜਾਂਦੀ। ਸਾਡੇ ਵਿੱਚੋਂ ਕਿਸੇ ਨੂੰ ਉਸਕਾਇਆ ਜਾਣਾ ਪਸੰਦ ਨਹੀਂ ਹੈ, ਪਰ ਜੁਆਬਦੇਹੀ ਬਹੁਤ ਕੀਮਤੀ ਹੈ। ਹਰੇਕ ਮਸੀਹੀ ਆਗੂ ਦੇ ਕੋਲ ਘੱਟੋ-ਘੱਟ ਇੱਕ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜੋ ਇਹ ਕਹਿ ਸਕੇ, "ਇੱਕ ਕੰਮ ਬੁੱਧੀਮਾਨੀ ਵਾਲਾ ਨਹੀਂ ਹੈ। ਤੁਹਾਨੂੰ ਇਸ ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।"

ਮੱਧ ਕਾਲ ਦੇ ਮੱਠਾਂ ਤੋਂ ਲੈ ਕੇ ਵੈਸਲੀ ਦੀਆਂ ਸ਼੍ਰੇਣੀ ਜਮਾਤਾਂ ਅਤੇ ਅਜੋਕੇ ਸਮੇਂ ਦੇ ਪ੍ਰੋਮਿਸ ਕੀਪਰ ਸਮੂਹਾਂ ਤੱਕ, ਮਸੀਹੀ ਆਗੂਆਂ ਦੀ ਜੁਆਬਦੇਹੀ ਦੇ ਵਿੱਚ ਲੰਬੀ ਪ੍ਰਥਾ ਹੈ। ਅਜੋਕੀ ਕਲੀਸਿਆ ਦੇ ਆਗੂ ਹਫ਼ਤਾਵਰ ਜੁਆਬਦੇਹੀ ਤੋਂ ਲਾਹਾ ਲੈਂਦੇ ਹਨ। ਇਹ ਇੱਕ ਦੇ ਨਾਲ ਇੱਕ, ਛੋਟੇ ਸਮੂਹ ਦੇ ਵਿੱਚ ਜਾਂ ਫੋਨ ਤੇ ਵੀ ਕੀਤੀ ਜਾ ਸਕਦੀ ਹੈ। ਇਹ ਜੁਆਬਦੇਹੀ ਸਾਨੂੰ ਕਿਸੇ ਆਤਮਿਕ ਖ਼ਤਰੇ ਦੇ ਵਿੱਚ ਬਹੁਤ ਦੂਰ ਤੱਕ ਡਿੱਗਣ ਤੋਂ ਪਹਿਲਾਂ ਚੇਤਾਵਨੀ ਦੇ ਸਕਦੀ ਹੈ।

ਚੰਗੀ ਜੁਆਬਦੇਹੀ ਹਰੇਕ ਸਾਥੀ ਤੋਂ ਪੂਰਨ ਇਮਾਨਦਾਰੀ ਅਤੇ ਸਾਥੀਆਂ ਦੇ ਵਿੱਚਕਾਰ ਸੰਪੂਰਨ ਗੁਪਤਤਾ ਦੀ ਮੰਗ ਕਰਦੀ ਹੈ। ਤੁਸੀਂ ਜੁਆਬਦੇਹੀ ਦੇ ਪ੍ਰਸ਼ਨਾਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਲੱਭ ਸਕਦੇ ਹੋ। ਇੱਕ ਸੂਚੀ ਦੇ ਵਿੱਚ ਹੇਠਾਂ ਦਿੱਤੇ ਪ੍ਰਸ਼ਨ ਹਨ:

- ਕੀ ਇਸ ਹਫ਼ਤੇ ਤੁਸੀਂ ਪਰਮੇਸ਼ੁਰ ਦੇ ਨਾਲ ਲਗਾਤਾਰ ਸਮਾਂ ਬਿਤਾਇਆ ਹੈ?
- ਕੀ ਇਸ ਹਫ਼ਤੇ ਤੁਸੀਂ ਆਪਣੀ ਇਮਾਨਦਾਰੀ ਦੇ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਕੀਤਾ ਹੈ?

- ਕੀ ਇਸ ਹਫ਼ਤੇ ਤੁਹਾਡੀਆਂ ਸੋਚਾਂ ਪਵਿੱਤਰ ਰਹੀਆਂ ਹਨ?
- ਕੀ ਇਸ ਹਫ਼ਤੇ ਤੁਸੀਂ ਕੋਈ ਜਿਨਸੀ ਪਾਪ ਕੀਤਾ ਹੈ?
- ਇਸ ਹਫ਼ਤੇ ਤੁਸੀਂ ਆਪਣੀ ਪਤਨੀ ਜਾਂ ਪਤੀ ਦੇ ਲਈ ਕਿਹੜਾ ਮਹੱਤਵਪੂਰਨ ਕੰਮ ਕੀਤਾ ਹੈ?
- ਕੀ ਇਸ ਹਫ਼ਤੇ ਤੁਸੀਂ ਕਿਸੇ ਗ਼ੈਰ-ਵਿਸ਼ਵਾਸੀ ਦੇ ਨਾਲ ਆਪਣੇ ਵਿਸ਼ਵਾਸ ਨੂੰ ਸਾਂਝਾ ਕੀਤਾ ਹੈ?
- ਕੀ ਤੁਸੀਂ ਇੰਨਾਂ ਸਾਰੇ ਉੱਤਰਾਂ ਨੂੰ ਸਚਿਆਈ ਦੇ ਨਾਲ ਦੱਸਿਆ ਹੈ?

ਪ੍ਰੀਖਿਆ ਦੇ ਸਮੇਂ ਵਿੱਚ ਇੱਕ ਟੀਮ ਦੀ ਜੁਆਬਦੇਹੀ ਬਹੁਤ ਮਹੱਤਵਪੂਰਨ ਹੁੰਦੀ ਹੈ। ਇੱਕ ਨਵੇਂ ਪਾਸਬਾਨ ਨੂੰ ਲਿਖਦੇ ਹੋਏ, ਪੌਲੁਸ ਨੇ ਸਲਾਹ ਦਿੱਤੀ ਕੀ ਇੱਕ ਲੰਬੇ ਸਮੇਂ ਦੀ ਸੇਵਕਾਈ ਨੂੰ ਕਿਵੇਂ ਉਸਾਰਿਆ ਜਾ ਸਕਦਾ ਹੈ। ਪੌਲੁਸ ਨੇ ਤਿਮੋਥਿਉਸ ਨੂੰ ਚੇਤਾਵਨੀ ਦਿੱਤੀ "ਪਰ ਜੁਆਨੀ ਦੀਆਂ ਕਾਮਨਾਂ ਤੋਂ ਭੱਜ ਅਤੇ **ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ** ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ" (2 ਤਿਮੋਥਿਉਸ 2:22)। ਪੌਲੁਸ ਇਸ ਗੱਲ ਨੂੰ ਸਮਝ ਗਿਆ ਕਿ ਤਿਮੋਥਿਉਸ ਦੇ ਆਤਮਿਕ ਜੀਵਨ ਨੂੰ ਪਰਮੇਸ਼ੁਰ ਦੇ ਹੋਰ ਅਜਿਹੇ ਪੈਰੋਕਾਰਾਂ ਦੇ ਨਾਲ ਮਿਲ ਕੇ ਲਾਭ ਹੋਵੇਗਾ ਜੋ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ।

► ਜੇਕਰ ਤੁਸੀਂ ਕਿਸੇ ਸੇਵਕਾਈ ਦੀ ਟੀਮ ਦਾ ਹਿੱਸਾ ਹੋ, ਤਾਂ ਕੁਝ ਅਜਿਹੇ ਲਾਭ ਸਾਂਝੇ ਕਰੋ ਜੋ ਤੁਹਾਨੂੰ ਆਪਣੀ ਟੀਮ ਤੋਂ ਮਿਲਦੇ ਹਨ। ਕੀ ਸੇਵਕਾਈ ਦੀ ਟੀਮ ਦਾ ਹਿੱਸਾ ਹੋਣ ਦੀਆਂ ਕੀ ਚੁਣੌਤੀਆਂ ਹਨ?

### ਇੱਕ ਟੀਮ ਦੇ ਨਾਲ ਕੰਮ ਕਰਨਾ

ਯਿਸੂ ਨੇ ਇੱਕ ਸਮੂਹ ਦੇ ਵਿੱਚ ਅਲੱਗ-ਅਲੱਗ ਵਿਅਕਤੀਤਵਾਂ ਦੀ ਇੱਕ ਟੀਮ ਦਾ ਨਮੂਨਾ ਪੇਸ਼ ਕੀਤਾ। ਯਿਸੂ ਨੇ ਉਨ੍ਹਾਂ ਦੇ ਵੱਖਰੇਵੇਆਂ ਨੂੰ ਲਿਆ ਅਤੇ ਇੱਕ ਅਜਿਹੀ ਟੀਮ ਬਣਾਈ ਜੋ ਸ਼ੁਰੂਆਤੀ ਕਲੀਸਿਆ ਦੀ ਅਗਵਾਈ ਕਰ ਸਕਦੀ ਸੀ। ਕਲੀਸਿਆ ਨੂੰ ਪਤਰਸ ਦੀ ਦਿਲੇਰੀ ਅਤੇ ਫਿਲਿਪੁੱਸ ਦੇ ਨਰਮ ਆਤਮਾ ਦੀ ਜਰੂਰਤ ਸੀ। ਇੱਕ ਆਗੂ ਦੀ ਵੱਡੀ ਚੁਣੌਤੀ ਕਿਸੇ ਪੈਰੋਕਾਰਾਂ ਦੇ ਸਮੂਹ ਨੂੰ ਟੀਮ ਦੇ ਵਿੱਚ ਬਦਲਣਾ ਹੁੰਦੀ ਹੈ।

ਅਜਿਥ ਫਰਨਾਂਡੋ ਸ਼੍ਰੀ ਲੰਕਾ ਤੋਂ ਇੱਕ ਕਲੀਸਿਆਈ ਆਗੂ, ਇੱਕ ਟੀਮ ਦੀ ਉਸਾਰੀ ਕਰਨ ਦੀਆਂ ਚੁਣੌਤੀਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਹ ਲਿਖਦਾ ਹੈ:

> ਸ਼ਾਇਦ ਸ਼ੁਭਸਮਾਚਾਰ ਆਧਾਰਿਤ ਕਲੀਸਿਆ ਦੇ ਵਿੱਚ ਇੱਕ ਦੁੱਖਭਰੀ ਗੱਲ ਇਹ ਹੈ ਕਿ ਅਕਸਰ ਸਾਡੇ ਫੈਸਲਿਆਂ ਅਤੇ ਕਿਰਿਆਵਾਂ ਦੇ ਸਮੇਂ ਧਰਮ ਸਿੱਖਿਆਵਾਂ ਨਾਲੋਂ ਭਾਵਨਾਵਾਂ ਜਿਆਦਾ ਹਾਵੀ ਹੋ ਜਾਂਦੀਆਂ ਹਨ। ਬਾਈਬਲ ਆਧਾਰਿਤ ਮਸੀਹੀ ਕਹਿੰਦਾ ਹੈ, "ਕਿਸੇ ਵਿਅਕਤੀ ਦੇ ਬਾਰੇ ਮੇਰੀਆਂ ਜੋ ਵੀ ਭਾਵਨਾਵਾਂ ਹਨ, ਮੈਂ ਉਸਨੂੰ ਸਵੀਕਾਰ ਕਰਾਂਗਾ ਕਿਉਂਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਮੈਂ ਅਜਿਹਾ ਕਰਾਂ ਅਤੇ ਮੈਂ ਪਰਮੇਸ਼ੁਰ ਦੇ ਕੋਲੋਂ ਉਸਦੇ ਨਾਲ ਸ਼ਾਂਤੀਪੂਰਵਕ ਕੰਮ ਕਰਨ ਦੀ ਕ੍ਰਿਪਾ ਮੰਗਾਂਗਾ।"

> ਸਾਡੀ ਧਰਮ ਸਿੱਖਿਆ ਕਹਿੰਦੀ ਹੈ ਕਿ ਕਿਸੇ ਨਾਲ ਕੰਮ ਕਰਨ ਦੇ ਲਈ ਅਜਿਹਾ ਯਤਨ ਸਫਲ ਹੋ ਜਾਏਗਾ, ਭਾਵੇਂ ਸਾਡੀਆਂ ਭਾਵਨਾਵਾਂ ਕੋਈ ਹੋਰ ਸੰਦੇਸ਼ ਦੇਣ। ਸਾਡੀ ਧਰਮ ਸਿੱਖਿਆ ਸਾਨੂੰ ਇਸ ਸੰਬੰਧ ਦੇ ਪ੍ਰਤੀ ਸਖ਼ਤ ਮਿਹਨਤ ਕਰਨ ਦੇ ਵੱਲ ਲੈ ਜਾਂਦੀ ਹੈ। ਅਸੀਂ ਉਸ ਵਿਅਕਤੀ ਦੇ ਲਈ ਅਤੇ ਸਾਡੇ ਨਾਲ ਉਸਦੇ ਸੰਬੰਧ ਦੇ ਲਈ ਪ੍ਰਾਥਨਾ ਕਰਦੇ ਹਾਂ। ਅਸੀਂ ਉਸਨੂੰ ਮਸੀਹੀ ਪਿਆਰ ਵਿਖਾਉਣਾ ਚਾਹੁੰਦੇ ਹਾਂ ਅਤੇ ਉਸਦੀ ਭਲਿਆਈ ਦੇ ਲਈ ਹਰ ਸੰਭਵ ਯਤਨ ਕਰਦੇ ਹਾਂ। ਅਸੀਂ ਸੁਫਨੇ ਵਿਕਸਿਤ ਕਰਦੇ ਹਾਂ ਕਿ ਇਹ ਵਿਅਕਤੀ ਟੀਮ ਦੇ ਰਾਂਹੀ ਕੀ ਉਪਲੱਭਧੀ ਕਰ ਸਕਦਾ ਹੈ।[22]

1 ਕੁਰਿੰਥੀਆਂ 12:12-25 ਸਾਨੂੰ ਸਿਖਾਉਂਦਾ ਹੈ ਕਿ ਮਸੀਹ ਦੀ ਦੇਹ ਦੇ ਵਿੱਚ ਸਾਡੇ ਕੋਲ ਇਹ ਹੱਕ ਨਹੀਂ ਹੈ ਕਿ ਅਸੀਂ ਕਿਸੇ ਵਿਅਕਤੀ ਨੂੰ ਸਿਰਫ਼ ਇਸ ਲਈ ਇਨਕਾਰ ਕਰ ਦਈਏ ਕਿਉਂਕਿ ਅਸੀਂ ਉਸਨੂੰ ਪਸੰਦ ਨਹੀਂ ਕਰਦੇ। ਜੇਕਰ ਤੁਸੀਂ ਕਿਸੇ ਕਲੀਸਿਆ ਨੂੰ ਬਣਾਉਗੇ ਤਾਂ ਉਸ ਵਿੱਚ ਅਜਿਹੇ ਮੈਂਬਰ ਵੀ ਹੋਣਗੇ ਜੋ ਤੁਹਾਨੂੰ ਚੰਗੇ ਨਹੀਂ ਲੱਗਣਗੇ। ਇੱਕ ਮਸੀਹੀ ਆਗੂ ਦੇ ਰੂਪ ਵਿੱਚ ਤੁਹਾਨੂੰ ਕਹਿਣਾ ਚਾਹੀਦਾ ਹੈ, "ਮੇਰੀਆਂ ਨਿੱਜੀ ਭਾਵਨਾਵਾਂ ਚਾਹੇ ਕੁਝ ਵੀ ਹੋਣ, ਮੈਂ ਇਸ ਵਿਅਕਤੀ ਨੂੰ ਸਵੀਕਾਰ ਕਰਾਂਗਾ ਕਿਉਂਕਿ ਪਰਮੇਸ਼ੁਰ ਨੇ ਇਸ ਵਿਅਕਤੀ ਨੂੰ ਮੇਰੀ ਦੇਖਭਾਲ ਦੇ ਅਧੀਨ ਰੱਖਿਆ ਹੈ। ਮੈਂ ਪਰਮੇਸ਼ੁਰ ਦੇ ਪਾਸੋਂ ਇਸ ਵਿਅਕਤੀ ਦੇ ਨਾਲ ਕੰਮ ਕਰਨ ਦੀ ਕ੍ਰਿਪਾ ਮੰਗਾਂਗਾ, ਅਤੇ ਮੈਂ ਪਰਮੇਸ਼ੁਰ ਤੋਂ ਉਸਦੀ ਬਰਕਤ ਅਤੇ ਸੇਵਕਾਈ ਦੇ ਵਿੱਚ ਉਸਦੇ ਵਾਧੇ ਦੀ ਮੰਗ ਕਰਾਂਗਾ।"

## ਇੱਕ ਪ੍ਰਭਾਵਸ਼ਾਲੀ ਮਸੀਹੀ ਆਗੂ ਇੱਕ ਦਾਸ ਹੁੰਦਾ ਹੈ

ਇੱਕ ਵਾਰ ਕਿਸੇ ਨੇ ਇੱਕ ਭਵਿੱਖ ਦੇ ਪਾਸਬਾਨ ਤੋਂ ਪੁੱਛਿਆ, "ਤੁਸੀਂ ਇੱਕ ਪਾਸਬਾਨ ਕਿਉਂ ਬਣਨਾ ਚਾਹੁੰਦੇ ਹੋ?" ਜੁਆਨ ਵਿਅਕਤੀ ਦੇ ਉੱਤਰ ਦਿੱਤਾ, "ਮੈਂ ਏਅਰਪੋਰਟ ਇੱਕ ਵਿਅਕਤੀ ਨੂੰ ਇੱਕ ਪਾਸਬਾਨ ਦਾ ਸੂਟਕੇਸ ਫੜੇ ਹੋਏ ਵੇਖਿਆ। ਮੈਂ ਚਾਹੁੰਦਾ ਹਾਂ ਕਿ ਕੋਈ ਮੇਰਾ ਸੂਟਕੇਸ ਵੀ ਫੜੇ!"

ਯਿਸੂ ਦਾ ਨਜ਼ਰੀਆ ਬਹੁਤ ਹੀ ਅਲੱਗ ਸੀ! ਇਹ ਜੁਆਨ ਸੇਵਾ ਕਰਵਾਉਣਾ ਚਾਹੁੰਦਾ ਸੀ; ਯਿਸੂ ਸੇਵਾ ਕਰਨਾ ਚਾਹੁੰਦਾ ਸੀ। "ਕਿਉਂਕਿ ਮਨੁੱਖ ਦਾ ਪੁੱਤ੍ਰ ਵੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਲਈ ਨਿਸਤਾਰੇ ਦੇ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ" (ਮਰਕੁਸ 10:45)। ਯਿਸੂ ਸਾਨੂੰ ਵਿਖਾਉਂਦਾ ਹੈ ਕਿ ਸੱਚੀ ਅਗਵਾਈ ਦੇ ਵਿੱਚ ਸੇਵਾ ਸ਼ਾਮਿਲ ਹੁੰਦੀ ਹੈ। ਯਿਸੂ ਨੇ ਆਪਣੇ ਆਪ ਨੂੰ ਨੀਵਿਆਂ ਕੀਤਾ, ਅਤੇ ਦਾਸ ਦਾ ਰੂਪ ਧਾਰਿਆ (ਫਿਲਿੱਪੀਆਂ 2:7)।

► ਪੜ੍ਹੋ ਯੂਹੰਨਾ 13:1-20.

---

[22] Ajith Fernando, *Jesus Driven Ministry* (Wheaton, Illinois: Crossway Books, 2002), 133

ਇੰਜੀਲਾਂ ਦੇ ਵਿੱਚ ਅਜਿਹੇ ਬਹੁਤ ਸਾਰੇ ਸਥਾਨ ਹਨ ਜਿੱਥੇ ਅਸੀਂ ਯਿਸੂ ਦੀ ਦਾਸ ਵਾਲੀ ਅਗਵਾਈ ਦੇ ਨਮੂਨੇ ਨੂੰ ਵੇਖ ਸਕਦੇ ਹਾਂ, ਪਰ ਇਸਦੀ ਇੱਕ ਸਭ ਤੋਂ ਸ਼ਕਤੀਸ਼ਾਲੀ ਉਦਾਹਰਨ ਉਹ ਹੈ ਜਿੱਥੇ ਯਿਸੂ ਆਪਣੇ ਚੇਲਿਆਂ ਦੇ ਪੈਰ ਧੋਂਦਾ ਹੈ। ਇਸ ਪ੍ਰਕਾਰ, ਯਿਸੂ ਵਿਖਾਉਂਦਾ ਹੈ ਕਿ ਦਾਸ ਬਣਨ ਦਾ ਕੀ ਅਰਥ ਹੈ।

ਕੁਝ ਲੋਕ ਯਿਸੂ ਦੁਆਰਾ ਅਖੀਰੀ ਭੋਜ ਤੇ ਕੀਤੇ ਇਸ ਕੰਮ ਦੇ ਨਾਲ ਜੁੜਣ ਦੇ ਲਈ ਕਲੀਸਿਆਵਾਂ ਦੇ ਵਿੱਚ ਪੈਰ-ਧੋਣ ਦੀ ਰਸਮ ਕਰਦੇ ਹਨ। ਇਹ ਇੱਕ ਬਹੁਤ ਹੀ ਸੁੰਦਰ ਸਭਾ ਹੋ ਸਕਦੀ ਹੈ, ਇਹ ਇਹ ਜਾਣਨਾ ਬਹੁਤ ਹੀ ਸ਼ਕਤੀਸ਼ਾਲੀ ਹੈ ਕਿ ਉੱਥੇ ਯਿਸੂ ਨੇ ਕੋਈ ਖਾਸ ਰਮਸ ਪੂਰੀ ਨਹੀਂ ਕੀਤੀ ਸੀ। ਇਸਦੀ ਬਜਾਏ ਉਸਨੇ ਉਹ ਕੰਮ ਕੀਤਾ ਜੋ ਉਸ ਸਮੇਂ ਕਰਨ ਦੀ ਜਰੂਰਤ ਸੀ।

ਯਰੂਸ਼ਲਮ ਦੀਆਂ ਘੱਟੇ ਵਾਲੀਆਂ ਗਲੀਆਂ ਦੇ ਕਾਰਨ ਇੱਕ ਨੌਕਰੀ ਕਰਨ ਵਾਲੇ ਦਾਸ ਦੇ ਲਈ ਖਾਣੇ ਤੇ ਆਉਣ ਵਾਲੇ ਮਹਿਮਾਨਾਂ ਦੇ ਪੈਰ ਧੋਣੇ ਇੱਕ ਰਮਸ ਸੀ। ਇਹ ਇੱਕ ਨੀਵਾਂ ਕੰਮ ਸੀ ਜੋ ਕਿਸੇ ਸਭ ਤੋਂ ਨੀਵੇਂ ਨੌਕਰ ਨੂੰ ਦਿੱਤਾ ਜਾਂਦਾ ਸੀ। ਜਦੋਂ ਯਿਸੂ ਪਸਾਹ ਦਾ ਪਰਬ ਮਨਾਉਣ ਦੇ ਲਈ ਚੇਲਿਆਂ ਦੇ ਨਾਲ ਇਕੱਠਾ ਹੋਇਆ, ਤਾਂ ਉਸ ਕਮਰੇ ਵਿੱਚ ਕੋਈ ਦਾਸ ਨਹੀਂ ਸੀ। ਕੋਈ ਵੀ ਚੇਲ੍ਹਾ ਇਸ ਕੰਮ ਨੂੰ ਕਰਨ ਦੇ ਲਈ ਅੱਗੇ ਨਹੀਂ ਆਇਆ; ਉਹ ਯਿਸੂ ਦੇ ਰਾਜ ਦੇ ਵਿੱਚ ਉੱਚੇ ਅਹੁਦੇ ਦੀ ਉਮੀਦ ਦੇ ਵਿੱਚ ਸਨ। ਯਿਸੂ ਨੇ ਗੋਡੇ ਨਿਵਾਏ ਅਤੇ ਸਭ ਤੋਂ ਨੀਵੇਂ ਨੌਕਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਇਹ ਦ੍ਰਿਸ਼ ਆਗੂਪੁਣੇ ਦੇ ਬਾਰੇ ਯਿਸੂ ਦੇ ਨਜ਼ਰੀਏ ਨੂੰ ਪ੍ਰਗਟ ਕਰਦਾ ਹੈ। ਦੂਸਰੇ ਲੋਕ ਤਾਕਤ ਦੇ ਲਈ ਅਗਵਾਈ ਦੇ ਅਹੁਦੇ ਨੂੰ ਪਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਟੀਚਾ ਸੰਸਥਾ ਦੇ ਵਿੱਚ ਸਭ ਤੋਂ ਉੱਚੇ ਅਹੁਦੇ ਤੇ ਪਹੁੰਚਣਾ ਸੀ। ਯਿਸੂ ਪਹਿਲਾਂ ਤੋਂ ਹੀ ਸਭ ਤੋਂ ਉੱਪਰ ਸੀ; ਉਹ ਚੇਲ੍ਹਿਆਂ ਦਾ ਸੁਆਮੀ ਸੀ। ਪਰ ਉਸਨੇ ਆਪਣੀ ਇੱਛਾ ਦੇ ਨਾਲ ਸਭ ਤੋਂ ਨੀਵਾਂ ਸਥਾਨ ਲੈ ਲਿਆ।

ਮਸੀਹ ਜਿਹਾ ਆਗੂ ਬਣਨ ਦਾ ਇਹੀ ਅਰਥ ਹੈ। ਮਸੀਹ ਜਿਹਾ ਆਗੂ ਅਜਿਹੇ ਕੰਮ ਕਰਦਾ ਹੈ ਜਿਸਨੂੰ ਹੋਰ ਕੋਈ ਨਹੀਂ ਕਰਨਾ ਚਾਹੁੰਦਾ। ਇੱਕ ਮਸੀਹ ਜਿਹਾ ਆਗੂ ਦੂਸਰਿਆਂ ਨੂੰ ਉੱਚੀ ਆਵਾਜ ਦੇ ਹੁਕਮਾਂ ਨਾਲ ਪ੍ਰੇਰਿਤ ਨਹੀਂ ਕਰਦਾ, ਪਰ ਉਹ ਆਪਣੀ ਹਲੀਮ ਸੇਵਾ ਦੇ ਨਾਲ ਅਜਿਹਾ ਕਰਦਾ ਹੈ।

ਇੱਕ ਵਾਰ ਕਿਸੇ ਨੇ ਕਿਹਾ, "ਦਾਸ ਦੀ ਆਤਮਾ ਦੀ ਪ੍ਰੀਖਿਆ ਇਹ ਹੈ 'ਜਦੋਂ ਮੇਰੇ ਨਾਲ ਇੱਕ ਦਾਸ ਵਾਲਾ ਰਵੱਈਆ ਵਰਤਿਆ ਜਾਂਦਾ ਹੈ ਤਾਂ ਮੈਂ ਕਿਵੇਂ ਪ੍ਰਤੀਕਿਰਿਆ ਕਰਦਾ ਹਾਂ?" ਜਦੋਂ ਯਿਸੂ ਦੀ ਉਦਾਹਰਨ ਤੇ ਚੱਲਣ ਵਾਲੇ ਆਗੂ ਨਾਲ ਦਾਸ ਵਾਲਾ ਵਤੀਰਾ ਕੀਤਾ ਜਾਂਦਾ ਹੈ ਤਾਂ ਉਹ ਬੁਰਾ ਨਹੀਂ ਮਨਾਉਂਦਾ। ਇਹ ਨਾ ਭੁੱਲੋ ਕਿ ਯਿਸੂ ਨੇ ਬਾਕੀ ਚੇਲ੍ਹਿਆਂ ਦੇ ਨਾਲ ਯਹੂਦਾਹ ਦੇ ਵੀ ਪੈਰ ਧੋਤੇ ਸਨ। ਕੀ ਤੁਸੀਂ

> "ਤੌਲੀਏ ਅਤੇ ਧੋਣ ਵਾਲੇ ਬਰਤਨ ਦੇ ਸਥਾਨ ਤੇ ਪਰਮੇਸ਼ੁਰ ਦੇ ਲੋਕਾਂ ਵਿੱਚਕਾਰ ਅਗਵਾਈ ਦੇ ਚਿੰਨ੍ਹ ਵੱਜੋਂ ਉੱਚਾ ਮੇਜ਼ ਆ ਚੁੱਕਾ ਹੈ... ਇਹ ਤੌਲੀਆ ਵਾਪਿਸ ਲਿਆਉਣ ਦਾ ਸਮਾਂ ਹੈ।"
>
> -ਸੀ. ਜੇਨੇ ਵਿਲਕਸ

ਹਲੀਮੀ ਦੇ ਨਾਲ ਅਜਿਹੇ ਮਨੁੱਖ ਦੇ ਪੈਰ ਧੋਣ ਦੀ ਕਲਪਨਾ ਕਰ ਸਕਦੇ ਹੋ ਜਿਸਨੇ ਪਹਿਲਾਂ ਤੋਂ ਹੀ ਤੁਹਾਨੂੰ ਧੋਖਾ ਦੇਣ ਦਾ ਮਨ ਬਣਾ ਲਿਆ ਹੈ?

ਜਦੋਂ ਉਹ ਚੇਲ਼ਿਆਂ ਦੇ ਪੈਰ ਧੋ ਚੁੱਕਾ ਤਾਂ ਯਿਸੂ ਨੇ ਇੰਨ੍ਹਾਂ ਅਹੁਦੇ ਭਾਲਣ ਵਾਲੇ ਮਨੁੱਖਾਂ ਨੂੰ ਕਿਹਾ, "ਇਸ ਲਈ ਜੋ ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ (ਯੂਹੰਨਾ 13:15)। ਤੀਹ ਸਾਲਾਂ ਦੇ ਬਾਅਦ ਸ਼ਮਓਨ ਪਤਰਸ ਨੇ ਸ਼ਾਇਦ ਇਹ ਲਿਖਦੇ ਹੋਏ ਯਿਸੂ ਦੀ ਹਲੀਮੀ ਨੂੰ ਯਾਦ ਕੀਤਾ ਹੋਵੇਗਾ, "ਇੱਕ ਦੂਜੇ ਦੀ ਸੇਵਾ ਕਰਨ ਦੇ ਲਈ ਮਨ ਦੀ ਹਲੀਮੀ ਨਾਲ ਲੱਕ ਬੰਨ੍ਹੋ" (1 ਪਤਰਸ 5:5)। ਜਿਵੇਂ ਯਿਸੂ ਨੇ ਦੂਜੇ ਚੇਲ਼ਿਆਂ ਦੀ ਸੇਵਾ ਕਰਨ ਦੇ ਲਈ ਲੱਕ ਬੰਨ੍ਹਿਆ, ਸਾਨੂੰ ਵੀ ਦੂਸਰਿਆਂ ਦੀ ਸੇਵਾ ਕਰਨ ਦੇ ਲਈ ਹਲੀਮੀ ਦੇ ਨਾਲ ਲੱਕ ਬੰਨਣਾ ਚਾਹੀਦਾ ਹੈ।

ਮਸੀਹੀ ਆਗੂਆਂ ਦੇ ਤੌਰ ਤੇ ਅਸੀਂ ਸੇਵਾ ਕਰਨ ਦੇ ਮੌਕਿਆਂ ਦੀ ਭਾਲ ਕਰਨ ਦੀ ਬਜਾਏ ਅਸੀਂ ਅਹੁਦਿਆਂ ਦੇ ਪਿੱਛੇ ਭੱਜਣ ਦੀ ਪ੍ਰੀਖਿਆ ਦੇ ਵਿੱਚ ਪੈ ਸਕਦੇ ਹਾਂ। ਯਿਸੂ ਨੇ ਵਿਖਾਇਆ ਕਿ ਮਸੀਹੀ ਅਗਵਾਈ ਸੇਵਾ ਹੀ ਹੈ।

## ਸਮਾਪਤੀ: ਦੂਸਰੇ ਮਸੀਹੀ ਸੇਵਕਾਂ ਨੂੰ ਤਿਆਰ ਕਰਨ ਦਾ ਮਹੱਤਵ

ਤੁਹਾਡੇ ਜੀਵਨ ਦੇ ਅੰਤ ਵਿੱਚ, ਦੂਸਰੇ ਮਸੀਹੀ ਸੇਵਕਾਂ ਦੇ ਇੱਕ ਆਤਮਿਕ ਸਲਾਹਕਾਰ ਦੇ ਤੌਰ ਤੁਹਾਡੀ ਸੇਵਕਾਈ ਦੀ ਮਹਾਨ ਵਿਰਾਸਤ ਬਣ ਸਕਦਾ ਹੈ। ਜੇਕਰ ਤੁਸੀਂ ਆਪਣੀ ਸੇਵਕਾਈ ਦੇ ਦੌਰਾਨ 12 ਮਸੀਹੀ ਸੇਵਕਾਂ ਦੇ ਆਤਮਿਕ ਸਲਾਹਕਾਰ ਬਣਦੇ ਹੋ, ਤਾਂ ਤੁਹਾਡਾ ਪ੍ਰਭਾਵ ਉਨ੍ਹਾਂ 12 ਦੁਆਰਾ ਤਿਆਰ ਕੀਤੇ ਜਾਣ ਵਾਲੇ ਸੇਵਕਾਂ ਦੁਆਰਾ ਗੁਣਾ ਹੋ ਜਾਂਦਾ ਹੈ।

ਦੁੱਖ ਦੀ ਗੱਲ ਇਹ ਹੈ, ਕਿ ਭਾਵੇਂ ਮਸੀਹੀ ਆਗੂ ਹੋਰ ਸੇਵਕਾਂ ਦੀ ਆਤਮਿਕ ਅਗਵਾਈ ਮਹੱਤਵ ਨੂੰ ਜਾਣਦੇ ਹਨ, ਪਰ ਕੁਝ ਹੀ ਲੋਕ ਦੂਸਰੇ ਸੇਵਕਾਂ ਦੀ ਆਤਮਿਕ ਅਗਵਾਈ ਕਰਦੇ ਹਨ। ਅਸੀਂ ਸੇਵਕਾਈ ਦੇ ਇਸ ਪਹਿਲੂ ਨੂੰ ਕਿਉਂ ਨਕਾਰਦੇ ਹਾਂ?

ਇਸਦਾ ਇੱਕ ਕਾਰਨ ਆਤਮਿਕ ਸਲਾਹਕਾਰ ਹੋਣ ਦੀ **ਕੀਮਤ** ਹੈ। ਆਤਮਿਕ ਸਲਾਹ ਦੇ ਲਈ ਕੀਮਤੀ ਸਮਾਂ ਦੇਣਾ ਪੈਂਦਾ ਹੈ। ਅਸੀਂ ਅਕਸਰ ਵਿਸ਼ਵਾਸ ਕਰਦੇ ਹਾਂ ਕਿ ਨਵੇਂ ਆਗੂਆਂ ਦੀ ਆਤਮਿਕ ਅਗਵਾਈ ਕਰਨ ਵਿੱਚ ਬਿਤਾਇਆ ਜਾਣ ਵਾਲਾ ਸਮਾਂ ਵੱਡਿਆਂ ਸਮੂਹਾਂ ਵਿੱਚ ਵਧੀਆ ਬਿਤਾਇਆ ਜਾ ਸਕਦਾ ਹੈ।

ਇਸਦਾ ਇੱਕ ਹੋਰ ਕਾਰਨ ਉਹ **ਨਿਰਾਸ਼ਾ** ਹੈ ਜੋ ਆਤਮਿਕ ਅਗਵਾਈ ਦੇ ਨਾਲ ਜੁੜੀ ਹੋਈ ਹੈ। ਇਹ ਕਹਿਣਾ ਬਹੁਤ ਚਮਕਦਾਰ ਲੱਗਦਾ ਹੈ ਕਿ, "ਮੈਂ ਅੱਗਲੀ ਪੀੜ੍ਹੀ ਦੇ ਆਗੂਆਂ ਨੂੰ ਸਿਖਲਾਈ ਦੇ ਰਿਹਾ ਹਾਂ।" ਇਸਦੀ ਅਸਲੀਅਤ ਅਕਸਰ ਬਹੁਤ ਘੱਟ ਉਤਸੁਕਤਾ ਵਾਲੀ ਹੁੰਦੀ ਹੈ।

ਬਹੁਤ ਵਾਰ ਯਿਸੂ ਆਪਣੇ ਚੇਲ਼ਿਆਂ ਦੇ ਧੀਮੇ ਵਿਕਾਸ ਦੇ ਪ੍ਰਤੀ ਨਿਰਾਸ਼ ਹੋਇਆ ਹੋਵੇਗਾ। ਯਿਸੂ ਦੇ ਨਾਲ ਤਿੰਨ ਸਾਲ ਬਿਤਾਉਣ ਤੋਂ ਬਾਅਦ ਫਿਲਿਪੁਸ ਦੇ ਪੁੱਛਿਆ, "ਪ੍ਰਭੂ ਜੀ ਪਿਤਾ ਦਾ ਸਾਨੂੰ ਦਰਸ਼ਣ ਕਰਾ ਤਾਂ ਸਾਨੂੰ ਤ੍ਰਿਪਤ ਆਊ" (ਯੂਹੰਨਾ 14:8)। ਯਿਸੂ ਦੁਆਰਾ

5000 ਦੀ ਭੀੜ ਨੂੰ ਖਵਾਉਣ ਦੇ ਕੁਝ ਮਹੀਨਿਆਂ ਦੇ ਬਾਅਦ, ਚੇਲ੍ਹਿਆਂ ਦਾ ਸਾਹਮਣਾ 4000 ਲੋਕਾਂ ਦੀ ਭੀੜ ਨਾਲ ਹੋਇਆ। ਉਨ੍ਹਾਂ ਨੇ ਪੁੱਛਿਆ, "ਇਸ ਉਜਾੜ ਵਿੱਚ ਕੋਈ ਇਨ੍ਹਾਂ ਨੂੰ ਰੋਟੀਆਂ ਨਾਲ ਕਿੱਥੋਂ ਰਜਾ ਸੱਕੇ?" (ਮਰਕੁਸ 8:4)

ਪੌਲੁਸ ਰਸੂਲ ਨੇ ਇਸੇ ਪ੍ਰਕਾਰ ਦੀ ਨਿਰਾਸ਼ਾ ਦਾ ਸਾਹਮਣਾ ਕੀਤਾ। ਯੂਹੰਨਾ ਮਰਕੁਸ ਪਹਿਲੀ ਮਿਸ਼ਨਰੀ ਯਾਤਰਾ ਦੇ ਦੌਰਾਨ ਛੱਡ ਕੇ ਚਲਾ ਗਿਆ (ਰਸੂਲਾਂ ਦੇ ਕਰਤੱਬ 13:13)। ਦੇਮਾਸ ਨੂੰ ਕਈ ਮਹੀਨੇ ਸਿਖਲਾਈ ਦੇਣ ਤੋਂ ਬਾਅਦ, ਪੌਲੁਸ ਨੇ ਇੱਕ ਇਕਾਂਤ ਕੈਦ ਵਿੱਚੋਂ ਲਿਖਿਆ, "ਕਿਉਂ ਜੋ ਦੇਮਾਸ ਨੇ ਇਸ ਵਰਤਮਾਨ ਜੁੱਗ ਨਾਲ ਮੋਹ ਲਾ ਕੇ ਮੈਨੂੰ ਛੱਡ ਦਿੱਤਾ" (2 ਤਿਮੋਥਿਉਸ 4:10)।

ਆਤਮਿਕ ਸਲਾਹਕਾਰੀ ਦੀ ਸੇਵਕਾਈ ਕੀਮਤੀ ਹੈ ਅਤੇ ਇਸ ਵਿੱਚ ਨਿਰਾਸ਼ਾ ਆ ਸਕਦੀ ਹੈ, ਪਰ ਇਹ ਇੱਕ ਆਗੂ ਦੇ ਕੰਮ ਦਾ ਮਹੱਤਵਪੂਰਨ ਹਿੱਸਾ ਹੈ। ਹਰੇਕ ਪਰਿਪੱਕ ਮਸੀਹੀ ਆਗੂ ਨੂੰ ਭਵਿੱਖ ਦੇ ਆਗੂਆਂ ਦੀ ਆਤਮਿਕ ਅਗਵਾਈ ਕਰਨੀ ਚਾਹੀਦੀ ਹੈ। ਇਸਦੇ ਨਾਲ ਹੀ ਹਰੇਕ ਮਸੀਹੀ ਆਗੂ ਦੇ ਕੋਲ ਇੱਕ ਆਤਮਿਕ ਸਲਾਹਕਾਰ ਹੋਣਾ ਚਾਹੀਦਾ ਹੈ ਜੋ ਸੰਘਰਸ਼ ਦੇ ਸਮੇਂ ਸਮਰਥਨ ਕਰ ਸਕੇ।

ਹੋਵਾਰਡ ਹੈਂਡ੍ਰਿਕ ਨੇ ਕਿਹਾ ਕਿ ਹਰੇਕ ਵਿਅਕਤੀ ਨੂੰ ਉਸਦੇ ਜੀਵਨ ਵਿੱਚ ਤਿੰਨ ਲੋਕਾਂ ਦੀ ਜਰੂਰਤ ਹੁੰਦੀ ਹੈ:

1. ਹਰੇਕ ਵਿਅਕਤੀ ਨੂੰ ਇੱਕ ਪੌਲੁਸ ਦੀ ਜਰੂਰਤ ਹੈ, ਇੱਕ ਅਜਿਹਾ ਆਤਮਿਕ ਸਲਾਹਕਾਰ ਜੋ ਤੁਹਾਨੂੰ ਲਗਾਤਾਰ ਵਿਕਾਸ ਦੇ ਲਈ ਚੁਨੌਤੀ ਦਿੰਦਾ ਹੈ।

2. ਹਰੇਕ ਵਿਅਕਤੀ ਨੂੰ ਇੱਕ ਬਰਨਾਬਾਸ ਦੀ ਜਰੂਰਤ ਹੈ, ਇੱਕ ਅਜਿਹਾ ਦੋਸਤ ਜੋ ਤੁਹਾਨੂੰ ਇੰਨਾਂ ਪਿਆਰ ਕਰਦਾ ਹੋਵੇ ਕਿ ਉਹ ਤੁਹਾਡੀਆਂ ਕਮਜ਼ੋਰੀਆਂ ਦੇ ਪ੍ਰਤੀ ਤੁਹਾਡੇ ਨਾਲ ਇਮਾਨਦਾਰ ਹੋਵੇ।

3. ਹਰੇਕ ਵਿਅਕਤੀ ਨੂੰ ਇੱਕ ਤਿਮੋਥਿਉਸ ਦੀ ਜਰੂਰਤ ਹੈ, ਇੱਕ ਨਵਾਂ ਵਿਅਕਤੀ ਜਿਸਦੀ ਤੁਸੀਂ ਮੰਤਵ ਵਿੱਚ ਸਿਖਲਾਈ ਅਤੇ ਅਗਵਾਈ ਕਰ ਸਕੋ।

► ਇਸ ਪਾਠ ਦਾ ਅੰਤ ਅਜਿਹੇ ਪ੍ਰਸ਼ਨ ਪੁੱਛਣ ਨਾਲ ਕਰੋ:

- "ਮੇਰਾ ਪੌਲੁਸ ਕੌਣ ਹੈ*?"*
- ਮੇਰਾ ਬਰਨਾਬਾਸ ਕੌਣ ਹੈ*?"*
- ਮੇਰਾ ਤਿਮੋਥਿਉਸ ਕੌਣ ਹੈ*?"*

## ਪਾਠ 3 ਅਸਾਇਨਮੈਂਟ

(1) ਹੇਠਾਂ ਦਿੱਤੇ ਟੇਬਲ ਦੇ ਵਿੱਚ, ਅਜਿਹੇ ਚਾਰ ਸਮਿਆਂ ਦੀ ਸੂਚੀ ਬਣਾਉ ਜਦੋਂ ਚੇਲ੍ਹਿਆਂ ਨੇ ਯਿਸੂ ਦੀ ਸੇਵਕਾਈ ਨੂੰ ਵੇਖਿਆ। ਉਨ੍ਹਾਂ ਗੱਲਾਂ ਬਾਰੇ ਲਿਖੋ ਜੋ ਚੇਲ੍ਹਿਆਂ ਦੇ ਯਿਸੂ ਦੀ ਸੇਵਕਾਈ ਵੇਖਣ ਦੁਆਰਾ ਸਿੱਖਿਆ।

(2) ਅਜਿਹੇ ਦੋ ਜਾਂ ਤਿੰਨ ਲੋਕਾਂ ਦੀ ਸੂਚੀ ਬਣਾਉ ਜਿੰਨ੍ਹਾਂ ਦੀ ਤੁਸੀਂ ਭਵਿੱਖ ਦੇ ਵਿੱਚ ਅਗਵਾਈ ਕਰ ਸਕਦੇ ਹੋ। ਇੱਕ ਛੋਟਾ ਪੈਰਾਗ੍ਰਾਫ ਲਿਖੋ ਜਿਸਦੇ ਵਿੱਚ ਤੁਸੀਂ ਦੋ ਪ੍ਰਸ਼ਨਾਂ ਦਾ ਉੱਤਰ ਦਿਓਗੇ:

- ਜਿਸ ਵਿਅਕਤੀ ਦੀ ਮੈਂ ਆਤਮਿਕ ਅਗਵਾਈ ਕਰਦਾ ਹੈ ਉਸ ਵਿੱਚ ਮੈਂ ਕਿਹੜੀਆਂ ਯੋਗਤਾਵਾਂ ਵੇਖਣੀਆਂ ਚਾਹੁੰਦਾ ਹਾਂ?
- ਜਿਸ ਵਿਅਕਤੀ ਦੀ ਮੈਂ ਆਤਮਿਕ ਅਗਵਾਈ ਕਰਦਾ ਹੈ, ਮੈਂ ਕੀ ਚਾਹੁੰਦਾ ਹਾਂ ਕਿ ਪਰਮੇਸ਼ੁਰ ਉਸਦੇ ਦੁਆਰਾ ਪ੍ਰਾਪਤੀ ਕਰੇ? (ਖਾਸ ਤੌਰ ਤੇ ਲਿਖੋ)

ਜਿੰਨ੍ਹਾਂ ਦੇ ਨਾਮ ਤੁਸੀਂ ਲਿਖਦੇ ਹੋ ਉਨ੍ਹਾਂ ਦੀ ਆਤਮਿਕ ਅਗਵਾਈ ਕਰਨ ਦੇ ਲਈ ਕਦਮ ਚੁੱਕੋ। ਪਰਮੇਸ਼ੁਰ ਤੋਂ ਪੁੱਛੋ ਕੀ ਤੁਸੀਂ ਉਨ੍ਹਾਂ ਨੂੰ ਸੇਵਕਾਈ ਦੇ ਮੌਕਿਆਂ ਲਈ ਕਿਵੇਂ ਤਿਆਰ ਕਰ ਸਕਦੇ ਹੋ।

| ਘਟਨਾ | ਵਚਨ | ਚੇਲ੍ਹਿਆਂ ਦੇ ਲਈ ਸਬਕ |
|---|---|---|
| ਯਿਸੂ ਭੂਤੇ ਚਿੰਬੜੇ ਹੋਏ ਮੁੰਡੇ ਨੂੰ ਚੰਗਾ ਕਰਦਾ ਹੈ | ਮੱਤੀ 17:14-21 | ਵਿਸ਼ਵਾਸ ਦੀ ਸ਼ਕਤੀ |
| | | |
| | | |
| | | |
| | | |

# ਪਾਠ 4

# ਯਿਸੂ ਦੀ ਤਰ੍ਹਾਂ ਸਿਖਾਉਣਾ

## ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਉਨਾਂ ਯੋਗਤਾਵਾਂ ਨੂੰ ਪਹਿਚਾਣਨਾ ਜਿੰਨਾਂ ਦਾ ਯਿਸੂ ਨੂੰ ਮਹਾਨ ਸਿੱਖਿਅਕ ਬਣਾਇਆ।

(2) ਇੱਕ ਸਿੱਖਿਅਕ ਦੇ ਰੂਪ ਵਿੱਚ ਵਿਕਸਿਤ ਹੋਣ ਦੀ ਅਭਿਆਸਿਕ ਵਿਧੀਆਂ ਨੂੰ ਸਿੱਖਣਾ।

(3) ਅਜਿਹੇ ਅਸਾਇਨਮੈਂਟ ਤਿਆਰ ਕਰਨੇ ਜੋ ਵਿਦਿਆਰਥੀ ਦੀ ਕਲਾਸ ਦੇ ਤਿਆਰੀ ਨੂੰ ਵਿਕਸਿਤ ਕਰਨ।

## ਸੇਵਕਾਈ ਦੇ ਲਈ ਸਿਧਾਂਤ

ਜਦੋਂ ਉਹ ਪੂਰੀ ਤਰ੍ਹਾਂ ਸਿਖ ਜਾਂਦੇ ਹਨ, ਸਾਡੇ ਵਿਦਿਆਰਥੀ ਆਪਣੇ ਸਿੱਖਿਅਕ ਦੀ ਤਰ੍ਹਾਂ ਬਣ ਜਾਂਦੇ ਹਨ।

## ਜਾਣ-ਪਛਾਣ

► ਇਸ ਪਾਠ ਦੇ ਵਿੱਚ ਕੋਈ ਅਸਾਇਨਮੈਂਟ ਸ਼ਾਮਿਲ ਨਹੀਂ ਹਨ। ਪਰ ਸਾਰੇ ਪਾਠ ਦੇ ਦੌਰਾਨ ਛੋਟੇ-ਛੋਟੇ ਅਸਾਇਨਮੈਂਟ ਸ਼ਾਮਿਲ ਕੀਤੇ ਗਏ ਹਨ ਜੋ "ਪਾਠ ਦਾ ਅਭਿਆਸ ਕਰੋ" ਵਿਸ਼ੇ ਦੇ ਅਧੀਨ ਆਉਂਦੇ ਹਨ। ਇੰਨਾਂ ਵਿੱਚੋਂ ਕੁਝ ਦੇ ਵਿੱਚ ਲਿਖਣਾ ਅਤੇ ਅਭਿਆਸਕ ਕੰਮ ਕਰਨੇ ਪੈਣਗੇ। ਬਾਕੀ ਦੇ ਸਿਰਫ਼ ਸੋਚਣ ਅਤੇ ਚਰਚਾ ਕਰਨ ਵਾਲੇ ਅਸਾਇਨਮੈਂਟ ਹਨ। ਜਿਵੇਂ-ਜਿਵੇਂ ਤੁਸੀਂ ਪਾਠ ਦੀ ਸਮੱਗਰੀ ਨੂੰ ਸਿੱਖਦੇ ਹੋ ਇਸ ਦੇ ਨਾਲ ਹਰੇਕ ਅਸਾਇਨਮੈਂਟ ਕਰੋ।

ਸਿੱਖਿਆ ਦੀ ਸ਼ਕਤੀ ਦੇ ਬਾਰੇ ਇੱਕ ਬਹੁਤ ਹੀ ਡੂੰਘਾ ਬਿਆਨ ਯਿਸੂ ਤੋਂ ਮਿਲਿਆ ਹੈ। "ਚੇਲਾ ਗੁਰੂ ਨਾਲੋਂ ਵੱਡਾ ਨਹੀਂ ਪਰ ਹਰੇਕ ਜਦ ਪੂਰਾ ਹੋ ਗਿਆ ਤਦ ਆਪਣੇ ਗੁਰੂ ਵਰਗਾ ਹੋਵੇਗਾ" (ਲੂਕਾ 6:40)। ਯਿਸੂ ਜਾਣਦਾ ਸੀ ਕਿ ਜਦੋਂ ਉਹ ਆਪਣੇ ਚੇਲ੍ਹਿਆਂ ਨੂੰ ਸਿਖਲਾਈ ਦੇ ਦੇਵੇਗਾ, ਤਾਂ ਉਨ੍ਹਾਂ ਵਿੱਚ ਉਸਦੇ ਚਰਿੱਤਰ ਦੀ ਝਲਕ ਨਜ਼ਰ ਆਵੇਗੀ। ਇਸ ਦੇ ਕਾਰਨ, ਯਿਸੂ ਨੇ ਬਹੁਤ ਸਾਰੀ ਊਰਜਾ ਆਪਣੇ ਬਾਰ੍ਹਾਂ ਚੇਲ੍ਹਿਆਂ ਨੂੰ ਸਿਖਾਉਣ ਦੇ ਵਿੱਚ ਲਗਾਈ।

ਕਈ ਕਲੀਸਿਆਵਾਂ ਦੇ ਵਿੱਚ, ਸੰਡੇ ਸਕੂਲ ਦੇ ਸਿੱਖਿਅਕਾਂ ਨੂੰ ਬਿਨਾਂ ਕਿਸੇ ਅਨੁਭਵ ਜਾਂ ਸਿਖਲਾਈ ਦੇ ਇਹ ਕੰਮ ਦੇ ਦਿੱਤਾ ਜਾਂਦਾ ਹੈ। ਨਵੇਂ ਪਰਿਵਰਤਿਤ ਹੋਏ ਲੋਕਾਂ ਅਤੇ ਛੋਟੇ ਬੱਚਿਆਂ ਨੂੰ ਸਿਖਾਉਣ ਦੇ ਬਹੁਤ ਘੱਟ ਹੀ ਯਤਨ ਕੀਤੇ ਜਾਂਦੇ ਹਨ।

ਕਲੀਸਿਆ ਦੇ ਆਗੂਆਂ ਦੇ ਰੂਪ ਵਿੱਚ ਸਾਨੂੰ ਸਿੱਖਿਆ ਨੂੰ ਉਨੀ ਹੀ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ ਜਿੰਨੀ ਯਿਸੂ ਨੇ ਦਿੱਤੀ ਸੀ। ਜੇਕਰ ਵਿਦਿਆਰਥੀ ਆਪਣੇ ਸਿੱਖਿਅਕ ਵਰਗੇ ਹੋ ਜਾਣਗੇ, ਤਾਂ ਫਿਰ ਸਿਖਾਉਣ ਦਾ ਕੰਮ ਬਹੁਤ ਹੀ ਮਹੱਤਵਪੂਰਨ ਹੈ। ਸਾਨੂੰ ਸਿੱਖਿਅਕਾਂ ਨੂੰ ਯਿਸੂ ਦੇ ਨਮੂਨੇ ਤੇ ਚੱਲਣ ਦੀ ਸਿਖਲਾਈ ਦੇਣੀ ਚਾਹੀਦੀ ਹੈ, ਜੋ ਸਾਡਾ ਮੁੱਖ ਸਿੱਖਿਅਕ ਹੈ।

► ਉਨਾਂ ਗੱਲਾਂ ਦੇ ਬਾਰੇ ਸੋਚੋ ਜੋ ਤੁਸੀਂ ਯਿਸੂ ਦੇ ਸਿਖਾਉਣ ਦੀ ਵਿਧੀ ਦੇ ਬਾਰੇ ਪਹਿਲਾਂ ਤੋਂ ਹੀ ਜਾਣਦੇ ਹੋ। ਅਜਿਹੀਆਂ ਤਿੰਨ ਜਾਂ ਚਾਰ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਉ ਜਿੰਨਾਂ ਨੇ ਉਸਨੂੰ ਮਹਾਨ ਸਿੱਖਿਅਕ ਬਣਾਇਆ। ਹੁਣ ਤੁਸੀਂ ਉਸ ਸਭ ਤੋਂ ਉੱਤਮ ਸਿੱਖਿਅਕ ਦੇ ਬਾਰੇ ਸੋਚੋ ਜਿਸ ਤੋਂ ਤੁਸੀਂ ਅਧਿਐਨ ਕੀਤਾ ਹੈ। ਅਜਿਹੀਆਂ ਤਿੰਨ ਜਾਂ ਚਾਰ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਉ ਜਿੰਨਾਂ ਨੇ ਉਸ ਵਿਅਕਤੀ ਨੂੰ ਮਹਾਨ ਸਿੱਖਿਅਕ ਬਣਾਇਆ। ਇੰਨਾਂ ਦੋਨਾਂ ਸੂਚੀਆਂ ਦੇ ਵਿੱਚ ਕਿਹੜੀਆਂ ਵਿਸ਼ੇਸ਼ਤਾਵਾਂ ਮੇਲ ਖਾਂਦੀਆਂ ਹਨ?

## ਮੁੱਖ ਸਿੱਖਿਅਕ ਦਾ ਦਿਲ: ਚਰਿੱਤਰ

ਯਿਸੂ ਦੀ ਸਿੱਖਿਆ ਦੀ **ਸਮੱਗਰੀ** ਸਿੱਖਿਅਕ ਦੇ **ਚਰਿੱਤਰ** ਤੇ ਆਧਾਰਿਤ ਸੀ। ਯਿਸੂ ਦੇ ਦਿਲ ਨੇ ਉਸਦੀ ਸਿੱਖਿਆ ਨੂੰ ਨੀਂਹ ਪ੍ਰਦਾਨ ਕੀਤੀ। ਇੱਕ ਮਹਾਨ ਸਿੱਖਿਅਕ ਦਾ ਦਿਲ ਕਸ ਤਰ੍ਹਾਂ ਦਾ ਹੁੰਦਾ ਹੈ?

### ਯਿਸੂ, ਜੋ ਮੁੱਖ ਸਿੱਖਿਅਕ ਹੈ, ਉਸਨੇ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਨੂੰ ਸਮਝਿਆ

► ਪੜ੍ਹੋ ਲੂਕਾ 4:16-21.

ਸਕੂਲ ਦੇ ਅਧਿਆਪਕ ਹਰੇਕ ਦਿਨ ਦੀ ਕਲਾਸ ਦੇ ਲਈ ਸਬਕਾਂ ਦੀ ਯੋਜਨਾ ਬਣਾਉਂਦੇ ਹਨ। ਸਬਕਾਂ ਦੀ ਯੋਜਨਾ ਵਿਖਾਉਂਦੀ ਹੈ ਕਿ ਸਿੱਖਿਅਕ ਹਰੇਕ ਕਲਾਸ ਵਿੱਚ ਕੀ ਪ੍ਰਾਪਤੀ ਕਰੇਗਾ। ਪਾਠ ਦੀ ਯੋਜਨਾ ਵਿੱਚ ਕੁਝ ਅਜਿਹੀਆਂ ਗੱਲਾਂ ਸ਼ਾਮਿਲ ਹੁੰਦੀਆਂ ਹਨ:

- ਉਦੇਸ਼: ਵਿਦਿਆਰਥੀ ਅੰਸ਼ਾਂ ਨੂੰ ਜੋੜਣਾ ਸਿੱਖਣਗੇ।
- ਕਿਰਿਆ: ਵਿਦਿਆਰਥੀ ਕਲਾਸ ਦੇ ਕੰਮ ਦੀ ਕਿਤਾਬ ਦੇ ਵਿੱਚ ਪੰਨਾ ਨੰਬਰ 89 ਤੇ 1-20 ਦੇ ਵਿੱਚ ਸਮੱਸਿਆਵਾਂ ਹੱਲ ਕਰਨਗੇ।

ਯਿਸੂ ਦੇ ਕੋਲ ਉਸਦੀ ਸੇਵਕਾਈ ਦੇ ਲਈ ਯੋਜਨਾ ਸੀ, ਪਰ ਉਸਦੇ ਸਬਕਾਂ ਦੀ ਯੋਜਨਾ ਕਿਸੇ ਕੰਮ ਕਰਨ ਵਾਲੀ ਕਿਤਾਬ ਦੇ ਉੱਤੇ ਨਹੀਂ ਸਨ। ਇਸਦੀ ਬਜਾਏ, ਯਿਸੂ ਦੇ ਪਾਠ ਉਸਦੇ ਵਿਦਿਆਰਥੀਆਂ ਦੀਆਂ ਜਰੂਰਤਾਂ ਤੇ ਆਧਾਰਿਤ ਸਨ। ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਦੱਸਿਆ ਕਿ ਉਸਨੂੰ ਕਿਹੜੇ ਕੰਮ ਕਰਨ ਦੇ ਲਈ ਭੇਜਿਆ ਗਿਆ ਹੈ:

- ਗ਼ਰੀਬਾਂ ਦੇ ਲਈ ਸ਼ੁਭਸਮਾਚਾਰ ਘੋਸ਼ਿਤ ਕਰਨਾ।
- ਬੰਧੂਆਂ ਦੇ ਲਈ ਛੁਟਕਾਰੇ ਦੀ ਘੋਸ਼ਣਾ ਕਰਨਾ।

- ਅੰਨ੍ਹਿਆਂ ਦੇ ਲਈ ਵੇਖਣ ਦਾ ਪ੍ਰਚਾਰ ਕਰਨਾ।
- ਦੱਬੇ-ਕੁਚਲਿਆਂ ਨੂੰ ਛੁਡਾਉਣਾ
- ਪ੍ਰਭੂ ਦੇ ਮਨਭਾਉਂਦੇ ਸਾਲ ਦੀ ਘੋਸ਼ਣਾ ਕਰਨਾ (ਲੂਕਾ 4:18-19)।

ਯਿਸੂ ਦੇ ਉਦੇਸ਼ਾਂ ਨੇ ਉਸਦੇ ਵਿਦਿਆਰਥੀਆਂ ਦੀਆਂ ਜਰੂਰਤਾਂ ਪੂਰੀਆਂ ਕੀਤੀਆਂ। ਯਿਸੂ ਦੇ ਵਿਦਿਆਰਥੀ ਉਹ ਧਨੀ ਸਦੂਕੀ ਨਹੀਂ ਸਨ ਜਿੰਨ੍ਹਾਂ ਦਾ ਹੈਕਲ ਤੇ ਕਾਬੂ ਸੀ ਅਤੇ ਜੋ ਮਹਾਂ ਸਭਾ ਦੇ ਵਿੱਚ ਰਾਜਨੀਤਿਕ ਸ਼ਕਤੀ ਰੱਖਦੇ ਸਨ। ਉਸਦੇ ਵਿਦਿਆਰਥੀ ਸਾਧਾਰਨ ਯਹੂਦੀ ਸਨ ਜੋ ਰੋਮ ਦੇ ਦੁਆਰਾ ਦਬਾਏ ਹੋਏ ਸਨ। ਉਨ੍ਹਾਂ ਵਿੱਚੋਂ ਕੁਝ ਅੰਨ੍ਹੇ ਅਤੇ ਲੰਗੜੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਗ਼ਰੀਬ ਸਨ ਜੋ ਬਹੁਤ ਜਿਆਦਾ ਕਰ ਦੇ ਕਾਰਨ ਦੁੱਖ ਉਠਾ ਰਹੇ ਸਨ।

ਯਿਸੂ ਦੇ ਪਾਠ ਦੀ ਯੋਜਨਾ ਸਾਧਾਰਨ ਸੀ; ਉਹ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਪੂਰੀਆਂ ਕਰਦਾ ਸੀ। ਉਹ ਬੰਧੂਆਂ ਨੂੰ ਛੁਟਕਾਰਾ ਦਿੰਦਾ ਸੀ। ਉਹ ਅੰਨਿਆਂ ਨੂੰ ਅੱਖਾਂ ਦਿੰਦਾ ਸੀ। ਯਹੂਦੀ ਕਲੰਡਰ ਦੇ ਵਿੱਚ ਪ੍ਰਭੂ ਦਾ ਮਨ ਭਾਉਂਦਾ ਸਾਲ ਜਸ਼ਨ ਮਨਾਉਣ ਦਾ ਸਮਾਂ ਸੀ। ਕਰਜ਼ੇ ਰੱਦ ਕਰ ਦਿੱਤੇ ਜਾਂਦੇ ਸਨ; ਜ਼ਮੀਨ ਇਸਦੇ ਮੂਲ ਪਰਿਵਾਰਾਂ ਨੂੰ ਮੋੜ ਦਿੱਤੀ ਜਾਂਦੀ ਸੀ; ਦਾਸਾਂ ਨੂੰ ਆਜਾਦ ਕਰ ਦਿੱਤਾ ਜਾਂਦਾ ਸੀ। ਯਿਸੂ ਨੇ ਘੋਸ਼ਣਾ ਕੀਤੀ ਕਿ ਉਹ ਪ੍ਰਭੂ ਦੇ ਮਨ ਭਾਉਂਦੇ ਸਾਲ ਨੂੰ ਦੱਬਿਆਂ-ਕੁਚਲਿਆਂ ਦੇ ਲਈ ਲਿਆਉਣ ਆਇਆ ਸੀ।

ਆਪਣੀ ਧਰਤੀ ਤੇ ਸਾਰੀ ਸੇਵਕਾਈ ਦੇ ਦੌਰਾਨ, ਯਿਸੂ ਨੇ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਨੂੰ ਸੰਬੋਧਿਤ ਕੀਤਾ। ਯਿਸੂ ਨੇ ਹਮੇਸ਼ਾਂ ਲੋਕਾਂ ਨੂੰ ਉਹ ਨਹੀਂ ਦਿੱਤਾ ਜੋ ਉਹ ਚਾਹੁੰਦੇ ਸਨ, ਪਰ ਉਸਨੇ ਉਨ੍ਹਾਂ ਨੂੰ ਉਹ ਦਿੱਤਾ ਜਿਸਦੀ ਉਨ੍ਹਾਂ ਨੂੰ ਜਰੂਰਤ ਸੀ। ਸਾਮਰੀ ਇਸਤਰੀ ਪਾਣੀ ਚਾਹੁੰਦੀ ਸੀ; ਪਰ ਉਸਨੂੰ ਛੁਟਕਾਰੇ ਦੀ ਜਰੂਰਤ ਸੀ (ਯੂਹੰਨਾ 4:7-42)। ਪਤਰਸ ਮੱਛੀਆਂ ਫੜਣਾ ਚਾਹੁੰਦਾ ਸੀ; ਉਸਨੂੰ ਇੱਕ ਮਿਸ਼ਨ ਦੀ ਜਰੂਰਤ ਸੀ (ਮੱਤੀ 4:18-22)। ਹਰੇਕ ਹਾਲਾਤ ਦੇ ਵਿੱਚ, ਯਿਸੂ ਨੇ ਆਪਣੇ ਵਿਦਿਆਰਥੀਆਂ ਦੀਆਂ ਡੂੰਘੀਆਂ ਜਰੂਰਤਾਂ ਪੂਰੀਆਂ ਕੀਤੀਆਂ।

► ਪੜ੍ਹੋ ਮਰਕੁਸ 10:17-22.

ਇਸ ਕਹਾਣੀ ਦੇ ਵਿੱਚ ਧਨੀ ਜੁਆਨ ਜੋ ਯਿਸੂ ਦੇ ਕੋਲ ਆਇਆ ਸੀ, ਵਾਰਤਾਕਾਰ ਉਸਦੇ ਬਾਰੇ ਦੱਸਦਾ ਹੈ, "ਯਿਸੂ ਨੇ ਉਸਦੇ ਵੱਲ ਵੇਖ ਕੇ ਉਸਨੂੰ ਪਿਆਰ ਕੀਤਾ।" ਇੱਥੇ *ਵੇਖਣਾ* ਸਬਦ ਸਾਧਾਰਨ ਵੇਖਣ ਨੂੰ ਨਹੀਂ ਦਰਸਾਉਂਦਾ ਹੈ। ਇਸਦਾ ਅਰਥ ਹੈ ਨੇੜਤਾ ਤੋਂ ਵੇਖਣਾ ਅਤੇ ਸਪੱਸ਼ਟ ਤੌਰ ਤੇ ਸਮਝਣਾ। ਯਿਸੂ ਨੇ ਇਸ ਜੁਆਨ ਪੁਰਸ਼ ਦੇ ਦਿਲ ਨੂੰ ਵੇਖਿਆ। ਬਾਕੀਆਂ ਨੇ ਸਿਰਫ਼ ਇੱਕ ਧਨੀ ਜੁਆਨ ਨੂੰ ਵੇਖਿਆ ਹੋਵੇਗਾ; ਯਿਸੂ ਨੇ ਇੱਕ ਭੁੱਖੇ ਦਿਲ ਨੂੰ ਵੇਖਿਆ।

► ਪੜ੍ਹੋ ਮਰਕੁਸ 16:1-8.

ਯਿਸੂ ਦਾ ਇਨਕਾਰ ਕਰਨ ਤੋਂ ਬਾਅਦ ਪਤਰਸ ਦੀ ਸ਼ਰਮਿੰਦਗੀ ਦੀ ਕਲਪਨਾ ਕਰੋ। ਇੱਥੋਂ ਤੱਕ ਕਿ ਜਦੋਂ ਉਸਨੇ ਮੁਰਗੇ ਦੇ ਬਾਂਗ ਦੇਣ ਬਾਰੇ ਸੋਚਿਆ ਹੋਵੇਗਾ ਤਾਂ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਪ੍ਰਸੰਨਤਾ ਵੀ ਇਸ ਘੱਟ ਗਈ ਹੋਵੇਗੀ। ਇਸ ਹਾਲਾਤ ਦੇ ਵਿੱਚ, ਸਵਰਗਦੂਤ ਨੇ ਮਰੀਅਮ ਨੂੰ ਕਿਹਾ, "ਪਰ ਜਾਓ, ਉਹ ਦੇ ਚੇਲਿਆਂ **ਅਤੇ ਪਤਰਸ** ਨੂੰ ਆਖੋ ਜੋ ਉਹ ਤੁਹਾਥੋਂ ਅੱਗੇ ਹੀ ਗਲੀਲ ਨੂੰ ਜਾਂਦਾ ਹੈ। ਤੁਸੀਂ ਉਹ ਨੂੰ ਉੱਥੇ ਵੇਖੋਗੇ ਜਿਵੇਂ ਉਹ ਨੇ ਤੁਹਾਨੂੰ ਆਖਿਆ ਸੀ।" ਯਿਸੂ ਜਾਣਦਾ ਸੀ ਕਿ ਸਾਰੇ ਚੇਲ੍ਹਿਆਂ ਨਾਲੋਂ ਜਿਆਦਾ ਇਹ ਪਤਰਸ ਸੀ ਜਿਸਨੂੰ ਇਸਦੇ ਬਾਰੇ ਪੁਨਰ-ਨਿਸਚਿਤ ਹੋਣ ਦੀ ਲੋੜ ਸੀ। ਬਾਕੀਆਂ ਨੇ ਉਸ ਕਮਜੋਰ ਨੂੰ ਵੇਖਿਆ ਜਿਸਨੇ ਆਪਣੇ ਸੁਆਮੀ ਦਾ ਇਨਕਾਰ ਕੀਤਾ; ਯਿਸੂ ਨੇ ਉਸ ਡਿੱਗੇ ਹੋਏ ਚੇਲੇ ਨੂੰ ਵੇਖਿਆ ਜਿਸਨੂੰ ਮੁੜ-ਬਹਾਲੀ ਦੀ ਜਰੂਰਤ ਸੀ।

ਯਿਸੂ ਸਮਝ ਗਿਆ ਕਿ ਜੇਕਰ ਅਸੀਂ ਆਪਣੇ ਵਿਦਿਆਰਥੀਆਂ ਸਮਝਣ ਤੋਂ ਬਿਨਾਂ ਅਸੀਂ ਉਨ੍ਹਾਂ ਨੂੰ ਸਿਖਾ ਨਹੀਂ ਸਕਦੇ। ਜੇਕਰ ਤੁਸੀਂ ਕਿਸੇ ਵਿਦਿਆਰਥੀ ਦਾ ਦਿਲ ਜਿੱਤਣਾ ਚਾਹੁੰਦੇ ਤਾਂ ਤੁਹਾਨੂੰ ਉਸਦੀ ਤਰ੍ਹਾਂ ਸੋਚਣਾ ਪਵੇਗਾ। ਜਿੰਨ੍ਹਾਂ ਨੂੰ ਤੁਸੀਂ ਸਿਖਾਉਂਦੇ ਹੋ ਤੁਹਾਨੂੰ ਉਨ੍ਹਾਂ ਲੋਕਾਂ ਦੇ ਦਿਲਾਂ ਨੂੰ ਸਮਝਣਾ ਚਾਹੀਦਾ ਹੈ। ਇੱਕ ਸਿੱਖਿਅਕ ਦੇ ਤੌਰ ਤੇ ਤੁਹਾਨੂੰ ਆਪਣੇ ਵਿਸ਼ੇ ਦਾ ਅਧਿਐਨ ਕਰਨਾ ਚਾਹੀਦਾ ਹੈ, ਪਰ ਇਸ ਤੋਂ ਵੀ ਵੱਧ, ਤੁਹਾਨੂੰ ਆਪਣੇ ਵਿਦਿਆਰਥੀਆਂ ਦਾ ਅਧਿਐਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਨੂੰ ਸਮਝਣਾ ਚਾਹੀਦਾ ਹੈ।

**ਪਾਠ ਦਾ ਅਭਿਆਸ ਕਰੋ**

► ਜਿੰਨ੍ਹਾਂ ਨੂੰ ਤੁਸੀਂ ਪੜ੍ਹਾਉਂਦੇ ਹੋ ਉਨ੍ਹਾਂ ਬਾਰੇ ਸੋਚੋ (ਚਾਹੇ ਇਹ ਰਸਮੀ ਜਾਂ ਗੈਰ ਰਸਮੀ)। ਸੰਘਰਸ਼ ਕਰਨ ਵਾਲੇ ਵਿਦਿਆਰਥੀ ਤੇ ਧਿਆਨ ਦਿਓ। ਅਜਿਹੀਆਂ ਗੱਲਾਂ ਦੀ ਸੂਚੀ ਬਣਾਓ ਜਿੰਨਾਂ ਦੁਆਰਾ ਤੁਸੀਂ ਇਸ ਵਿਦਿਆਰਥੀ ਦੀਆਂ ਜਰੂਰਤਾਂ ਦੇ ਪ੍ਰਤੀ ਸੇਵਕਾਈ ਕਰ ਸਕਦੇ ਹੋ।

**ਯਿਸੂ, ਮੁੱਖ ਸਿੱਖਿਅਕ, ਧੀਰਜਵਾਨ**

***ਯਿਸੂ ਆਪਣੇ ਵਿਰੋਧ ਕਰਨ ਵਾਲਿਆਂ ਦੇ ਪ੍ਰਤੀ ਧੀਰਜਵਾਨ ਸੀ।***

► ਪੜ੍ਹੋ ਯੂਹੰਨਾ 6:41-71.

ਇਹ ਕਹਾਣੀ ਯਿਸੂ ਦੇ ਸੇਵਕਾਈ ਦੇ ਇੱਕ ਮਹੱਤਵਪੂਰਨ ਪਰਿਵਰਤਨ ਬਿੰਦੂ ਦੌਰਾਨ ਬੀਤਦੀ ਹੈ। ਪਿੱਛਲੇ ਸਾਲ ਯਿਸੂ ਨੇ ਬਹੁਤ ਸਾਰੀ ਪ੍ਰਸਿੱਧੀ ਦਾ ਅਨੰਦ ਮਾਣਿਆ ਸੀ। ਲੋਕ ਉਸਦੇ ਚਮਤਕਾਰਾਂ ਬਹੁਤ ਅਚੰਭਿਤ ਹੋਏ ਅਤੇ ਉਨ੍ਹਾਂ ਨੇ ਰੋਟੀਆਂ ਅਤੇ ਮੱਛੀਆਂ ਦਾ ਅਨੰਦ ਲਿਆ। ਹੁਣ ਯਿਸੂ ਨੇ ਘੋਸ਼ਣਾ ਕੀਤੀ, "ਮੈਂ ਜੀਵਨ ਦੀ ਰੋਟੀ ਹਾਂ।" ਉਸਨੇ ਅਜਿਹੀਆਂ ਗੱਲਾਂ ਕਹੀਆਂ ਜਿਸ ਨਾਲ ਉਸਦੇ ਸ੍ਰੋਤੇ ਪਰੇਸ਼ਾਨ ਹੋ ਗਏ। "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੇ ਤੁਸੀਂ ਮਨੁੱਖ ਦੇ ਪੁੱਤ੍ਰ ਦਾ ਮਾਸ ਨਾ ਖਾਓ ਅਤੇ ਉਹ ਦਾ ਲਹੂ ਨਾ ਪੀਓ ਤਾਂ ਤੁਹਾਡੇ ਵਿੱਚ ਜੀਉਣ ਨਹੀਂ ਹੈ।" ਇਸਦੇ ਬਾਅਦ ਉਸਦੇ ਬਹੁਤ ਸਾਰੇ ਚੇਲ੍ਹੇ ਪਿੱਛੇ ਹੱਟ ਗਏ ਅਤੇ ਅੱਗੇ ਤੋਂ ਉਸਦੇ ਨਾਲ ਨਹੀਂ ਚੱਲੇ।

ਯਿਸੂ ਨੇ ਇਹ ਜਾਣਦੇ ਹੋਏ ਵੀ ਹਜ਼ਾਰਾਂ ਨੂੰ ਸਿਖਾਇਆ ਕਿ ਉਹ ਉਸਦੀ ਸਿੱਖਿਆ ਨੂੰ ਸਵੀਕਾਰ ਨਹੀਂ ਕਰਨਗੇ। ਉਸਨੇ ਇਹ ਜਾਣਦੇ ਹੋਏ ਵੀ ਬਾਰ੍ਹਾਂ ਨੂੰ ਸਿਖਾਇਆ ਕਿ ਉਨ੍ਹਾਂ ਵਿੱਚੋਂ ਇੱਕ ਸ਼ੈਤਾਨ ਹੈ (ਯੂਹੰਨਾ 6:70)। ਉਹ ਇੱਕ ਧੀਰਜਵਾਨ ਸਿੱਖਿਅਕ ਸੀ।

***ਯਿਸੂ ਉਨ੍ਹਾਂ ਵੀ ਧੀਰਜਵਾਨ ਸੀ ਜੋ ਉਸਨੂੰ ਸਮਝ ਨਹੀਂ ਪਾਉਂਦੇ ਸਨ।***

► ਪੜ੍ਹੋ ਮਰਕੁਸ 8:27-33.

ਯਿਸੂ ਉਨ੍ਹਾਂ ਵਿਦਿਆਰਥੀਆਂ ਦੇ ਨਾਲ ਧੀਰਜਵਾਨ ਸੀ ਜੋ ਸਿੱਖਣ ਦੇ ਵਿੱਚ ਧੀਮੇ ਸਨ। ਧਿਆਨ ਦਿਓ ਕਿ ਇੰਜੀਲਾਂ ਦੇ ਵਿੱਚ ਕਿੰਨੀ ਵਾਰ ਚੇਲ੍ਹਿਆਂ ਦੇ ਸ਼ੱਕ ਅਤੇ ਅੰਨ੍ਹੇਪਨ ਦਾ ਜ਼ਿਕਰ ਕੀਤਾ ਗਿਆ ਹੈ। ਇੱਥੋਂ ਤੱਕ ਕਿ ਜਦੋਂ ਪਤਰਸ ਨੇ ਪਹਿਚਾਣ ਲਿਆ, "ਤੁਸੀਂ ਮਸੀਹ ਹੋ", ਉਸ ਸਮੇਂ ਵੀ ਉਹ ਪੂਰੀ ਤਰ੍ਹਾਂ ਸਮਝ ਨਹੀਂ ਪਾਉਂਦਾ ਕਿ ਇਸਦਾ ਕੀ ਅਰਥ ਹੈ। ਸਿਰਫ਼ ਕੁਝ ਹੀ ਵਚਨਾਂ ਦੇ ਬਾਅਦ ਯਿਸੂ ਪਤਰਸ ਨੂੰ ਉਸਦੇ ਗ਼ਲਤ ਵਿਚਾਰਾਂ ਦੇ ਲਈ ਝਿੜਕਦਾ ਹੈ।

► ਪੜ੍ਹੋ ਯੂਹੰਨਾ 3:1-21.

ਯਿਸੂ ਇੱਕ ਅਜਿਹੇ ਫ਼ਰੀਸੀ ਦੇ ਨਾਲ ਧੀਰਜਵਾਨ ਸੀ ਜਿਸਨੇ ਉਸਦੀ ਸਿੱਖਿਆ ਨੂੰ ਨਹੀਂ ਸਮਝਿਆ। ਜਦੋਂ ਨਿਕੋਦਿਮੁਸ ਉਲਝਣ ਵਿੱਚ ਸੀ, ਤਾਂ ਯਿਸੂ ਨੇ ਹੈਰਾਨ ਹੋ ਕੇ ਪੁੱਛਿਆ, "ਕੀ ਤੂੰ ਇਸਰਾਏਲ ਦਾ ਸਿੱਖਿਅਕ ਹੋ ਕੇ ਵੀ ਇਹ ਗੱਲਾਂ ਨਹੀਂ ਸਮਝਦਾ?" ਨਿਕੋਦਿਮੁਸ ਨੂੰ ਇਹ ਸਮਝ ਜਾਣਾ ਚਾਹੀਦਾ ਸੀ ਹਿਜ਼ਕੀਏਲ ਨੇ ਉਸ ਦਿਨ ਦੇ ਬਾਰੇ ਭਵਿੱਖਬਾਣੀ ਕੀਤੀ ਸੀ ਜਦੋਂ ਇਸਰਾਏਲ ਪਾਣੀ ਅਤੇ ਆਤਮਾ ਤੋਂ ਪੈਦਾ ਹੋਵੇਗਾ। ਪਰ ਉਸਨੂੰ ਛੱਡ ਦੇਣ ਦੀ ਬਜਾਏ, ਯਿਸੂ ਨੇ ਬਹੁਤ ਧੀਰਜ ਦੇ ਨਾਲ ਨਿਕੋਦਿਮੁਸ ਨੂੰ ਇੱਕ ਪਾਠ ਸਿਖਾਇਆ।[23]

ਇੱਥੇ ਇੱਕ ਸਿੱਖਿਅਕ ਦੇ ਧੀਰਜ ਦਾ ਚੰਗਾ ਇਮਤਿਹਾਨ ਹੈ: "ਮੈਂ ਛੱਡ ਦੇਣ ਤੋਂ ਪਹਿਲਾਂ ਇਸ ਪਾਠ ਨੂੰ ਕਿੰਨੀ ਵਾਰ ਸਿਖਾਉਣ ਦਾ ਇਛੁੱਕ ਹਾਂ?" ਯਿਸੂ ਨੇ ਆਪਣੇ ਵਿਦਿਆਰਥੀਆਂ ਨੂੰ ਕਿੰਨੀ ਵਾਰ ਸਿਖਾਇਆ ਅਤੇ ਦੁਬਾਰਾ ਸਿਖਾਇਆ। ਜੇਕਰ ਉਸਨੇ ਵੇਖਿਆ ਕਿ ਵਿਦਿਆਰਥੀ ਉਸਦੀ ਸਿੱਖਿਆ ਨੂੰ ਸਵੀਕਾਰ ਕਰ ਰਹੇ ਹਨ, ਤਾਂ ਯਿਸੂ ਲਗਾਤਾਰ ਉਨ੍ਹਾਂ ਨੂੰ ਸਿਖਾਉਂਦਾ ਰਿਹਾ। ਯਿਸੂ, ਮੁੱਖ ਸਿੱਖਅਕ, ਧੀਰਜਵਾਨ ਸੀ।

---

[23] ਯੂਹੰਨਾ 3:5 ਹਿਜ਼ਕੀਏਲ 36:25-27 ਦੇ ਵਾਇਦੇ ਦੇ ਵੱਲ ਸੰਕੇਤ ਕਰਦਾ ਹੈ। ਹਿਜ਼ਕੀਏਲ ਨੇ ਉਹ ਦਿਨ ਵੇਖਿਆ ਜਦੋਂ ਪਰਮੇਸ਼ੁਰ ਦੇ ਲੋਕ ਪਾਣੀ ਦੇ ਨਾਲ ਸ਼ੁੱਧ ਕੀਤੇ ਜਾਣਗੇ (ਇਹ ਅਸ਼ੁੱਧਤਾ ਅਤੇ ਮੂਰਤੀਆਂ ਤੋਂ ਸਫਾਈ ਹੈ) ਅਤੇ ਉਨ੍ਹਾਂ ਨੂੰ ਇੱਕ ਨਵਾਂ ਆਤਮਾ ਦਿੱਤਾ ਜਾਵੇਗਾ( ਇਹ ਪਰਮੇਸ਼ੁਰ ਦੀ ਬਿਵਸਥਾ ਪੂਰੀ ਕਰਨ ਦੀ ਇੱਛਾ ਪ੍ਰਦਾਨ ਕਰਦਾ ਹੈ)।

### ਪਾਠ ਦਾ ਅਭਿਆਸ ਕਰੋ

► ਕੀ ਤੁਸੀਂ ਆਪਣੇ ਧੀਮੇ ਵਿਦਿਆਰਥੀਆਂ ਨੂੰ ਛੱਡ ਦੇਣ ਦੀ ਪ੍ਰੀਖਿਆ ਵਿੱਚ ਹੋ? ਜਦੋਂ ਉਹ ਤੁਹਾਡੀ ਸਿੱਖਿਆ ਦੇ ਪ੍ਰਤੀ ਪ੍ਰਤੀਕਿਰਿਆ ਨਹੀਂ ਕਰਦੇ ਤਾਂ ਕੀ ਤੁਸੀਂ ਖਿਝ ਜਾਂਦੇ ਹੋ? ਤੁਸੀਂ ਆਪਣੇ ਵਿਦਿਆਰਥੀਆਂ ਦੇ ਲਈ ਮੁੱਖ ਸਿੱਖਿਅਕ ਵਾਲੇ ਧੀਰਜ ਨੂੰ ਕਿਵੇਂ ਵਿਖਾ ਸਕਦੇ ਹੋ?

### ਯਿਸੂ, ਮੁੱਖ ਸਿੱਖਿਅਕ, ਆਪਣੇ ਵਿਦਿਆਰਥੀਆਂ ਨਾਲ ਪਿਆਰ ਕਰਦਾ ਸੀ

► ਪੜ੍ਹੋ ਮਰਕੁਸ 6:30-34.

ਯਿਸੂ ਆਪਣੇ ਚੇਲ੍ਹਿਆਂ ਨੂੰ ਗ਼ਲੀਲ ਦੀ ਝੀਲ ਦੇ ਕਿਨਾਰੇ ਇਕਾਂਤ ਵਿੱਚ ਲੈ ਕੇ ਗਿਆ ਜਿੱਥੇ ਉਹ ਭੀੜ ਅਤੇ ਸੇਵਕਾਈ ਦੇ ਦਬਾਅ ਤੋਂ ਕੁਝ ਆਰਾਮ ਕਰ ਸਕਦੇ ਸਨ। ਹਜ਼ਾਰਾਂ ਲੋਕਾਂ ਨੇ ਉਸਨੂੰ ਜਾਂਦੇ ਹੋਏ ਵੇਖਿਆ ਅਤੇ ਉਹ ਯਿਸੂ ਨੂੰ ਮਿਲਣ ਦੇ ਲਈ ਕਿਨਾਰੇ ਦੇ ਵੱਲ ਦੋੜੇ। ਯਿਸੂ ਨੇ ਕਿਨਾਰੇ ਤੇ 5000 ਪੁਰਸ਼ ਅਤੇ ਉਨ੍ਹਾਂ ਦੇ ਨਾਲ ਔਰਤਾਂ ਅਤੇ ਬੱਚਿਆਂ ਦੀ ਵੱਡੀ ਭੀੜ ਨੂੰ ਵੇਖਿਆ। ਤਾਂ ਉਸ ਨੇ ਨਿੱਕਲ ਕੇ ਇੱਕ ਵੱਡੀ ਭੀੜ ਵੇਖੀ "ਅਰ ਉਨ੍ਹਾਂ ਤੇ ਤਰਸ ਖਾਧਾ ਇਸ ਲਈ ਜੋ ਓਹ ਉਨ੍ਹਾਂ ਭੇਡਾਂ ਵਾਂਙੁ ਸਨ ਜਿਨ੍ਹਾਂ ਦਾ ਅਯਾਲੀ ਨਾ ਹੋਵੇ। ਉਹ ਉਨ੍ਹਾਂ ਨੂੰ ਬਹੁਤ ਗੱਲਾਂ ਦਾ ਉਪਦੇਸ਼ ਦੇਣ ਲੱਗਾ" (ਮਰਕੁਸ 6:34)। ਯਿਸੂ, ਮੁੱਖ ਸਿੱਖਿਅਕ ਨੇ ਸਿਖਾਇਆ ਕਿਉਂਕਿ ਉਹ ਆਪਣੇ ਵਿਦਿਆਰਥੀਆਂ ਨੂੰ ਪਿਆਰ ਕਰਦਾ ਸੀ।

ਇਸ ਪਾਠ ਵਿੱਚ ਅਸੀਂ ਪਹਿਲਾਂ ਉਸ ਧਨੀ ਜੁਆਨ ਦੀ ਕਹਾਣੀ ਨੂੰ ਪੜ੍ਹਿਆ ਜੋ ਦੁਖੀ ਹੋ ਕੇ ਚਲਾ ਗਿਆ ਕਿਉਂਕਿ ਉਹ ਯਿਸੂ ਨੇ ਪਿੱਛੇ ਚੱਲਣ ਦੀ ਕੀਮਤ ਨਹੀਂ ਚੁਕਾਉਣੀ ਚਾਹੁੰਦਾ ਸੀ (ਮਰਕੁਸ 10:17-22)। "ਯਿਸੂ ਨੇ ਉਸਦੇ ਵੱਲ ਵੇਖਿਆ, ਅਤੇ **ਉਸਨੂੰ ਪਿਆਰ ਕੀਤਾ**" (ਮਰਕੁਸ 10:21)। ਮੁੱਖ ਸਿੱਖਿਅਕ ਨੇ ਆਪਣੇ ਵਿਦਿਆਰਥੀਆਂ ਦੇ ਨਾਲ ਪਿਆਰ ਕੀਤਾ, ਅਜਿਹੇ ਵਿਦਿਆਰਥੀ ਦੇ ਨਾਲ ਵੀ ਜੋ ਉਸਨੂੰ ਛੱਡ ਕੇ ਚਲਾ ਗਿਆ।

ਯਿਸੂ ਨੇ ਭੀੜਾਂ, ਵਿਅਕਤੀਆਂ ਅਤੇ ਇੱਥੋਂ ਤੱਕ ਕਿ ਉਨ੍ਹਾਂ ਨੂੰ ਤਰਸ ਨਾਲ ਵੇਖਿਆ ਜਿੰਨ੍ਹਾਂ ਨੇ ਉਸਦਾ ਇਨਕਾਰ ਕੀਤਾ। ਇੱਕ ਪ੍ਰਚਾਰਕ ਨੇ ਆਪਣਾ ਪ੍ਰਚਾਰ ਇਸ ਵਿਸ਼ੇ ਦੇ ਨਾਲ ਕੀਤਾ, "ਯਹੂਦਾਹ, ਅਜਿਹਾ ਚੇਲ੍ਹਾ ਜਿਸਨੂੰ ਯਿਸੂ ਪਿਆਰ ਕਰਦਾ ਸੀ।" ਪ੍ਰਚਾਰਕ ਨੇ ਇਸ ਗੱਲ ਨੂੰ ਸਮਝਿਆ ਕਿ ਯਿਸੂ ਨੇ ਯਹੂਦਾਹ ਨੂੰ ਵੀ ਆਪਣਾ ਪਿਆਰ ਵਿਖਾਇਆ। ਇਹ ਜਾਣਦੇ ਹੋਏ ਵੀ ਕਿ ਯਹੂਦਾਹ ਉਸਨੂੰ ਧੋਖਾ ਦੇਵੇਗਾ, ਯਿਸੂ ਨੇ ਆਪਣੇ ਵਿਦਿਆਰਥੀ ਦੇ ਨਾਲ ਅੰਤ ਤੱਕ ਪਿਆਰ ਕੀਤਾ।

ਸਮੇਂ ਸਿਰ ਆਉਣ ਵਾਲੇ ਵਿਦਿਆਰਥੀ ਨੂੰ ਪਿਆਰ ਕਰਨਾ ਆਸਾਨ ਹੈ, ਜੋ ਸਾਰੇ ਦਿੱਤੇ ਹੋਏ ਕੰਮ ਕਰ ਲੈਂਦਾ ਹੈ ਅਤੇ ਜੋ ਸਿੱਖਣ ਦੇ ਵਿੱਚ ਉਤਸੁਕਤਾ ਵਿਖਾਉਂਦਾ ਹੈ। ਅਜਿਹੇ ਯਹੂਦਾਹ ਨੂੰ ਪਿਆਰ ਕਰਨਾ ਔਖਾ ਹੈ ਜੋ ਸਾਨੂੰ ਧੋਖਾ ਦਿੰਦਾ ਹੈ, ਅਜਿਹਾ ਧਨੀ ਜੁਆਨ ਜੋ

ਪਿੱਠ ਫੇਰ ਕੇ ਚਲਾ ਜਾਂਦਾ ਹੈ, ਅਤੇ ਪਤਰਸ ਜੋ ਸਮਝਣ ਦੇ ਵਿੱਚ ਬਾਰ-ਬਾਰ ਅਸਫਲ ਰਹਿੰਦਾ ਹੈ। ਯਿਸੂ, ਮੁੱਖ ਸਿੱਖਿਅਕ, ਵਿਖਾਉਂਦਾ ਹੈ ਕਿ ਸਾਨੂੰ ਅਜਿਹੇ ਵਿਦਿਆਰਥੀਆਂ ਨਾਲ ਵੀ ਪਿਆਰ ਕਰਨਾ ਚਾਹੀਦਾ ਹੈ ਜੋ ਕਠਿਨ ਹਨ।

**ਪਾਠ ਦਾ ਅਭਿਆਸ ਕਰੋ**

► ਕਿਸੇ ਅਜਿਹੇ ਵਿਦਿਆਰਥੀ ਦੇ ਬਾਰੇ ਸੋਚੋ ਜਿਸਨੂੰ ਪਿਆਰ ਕਰਨਾ ਕਠਿਨ ਹੈ। ਸ਼ਾਇਦ ਇੱਕ ਅਜਿਹਾ ਸਟਾਫ਼ ਮੈਂਬਰ ਜੋ ਤੁਹਾਡੀ ਅਗਵਾਈ ਦਾ ਵਿਰੋਧ ਕਰਦਾ ਹੈ। ਸ਼ਾਇਦ ਇੱਕ ਅਜਿਹਾ ਕਲੀਸਿਆ ਦਾ ਮੈਂਬਰ ਜੋ ਤੁਹਾਡੀ ਆਲੋਚਨਾ ਕਰਦਾ ਹੈ। ਪ੍ਰਾਥਨਾ ਕਰਨੀ ਅਰੰਭ ਕਰੋ, "ਪਰਮੇਸ਼ੁਰ, ਮੈਂ ਇਸ ਵਿਅਕਤੀ ਦੇ ਨਾਲ ਸੰਘਰਸ਼ ਕਰਦਾ ਹਾਂ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਪਿਆਰ ਕਰਦੇ ਹੋ। ਮੇਰੀ ਸਹਾਇਤਾ ਕਰੋ ਕਿ ਮੈਂ ਉਨ੍ਹਾਂ ਨੂੰ ਤੁਹਾਡੀਆਂ ਅੱਖਾਂ ਦੇ ਨਾਲ ਵੇਖ ਸਕਾਂ। ਮੈਨੂੰ ਉਨ੍ਹਾਂ ਦੇ ਨਾਲ ਇੰਝ ਪਿਆਰ ਕਰਨਾ ਸਿਖਾ ਜਿਵੇਂ ਯਿਸੂ ਆਪਣੇ ਵਿਦਿਆਰਥੀਆਂ ਨੂੰ ਪਿਆਰ ਕਰਦਾ ਸੀ।"

## ਮੁੱਖ ਸਿੱਖਿਅਕ ਦੇ ਹੱਥ: ਤਰੀਕੇ

"ਮੁੱਖ ਸਿੱਖਿਅਕ ਦਾ ਦਿਲ" ਵਿੱਚ ਅਸੀਂ ਯਿਸੂ ਦੇ ਚਰਿੱਤਰ ਬਾਰੇ ਵੇਖਿਆ। ਜੋ ਕੁਝ ਵੀ ਯਿਸੂ ਨੇ ਸਿਖਾਇਆ ਉਹ ਸਭ ਉਸਦੇ ਚਰਿੱਤਰ ਦੇ ਨਿਰਭਰ ਸੀ। "ਮੁੱਖ ਸਿੱਖਿਅਕ ਦੇ ਹੱਥ" ਵਿੱਚ ਅਸੀਂ ਉਨ੍ਹਾਂ ਤਰੀਕਿਆਂ ਬਾਰੇ ਵੇਖਾਂਗੇ ਜੋ ਯਿਸੂ ਨੇ ਇਸਤੇਮਾਲ ਕੀਤੇ। ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸਿਖਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਉਸਦੇ ਤਰੀਕੇ ਅਪਨਾਉਣੇ ਚਾਹੀਦੇ ਹਨ।

### ਯਿਸੂ, ਮੁੱਖ ਸਿੱਖਿਅਕ ਨੇ ਆਪਣੇ ਟੀਚਿਆਂ ਦੇ ਬਾਰੇ ਦੱਸਿਆ

► ਪੜ੍ਹੋ ਲੂਕਾ 5:1-11.

ਜਦੋਂ ਯਿਸੂ ਗ਼ਲੀਲ ਦੇ ਸਮੁੰਦਰ ਨੇੜੇ ਸਿਖਾ ਰਿਹਾ ਸੀ, ਤਾਂ ਭੀੜ ਉਸਨੂੰ ਦਬਾਅ ਰਹੀ ਸੀ ਫਿਰ ਉਹ ਸ਼ਮਓਨ ਪਤਰਸ ਦੀ ਬੇੜੀ ਤੇ ਚੜ੍ਹ ਗਿਆ।[24] ਸਿਖਾਉਣ ਦੇ ਬਾਅਦ, ਯਿਸੂ ਸ਼ਮਊਨ ਦੇ ਵੱਲ ਮੁੜਿਆ ਅਤੇ ਕਿਹਾ, "ਭਈ ਡੂੰਘੇ ਪਾਣੀ ਵਿੱਚ ਲੈ ਚੱਲੋ ਅਤੇ ਸ਼ਿਕਾਰ ਲਈ ਆਪਣੇ ਜਾਲ ਪਾਓ" (ਲੂਕਾ 5:4)।

ਸ਼ਮਊਨ ਇੱਕ ਤਜ਼ੁਰਬੇਕਾਰ ਮਛਵਾਰਾ ਸੀ ਜੋ ਬਿਨਾਂ ਕਿਸੇ ਸਫਲਤਾ ਦੇ ਸਾਰੀ ਰਾਤ ਮੱਛੀ ਫੜਣ ਦੇ ਯਤਨਾਂ ਵਿੱਚ ਬਿਤਾ ਚੁੱਕਾ ਸੀ। ਉਹ ਜਾਣਦਾ ਸੀ ਕਿ ਉਸ ਸਮੇਂ ਮੱਛੀ ਫੜਣ ਦੇ ਯਤਨ ਬੇਕਾਰ ਸਨ, ਪਰ ਉਸਨੇ ਯਿਸੂ ਦੇ ਹੁਕਮ ਦੀ ਪਾਲਣਾ ਕੀਤੀ। ਪਤਰਸ

---

[24] ਲੂਕਾ ਦੀ "ਗਨੇਸਤਰ ਦੀ ਝੀਲ" ਯੂਹੰਨਾ ਦੀ "ਤਿਬਰੀਅਸ ਦਾ ਸਾਗਰ" ਮੱਤੀ ਅਤੇ ਮਰਕੁਸ ਦਾ "ਗ਼ਲੀਲ ਸਾਗਰ" ਅਤੇ ਮੂਸਾ ਦਾ "ਕਿੰਨਰਥ ਦੀ ਝੀਲ" (ਗਿਣਤੀ 34:11) ਇਹ ਸਭ ਉਸ ਵੱਡੀ ਝੀਲ ਦੇ ਹਵਾਲੇ ਹਨ ਜੋ ਯਿਸੂ ਦੀ ਸੇਵਕਾਈ ਦੇ ਵਿੱਚ ਬਹੁਤ ਮਹੱਤਵਪੂਰਨ ਹੈ। ਯਿਸੂ ਦੇ ਕਈ ਸਾਰੇ ਚੇਲ੍ਹੇ ਇਸੇ ਝੀਲ ਦੇ ਵਿੱਚ ਮਛਵਾਰੇ ਸਨ ਅਤੇ ਉਸਦੀ ਜਿਆਦਾਤਰ ਸੇਵਕਾਈ ਗ਼ਲੀਲ ਸਾਗਰ ਦੇ ਕੰਢਿਆਂ ਤੇ ਹੀ ਹੋਈ।

ਹੈਰਾਨ ਹੋ ਗਿਆ ਕਿ ਮਛਵਾਰਿਆਂ ਨੇ ਬਹੁਤ ਸਾਰੀਆਂ ਮੱਛੀਆਂ ਫੜੀਆਂ। ਯਿਸੂ ਨੇ ਸ਼ਮਊਨ ਨੂੰ ਕਿਹਾ, "ਏਦੋਂ ਅੱਗੇ ਤੂੰ ਮਨੁੱਖਾਂ ਦਾ ਸ਼ਿਕਾਰੀ ਹੋਂਵੇਗਾ" (ਲੂਕਾ 5:10)।

ਯਿਸੂ ਨੇ ਇੱਕ ਚੰਗੇ ਸਿੱਖਿਅਕ ਦੀ ਤਰ੍ਹਾਂ ਯਿਸੂ ਨੇ ਆਪਣੇ ਟੀਚਿਆਂ ਨੂੰ ਆਪਣੇ ਵਿਦਿਆਰਥੀਆਂ ਦੇ ਅੱਗੇ ਸਪੱਸ਼ਟਤਾ ਨਾਲ ਦੱਸਿਆ। ਪੰਤੇਕੁਸਤ ਦੇ ਦਿਨ, ਪਤਰਸ ਨੇ ਵਿਖਾਇਆ ਕਿ ਉਹ ਉਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਤਿਆਰ ਹੈ ਜੋ ਯਿਸੂ ਨੇ ਉਸਦੇ ਲਈ ਨਿਰਧਾਰਿਤ ਕੀਤੇ ਹਨ।

ਪ੍ਰਭਾਵਸ਼ਾਲੀ ਸਿੱਖਿਅਕ ਆਪਣੇ ਟੀਚਿਆਂ ਦੇ ਬਾਰੇ ਸਿਖਾਉਂਦੇ ਹਨ। ਉਹ ਵਿਦਿਆਰਥੀਆਂ ਨੂੰ ਕਹਿੰਦੇ ਹਨ, "ਤੁਸੀਂ ਅੱਜ ਇਹ ਸਿੱਖੋਗੇ, ਉਹ ਪੁੱਛਦੇ ਹਨ, "ਅੱਜ ਤੁਸੀਂ ਕੀ ਸਿੱਖਿਆ?" ਉਹ ਇਸ ਗੱਲ ਨੂੰ ਪੱਕਿਆਂ ਕਰਦੇ ਹਨ ਕਿ ਵਿਦਿਆਰਥੀ ਵੇਖਣ ਕਿ ਪਾਠ ਦਾ ਟੀਚਾ ਪੂਰਾ ਹੋ ਗਿਆ ਹੈ।

**ਪਾਠ ਦਾ ਅਭਿਆਸ ਕਰੋ**

► ਤੁਹਾਡੇ ਸਿਖਾਉਣ ਦੇ ਅੱਗਲੇ ਮੌਕੇ ਵਿੱਚ, ਬੋਰਡ ਦੇ ਉੱਤੇ ਆਪਣੇ ਪਾਠ ਦੇ ਟੀਚੇ ਬਾਰੇ ਲਿਖੋ ਤਾਂ ਕਿ ਵਿਦਿਆਰਥੀ ਇਸਨੂੰ ਵੇਖ ਸਕਣ। ਇਸ ਗੱਲ ਨੂੰ ਪੱਕਿਆਂ ਕਰੋ ਕਿ ਟੀਚੇ ਸਪੱਸ਼ਟ ਹੋਣ ਅਤੇ ਆਸਾਨੀ ਨਾਲ ਸਮਝ ਆ ਜਾਣ। ਸਿੱਖਿਆ ਦੇ ਸ਼ੁਰੂਆਤ ਵਿੱਚ ਟੀਚੇ ਦੀ ਜਾਣ-ਪਛਾਣ ਕਰਵਾਓ। ਪਾਠ ਦੇ ਅੰਤ ਵਿੱਚ, ਵਿਦਿਆਰਥੀਆਂ ਤੋਂ ਪੁੱਛੋ, "ਕੀ ਅਸੀਂ ਆਪਣੇ ਟੀਚੇ ਨੂੰ ਪੂਰਿਆਂ ਕੀਤਾ?"

**ਯਿਸੂ, ਮੁੱਖ ਸਿੱਖਿਅਕ ਨੇ ਅਭਿਆਸ ਦੇ ਲਈ ਮੌਕੇ ਪ੍ਰਦਾਨ ਕੀਤੇ**

ਪ੍ਰਭਾਵਸ਼ਾਲੀ ਸਿੱਖਿਆ ਜਮਾਤ ਦੇ ਸਿੱਖਿਆ ਵਿਖਿਆਣ ਨਾਲੋਂ ਵੱਧ ਕੇ ਹੈ। ਸੱਚੀ ਸਿੱਖਿਆ ਦੇ ਵਿੱਚ ਲਾਗੂਕਰਨ ਹੁੰਦਾ ਹੈ।

► ਪੜ੍ਹੋ ਲੂਕਾ 10:1-24.

ਇਹ ਚੇਲ੍ਹੇ ਅਜੇ ਪੂਰੀ ਤਰ੍ਹਾਂ ਨਾਲ ਸਿੱਖਿਅਤ ਨਹੀਂ ਹੋਏ ਸਨ, ਪਰ ਯਿਸੂ ਨੇ ਉਨ੍ਹਾਂ ਨੂੰ ਉਨਾਂ ਸਬਕਾਂ ਦਾ ਅਭਿਆਸ ਕਰਨ ਦਿੱਤਾ ਜੋ ਉਹ ਸਿੱਖ ਰਹੇ ਸਨ। ਜਦੋਂ ਚੇਲ੍ਹੇ ਸੇਵਕਾਈ ਦੀ ਯਾਤਰਾ ਤੋਂ ਵਾਪਿਸ ਆਏ, ਉਨ੍ਹਾਂ ਨੇ ਯਿਸੂ ਨੂੰ ਜਾਣਕਾਰੀ ਦਿੱਤੀ। ਉਸਨੇ ਵੇਖਿਆ ਕਿ ਉਨ੍ਹਾਂ ਨੇ ਸਬਕਾਂ ਨੂੰ ਨਹੀਂ ਸਮਝਿਆ ਹੈ, ਇਸ ਲਈ ਉਸਨੇ ਉਨ੍ਹਾਂ ਨੂੰ ਹੋਰ ਜਿਆਦਾ ਹਦਾਇਤਾਂ ਦਿੱਤੀਆਂ। ਉਸਨੇ ਉਨ੍ਹਾਂ ਨੂੰ ਉਤਸ਼ਾਹਿਤ ਵੀ ਕੀਤਾ, "ਧੰਨ ਨੇ ਓਹ ਅੱਖੀਆਂ ਜਿਹੜੀਆਂ ਇਹ ਵੇਖਦੀਆਂ ਹਨ ਜੋ ਤੁਸੀਂ ਵੇਖਦੇ ਹੋ!" (ਲੂਕਾ 10:23) ਯਿਸੂ ਨੇ ਉਨ੍ਹਾਂ ਦੇ ਅਭਿਆਸ ਦਾ ਦਿਸ਼ਾ-ਨਿਰਦੇਸ਼ ਕੀਤਾ।

ਅਭਿਆਸ ਦਾ ਮੌਕਾ ਦੇਣਾ ਹੀ ਕਾਫੀ ਨਹੀਂ ਹੈ; ਅਭਿਆਸ ਦਾ ਮੁਲਾਂਕਣ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਬਾਅਦ ਹੋਰ ਜਿਆਦਾ ਸਿਖਲਾਈ ਹੋਣੀ ਚਾਹੀਦੀ ਹੈ। ਇੱਕ ਪ੍ਰਸਿੱਧ ਕਹਾਵਤ ਹੈ, "ਅਭਿਆਸ ਸੰਪੂਰਨ ਬਣਾਉਂਦਾ ਹੈ।" ਇਹ ਪੂਰੀ ਤਰ੍ਹਾਂ ਨਾਲ ਸੱਚ ਨਹੀਂ

ਹੈ। ਗ਼ਲਤ ਅਭਿਆਸ ਦੇ ਨਾਲ ਸਹੀ ਕੰਮ ਕਰਨ ਦਾ ਨਤੀਜਾ ਨਹੀਂ ਨਿੱਕਲਦਾ ਹੈ। ਇਹ ਕਹਿਣਾ ਬਿਹਤਰ ਹੈ, "**ਦਿਸ਼ਾ-ਨਿਰਦੇਸ਼ ਦੇ ਅਧੀਨ ਕੀਤਾ ਅਭਿਆਸ** ਸੰਪੂਰਨ ਬਣਾਉਂਦਾ ਹੈ।" ਇੱਕ ਪ੍ਰਭਾਵਸ਼ਾਲੀ ਸਿੱਖਿਅਕ ਆਪਣੇ ਵਿਦਿਆਰਥੀਆਂ ਨੂੰ ਅਭਿਆਸ ਕਰਨ ਦਾ ਮੌਕਾ ਦੇਵੇਗਾ, ਵਿਦਿਆਰਥੀਆਂ ਦੇ ਨਾਲ ਅਭਿਆਸ ਦੀ ਸਮੀਖਿਆ ਕਰੇਗਾ, ਅਤੇ ਫਿਰ ਉਨ੍ਹਾਂ ਦਾ ਦਿਸ਼ਾ-ਨਿਰਦੇਸ਼ ਕਰੇਗਾ ਅਤੇ ਉਤਸ਼ਾਹਿਤ ਕਰੇਗਾ।

ਪੌਲੁਸ ਦਿਸ਼ਾ-ਨਿਰਦੇਸ਼ ਦੇ ਅਧੀਨ ਕੀਤੇ ਅਭਿਆਸ ਦਾ ਮਹੱਤਵ ਜਾਣਦਾ ਸੀ। ਉਸਨੇ ਤਿਮੋਥਿਉਸ ਅਤੇ ਤੀਤੁਸ ਨੂੰ ਸਿਖਲਾਈ ਦਿੱਤੀ ਅਤੇ ਫਿਰ ਉਨ੍ਹਾਂ ਨੂੰ ਸੇਵਕਾਈ ਦੇ ਸਥਾਨ ਤੇ ਰੱਖਿਆ। ਫਿਰ ਉਹ ਤਿਮੋਥਿਉਸ ਅਤੇ ਤੀਤੁਸ ਨੂੰ ਲਿਖੀਆਂ ਪਾਸਬਾਨੀ ਪੱਤ੍ਰੀਆਂ ਦੇ ਵਿੱਚ ਉਨ੍ਹਾਂ ਨੂੰ ਅੱਗਲੀਆਂ ਹਦਾਇਤਾਂ ਦਿੰਦਾ ਹੈ। ਜਦੋਂ ਉਸਦੇ ਵਿਦਿਆਰਥੀ ਉਸ ਦੁਆਰਾ ਸਿਖਾਏ ਸਿਧਾਂਤਾਂ ਦਾ ਅਭਿਆਸ ਕਰ ਰਹੇ ਸਨ ਤਾਂ ਉਸਨੇ ਉਨ੍ਹਾਂ ਦਾ ਦਿਸ਼ਾ-ਨਿਰਦੇਸ਼ ਕੀਤਾ।

ਦੱਖਣੀ ਅਫਰੀਕਾ ਦੇ ਇੱਕ ਸਕੂਲ ਵਿੱਚ, ਹਰੇਕ ਵਿਦਿਆਰਥੀ ਨੇ 1 ਕੁਰਿੰਥੀਆਂ 13 ਨੂੰ ਯਾਦ ਕੀਤਾ ਅਤੇ ਕਲਾਸ ਵਿੱਚ ਸੁਣਾਇਆ। ਇੱਕ ਵਿਦਿਆਰਥੀ ਬਹੁਤ ਹਫ਼ਤਿਆਂ ਤੱਕ ਇਸ ਸੌਂਪੇ ਹੋਏ ਕੰਮ ਦੇ ਨਾਲ ਸੰਘਰਸ਼ ਕਰਦਾ ਰਿਹਾ। ਉਸਨੇ ਚੰਗੀ ਤਰ੍ਹਾਂ ਯਾਦ ਨਹੀਂ ਕੀਤਾ ਅਤੇ ਉਹ ਬਾਕੀ ਦੇ ਵਿਦਿਆਰਥੀਆਂ ਦੇ ਸਾਹਮਣੇ ਬਹੁਤ ਸ਼ਰਮ ਮਹਿਸੂਸ ਕਰਦਾ ਸੀ।ਅੰਤ ਦੇ ਵਿੱਚ ਇੱਕ ਦਿਨ ਉਹ ਵਿਦਿਆਰਥੀ ਇਸ ਪੂਰੇ ਅਧਿਆਏ ਨੂੰ ਕਲਾਸ ਦੇ ਸਾਹਮਣੇ ਬੋਲਣ ਵਿੱਚ ਸਫਲ ਹੋ ਗਿਆ।

ਜਿਵੇਂ ਹੀ ਉਸਨੇ ਇਸਨੂੰ ਖ਼ਤਮ ਕੀਤਾ, ਬਾਕੀ ਦੇ ਵਿਦਿਆਰਥੀਆਂ ਨੇ ਇਸ ਬੱਚੇ ਦੀ ਹੌਸਲਾ ਅਫਜਾਈ ਕੀਤੀ। ਕਿਉਂ? ਇਹ ਅਧਿਆਏ ਪਿਆਰ ਦੇ ਬਾਰੇ ਹੈ, ਅਤੇ ਉਨ੍ਹਾਂ ਦੇ ਸਿੱਖਿਅਕ ਨੇ ਵਿਦਿਆਰਥੀਆਂ ਨੂੰ ਸਿਖਾਇਆ ਸੀ ਕਿ ਪਿਆਰ ਦੂਸਰਿਆਂ ਨੂੰ ਉਤਸ਼ਾਹਿਤ ਕਰਦਾ ਹੈ। ਜਦੋਂ ਉਹ ਆਪਣੇ ਜਮਾਤੀ ਨੂੰ ਉਤਸ਼ਾਹਿਤ ਕਰ ਰਹੇ ਸਨ, ਤਾਂ ਇਹ ਵਿਦਿਆਰਥੀ 1 ਕੁਰਿੰਥੀਆਂ 13 ਦੇ ਪਾਠ ਦਾ ਅਭਿਆਸ ਕਰ ਰਹੇ ਸਨ! ਪ੍ਰਭਾਵਸ਼ਾਲੀ ਸਿੱਖਿਅਕ ਆਪਣੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਸਿੱਖਣ ਵਾਲੇ ਸਿਧਾਂਤਾਂ ਦਾ ਅਭਿਆਸ ਕਰਨ।

**ਪਾਠ ਦਾ ਅਭਿਆਸ ਕਰੋ**

► ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਦਾ ਅਭਿਆਸ ਕਰਨ ਦਾ ਮੌਕਾ ਦਿਓ। ਜੇਕਰ ਤੁਸੀਂ ਨਵੇਂ ਪਾਸਬਾਨਾਂ ਨੂੰ ਸਿਖਲਾਈ ਦੇ ਰਹੇ ਹੋ, ਤਾਂ ਉਨ੍ਹਾਂ ਨੂੰ ਪ੍ਰਚਾਰ ਕਰਨ ਦਾ, ਕਿਸੇ ਬਿਮਾਰ ਦੇ ਕੋਲ ਜਾਣ ਦਾ, ਜਾਂ ਕਿਸੇ ਅਵਿਸ਼ਵਾਸੀ ਦੇ ਨਾਲ ਸ਼ੁਭਸਮਾਚਾਰ ਸਾਂਝਾ ਕਰਨ ਦਾ ਮੌਕਾ ਦਿਓ। ਜਦੋਂ ਉਹ ਇਹ ਸਭ ਕਰ ਲੈਂਦੇ ਹਨ, ਉਨ੍ਹਾਂ ਦੀ ਸੇਵਕਾਈ ਦਾ ਮੁਲਾਂਕਣ ਕਰੋ, ਉਨ੍ਹਾਂ ਨੂੰ ਸੁਧਾਰ ਕਰਨ ਦੇ ਲਈ ਸੁਝਾਅ ਦਿਉ, ਅਤੇ ਜਿੰਨਾਂ ਖੇਤਰਾਂ ਦੇ ਵਿੱਚ ਉਹ ਸਫਲ ਰਹੇ ਹਨ ਉਨ੍ਹਾਂ ਨੂੰ ਧਿਆਨ ਵਿੱਚ ਰੱਖ ਕੇ ਉਤਸ਼ਾਹਿਤ ਕਰੋ।

**ਯਿਸੂ, ਮੁੱਖ ਸਿੱਖਿਅਕ, ਲਚੀਲਾ ਸੀ**

ਉਨ੍ਹਾਂ ਬਹੁਤ ਸਾਰੇ ਸਥਾਨਾਂ ਅਤੇ ਹਲਾਤਾਂ ਦੇ ਬਾਰੇ ਸੋਚੋ ਜਿੱਥੇ ਯਿਸੂ ਨੇ ਸਿਖਾਇਆ। ਉਸਨੇ ਸਿਖਾਇਆ:

- ਸਮੁੰਦਰ ਦੇ ਕਿਨਾਰੇ (ਲੂਕਾ 5)
- ਤੂਫਾਨ ਦੇ ਦੌਰਾਨ (ਲੂਕਾ 8:22-25)
- ਇੱਕ ਵਿਦਿਆਰਥੀ ਨੂੰ ਸੰਘਰਸ਼ ਵਿੱਚ ਛੱਡਣ ਦੁਆਰਾ (ਮੱਤੀ 14:25-33)
- ਜਦੋਂ ਉਸਦੇ ਪਾਠ ਵਿੱਚ ਉਸਨੂੰ ਮਿਲਣ ਆਉਣ ਵਾਲਿਆਂ ਦੁਆਰਾ ਰੁਕਾਵਟ ਆਈ (ਮੱਤੀ 12:46-50)
- ਇੱਕ ਸਮੇਂ ਹੈਕਲ ਦੇ ਵਿੱਚ ਜਾਣ ਦੌਰਾਨ (ਮੱਤੀ 24)
- ਜਦੋਂ ਇੱਕ ਵਾਰ ਕਿਸੇ ਨੇ ਉਸਦੇ ਕਲਾਸ ਦੇ ਕਮਰੇ ਦੀ ਛੱਤ ਉਧੇੜ ਦਿੱਤੀ ਸੀ (ਲੂਕਾ 5:18-26)

ਉਨ੍ਹਾਂ ਵਿਦਿਆਰਥੀਆਂ ਦੇ ਬਾਰੇ ਕਲਪਨਾ ਕਰੋ ਜੋ ਲੂਕਾ 5:18-26 ਦੇ ਵਿੱਚ ਹੋਏ ਚਮਤਕਾਰ ਤੋਂ ਬਾਅਦ ਘਰ ਗਏ ਹੋਣਗੇ। ਉਹ ਯਿਸੂ ਦੀ ਸ਼ਕਤੀ ਬਾਰੇ ਸਿੱਖੇ ਇਸ ਪਾਠ ਨੂੰ ਕਦੇ ਭੁੱਲ ਨਹੀਂ ਸਕੇ ਹੋਣਗੇ। ਲੂਕਾ ਲਿਖਦਾ ਹੈ "ਅਤੇ ਓਹ ਸੱਭੇ ਵੱਡੇ ਹੈਰਾਨ ਹੋ ਕੇ ਪਰਮੇਸ਼ੁਰ ਦੀ ਵਡਿਆਈ ਕਰਨ ਲੱਗੇ ਅਰ ਅੱਤ ਭੈਮਾਨ ਹੋ ਕੇ ਬੋਲੇ ਕਿ ਅਸਾਂ ਅੱਜ ਅਚਰਜ ਗੱਲਾਂ ਵੇਖੀਆਂ ਹਨ।" (ਲੂਕਾ 5:26)

ਯਿਸੂ ਇਹ ਜਾਣਨ ਦੇ ਲਈ ਇੰਨਾ ਲਚੀਲਾ ਸੀ ਕਿ ਇੱਕ ਮਹਾਨ ਸਿੱਖਿਅਕ ਵਿਦਿਆਰਥੀਆਂ ਦੇ ਅਜਿਹੇ ਸਿੱਖਣ ਵਾਲੇ ਪਲ ਲੱਭ ਲੈਂਦਾ ਹੈ ਜਦੋਂ ਉਹ ਸਿੱਖਣ ਦੇ ਲਈ ਤਿਆਰ ਹੁੰਦੇ ਹਨ। ਲੂਕਾ ਇਸ ਸਿਧਾਂਤ ਦੀ ਇੱਕ ਉਦਾਹਰਨ ਦਿੰਦਾ ਹੈ "ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਅਰ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇੱਕ ਨੇ ਉਹ ਨੂੰ ਆਖਿਆ, ਪ੍ਰਭੁ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ ਜਿਵੇਂ ਯੂਹੰਨਾ ਨੇ ਭੀ ਆਪਣੇ ਚੇਲਿਆਂ ਨੂੰ ਸਿਖਾਲੀ।" (ਲੂਕਾ 11:1) ਯਿਸੂ ਨੇ ਇੰਨ੍ਹਾਂ ਪਲਾਂ ਦਾ ਇਸਤੇਮਾਲ ਉਨ੍ਹਾਂ ਨੂੰ ਪ੍ਰਾਥਨਾ ਦੇ ਬਾਰੇ ਸਿਖਾਉਣ ਦੇ ਲਈ ਕੀਤਾ।

ਅੱਠ ਸਾਲਾਂ ਦੀ ਅਬੀਗੈਲ ਆਪਣੇ ਪਿਆਨੋ ਦੇ ਪਾਠ ਲਈ ਕਮਰੇ ਵਿੱਚ ਆਈ ਅਤੇ ਉਸਨੇ ਰੋਣਾ ਸ਼ੁਰੂ ਕਰ ਦਿੱਤਾ, "ਅੱਜ ਸਵੇਰੇ ਮੇਰੀ ਬਿੱਲੀ ਮਰ ਗਈ!" ਅਬੀਗੈਲ ਦੀ ਸੰਗੀਤ ਜਾਂ ਪਿਆਨੋ ਤਕਨੀਕ ਸਿੱਖਣ ਵਿੱਚ ਕੋਈ ਰੁਚੀ ਨਹੀਂ ਸੀ। ਪਰ ਉਸਦੇ ਸਿੱਖਿਅਕ ਨੇ ਉਸਨੂੰ ਪਿਆਨੋ ਦੇ ਸੰਗੀਤ ਦਾ ਇੱਕ ਪੀਸ ਦਿੱਤਾ ਜਿਸਦਾ ਨਾਮ ਸੀ "ਮੇਰਾ ਪਿਆਰਾ ਬਲੂੰਗੜਾ", ਅਬੀਗੈਲ ਨੇ ਫੈਸਲਾ ਕੀਤਾ, "ਮੈਂ ਇਸਨੂੰ ਆਪਣੀ ਬਿੱਲੀ ਦੀ ਯਾਦ ਵਿੱਚ ਸਿੱਖਣਾ ਚਾਹੁੰਦੀ ਹਾਂ!"

ਸਿੱਖਿਅਕਾਂ ਦੇ ਤੌਰ ਤੇ, ਸਾਨੂੰ ਆਪਣੇ ਵਿਦਿਆਰਥੀਆਂ ਨੂੰ ਸੁਣਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਹਲਾਤਾਂ ਦੇ ਪ੍ਰਤੀ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ। ਯਿਸੂ, ਮੁੱਖ ਸਿੱਖਿਅਕ ਦੀ ਤਰ੍ਹਾਂ, ਸਾਨੂੰ ਆਪਣੀ ਸਿੱਖਿਆ ਦੇ ਵਿੱਚ ਲਚੀਲੇ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਸਬਕਾਂ ਨੂੰ ਆਪਣੇ ਵਿਦਿਆਰਥੀਆਂ ਦੀਆਂ ਜਰੂਰਤਾਂ ਦੇ ਅਨੁਸਾਰ ਢਾਲਣ ਦੇ ਇਛੁੱਕ ਹੋਣਾ ਚਾਹੀਦਾ ਹੈ।

## ਪਾਠ ਦਾ ਅਭਿਆਸ ਕਰੋ

► ਕੀ ਤੁਸੀਂ ਆਪਣੀ ਸਿੱਖਿਆ ਦੇ ਵਿੱਚ ਲਚੀਲੇ ਹੋ? ਆਪਣੇ ਇੱਕ ਪਾਠ ਨੂੰ ਸਿਖਾਉਣ ਦੇ ਲਈ ਘੱਟ ਤੋਂ ਘੱਟ ਦੋ ਅਲੱਗ ਤਰੀਕਿਆਂ ਬਾਰੇ ਸੋਚੋ। ਜੇਕਰ ਤੁਸੀਂ ਅਕਸਰ ਲੈਕਚਰ ਦਿੰਦੇ ਹੋ, ਤਾਂ ਇੱਕ ਪਾਠ ਦੀ ਯੋਜਨਾ ਚਰਚਾ ਜਾਂ ਬਿਨਾਂ ਲੈਕਚਰ ਵਾਲੀ ਕਿਰਿਆ ਦੇ ਨਾਲ ਬਣਾਓ। ਜੇਕਰ ਤੁਸੀਂ ਅਕਸਰ ਪਾਵਰਪੋਇੰਟ ਜਾਂ ਹੋਰ ਕੋਈ ਤਕਨੀਕ ਵਰਤਦੇ ਹੋ, ਤਾਂ ਬਿਨਾਂ ਕਿਸੇ ਬਿਜ਼ਲੀ ਉਪਕਰਨ ਦੇ ਪਾਠ ਸਿਖਾਉਣ ਦੀ ਯੋਜਨਾ ਬਣਾਉ। ਜੇਕਰ ਤੁਸੀਂ ਕਿਸੇ ਕਲਾਸ ਰੂਮ ਦੇ ਵਿੱਚ ਸਿਖਾਉਂਦੇ ਹੋ, ਤਾਂ ਇੱਕ ਬਾਹਰੀ ਸਿੱਖਿਆ ਦੀ ਯੋਜਨਾ ਬਣਾਓ ਅਤੇ ਇਸ ਵਿੱਚ ਕੁਦਰਤ ਨੂੰ ਸ਼ਾਮਿਲ ਕਰੋ।

## ਯਿਸੂ, ਮੁੱਖ ਸਿੱਖਿਅਕ ਨੇ ਰਚਨਾਤਮਕ ਢੰਗ ਨਾਲ ਵਾਰਤਾਲਾਪ ਕੀਤਾ

ਯਿਸੂ ਨੇ ਕਦੇ ਬੈਠ ਕੇ ਅਜਿਹਾ ਨਹੀਂ ਕਿਹਾ, "ਅੱਜ ਅਸੀਂ ਆਪਣੀ ਕਿਤਾਬ ਦਾ ਪੰਨਾ ਨੰਬਰ 212 ਪੜ੍ਹਾਂਗੇ। ਪਤਰਸ ਤੁਸੀਂ ਸਾਡੇ ਲਈ ਪਹਿਲਾ ਪੈਰਾਗ੍ਰਾਫ ਪੜ੍ਹੋ।" ਇਸਦੀ ਬਜਾਏ ਯਿਸੂ ਨੇ ਵਾਰਤਾਲਾਪ ਕਰਨ ਦੇ ਨਵੇਂ ਤਰੀਕੇ ਲੱਭੇ।

► ਯਿਸੂ ਦੀ ਰਚਨਾਤਮਕ ਸਿੱਖਿਆ ਦੇ ਬਾਰੇ ਇੰਨ੍ਹਾਂ ਸਾਰੇ ਬਿੰਦੂਆਂ ਨੂੰ ਪੜ੍ਹੋ:

- ਲੂਕਾ 6:39-42 ਇੱਕ ਅੰਨ੍ਹਾਂ ਦੂਸਰੇ ਅੰਨ੍ਹੇ ਨੂੰ ਰਾਹ ਵਿਖਾਉਣ ਦੇ ਵਿਅੰਗ ਬਾਰੇ ਸੋਚੋ। ਆਪਣੀ ਅੱਖ ਵਿੱਚ ਇੱਕ ਸ਼ਤੀਰ ਵਾਲੇ ਮਨੁੱਖ ਦੁਆਰਾ ਦੂਸਰੇ ਮਨੁੱਖ ਦੀ ਅੱਖ ਵਿੱਚੋਂ ਕੱਖ ਕੱਢਣ ਦਾ ਯਤਨ ਕਰਨ ਵਾਲੇ ਮਨੁੱਖ ਬਾਰੇ ਕਲਪਨਾ ਕਰੋ।
- ਲੂਕਾ 18:18-30 ਕੀ ਸੰਸਾਰ ਦੇ ਧਨ ਦਾ ਉਪਯੋਗ ਕਰਕੇ ਸਵਰਗ ਦਾ ਦਾਖਲਾ ਪ੍ਰਾਪਤ ਕੀਤਾ ਜਾ ਸਕਦਾ ਹੈ? ਇੱਕ ਸੂਈ ਦੇ ਨੱਕੇ ਵਿੱਚੋਂ ਦੀ ਊਠ ਲੰਘਾਉਣ ਦਾ ਯਤਨ ਕਰਨ ਦੀ ਕਲਪਨਾ ਕਰੋ!
- ਲੂਕਾ 9:46-48 ਯਿਸੂ ਨੇ ਹਲੀਮੀ ਦੀ ਇੱਕ ਸਜੀਵ ਉਦਾਹਰਨ ਦੇਣ ਦੇ ਲਈ ਇੱਕ ਬੱਚੇ ਦਾ ਉਪਯੋਗ ਕੀਤਾ।
- ਲੂਕਾ 15:1-7 ਜਦੋਂ ਕੋਈ ਗੁਆਚੀ ਹੋਈ ਆਤਮਾ ਘਰ ਵਾਪਿਸ ਆਉਂਦੀ ਹੈ ਤਾਂ ਪਰਮੇਸ਼ੁਰ ਕਿਵੇਂ ਪ੍ਰਤੀਕਿਰਿਆ ਕਰਦਾ ਹੈ? ਯਿਸੂ ਨੇ ਭੇਡਾਂ ਦੀ ਕੀਮਤ ਲਈ ਕਿਸਾਨਾਂ ਦੇ ਵੱਲ ਸੰਕੇਤ ਕੀਤਾ।
- ਲੂਕਾ 15:11-32 ਇੱਕ ਪਿਤਾ-ਪੁਰਖਿਆਂ ਤੇ ਆਧਾਰਿਤ ਸਮਾਜ ਦੇ ਲੋਕਾਂ ਨੂੰ ਸਿਖਾਉਂਦੇ ਹੋਏ ਜਿੱਥੇ ਮੁੱਖ ਅਧਿਕਾਰ ਪਿਤਾ ਦੇ ਕੋਲ ਹੁੰਦਾ ਸੀ, ਯਿਸੂ ਨੇ ਇੱਕ ਅਜਿਹਾ ਦ੍ਰਿਸ਼ਟਾਂਤ ਦੱਸਿਆ ਜਿੱਥੇ ਪਿਤਾ ਨੇ ਆਪਣੇ ਬਾਗੀ ਪੁੱਤਰ ਦਾ ਸੁਆਗਤ ਕਰਕੇ ਸਭਨਾਂ ਨੂੰ ਹੈਰਾਨ ਕਰ ਦਿੱਤਾ।

ਯਿਸੂ ਨੇ ਕਦੇ ਹੀ ਕਿਸੇ ਪ੍ਰਸ਼ਨ ਦਾ ਸਿੱਧਾ ਉੱਤਰ ਦਿੱਤਾ। ਇਸਦੀ ਬਜਾਏ, ਉਹ ਇੱਕ ਕਹਾਣੀ ਜਾਂ ਇੱਕ ਹੋਰ ਪ੍ਰਸ਼ਨ ਦੇ ਨਾਲ ਜੁਆਬ ਦਿੰਦਾ ਸੀ। ਲੂਕਾ 10 ਦੇ ਵਿੱਚ ਇੱਕ ਸ਼ਰਾ ਦੇ ਸਿਖਾਉਣ ਵਾਲੇ ਨੇ ਯਿਸੂ ਤੋਂ ਪੁੱਛਿਆ, "ਹੇ ਗੁਰੂ, ਸਦੀਪਕ ਜੀਵਨ ਪਾਉਣ ਦੇ ਲਈ ਮੈਂ ਕੀ ਕਰਾਂ?" ਯਿਸੂ ਨੇ ਉਸਨੂੰ ਨੇਕ ਸਾਮਰੀ ਦੀ ਕਹਾਣੀ ਦੇ ਨਾਲ ਉੱਤਰ ਦਿੱਤਾ (ਲੂਕਾ 10:25-37)।

ਯਿਸੂ ਜਾਣਦਾ ਸੀ ਕਿ ਵੱਡੇ ਪ੍ਰਸ਼ਨ ਕਿਵੇਂ ਪੁੱਛਣੇ ਹਨ। ਯਿਸੂ ਨੇ ਅਜਿਹੇ ਪ੍ਰਸ਼ਨ ਬਹੁਤ ਘੱਟ ਪੁੱਛੇ ਜਿਸਦਾ ਉੱਤਰ "ਹਾਂ" ਜਾਂ "ਨਾਂਹ" ਨਾਲ ਦਿੱਤਾ ਜਾ ਸਕਦਾ ਸੀ। ਇਸਦੀ ਬਜਾਏ, ਉਸਨੇ ਅਜਿਹੇ ਪ੍ਰਸ਼ਨ ਪੁੱਛੇ ਜਿੰਨਾਂ ਨੇ ਸੁਣਨ ਵਾਲੇ ਦੀਆਂ ਅੱਖਾਂ ਨਵੀਆਂ ਸੰਭਾਵਨਾਵਾਂ ਵੇਖਣ ਦੇ ਲਈ ਖੋਲ੍ਹ ਦਿੱਤੀਆਂ।

► ਇੰਨਾਂ ਉਦਾਹਰਨਾਂ ਨੂੰ ਪੜ੍ਹੋ:

- **ਲੂਕਾ 7:36-50** ਜਿਸ ਫ਼ਰੀਸੀ ਨੇ ਉਸਦੀ ਆਲੋਚਨਾ ਕੀਤੀ, ਯਿਸੂ ਨੇ ਉਸ ਤੋਂ ਪੁੱਛਿਆ, "ਕਿਹੜਾ ਵੱਧ ਪਿਆਰ ਕਰੇਗਾ, ਜਿਸਨੂੰ ਜਿਆਦਾ ਮਾਫ਼ ਕੀਤਾ ਗਿਆ ਹੈ ਜਾਂ ਉਹ ਜਿਸਨੂੰ ਘੱਟ ਮਾਫ਼ ਕੀਤਾ ਗਿਆ ਹੈ?"
- **ਮਰਕੁਸ 8:36** ਚੇਲੇ੍ਪਨ ਦੇ ਬਾਰੇ ਸਿਖਾਉਂਦੇ ਹੋਏ ਯਿਸੂ ਨੇ ਪੁੱਛਿਆ, "ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ?"
- **ਲੂਕਾ 6:46** ਜੋ ਲੋਕ ਆਗਿਆਕਾਰੀ ਨਹੀਂ ਕਰਨੀ ਚਾਹੁੰਦੇ ਸਨ, ਯਿਸੂ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਮੈਨੂੰ "ਪ੍ਰਭੂ, ਪ੍ਰਭੂ" ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀ ਕਰਦੇ?"

ਇੰਨਾਂ ਵਿੱਚੋਂ ਕਿਸੇ ਵੀ ਪ੍ਰਸ਼ਨ ਦਾ ਆਸਾਨ ਉੱਤਰ ਨਹੀਂ ਹੈ। ਇੰਨਾਂ ਵਿੱਚੋਂ ਹਰੇਕ ਸਾਨੂੰ ਯਿਸੂ ਦੀ ਸਿੱਖਿਆ ਬਾਰੇ ਗਹਿਰਾਈ ਦੇ ਨਾਲ ਸੋਚਣ ਲਾ ਦਿੰਦਾ ਹੈ।

ਅਜਿਹੇ ਦੋ ਤਰੀਕੇ ਹਨ ਜਿੰਨਾਂ ਕਰਕੇ ਸਿੱਖਿਅਕ ਪ੍ਰਸ਼ਨਾਂ ਨੂੰ ਚੰਗੀ ਤਰ੍ਹਾਂ ਪੁੱਛਣ ਵਿੱਚ ਅਸਫਲ ਹੋ ਜਾਂਦੇ ਹਨ।

1. ਅਸੀਂ ਅਜਿਹੇ ਪ੍ਰਸ਼ਨ ਪੁੱਛਦੇ ਹਾਂ ਜੋ ਬਹੁਤ ਆਸਾਨ ਹਨ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਗਹਿਰਾਈ ਦੇ ਨਾਲ ਸੋਚਣ, ਤਾਂ ਫਿਰ ਸਾਨੂੰ ਅਜਿਹੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ ਜਿੰਨਾਂ ਦੇ ਉੱਤਰ ਹਾਂ ਜਾਂ ਨਾਂਹ ਜਾਂ ਕਿਤਾਬ ਦੇ ਕਿਸੇ ਤੱਥ ਨੂੰ ਵੇਖ ਕੇ ਨਾ ਦਿੱਤਾ ਜਾ ਸਕੇ।

2. ਅਸੀਂ ਉੱਤਰ ਦੇ ਲਈ ਪੂਰੀ ਉਡੀਕ ਨਹੀਂ ਕਰਦੇ। ਖੋਜਕਰਤਾ ਕਹਿੰਦੇ ਹਨ ਕਿ ਜਿਆਦਾਤਰ ਸਿੱਖਿਅਕ ਇੱਕ ਪ੍ਰਸ਼ਨ ਦੇ ਉੱਤਰ ਲਈ ਇੱਕ ਤੋਂ ਦੂਸਰੇ ਵਿਦਿਆਰਥੀ ਦੇ ਜਾਣ ਲਈ ਸਕਿੰਟ ਨਾਲੋਂ ਵੀ ਘੱਟ ਉਡੀਕ ਕਰਦੇ ਹਨ। ਕਿਸੇ ਵਿਦਿਆਰਥੀ ਨੂੰ ਪ੍ਰਸ਼ਨ ਸਮਝਣ ਦੇ ਲਈ ਅਤੇ ਉੱਤਰ ਦੀ ਤਿਆਰੀ ਦਾ ਅਰੰਭ ਕਰਨ ਦੇ ਲਈ ਲਗਭਗ ਤਿੰਨ ਸਕਿੰਟਾਂ ਦਾ ਸਮਾਂ

ਲੱਗਦਾ ਹੈ। ਆਪਣੇ ਪ੍ਰਸ਼ਨਾਂ ਦੇ ਉਪਯੋਗ ਵਿੱਚ ਸੁਧਾਰ ਕਰਨ ਦੇ ਲਈ ਉੱਤਰ ਦੇ ਲਈ ਇੱਕ ਵਿਦਿਆਰਥੀ ਤੋਂ ਦੂਸਰੇ ਵੱਲ ਜਾਣ ਦੇ ਵਿੱਚ 7 ਸਕਿੰਟਾਂ ਦੀ ਉਡੀਕ ਕਰੋ।

### ਪਾਠ ਦਾ ਅਭਿਆਸ ਕਰੋ

► ਕੀ ਤੁਸੀਂ ਆਪਣੀ ਸਿੱਖਿਆ ਦੇ ਵਿੱਚ ਰਚਨਾਤਮਕ ਹੋ? ਗਲਾਤੀਆਂ 6:7-8 ਦੇ ਉੱਤੇ ਇੱਕ ਪਾਠ ਤਿਆਰ ਕਰੋ। ਬੀਜਣ ਅਤੇ ਵੱਢਣ ਦੇ ਬਾਰੇ ਅਜਿਹੇ ਪ੍ਰਸ਼ਨ ਤਿਆਰ ਕਰੋ ਜੋ ਤੁਹਾਡੇ ਵਿਦਿਆਰਥੀਆਂ ਦੀ ਗਹਿਰਾਈ ਦੇ ਨਾਲ ਸੋਚਣ ਦੇ ਵਿੱਚ ਸਹਾਇਤਾ ਕਰਨ। ਜਦੋਂ ਤੁਸੀਂ ਪ੍ਰਸ਼ਨ ਤਿਆਰ ਕਰ ਲੈਂਦੇ ਹੋ ਤਾਂ ਵਧੇਰੇ ਪ੍ਰਸ਼ਨਾਂ ਦੇ ਲਈ ਇਸ ਪੰਨੇ ਤੇ ਸਭ ਤੋਂ ਹੇਠਾਂ ਦਿੱਤੇ ਅਜਿਹੇ ਪ੍ਰਸ਼ਨ ਵੇਖੋ ਜੋ ਤੁਸੀਂ ਪੁੱਛ ਸਕਦੇ ਹੋ।[25]

### ਇੱਕ ਨੇੜੇ ਦੀ ਝਾਤ: ਦ੍ਰਿਸ਼ਟਾਂਤਾਂ ਦਾ ਅਰਥ ਕਰਨਾ

ਦ੍ਰਿਸ਼ਟਾਂਤ ਯਿਸੂ ਦੀ ਸਿੱਖਿਆ ਦੇ ਪਸੰਦੀਦਾ ਤਰੀਕਾ ਸੀ। ਕਿਸੇ ਨੇ ਇੱਕ ਦ੍ਰਿਸ਼ਟਾਂਤ ਦੀ ਇਸ ਪ੍ਰਕਾਰ ਪਰਿਭਾਸ਼ਾ ਦਿੱਤੀ "ਸਵਰਗੀ ਪਾਠ ਵਾਲੀ ਧਰਤੀ ਦੀ ਕਹਾਣੀ।" ਯਿਸੂ ਨੇ ਆਮ ਪੇਂਡੂ ਜੀਵਨ ਦਾ ਉਪਯੋਗ ਕੀਤਾ (ਕਿਸਾਨ, ਚਰਵਾਹੇ ਅਤੇ ਭੇਡਾਂ), ਜਾਣੂ ਲੋਕ (ਸਾਮਰੀ, ਚੁੰਗੀ ਲੈਣ ਵਾਲੇ ਅਤੇ ਫਰੀਸੀ) ਅਤੇ ਜਾਣੂ ਹਾਲਾਤ (ਇੱਕ ਗੁਆਚੀ ਹੋਈ ਭੇਡ, ਇੱਕ ਗੁਆਚਿਆ ਹੋਇਆ ਸਿੱਕਾ, ਅਤੇ ਇੱਕ ਭੱਜਿਆ ਹੋਇਆ ਪੁੱਤਰ) ਤਾਂ ਕਿ ਉਹ ਆਪਣੇ ਵਿਦਿਆਰਥੀਆਂ ਦੀ ਰੁਚੀ ਇਸ ਨਾਲ ਜੋੜ ਸਕੇ।

Shepherds Global Classroom ਕੋਰਸ ਦੇ *ਬਾਈਬਲ ਦੀ ਵਿਆਖਿਆ ਦੇ ਸਿਧਾਂਤ* ਦੇ ਇੱਕ ਹਿੱਸੇ ਵਿੱਚ ਦ੍ਰਿਸ਼ਟਾਂਤਾਂ ਦਾ ਅਰਥ ਕਰਨਾ ਸ਼ਾਮਿਲ ਹੈ। ਇੱਥੇ ਉਸ ਕੋਰਸ ਵਿੱਚ ਸਿਖਾਏ ਜਾਣ ਵਾਲੇ ਸਿਧਾਂਤਾਂ ਦਾ ਸਾਰ ਦਿੱਤਾ ਗਿਆ ਹੈ। ਇੱਕ ਦ੍ਰਿਸ਼ਟਾਂਤ ਦਾ ਅਧਿਐਨ ਕਰਦੇ ਸਮੇਂ ਸਾਨੂੰ ਪੁੱਛਣਾ ਚਾਹੀਦਾ ਹੈ:

#### (1) ਇਸ ਦ੍ਰਿਸ਼ਟਾਂਤ ਦੀ ਪ੍ਰੇਰਨਾ ਕਿਸ ਪ੍ਰਸ਼ਨ ਜਾਂ ਸਥਿਤੀ ਨੇ ਦਿੱਤੀ?

ਨੇਕ ਸਾਮਰੀ ਦਾ ਦ੍ਰਿਸ਼ਟਾਂਤ ਸ਼ਰਾ ਦੇ ਸਿਖਾਉਣ ਵਾਲੇ ਦੇ ਪ੍ਰਸ਼ਨ ਦਾ ਉੱਤਰ ਸੀ, "ਮੇਰਾ ਗੁਆਂਢੀ ਕੌਣ ਹੈ?" ਯਿਸੂ ਦੀ ਕਹਾਣੀ ਉੱਤਰ ਦਿੰਦੀ ਹੈ, "ਮੇਰੇ ਰਾਹ ਵਿੱਚ ਆਉਣ ਵਾਲਾ ਕੋਈ ਵੀ ਜਰੂਰਤਮੰਦ ਮੇਰਾ ਗੁਆਂਢੀ ਅਤੇ ਮੇਰੀ ਜਿੰਮੇਵਾਰੀ ਹੈ" (ਲੂਕਾ 10:36-37).

---

[25] ਗਲਾਤੀਆਂ 6:7-8 ਵਿੱਚ ਬੀਜਣ ਅਤੇ ਵੱਢਣ ਦੇ ਸਿਧਾਂਤ ਬਾਰੇ ਪ੍ਰਸ਼ਨ

ਕੁਦਰਤ ਅਤੇ ਸਮਾਜ ਦੇ ਵਿੱਚ ਅਜਿਹੀਆਂ ਕਿਹੜੀਆਂ ਉਦਾਹਰਨਾਂ ਹਨ ਜੋ ਬੀਜਣ ਅਤੇ ਵੱਢਣ ਦੇ ਸਿਧਾਂਤ ਨੂੰ ਦਰਸਾਉਂਦੀਆਂ ਹਨ?

ਬਾਈਬਲ ਦੇ ਕੁਝ ਅਜਿਹੇ ਪਾਤਰ ਕਿਹੜੇ ਹਨ ਜੋ ਇਸ ਸਿਧਾਂਤ ਨੂੰ ਦਰਸਾਉਂਦੇ ਹਨ?

ਕੀ ਤੁਸੀਂ ਇਸ ਸਿਧਾਂਤ ਦੀ ਕਿਸੇ ਨਿੱਜੀ ਉਦਾਹਰਨ ਬਾਰੇ ਜਾਣਦੇ ਹੋ?

ਕੀ ਤੁਸੀਂ ਆਪਣੀ ਨਿੱਜੀ ਜਿੰਦਗੀ ਵਿੱਚ ਅਜਿਹੇ ਬੀਜ਼ ਬੋ ਰਹੇ ਹੋ ਜੋ ਤੁਸੀਂ ਵੱਢਣੇ ਨਹੀਂ ਚਾਹੁੰਦੇ?

ਯਿਸੂ ਨੇ ਉਜਾੜੂ ਪੁੱਤਰ ਦਾ ਦ੍ਰਿਸ਼ਟਾਂਤ ਉਨ੍ਹਾਂ ਧਾਰਮਿਕ ਆਗੂਆਂ ਨੂੰ ਦਿੱਤਾ ਸੀ ਜੋ ਪਾਪੀਆਂ ਦੇ ਨਾਲ ਉਸਦੀ ਦੋਸਤੀ ਦੀ ਅਲੋਚਨਾ ਕਰ ਰਹੇ ਸਨ। "ਸਭ ਮਸੂਲੀਏ ਅਰ ਪਾਪੀ ਉਹ ਦੀ ਸੁਣਨ ਲਈ ਉਹ ਦੇ ਨੇੜੇ ਆਉਂਦੇ ਸਨ। ਅਤੇ ਫ਼ਰੀਸੀ ਅਰ ਗ੍ਰੰਥੀ ਦੋਵੇਂ ਬੁੜਬੁੜਾ ਕੇ ਬੋਲੇ ਭਈ ਇਹ ਤਾਂ ਪਾਪੀਆਂ ਨੂੰ ਕਬੂਲ ਕਰਦਾ ਹੈ ਅਤੇ ਉਨ੍ਹਾਂ ਨਾਲ ਖਾਂਦਾ ਹੈ। ਤਾਂ ਉਸ ਨੇ ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਦੇ ਕੇ ਆਖਿਆ।" (ਲੂਕਾ 15:1-3)।

- ਇੱਕ ਚਰਵਾਹੇ ਨੇ ਆਪਣੀ ਭੇਡ ਗੁਆ ਦਿੱਤੀ। ਜਦੋਂ ਉਸਨੇ ਉਹ ਨੂੰ ਲੱਭ ਲਿਆ ਤਾਂ ਉਹ ਬਹੁਤ ਪ੍ਰਸੰਨ ਹੋਇਆ!
- ਇੱਕ ਔਰਤ ਨੇ ਆਪਣਾ ਸਿੱਕਾ ਗੁਆ ਦਿੱਤਾ। ਜਦੋਂ ਉਸਨੂੰ ਉਹ ਲੱਭ ਪਿਆ ਤਾਂ ਉਹ ਬਹੁਤ ਪ੍ਰਸੰਨ ਹੋਈ!
- ਇੱਕ ਪਿਤਾ ਆਪਣਾ ਪੁੱਤਰ ਗੁਆ ਦਿੱਤਾ। ਜਦੋਂ ਉਹ ਵਾਪਿਸ ਆਇਆ ਤਾਂ ਉਹ ਬਹੁਤ ਪ੍ਰਸੰਨ ਹੋਇਆ!

ਯਿਸੂ ਨੇ ਦੱਸਿਆ, "ਜਦੋਂ ਮੈਂ ਪਾਪੀਆਂ ਦੇ ਨਾਲ ਖਾਂਦਾ ਹਾਂ ਤਾਂ ਤੁਹਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਜਦੋਂ ਕੋਈ ਪਾਪੀ ਤੌਬਾ ਕਰਦਾ ਹੈ ਤਾਂ ਸਵਰਗ ਵਿੱਚ ਖੁਸ਼ੀ ਮਨਾਈ ਜਾਂਦੀ ਹੈ!"

ਜੇਕਰ ਸਾਡੀ ਵਿਆਖਿਆ ਉਸ ਪ੍ਰਸ਼ਨ ਦਾ ਉੱਤਰ ਨਹੀਂ ਦਿੰਦੀ ਜਾਂ ਉਹ ਹਾਲਾਤ ਨੂੰ ਸੰਬੋਧਿਤ ਨਹੀਂ ਕਰਦੀ ਜਿਸਨੇ ਯਿਸੂ ਦੀ ਕਹਾਣੀ ਨੂੰ ਪ੍ਰੇਰਿਤ ਕੀਤਾ, ਤਾਂ ਫਿਰ ਅਸੀਂ ਦ੍ਰਿਸ਼ਟਾਂਤ ਦੇ ਸਹੀ ਬਿੰਦੂ ਨੂੰ ਪੇਸ਼ ਨਹੀਂ ਕੀਤਾ ਹੈ।

### (2) ਦ੍ਰਿਸ਼ਟਾਂਤ ਦਾ ਮੁੱਢਲਾ ਬਿੰਦੂ (ਜਾਂ ਜਿਆਦਾ ਬਿੰਦੂ) ਕੀ ਹੈ?

ਇੱਕ ਦ੍ਰਿਸ਼ਟਾਂਤ ਦੇ ਵਿੱਚ ਕਹਾਣੀ ਦੇ ਹਰੇਕ ਪਾਤਰ ਦੇ ਲਈ ਇੱਕ ਮੁੱਖ ਬਿੰਦੂ ਹੁੰਦਾ ਹੈ। ਦ੍ਰਿਸ਼ਟਾਂਤ ਦਾ ਮੁੱਢਲਾ ਪਾਠ ਸਿੱਧੇ ਤੌਰ ਤੇ ਉਸ ਪ੍ਰਸ਼ਨ ਜਾਂ ਹਾਲਾਤ ਦੇ ਨਾਲ ਜੁੜਿਆ ਹੋਵੇਗਾ ਜਿਸਨੇ ਦ੍ਰਿਸ਼ਟਾਂਤ ਨੂੰ ਪ੍ਰੇਰਿਤ ਕੀਤਾ ਸੀ। ਬਾਕੀ ਦੇ ਪਾਠ ਉਸ ਕਹਾਣੀ ਦੇ ਪਾਤਰਾਂ ਦੇ ਵਿੱਚੋਂ ਨਿੱਕਲਦੇ ਹਨ।

ਉਜਾੜੂ ਪੁੱਤਰ ਦੀ ਕਹਾਣੀ ਦੇ ਵਿੱਚ ਤਿੰਨ ਪਾਤਰ ਪਾਏ ਜਾਂਦੇ ਹਨ। ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਕਹਾਣੀ ਦਾ ਮੁੱਢਲਾ ਪਾਠ ਇਹ ਹੈ ਕਿ ਜਦੋਂ ਕੋਈ ਪਾਪੀ ਤੌਬਾ ਕਰਦਾ ਹੈ ਤਾਂ ਸਵਰਗ ਵਿੱਚ ਖੁਸ਼ੀ ਮਨਾਈ ਜਾਂਦੀ ਹੈ। ਇਹ ਪਾਠ ਉਸ ਪ੍ਰਸ਼ਨ ਦਾ ਉੱਤਰ ਦਿੰਦਾ ਹੈ ਜਿਸਨੇ ਯਿਸੂ ਦੀ ਕਹਾਣੀ ਨੂੰ ਪ੍ਰੇਰਿਤ ਕੀਤਾ। ਦ੍ਰਿਸ਼ਟਾਂਤ ਦਾ ਹਰੇਕ ਪਾਤਰ ਕਹਾਣੀ ਦੇ ਮੁੱਢਲੇ ਸੰਦੇਸ਼ ਦੇ ਨਾਲ ਜੁੜੇ ਹੋਰ ਪਾਠ ਸਿਖਾ ਸਕਦੇ ਹਨ। ਪਿਤਾ ਸਵਗਰੀ ਪਿਤਾ ਦੇ ਅਦਭੁੱਤ ਪਿਆਰ ਦੇ ਬਾਰੇ ਸਿਖਾਉਂਦਾ ਹੈ। ਉਜਾੜੂ ਪਾਪ ਦੀ ਕੀਮਤ ਅਤੇ ਤੌਬਾ ਦੀ ਸੰਭਾਵਨਾ ਦੋਵਾਂ ਦੇ ਬਾਰੇ ਸਿਖਾਉਂਦਾ ਹੈ। ਵੱਡਾ ਭਰਾ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਅਸੀਂ ਚੰਗੇ ਪੁੱਤਰ ਪ੍ਰਤੀਤ ਹੁੰਦੇ ਹੋਏ ਵੀ ਪਿਤਾ ਦੇ ਪਿਆਰ ਦੇ ਸੁਭਾਗ ਤੋਂ ਵਾਂਝੇ ਰਹਿ ਸਕਦੇ ਹਾਂ।

### (3) ਇੱਕ ਦ੍ਰਿਸ਼ਟਾਂਤ ਦੇ ਲਈ ਕਿਹੜੇ ਸੱਭਿਆਚਾਰਕ ਵੇਰਵੇ ਮਹੱਤਵਪੂਰਨ ਹਨ?

ਯਿਸੂ ਦੇ ਦ੍ਰਿਸ਼ਟਾਂਤ ਅਕਸਰ ਸੱਭਿਆਚਾਰ ਦੇ ਕਾਨੂੰਨਾਂ ਦੇ ਵਿਰੋਧ ਵਿੱਚ ਹੁੰਦੇ ਸਨ। ਇਸੇ ਨੇ ਦ੍ਰਿਸ਼ਟਾਂਤਾਂ ਨੂੰ ਯਾਦਗਾਰ ਬਣਾਇਆ: ਇੱਕ ਪਿਤਾ ਆਪਣੇ ਬਾਗੀ ਪੁੱਤਰ ਦਾ ਸੁਆਗਤ ਕਰਨ ਦੇ ਲਈ ਭੱਜ ਕੇ ਆਉਂਦਾ ਹੈ; ਇੱਕ ਸਾਮਰੀ ਨਾਇਕ ਬਣ ਜਾਂਦਾ ਹੈ; ਇੱਕ ਸ਼ਕਤੀਹੀਨ ਵਿਧਵਾ ਇੱਕ ਸ਼ਕਤੀਸ਼ਾਲੀ ਨਿਆਂਈ ਨੂੰ ਹਰਾ ਦਿੰਦੀ ਹੈ। ਜਿੰਨਾ ਬਿਹਤਰ ਅਸੀਂ ਦ੍ਰਿਸ਼ਟਾਂਤ ਦੇ ਸੱਭਿਆਚਾਰਕ ਮਾਹੌਲ ਨੂੰ ਸਮਝਦੇ ਹਾਂ, ਉਨਾ ਹੀ ਬਿਹਤਰ ਅਸੀਂ ਯਿਸੂ ਦੇ ਸੰਦੇਸ਼ ਨੂੰ ਸਮਝ ਪਾਵਾਂਗੇ।

## ਲਾਗੂਕਰਨ: ਇੱਕ ਸਿੱਖਿਅਕ ਦੇ ਸੱਤ ਨਿਯਮ

ਡਾ. ਹੋਵਾਰਡ ਹੈਂਡ੍ਰਿਕ[26] ਨੇ 60 ਸਾਲਾਂ ਤੋਂ ਜਿਆਦਾ ਡਾਲਸ ਥਿਓਲੋਜੀਕਲ ਸੈਮੀਨਰੀ ਦੇ ਵਿੱਚ ਪੜਾਇਆ। ਉਸਨੇ ਆਪਣੇ ਪੇਸ਼ੇ ਦੇ ਦੌਰਾਨ 10,000 ਵਿਦਿਆਰਥੀਆਂ ਨੂੰ ਸਿਖਾਇਆ। ਉਸਦੀ ਇੱਕ ਬਹੁਤ ਪ੍ਰਭਾਵਸ਼ਾਲੀ ਕਿਤਾਬ ਇੱਕ ਛੋਟੀ ਜਿਹੀ ਕਿਤਾਬ ਹੈ ਜਿਸਦੇ ਵਿੱਚ ਉਸਦੇ ਫਲਸਫੇ ਨੂੰ "ਇੱਕ ਸਿੱਖਿਅਕ ਦੇ ਸੱਤ ਨਿਯਮਾਂ" ਵਿੱਚ ਸੰਖੇਪ ਨਾਲ ਦੱਸਿਆ ਗਿਆ ਹੈ। ਇਹ ਨਿਯਮ ਯਿਸੂ ਦੀ ਸਿੱਖਿਆ ਸ਼ੈਲੀ ਤੇ ਆਧਾਰਿਤ ਹਨ। ਜਿਵੇਂ ਤੁਸੀਂ ਇੰਨਾਂ ਸਿਧਾਂਤਾਂ ਨੂੰ ਲਾਗੂ ਕਰੋਗੇ ਤਾਂ ਤੁਸੀਂ ਹੋਰ ਜਿਆਦਾ ਪ੍ਰਭਾਵਸ਼ਾਲੀ ਸਿੱਖਿਅਕ ਬਣ ਜਾਓਗੇ।

### ਸਿੱਖਿਅਕ ਦਾ ਨਿਯਮ

*ਸਿੱਖਿਅਕ ਦਾ ਨਿਯਮ*: ਜੇਕਰ ਤੁਸੀਂ ਅੱਜ ਵਧਣਾ ਬੰਦ ਕਰ ਦੇਵੋਗੇ, ਤੁਸੀਂ ਕੱਲ ਨੂੰ ਸਿਖਾਉਣਾ ਬੰਦ ਕਰ ਦੇਵੋਗੇ।

ਡਾ. ਹੈਂਡ੍ਰਿਕ ਪੁੱਛਦਾ ਹੈ, "ਕੀ ਤੁਸੀਂ ਇੱਕ ਫਾਲਤੂ ਤਲਾਬ ਤੋਂ ਪੀਣਾ ਚਾਹੋਗੇ ਜਾਂ ਵੱਗਦੇ ਹੋਏ ਸੋਤੇ ਤੋਂ?" ਵੱਗਦੇ ਹੋਏ ਸੋਤੇ ਦਾ ਤਾਜ਼ਾ ਪਾਣੀ ਅਜਿਹੇ ਪਾਣੀ ਨਾਲੋਂ ਬਿਹਤਰ ਜੋ ਬਦਬੂਦਾਰ ਅਤੇ ਬਿਨਾਂ ਆਕਰਸ਼ਨ ਵਾਲਾ ਹੈ।

ਕੁਝ ਸਿੱਖਿਅਕ ਕਈ ਸਾਲਾਂ ਤੱਕ ਆਪਣੇ ਵਿਸ਼ੇ ਤੇ ਕੋਈ ਨਵੀਂ ਕਿਤਾਬ ਨਹੀਂ ਪੜਦੇ ਜਾਂ ਕਿਸੇ ਨਵੇਂ ਵਿਚਾਰ ਨੂੰ ਪ੍ਰਾਪਤ ਨਹੀਂ ਕਰਦੇ। ਉਨ੍ਹਾਂ ਦੀ ਸਿੱਖਿਆ ਬਦਬੂਦਾਰ ਅਤੇ ਰੁਕੇ ਹੋਏ ਤਲਾਬ ਵਰਗੀ ਬਣ ਜਾਂਦੀ ਹੈ। ਸਿੱਖਿਅਕਾਂ ਦੇ ਰੂਪ ਵਿੱਚ ਸਾਨੂੰ ਸਦਾ ਸਿੱਖਦੇ ਰਹਿਣਾ ਚਾਹੀਦਾ ਹੈ ਜਿਵੇਂ ਪਾਸਬਾਨਾਂ ਨੂੰ ਲਗਾਤਾਰ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਕੇ ਨਵਾਂ ਪ੍ਰਕਾਸ਼ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ।

---

[26] ਇਸ ਭਾਗ ਦੀ ਸਮੱਗਰੀ ਹੋਵਾਰਡ ਹੈਂਡ੍ਰਿਕ ਤੋਂ, *Teaching to Change Lives* ਵਿੱਚੋਂ ਲਈ ਹੈ (Colorado Springs: Multnomah Books, 1987)।

**ਪਾਠ ਦਾ ਅਭਿਆਸ ਕਰੋ**

► ਕਲਪਨਾ ਕਰੋ ਕਿ ਇੱਕ ਵਿਦਿਆਰਥੀ ਤੁਹਾਨੂੰ ਪੁੱਛੇ, "ਸਿੱਖਿਅਕ ਜੀ, ਤੁਸੀਂ ਬਾਈਬਲ ਦੇ ਵਿੱਚੋਂ ਹਾਲ ਹੀ ਦੇ ਵਿੱਚ ਕੀ ਸਿੱਖਿਆ ਹੈ?" ਕੀ ਤੁਹਾਡਾ ਉੱਤਰ ਇਸ ਹਫ਼ਤੇ, ਇਸ ਮਹੀਨੇ, ਇਸ ਸਾਲ, ਜਾਂ ਲੰਬਾ ਸਮਾਂ ਪਹਿਲਾਂ ਦਾ ਹੋਵੇਗਾ? ਕੀ ਤੁਸੀਂ ਪ੍ਰਤੀਦਨ ਪਰਮੇਸ਼ੁਰ ਦੇ ਵਚਨ ਦੇ ਗਿਆਨ ਵਿੱਚ ਵਧ ਰਹੇ ਹੋ*?*

**ਸਿੱਖਿਆ ਦਾ ਕਾਨੂੰਨ**

*ਸਿੱਖਿਆ ਦਾ ਕਾਨੂੰਨ* : ਲੋਕ ਕਿਵੇਂ ਸਿੱਖਦੇ ਹਨ ਨਿਰਭਰ ਕਰਦਾ ਹੈ ਕਿ ਤੁਸੀਂ ਕਿਵੇਂ ਸਿਖਾਉਂਦੇ ਹੋ।

ਯਿਸੂ ਨੇ ਚਰਵਾਹਿਆਂ ਨੂੰ ਭੇਡਾਂ ਦੇ ਬਾਰੇ ਕਹਾਣੀਆਂ ਸੁਣਾ ਕੇ ਸਿਖਾਇਆ; ਉਸਨੇ ਮਛਵਾਰਿਆਂ ਨੂੰ "ਮਨੁੱਖਾਂ ਨੂੰ ਫੜਣ ਵਾਲੇ", ਦੱਸ ਕੇ ਸਿਖਾਇਆ; ਉਸਨੇ ਖੂਹ ਤੇ ਆਈ ਇਸਤਰੀ ਨੂੰ ਪਾਣੀ ਦੇ ਬਾਰੇ ਗੱਲ ਕਰਕੇ ਸਿਖਾਇਆ। ਯਿਸੂ ਜਾਣਦਾ ਸੀ ਕਿ ਇੱਕ ਪ੍ਰਭਾਵਸ਼ਾਲੀ ਸਿੱਖਿਅਕ ਹਰੇਕ ਵਿਦਿਆਰਥੀ ਦੀ ਜਰੂਰ ਦੇ ਅਨੁਸਾਰ ਸਿੱਖਿਆ ਨੂੰ ਢਾਲਦਾ ਹੈ।

ਡਾ. ਹੈਂਡ੍ਰਿਕ ਸਿੱਖਿਆ ਦੇ ਕੰਮ ਦੀ ਤੁਲਨਾ ਇੱਕ ਫੁੱਟਬਾਲ ਦੇ ਕੋਚ ਨਾਲ ਕਰਦਾ ਹੈ। ਕੋਚ ਆਪ ਨਹੀਂ ਖੇਡਦਾ; ਕੋਚ ਖਿਡਾਰੀਆਂ ਨੂੰ ਉਤਸੁਕਤਾ ਦਿੰਦਾ ਹੈ ਅਤੇ ਉਨ੍ਹਾਂ ਦੀ ਅਗਵਾਈ ਕਰਦਾ ਹੈ। ਇਸੇ ਪ੍ਰਕਾਰ ਇੱਕ ਉੱਤਮ ਸਿੱਖਿਅਕ ਸਾਰੇ ਕੰਮ ਕਲਾਸ ਵਿੱਚ ਸਿਖਾਉਣ ਦੁਆਰਾ ਨਹੀਂ ਕਰਦਾ। ਇੱਕ ਉੱਤਮ ਸਿੱਖਿਅਕ ਹਰੇਕ ਵਿਦਿਆਰਥੀ ਨੂੰ ਉਸ ਤਰੀਕੇ ਨਾਲ ਸਿੱਖਣ ਦੇ ਲਈ ਪ੍ਰੇਰਿਤ ਕਰਦਾ ਹੈ ਜੋ ਉਸ ਵਿਦਿਆਰਥੀ ਦੇ ਲਈ ਪ੍ਰਭਾਵਸ਼ਾਲੀ ਹੈ।

> "ਸਿੱਖਿਆ ਦੀ ਸਹੀ ਪਰਖ ਇਸ ਗੱਲ ਤੋਂ ਨਹੀਂ ਹੁੰਦੀ ਕਿ ਤੁਸੀਂ ਕੀ ਕਰਦੇ ਹੋ ਜਾਂ ਕਿੰਨਾ ਵਧੀਆ ਕਰਦੇ ਹੋ, ਪਰ ਇਹ ਇਸ ਨਾਲ ਹੁੰਦੀ ਹੈ ਕਿ ਸਿੱਖਣ ਵਾਲਾ ਕੀ ਅਤੇ ਕਿੰਨਾ ਵਧੀਆ ਕਰਦਾ ਹੈ"
>
> - ਡਾ.ਹੋਵਾਰਡ ਹੈਂਡ੍ਰਿਕ

ਮਾਈਕਾਹ ਇੱਕ ਬਾਈਬਲ ਕਲਾਸ ਵਿੱਚ ਵਿਦਿਆਰਥੀ ਸੀ। ਸਿੱਖਿਅਕ ਚਾਹੁੰਦਾ ਸੀ ਕਿ ਸਾਰੇ ਵਿਦਿਆਰਥੀ ਪ੍ਰੀਖਿਆ ਲਿਖਣ ਦੇ ਲਈ ਧਿਆਨਪੂਰਵਕ ਨੋਟਸ ਲਿਖਣ। ਮਾਈਕਾਹ ਨੋਟਸ ਨਹੀਂ ਲਿਖਦਾ ਸੀ। ਇਸਦੀ ਬਜਾਏ, ਜਦੋਂ ਸਿੱਖਿਅਕ ਸਿਖਾਉਂਦਾ ਸੀ ਤਾਂ ਮਾਈਕਾਹ ਆਪਣੀ ਨੋਟ ਬੁੱਕ ਤੇ ਤਸਵੀਰਾਂ ਬਣਾਉਂਦਾ ਰਹਿੰਦਾ ਸੀ। ਸਿੱਖਿਅਕ ਨੂੰ ਡਰ ਸੀ ਕਿ ਮਾਈਕਾਹ ਸੁਣ ਨਹੀਂ ਰਿਹਾ ਸੀ। ਉਸਨੇ ਕਈ ਵਾਰ ਕਿਹਾ, "ਮਾਈਕਾਹ, ਕ੍ਰਿਪਾ ਕਰਕੇ ਤਸਵੀਰਾਂ ਨਾ ਬਣਾਉ। ਜੋ ਮੈਂ ਸਿਖਾ ਰਿਹਾ ਹਾਂ ਉਹ ਲਿਖੋ।" ਮਾਈਕਾਹ ਨੇ ਸਿੱਖਿਅਕ ਦੇ ਕਹੇ ਅਨੁਸਾਰ ਕਰਨ ਦਾ ਯਤਨ ਕੀਤਾ ਪਰ ਉਹ ਬਹੁਤ ਖਿੱਝ ਗਿਆ।

ਫਿਰ ਸਿੱਖਿਅਕ ਨੂੰ ਡਾ. ਹੈਂਡ੍ਰਿਕ ਦਾ ਸਿੱਖਿਆ ਦਾ ਨਿਯਮ ਯਾਦ ਆਇਆ। ਉਸਨੇ ਕਿਹਾ, "ਮਾਈਕਾਹ, ਆਉ ਇੱਕ ਪ੍ਰੀਖਣ ਕਰਦੇ ਹਾਂ। ਜੇਕਰ ਤੁਸੀਂ ਮੇਰੇ ਕਲਾਸ ਵਿੱਚ ਕਹੇ ਸ਼ਬਦਾਂ ਦੀ ਤਸਵੀਰ ਬਣਾ ਸਕਦੇ ਹੋ ਤਾਂ ਇਹ ਕਰਕੇ ਤੁਸੀਂ ਵਿਖਾ ਸਕਦੇ ਹੋ ਕਿ ਇਹ ਤੁਹਾਨੂੰ ਯਾਦ ਹਨ।" ਪ੍ਰੀਖਣ ਸਫਲ ਰਿਹਾ। ਮਾਈਕਾਹ ਨੇ ਸ਼ਬਦਾਂ ਨੂੰ ਤਸਵੀਰਾਂ ਵਿੱਚ ਤਬਦੀਲ ਕਰਕੇ ਸਿੱਖਿਆ। ਸਿੱਖਿਅਕ ਨੇ ਆਪਣੀਆਂ

ਉਮੀਦਾਂ ਨੂੰ ਬਦਲਣ ਬਾਰੇ ਸਿੱਖਿਆ ਕਿਉਂਕਿ "ਲੋਕਾਂ ਦੇ ਸਿੱਖਣ ਦਾ ਤਰੀਕਾ ਇਹ ਨਿਰਧਾਰਿਤ ਕਰਦਾ ਹੈ ਕਿ ਤੁਸੀਂ ਕਿਵੇਂ ਸਿਖਾਉਂਦੇ ਹੋ।"

**ਪਾਠ ਦਾ ਅਭਿਆਸ ਕਰੋ**

► ਕੀ ਤੁਹਾਡੇ ਕੋਲ ਕੋਈ ਅਜਿਹਾ ਵਿਦਿਆਰਥੀ ਹੈ ਜੋ ਬਾਕੀ ਦੀ ਕਲਾਸ ਨਾਲੋਂ ਅਲੱਗ ਤਰੀਕੇ ਨਾਲ ਸਿੱਖਦਾ ਹੈ? ਤੁਸੀਂ ਉਸ ਵਿਦਿਆਰਥੀ ਦੀ ਚੰਗੀ ਤਰ੍ਹਾਂ ਸਿੱਖਣ ਦੇ ਵਿੱਚ ਕਿ ਸਹਾਇਤਾ ਕਰ ਸਕਦੇ ਹੋ?

**ਕਿਰਿਆ ਦਾ ਨਿਯਮ**

*ਕਿਰਿਆ ਦਾ ਨਿਯਮ:* ਜਿਆਦਾ ਕਿਰਿਆ ਨਾਲ ਜਿਆਦਾ ਸਿੱਖਿਆ ਹੁੰਦੀ ਹੈ

"ਮੈਂ ਸੁਣਦਾ ਹਾਂ...ਅਤੇ ਭੁੱਲ ਜਾਂਦਾ ਹਾਂ।
ਮੈਂ ਵੇਖਦਾ ਹਾਂ...ਅਤੇ ਯਾਦ ਰੱਖਦਾ ਹਾਂ।
ਮੈਂ ਕਰਦਾ ਹਾ...ਅਤੇ ਸਮਝ ਜਾਂਦਾ ਹਾਂ।"

ਚੀਨੀ ਕਹਾਵਤ

ਯਿਸੂ ਜਾਣਦਾ ਸੀ ਕਿ ਜੋ ਪਾਠ ਉਹ ਸਿਖਾ ਰਿਹਾ ਹੈ ਉਸਦੇ ਵਿਦਿਆਰਥੀਆਂ ਦੇ ਲਈ ਇਸਦਾ ਅਭਿਆਸ ਕਰਨਾ ਜਰੂਰੀ ਹੈ। ਉਸਨੇ ਉਨ੍ਹਾਂ ਨੂੰ ਸੇਵਕਾਈ ਦੀ ਯਾਤਰਾ ਤੇ ਘੱਲਿਆ; ਉਸਨੇ ਉਨ੍ਹਾਂ ਨੂੰ ਭੀੜਾਂ ਦੇ ਲਈ ਮੱਛੀ ਅਤੇ ਰੋਟੀ ਵਰਤਾਉਣ ਦਿੱਤੀ; ਉਹ ਉਨ੍ਹਾਂ ਨੂੰ ਇਕਾਂਤ ਦੇ ਵਿੱਚ ਪ੍ਰਾਥਨਾ ਕਰਨ ਦੇ ਲਈ ਲੈ ਗਿਆ; ਉਸਨੇ ਉਨ੍ਹਾਂ ਨੂੰ ਉਨ੍ਹਾਂ ਦੀ ਸਿੱਖਿਆ ਨੂੰ ਲਾਗੂ ਕਰਨ ਦੇ ਮੌਕੇ ਦਿੱਤੇ। ਇਸਦਾ ਨਤੀਜਾ ਕੀ ਨਿੱਕਲਿਆ? ਰਸੂਲ ਅਜਿਹੇ ਲੋਕ ਬਣ ਗਏ ਜਿੰਨ੍ਹਾਂ ਨੇ ਸੰਸਾਰ ਨੂੰ ਉਲਟਾ ਕਰ ਦਿੱਤਾ (ਰਸੂਲਾਂ ਦੇ ਕਰਤੱਬ 17:6)।

ਮਨੋਵਿਗਿਆਨੀ ਕਹਿੰਦੇ ਹਨ ਕਿ

- ਜੋ ਅਸੀਂ ਸੁਣਦੇ ਹਾਂ ਉਸਦਾ 10% ਹੀ ਯਾਦ ਰੱਖਦੇ ਹਾਂ
- ਜੋ ਅਸੀਂ ਵੇਖਦੇ ਅਤੇ ਸੁਣਦੇ ਹਾਂ ਉਸਦਾ 50% ਯਾਦ ਰੱਖਦੇ ਹਾਂ, ਪਰ
- ਜੋ ਅਸੀਂ **ਵੇਖਦੇ**, **ਸੁਣਦੇ ਅਤੇ ਕਰਦੇ ਹਾਂ** ਉਸ ਦਾ 90% ਯਾਦ ਰੱਖਦੇ ਹਾਂ।

ਕਿਰਿਆਸ਼ੀਲ ਸ਼ਮੂਲੀਅਤ ਸਿੱਖਣ ਨੂੰ ਬਹੁਤ ਜਿਆਦਾ ਵਧਾ ਦਿੰਦੀ ਹੈ।

**ਪਾਠ ਦਾ ਅਭਿਆਸ ਕਰੋ**

► ਜਿਵੇਂ ਤੁਸੀਂ ਆਪਣੇ ਅੱਗਲੇ ਪਾਠ ਦੀ ਤਿਆਰੀ ਕਰਦੇ ਹੋ, ਤਾਂ ਇੱਕ ਅਜਿਹੀ ਕਿਰਿਆ ਦੀ ਤਿਆਰੀ ਕਰੋ ਜੋ ਵਿਦਿਆਰਥੀਆਂ ਸੀ ਉਸ ਸਿੱਖਿਆ ਦਾ ਅਭਿਆਸ ਕਰਨ ਵਿੱਚ ਸਹਾਇਤਾ ਕਰ ਸਕੇ।

**ਵਾਰਤਾਲਾਪ ਦਾ ਨਿਯਮ**

*ਵਾਰਤਾਲਾਪ ਦਾ ਨਿਯਮ:* ਸਹੀ ਤੌਰ ਤੇ ਸਿਖਾਉਣ ਦੇ ਲਈ, ਸਾਨੂੰ ਸਿੱਖਣ ਵਾਲੇ ਦੇ ਲਈ ਪੁਲ ਬਣਾਉਣਾ ਪਵੇਗਾ।

ਸਿੱਖਿਅਕ ਅਤੇ ਪਾਸਬਾਨ ਦੇ ਤੌਰ ਤੇ, ਅਸੀਂ ਵਾਰਤਾਲਾਪ ਦੇ ਕੰਮ ਵਿੱਚ ਹਾਂ। ਸਾਡਾ ਕੰਮ ਜਾਣਕਾਰੀ ਦੇਣ ਨਾਲੋਂ ਕਿਤੇ ਵੱਡਾ ਹੈ; ਸਾਡਾ ਕੰਮ ਸਾਨੂੰ ਸੁਣਨ ਵਾਲਿਆਂ ਦੇ ਲਈ ਸੱਚ ਦੱਸਣਾ ਹੈ। ਵਾਰਤਾਲਾਪ ਦੇ ਵਿੱਚ ਸਾਂਝੀ ਸਮਝ ਦੀ ਲੋੜ ਪੈਂਦੀ ਹੈ। ਵਾਰਤਾਲਾਪ ਦੇ ਲਈ ਸਾਨੂੰ ਸਿੱਖਣ ਵਾਲਿਆਂ ਦੇ ਨਾਲ ਜੁੜਣਾ ਪੈਂਦਾ ਹੈ।

ਯਿਸੂ ਨੇ ਸਿੱਖਣ ਵਾਲਿਆਂ ਦੇ ਨਾਲ ਜੁੜਣ ਦਾ ਇੱਕ ਨਮੂਨਾ ਪ੍ਰਦਾਨ ਕੀਤਾ ਹੈ। ਯਿਸੂ ਅਤੇ ਸਾਮਰੀ ਔਰਤ ਦੇ ਵਿਚਾਲੇ ਬਹੁਤ ਸਾਰੀਆਂ ਰੁਕਾਵਟਾਂ ਸਨ: ਜਾਤੀਵਾਦ, ਧਾਰਮਿਕ ਅਤੇ ਸਮਾਜਿਕ ਰੁਕਾਵਟਾਂ। ਯਿਸੂ ਯਹੂਦੀ ਸੀ; ਉਹ ਇੱਕ ਸਾਮਰੀ ਸੀ। ਯਿਸੂ ਇੱਕ ਪੁਰਸ਼ ਸੀ; ਉਹ ਇਸਤਰੀ ਸੀ। ਯਿਸੂ ਇੱਕ ਆਦਰਯੋਗ ਗੁਰੂ ਸੀ; ਉਸਦਾ ਅਤੀਤ ਵਿਭਚਾਰ ਭਰਿਆ ਸੀ। ਯਿਸੂ ਇੰਨਾਂ ਰੁਕਾਵਟਾਂ ਦੇ ਦਰਮਿਆਨ ਪੁਲ ਕਿਵੇਂ ਬਣਾ ਸਕਦਾ ਸੀ? ਉਸਨੇ ਇੱਕ ਸਾਂਝੀ ਗੱਲ ਨੂੰ ਲਿਆ; ਦੋਵੇਂ ਹੀ ਪਿਆਸੇ ਸਨ। ਇੱਕ ਸਰੀਰਕ ਜਰੂਰਤ ਨੇ ਇੱਕ ਜੀਵਨ ਬਦਲਣ ਵਾਲੀ ਮੁਲਾਕਾਤ ਦੇ ਵਿੱਚਕਾਰ ਪੁਲ ਦਾ ਕੰਮ ਕੀਤਾ (ਯੂਹੰਨਾ 4:1-42)।

ਡਾ. ਹੈਂਡ੍ਰਿਕ ਨੇ ਲਿਖਿਆ ਹੈ ਕਿ ਵਾਰਤਾਲਾਪ ਦੇ ਵਿੱਚ ਤਿੰਨ ਪੜਾਅ ਹੋਣੇ ਚਾਹੀਦੇ ਹਨ:

1. **ਗਿਆਨ**- ਜੋ ਮੈਂ ਜਾਣਦਾ ਹਾਂ। ਇਹ ਵਾਰਤਾਲਾਪ ਦਾ ਸਭ ਤੋਂ ਸਾਧਾਰਨ ਪੜਾਅ ਹੈ।
2. **ਜੋਸ਼**- ਜੋ ਮੈਂ ਮਹਿਸੂਸ ਕਰਦਾ ਹਾਂ। ਇਹ ਵਾਰਤਾਲਾਪ ਦਾ ਡੂੰਘਾ ਪੜਾਅ ਹੈ।
3. **ਕਿਰਿਆ** – ਜੋ ਮੈਂ ਕਰਦਾ ਹਾਂ। ਵਾਰਤਾਲਾਪ ਦਾ ਇਹ ਸਤਰ ਸਾਡੇ ਵਿਦਿਆਰਥੀਆਂ ਨੂੰ ਬਦਲਦਾ ਹੈ।

ਜਿਵੇਂ ਹੀ ਅਫਰੀਕਾ ਵਿੱਚ ਇੱਕ ਸੈਮੀਨਰੀ ਸੰਚਾਲਕ ਇੱਕ ਅਮੀਰ ਦਾਨੀ ਸੱਜਣ ਦੇ ਅੱਗੇ ਆਪਣਾ ਦਰਸ਼ਨ ਪੇਸ਼ ਕਰ ਰਿਹਾ ਸੀ ਤਾਂ ਜੋਏਲ ਉਸਨੂੰ ਸੁਣ ਰਿਹਾ ਸੀ। ਉਸਨੇ ਦਾਨੀ ਸੱਜਣ ਦੇ ਕੋਲੋਂ ਜੋਏਲ ਦੀ ਕਲਪਨਾ ਤੋਂ ਵੀ ਜਿਆਦਾ ਪੈਸਿਆਂ ਦੀ ਮੰਗ ਕੀਤੀ! ਜੋਏਲ ਨੂੰ ਬਹੁਤ ਹੈਰਾਨੀ ਹੋਈ ਕਿ ਦਾਨੀ ਸੱਜਣ ਨੇ ਖੁੱਲ੍ਹਦਿਲੀ ਦੇ ਨਾਲ ਦਿੱਤਾ। ਕਿਉਂ? ਸੈਮੀਨਰੀ ਸੰਚਾਲਕ ਨੇ ਤਿੰਨ ਪੜਾਵਾਂ ਦੇ ਵਿੱਚ ਗੱਲਬਾਤ ਕੀਤੀ:

1. **ਗਿਆਨ** – ਉਹ ਅਫਰੀਕਾ ਦੇ ਵਿੱਚ ਸੈਮੀਨਰੀ ਸਿਖਲਾਈ ਦੀ ਜਰੂਰਤ ਦੇ ਬਾਰੇ ਜਾਣਦਾ ਸੀ।
2. **ਜੋਸ਼** – ਉਹ ਅਫਰੀਕਾ ਦੇ ਵਿੱਚ ਕਲੀਸਿਆ ਦੇ ਆਗੂਆਂ ਨੂੰ ਸਿਖਲਾਈ ਦੇਣ ਦਾ ਜੋਸ਼ ਰੱਖਦਾ ਸੀ।
3. **ਕਿਰਿਆ** – ਉਸਨੇ ਆਪਣਾ ਜੀਵਨ ਅਫਰੀਕਾ ਦੇ ਵਿੱਚ ਬਿਤਾਇਆ ਸੀ ਅਤੇ ਕਲੀਸਿਆ ਦੇ ਆਗੂਆਂ ਨੂੰ ਸਿਖਲਾਈ ਦੇਣ ਲਈ ਸਾਰੇ ਬਲੀਦਾਨ ਕੀਤੇ ਸਨ। ਸੰਚਾਲਕ ਨੇ ਦੱਸਿਆ ਕਿ ਉਹ ਅਫਰੀਕਾ ਦੇ ਵਿੱਚ ਕੀ ਕਰ ਰਿਹਾ ਹੈ।

ਪ੍ਰਭਾਵਸ਼ਾਲੀ ਢੰਗ ਦੇ ਨਾਲ ਸਿਖਾਉਣ ਦੇ ਲਈ, ਸਾਡੇ ਕੋਲ ਉਸ ਵਿਸ਼ੇ ਦੇ ਲਈ ਜੋਸ਼ ਹੋਣਾ ਚਾਹੀਦਾ ਹੈ। ਇਸ ਵਾਰਤਾਲਾਪ ਦੀ ਬਹੁਤ ਸਾਰੇ ਸੰਡੇ ਸਕੂਲਾਂ ਵਿੱਚ ਕਲਪਨਾ ਕਰੋ:

> ਸਿੱਖਿਅਕ: "ਅੱਜ ਅਸੀਂ ਯੂਹੰਨਾ 6 ਤੋਂ 5000 ਨੂੰ ਖੁਆਉਣ ਬਾਰੇ ਅਧਿਐਨ ਕਰਾਂਗੇ।"
>
> ਵਿਦਿਆਰਥੀ: "ਮੇਰਾ ਇੱਕ ਪ੍ਰਸ਼ਨ ਹੈ। ਬਾਈਬਲ ਦੱਸਦੀ ਹੈ ਕਿ ਉਨ੍ਹਾਂ ਨੇ ਸਿਰਫ਼ ਆਦਮੀਆਂ ਦੀ ਗਿਣਤੀ ਕੀਤੀ। ਅਜਿਹਾ ਕਿਉਂ?"
>
> ਸਿੱਖਿਅਕ: "ਮੈਨੂੰ ਨਹੀਂ ਪਤਾ। ਇਹ ਮਹੱਤਵਪੂਰਨ ਨਹੀਂ ਹੈ। ਤੁਸੀਂ ਪਾਠ ਦੇ ਧਿਆਨ ਦਿਉ।"

ਅਚਾਨਕ ਹੀ ਇੱਕ ਉਤਸੁਕਤਾ ਭਰੀ ਬਾਈਬਲ ਕਹਾਣੀ ਅਕਾਉਣ ਵਾਲੀ ਹੋ ਜਾਂਦੀ ਹੈ। ਬੱਚੇ ਇਹ ਜਾਣਨਾ ਪਸੰਦ ਕਰਦੇ ਕਿ ਯਿਸੂ ਨੇ ਕੁਝ ਰੋਟੀਆਂ ਅਤੇ ਮੱਛੀਆਂ ਦੇ ਨਾਲ 20,000 ਲੋਕਾਂ ਨੂੰ ਕਿਵੇਂ ਰਜਾਇਆ। ਇਹ ਅਕਾ ਦੇਣ ਵਾਲੀ ਕਿਵੇਂ ਹੋ ਸਕਦੀ ਹੈ? ਇਹ ਸਿੱਖਿਅਕ ਗਿਆਨ ਨਹੀਂ ਦੇ ਰਿਹਾ ਹੈ; ਉਸਨੇ ਇਹ ਸਮਝਣ ਲਈ ਪਿਛੋਕੜ ਦਾ ਅਧਿਐਨ ਨਹੀਂ ਕੀਤਾ ਹੈ ਕਿ ਯਹੂਦੀ ਲੇਖਕਾਂ ਨੇ ਸਿਰਫ਼ ਆਦਮੀਆਂ ਨੂੰ ਕਿਉਂ ਗਿਣਿਆ ਹੈ। ਸਿੱਖਿਅਕ ਨੂੰ ਇਸ ਉਤਸੁਕਤਾ ਭਰੀ ਕਹਾਣੀ ਲਈ ਕੋਈ ਜੋਸ਼ ਮਹਿਸੂਸ ਨਹੀਂ ਹੁੰਦਾ। ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਸ ਪਾਠ ਦੇ ਸਿੱਖਿਅਕ ਦੇ ਜੀਵਨ ਇਸ ਤਰੀਕੇ ਨਾਲ ਬਦਲਿਆ ਗਿਆ ਹੈ ਤਾਂ ਜੋ ਇਸੇ ਪ੍ਰਕਾਰ ਜੋ ਉਸਨੂੰ ਵਿਦਿਆਰਥੀਆਂ ਦੇ ਜੀਵਨ ਨੂੰ ਉਸੇ ਪ੍ਰਕਾਰ ਬਦਲਿਆ ਜਾ ਸਕੇ।

### ਪਾਠ ਦਾ ਅਭਿਆਸ ਕਰੋ

► ਜਦੋਂ ਤੁਸੀਂ ਪਾਠ ਨੂੰ ਤਿਆਰ ਕਰਦੇ ਹੋ, ਤਾਂ ਆਪਣੀ ਅਤੇ ਵਿਦਿਆਰਥੀਆਂ ਦੀ ਵਿਚਾਰਧਾਰ ਦੇ ਵਿੱਚ ਫਰਕ ਦੇ ਬਾਰੇ ਸੋਚੋ। ਆਪਣੇ ਵਿਦਿਆਰਥੀਆਂ ਦੇ ਲਈ ਇੱਕ ਪੁਲ ਬਣਾਉਣ ਲਈ ਸਮਾਂ ਲਵੋ। ਇਸ ਪਾਠ ਦੇ ਪ੍ਰਤੀ ਆਪਣੇ ਵਿਦਿਆਰਥੀਆਂ ਦੀ ਰੁਚੀ ਖਿੱਚਣ ਦੇ ਬਾਰੇ ਕੋਈ ਤਰੀਕਾ ਲੱਭੋ।

### ਦਿਲ ਦਾ ਨਿਯਮ

*ਦਿਲ ਦਾ ਨਿਯਮ:* ਪ੍ਰਭਾਵਸ਼ਾਲੀ ਸਿੱਖਿਆ ਸਿਰਫ਼ ਸਿਰ ਤੱਕ ਨਹੀਂ ਸਗੋਂ ਦਿਲ ਤੋਂ ਦਿਲ ਤੱਕ ਪਹੁੰਚਦੀ ਹੈ।

ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ, ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ (ਮੱਤੀ 7:28-29)। ਯਿਸੂ ਦੀ ਸਿੱਖਿਆ ਉਸਦੇ ਦਿਲ ਤੋਂ ਆਉਂਦੀ ਸੀ ਅਤੇ ਉਹ ਉਸਦੇ ਸੁਣਨ ਵਾਲਿਆਂ ਦੇ ਦਿਲ ਛੂਹ ਲੈਂਦੀ ਸੀ।

ਇੰਜੀਲਾਂ ਦੇ ਵਿੱਚ ਬਾਰ-ਬਾਰ ਯਿਸੂ ਦੇ ਤਰਸ ਬਾਰੇ ਜਿਕਰ ਕੀਤਾ ਗਿਆ ਹੈ। ਲੋਕ ਉਸਦੇ ਤਰਸ ਦੇ ਨਾਲ ਛੂਹੇ ਜਾਂਦੇ ਸਨ। ਉਸਦਾ ਦਿਲ ਉਨ੍ਹਾਂ ਦੇ ਦਿਲਾਂ ਤੱਕ ਪਹੁੰਚਦਾ ਸੀ। ਹੋਵਾਰਡ ਹੈਂਡ੍ਰਿਕ ਪ੍ਰਭਾਵਸ਼ਾਲੀ ਸਿੱਖਿਆ ਦੇ ਤੱਥਾਂ ਬਾਰੇ ਸਿਖਾਉਂਦਾ ਹੈ।

***ਸਿੱਖਿਅਕ ਦਾ ਚਰਿੱਤਰ ਸਿੱਖਣ ਵਾਲਿਆਂ ਦੇ ਵਿੱਚ ਆਤਮ-ਵਿਸ਼ਵਾਸ ਨੂੰ ਪ੍ਰੇਰਿਤ ਕਰਦਾ ਹੈ।***

ਜੇਕਰ ਵਿਦਿਆਰਥੀ ਸਿੱਖਿਅਕ ਦੇ ਚਰਿੱਤਰ ਤੇ ਭਰੋਸਾ ਕਰਦਾ ਹੋਵੇਗਾ ਤਾਂ ਉਸਦਾ ਸਿਖਾਈਆਂ ਜਾਣ ਵਾਲੀਆਂ ਗੱਲਾਂ ਦੇ ਵਿੱਚ ਪੂਰਾ ਆਤਮ-ਵਿਸ਼ਵਾਸ ਹੋਵੇਗਾ। ਇੱਕ ਪਾਸਬਾਨ ਅਤੇ ਸਿੱਖਿਅਕ ਦੇ ਰੂਪ ਵਿੱਚ, ਸਾਨੂੰ ਕਦੇ ਉਸ ਭਰੋਸੇ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਭਰੋਸੇ ਨੂੰ ਦੁਬਾਰਾ ਜਿੱਤਣਾ ਸਭ ਤੋਂ ਕਠਿਨ ਕੰਮ ਹੈ। ਬੁੱਧੀਮਾਨ ਮਸੀਹੀ ਆਗੂ ਹਰੇਕ ਅਜਿਹੀ ਗੱਲ ਤੋਂ ਦੂਰ ਰਹਿੰਦੇ ਹਨ ਜੋ ਉਨ੍ਹਾਂ ਦੀ ਨੈਤਿਕ ਅਸਫਲਤਾ ਦਾ ਕਾਰਨ ਬਣ ਸਕਦੀ ਹੈ। ਤੁਹਾਡੇ ਚਰਿੱਤਰ ਦੇ ਦੁਆਰਾ ਤੁਹਾਡੇ ਸਿੱਖਣ ਵਾਲਿਆਂ ਦੇ ਮਨ ਵਿੱਚ ਆਤਮ-ਵਿਸ਼ਵਾਸ ਪ੍ਰੇਰਿਤ ਹੋਣਾ ਚਾਹੀਦਾ ਹੈ।

***ਸਿੱਖਿਅਕ ਦੀ ਦਯਾ ਸਿੱਖਣ ਵਾਲਿਆਂ ਦੇ ਵਿੱਚ ਪ੍ਰੇਰਨਾ ਪੈਦਾ ਕਰਦੀ ਹੈ।***

ਜਦੋਂ ਇੱਕ ਵਿਦਿਆਰਥੀ ਸਿੱਖਿਅਕ ਦੀ ਦਯਾ ਨੂੰ ਮਹਿਸੂਸ ਕਰਦਾ ਹੈ, ਤਾਂ ਉਸਨੂੰ ਸਿੱਖਣ ਦੀ ਪ੍ਰੇਰਨਾ ਮਿਲਦੀ ਹੈ। ਚੇਲ੍ਹੇ ਯਿਸੂ ਦੇ ਪਿੱਛੇ ਚੱਲਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਉਹ ਉਨ੍ਹਾਂ ਨੂੰ ਪਿਆਰ ਕਰਦਾ ਹੈ। ਜੇਕਰ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਪਿਆਰ ਨਹੀਂ ਕਰਦੇ, ਤਾਂ ਉਨ੍ਹਾਂ ਦੇ ਵਿੱਚ ਤੁਹਾਡੇ ਤੋਂ ਸਿੱਖਣ ਦੀ ਬਹੁਤ ਘੱਟ ਪ੍ਰੇਰਨਾ ਹੋਵੇਗੀ।

ਛੋਟੇ ਬੱਚਿਆਂ ਦੇ ਸਿੱਖਿਅਕਾਂ ਦੇ ਨਾਲ ਗੱਲ ਕਰਦੇ ਹੋਏ ਡਾ. ਹੈਂਡ੍ਰਿਕ ਨੇ ਕਿਹਾ, "ਜੇਕਰ ਜੋਨ੍ਹੀ ਦੇ ਨਵੇਂ ਬੂਟ ਪਾਏ ਹਨ ਤਾਂ ਤੁਹਾਨੂੰ ਉਨਾਂ ਨਵੇਂ ਬੂਟਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਨਹੀਂ ਤਾਂ ਉਹ ਤੁਹਾਡੇ ਨਵੇਂ ਪਾਠ ਵੱਲ ਧਿਆਨ ਨਹੀਂ ਦੇਵੇਗੀ!" ਜਦੋਂ ਤੁਸੀਂ ਸਿੱਖਣ ਵਾਲਿਆਂ ਦੇ ਵਿੱਚ ਰੁਚੀ ਵਿਖਾਉਂਦੇ ਹੋ (ਪਿਆਰ ਦੇ ਕਾਰਨ), ਤਾਂ ਉਹ ਤੁਹਾਡੇ ਦੁਆਰਾ ਸਿਖਾਏ ਜਾਣ ਵਾਲੇ ਪਾਠ ਨੂੰ ਸਿੱਖਣ ਦੇ ਲਈ ਤਿਆਰ ਹੋ ਜਾਂਦੇ ਹਨ।

***ਸਿੱਖਿਅਕ ਦੀ ਸਮੱਗਰੀ ਸਿੱਖਣ ਵਾਲੇ ਦੇ ਲਈ ਸਮਝ ਨੂੰ ਲਿਆਉਂਦੀ ਹੈ।***

ਜਦੋਂ ਕੋਈ ਵਿਦਿਆਰਥੀ ਸਿੱਖਣ ਦੇ ਲਈ ਪ੍ਰੇਰਿਤ ਹੁੰਦਾ ਹੈ ਤਦ ਹੀ ਤੁਸੀਂ ਸਮੱਗਰੀ ਨੂੰ ਸਿਖਾਉਣ ਦੇ ਲਈ ਤਿਆਰ ਹੁੰਦੇ ਹੋ। ਜਦੋਂ ਤੁਸੀਂ ਉਨ੍ਹਾਂ ਦੇ ਭਰੋਸੇ ਨੂੰ ਜਿੱਤ ਲੈਂਦੇ ਹੋ, ਤਾਂ ਫਿਰ ਤੁਸੀਂ ਆਪਣੇ ਦਿਲ ਤੋਂ ਆਪਣੇ ਵਿਦਿਆਰਥੀ ਦੇ ਦਿਲ ਨਾਲ ਗੱਲ ਕਰ ਸਕਦੇ ਹੋ।

**ਪਾਠ ਦਾ ਅਭਿਆਸ ਕਰੋ**

► ਕੀ ਤੁਸੀਂ ਆਪਣੇ ਵਿਦਿਆਰਥੀਆਂ ਨਾਲ ਪਿਆਰ ਕਰਦੇ ਹੋ? ਜਿੰਨਾਂ ਮਹੱਤਵਪੂਰਨ ਉਨ੍ਹਾਂ ਦੇ ਲਈ ਇਹ **ਜਾਣਨਾ** ਹੈ ਕਿ ਤੁਸੀਂ ਉਨ੍ਹਾਂ ਨੂੰ ਪਿਆਰ ਕਰਦੇ ਹੋ? ਤੁਸੀਂ ਉਨ੍ਹਾਂ ਵਿਦਿਆਰਥੀਆਂ ਦੇ ਨਾਲ ਆਪਣੇ ਦਿਲ ਦਾ ਬਿਹਤਰ ਵਾਰਤਾਲਾਪ ਕਰ ਸਕਦੇ ਹੋ ਜਿੰਨ੍ਹਾਂ ਦੇ ਕੋਲ ਪਰਮੇਸ਼ੁਰ ਨੇ ਤੁਹਾਨੂੰ ਘੱਲਿਆ ਹੈ?

**ਉਤਸ਼ਾਹਿਤ ਕਰਨ ਦਾ ਨਿਯਮ**

*ਉਤਸ਼ਾਹਿਤ ਕਰਨ ਦਾ ਨਿਯਮ:* ਸਿੱਖਿਆ ਉਸ ਸਮੇਂ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਵਿਦਿਆਰਥੀ ਸਹੀ ਤਰ੍ਹਾਂ ਨਾਲ ਪ੍ਰੇਰਿਤ ਹੁੰਦਾ ਹੈ।

ਜਦੋਂ ਉਹ ਉਤਸ਼ਾਹ ਸ਼ਬਦ ਨੂੰ ਸੁਣਦੇ ਹਨ ਤਾਂ ਬਹੁਤ ਸਾਰੇ ਸਿੱਖਿਅਕ ਕੈਂਡੀ, ਸਰਟੀਫੀਕੇਟ, ਨੰਬਰ ਜਾਂ ਪ੍ਰੇਰਿਤ ਕਰਨ ਦੇ ਹੋਰ ਤਰੀਕਿਆਂ ਬਾਰੇ ਸੋਚਦੇ ਹਨ। ਇਹ ਪ੍ਰਤੀਫ਼ਲ ਗ਼ਲਤ ਨਹੀਂ ਹਨ ਅਤੇ ਉਹ ਜੁਆਨ ਲੋਕਾਂ ਦੇ ਵਿੱਚ ਰੁਚੀ ਲਿਆਉਣ ਦੇ ਵਿੱਚ ਸਹਾਇਤਾ ਕਰਦੇ ਹਨ ਪਰ ਇਹ ਇਨਾਮ ਅਸਲ ਟੀਚੇ ਦੇ ਨਾਲ ਜੁੜੇ ਹੋਏ ਨਹੀਂ ਹਨ। ਇੱਕ ਅਜਿਹਾ ਵਿਦਿਆਰਥੀ ਜੋ ਕਿਸੇ ਇਨਾਮ ਲੈਣ ਦੇ ਲਈ ਕੰਮ ਕਰ ਰਿਹਾ ਹੈ ਉਸਦੇ ਵਿੱਚ ਸਿਖਾਈ ਜਾਣ ਵਾਲੀ ਸਚਿਆਈ ਦੇ ਦੁਆਰਾ ਬਦਲਣ ਦੀ ਸੰਭਾਵਨਾ ਬਹੁਤ ਘੱਟ ਹੋਵੇਗੀ। ਸਿੱਖਿਅਕ ਦੇ ਲਈ ਇਹ ਬਿਹਤਰ ਹੈ ਕਿ ਉਹ ਵਿਦਿਆਰਥੀਆਂ ਦੇ ਅੰਦਰੂਨੀ ਮਨੋਰਥ ਨੂੰ ਸੰਬੋਧਿਤ ਕਰੇ।

ਡਾ. ਹੈਡ੍ਰਿਕ ਕੁਝ ਅੰਦਰੂਨੀ ਮਨੋਰਥਾਂ ਦੀ ਸੂਚੀ ਬਣਾਉਂਦਾ ਹੈ:

- **ਸਵਾਮੀਕਤਾ।** "ਇਹ ਮੇਰੀ ਕਲੀਸਿਆ ਹੈ, ਇਸਨੂੰ ਵਧਾਉਣ ਦੇ ਲਈ ਮੈਂ ਹੋਰ ਲੋਕਾਂ ਨੂੰ ਸੱਦਾ ਦੇਵਾਂਗਾ।"
- **ਜਰੂਰਤ।** "ਮੈਨੂੰ ਪ੍ਰੀਖਿਆ ਤੇ ਜਿੱਤ ਹਾਸਿਲ ਕਰਨ ਦੇ ਲਈ ਪਰਮੇਸ਼ੁਰ ਦੇ ਵਚਨ ਦੀ ਜਰੂਰਤ ਹੈ, ਇਸ ਲਈ ਮੈਂ ਵਚਨਾਂ ਨੂੰ ਯਾਦ ਕਰਾਂਗਾ।"
- **ਪ੍ਰਵਾਨਗੀ।** "ਮੈਂ ਆਪਣੇ ਸਿੱਖਿਅਕ ਨਾਲ ਪਿਆਰ ਕਰਦਾ ਹਾਂ ਅਤੇ ਉਸਨੂੰ ਖੁਸ਼ ਕਰਨਾ ਚਾਹੁੰਦਾ ਹਾਂ, ਇਸ ਲਈ ਮੈਂ ਪਾਠ ਦਾ ਅਧਿਐਨ ਕਰਾਂਗਾ।"

ਅਜਿਹੀਆਂ ਪ੍ਰੇਰਨਾਵਾਂ ਟੌਫੀ ਜਾਂ ਨੰਬਰ ਦੇਣ ਨਾਲੋਂ ਜਿਆਦਾ ਲੰਬੇ ਸਮੇਂ ਤੱਕ ਪ੍ਰਭਾਵਿਤ ਕਰਦੀਆਂ ਹਨ। ਜਿਵੇਂ ਅਸੀਂ ਇੰਨਾਂ ਪ੍ਰੇਰਨਾਦਾਇਕ ਸਾਧਨਾਂ ਦਾ ਉਪਯੋਗ ਕਰਦੇ ਹਾਂ, ਤਾਂ ਅਸੀਂ ਆਪਣੇ ਵਿਦਿਆਰਥੀਆਂ ਨੂੰ ਲੰਬੇ ਸਮੇਂ ਦੀ ਸਿੱਖਿਆ ਦੇ ਲਈ ਉਤਸ਼ਾਹਿਤ ਕਰਦੇ ਹਾਂ।

**ਪਾਠ ਦਾ ਅਭਿਆਸ ਕਰੋ**

► ਅਜਿਹੀਆਂ ਪ੍ਰੇਰਨਾਵਾਂ ਦੀ ਸੂਚੀ ਬਣਾਉ ਜਿੰਨਾਂ ਦਾ ਉਪਯੋਗ ਤੁਸੀਂ ਆਪਣੇ ਵਿਦਿਆਰਥੀਆਂ ਦੇ ਲਈ ਕਰ ਸਕਦੇ ਹੋ। ਤੁਸੀਂ ਸਿੱਖਣ ਦੇ ਲਾਭ ਦੇ ਨਾਲ ਉਨ੍ਹਾਂ ਨੂੰ ਪ੍ਰੇਰਨਾ ਕਿਵੇਂ ਦੇ ਸਕਦੇ ਹੋ?

**ਤਿਆਰੀ ਦਾ ਨਿਯਮ**

*ਤਿਆਰੀ ਦਾ ਨਿਯਮ:* ਜਦੋਂ ਸਿਖਾਉਣ ਤੇ ਸਿੱਖਣ ਵਾਲਾ ਦੋਵੇਂ ਸਹੀ ਤਰ੍ਹਾਂ ਨਾਲ ਤਿਆਰ ਹੁੰਦੇ ਹਨ ਤਾਂ ਸਿੱਖਿਆ ਸਭ ਤੋਂ ਜਿਆਦਾ ਪ੍ਰਭਾਵਸ਼ਾਲੀ ਹੁੰਦੀ ਹੈ।

ਕੀ ਇਹ ਤੁਹਾਡੀ ਕਲੀਸਿਆ ਦੇ ਵਿੱਚ ਇੱਕ ਆਮ ਸੰਡੇ ਸਕੂਲ ਪਾਠ ਦੀ ਤਰ੍ਹਾਂ ਹੈ?

> ਸਿੱਖਿਅਕ: "ਅੱਜ, ਅਸੀਂ ਅਫ਼ਸੀਆਂ 5 ਦਾ ਅਧਿਐਨ ਕਰਾਂਗੇ, ਕ੍ਰਿਪਾ ਕਰਕੇ ਆਪਣੀਆਂ ਬਾਈਬਲਾਂ ਖੋਲ੍ਹੋ।"
>
> ਵਿਦਿਆਰਥੀ ਸੋਚਦੇ ਹਨ: "ਸਾਨੂੰ ਅਫ਼ਸੀਆਂ 5 ਦਾ ਅਧਿਐਨ ਕਰਨ ਦੀ ਕੀ ਜਰੂਰਤ ਹੈ?"

ਸਿੱਖਿਅਕ ਅਫਸੀਆਂ 5 ਸਿਖਾਉਣ ਦੇ ਵਿੱਚ ਇੱਕ ਘੰਟਾ ਬਿਤਾਉਂਦਾ ਹੈ। ਇੱਕ ਘੰਟੇ ਦੇ ਅੰਤ ਵਿੱਚ ਵਿਦਿਆਰਥੀ ਪੌਲੁਸ ਦੇ ਸੰਦੇਸ਼ ਨਾਲ ਪ੍ਰੇਰਿਤ ਹੋ ਜਾਂਦੇ ਹਨ। ਪਾਠ ਸਮਾਪਤ ਹੋ ਜਾਂਦਾ ਹੈ, ਅਤੇ ਵਿਦਿਆਰਥੀ ਘਰ ਚਲੇ ਜਾਂਦੇ ਹਨ। ਇੱਕ ਹਫ਼ਤੇ ਦੇ ਬਾਅਦ, ਅਸੀਂ ਇਹ ਸੁਣਦੇ ਹਾਂ:

> ਸਿੱਖਿਅਕ: "ਅੱਜ, ਅਸੀਂ ਅਫ਼ਸੀਆਂ 6 ਦਾ ਅਧਿਐਨ ਕਰਾਂਗੇ, ਕ੍ਰਿਪਾ ਕਰਕੇ ਆਪਣੀਆਂ ਬਾਈਬਲਾਂ ਖੋਲ੍ਹੋ।"
>
> ਵਿਦਿਆਰਥੀ ਸੋਚਦੇ ਹਨ: "ਸਾਨੂੰ ਅਫ਼ਸੀਆਂ 6 ਦਾ ਅਧਿਐਨ ਕਰਨ ਦੀ ਕੀ ਜਰੂਰਤ ਹੈ?"

ਜੇਕਰ ਵਿਦਿਆਰਥੀ ਅਫਸੀਆਂ 6 ਦਾ ਕਲਾਸ ਤੋਂ ਪਹਿਲਾਂ ਹੀ ਅਧਿਐਨ ਕਰਨ ਤਾਂ ਇਹ ਕਿੰਨਾ ਬਿਹਤਰ ਹੋਵੇਗਾ! ਜੇਕਰ ਵਿਦਿਆਰਥੀ ਕਲਾਸ ਦੇ ਵਿੱਚ ਕੁਝ ਪ੍ਰਸ਼ਨ ਲੈ ਕੇ ਆਉਣਗੇ ਤਾਂ ਕਿ ਪਾਠ ਦੇ ਦੁਆਰਾ ਜਿਆਦਾ ਪ੍ਰਾਪਤੀ ਨਹੀਂ ਹੋਵੇਗੀ? ਜੀ ਹਾਂ! ਅਸੀਂ ਇਸਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ? ਪ੍ਰੋਫੈਸਰ ਹੈਂਡ੍ਰਿਕ ਅਜਿਹੇ ਅਸਾਇਨਮੈਂਟ ਦੇਣ ਦਾ ਸੁਝਾਅ ਦਿੰਦਾ ਹੈ ਜੋ ਵਿਦਿਆਰਥੀਆਂ ਨੂੰ ਪਾਠ ਦੇ ਲਈ ਤਿਆਰ ਕਰਦੇ ਹਨ। ਉਦਾਹਰਨ ਦੇ ਲਈ:

- ਅਜਿਹੇ ਅਸਾਇਨਮੈਂਟ ਦਿਓ ਜਿੰਨਾਂ ਦੇ ਨਾਲ ਵਿਦਿਆਰਥੀ ਉਸ ਪਾਠ ਦੇ ਬਾਰੇ ਸੋਚ ਸਕਣ ਜਿਸਦਾ ਉਨ੍ਹਾਂ ਨੇ ਅੱਗਲੇ ਹਫ਼ਤੇ ਅਧਿਐਨ ਕਰਨਾ ਹੈ। "ਅੱਗਲੇ ਐਤਵਾਰ ਤੋਂ ਪਹਿਲਾਂ, ਰਸੂਲਾਂ ਦੇ ਕਰਤੱਬ 19 ਨੂੰ ਇਹ ਸਿੱਖਣ ਲਈ ਪੜ੍ਹੋ ਕਿ ਪੌਲੁਸ ਨੇ ਅਫ਼ਸੁਸ ਦੇ ਵਿੱਚ ਕਲੀਸਿਆ ਦੀ ਸ਼ੁਰੂਆਤ ਕਿਵੇਂ ਕੀਤੀ।"
- ਅਜਿਹੇ ਅਸਾਇਨਮੈਂਟ ਦਿਓ ਜੋ ਪਾਠ ਦਾ ਪਿਛੋਕੜ ਪ੍ਰਦਾਨ ਕਰਦੇ ਹਨ। "ਅੱਗਲੇ ਐਤਵਾਰ ਤੋਂ ਪਹਿਲਾਂ, ਅਫ਼ਸੁਸ ਦੇ ਵਿੱਚ ਅਰਤਿਮਿਸ ਦੇ ਮੰਦਿਰ ਬਾਰੇ ਅਬਦਕੋਸ਼ ਦੇ ਵਿੱਚ ਪੜ੍ਹੋ। ਇਹ ਪੌਲੁਸ ਦੁਆਰਾ ਅਫ਼ਸੀਆਂ 6:10-20 ਦੱਸੇ ਆਤਮਿਕ ਯੁੱਧ ਤੇ ਦਿੱਤੇ ਜ਼ੋਰ ਦੀ ਵਿਆਖਿਆ ਕਰਨ ਵਿੱਚ ਸਹਾਇਤਾ ਕਰੇਗਾ।"

- ਅਜਿਹੇ ਅਸਾਇਨਮੈਂਟ ਦਿਓ ਜੋ ਵਿਦਿਆਰਥੀ ਦੀ ਖੁਦ ਅਧਿਐਨ ਕਰਨ ਦੀ ਯੋਗਤਾ ਨੂੰ ਵਿਕਸਿਤ ਕਰੇ। "ਇਸ ਹਫ਼ਤੇ ਵਿੱਚ ਹਰ ਦਿਨ ਇੱਕ ਵਾਰ ਅਫ਼ਸੀਆਂ 6 ਨੂੰ ਪੜ੍ਹੋ। ਜਿਵੇਂ ਤੁਸੀਂ ਪੜ੍ਹਦੇ ਹੋ, ਤਾਂ ਉਸ ਇੱਕ ਪ੍ਰਸ਼ਨ ਨੂੰ ਲਿਖੋ ਜੋ ਇਸ ਅਧਿਆਏ ਦੇ ਵਿੱਚ ਤੁਹਾਨੂੰ ਮਿਲਦਾ ਹੈ। ਅੱਗਲੇ ਐਤਵਾਰ ਅਸੀਂ ਤੁਹਾਡੇ ਪ੍ਰਸ਼ਨਾਂ ਤੇ ਚਰਚਾ ਕਰਾਂਗੇ।"

**ਪਾਠ ਦਾ ਅਭਿਆਸ ਕਰੋ**

► ਜਦੋਂ ਤੁਸੀਂ ਅੱਗਲੀ ਕਲਾਸ ਵਿੱਚ ਸਿਖਾਉਂਦੇ ਹੋ, ਤਾਂ ਵਿਦਿਆਰਥੀਆਂ ਨੂੰ ਅੱਗਲੇ ਪਾਠ ਦੇ ਲਈ ਤਿਆਰ ਕਰਨ ਦੇ ਲਈ ਇੱਕ ਅਸਾਇਨਮੈਂਟ ਦਿਓ। ਇਸ ਗੱਲ ਨੂੰ ਯਕੀਨੀ ਬਣਾਓ ਕਿ ਅਸਾਈਨਮੈਂਟ ਉਹਨਾਂ ਨੂੰ ਉਸ ਪਾਠ ਦੀ ਬਿਹਤਰ ਸਮਝ ਲਈ ਤਿਆਰ ਕਰ ਸਕੇ ਜਿਸ ਦਾ ਉਹ ਅਧਿਐਨ ਕਰਨਗੇ।

## ਸਮਾਪਤੀ: ਸਿੱਖਿਅਕ ਦੇ ਚਰਿੱਤਰ ਦਾ ਮਹੱਤਵ

ਯਿਸੂ ਜਾਣਦਾ ਸੀ ਕਿ "ਪਰ ਹਰੇਕ ਜਦ ਪੂਰਾ ਹੋ ਗਿਆ ਤਦ ਆਪਣੇ ਗੁਰੂ ਵਰਗਾ ਹੋਵੇਗਾ" (ਲੂਕਾ 6:40)। ਉਸਦੇ ਚੇਲ੍ਹੇ ਇਸ ਸਿਧਾਂਤ ਨੂੰ ਦਰਸਾਉਂਦੇ ਹਨ। ਕਿਉਂਕਿ ਉਹ ਇੱਕ ਸੰਪੂਰਨ ਪਿਆਰ ਦੇ ਨਮੂਨੇ ਦੁਆਰਾ ਸਿਖਾਇਆ ਗਿਆ ਸੀ, ਇਸ ਲਈ ਯੂਹੰਨਾ "ਗਰਜਣ ਦੇ ਪੁੱਤਰ" ਤੋਂ "ਪਿਆਰ ਦਾ ਰਸੂਲ" ਬਣ ਗਿਆ। ਕਿਉਂਕਿ ਉਹ ਵਿਸ਼ਵਾਸ ਦੇ ਨਮੂਨੇ ਦੁਆਰਾ ਸਿਖਾਇਆ ਗਿਆ ਸੀ, "ਸ਼ੱਕ ਕਰਨ ਵਾਲਾ ਥੋਮਾ", "ਭਾਰਤ ਦਾ ਰਸੂਲ" ਬਣ ਗਿਆ। ਜਦੋਂ ਉਹ ਪੂਰੀ ਤਰ੍ਹਾਂ ਸਿੱਖ ਗਏ, ਚੇਲ੍ਹੇ ਆਪਣੇ ਗੁਰੂ ਵਰਗੇ ਬਣ ਗਏ।

ਕਿਸੇ ਸਿੱਖਿਅਕ ਦੇ ਲਈ ਪਹਿਲਾ ਕਦਮ ਅਜਿਹਾ ਵਿਅਕਤੀ ਬਣਨਾ ਹੈ **ਜਿਸ ਤਰ੍ਹਾਂ ਦੇ ਉਹ ਆਪਣੇ ਵਿਦਿਆਰਥੀਆਂ ਨੂੰ ਬਣਾਉਣਾ ਚਾਹੁੰਦਾ ਹੈ।** ਜੇਕਰ ਯਿਸੂ ਖੁਦ ਸਥਿਰਤਾ ਦਾ ਨਮੂਨਾ ਨਾ ਹੁੰਦਾ ਤਾਂ ਉਹ ਅਸਥਿਰ ਪਤਰਸ ਨੂੰ ਕਦੇ ਵੀ "ਚੱਟਾਨ" ਨਹੀਂ ਬਣਾ ਸਕਦਾ ਸੀ। ਜੋ ਅਸੀਂ ਆਪਣੇ ਵਿਦਿਆਰਥੀਆਂ ਨੂੰ ਬਣਦੇ ਵੇਖਣਾ ਚਾਹੁੰਦੇ ਹਾਂ, ਸਾਨੂੰ ਆਪ ਉਹ ਬਣਨਾ ਚਾਹੀਦਾ ਹੈ।

ਪੌਲੁਸ ਨੇ ਇਸ ਸਿਧਾਂਤ ਨੂੰ ਸਮਝ ਲਿਆ। ਉਸਨੇ ਕੁਰਿੰਥੀਆਂ ਨੂੰ ਕਿਹਾ, "ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ" (1 ਕੁਰਿੰਥੀਆਂ 10:33)। ਕਿੰਨੀ ਦਿਲੇਰੀ ਵਾਲਾ ਬਿਆਨ ਹੈ! ਪੌਲੁਸ ਕਹਿੰਦਾ ਹੈ, "ਜੇਕਰ ਤੁਸੀਂ ਸਹੀ ਜੀਵਨ ਜਿਉਣਾ ਚਾਹੁੰਦੇ ਹੋ, ਮੇਰੀ ਰੀਸ ਕਰੋ।" ਕਿਉਂਕਿ ਪੌਲੁਸ ਮਸੀਹ ਦੇ ਪਿੱਛੇ ਚੱਲ ਰਿਹਾ ਸੀ, ਇਸ ਲਈ ਕੁਰਿੰਥੀਆਂ ਦਾ ਉਸਦੇ ਪਿੱਛੇ ਚੱਲਣਾ ਸੁਰੱਖਿਅਤ ਸੀ।

ਜੇਕਰ ਮੇਰੇ ਵਿਦਿਆਰਥੀ ਮੇਰੇ ਜਿਹੇ ਬਣਨਗੇ, ਤਾਂ ਮੈਨੂੰ ਪ੍ਰਸ਼ਨ ਪੁੱਛਣੇ ਚਾਹੀਦੇ ਹਨ, ਕੀ ਮੈਂ ਚਰਿੱਤਰ ਦੀਆਂ ਅਜਿਹੀਆਂ ਯੋਗਤਾਵਾਂ ਵਿਖਾਉਂਦਾ ਹਾਂ ਜੇਕਰ ਮੇਰੇ ਵਿਦਿਆਰਥੀ ਮੇਰੀ ਨਕਲ ਕਰਨ ਤਾਂ ਮੈਂ ਸ਼ਰਮਿੰਦਾ ਹੋਵਾਂਗਾ?" ਜੇਕਰ ਮੈਂ ਵਿਦਿਆਰਥੀਆਂ ਦੇ ਨਾਲ ਗੁੱਸੇ ਅਤੇ ਬੇਸਬਰੀ ਦੇ ਨਾਲ ਵਿਵਹਾਰ ਕਰਦਾ ਹਾਂ, ਤਾਂ ਫਿਰ ਮੈਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ "ਜਦੋਂ ਮੇਰੇ ਵਿਦਿਆਰਥੀ ਪੂਰੀ ਤਰ੍ਹਾਂ ਨਾਲ ਸਿੱਖ ਲੈਣਗੇ" ਤਾਂ ਉਹ ਵੀ ਦੂਸਰਿਆਂ ਦੇ ਪ੍ਰਤੀ ਗੁੱਸੇ ਅਤੇ ਬੇਸਬਰੀ ਦੇ ਨਾਲ ਵਿਵਹਾਰ ਕਰਨਗੇ।

ਚਰਿੱਤਰ ਸਿੱਖਿਅਕ ਦੇ ਲਈ ਕੇਂਦਰੀ ਹੈ। ਤੁਸੀਂ ਆਪਣੇ ਵਿਦਿਆਰਥੀਆਂ ਦੇ ਜੀਵਨ ਵਿੱਚ ਅਜਿਹੇ ਚਰਿੱਤਰ ਗੁਣ ਵਿਕਸਿਤ ਨਹੀਂ ਕਰ ਸਕਦੇ ਜਿੰਨਾਂ ਦਾ ਨਮੂਨਾ ਤੁਹਾਡੇ ਆਪਣੇ ਜੀਵਨ ਵਿੱਚ ਨਹੀਂ ਹੈ। ਕਿਸੇ ਸਿੱਖਿਅਕ ਦੇ ਲਈ ਵੱਡੀ ਸਿੱਖਿਆ ਵਿਖਾਉਣ ਨਾਲੋਂ ਕਿਤੇ ਜਿਆਦਾ ਮਹੱਤਵਪੂਰਨ ਭਗਤੀ ਵਾਲਾ ਚਰਿੱਤਰ ਵਿਖਾਉਣਾ ਹੈ। ਜੋ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਬਣਨ ਸਾਨੂੰ ਆਪ ਉਹ ਬਣਨਾ ਚਾਹੀਦਾ ਹੈ।

### ਪਾਠ ਦਾ ਅਭਿਆਸ ਕਰੋ

► ਜਿਵੇਂ ਅਸੀਂ ਯਿਸੂ ਦੀ ਤਰ੍ਹਾਂ ਸਿਖਾਉਣਾ ਪਾਠ ਨੂੰ ਸਮਾਪਤ ਕਰਦੇ ਹਾਂ, ਤਾਂ ਪਰਮੇਸ਼ੁਰ ਤੋਂ ਆਪਣੇ ਚਰਿੱਤਰ ਦੇ ਅਜਿਹੇ ਔਗੁਣਾਂ ਨੂੰ ਵਿਖਾਉਣ ਲਈ ਕਹੋ, ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਵਿਦਿਆਰਥੀ ਉਨਾਂ ਦੀ ਨਕਲ ਨਾ ਕਰਨ। ਜਰੂਰੀ ਬਦਲਅ ਕਰਨ ਦੇ ਲਈ ਪਰਮੇਸ਼ੁਰ ਦੇ ਪਾਸੋਂ ਲੋੜੀਂਦੀ ਕ੍ਰਿਪਾ ਮੰਗੋ ਤਾਂ ਕਿ ਜਦੋਂ ਤੁਹਾਡੇ ਵਿਦਿਆਰਥੀ ਪੂਰੀ ਸਿਖਲਾਈ ਲੈ ਲੈਣ, ਤਾਂ ਤੁਸੀਂ ਉਨ੍ਹਾਂ ਦੇ ਜੀਵਨਾਂ ਵਿੱਚ ਪਰਮੇਸ਼ੁਰ ਦੇ ਚਰਿੱਤਰ ਦੀ ਝਲਕ ਨੂੰ ਵੇਖ ਸਕੋ।

### ਪਾਠ 4 ਅਸਾਇਨਮੈਂਟ

ਇਸ ਪਾਠ ਦੇ ਲਈ ਅਸਾਇਨਮੈਂਟ ਇਸ ਪੂਰੇ ਪਾਠ ਦੇ ਦੌਰਾਨ ਕੀਤੇ ਗਏ ਹਨ। ਜੇਕਰ ਤੁਸੀਂ ਪਾਠ ਦੇ ਦੌਰਾਨ ਦੱਸੀਆਂ ਸਾਰੀਆਂ ਕਿਰਿਆਵਾਂ ਨੂੰ ਪੂਰਾ ਕੀਤਾ ਹੈ, ਤਾਂ ਫਿਰ ਪਾਠ 4 ਦੇ ਲਈ ਹੋਰ ਜਿਆਦਾ ਅਸਾਇਨਮੈਂਟ ਨਹੀਂ ਹਨ।

## ਪਾਠ 5

# ਯਿਸੂ ਦੀ ਤਰ੍ਹਾਂ ਪ੍ਰਚਾਰ ਕਰਨਾ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਉਨਾਂ ਯੋਗਤਾਵਾਂ ਦੀ ਪਹਿਚਾਣ ਕਰਨੀ ਜਿੰਨਾਂ ਨੇ ਯਿਸੂ ਨੂੰ ਇੱਕ ਪ੍ਰਭਾਵਸ਼ਾਲੀ ਪ੍ਰਚਾਰਕ ਬਣਾਇਆ।

(2) ਪ੍ਰਭਾਵਸ਼ਾਲੀ ਪ੍ਰਚਾਰ ਦੇ ਵਿੱਚ ਪਵਿੱਤਰ ਆਤਮਾ ਦੀ ਭੂਮਿਕਾ ਦੀ ਸ਼ਲਾਘਾ ਕਰਨਾ।

(3) ਇੱਕ ਚਰਵਾਹੇ-ਪਾਸਬਾਨ ਦੇ ਰੂਪ ਵਿੱਚ ਵਫ਼ਾਦਾਰੀ ਦੇ ਲਈ ਸਮਰਪਣ ਕਰਨਾ।

(4) ਯਿਸੂ ਦੇ ਪ੍ਰਚਾਰ ਦੇ ਨਮੂਨੇ ਦੇ ਅਨੁਸਾਰ ਇੱਕ ਪ੍ਰਚਾਰ ਤਿਆਰ ਕਰਨਾ।

### ਸੇਵਕਾਈ ਦੇ ਲਈ ਸਿਧਾਂਤ

ਪ੍ਰਭਾਵਸ਼ਾਲੀ ਪ੍ਰਚਾਰ ਸਿਰਫ਼ ਮਨੁੱਖੀ ਯਤਨਾਂ ਦਾ ਨਤੀਜਾ ਨਹੀਂ ਹੈ; ਪ੍ਰਭਾਵਸ਼ਾਲੀ ਪ੍ਰਚਾਰ ਦੇ ਪਿੱਛੇ ਪਵਿੱਤਰ ਆਤਮਾ ਦੀ ਸਮਰੱਥਾ ਹੁੰਦੀ ਹੈ।

### ਜਾਣ-ਪਛਾਣ

ਯਿਸੂ ਦੇ ਪ੍ਰਚਾਰ ਦੇ ਪ੍ਰਤੀ ਭੀੜ ਦੀ ਪ੍ਰਤੀਕਿਰਿਆ ਨੂੰ ਸੁਣੋ।

- "ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ (ਮੱਤੀ 7:28-29)।
- "ਜੋ ਸਭ ਲੋਕ ਉਹ ਦੇ ਉਪਦੇਸ਼ ਤੋਂ ਹੈਰਾਨ ਰਹਿ ਗਏ ਸਨ।" (ਮਰਕੁਸ 11:18)।
- "ਅਤੇ ਵੱਡੀ ਭੀੜ ਖੁਸ਼ੀ ਨਾਲ ਉਹ ਦੀ ਸੁਣਦੀ ਸੀ" (ਮਰਕੁਸ 12:37)।

ਯਿਸੂ ਦਾ ਪ੍ਰਚਾਰ ਸ਼ਕਤੀਸ਼ਾਲੀ ਸੀ। ਹਜਾਰਾਂ ਦੀ ਭੀੜ ਉਸਨੂੰ ਸੁਣਨ ਦੇ ਲਈ ਇਕੱਠੀ ਹੁੰਦੀ ਸੀ। ਨਿਸਚਿਤ ਹੀ ਉਸਦੇ ਪ੍ਰਚਾਰ ਦੀ ਸ਼ੈਲੀ ਅੱਜ ਸਾਡੇ ਲਈ ਨਮੂਨਾ ਹੋਣੀ ਚਾਹੀਦੀ ਹੈ। ਯਾਦ ਰੱਖੋ ਕਿ ਧਰਤੀ ਤੇ ਯਿਸੂ ਨੇ ਇੱਕ ਮਨੁੱਖ ਦੀ ਤਰ੍ਹਾਂ ਸੇਵਕਾਈ ਕੀਤੀ। ਅਜਿਹਾ ਨਾ ਸੋਚੋ, "ਜੀ ਹਾਂ ਯਿਸੂ ਸ਼ਕਤੀਸ਼ਾਲੀ ਪ੍ਰਚਾਰਕ ਸੀ; ਉਹ ਪਰਮੇਸ਼ੁਰ ਸੀ।" ਇਸਦੀ ਬਜਾਏ ਇਸ ਪ੍ਰਕਾਰ ਸੋਚੋ ਕਿ ਯਿਸੂ ਨੇ ਇੱਕ ਮਨੁੱਖ ਦੇ ਰੂਪ ਵਿੱਚ ਸ਼ਕਤੀ ਅਤੇ ਅਧਿਕਾਰ ਦੇ ਨਾਲ ਪ੍ਰਚਾਰ ਕੀਤਾ। ਉਸਦੇ ਪ੍ਰਚਾਰ ਨੇ ਸ੍ਰੋਤਿਆਂ ਨੂੰ ਸਚਿਆਈ ਦੇ ਵੱਲ ਖਿੱਚਿਆ। ਮੈਂ ਯਿਸੂ ਦੇ ਕੋਲੋਂ ਅਜਿਹਾ ਕੀ ਸਿੱਖ ਸਕਦਾ ਹਾਂ ਜੋ ਮੈਨੂੰ ਸ਼ੁਭਸਮਾਚਾਰ ਦੇ ਪ੍ਰਚਾਰ ਵਿੱਚ ਹੋਰ ਪ੍ਰਭਾਵਸ਼ਾਲੀ ਬਣਾ ਦੇਵੇ?"

► ਕਲਪਨਾ ਕਰੋ ਕਿ ਤੁਸੀਂ ਏ.ਡੀ 30 ਦੇ ਵਿੱਚ ਰਹਿੰਦੇ ਹੋਵੋ ਅਤੇ ਯਿਸੂ ਨੂੰ ਪ੍ਰਚਾਰ ਕਰਦੇ ਸੁਣੋ। ਤੁਸੀਂ ਕੀ ਵੇਖਣ ਅਤੇ ਸੁਣਨ ਦੀ ਉਮੀਦ ਕਰੋਗੇ?

## ਯਿਸੂ ਨੇ ਅਧਿਕਾਰ ਦੇ ਨਾਲ ਪ੍ਰਚਾਰ ਕੀਤਾ

► ਪੜ੍ਹੋ 2 ਕੁਰਿੰਥੀਆਂ 4:1-6.

ਜਦੋਂ ਯਿਸੂ ਨੇ ਕਫਰਨਾਹੂਮ ਵਿੱਚ ਪ੍ਰਚਾਰ ਕੀਤਾ ਤਾਂ ਲੋਕ ਉਸਦੀ ਸਿੱਖਿਆ ਤੋਂ ਬਹੁਤ ਹੈਰਾਨ ਹੋਏ, ਕਿਉਂਕਿ ਉਸਦੇ ਵਚਨਾਂ ਦੇ ਵਿੱਚ ਅਧਿਕਾਰ ਸੀ (ਲੂਕਾ 4:32)। ਪਹਾੜੀ ਉਪਦੇਸ਼ ਤੋਂ ਬਾਅਦ "ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ, ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ" (ਮੱਤੀ 7:28-29)। ਗ੍ਰੰਥੀ ਆਪਣੇ ਵਿਚਾਰਾਂ ਨੂੰ ਸਾਬਿਤ ਕਰਨ ਦੇ  ਲਈ ਯਹੂਦੀ ਧਰਮ ਗੁਰੂਆਂ ਦੇ ਹਵਾਲੇ ਦਿੰਦੇ ਸਨ, ਪਰ ਯਿਸੂ ਅਧਿਕਾਰ ਦੇ ਨਾਲ ਪ੍ਰਚਾਰ ਕਰਦਾ ਸੀ।

ਪਾਸਬਾਨਾਂ ਦੇ ਰੂਪ ਵਿੱਚ ਸਾਨੂੰ ਅਧਿਕਾਰ ਦੇ ਨਾਲ ਪ੍ਰਚਾਰ ਕਰਨਾ ਚਾਹੀਦਾ ਹੈ। ਸਾਡਾ ਅਧਿਕਾਰ ਯਿਸੂ ਦੇ ਅਧਿਕਾਰ ਨਾਲੋਂ ਅਲੱਗ ਹੈ। ਉਸਦਾ ਅਧਿਕਾਰ ਆਪਣੇ ਆਪ ਵਿੱਚ ਨਿਹਿਤ ਸੀ; ਸਾਨੂੰ ਸਾਡਾ ਅਧਿਕਾਰ ਯਿਸੂ ਮਸੀਹ ਦੇ ਪ੍ਰਤੀਨਿਧੀਆਂ ਵੱਜੋਂ ਦਿੱਤਾ ਜਾਂਦਾ ਹੈ; ਸਾਡਾ ਅਧਿਕਾਰ ਸਾਡੇ ਪ੍ਰਚਾਰ ਦੇ ਸੰਦੇਸ਼ ਵਿੱਚੋਂ ਨਿਕੱਲਦਾ ਹੈ।

### ਅਸੀਂ ਯਿਸੂ ਦੇ ਪ੍ਰਤੀਨਿਧੀਆਂ ਵੱਜੋਂ ਅਧਿਕਾਰ ਦੇ ਨਾਲ ਪ੍ਰਚਾਰ ਕਰਦੇ ਹਾਂ

ਯਿਸੂ ਨੇ ਕਿਹਾ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ।" ਅੱਗਲੇ ਵਚਨ ਦੇ ਵਿੱਚ ਉਸਨੇ ਆਪਣੇ ਪੈਰੋਕਾਰਾਂ ਨੂੰ ਕਿਹਾ, "ਇਸ ਲਈ ਤੁਸਾਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ.... ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:18-20)। ਸਾਡੇ ਕੋਲ ਅਧਿਕਾਰ ਹੈ ਕਿਉਂਕਿ ਸਾਡਾ ਮਸਹ ਯਿਸੂ ਦੇ ਪ੍ਰਤੀਨਿਧੀਆਂ ਵੱਜੋਂ ਕੀਤਾ ਗਿਆ ਹੈ।

*1783* ਵਿੱਚ, ਸੰਯੁਕਤ ਰਾਜ ਦੇ ਨੁਮਾਇੰਦੇ ਅਤੇ ਰਾਜੇ ਜਾਰਜ *III* ਦੇ ਨੁਮਾਇੰਦੇ ਅਮਰੀਕੀ ਇਨਕਲਾਬੀ ਯੁੱਧ ਨੂੰ ਖਤਮ ਕਰਨ ਲਈ ਪੈਰਿਸ ਦੀ ਸੰਧੀ 'ਤੇ ਦਸਤਖਤ ਕਰਨ ਲਈ ਮਿਲੇ। ਰਾਜੇ ਜਾਰਜ *III* ਨੇ ਸੰਧੀ 'ਤੇ ਦਸਤਖਤ ਕਰਨ ਲਈ ਪੈਰਿਸ ਦੀ ਯਾਤਰਾ ਨਹੀਂ ਕੀਤੀ। ਜਾਰਜ ਵਾਸ਼ਿੰਗਟਨ ਨੇ ਸੰਧੀ 'ਤੇ ਦਸਤਖਤ ਨਹੀਂ ਕੀਤੇ। ਹਰੇਕ ਦੇਸ਼ ਦੇ ਪ੍ਰਤੀਨਿਧਾਂ ਨੂੰ ਆਪਣੇ ਸ਼ਾਸਕ ਦੇ ਨਾਮ 'ਤੇ ਸੰਧੀ 'ਤੇ ਦਸਤਖਤ ਕਰਨ ਦਾ ਅਧਿਕਾਰ ਸੀ।

ਇਸੇ ਪ੍ਰਕਾਰ ਅਸੀਂ ਯਿਸੂ ਮਸੀਹ ਦੇ ਪ੍ਰਤੀਨਿਧੀ ਹਾਂ। ਪੌਲੁਸ ਨੇ ਲਿਖਿਆ, "ਕਿਉਂ ਜੋ ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪਰਚਾਰ ਕਰਦੇ ਹਾਂ ਭਈ ਉਹ ਪ੍ਰਭੁ ਹੈ ਅਤੇ ਅਸੀਂ ਆਪ ਯਿਸੂ ਦੇ ਨਮਿੱਤ ਤੁਹਾਡੇ ਦਾਸ ਹਾਂ" (2 ਕੁਰਿੰਥੀਆਂ 4:5)। ਪੌਲੁਸ ਦਾ ਅਧਿਕਾਰ ਉਸਦਾ ਆਪਣਾ ਨਹੀਂ ਸੀ। ਉਸ ਇੱਕ ਦਾਸ ਸੀ, ਪਰ ਉਹ ਯਿਸੂ ਮਸੀਹ ਦਾ ਪ੍ਰਤੀਨਿਧੀ ਸੀ।

### ਅਸੀਂ  ਉਸ ਸੰਦੇਸ਼ ਦੇ ਕਾਰਨ ਅਧਿਕਾਰ ਦੇ ਨਾਲ ਪ੍ਰਚਾਰ ਕਰਦੇ ਹਾਂ ਜੋ ਸਾਨੂੰ ਦਿੱਤਾ ਗਿਆ ਹੈ

ਸਾਡਾ ਅਧਿਕਾਰ ਉਨ੍ਹਾਂ ਵਚਨਾਂ ਤੋਂ ਆਉਂਦਾ ਹੈ ਜਿੰਨਾਂ ਦਾ ਅਸੀਂ ਪ੍ਰਚਾਰ ਕਰਦੇ ਹਾਂ। ਪੌਲੁਸ ਨੇ ਲਿਖਿਆ, "ਸਗੋਂ ਅਸਾਂ ਸ਼ਰਮ ਦੀਆਂ ਗੁਪਤ ਗੱਲਾਂ ਨੂੰ ਛੱਡਿਆ ਹੋਇਆ ਹੈ ਅਤੇ ਨਾ ਚਤਰਾਈ ਦੀ ਚਾਲ ਚੱਲਦੇ ਨਾ ਪਰਮੇਸ਼ੁਰ ਦੇ ਬਚਨ ਵਿੱਚ ਰਲਾ ਪਾਉਂਦੇ ਹਾਂ ਸਗੋਂ ਸਤ ਨੂੰ ਪਰਗਟ ਕਰ ਕੇ ਹਰੇਕ ਮਨੁੱਖ ਦੇ ਅੰਤਹਕਰਨ ਵਿੱਚ ਪਰਮੇਸ਼ੁਰ ਦੇ ਅੱਗੇ ਆਪਣਾ ਪਰਮਾਣ ਦਿੰਦੇ ਹਾਂ" (2 ਕੁਰਿੰਥੀਆਂ 4:2)। ਪੌਲੁਸ ਨੇ ਅਜਿਹੀ ਕੁਝ ਵੀ ਬੇਇਮਾਨੀ ਜਾਂ ਕੁਝ ਹੋਰ ਕਰਨ ਤੋਂ ਇਨਕਾਰ ਕੀਤਾ ਜੋ ਉਸਦੇ ਦੁਆਰਾ ਦਿੱਤੇ ਜਾਣ ਵਾਲੇ ਪਰਮੇਸ਼ੁਰ ਦੇ ਵਚਨ ਦੇ ਸੰਦੇਸ਼ ਨੂੰ ਕਮਜ਼ੋਰ ਕਰੇ।

ਕੁਝ ਪਾਸਬਾਨਾਂ ਨੇ ਅਜਿਹੇ ਵਿਸ਼ਵ-ਵਿਦਿਆਲਿਆਂ ਵਿੱਚ ਪੜ੍ਹੇ ਹਨ ਜਿੰਨ੍ਹਾਂ ਨੇ ਉਨ੍ਹਾਂ ਨੂੰ ਬਾਈਬਲ ਤੇ ਭਰੋਸਾ ਨਾ ਕਰਨਾ ਸਿਖਾਇਆ ਹੈ। ਉਹ ਅਧਿਕਾਰ ਦੇ ਨਾਲ ਪ੍ਰਚਾਰ ਨਹੀਂ ਕਰਦੇ। ਇਸਦੀ ਬਜਾਏ ਉਹ ਸ਼ੱਕ ਦੇ ਨਾਲ ਭਰੇ ਰਹਿੰਦੇ ਹਨ। ਅਜਿਹਾ ਕਿਉਂ ਹੈ? ਉਹ ਬਾਈਬਲ ਦੇ ਅਧਿਕਾਰ ਤੇ ਸ਼ੱਕ ਕਰਦੇ ਹਨ; ਉਹ ਸਿਰਫ਼ ਮਨੁੱਖੀ ਬੁੱਧ ਤੇ ਨਿਰਭਰ ਰਹਿੰਦੇ ਹਨ, ਸਾਡਾ ਅਧਿਕਾਰ ਪਰਮੇਸ਼ੁਰ  ਦੇ ਵਚਨਾਂ ਤੇ ਆਧਾਰਿਤ ਹੋਣਾ ਚਾਹੀਦਾ ਹੈ।

ਜੇਕਰ ਤੁਸੀਂ ਪਰਮੇਸ਼ੁਰ ਦੇ ਵਚਨਾਂ ਤੇ ਵਿਸ਼ਵਾਸ ਨਹੀਂ ਕਰਦੇ ਤਾਂ ਇਸਦਾ ਪ੍ਰਚਾਰ ਕਰਨ ਦਾ ਕੋਈ ਕਾਰਨ ਨਹੀਂ ਹੈ। ਅਸੀਂ ਤਦ ਹੀ ਅਧਿਕਾਰ ਦੇ ਨਾਲ ਪ੍ਰਚਾਰ ਕਰ ਸਕਦੇ ਹਾਂ ਜੇਕਰ ਅਸੀਂ ਪਰਮੇਸ਼ੁਰ ਦੇ ਵਚਨ ਦੇ ਸੰਦੇਸ਼ ਤੇ ਵਿਸ਼ਵਾਸ ਕਰਦੇ ਹਾਂ।

ਇਹ ਸਮਝਣਾ ਕਿ ਸਾਡਾ ਅਧਿਕਾਰ ਯਿਸੂ ਤੋਂ ਅਤੇ ਉਸ ਸੰਦੇਸ਼ ਤੋਂ ਪ੍ਰਾਪਤ ਹੁੰਦਾ ਹੈ ਜਿਸਦਾ ਅਸੀਂ ਪ੍ਰਚਾਰ ਕਰਦੇ ਹਾਂ, ਪਾਸਬਾਨਾਂ ਦੀ ਦੋ ਤਰ੍ਹਾਂ ਖ਼ਤਰਿਆਂ ਤੋਂ ਬਚਣ ਦੇ ਵਿੱਚ ਸਹਾਇਤਾ ਕਰਦਾ ਹੈ।

**(1) ਪਹਿਲਾ ਖ਼ਤਰਾ ਘਮੰਡ ਹੈ** ਜੋ ਕਹਿੰਦਾ ਹੈ, "ਮੈਂ ਪਾਸਬਾਨ ਹਾਂ। ਮੈਂ ਬੌਸ ਹਾਂ! ਮੈਨੂੰ ਕੋਈ ਪ੍ਰਸ਼ਨ ਨਹੀਂ ਪੁੱਛ ਸਕਦਾ।"

ਘਮੰਡ ਲੋਕਾਂ ਨੂੰ ਸ਼ੁਭਸਮਾਚਾਰ ਤੋਂ ਦੂਰ ਲੈ ਜਾਂਦਾ ਹੈ। ਪੌਲੁਸ ਨੇ ਕਿਹਾ, "ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪਰਚਾਰ ਕਰਦੇ ਹਾਂ" (2 ਕੁਰਿੰਥੀਆਂ 4:5)। ਸਾਡਾ ਅਧਿਕਾਰ ਯਿਸੂ ਅਤੇ ਪਰਮੇਸ਼ੁਰ ਦੇ ਵਚਨ ਤੋਂ ਆਉਂਦਾ ਹੈ।

ਜਦੋਂ ਅਸੀਂ ਗ਼ਲਤ ਹਾਂ ਤਾਂ ਸਾਡੇ ਕੋਲ ਆਪਣੀ ਗ਼ਲਤੀ ਨੂੰ ਮੰਨ ਲੈਣ ਦੀ ਹਲੀਮੀ ਹੋਣੀ ਚਾਹੀਦੀ ਹੈ । ਇੱਕ ਵਾਰ ਇੱਕ ਪਾਸਬਾਨ ਨੇ ਕਿਹਾ, "ਜੇਕਰ ਮੈਂ ਕੋਈ ਗ਼ਲਤੀ ਕਰਾਂ ਤਾਂ ਮੈਂ ਇਸਦੇ ਬਾਰੇ ਕਲੀਸਿਆ ਨੂੰ ਕਦੇ ਨਹੀਂ ਦੱਸਦਾ ਹਾਂ। ਨਹੀਂ ਤਾਂ ਉਨ੍ਹਾਂ ਦਾ ਮੇਰੇ ਅਧਿਕਾਰ ਤੇ ਭਰੋਸਾ ਨਹੀਂ ਰਹੇਗਾ।" ਇਸ ਪਾਸਬਾਨ ਇਸ ਗੱਲ ਨੂੰ ਭੁੱਲ ਗਿਆ ਕਿ ਸਾਡਾ ਅਧਿਕਾਰ ਸਾਡੀਆਂ ਗ਼ਲਤੀਵਹੀਨਤਾ ਤੇ ਆਧਾਰਿਤ ਨਹੀਂ ਹੈ; ਸਾਡਾ ਅਧਿਕਾਰ ਪਰਮੇਸ਼ੁਰ ਦੇ ਵਚਨਾਂ ਤੇ ਆਧਾਰਿਤ ਹੈ। ਸਾਨੂੰ  ਆਪਣੀ ਕਲੀਸਿਆ ਨੂੰ ਪਰਮੇਸ਼ੁਰ ਦੇ ਵਚਨ ਦੇ ਸਰਵਉੱਚ ਅਧਿਕਾਰ ਵੱਲ ਮੋੜਣਾ ਚਾਹੀਦਾ ਹੈ। ਮੇਰੇ ਸ਼ਬਦ ਮਹੱਤਵਪੂਰਨ ਨਹੀਂ ਹਨ; ਪਰਮੇਸ਼ੁਰ ਦਾ ਵਚਨ ਸਭ ਤੋਂ ਜਿਆਦਾ ਮਹੱਤਵਪੂਰਨ ਹੈ।

(2) **ਦੂਸਰਾ ਖ਼ਤਰਾ ਝੂਠੀ ਹਲੀਮੀ ਦਾ ਹੈ** ਜੋ ਕਹਿੰਦਾ ਹੈ, "ਮੈਂ ਸਿਰਫ਼ ਇੱਕ ਪਾਸਬਾਨ ਹਾਂ। ਮੇਰੇ ਕੋਲ ਕੋਈ ਅਧਿਕਾਰ ਨਹੀਂ ਹੈ। ਪੇਸ਼ੇਵਰ ਸਲਾਹਕਾਰ ਮਨੋਵਿਗਿਆਨ ਦੇ ਬਾਰੇ ਜਿਆਦਾ ਜਾਣਦੇ ਹਨ; ਵਿਗਿਆਨੀ ਧਰਤੀ ਦੇ ਅਰੰਭ ਬਾਰੇ ਕਾਫੀ ਕੁਝ ਜਾਣਦੇ ਹਨ; ਸਮਾਜ ਸ਼ਾਸਤਰੀ ਮਨੁੱਖੀ ਜਿਨਸੀ ਇੱਛਾਵਾਂ ਦੇ ਬਾਰੇ ਜਿਆਦਾ ਜਾਣਦੇ ਹਨ। ਮੈਂ ਭਾਵਨਾਤਮਕ ਜਰੂਰਤਾਂ, ਰਚਨਾ ਜਾਂ ਨੈਕਿਤਤਾ ਦੇ ਬਾਰੇ ਗੱਲ ਨਹੀਂ ਕਰ ਸਕਦਾ ਕਿਉਂਕਿ ਮੈਂ ਇੱਕ ਮਾਹਿਰ ਨਹੀਂ ਹਾਂ।"

ਪੌਲੁਸ ਨੇ ਕਿਹਾ, "ਅਸੀਂ ਦਾਸ ਹਾਂ, ਪਰ ਸਾਡੇ ਕੋਲ ਯਿਸੂ ਮਸੀਹ ਦੇ ਪ੍ਰਤੀਨਿਧੀਆਂ ਵੱਜੋਂ ਅਧਿਕਾਰ ਹੈ।" ਸੇਵਕਾਂ ਦੇ ਤੌਰ ਤੇ ਸਾਨੂੰ ਹਲੀਮੀ ਦੇ ਵਿੱਚ ਰਹਿਣਾ ਚਾਹੀਦਾ ਹੈ। ਪਰ ਯਿਸੂ ਦੇ ਪ੍ਰਤੀਨਿਧੀਆਂ ਵੱਜੋਂ ਸਾਨੂੰ ਅਧਿਕਾਰ ਦੇ ਨਾਲ ਪ੍ਰਚਾਰ ਕਰਨਾ ਚਾਹੀਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਦਾ ਸਹੀ ਪ੍ਰਚਾਰ ਕਰਦੇ ਹਾਂ, ਤਾਂ ਅਸੀਂ ਬ੍ਰਹਿਮੰਡ ਦੇ ਰਾਜੇ ਦੇ ਅਧਿਕਾਰ ਨਾਲ ਸੇਵਕਾਈ ਕਰਦੇ ਹਾਂ।

## ਯਿਸੂ ਦੇ ਪ੍ਰਚਾਰ ਸੰਦੇਸ਼ ਲੋੜਵੰਦ ਲੋਕਾਂ ਦੇ ਲਈ ਖੁਸ਼ਖਬਰੀ ਸਨ

ਯਿਸੂ ਲੋਕਾਂ ਦੀਆਂ ਜਰੂਰਤਾਂ ਨੂੰ ਸੰਬੋਧਿਤ ਕਰਦਾ ਸੀ। ਜਦੋਂ ਯਿਸੂ ਗ਼ਲੀਲ ਦੇ ਇਲਾਕੇ ਵਿੱਚ ਰਾਜ ਦਾ ਸ਼ੁਭਸਮਾਚਾਰ ਸੁਣਾ ਰਿਹਾ ਸੀ, ਤਾਂ ਉਸਨੂੰ ਭੀੜਾਂ ਦੇ ਉੱਤੇ ਤਰਸ ਆਇਆ ਕਿਉਂਕਿ ਉਹ ਪਰੇਸ਼ਾਨ ਅਤੇ ਮਜ਼ਬੂਰ ਸਨ (ਮੱਤੀ 9:35-36). ਯਹੂਦੀ ਰੋਮ ਦੇ ਬੰਧਨ ਵਿੱਚ ਸਨ; ਗ਼ਰੀਬਾਂ ਦੀ ਗ਼ਰੀਬੀ ਤੋਂ ਬਾਹਰ ਆਉਣ ਦੀ ਬਹੁਤ ਘੱਟ ਉਮੀਦ ਸੀ; ਕੋੜ੍ਹੀਆਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਸੀ; ਚੁੰਗੀ ਲੈਣ ਵਾਲੇ ਸਮਾਜ ਦੇ ਦੁਆਰਾ ਤਿਆਗ ਦਿੱਤੇ ਜਾਂਦੇ ਸਨ। ਯਿਸੂ ਨੇ ਇੰਨ੍ਹਾਂ ਸਭਨਾਂ ਨੂੰ ਉਮੀਦ ਦਾ ਪ੍ਰਸਤਾਵ ਦਿੱਤਾ।

ਜਦੋਂ ਤੁਸੀਂ ਲੋਕਾਂ ਦੀਆਂ ਜਰੂਰਤਾਂ ਬਾਰੇ ਗੱਲ ਕਰਦੇ ਹੋ ਤਾਂ ਤੁਸੀਂ ਉਨ੍ਹਾਂ ਦਾ ਧਿਆਨ ਖਿੱਚਦੇ ਹੋ। ਜੇਕਰ ਤੁਸੀਂ ਕਿਸੇ ਉਜਾੜ ਸਥਾਨ ਦੇ ਵਿੱਚ ਰਹਿੰਦੇ ਹੋ ਅਤੇ ਕਹਿੰਦੇ ਹੋ, "ਅੱਜ ਮੈਂ ਜੀਵਨ ਜਲ ਦੇ ਬਾਰੇ ਪ੍ਰਚਾਰ ਕਰਾਂਗਾ," ਮੈਂ ਧਿਆਨਪੂਰਵਕ ਸੁਣਾਂਗਾ! ਜੇਕਰ ਮੈਂ ਬਹੁਤ ਬੁੱਢਾ ਅਤੇ ਕਮਜ਼ੋਰ ਹਾਂ ਅਤੇ ਤੁਸੀਂ ਕਹਿੰਦੇ ਹੋ, "ਅੱਜ ਮੈਂ ਅਜਿਹੇ ਪਰਮੇਸ਼ੁਰ ਦੇ ਬਾਰੇ ਗੱਲ ਕਰਾਂਗਾ ਜੋ ਉਕਾਬਾਂ ਦੀ ਤਰ੍ਹਾਂ ਬਲ ਦਿੰਦਾ ਹੈ," ਮੈਂ ਜਰੂਰ ਸੁਣਾਂਗਾ!

ਯਿਸੂ ਨੇ ਸਦਾ ਯਾਦ ਰੱਖਿਆ ਕਿ ਸ਼ੁਭਸਮਾਚਾਰ ਦਾ ਅਰਥ "ਖੁਸ਼ਖਬਰੀ" ਹੈ। ਉਹ ਉਨ੍ਹਾਂ ਦੇ ਲਈ ਖੁਸ਼ਖਬਰੀ ਲੈ ਕੇ ਆਇਆ ਜਿੰਨ੍ਹਾਂ ਨੂੰ ਉਮੀਦ ਦੀ ਜਰੂਰਤ ਸੀ। ਪ੍ਰਭਾਵਸ਼ਾਲੀ ਪ੍ਰਚਾਰ ਦੇ ਦੁਆਰਾ ਸਾਨੂੰ ਸੁਣਨ ਵਾਲਿਆਂ ਨੂੰ ਉਮੀਦ ਮਿਲਣੀ ਚਾਹੀਦੀ ਹੈ। ਯਿਸੂ ਦੀ ਤਰ੍ਹਾਂ ਸਾਨੂੰ ਪੁੱਛਣਾ ਚਾਹੀਦਾ ਹੈ, "ਮੈਂ ਕਿਹੜੇ ਲੋਕਾਂ ਨੂੰ ਪ੍ਰਚਾਰ ਕਰ ਰਿਹਾ ਹਾਂ? ਉਨ੍ਹਾਂ ਦੀਆਂ ਕੀ ਜਰੂਰਤਾਂ ਹਨ?"

ਕਲਪਨਾ ਕਰੋ ਕਿ ਤੁਹਾਡੀ ਕਾਰ ਦੀ ਦੁਰਘਟਨਾ ਹੋ ਗਈ ਹੈ ਅਤੇ ਤੁਸੀਂ ਖ਼ੂਨ ਦੇ ਵਹਾਅ ਕਾਰਨ ਮਰਨ ਕਿਨਾਰੇ ਹੋ। ਹਸਪਤਾਲ ਦੇ ਵਿੱਚ ਡਾਕਟਰ ਕਾਰ ਦੁਰਘਟਨਾਵਾਂ ਦੇ ਆਂਕੜਿਆਂ ਬਾਰੇ ਰੰਗਦਾਰ ਚਾਰਟ ਵਿਖਾਉਂਦਾ ਹੈ। ਉਹ ਫੇਫੜੇ ਦੀ ਜਾਂਚ ਕਰਨ ਵਾਲੇ ਯੰਤਰ ਦੇ ਇਤਿਹਾਸਿਕ ਵਿਕਾਸ ਦਾ ਵਰਨਣ ਕਰਦਾ ਹੈ। ਅੰਤ ਵਿੱਚ, ਉਹ ਤੁਹਾਨੂੰ ਲਾਪਰਵਾਹੀ ਨਾਲ ਕਾਰ ਚਲਾਉਣ ਦੇ ਖ਼ਤਰੇ ਬਾਰੇ ਦੱਸਦਾ ਹੈ।

ਜੋ ਵੀ ਡਾਕਟਰ ਕਹਿੰਦਾ ਹੈ ਉਹ ਸਭ ਸੱਚ ਹੈ, ਪਰ ਇਸ ਨਾਲ ਤੁਹਾਡੀ ਜਰੂਰਤ ਪੂਰੀ ਨਹੀਂ ਹੁੰਦੀ ਹੈ। ਤੁਹਾਨੂੰ ਤੁਹਾਡੇ ਜ਼ਖ਼ਮਾਂ ਪੱਟੀ ਬੰਨਣ ਦੀ ਅਤੇ ਦਰਦ ਦੀ ਦਵਾਈ ਦੇਣ ਦੀ ਜਰੂਰਤ ਹੈ। ਪ੍ਰਚਾਰ ਦੇ ਵਿੱਚ ਤੱਥਾਂ ਨਾਲੋਂ ਜਿਆਦਾ ਜਾਣਕਾਰੀ ਹੋਣੀ ਚਾਹੀਦੀ ਹੈ; ਪ੍ਰਚਾਰ ਦੇ ਵਿੱਚ ਲੋਕਾਂ ਦੀਆਂ ਜਰੂਰਤਾਂ ਦੀ ਗੱਲ ਹੋਣੀ ਚਾਹੀਦੀ ਹੈ।

ਡਿੱਗੇ ਸੰਸਾਰ ਦੇ ਲਈ ਬੁਰਾ ਸਮਾਚਾਰ ਵੇਖਣਾ ਆਸਾਨ ਹੈ। ਸ਼ੁਭਸਮਾਚਾਰ ਇਸ ਨਾਲੋਂ ਵਧੇਰੇ ਕਰਦਾ ਹੈ; ਇਹ ਟੁੱਟੇ ਹੋਏ ਸੰਸਾਰ ਨੂੰ ਉਮੀਦ ਦਿੰਦਾ ਹੈ। ਯਿਸੂ ਨੇ ਹਮੇਸ਼ਾਂ ਆਪਣੇ ਸੁਣਨ ਵਾਲਿਆਂ ਦੇ ਲਈ ਉਮੀਦ ਲਿਆਂਦੀ। ਯਿਸੂ ਨੇ ਕਦੇ ਸਚਿਆਈ ਦੱਸਣ ਦੇ ਵਿੱਚ ਸਮਝੌਤਾ ਨਹੀਂ ਕੀਤਾ, ਅਤੇ ਸਾਨੂੰ ਵੀ ਸਚਿਆਈ ਦੇ ਨਾਲ ਕਦੇ ਸਮਝੌਤਾ ਨਹੀਂ ਕਰਨਾ ਚਾਹੀਦਾ। ਪਰ ਯਿਸੂ ਜਾਣਦਾ ਸੀ ਕਿ ਜਦੋਂ ਸਚਿਆਈ ਦਾ ਸਹੀ ਤਰ੍ਹਾਂ ਪ੍ਰਚਾਰ ਕੀਤਾ ਜਾਂਦਾ ਹੈ ਤਾਂ ਇਹ ਉਮੀਦ ਲਿਆਉਂਦਾ ਹੈ। ਕਿਸੇ ਪੁਰਾਣੇ ਪ੍ਰਚਾਰਕ ਨੇ ਕਿਹਾ, "ਤੁਹਾਨੂੰ ਉੱਥੇ ਖੁਰਕਣਾ ਚਾਹੀਦਾ ਹੈ ਜਿੱਥੇ ਲੋਕਾਂ ਦੇ ਖੁਰਕ ਹੁੰਦੀ ਹੈ। ਤੁਹਾਨੂੰ ਉਨ੍ਹਾਂ ਦੀਆਂ ਜਰੂਰਤਾਂ ਦੇ ਬਾਰੇ ਪ੍ਰਚਾਰ ਕਰਨਾ ਚਾਹੀਦਾ ਹੈ ਜੋ ਪਹੁੰਚਣ ਦਾ ਯਤਨ ਕਰ ਰਹੇ ਹਨ।

## ਯਿਸੂ ਦਾ ਪ੍ਰਚਾਰ ਪ੍ਰਭਾਵ ਪਾਉਣ ਵਾਲਾ ਸੀ

ਯਿਸੂ ਆਪਣੇ ਸੁਣਨ ਵਾਲਿਆਂ ਦੀਆਂ ਜਰੂਰਤਾਂ ਦੇ ਨਾਲ ਸ਼ੁਰੂ ਕਰਦਾ ਸੀ, ਪਰ ਉਸਦਾ ਉਦੇਸ਼ ਜਖ਼ਮਾਂ ਤੇ ਸਿਰਫ਼ ਅਸਥਾਈ ਪੱਟੀ ਬੰਣਨ ਨਾਲੋਂ ਜਿਆਦਾ ਗਹਿਰਾ ਸੀ। ਯਿਸੂ ਦੇ ਪ੍ਰਚਾਰ ਨੇ ਉਨ੍ਹਾਂ ਦੇ ਵਿਵੇਕ ਨੂੰ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਦੇ ਜੀਵਨ ਨੂੰ ਬਦਲਿਆ।

ਯਿਸੂ ਆਪਣੇ ਸੁਣਨ ਵਾਲਿਆਂ ਨੂੰ ਉਨ੍ਹਾਂ ਦੇ ਪਾਪ ਦੇ ਪ੍ਰਤੀ ਸਜਾ ਬਾਰੇ ਦੱਸਣ ਤੋਂ ਨਹੀਂ ਡਰਦਾ ਸੀ। ਯਿਸੂ ਨੇ ਵਿਭਚਾਰ ਵਿੱਚ ਫੜੀ ਗਈ ਔਰਤ ਨੂੰ ਕਿਹਾ, "ਮੈਂ ਵੀ ਤੈਨੂੰ ਦੋਸ਼ੀ ਨਹੀਂ ਠਹਿਰਾਉਂਦਾ," ਪਰ ਉਸਨੇ ਇਹ ਵੀ ਕਿਹਾ, "ਜਾ ਅਤੇ ਅੱਗੇ ਤੋਂ ਪਾਪ ਨਾ ਕਰੀਂ" (ਯੂਹੰਨਾ 8:11)।

ਯੂਹੰਨਾ ਯਿਸੂ ਦੀ ਸੇਵਕਾਈ ਵਿੱਚ ਬੈਤਸੈਦਾ ਦੇ ਤਲਾਬ ਦੇ ਕੋਲ ਬੈਠੇ ਅਧਰੰਗੀ ਮਨੁੱਖ ਦੀ ਕਹਾਣੀ ਦੱਸਦਾ ਹੈ। ਉਸਨੂੰ ਚੰਗਾ ਕਰਨ ਤੋਂ ਬਾਅਦ, ਯਿਸੂ ਨੇ ਕਿਹਾ, "ਵੇਖ ਹੁਣ ਤੂੰ ਚੰਗਾ ਹੋ ਗਿਆ ਹੈਂ, ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ" (ਯੂਹੰਨਾ 5:14)। ਯਿਸੂ ਪਾਪ ਦਾ ਸਾਹਮਣਾ ਕਰਨ ਤੋਂ ਕਦੇ ਵੀ ਡਰਦਾ ਨਹੀਂ ਸੀ।

ਜਦੋਂ ਯਿਸੂ ਪ੍ਰਚਾਰ ਕਰਦਾ ਸੀ ਤਾਂ ਸ੍ਰੋਤੇ ਬਹੁਤ ਪ੍ਰਭਾਵਿਤ ਹੁੰਦੇ ਸਨ। ਅੱਜ ਦੇ ਬਹੁਤ ਸਾਰੇ ਪ੍ਰਚਾਰਕਾਂ ਦੇ ਉਲਟ, ਯਿਸੂ ਨੇ ਧਰਮੀ ਜੀਵਨ ਦੀ ਜਰੂਰਤ ਬਾਰੇ ਪ੍ਰਚਾਰ ਕੀਤਾ। ਯਿਸੂ ਨੇ ਕਿਤੇ ਵੀ ਅਜਿਹਾ ਨਹੀਂ, ਮੇਰਾ ਪਿਤਾ ਨਹੀਂ ਚਾਹੁੰਦਾ ਕਿ ਤੁਸੀਂ ਉਸਦੇ ਹੁਕਮਾਂ ਦੀ ਪਾਲਣਾ ਕਰੋ।" ਇਸਦੀ ਬਜਾਏ, ਯਿਸੂ ਨੇ ਕਿਹਾ, "ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸੇ ਬਿਧ ਨਾ ਵੜੋਗੇ" (ਮੱਤੀ 5:20)। ਯਿਸੂ ਦੇ ਪ੍ਰਚਾਰ ਨੇ ਉਸਦੇ ਸਭ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕੀਤਾ।

## ਯਿਸੂ ਦਾ ਪ੍ਰਚਾਰ ਲੋਕਾਂ ਨੂੰ ਤਬਦੀਲ ਕਰਦਾ ਸੀ

> "ਬਾਈਬਲ ਸਿਰਫ਼ ਸਾਡਾ ਗਿਆਨ ਵਧਾਉਣ ਦੇ ਲਈ ਨਹੀਂ ਦਿੱਤੀ ਗਈ ਸੀ ਪਰ ਸਾਡੇ ਜੀਵਨਾਂ ਨੂੰ ਬਦਲਣ ਦੇ ਲਈ"
>
> -ਡੀ. ਐਲ ਮੂਡੀ ਤੋਂ ਲਿਆ ਗਿਆ

ਅਮਰੀਕਾ ਦੇ ਗ੍ਰਹਿ ਯੁੱਧ ਦੇ ਦੌਰਾਨ, ਰਾਸ਼ਟਰਪਤੀ ਅਬਰਾਹਾਮ ਲਿੰਕਨ ਇੱਕ ਕਲੀਸਿਆ ਦੇ ਵਿੱਚ ਗਿਆ ਜਿੱਥੇ ਡਾ. ਫਿਨੇਆਸ ਗੁਰਲੇ ਪਾਸਬਾਨ ਸੀ। ਇੱਕ ਸਭਾ ਦੇ ਬਾਅਦ, ਇੱਕ ਦੋਸਤ ਦੇ ਪੁੱਛਿਆ, "ਅੱਜ ਦੇ ਪ੍ਰਚਾਰ ਦੇ ਬਾਰੇ ਤੁਹਾਡਾ ਕੀ ਵਿਚਾਰ ਹੈ*?*" ਲਿੰਕਨ ਦੇ ਕਿਹਾ, "ਇਹ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਅਤੇ ਇਸਦੇ ਵਿੱਚ ਬਹੁਤ ਸੁੰਦਰ ਵਿਚਾਰ ਸਨ।"

ਦੋਸਤ ਦੇ ਪੁੱਛਿਆ, "ਇਸਦਾ ਮਤਲਬ ਤੁਸੀਂ ਇਸਨੂੰ ਪਸੰਦ ਕੀਤਾ*?*" ਸ਼੍ਰੀਮਾਨ ਲਿੰਕਨ ਦੇ ਹਿਚਕਿਚਾਉਂਦੇ ਹੋਏ ਕਿਹਾ, "ਨਹੀਂ, ਮੈਨੂੰ ਲੱਗਦਾ ਹੈ ਕਿ ਅੱਜ ਰਾਤ ਆਦਰਯੋਗ ਗੁਰਲੇ ਅਸਫਲ ਰਹੇ।" ਦੋਸਤ ਬਹੁਤ ਹੈਰਾਨ ਹੋਇਆ। "ਤੁਸੀਂ ਅਜਿਹਾ ਕਿਉਂ ਕਹਿ ਰਹੇ ਹੋ*?*" ਲਿੰਕਨ ਦੇ ਜੁਆਬ ਦਿੱਤਾ, "ਉਸਨੇ ਸਾਨੂੰ ਕੁਝ ਵੀ ਵੱਡਾ ਕੰਮ ਕਰਨ ਦੇ ਲਈ ਨਹੀਂ ਕਿਹਾ।" ਰਾਸ਼ਟਰਪਤੀ ਲਿੰਕਨ ਦਾ ਮੰਨਣਾ ਸੀ ਕਿ ਪ੍ਰਚਾਰ ਦੇ ਵਿੱਚ ਪ੍ਰਤੀਕਿਰਿਆ ਦੇ ਲਈ ਬੁਲਾਹਟ ਹੋਣੀ ਚਾਹੀਦੀ ਹੈ। ਉਸਦਾ ਮੰਨਣਾ ਸੀ ਕਿ ਪ੍ਰਚਾਰ ਦੇ ਨਾਲ ਸਾਡੇ ਜੀਵਨ ਬਦਲਣੇ ਚਾਹੀਦੇ ਹਨ।

► ਪੜ੍ਹੋ ਮੱਤੀ 18.

ਯਿਸੂ ਨੇ ਜੀਵਨਾਂ ਨੂੰ ਬਦਲਣ ਦੇ ਲਈ ਪ੍ਰਚਾਰ ਕੀਤਾ। ਉਸਦਾ ਪ੍ਰਚਾਰ ਅਭਿਆਸਿਕ ਸੀ। ਮੱਤੀ 18 ਦੇ ਵਿੱਚ ਯਿਸੂ ਦਾ "ਸਵਰਗ ਦੇ ਰਾਜ ਵਿੱਚ ਸੰਬੰਧਾਂ" ਬਾਰੇ ਯਿਸੂ ਦਾ ਪ੍ਰਚਾਰ ਦਰਜ ਹੈ। ਯਿਸੂ ਹੇਠਾਂ ਦੱਸੀਆਂ ਗੱਲਾਂ ਬਾਰੇ ਸਿਖਾਉਂਦਾ ਹੈ:

- ਹਲੀਮੀ ਦਾ ਮਹੱਤਵ (18:2-6)
- ਪ੍ਰੀਖਿਆ ਦੇ ਪ੍ਰਤੀ ਪ੍ਰਤੀਕਿਰਿਆ (18:7-9)
- ਗੁਆਚਿਆ ਹੋਇਆਂ ਦੇ ਪ੍ਰਤੀ ਪ੍ਰਤੀਕਿਰਿਆ (18:10-14)
- ਜੋ ਤੁਹਾਡੇ ਵਿਰੁੱਧ ਪਾਪ ਕਰਦੇ ਹਨ ਉਨ੍ਹਾਂ ਦੇ ਪ੍ਰਤੀ ਤੁਹਾਡੀ ਪ੍ਰਤੀਕਿਰਿਆ (18:15-20)
- ਮਾਫੀ ਦੀ ਜਰੂਰਤ (18:21-35)

ਇਹ ਪ੍ਰਤੀਦਿਨ ਦੇ ਜੀਵਨ ਦੇ ਮੁੱਦੇ ਹਨ। ਯਿਸੂ ਨੇ ਆਪਣੇ ਸ੍ਰੋਤਿਆਂ ਦੀਆਂ ਅਸਲ ਲੋੜਾਂ ਦੇ ਬਾਰੇ ਗੱਲ ਕੀਤੀ। ਉਸਨੇ ਜੀਵਨਾਂ ਨੂੰ ਬਦਲਣ ਦੇ ਲਈ ਪ੍ਰਚਾਰ ਕੀਤਾ।

ਯਿਸੂ ਨੇ ਜਨਮ ਦੇ ਅੰਨ੍ਹੇ ਨੂੰ ਚੰਗਿਆਈ ਪ੍ਰਦਾਨ ਕੀਤੀ, ਅਤੇ ਫਿਰ ਉਸਨੂੰ ਅਜਿਹਾ ਜੋ ਸੰਦੇਸ਼ ਦਿੱਤਾ ਜੋ ਉਸ ਮਨੁੱਖ ਦੇ ਜੀਵਨ ਨੂੰ ਸਦੀਪਕਤਾ ਦੇ ਲਈ ਬਦਲ ਦੇਵੇਗਾ।

ਯਿਸੂ ਨੇ ਸੁਣਿਆ ਜੋ ਉਨ੍ਹਾਂ ਉਹ ਨੂੰ ਛੇਕ ਦਿੱਤਾ ਅਤੇ ਉਹ ਨੂੰ ਲੱਭ ਕੇ ਆਖਿਆ, "ਕੀ ਤੂੰ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਕਰਦਾ ਹੈਂ?" ਉਹ ਨੇ ਉੱਤਰ ਦਿੱਤਾ, ਪ੍ਰਭੂ ਜੀ, "ਉਹ ਕੌਣ ਹੈ ਜੋ ਮੈਂ ਉਸ ਉੱਤੇ ਨਿਹਚਾ ਕਰਾਂ? ਯਿਸੂ ਨੇ ਉਹ ਨੂੰ ਆਖਿਆ, ਤੈਂ ਉਸ ਨੂੰ ਵੇਖਿਆ ਭੀ ਹੈ ਅਤੇ ਨਾਲੇ ਉਹ ਜੋ ਤੇਰੇ ਸੰਗ ਗੱਲਾਂ ਕਰਦਾ ਹੈ ਸੋਈ ਹੈ।" ਤਾਂ ਉਹ ਬੋਲਿਆ, ਪ੍ਰਭੂ ਜੀ ਮੈਂ ਨਿਹਚਾ ਕਰਦਾ ਹਾਂ! ਅਤੇ ਉਸ ਨੂੰ ਮੱਥਾ ਟੇਕਿਆ (ਯੂਹੰਨਾ 9:35-38)।

ਯਿਸੂ ਦੇ ਭੁੱਖੇ ਲੋਕਾਂ ਨੂੰ ਰੋਟੀ ਪ੍ਰਦਾਨ ਕੀਤੀ, ਅਤੇ ਫਿਰ ਸਚਿਆਈ ਦਾ ਪ੍ਰਚਾਰ ਕੀਤਾ ਜੋ ਉਨ੍ਹਾਂ ਦੇ ਜੀਵਨਾਂ ਨੂੰ ਸਦੀਪਕਤਾ ਦੇ ਲਈ ਦੇਵੇਗਾ। "ਜੀਉਣ ਦੀ ਰੋਟੀ ਮੈਂ ਹਾਂ । ਜੋ ਮੇਰੇ ਕੋਲ ਆਉਂਦਾ ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਤਿਹਾਇਆ ਨਾ ਹੋਵੇਗਾ।" (ਯੂਹੰਨਾ 6:35)।

ਜੀਵਨਾਂ ਨੂੰ ਬਦਲਣ ਵਾਲਾ ਪ੍ਰਚਾਰ ਪਰਮੇਸ਼ੁਰ ਦੇ ਵਚਨ ਦੀ ਸਚਿਆਈ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਇਕੱਠਿਆਂ ਕਰਕੇ ਪੇਸ਼ ਕਰਦਾ ਹੈ। ਪ੍ਰਭਾਵਸ਼ਾਲੀ ਪ੍ਰਚਾਰ ਲੋਕਾਂ ਦੀਆਂ ਜਰੂਰਤਾਂ ਦੇ ਲਈ ਪਰਮੇਸ਼ੁਰ ਦੀ ਸਚਿਆਈ ਨੂੰ ਪੇਸ਼ ਕਰਦਾ ਹੈ।

ਜਦੋਂ ਯਿਸੂ ਨੇ ਪ੍ਰਚਾਰ ਕਰਦਾ ਸੀ, ਉਹ ਮਨ, ਭਾਵਨਾਵਾਂ ਅਤੇ ਇੱਛਾ ਦੇ ਨਾਲ ਗੱਲ ਕਰਦਾ ਸੀ। ਇਹ ਸਭ ਸੱਚੇ ਬਦਲਾਅ ਵਿੱਚ ਸ਼ਾਮਿਲ ਹਨ।

### ਯਿਸੂ ਮਨ ਦੇ ਨਾਲ ਗੱਲ ਕਰਦਾ ਸੀ

ਜਦੋਂ ਤੁਸੀਂ ਮੱਤੀ 18 ਦੇ ਵਿੱਚ ਯਿਸੂ ਦੇ ਪ੍ਰਚਾਰ ਨੂੰ ਪੜ੍ਹਦੇ ਹੋ, ਤਾਂ ਤੁਸੀਂ ਸੰਬੰਧਾਂ ਬਾਰੇ ਹੁਣ ਤੱਕ ਦੀ ਸਭ ਤੋਂ ਬੁੱਧੀਮਾਨੀ ਵਾਲੀ ਸਿੱਖਿਆ ਵਾਲੀ ਨੂੰ ਪੜ੍ਹ ਰਹੇ ਹੋ। ਅਜਿਹੇ ਸਮਾਜ ਦੀ ਕਲਪਨਾ ਕਰੋ ਜਿੱਥੇ ਲੋਕ ਇੱਕ ਦੂਸਰੇ ਦੇ ਨਾਲ ਹਲੀਮੀ ਦੇ ਨਾਲ ਵਿਵਹਾਰ ਕਰਦੇ ਹੋਣ। ਅਜਿਹੇ ਸਮਾਜ ਦੀ ਕਲਪਨਾ ਕਰੋ ਜਿੱਥੇ ਮਾਫੀ ਦੇਣਾ ਇੱਕ ਨਿਯਮ ਹੋਵੇ। ਯਿਸੂ ਨੇ ਆਪਣੇ ਸੁਣਨ ਵਾਲਿਆਂ ਦੇ ਮਨਾਂ ਨਾਲ ਬੁੱਧ ਦੀ ਗੱਲ ਕੀਤੀ।

### ਯਿਸੂ ਭਾਵਨਾਵਾਂ ਦੇ ਨਾਲ ਗੱਲ ਕਰਦਾ ਸੀ

ਸ਼ੁਭਸਮਾਚਾਰਾਂ ਵਿੱਚ 34 ਵਾਰ ਯਿਸੂ ਦੇ ਸੁਣਨ ਵਾਲਿਆਂ ਦੀ ਹੈਰਾਨੀ, ਅਚੰਭੇ, ਹੈਰਾਨ ਹੋ ਜਾਣ ਦੇ ਬਾਰੇ ਗੱਲ ਕਰਦੇ ਹਨ। ਇਮਾਊਸ ਦੀ ਰਾਹ ਤੇ ਚੇਲ੍ਹਿਆਂ ਨੇ ਕਿਹਾ, "ਭਈ ਜਾਂ ਉਹ ਰਾਹ ਵਿੱਚ ਸਾਡੇ ਨਾਲ ਗੱਲਾਂ ਕਰਦਾ ਅਤੇ ਸਾਡੇ ਲਈ ਪੁਸਤਕਾਂ ਦਾ ਅਰਥ ਖੋਲ੍ਹਦਾ ਸੀ ਤਾਂ ਕਿ ਸਾਡਾ ਦਿਲ ਸਾਡੇ ਅੰਦਰ ਗਰਮ ਨਹੀਂ ਸੀ ਹੁੰਦਾ?" (ਲੂਕਾ 24:32) ਜੋ ਯਿਸੂ ਦੇ ਪ੍ਰਚਾਰ ਜੋ ਸੁਣਦੇ ਸਨ ਉਹ ਉਸਦੇ ਕ੍ਰਿਪਾਮਈ ਸ਼ਬਦਾਂ ਤੋਂ ਅਨੰਦ ਪ੍ਰਾਪਤ ਕਰਦੇ ਸਨ, ਆਪਣੇ ਪਾਪਾਂ ਦੇ ਪ੍ਰਤੀ ਦੁਖੀ ਹੁੰਦੇ ਸਨ, ਸਭ ਤੋਂ ਜਿਆਦਾ, ਭਵਿੱਖ ਦੀ ਉਮੀਦ ਪ੍ਰਾਪਤ ਕਰਦੇ ਸਨ।

## ਯਿਸੂ ਇੱਛਾ ਦੇ ਨਾਲ ਗੱਲ ਕਰਦਾ ਸੀ

ਯਿਸੂ ਸਿਰਫ਼ ਸੁਣਨ ਵਾਲਿਆਂ ਦੇ ਹੋਣ ਨਾਲ ਹੀ ਸੰਤੁਸ਼ਟ ਨਹੀਂ ਸੀ; ਉਸਨੇ ਪੈਰੋਕਾਰਾਂ ਨੂੰ ਬੁਲਾਇਆ। ਯਿਸੂ ਸਿਰਫ਼ ਬਾਹਰੀ ਬਦਲਾਅ ਦੇ ਨਾਲ ਸੰਤੁਸ਼ਟ ਨਹੀਂ ਸੀ; ਉਸਨੇ ਤਦਬੀਲ ਕੀਤੇ ਹੋਏ ਮਨਾਂ ਅਤੇ ਜੀਵਨਾਂ ਦੇ ਲਈ ਬੁਲਾਹਟ ਦਿੱਤੀ। ਚਾਹੇ ਇਹ ਪਾਪ ਭਰੇ ਪਿਛੋਕੜ ਵਾਲੀ ਸਾਮਰੀ ਔਰਤ ਸੀ ਜਾਂ ਧਨੀ ਜੁਆਨ ਸੀ ਜੋ ਧਿਆਨਪੂਰਵਕ ਸ਼ਰਾ ਦੇ ਪਿੱਛੇ ਚੱਲਦਾ ਸੀ, ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਪਰਮੇਸ਼ੁਰ ਦੀ ਇੱਛਾ ਦੇ ਅੱਗੇ ਸਮਰਪਿਤ ਹੋ ਜਾਣ ਦੇ ਲਈ ਬੁਲਾਇਆ। ਜਦੋਂ ਅਸੀਂ ਯਿਸੂ ਦੀ ਤਰ੍ਹਾਂ ਪ੍ਰਚਾਰ ਕਰਦੇ ਹਾਂ, ਤਾਂ ਅਸੀਂ ਆਪਣੇ ਸ੍ਰੋਤਿਆਂ ਨੂੰ ਜੀਵਨ ਦੀ ਨਵੀਂ ਸ਼ੈਲੀ ਦੇ ਵਿੱਚ ਆਉਣ ਦਾ ਸੱਦਾ ਦਿੰਦੇ ਹਾਂ।

### ਇੱਕ ਨੇੜੇ ਦੀ ਝਾਤ: ਕੀ ਤੁਸੀਂ ਸ਼ੁਭਸਮਾਚਾਰ ਦਾ ਪ੍ਰਚਾਰ ਕਰ ਰਹੇ ਹੋ*?*

ਇੱਕ ਪਾਸਬਾਨ ਨੇ ਰੋਮੀਆਂ 1 ਦੇ ਵਿੱਚੋਂ ਸਮਲੈਂਗਿਕਤਾ ਦੇ ਪਾਪ ਦੇ ਵਿਰੁੱਧ ਪ੍ਰਚਾਰ ਕੀਤਾ। ਉਸਨੇ ਸਚਿਆਈ ਦਾ ਪ੍ਰਚਾਰ ਕੀਤਾ। ਪਰ ਇਸ ਵਿੱਚ ਕੁਝ ਕਮੀ ਸੀ...ਉਸ ਕਲੀਸਿਆ ਦੇ ਵਿੱਚ ਇੱਕ ਅਜਿਹਾ ਨੌਜਵਾਨ ਬੈਠਾ ਹੋਇਆ ਸੀ ਜੋ ਇਸੇ ਤਰ੍ਹਾਂ ਦੀ ਜਿਨਸੀ ਇੱਛਾਵਾਂ ਦੇ ਨਾਲ ਸੰਘਰਸ਼ ਕਰ ਰਿਹਾ ਸੀ। ਇਹ ਨੌਜਵਾਨ ਜਾਣਦਾ ਹੈ ਕਿ ਸਮਲੈਂਗਿਕਤਾ ਪਾਪ ਹੈ ਅਤੇ ਉਸਨੇ ਇਸ ਤੋਂ ਆਜਾਦ ਹੋਣ ਦੇ ਲਈ ਪ੍ਰਾਥਨਾ ਕਰਨੀ ਸ਼ੁਰੂ ਕੀਤੀ। ਉਹ ਆਪਣੇ ਪਾਪ ਦੀ ਸਚਿਆਈ ਬਾਰੇ ਜਾਣਦਾ ਹੈ*;* ਉਸਨੂੰ ਖੁਸ਼ਖਬਰੀ (ਸ਼ੁਭਸਮਾਚਾਰ) ਸੁਣਨ ਦੀ ਜਰੂਰਤ ਹੈ ਕਿ ਪਰਮੇਸ਼ੁਰ ਉਸਨੂੰ ਇਸ ਪ੍ਰੀਖਿਆ ਦੇ ਉੱਤੇ ਜਿੱਤ ਦੇ ਸਕਦਾ ਹੈ।

ਇੱਕ ਪਾਸਬਾਨ ਨੇ ਤਲਾਕ ਦੇ ਵਿਰੁੱਧ ਯਿਸੂ ਦੀ ਚੇਤਾਵਨੀ ਦਾ ਹਵਾਲਾ ਦਿੱਤਾ। ਉਸਨੇ ਅਜਿਹੇ ਕਾਨੂੰਨਾਂ ਤੇ ਵਿਰਲਾਪ ਕੀਤਾ ਜੋ ਆਸਾਨ ਤਲਾਕ ਦੀ ਪ੍ਰਵਾਨਗੀ ਦੇ ਦਿੰਦੇ ਹਨ। ਉਸਨੇ ਸਚਿਆਈ ਦਾ ਪ੍ਰਚਾਰ ਕੀਤਾ। ਪਰ ਇਸਦੇ ਵਿੱਚ ਕੁਝ ਕਮੀ ਸੀ...ਉਹ ਹਫ਼ਤੇ ਦੋ ਬੱਚਿਆਂ ਦੇ ਮਾਤਾ-ਪਿਤਾ ਇੱਕ ਜੁਆਨ ਜੋੜਾ ਤਲਾਕ ਕਰਵਾਉਣ ਵਾਲੇ ਵਲੀਕ ਨੂੰ ਮਿਲਿਆ ਸੀ ਕਿਉਂਕਿ ਉਹ ਉਸ ਝਗੜੇ ਦਾ ਨਬੇੜਾ ਨਹੀਂ ਕਰ ਸਕੇ ਜੋ ਉਨ੍ਹਾਂ ਦੇ ਵਿਆਹ ਸੰਬੰਧ ਨੂੰ ਤੋੜ ਰਿਹਾ ਸੀ। ਉਹ ਜਾਣਦੇ ਹਨ ਕਿ ਤਲਾਕ ਲੈਣਾ ਪਾਪ ਹੈ*;* ਉਨ੍ਹਾਂ ਨੂੰ ਖੁਸ਼ਖਬਰੀ (ਸ਼ੁਭਸਮਾਚਾਰ) ਸੁਣਨ ਦੀ ਜਰੂਰਤ ਹੈ ਕਿ ਯਿਸੂ ਉਨ੍ਹਾਂ ਦੇ ਟੁੱਟ ਰਹੇ ਵਿਆਹ ਸੰਬੰਧ ਨੂੰ ਚੰਗਾ ਕਰ ਸਕਦਾ ਹੈ।

ਇੱਕ ਪਾਸਬਾਨ ਦੇ ਚਿੱਲਾ ਕੇ ਕਿਹਾ ਕਿ "ਗਰਭਪਾਤ ਦੇ ਨਾਲ ਦਿਰਦੋਸ਼ ਬੱਚਿਆਂ ਦਾ ਕਤਲ ਹੁੰਦਾ ਹੈ।" ਉਸਨੇ ਸਚਿਆਈ ਦਾ ਪ੍ਰਚਾਰ ਕੀਤਾ। ਪਰ ਇਸਦੇ ਵਿੱਚ ਕੁਝ ਕਮੀ ਸੀ...ਉਸ ਕਲੀਸਿਆ ਦੇ ਵਿੱਚ ਇੱਕ ਅੱਧਖੜ ਉਮਰ ਦੀ ਇਸਤਰੀ ਹੈ ਜੋ ਉਸ ਦਿਨ ਨੂੰ ਯਾਦ ਕਰਕੇ ਰੋਂਦੀ ਹੈ ਜਦੋਂ ਉਹ ਅਣਵਿਆਹੀ ਕਿਸ਼ੋਰ ਸਥਿਤੀ ਦੇ ਵਿੱਚ ਗਰਭਪਾਤ ਕਰਨ ਵਾਲੇ ਕਲੀਨਿਕ ਦੇ ਵਿੱਚ ਗਈ ਸੀ। ਵੀਹ ਸਾਲਾਂ ਦੇ ਬਾਅਦ ਉਸਨੂੰ ਅੱਜ ਵੀ ਸ਼ੱਕ ਹੈ ਕਿ ਪਰਮੇਸ਼ੁਰ ਉਸਦੇ ਇਸ ਪਾਪ ਨੂੰ ਮਾਫ਼ ਕਰ ਦੇਵੇਗਾ ਜਾਂ ਨਹੀਂ। ਉਹ ਜਾਣਦੀ ਹੈ ਕਿ ਗਰਭਪਾਤ ਪਾਪ ਹੈ*;* ਉਸਨੂੰ ਖੁਸ਼ਖਬਰੀ (ਸ਼ੁਭਸਮਾਚਾਰ) ਸੁਣਨ ਦੀ ਜਰੂਰਤ ਹੈ ਕਿ ਪਰਮੇਸ਼ੁਰ ਉਸਦੇ ਅਤੀਤ ਦੇ ਪਾਪਾਂ ਨੂੰ ਮਾਫ਼ ਕਰਨ ਦਾ ਪ੍ਰਸਤਾਵ ਦਿੰਦਾ ਹੈ।

ਯਿਸੂ ਨੇ ਕਦੇ ਵੀ ਪਾਪ ਦੇ ਨਾਲ ਸਮਝੌਤਾ ਨਹੀਂ ਕੀਤਾ, ਪਰ ਉਹ ਕਦੇ ਵੀ ਉਮੀਦ ਨੂੰ ਲਿਆਉਣਾ ਨਹੀਂ ਭੁੱਲਿਆ। ਉਹ ਜਾਣਦਾ ਸੀ ਕਿ ਸ਼ੁਭਸਮਾਚਾਰ ਜੀਵਨਾਂ ਨੂੰ ਬਦਲਦਾ ਹੈ। ਉਹ ਸਮਲੈਂਗਿਕ ਜਿਨਸੀ ਆਕਰਸ਼ਣ ਦੇ ਨਾਲ ਸੰਘਰਸ਼ ਕਰ ਰਹੇ ਜੁਆਨ ਨੂੰ ਕਹੇਗਾ, "ਮੇਰੀ ਕ੍ਰਿਪਾ ਤੇਰੇ ਲਈ ਉਸ ਪ੍ਰੀਖਿਆ ਤੇ ਜਿੱਤ ਪਾਉਣ ਦੇ ਲਈ ਬਥੇਰੀ ਹੈ।" ਇੱਕ ਟੁੱਟੇ ਹੋਏ ਵਿਆਹ ਸੰਬੰਧ ਦਾ ਸਾਹਮਣਾ ਕਰਨ ਵਾਲੇ ਜੋੜੇ ਨੂੰ ਉਹ ਕਹੇਗਾ, "ਮੈਂ ਪਿਆਰ ਕਰਨ ਵਾਲੇ ਦਿਲ ਨੂੰ ਅਜਿਹੇ ਜੀਵਨ-ਸਾਥੀ ਦੇ ਲਈ ਵੀ ਮੁੜ-ਬਹਾਲ ਕਰ ਸਕਦਾ ਹਾਂ ਜੋ ਜਿਆਦਾ ਪਿਆਰ ਕਰਨ ਯੋਗ ਪ੍ਰਤੀਤ ਨਹੀਂ ਹੁੰਦਾ।" ਉਸ ਔਰਤ ਨੂੰ ਜਿਸਨੇ ਆਪਣੇ ਅਣ-ਜਨਮੇ ਬੱਚੇ ਦੇ ਵਿਰੁੱਧ ਪਾਪ ਕੀਤਾ, ਯਿਸੂ ਕਹੇਗਾ, "ਜਿਵੇਂ ਮੈਂ ਬਾਕੀ ਦੇ ਪਾਪ ਮਾਫ਼ ਕਰਦਾ ਹਾਂ ਉਸੇ ਤਰ੍ਹਾਂ ਮੈਂ ਗਰਭਪਾਤ ਦੇ ਪਾਪ ਨੂੰ ਵੀ ਮਾਫ਼ ਕਰ ਦੇਵਾਂਗਾ। ਜਾ ਅਤੇ ਅੱਗੇ ਤੋਂ ਪਾਪ ਨਾ ਕਰੀਂ।"

ਸ਼ੁਭਸਮਾਚਾਰ ਦੇ ਵਿੱਚ ਪਾਪ ਦੀ ਸਜਾ ਦਾ ਸੰਦੇਸ਼ ਸ਼ਾਮਿਲ ਹੈ। ਸਾਨੂੰ ਸਜਾ ਦਾ ਪ੍ਰਚਾਰ ਅਧਿਕਾਰ ਦੇ ਨਾਲ ਕਰਨਾ ਚਾਹੀਦਾ ਹੈ। ਪਰ ਯਿਸੂ ਦੀ ਤਰ੍ਹਾਂ ਪ੍ਰਚਾਰ ਕਰਨ ਦੇ ਲਈ, ਸਾਨੂੰ ਕ੍ਰਿਪਾ ਦੀ ਸ਼ਕਤੀ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਸਾਨੂੰ ਟੁੱਟੇ ਹੋਏ ਸੰਸਾਰ ਦੇ ਵਿੱਚ ਪਰਮੇਸ਼ੁਰ ਦੀ ਕ੍ਰਿਪਾ ਦੇ ਸ਼ੁਭਸਮਾਚਾਰ ਨੂੰ ਜਰੂਰ ਲਿਆਉਣਾ ਚਾਹੀਦਾ ਹੈ।

ਸ਼ੁਭਸਮਾਚਾਰ ਦੇ ਵਿੱਚ ਹਮੇਸ਼ਾਂ ਖੁਸ਼ਖਬਰੀ ਦੇ ਦੋ ਹਿੱਸੇ ਸ਼ਾਮਿਲ ਹੁੰਦੇ ਹਨ। ਪਹਿਲਾ ਸ਼ੁਭਸਮਾਚਾਰ ਦੱਸਦਾ ਹੈ ਕਿ ਪਰਮੇਸ਼ੁਰ ਨੇ ਸਾਡੇ ਲਈ ਕੀ ਕੀਤਾ ਹੈ। ਇਹ ਨਾ-ਉਮੀਦੀ ਭਰੇ ਸੰਸਾਰ ਦੇ ਵਿੱਚ ਉਮੀਦ ਨੂੰ ਲਿਆਉਂਦਾ ਹੈ।

ਫਿਰ, ਸ਼ੁਭਸਮਾਚਾਰ ਸਾਨੂੰ ਦੱਸਦਾ ਹੈ ਕਿ ਅਸੀਂ ਪਵਿੱਤਰ ਆਤਮਾ ਦੀ ਸ਼ਕਤੀ ਦੇ ਦੁਆਰਾ ਕੀ ਬਣ ਸਕਦੇ ਹਾਂ। ਸ਼ੁਭਸਮਾਚਾਰ ਕਦੇ ਸਾਨੂੰ ਉੱਥੇ ਨਹੀਂ ਛੱਡਦਾ ਜਿੱਥੇ ਅਸੀਂ ਪਹਿਲਾਂ ਸੀ; ਇਹ ਸਾਨੂੰ ਪਰਮੇਸ਼ੁਰ ਦੇ ਨਾਲ ਇੱਕ ਗਹਿਰੇ ਸੰਬੰਧ ਵਿੱਚ ਆਉਣ ਦੀ ਚੁਨੌਤੀ ਦਿੰਦਾ ਹੈ।

### ਯਿਸੂ ਦਾ ਪ੍ਰਚਾਰ ਸਾਧਾਰਨ ਅਤੇ ਯਾਦ ਕਰਨ ਯੋਗ ਸੀ।

ਯਿਸੂ ਕਦੇ ਵੀ ਸੱਚਾਈ ਨੂੰ ਲੋਕਾਂ ਲਈ ਨਿਰਸ ਨਹੀਂ ਬਣਾਉਂਦਾ ਸੀ। ਉਹ ਇੱਕ ਸਾਧਾਰਨ ਅਤੇ ਸਿੱਧੇ ਢੰਗ ਨਾਲ ਪ੍ਰਚਾਰ ਕਰਨਾ ਜਾਣਦਾ ਸੀ। ਉਸਨੇ ਡੂੰਘੀਆਂ ਸਚਿਆਈਆਂ ਦੇ ਬਾਰੇ ਦੱਸਿਆ, ਪਰ ਉਸਨੇ ਸ੍ਰੋਤਿਆਂ ਦੇ ਵਿੱਚਕਾਰ ਸਭ ਤੋਂ ਅਣਪੜ੍ਹ ਵਿਅਕਤੀ ਦੀ ਵੀ ਰੁਚੀ ਬਣਾਈ ਰੱਖੀ।

ਇੱਕ ਪ੍ਰਭਾਵਸ਼ਾਲੀ ਪ੍ਰਚਾਰਕ ਦਾ ਟੀਚਾ ਸ੍ਰੋਤਿਆਂ ਨੂੰ ਆਪਣੇ ਗਿਆਨ ਦੇ ਨਾਲ ਪ੍ਰਭਾਵਿਤ ਕਰਨਾ ਨਹੀਂ ਹੈ। ਪ੍ਰਚਾਰਕ ਦਾ ਟੀਚਾ ਪਰਮੇਸ਼ੁਰ ਦੇ ਵਚਨ ਨੂੰ ਸਾਧਾਰਨ ਅਤੇ ਸਮਰੱਥੀ ਢੰਗ ਨਾਲ ਸੁਣਾਉਣਾ ਹੈ ਅਤੇ ਪਵਿੱਤਰ ਆਤਮਾ ਨੂੰ ਪ੍ਰਵਾਨਗੀ ਦੇਣਾ ਹੈ ਕਿ ਉਹ ਪਰਮੇਸ਼ੁਰ ਦਾ ਵਚਨ ਸੁਣਨ ਵਾਲਿਆਂ ਨੂੰ ਪਰਮੇਸ਼ੁਰ ਦੇ ਵਚਨ ਦੀ ਸਚਿਆਈ ਦੇ ਨਾਲ ਪ੍ਰਭਾਵਿਤ ਕਰ ਸਕੇ।

ਯਿਸੂ ਨੇ ਆਪਣੇ ਪ੍ਰਚਾਰ ਨੂੰ ਸਾਧਾਰਨ ਅਤੇ ਰੋਚਕ ਕਿਵੇਂ ਬਣਾਇਆ*?*

### ਯਿਸੂ ਨੇ ਕਹਾਣੀਆਂ ਸੁਣਾਈਆਂ

ਜੋ ਯਿਸੂ ਦੇ ਪ੍ਰਚਾਰ ਨੂੰ ਸੁਣਦੇ ਸਨ ਉਹ ਅਕਸਰ ਇੰਨਾਂ ਸ਼ਬਦਾਂ ਨੂੰ ਸੁਣਦੇ ਸਨ, "ਮੈਂ ਤੁਹਾਨੂੰ ਇੱਕ ਕਹਾਣੀ ਦੱਸਦਾ ਹਾਂ।" ਉਸ ਦੀਆਂ ਕਹਾਣੀਆਂ ਉਸਦੇ ਸ੍ਰੋਤਿਆਂ ਨੂੰ ਖਿੱਚਦੀਆਂ ਸਨ ਅਤੇ ਉਸਦੇ ਸੰਦੇਸ਼ ਦੇ ਲਈ ਉਨ੍ਹਾਂ ਦੇ ਕੰਨ ਖੋਲ੍ਹ ਦਿੰਦੀਆਂ ਸਨ।

ਸਾਡੇ ਵਿੱਚੋਂ ਜਿਆਦਾਤਰ ਲੋਕ ਤਿੰਨ ਬਿੰਦੂਆਂ ਦੇ ਪ੍ਰਚਾਰ ਨਾਲੋਂ ਜਿਆਦਾ ਕਹਾਣੀ ਨੂੰ ਲੰਬੇ ਸਮੇਂ ਤੱਕ ਯਾਦ ਰੱਖ ਸਕਦੇ ਹਨ। ਚੰਗੀਆਂ ਕਹਾਣੀਆਂ ਪ੍ਰਚਾਰ ਨੂੰ ਇਸ ਪ੍ਰਕਾਰ ਪੇਸ਼ ਕਰਦੀਆਂ ਹਨ ਤਾਂ ਕਿ ਅਸੀਂ ਪ੍ਰਚਾਰ ਦੇ ਮੁੱਖ ਬਿੰਦੂ ਨੂੰ ਯਾਦ ਰੱਖ ਸਕੀਏ। ਇੱਕ ਵਧੀਆ ਕਹਾਣੀ ਉਸ ਸੰਦੇਸ਼ ਦਾ ਸਾਰ ਹੁੰਦੀ ਹੈ ਜੋ ਪ੍ਰਚਾਰਕ ਦੱਸਣਾ ਚਾਹੁੰਦਾ ਹੈ।

► ਤੁਸੀਂ ਕਿਸੇ ਪ੍ਰਚਾਰ ਵਿੱਚ ਸੁਣੀ ਕਹਾਣੀ ਤੇ ਚਰਚਾ ਕਰੋ। ਕੀ ਇਸ ਨੇ ਪ੍ਰਚਾਰਕ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਦੇ ਨਾਲ ਦੱਸਿਆ? ਕੀ ਤੁਹਾਨੂੰ ਇਸ ਕਹਾਣੀ ਦਾ ਉਦੇਸ਼ ਯਾਦ ਹੈ? ਕੀ ਪ੍ਰਚਾਰ ਕਹਾਣੀ ਦੇ ਬਿਨਾਂ ਇੰਨਾਂ ਪ੍ਰਭਾਵਸ਼ਾਲੀ ਅਤੇ ਯਾਦਗਾਰ ਹੋ ਸਕਦਾ ਸੀ?

### ਯਿਸੂ ਨੇ ਸਾਧਾਰਨ ਭਾਸ਼ਾ ਦਾ ਉਪਯੋਗ ਕਰਦਾ ਸੀ

ਜਿੰਨਾਂ ਬਿਹਤਰ ਇੱਕ ਸਿੱਖਿਅਕ ਕਿਸੇ ਧਾਰਨਾ ਨੂੰ ਸਮਝਦਾ ਹੈ, ਉਨੇ ਹੀ ਸਾਧਾਰਨ ਢੰਗ ਦੇ ਨਾਲ ਉਹ ਵਿਦਿਆਰਥੀ ਦੇ ਲਈ ਇਸਦਾ ਵਰਣਨ ਕਰ ਸਕਦਾ ਹੈ। ਇੱਕ ਅਜਿਹਾ ਸਿੱਖਿਅਕ ਜੋ ਕਿਸੇ ਧਾਰਨਾ ਨੂੰ ਸਿਖਾਉਣ ਦੇ ਲਈ ਕਠਿਨ ਸ਼ਬਦਾਂ ਦਾ ਇਸਤੇਮਾਲ ਕਰਦਾ ਹੈ ਉਹ ਅਕਸਰ ਆਪਣੀ ਸਮਝ ਦੀ ਕਮੀ ਨੂੰ ਲੁਕਾ ਰਿਹਾ ਹੁੰਦਾ ਹੈ। ਜਿੰਨਾਂ ਬਿਹਤਰ ਤੁਸੀਂ ਕਿਸੇ ਚੀਜ਼ ਨੂੰ ਸਮਝਦੇ ਹੋ ਉਨੇ ਹੀ ਸਰਲ ਤੌਰ ਤੇ ਤੁਸੀਂ ਉਸਨੂੰ ਦੱਸ ਸਕਦੇ ਹੋ।

ਯਿਸੂ ਜਾਣਦਾ ਸੀ ਕਿ ਸਚਿਆਈ ਦਾ ਅਨੁਵਾਦ ਉਸਦੇ ਸ੍ਰੋਤਿਆਂ ਦੀ ਭਾਸ਼ਾ ਵਿੱਚ ਕਿਵੇਂ ਕਰਨਾ ਹੈ। ਉਸਨੇ ਕਿਸਾਨਾਂ ਦੇ ਨਾਲ ਬੀਜ਼ ਬੀਜ਼ਣ ਦੇ ਬਾਰੇ ਪ੍ਰਚਾਰ ਕੀਤਾ। ਉਸਨੇ ਚਰਵਾਹਿਆਂ ਦੇ ਨਾਲ ਭੇਡਾਂ ਦੇ ਬਾਰੇ ਪ੍ਰਚਾਰ ਕੀਤਾ। ਉਸਨੇ ਮਛਵਾਰਿਆਂ ਦੇ ਨਾਲ ਮੱਛੀਆਂ ਫੜਣ ਦੇ ਬਾਰੇ ਪ੍ਰਚਾਰ ਕੀਤਾ। ਬਹੁਤ ਸਾਰੇ ਲੋਕਾਂ ਨੇ ਯਿਸੂ ਦੇ ਸੰਦੇਸ਼ ਨੂੰ ਠੁਕਰਾ ਦਿੱਤਾ, ਪਰ ਕੋਈ ਵੀ ਉਸਦਾ ਸੰਦੇਸ਼ ਸੁਣਕੇ ਅੱਕ ਨਹੀਂ ਜਾਂਦਾ ਸੀ।

ਯਿਸੂ ਦਾ ਸੰਦੇਸ਼ ਮਛਵਾਰਿਆਂ, ਕਿਸਾਨਾਂ ਅਤੇ ਘਰੇਲੂ ਔਰਤਾਂ ਦੇ ਦੁਆਰਾ ਸਮਝਿਆ ਜਾ ਸਕਦਾ ਸੀ। ਉਸਨੇ ਵਿਦਵਾਨਾਂ, ਧਾਰਮਿਕ ਆਗੂਆਂ ਅਤੇ ਰਾਜਨੀਤਿਕ ਅਧਿਕਾਰੀਆਂ ਦੇ ਮੁੱਦਿਆਂ ਨੂੰ ਵੀ ਸੰਬੋਧਿਤ ਕੀਤਾ। ਉਸਦਾ ਪ੍ਰਚਾਰ ਸਮਾਜ ਦੀ ਹਰੇਕ ਸ਼੍ਰੇਣੀ ਦੇ ਲਈ ਸੀ। ਸਾਧਾਰਨ ਦਾ ਅਰਥ ਕਮਜ਼ੋਰ ਨਹੀਂ ਹੁੰਦਾ ਹੈ। ਸਾਡੇ ਪ੍ਰਚਾਰ ਦੇ ਵਿੱਚ ਸ਼ੁਭਸਮਾਚਾਰ ਦੀਆਂ ਸਚਿਆਈਆਂ ਨੂੰ ਸਪੱਸ਼ਟਤਾ ਅਤੇ ਸਾਧਾਰਨ ਤੌਰ ਤੇ ਦੱਸਿਆ ਜਾਣਾ ਚਾਹੀਦਾ ਹੈ।

**ਯਿਸੂ ਗੱਲਾਂ ਨੂੰ ਦੁਹਰਾਉਂਦਾ ਸੀ**

ਇੱਕ ਨਵਾਂ ਪਾਸਬਾਨ ਆਪਣੀ ਕਲੀਸਿਆ ਤੋਂ ਖਿਝਿਆ ਹੋਇਆ ਸੀ। ਉਸਨੇ ਕਿਹਾ, "ਉਨ੍ਹਾਂ ਨੂੰ ਇਹ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਹੈ; ਮੈਂ ਦੋ ਸਾਲ ਪਹਿਲਾਂ ਇਸਦਾ ਪ੍ਰਚਾਰ ਕੀਤਾ ਸੀ।" ਉਸਦੇ ਦੋਸਤ ਨੇ ਉਸਨੂੰ ਯਾਦ ਦਿਲਾਇਆ ਕਿ ਯਿਸੂ ਨੇ ਇੱਕ ਹੀ ਸੰਦੇਸ਼ ਨੂੰ ਕਈ ਵਾਰ ਸੁਣਾਇਆ ਫਿਰ ਜਾ ਕੇ ਉਸਦੇ ਚੇਲ੍ਹੇ ਸਮਝ ਸਕੇ।

ਇਸ ਦੋਸਤ ਨੇ ਪਾਸਬਾਨ ਤੋਂ ਪੁੱਛਿਆ, "ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਪ੍ਰਚਾਰ ਯਿਸੂ ਨਾਲੋਂ ਬਿਹਤਰ ਹੈ?"

"ਬਿਲਕੁਲ ਨਹੀਂ!"

"ਕੀ ਤੁਹਾਨੂੰ ਜਾਪਦਾ ਹੈ ਕਿ ਤੁਹਾਡੀ ਕਲੀਸਿਆ ਦੇ ਲੋਕ ਚੇਲ੍ਹਿਆਂ ਨਾਲੋਂ ਜਿਆਦਾ ਬੁੱਧੀਮਾਨ ਹਨ?"

"ਜੀ ਨਹੀਂ!"

"ਤਾਂ ਫਿਰ ਤੁਹਾਨੂੰ ਯਿਸੂ ਦੀ ਤਰ੍ਹਾਂ ਸਚਿਆਈਆਂ ਨੂੰ ਦੁਹਰਾਉਣਾ ਪਵੇਗਾ।"

ਯਿਸੂ ਨੇ ਇੱਕੋ ਤਰ੍ਹਾਂ ਦੀਆਂ ਸਚਿਆਈਆਂ ਦਾ ਬਾਰ-ਬਾਰ ਪ੍ਰਚਾਰ ਕੀਤਾ। ਉਸਨੇ ਕਈ ਵਾਰ, ਆਪਣੇ ਚੇਲ੍ਹਿਆਂ ਨੂੰ ਆਪਣੀ ਮੌਤ ਅਤੇ ਜੀ ਉੱਠਣ ਦੇ ਬਾਰੇ ਦੱਸਿਆ। ਉਸਨੇ ਰਾਜ ਦੇ ਸੰਦੇਸ਼ ਦਾ ਪ੍ਰਚਾਰ ਕਈ ਵਾਰ ਕੀਤਾ। ਯਿਸੂ ਜਾਣਦਾ ਸੀ ਕਿ ਇਹ ਸਚਿਆਈਆਂ ਬਹੁਤ ਮਹੱਤਵਪੂਰਨ ਸਨ, ਇਸ ਉਸਨੇ ਆਪਣੇ ਸ੍ਰੋਤਿਆਂ ਤੱਕ ਸੰਦੇਸ਼ ਪਹੁੰਚਾਉਣ ਦੇ ਲਈ ਜਿੰਨੀ ਵਾਰ ਜਰੂਰੀ ਸੀ ਪ੍ਰਚਾਰ ਕੀਤਾ।

**ਯਿਸੂ ਦੇ ਪ੍ਰਚਾਰ ਸੰਦੇਸ਼ ਅਸਲ ਸਨ**

ਯਿਸੂ ਦਾ ਪ੍ਰਚਾਰ ਅਸਲ ਸੀ। ਉਸਦਾ ਜੀਵਨ ਉਸਦੇ ਸੰਦੇਸ਼ ਦੇ ਨਾਲ ਮੇਲ ਖਾਂਦਾ ਸੀ। ਯਿਸੂ ਨੇ ਧਾਰਮਿਕ ਜੀਵਨ ਦਾ ਸਿਰਫ਼ ਪ੍ਰਚਾਰ ਮਾਤਰ ਨਹੀਂ ਕੀਤਾ; ਉਸਨੇ ਇੱਕ ਭਗਤੀ ਭਰੇ ਜੀਵਨ ਨੂੰ ਜੀਵਿਆ। ਕੋਈ ਵੀ ਯਿਸੂ ਦੇ ਸੰਦੇਸ਼ ਅਤੇ ਉਸਦੇ ਜੀਵਨ ਵਿੱਚਕਾਰ ਵਿਰੋਧ ਕਰਕੇ ਉਸ ਤੇ ਉਂਗਲ ਨਹੀਂ ਚੁੱਕ ਸਕਿਆ। ਯਿਸੂ ਆਪਣੇ ਪ੍ਰਚਾਰ ਦੇ ਅਨੁਸਾਰ ਚੱਲਦਾ ਸੀ।

ਕਲਪਨਾ ਕਰੋ ਕਿ ਤੁਸੀਂ ਕਾਰ ਚਲਾਉਣੀ ਸਿੱਖਣਾ ਚਾਹੁੰਦੇ ਹੋ। ਤੁਹਾਨੂੰ ਦੋ ਸਿੱਖਿਅਕ ਮਿਲਦੇ ਹਨ ਜੋ ਤੁਹਾਨੂੰ ਸਿਖਾਉਣ ਦਾ ਪ੍ਰਸਤਾਵ ਦਿੰਦੇ ਹਨ। ਇੱਕ ਸਿੱਖਿਅਕ ਨੇ ਕਦੇ ਕਾਰ ਨਹੀਂ ਚਲਾਈ ਪਰ ਉਸਨੇ ਕਾਰ ਚਲਾਉਣ ਦੇ ਬਾਰੇ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ। ਦੂਸਰੇ ਸਿੱਖਿਅਕ ਦੇ ਕੋਲ ਬਹੁਤ ਸਾਲਾਂ ਤੱਕ ਸੁਰੱਖਿਅਤ ਕਾਰ ਚਲਾਉਣਾ ਦਾ ਤਜ਼ੁਰਬਾ ਹੈ। ਤੁਸੀਂ ਕਿਹੜੇ ਸਿੱਖਿਅਕ ਦੀ ਚੋਣ ਕਰੋਗੇ?

ਹੁਣ ਕਲਪਨਾ ਕਰੋ ਕਿ ਤੁਸੀਂ ਮਸੀਹੀ ਜੀਵਨ ਜਿਉਣਾ ਸਿੱਖਣਾ ਚਾਹੁੰਦੇ ਹੋ। ਤੁਹਾਨੂੰ ਦੋ ਪਾਸਬਾਨ ਮਿਲਦੇ ਹਨ। ਇੱਕ ਪਾਸਬਾਨ ਇੱਕ ਪਾਪ ਭਰਿਆ ਜੀਵਨ ਜਿਉਂਦਾ ਹੈ, ਪਰ ਉਹ ਪ੍ਰਚਾਰ ਬਹੁਤ ਵਧੀਆ ਕਰਦਾ ਹੈ। ਦੂਸਰਾ ਪਾਸਬਾਨ ਇੱਕ ਅਜਿਹਾ ਜੀਵਨ ਜਿਉਂਦਾ ਹੈ ਜਿਸ ਤੋਂ ਪਰਮੇਸ਼ੁਰ ਦੇ ਨਾਲ ਉਸਦਾ ਨੇੜਤਾ ਦਾ ਸੰਬੰਧ ਵਿਖਾਈ ਦਿੰਦਾ ਹੈ। ਤੁਸੀਂ ਕਿਹੜੇ ਪਾਸਬਾਨ ਦੀ ਚੋਣ ਕਰੋਗੇ?

> "ਯਿਸੂ ਨੇ ਇਹ ਕਦੇ ਨਹੀਂ ਕਿਹਾ ਕਿ ਤੁਸੀਂ ਉਨ੍ਹਾਂ ਦੀ ਪਹਿਚਾਣ ਉਨ੍ਹਾਂ ਦੀ ਸੇਵਕਾਈ ਦੇ ਆਕਾਰ ਤੋਂ ਕਰੋਗੇ, ਬਲਕਿ ਉਸਨੇ ਕਿਹਾ 'ਤੁਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਫ਼ਲਾਂ ਤੋਂ ਪਹਿਚਾਣੋਗੇ – ਪਿਤਾ ਦੇ ਪ੍ਰਤੀ ਉਨ੍ਹਾਂ ਦੀ ਆਗਿਆਕਾਰੀ ਤੋ"
>
> ਕ੍ਰੇਗ ਕੀਨਰ

ਸਾਡਾ ਪ੍ਰਚਾਰ ਅਸਲੀ ਹੋਣਾ ਚਾਹੀਦਾ ਹੈ। ਸਾਡਾ ਜੀਵਨ ਸਾਡੇ ਪ੍ਰਚਾਰ ਜਿਹਾ ਹੋਣਾ ਚਾਹੀਦਾ ਹੈ। ਬਹੁਤ ਸਾਰੇ ਪ੍ਰਚਾਰਕਾਂ ਦੇ ਇਹ ਖੋਜ ਕੀਤੀ ਹੈ ਕਿ ਕੁਝ ਸਮੇਂ ਦੇ ਲਈ ਇਮਾਨਦਾਰ ਹੋਣ ਦਾ ਢੋਂਗ ਕਰਨਾ ਸੰਭਵ ਹੈ। ਲੋਕ ਅਜਿਹੇ ਪ੍ਰਚਾਰਕ ਤੋਂ ਧੋਖਾ ਖਾ ਸਕਦੇ ਹਨ ਹਨ ਜੋ ਇਮਾਨਦਾਰੀ ਦੇ ਬਾਰੇ ਪ੍ਰਚਾਰ ਕਰਦਾ ਹੋਵੇ ਜਦਕਿ ਉਹ ਖੁਦ ਦਾਨ ਦਾ ਪੈਸਾ ਚੋਰੀ ਕਰਦਾ ਹੋਵੇ। ਉਹ ਕਿਸੇ ਅਜਿਹੇ ਪ੍ਰਚਾਰਕ ਦੁਆਰਾ ਗ਼ਲਤ ਅਗਵਾਈ ਵਿੱਚ ਆ ਸਕਦੇ ਹਨ ਜੋ ਨੈਤਿਕਤਾ ਬਾਰੇ ਪ੍ਰਚਾਰ ਕਰਦਾ ਹੋਵੇ ਪਰ ਆਪ ਵਿਭਚਾਰ ਦੇ ਵਿੱਚ ਫਸਿਆ ਹੋਵੇ। ਉਹ ਇੱਕ ਅਜਿਹੇ ਪਾਸਬਾਨ ਦੇ ਦੁਆਰਾ ਮੂਰਖ ਬਣਾਏ ਜਾ ਸਕਦੇ ਹਨ ਜੋ ਪਿਆਰ ਦਾ ਪ੍ਰਚਾਰ ਕਰਦਾ ਹੋਵੇ ਪਰ ਖੁਦ ਆਪਣੀ ਪਤਨੀ ਦੀ ਮਾਰ-ਕੁਟਾਈ ਕਰਦਾ ਹੋਵੇ। ਪਰ ਅੰਤ ਵਿੱਚ ਸਚਿਆਈ ਬਾਹਰ ਆ ਹੀ ਜਾਵੇਗੀ। ਇੱਕ ਖਾਲੀ ਦਿਲ ਦੀ ਸੇਵਕਾਈ ਆਤਮਿਕ ਸ਼ਕਤੀ ਤੋਂ ਖਾਲੀ ਹੀ ਹੋਵੇਗੀ। ਜਦੋਂ ਅਸੀਂ ਪਰਮੇਸ਼ੁਰ ਨੂੰ ਸਾਡੇ ਅੰਦਰ ਕੰਮ ਕਰਨ ਦੀ ਪ੍ਰਵਾਨਗੀ ਦਿੰਦੇ ਹਾਂ ਤਾਂ ਫਿਰ ਉਹ ਸਾਡੇ ਦੁਆਰਾ ਵੀ ਕੰਮ ਕਰਦਾ ਹੈ।

ਕਦੇ ਵੀ ਪਾਪੀ ਜੀਵਨ ਨੂੰ ਪ੍ਰਚਾਰ ਦੇ ਬਾਹਰੀ ਸੁੰਦਰਤਾ ਦੇ ਲੁਕਾਉਣ ਦੀ ਪ੍ਰਵਾਨਗੀ ਕਦੇ ਨਾ ਦਿਓ। ਪ੍ਰਭਾਵਸ਼ਾਲੀ ਪ੍ਰਚਾਰ ਅਜਿਹੇ ਦਿਲ ਦੇ ਨਾਲ ਸ਼ੁਰੂ ਹੁੰਦਾ ਹੈ ਜੋ ਪਰਮੇਸ਼ੁਰ ਨੂੰ ਜਾਣਦਾ ਹੈ।

## ਲਾਗੂਕਰਨ: ਪਾਸਬਾਨ ਇੱਕ ਚਰਵਾਹੇ ਦੇ ਰੂਪ ਵਿੱਚ

► ਪੜ੍ਹੋ ਮਰਕੁਸ 6:30-34.

ਪਾਸਬਾਨ ਦਾ ਇੱਕ ਸਭ ਤੋਂ ਵਧੀਆ ਸਰੂਪ ਚਰਵਾਹੇ ਦੇ ਰੂਪ ਵਿੱਚ ਹੈ। "ਤਾਂ ਉਸ ਨੇ ਨਿੱਕਲ ਕੇ ਇੱਕ ਵੱਡੀ ਭੀੜ ਵੇਖੀ ਅਰ ਉਨ੍ਹਾਂ ਤੇ ਤਰਸ ਖਾਧਾ ਇਸ ਲਈ ਜੋ ਓਹ ਉਨ੍ਹਾਂ ਭੇਡਾਂ ਵਾਂਙੁ ਸਨ ਜਿਨ੍ਹਾਂ ਦਾ ਅਯਾਲੀ ਨਾ ਹੋਵੇ। ਉਹ ਉਨ੍ਹਾਂ ਨੂੰ ਬਹੁਤ ਗੱਲਾਂ ਦਾ ਉਪਦੇਸ਼ ਦੇਣ ਲੱਗਾ।" ਯਿਸੂ ਨੇ ਲੋਕਾਂ ਦੀ ਭੀੜ ਨੂੰ ਅਜਿਹੀਆਂ ਭੇਡਾਂ ਵੱਜੋਂ ਵੇਖਿਆ ਜਿੰਨ੍ਹਾਂ ਨੂੰ ਚਰਵਾਹੇ ਦੀ ਜਰੂਰਤ ਹੈ।

► ਕਲਪਨਾ ਕਰਨ ਦੀ ਕੋਸ਼ਿਸ਼ ਕਰੋ ਕਿ ਮਰਕੁਸ 6 ਦੇ ਵਿੱਚ 5000 ਦੀ ਭੀੜ ਵਿੱਚ ਕੌਣ ਲੋਕ ਹੋਣਗੇ। ਇੱਕ ਸੂਚੀ ਬਣਾਓ।

- ਕੀ ਤੁਹਾਡੀ ਸੂਚੀ ਦੇ ਵਿੱਚ ਉਹ ਚੁੰਗੀ ਲੈਣ ਵਾਲੇ ਹਨ ਸ਼ਾਮਿਲ ਹਨ ਜੋ ਲੋਕਾਂ ਨੂੰ ਠੱਗਦੇ ਸਨ? ਉਹ ਉੱਥੇ ਸਨ। ਇੰਨਾਂ ਬੇਈਮਾਨ ਚੁੰਗੀ ਲੈਣ ਵਾਲਿਆਂ ਦੇ ਉੱਤੇ ਚੀਖਦੇ ਹੋਏ ਸਜਾ ਦਾ ਐਲਾਨ ਕਰਨਾ ਆਸਾਨ ਹੋਵੇਗਾ, ਪਰ ਯਿਸੂ ਨੇ ਗੁਆਚੀ ਹੋਈ ਭੇਡ ਨੂੰ ਵੇਖਿਆ ਜਿਸਨੂੰ ਬਚਾਇਆ ਜਾ ਸਕਦਾ ਸੀ।
- ਕੀ ਤੁਹਾਡੀ ਸੂਚੀ ਦੇ ਵਿੱਚ ਦੂਸਰਿਆਂ ਨੁਕਤਾਚੀਨੀ ਕਰਨ ਵਾਲੇ ਫ਼ਰੀਸੀ ਸ਼ਾਮਿਲ ਹਨ ਜੋ ਯਿਸੂ ਨੂੰ ਆਪਣੇ ਜਾਲ ਦੇ ਵਿੱਚ ਫਸਾਉਣਾ ਚਾਹੁੰਦੇ ਸਨ? ਉਹ ਉੱਥੇ ਸਨ। ਯਿਸੂ ਦੇ ਲਈ ਭੀੜ ਦੇ ਸਾਹਮਣੇ ਉਨ੍ਹਾਂ ਨੂੰ ਸ਼ਰਮਿੰਦਾ ਕਰਨਾ ਬਹੁਤ ਆਸਾਨ ਸੀ, ਪਰ ਯਿਸੂ ਨੇ ਇੱਕ ਅਜਿਹੀ ਢੀਠ ਭੇਡ ਨੂੰ ਵੇਖਿਆ ਜਿਸਨੂੰ ਸਹੀ ਰਸਤੇ ਦੀ ਜਰੂਰਤ ਸੀ।
- ਕੀ ਤੁਹਾਡੀ ਸੂਚੀ ਦੇ ਵਿੱਚ ਅਜਿਹੇ ਬੇਇਮਾਨ ਪਤੀ ਹਨ ਜਿੰਨਾਂ ਦਾ ਦਿਲ ਉਨ੍ਹਾਂ ਨੂੰ ਵਿਭਚਾਰ ਦੇ ਲਈ ਦੋਸ਼ੀ ਠਹਿਰਾਉਂਦਾ ਹੈ। ਉਹ ਉੱਥੇ ਸੀ। ਯਿਸੂ ਨੇ ਇੱਕ ਡਿੱਗੀ ਹੋਈ ਭੇਡ ਨੂੰ ਵੇਖਿਆ ਜਿਸਨੂੰ ਸੁਧਾਰ ਅਤੇ ਚੰਗਿਆਈ ਦੀ ਜਰੂਰਤ ਸੀ।
- ਕੀ ਤੁਹਾਡੀ ਸੂਚੀ ਵਿੱਚ ਉਹ ਕਿਸ਼ੋਰ ਸ਼ਾਮਿਲ ਹਨ ਜੋ ਘਰ ਦੇ ਵਿਰੁੱਧ ਬਗਾਵਤ ਕਰ ਰਹੇ ਸਨ ਅਤੇ ਅਗਿਆਤ ਭੀੜ ਵਿੱਚ ਸ਼ਾਮਿਲ ਹੋਣ ਲਈ ਸਕੂਲ ਤੋਂ ਭੱਜ ਗਏ ਸਨ। ਉਹ ਉੱਥੇ ਸਨ। ਯਿਸੂ ਨੇ ਇੱਕ ਭਟਕਦੀ ਹੋਈ ਭੇਡ ਨੂੰ ਵੇਖਿਆ ਜਿਸਨੂੰ ਸਹੀ ਰਾਹ ਤੇ ਵਾਪਿਸ ਲਿਆਏ ਜਾਣ ਦੀ ਜਰੂਰਤ ਸੀ ਇਸ ਤੋਂ ਪਹਿਲਾਂ ਕਿ ਉਹ ਹੋਰ ਭਟਕ ਜਾਂਦੇ।

ਜਦੋਂ ਤੁਸੀਂ ਪ੍ਰਚਾਰ ਕਰਦੇ ਹੋ ਤਾਂ ਤੁਸੀਂ ਕਿਸਨੂੰ ਵੇਖਦੇ ਹੋ? ਕੀ ਤੁਸੀਂ ਕਲੀਸਿਆ ਦੀਆਂ ਕਮੀਆਂ ਨੂੰ ਵੇਖਦੇ ਹੋ, ਜਾਂ ਤੁਸੀਂ ਆਪਣੀਆਂ ਭੇਡਾਂ ਦੀਆਂ ਡੂੰਘੀਆਂ ਜਰੂਰਤਾਂ ਨੂੰ ਵੇਖਦੇ ਹੋ? ਕੀ ਤੁਸੀਂ ਇੱਕ ਗੁੱਸੇਖੋਰ ਬੋਰਡ ਮੈਂਬਰ ਨੂੰ ਵੇਖਦੇ ਹੋ ਜਾਂ ਇੱਕ ਦੁਖੀ ਭੇਡ ਨੂੰ ਵੇਖਦੇ ਹੋ ਜੋ ਦੂਸਰਿਆਂ ਨੂੰ ਦੁਖੀ ਕਰਦੀ ਹੈ। ਕੀ ਤੁਸੀਂ ਇੱਕ ਵਿਸ਼ਵਾਸ ਤਿਆਗ ਦੇਣ ਵਾਲੇ ਵਿਅਕਤੀ ਨੂੰ ਵੇਖਦੇ ਹੋ, ਜਾਂ ਫਿਰ ਅਸੀਂ ਅਜਿਹੀ ਭੇਡ ਨੂੰ ਵੇਖਦੇ ਹੋ ਜੋ ਪਾਪ ਦੇ ਕਾਰਨ ਦੁੱਖ ਝੱਲ ਰਹੀ ਹੈ? ਯਿਸੂ ਨੇ ਜਰੂਰਤਮੰਦ ਭੇਡ ਨੂੰ ਵੇਖਿਆ।

► ਪੜ੍ਹੋ ਯੂਹੰਨਾ 10:1-18

ਪਾਸਬਾਨਾਂ ਦੇ ਤੌਰ ਸਾਨੂੰ ਚਰਵਾਹੇ ਬਣਨ ਦੇ ਲਈ ਬੁਲਾਇਆ ਗਿਆ ਹੈ। ਇੱਕ ਚਰਵਾਹਾ ਭੇਡ ਦੀ ਸੇਵਾ ਕਿਵੇਂ ਕਰਦਾ ਹੈ? ਯੂਹੰਨਾ 10 ਇੱਕ ਨਮੂਨਾ ਪ੍ਰਦਾਨ ਕਰਦਾ ਹੈ।

**ਇੱਕ ਚਰਵਾਹਾ ਭੇਡ ਦੀ ਅਗਵਾਈ ਕਰਦਾ ਹੈ**

ਜੇਕਰ ਤੁਸੀਂ ਇੱਕ ਚਰਵਾਹੇ ਨੂੰ ਵੇਖੋ, ਤਾਂ ਤੁਸੀਂ ਉਸਨੂੰ ਇੱਕ ਸਮੂਹ ਦੇ ਵਿੱਚ ਕਿਸੇ ਵੀ ਸੋਟੀ ਦੇ ਭਜਾਉਂਦੇ ਹੋਏ ਨਹੀਂ ਵੇਖੋਗੇ। ਇਸਦੀ ਬਜਾਏ ਉਹ ਭੇਡਾਂ ਦੀ ਸਹੀ ਦਿਸ਼ਾ ਵੱਲ ਅਗਵਾਈ ਕਰਦਾ ਹੈ। ਯਿਸੂ ਨੇ ਕਿਹਾ, "ਉਹ ਦੇ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ ਭੇਡਾਂ ਉਹ ਦਾ ਬੋਲ ਸੁਣਦੀਆਂ ਹਨ ਅਤੇ ਉਹ ਆਪਣੀਆਂ ਭੇਡਾਂ ਦਾ ਨਾਉਂ ਲੈ ਲੈ ਕੇ ਬੁਲਾਉਂਦਾ ਹੈ ਅਰ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ ਜਦ

ਉਹ ਆਪਣੀ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ ਭੇਡਾਂ ਉਹ ਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦੀ ਅਵਾਜ਼ ਪਛਾਣਦੀਆਂ ਹਨ" (ਯੂਹੰਨਾ 10:3-4)।

ਅਸੀਂ ਸ਼ੁਭਸਮਾਚਾਰਾਂ ਦੇ ਵਿੱਚ ਅਜਿਹੇ ਬਹੁਤ ਸਾਰੇ ਸਮੇਂ ਵੇਖਦੇ ਹਾਂ ਜਦੋਂ ਅਸੀਂ ਉਮੀਦ ਕਰਦੇ ਹਾਂ ਕਿ ਯਿਸੂ ਸ਼ਾਇਦ ਪਤਰਸ, ਯੂਹੰਨਾ ਜਾਂ ਥੋਮੇ ਨੂੰ ਸੋਟੀ ਦੇ ਮਾਰੇਗਾ! ਉਹ ਬਾਰ-ਬਾਰ ਗ਼ਲਤੀਆਂ ਕਰ ਦਿੰਦੇ ਸਨ। ਪਰ ਉਨ੍ਹਾਂ ਨੂੰ ਮਾਰਨਕੁੱਟਣ ਦੀ ਬਜਾਏ ਯਿਸੂ ਦੇ ਚਰਵਾਹੇ ਦੀ ਲਾਠੀ ਦਾ ਉਪਯੋਗ ਕਰਦੇ ਹੋਏ ਇੰਨ੍ਹਾਂ ਕਮਜ਼ੋਰ, ਸੰਘਰਸ਼ ਕਰ ਰਹੇ ਚੇਲ੍ਹਿਆਂ ਨੂੰ ਉੱਪਰ ਉਠਾਇਆ, ਅਤੇ ਉਨ੍ਹਾਂ ਨੂੰ ਸਹੀ ਰਾਹ ਤੇ ਲਿਆਂਦਾ।

ਜਿਸ ਭੇਡ ਨੂੰ ਚਰਵਾਹੇ ਦੇ ਰੂਪ ਵਿੱਚ ਪਰਮੇਸ਼ੁਰ ਨੇ ਤੁਹਾਡੇ ਹਵਾਲੇ ਕੀਤਾ ਹੈ ਕੀ ਤੁਸੀਂ ਉਸਦੀ ਅਗਵਾਈ ਕਰਦੇ ਹੋ ਜਾਂ ਉਸਨੂੰ ਭਜਾ ਦਿੰਦੇ ਹੋ? ਕੀ ਤੁਸੀਂ ਇੱਕ ਚਰਵਾਹੇ ਹੋ ਜੋ ਭੇਡਾਂ ਦੀ **ਅਗਵਾਈ** ਕਰਦਾ ਹੈ ਜਾਂ ਇੱਕ ਮੈਨੇਜਰ ਹੋ ਨੂੰ ਭੇਡਾਂ ਨੂੰ ਆਗਿਆਕਾਰੀ ਕਰਨ ਦਾ **ਹੁਕਮ** ਦਿੰਦਾ ਹੈ?

### ਇੱਕ ਚਰਵਾਹਾ ਆਪਣੀਆਂ ਭੇਡਾਂ ਦੀ ਪਰਵਾਹ ਕਰਦਾ ਹੈ

ਕੀ ਤੁਸੀਂ ਕਦੇ ਸੋਚਦੇ ਹੋ, "ਮੈਂ ਇੱਕ ਅਜਿਹਾ ਕੰਮ ਚਾਹੁੰਦਾ ਹਾਂ ਜੋ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇ ਜਿਸਦੇ ਵਿੱਚ ਹਫ਼ਤੇ ਦੇ ਅੰਤ ਵਾਲੇ ਦਿਨਾਂ ਵਿੱਚ ਛੁੱਟੀ ਹੋਵੇ ਅਤੇ ਸ਼ਾਮ 5 ਵਜੇ ਤੋਂ ਬਾਅਦ ਕੋਈ ਫੋਨ ਕਾਲ ਆ ਆਵੇ?" ਇਹ ਬਹੁਤ ਵਧੀਆ ਪ੍ਰਤੀਤ ਹੁੰਦਾ ਹੈ! ਪਰ ਇੱਕ ਚਰਵਾਹੇ ਦਾ ਜੀਵਨ ਅਜਿਹਾ ਨਹੀਂ ਹੁੰਦਾ ਹੈ।

ਇੱਕ ਚਰਵਾਹਾ ਸਿਰਫ਼ ਕੰਮ ਕਰਨ ਵਾਲਿਆਂ ਘੰਟਿਆਂ ਵਿੱਚ ਹੀ ਨਹੀਂ ਪਰ ਜਦੋਂ ਵੀ ਭੇਡ ਨੂੰ ਜਰੂਰਤ ਹੁੰਦੀ ਹੈ ਤਾਂ ਉਸਦੀ ਦੇਖਭਾਲ ਕਰਦਾ ਹੈ। ਇੱਕ ਚਰਵਾਹਾ ਇੱਕ ਜਖ਼ਮੀ ਹੋਏ ਲੇਲੇ ਨੂੰ ਇਹ ਨਹੀਂ ਕਹਿ ਸਕਦਾ, "ਕੱਲ ਸਵੇਰ 9 ਵਜੇ ਤੱਕ ਉਡੀਕ ਕਰ ਜਦੋਂ ਤੱਕ ਮੈਂ ਕੰਮ ਤੇ ਨਾ ਆਵਾਂ।" ਚਰਵਾਹਾ ਲੇਲੇ ਨੂੰ ਬਚਾਉਣ ਦੇ ਲਈ ਰਾਤ ਵੀ ਜਾਂਦਾ ਹੈ।

ਇਸੇ ਪ੍ਰਕਾਰ ਇੱਕ ਪਾਸਬਾਨ ਲੋੜ ਪੈਣ ਦੇ ਆਪਣੀ ਭੇਡ ਦੀ ਦੇਖਭਾਲ ਕਰਦਾ ਹੈ। ਆਤਮਿਕ ਭੇਡ ਦੀ ਦੇਖਭਾਲ ਕਰਨਾ ਸਿਰਫ਼ ਪ੍ਰਚਾਰ ਕਰਨ ਵੱਧ ਕੇ ਹੈ। ਇਸਦੇ ਵਿੱਚ ਪ੍ਰਚਾਰ ਸ਼ਾਮਿਲ ਹੈ, ਪਰ ਇਸਦੇ ਵਿੱਚ ਸਲਾਹ ਦੇਣਾ, ਉਨ੍ਹਾਂ ਦੇ ਕੋਲ ਜਾਣਾ, ਸੁਣਨਾ, ਉਨ੍ਹਾਂ ਦੇ ਲਈ ਪ੍ਰਾਥਨਾ ਕਰਨਾ ਅਤੇ ਕਈ ਵਾਰ ਇੱਕ ਦੁਖੀ ਲੇਲੇ ਦੇ ਕੋਲ ਬੈਠਣਾ ਵੀ ਸ਼ਾਮਿਲ ਹੈ।

ਜੀ ਹਾਂ, ਤੁਹਾਨੂੰ ਆਪਣੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ ਤੇ ਥਕਾ ਲਵੋਗੇ ਤਾਂ ਤੁਸੀਂ ਇੱਕ ਪ੍ਰਭਾਵਸ਼ਾਲੀ ਚਰਵਾਹਾ ਨਹੀਂ ਬਣ ਪਾਓਗੇ। ਯਿਸੂ ਇਕੱਲਿਆਂ ਸਮਾਂ ਬਿਤਾਉਂਦਾ ਸੀ, ਅਤੇ ਤੁਹਾਨੂੰ ਵੀ ਇਕੱਲਿਆਂ ਸਮਾਂ ਬਿਤਾਉਣਾ ਚਾਹੀਦਾ ਹੈ। ਪਰ ਅਜਿਹੇ ਸਮੇਂ ਵੀ ਸਨ ਜਦੋਂ ਯਿਸੂ ਨੂੰ ਪਤਾ ਸੀ ਉਸਨੂੰ ਭੇਡਾਂ ਦੇ ਲਈ ਆਪਣੇ ਆਰਾਮ ਦਾ ਬਲੀਦਾਨ ਦੇਣਾ ਪਵੇਗਾ।

ਸੇਵਕਾਈ ਦਾ ਇਹ ਸੰਤੁਲਨ ਅਤੇ ਆਰਾਮ ਕਰਨਾ ਕਠਿਨ ਹੋ ਸਕਦਾ ਹੈ। ਇੱਕ ਬੁੱਧੀਮਾਨ ਪਾਸਬਾਨ-ਚਰਵਾਹੇ ਦੇ ਰੂਪ ਵਿੱਚ, ਤੁਹਾਨੂੰ ਪਵਿੱਤਰ ਆਤਮਾ ਦੀ ਅਗਵਾਈ ਅਤੇ ਦੂਸਰਿਆਂ ਤੋਂ ਲਈ ਜਾਣ ਵਾਲੀ ਬੁੱਧੀਮਾਨੀ ਦੀ ਸਲਾਹ ਦੇ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਪਵਿੱਤਰ ਆਤਮਾ ਦੀ ਸੁਣੋ ਜਦੋਂ ਉਹ ਤੁਹਾਨੂੰ ਕਹਿੰਦਾ ਹੈ, "ਇਹ ਅਲੱਗ ਹੋ ਕੇ ਆਰਾਮ ਕਰਨ ਅਤੇ ਤਾਜ਼ਾ ਹੋਣ ਦਾ ਸਮਾਂ ਹੈ।" ਆਪਣੀ ਪਤਨੀ ਅਤੇ ਸਹਿਕਰਮੀ ਦੀ ਗੱਲ ਸੁਣੋ ਜਦੋਂ ਉਹ ਕਹਿਣ, "ਤੁਹਾਨੂੰ ਆਰਾਮ ਕਰਨ ਦੀ ਜਰੂਰਤ ਹੈ।" ਤਾਜ਼ਾ ਹੋਣ ਦੇ ਸਮਿਆਂ ਵਿੱਚੋਂ ਨਵੇਂ ਜੋਸ਼ ਨਾਲ ਬਾਹਰ ਆ ਕੇ ਤੁਸੀਂ ਚੰਗੀ ਤਰ੍ਹਾਂ ਉਨ੍ਹਾਂ ਭੇਡਾਂ ਦੀ ਦੇਖਭਾਲ ਕਰ ਸਕਦੇ ਹੋ ਜੋ ਪਰਮੇਸ਼ੁਰ ਨੇ ਤੁਹਾਨੂੰ ਸੌਂਪੀਆਂ ਹਨ।

**ਇੱਕ ਚਰਵਾਹਾ ਆਪਣੀ ਭੇਡਾਂ ਦੀ ਸੁਰੱਖਿਆ ਕਰਦਾ ਹੈ**

ਯਿਸੂ ਇੱਕ ਭਾੜੇ ਦੇ ਅਜਿਹੇ ਕਾਮੇ ਵਿੱਚਕਾਰ ਜੋ ਖ਼ਤਰਾ ਆਉਂਦਾ ਵੇਖ ਕੇ ਭੱਜ ਜਾਂਦਾ ਹੈ ਅਤੇ ਚੰਗੇ ਚਰਵਾਹੇ ਦੇ ਵਿੱਚਕਾਰ ਤੁਲਨਾ ਕੀਤੀ ਜੋ ਭੇਡਾਂ ਦੇ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਉਂਦਾ ਹੈ। ਭਾੜੇ ਦਾ ਕਾਮਾ ਭੇਡਾਂ ਦੀ ਕੋਈ ਪਰਵਾਹ ਨਹੀਂ ਕਰਦਾ ਪਰ ਇੱਕ ਚਰਵਾਹਾ ਭੇਡਾਂ ਦੀ ਖਾਤਿਰ ਆਪਣੀ ਜਾਨ ਦਿੰਦਾ ਹੈ (ਯੂਹੰਨਾ 10:13, 15)।

ਆਪਣੇ ਅੰਤਿਮ ਸਮੇਂ ਦੇ ਵਿੱਚ ਵੀ, ਯਿਸੂ ਆਪਣੇ ਚੇਲ੍ਹਿਆਂ ਦੀ ਪਰਵਾਹ ਕਰਦਾ ਰਿਹਾ। ਉਸਨੇ ਅੰਤਿਮ ਭੋਜ ਦੇ ਸਮੇਂ ਉਨ੍ਹਾਂ ਨੂੰ ਉਸ ਪਰਤਾਵੇ ਦੇ ਲਈ ਤਿਆਰ ਕੀਤਾ ਜਿਸਦਾ ਸਾਹਮਣਾ ਉਹ ਜਲਦ ਹੀ ਕਰਨ ਵਾਲੇ ਸਨ। ਉਸਨੇ ਬਾਗ਼ ਦੇ ਵਿੱਚ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਸਿਖਾਉਣਾ ਜਾਰੀ ਰੱਖਿਆ। ਸਲੀਬ ਤੇ ਉਸਨੇ, ਮਰੀਅਮ ਨੂੰ ਯੂਹੰਨਾ ਦੀ ਦੇਖਰੇਖ ਦੇ ਅਧੀਨ ਕੀਤਾ। ਚੰਗਾ ਚਰਵਾਹਾ ਆਖਿਰ ਤੱਕ ਭੇਡਾਂ ਦੀ ਦੇਖਭਾਲ ਕਰ ਰਿਹਾ ਸੀ।

ਪੌਲੁਸ ਨੇ ਅਫ਼ਸੁਸ ਦੇ ਬਜ਼ੁਰਗਾਂ ਨੂੰ ਚਰਵਾਹਿਆਂ ਦੀ ਤਰ੍ਹਾਂ ਰਖਵਾਲੀ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਉਸ ਇੱਜੜ ਦੀ ਦੇਖਭਾਲ ਕਰਨੀ ਸੀ ਜਿਸਨੂੰ ਯਿਸੂ ਦੇ ਲਹੂ ਦੁਆਰਾ ਖਰੀਦਿਆ ਗਿਆ ਸੀ। ਅੱਗਲੇ ਵਚਨ ਦੇ ਵਿੱਚ ਪੌਲੁਸ ਨੇ ਖ਼ਤਰਨਾਕ ਬਘਿਆੜਾਂ ਦੇ ਵਿਰੁੱਧ ਚੇਤਾਵਨੀ ਦਿੱਤੀ ਜੋ ਇੱਜੜ ਤੇ ਹਮਲਾ ਕਰਨਗੇ। ਚਰਵਾਹੇ ਇੱਜੜ ਦੀ ਰਖਵਾਲੀ ਕਰਨ ਦੇ ਲਈ ਜਿੰਮੇਵਾਰ ਸਨ (ਰਸੂਲਾਂ ਦੇ ਕਰਤੱਬ 20:28-31)।

ਕੀ ਤੁਸੀਂ ਇੱਕ ਪਾਸਬਾਨ ਚਰਵਾਹੇ ਦੇ ਰੂਪ ਵਿੱਚ, ਉਨ੍ਹਾਂ ਭੇਡਾਂ ਦੀ ਦੇਖਭਾਲ ਕਰਦੇ ਹੋ ਜੋ ਪਰਮੇਸ਼ੁਰ ਨੇ ਤੁਹਾਨੂੰ ਸੌਂਪੀਆਂ ਹਨ? ਕੀ ਤੁਸੀਂ ਉਨ੍ਹਾਂ ਦੀ ਗ਼ਲਤ ਸਿੱਖਿਆ ਤੋਂ, ਉਨ੍ਹਾਂ ਦੇ ਵਿਆਹੁਤਾ ਜੀਵਨ ਅਤੇ ਪਰਿਵਾਰ ਦੇ ਹੋਣ ਵਾਲੇ ਹਮਲਿਆਂ ਅਤੇ ਦੂਸਰੇ ਆਤਮਿਕ ਹਮਲਿਆਂ ਤੋਂ ਉਨ੍ਹਾਂ ਦੀ ਰਖਵਾਲੀ ਕਰਦੇ ਹੋ? ਕੀ ਤੁਸੀਂ ਇੱਕ ਚਰਵਾਹੇ ਹੋ ਜਾਂ ਭਾੜੇ ਦੇ ਕਾਮੇ ਹੋ?

ਅੱਗਲੇ ਐਤਵਾਰ ਪ੍ਰਚਾਰ ਕਰਨ ਤੋਂ ਪਹਿਲਾਂ, ਪਰਮੇਸ਼ੁਰ ਤੋਂ ਪੁੱਛੋ ਕਿ ਤੁਹਾਡੀਆਂ ਭੇਡਾਂ ਦੀਆਂ ਕੀ ਜਰੂਰਤਾਂ ਹਨ। ਉਸਨੂੰ ਕਹੋ ਕਿ ਉਹ ਤੁਹਾਡੇ ਇੱਜੜ ਵਿੱਚ ਟੁੱਟੇ ਹੋਏ ਦਿਲ ਵਾਲੇ ਲੋਕਾਂ ਨੂੰ ਵਿਖਾਏ। ਜਦੋਂ ਤੁਸੀਂ ਪ੍ਰਚਾਰ ਕਰਦੇ ਹੋ, ਤਾਂ ਉਨ੍ਹਾਂ ਭੇਡਾਂ ਨੂੰ ਵੇਖੋ ਜੋ ਸਤਾਈਆਂ ਹੋਈਆਂ ਅਤੇ ਮਜ਼ਬੂਰ ਹਨ ਜਿੰਨ੍ਹਾਂ ਨੂੰ ਚਰਵਾਹੇ ਦੇ ਇਲਾਹੀ ਪਿਆਰ ਦੀ ਜਰੂਰਤ ਹੈ।

### ਇੱਕ ਨੇੜੇ ਦੀ ਝਾਤ: "ਹਾਏ!"

► ਪੜ੍ਹੋ ਮੱਤੀ 23:1-39

ਯਿਸੂ ਨੇ "ਤੁਹਾਡੇ ਤੇ ਹਾਏ" ਸ਼ਬਦਾਂ ਦਾ ਇਸਤੇਮਾਲ ਉਸਦਾ ਇਨਕਾਰ ਕਰਨ ਵਾਲੇ ਨਗਰਾਂ ਤੇ ਕੀਤਾ (ਮੱਤੀ 11:21), ਉਨ੍ਹਾਂ ਫ਼ਰੀਸੀਆਂ ਦੇ ਲਈ ਜੋ ਲੋਕਾਂ ਨੂੰ ਕੁਰਾਹੇ ਪਾਉਂਦੇ ਸਨ (ਮੱਤੀ 23:13-29), ਅਤੇ ਯਹੂਦਾਹ ਦੇ ਲਈ ਜਿਸਨੇ ਉਸਨੂੰ ਫੜਵਾਉਣਾ ਸੀ (ਮਰਕੁਸ 14:21)। ਅਸੀਂ ਕਈ ਵਾਰ "ਹਾਏ" ਨੂੰ ਗੁੱਸੇ ਵਾਲੀ ਅਜਿਹੀ ਆਵਾਜ ਵਿੱਚ ਸੁਣਦੇ ਹਾਂ ਜਿਸ ਵਿੱਚ ਯਿਸੂ ਦਾ ਪਿਆਰ ਭੁੱਲ ਜਾਂਦਾ ਹੈ, ਇੱਥੋਂ ਤੱਕ ਕਿ ਉਨ੍ਹਾਂ ਦੇ ਲਈ ਵੀ ਜੋ ਉਸਦਾ ਇਨਕਾਰ ਕਰਦੇ ਹਨ।

"ਹਾਏ" ਸ਼ਬਦ ਦੇ ਵਿੱਚ ਨਿਆਂ ਹੈ, ਪਰ ਇਸਦੇ ਵਿੱਚ ਦੁੱਖ ਵੀ ਹੈ। "ਹਾਏ" ਦੇ ਵਿੱਚ ਨਿਆਂ ਜਾਣ ਵਾਲੇ ਵਿਅਕਤੀ ਦੇ ਲਈ ਨਿਆਂ ਅਤੇ "ਦੁੱਖ ਅਤੇ ਹਮਦਰਦੀ" ਦੋਵੇਂ ਹਨ। ਇਹ ਉਨ੍ਹਾਂ ਲੋਕਾਂ ਦੇ ਪ੍ਰਤੀ ਯਿਸੂ ਦੇ ਦੁੱਖ ਨੂੰ ਦਰਸਾਉਂਦੇ ਹਨ ਜੋ ਆਪਣੀ ਸਥਿਤੀ ਦੀ ਅਸਲ ਬਰਬਾਦੀ ਨੂੰ ਪਹਿਚਾਣਨ ਵਿੱਚ ਅਸਫਲ ਹੋ ਜਾਂਦੇ ਹਨ।".[27] "ਹਾਏ" ਦੇ ਵਿੱਚ ਡੂੰਘਾ ਦੁੱਖ ਅਤੇ ਚੇਤਾਵਨੀ ਦੋਵੇਂ ਪਾਏ ਜਾਂਦੇ ਹਨ।

ਯਿਸੂ ਨੇ ਧਾਰਮਿਕ ਆਗੂਆਂ ਤੇ ਨਿਆਂ ਦੀਆਂ ਘੋਸ਼ਣਾਵਾਂ ਦਾ ਅੰਤ ਉਸਦੇ ਪਿਆਰੇ ਸ਼ਹਿਰ ਦੇ ਭਵਿੱਖ ਪ੍ਰਤੀ ਰੋ ਜਾਹਿਰ ਕੇ ਕੀਤਾ। "ਹੇ ਯਰੂਸ਼ਲਮ ਯਰੂਸ਼ਲਮ ! ਤੂੰ ਜੋ ਨਬੀਆਂ ਨੂੰ ਕਤਲ ਕਰਦਾ ਹੈਂ ਅਤੇ ਉਨ੍ਹਾਂ ਨੂੰ ਜਿਹੜੇ ਤੇਰੇ ਕੋਲ ਘੱਲੇ ਗਏ ਪਥਰਾਉ ਕਰਦਾ ਹੈਂ ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰ੍ਹਾਂ ਇਕੱਠੇ ਕਰਾਂ ਜਿਸ ਤਰਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਇਕੱਠੇ ਕਰਦੀ ਹੈ ਪਰ ਤੁਸਾਂ ਨਾ ਚਾਹਿਆ!" ਯਿਸੂ ਉਸ ਨਗਰ ਦੇ ਭਵਿੱਖ ਦੇ ਲਈ ਰੋਇਆ ਜੋ ਜਲਦ ਹੀ ਉਸਨੂੰ ਸਲੀਬ ਦੇਣ ਵਾਲਾ ਸੀ (ਮੱਤੀ 23:37 ਅਤੇ ਲੂਕਾ 19:41)।

ਇਹ ਨਿਆਂ ਦੇ ਬਾਰੇ ਪ੍ਰਚਾਰ ਕਰਨ ਦੇ ਲਈ ਸਾਡੇ ਲਈ ਨਮੂਨਾ ਹੋਣਾ ਚਾਹੀਦਾ ਹੈ। ਸਾਡੇ ਪ੍ਰਚਾਰ ਦੇ ਵਿੱਚ ਪਾਪ ਦੇ ਵਿਰੁੱਧ ਚੇਤਾਵਨੀ ਸ਼ਾਮਿਲ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਤੌਬਾ ਕਰਨ ਤੋਂ ਇਨਕਾਰ ਕਰਨ ਵਾਲਿਆਂ ਦੇ ਲਈ ਨਿਆਂ ਦਾ ਸੰਦੇਸ਼ ਵੀ ਹੋਣਾ ਚਾਹੀਦਾ ਹੈ। ਪਰ ਸਾਡੇ ਸੰਦੇਸ਼ ਨੂੰ ਪਾਪ ਦੇ ਨਾਲ ਸਾਡੇ ਦੁੱਖ ਨੂੰ ਦਰਸਾਉਣਾ ਚਾਹੀਦਾ ਹੈ, ਨਾ ਕਿ ਪਾਪੀ ਪ੍ਰਤੀ ਗੁੱਸਾ।

---

[27] Martin H. Manser, *Dictionary of Bible Themes.* (London: Martin Manser, 2009). See also Joel B. Green and Scot McKnight, *Dictionary of Jesus and the Gospels.* (Westmont, Illinois: InterVarsity Press, 1992).

ਇੱਕ ਬਾਗ਼ੀ ਕਿਸ਼ੋਰ ਨਰਕ ਦੇ ਬਾਰੇ ਪ੍ਰਚਾਰ ਸੁਣ ਕੇ ਘਰ ਵਾਪਿਸ ਗਿਆ। ਉਸਦੇ ਪਿਤਾ ਨੇ ਪੁੱਛਿਆ, "ਪੁੱਤਰ, ਤੂੰ ਅੱਜ ਦੇ ਪ੍ਰਚਾਰ ਦੇ ਬਾਰੇ ਕੀ ਸੋਚਦਾ ਹੈਂ?" ਉਸਨੇ ਉੱਤਰ ਦਿੱਤ, "ਮੈਨੂੰ ਬਿਲਕੁਲ ਪਸੰਦ ਨਹੀਂ ਆਇਆ। ਇਸਦੇ ਨਾਲ ਮੈਨੂੰ ਬਹੁਤ ਗੁੱਸਾ ਆਇਆ!" ਅੱਗਲੇ ਹਫ਼ਤੇ ਪੁੱਤਰ ਨੇ ਨਰਕ ਦੇ ਬਾਰੇ ਇੱਕ ਹੋਰ ਪ੍ਰਚਾਰ ਸੁਣਿਆ। ਉਸਦੇ ਪਿਤਾ ਨੇ ਫਿਰ ਪੁੱਛਿਆ, "ਤੁਹਾਡਾ ਅੱਜ ਦੇ ਪ੍ਰਚਾਰ ਬਾਰੇ ਕੀ ਵਿਚਾਰ ਹੈ?" ਪੁੱਤਰ ਨੇ ਉੱਤਰ ਦਿੱਤਾ, "ਮੈਨੂੰ ਯਿਸੂ ਦੀ ਸੇਵਾ ਕਰਨੀ ਚਾਹੀਦੀ ਹੈ। ਮੈਂ ਕਦੇ ਵੀ ਉਸ ਭਿਆਨਕ ਸਥਾਨ ਤੇ ਨਹੀਂ ਜਾਣਾ ਚਾਹੁੰਦਾ!"

ਪਿਤਾ ਬਹੁਤ ਹੈਰਾਨ ਹੋਇਆ। "ਨਰਕ ਦੇ ਬਾਰੇ ਪਿੱਛਲੇ ਪ੍ਰਚਾਰ ਨਾਲ ਤੈਨੂੰ ਬਹੁਤ ਗੁੱਸਾ ਆਇਆ ਸੀ। ਇਸ ਹਫ਼ਤੇ ਦੇ ਨਰਕ ਬਾਰੇ ਪ੍ਰਚਾਰ ਦੇ ਕਾਰਨ ਤੂੰ ਤੌਬਾ ਕਰ ਲਈ ਹੈ। ਇਸਦੇ ਵਿੱਚ ਕੀ ਅੰਤਰ ਹੈ?" ਮੁੰਡੇ ਨੇ ਕਿਹਾ, "ਜਦੋਂ ਪ੍ਰਚਾਰਕ ਮੈਨੂੰ ਨਰਕ ਦੇ ਬਾਰੇ ਚੇਤਾਵਨੀ ਦੇ ਰਿਹਾ ਸੀ ਤਾਂ ਉਹ ਰੋ ਰਿਹਾ ਸੀ।"

ਜਦੋਂ ਤੁਸੀਂ ਨਿਆਂ ਦਾ ਪ੍ਰਚਾਰ ਕਰਦੇ ਹੋ ਤਾਂ ਕੀ ਤੁਸੀਂ ਰੋਂਦੇ ਹੋ? ਕੀ ਤੁਸੀਂ ਨਰਕ ਦੇ ਬਾਰੇ ਪ੍ਰਚਾਰ ਤਿਆਰ ਕਰਦੇ ਸਮੇਂ ਰੋਂਦੇ ਹੋ? ਕੀ ਤੁਸੀਂ ਅਜਿਹੇ ਚਰਵਾਹੇ ਹੋ ਜੋ ਭੇਡਾਂ ਨੂੰ ਨਿਆਂ ਦੇ ਬਾਰੇ ਚੇਤਾਵਨੀ ਦਿੰਦੇ ਸਮੇਂ ਵੀ ਉਨ੍ਹਾਂ ਨਾਲ ਪਿਆਰ ਕਰਦੇ ਹੋ?

## ਸਮਾਪਤੀ: ਪ੍ਰਚਾਰ ਦੇ ਵਿੱਚ ਪਵਿੱਤਰ ਆਤਮਾ ਦੀ ਭੂਮਿਕਾ

ਪ੍ਰਚਾਰਕਾਂ ਦੇ ਤੌਰ ਤੇ ਸਾਨੂੰ ਹਮੇਸ਼ਾਂ ਪਵਿੱਤਰ ਆਤਮਾ ਤੇ ਨਿਰਭਰ ਰਹਿਣਾ ਚਾਹੀਦਾ ਹੈ ਕਿ ਉਹ ਸੁਣਨ ਵਾਲਿਆਂ ਦੇ ਵਿੱਚ ਅੰਦਰ ਪ੍ਰਭਾਵ ਪਾਵੇ। ਜੇਕਰ ਅਸੀਂ ਮਨੁੱਖੀ ਤਕਨੀਕਾਂ ਦਾ ਇਸਤੇਮਾਲ ਕਰਦੇ ਹੋਏ ਭਾਵਨਾਵਾਂ ਨੂੰ ਜਗਾਉਂਦੇ ਹਾਂ, ਤਾਂ ਅਸੀਂ ਜਲਦ ਆਉਣ ਵਾਲੇ ਨਤੀਜੇ ਵੇਖ ਸਕਦੇ ਹਾਂ, ਪਰ ਇਸਦੇ ਵਿੱਚ ਆਤਮਿਕ ਨਤੀਜੇ ਦੀ ਕਮੀ ਹੋਵੇਗੀ। ਸਿਰਫ਼ ਪਵਿੱਤਰ ਆਤਮਾ ਹੀ ਸੁਣਨ ਵਾਲਿਆਂ ਦੇ ਵਿੱਚ ਪੱਕੀ ਤਬਦੀਲੀ ਲਿਆ ਸਕਦਾ ਹੈ।

► ਪੜ੍ਹੋ 1 ਕੁਰਿੰਥੀਆਂ 2:1-16.

ਪੌਲੁਸ ਇਸ ਗੱਲ ਸਮਝ ਗਿਆ ਸੀ ਕਿ ਆਤਮਿਕ ਬਦਲਾਅ ਸਿਰਫ਼ ਪਵਿੱਤਰ ਆਤਮਾ ਦੀ ਸ਼ਕਤੀ ਦੇ ਨਾਲ ਹੀ ਹੋ ਸਕਦੇ ਹਨ। ਜਦੋਂ ਉਹ ਅਥੈਨੇ ਤੋਂ ਚਲਾ ਗਿਆ ਜਿੱਥੇ ਉਸਨੇ ਅਰਿਯੁਪਗੁਸ ਦੇ ਵਿੱਚ ਵਿਦਵਾਨਾਂ ਦੇ ਨਾਲ ਬਹਿਸ ਕੀਤੀ ਸੀ, ਤਾਂ ਉਹ ਕੁਰਿੰਥੁਸ ਵਿੱਚ ਆਇਆ (ਰਸੂਲਾਂ ਦੇ ਕਰਤੱਬ 17:16-18:1)। ਕੁਰਿੰਥੁਸ ਦੇ ਵਿੱਚ ਉਸਨੇ ਉੱਚੀ ਵਿਚਾਰਧਾਰਾ ਵਾਲਾ ਭਾਸ਼ਨ ਜਾਂ ਬੁੱਧ ਦਾ ਇਸਤੇਮਾਲ ਨਹੀਂ ਕੀਤਾ ਪਰ ਯਿਸੂ ਅਤੇ ਉਸਦੇ ਸਲੀਬੀਕਰਨ ਤੋਂ ਇਲਾਵਾ ਕੁਝ ਹੋਰ ਪ੍ਰਚਾਰ ਨਾ ਕੀਤਾ। "ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ" (1 ਕੁਰਿੰਥੀਆਂ 2:1-5)।

ਪੌਲੁਸ ਜਾਣਦਾ ਸੀ ਕਿ ਆਤਮਾ ਆਤਮਿਕ ਲੋਕਾਂ ਦੇ ਲਈ ਆਤਮਿਕ ਸਚਿਆਈਆਂ ਦੀ ਵਿਆਖਿਆ ਕਰਦਾ ਹੈ (1 ਕੁਰਿੰਥੀਆਂ 2:13)। ਪੌਲੁਸ ਸਿੱਖਿਆ ਦੀ ਕਦਰ ਕਰਦਾ ਸੀ; ਉਹ ਮਹਾਨ ਵਿਦਵਾਨ ਸੀ। ਉਸਨੇ ਪ੍ਰਭਾਵਸ਼ਾਲੀ ਜਨਤਕ ਭਾਸ਼ਨ ਨੂੰ ਸਮਝਿਆ;

ਉਸਨੇ ਯੂਨਾਨੀ ਬੁਲਾਰਿਆਂ ਦਾ ਅਧਿਐਨ ਕੀਤਾ। ਉਹ ਵਿਵਾਦ ਦਾ ਤਰਕ ਰੱਖਣਾ ਜਾਣਦਾ ਸੀ; ਰੋਮੀਆਂ ਉਸਦੇ ਤਰਕਸ਼ੀਲ ਢਾਂਚੇ ਦੀ ਅਤਿ ਉੱਤਮ ਰਚਨਾ ਹੈ। ਪਰ ਸਭ ਤੋਂ ਉੱਪਰ, ਪੌਲੁਸ ਪਵਿੱਤਰ ਆਤਮਾ ਦੀ ਸਮਰੱਥਾ ਦੀ ਕੀਮਤ ਨੂੰ ਜਾਣਦਾ ਸੀ। ਉਹ ਜਾਣਦਾ ਸੀ ਕਿ ਸੱਚਾ ਪਰਿਵਰਤਨ ਸਿਰਫ਼ ਪਵਿੱਤਰ ਆਤਮਾ ਦੇ ਕੰਮ ਦੁਆਰਾ ਹੀ ਆਉਂਦਾ ਹੈ।

ਪੌਲੁਸ ਨੇ ਕੁਰਿੰਥੀਆਂ ਦੇ ਲੋਕਾਂ ਨੂੰ ਯਾਦ ਦਿਵਾਇਆ ਕਿ "ਪਰ ਇਹ ਖ਼ਜਾਨਾ ਸਾਡੇ ਕੋਲ ਮਿੱਟੀ ਦਿਆਂ ਡਾਂਡਿਆਂ ਵਿੱਚ ਹੈ ਤਾਂ ਜੋ ਇਸ ਸਮਰੱਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ੁਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ" (2 ਕੁਰਿੰਥੀਆਂ 4:7)। ਭਾਂਡਾ ਖ਼ਜਾਨਾ ਨਹੀਂ ਹੈ! ਅਸੀਂ ਸੇਵਕਾਈ ਕਰਨ ਵਾਲੇ ਆਗੂ ਮਿੱਟੀ ਦੇ ਟੁੱਟੇ ਹੋਏ ਬਰਤਨ ਹਾਂ। ਪਰ ਸਾਡੇ ਕੋਲ ਉਨ੍ਹਾਂ ਲੋਕਾਂ ਦੇ ਲਈ ਸ਼ੁਭਸਮਾਚਾਰ ਦਾ ਖ਼ਜਾਨਾ ਹੈ ਜਿੰਨ੍ਹਾਂ ਦੇ ਵਿੱਚ ਅਸੀਂ ਸੇਵਕਾਈ ਕਰਦੇ ਹਾਂ।

ਇਹ ਸੇਵਕਾਈ ਦੇ ਆਗੂਆਂ ਲਈ ਬਹੁਤ ਸ਼ਕਤੀਸ਼ਾਲੀ ਚੇਤਾਵਨੀ ਹੈ। ਭਾਂਡੇ ਦੇ ਵਿੱਚ ਰੱਖੇ ਖ਼ਜਾਨੇ ਤੇ ਧਿਆਨ ਦੇਣ ਦੀ ਬਜਾਏ ਭਾਂਡੇ ਵੱਲ ਧਿਆਨ ਜਾਣਾ ਬਹੁਤ ਆਸਾਨ ਹੈ। ਅਸੀਂ ਸੰਦੇਸ਼ ਨਾਲੋਂ ਜਿਆਦਾ ਧਿਆਨ ਇਸਨੂੰ ਪੇਸ਼ ਕਰਨ ਦੇ ਤਰੀਕੇ ਵੱਲ ਲਗਾ ਸਕਦੇ ਹਾਂ; ਅਸੀਂ ਖ਼ਜਾਨੇ ਦੀ ਬਜਾਏ ਜਿਆਦਾ ਧਿਆਨ ਭਾਂਡੇ ਦੇ ਵੱਲ ਲਗਾ ਸਕਦੇ ਹਾਂ। ਪੌਲੁਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮੇਸ਼ੁਰ ਇੱਕ ਉਦੇਸ਼ ਦੇ ਤਹਿਤ ਮਿੱਟੀ ਦੇ ਭਾਂਡਿਆਂ ਦਾ ਉਪਯੋਗ ਕਰਦਾ ਹੈ ਤਾਂ ਕਿ ਉਹ ਦੱਸ ਸਕੇ ਕਿ ਸ਼ਕਤੀ ਸਾਡੀ ਵੱਲੋਂ ਨਹੀਂ ਪਰ ਪਰਮੇਸ਼ੁਰ ਦੀ ਵੱਲੋਂ ਹੈ। ਸਾਨੂੰ ਕਿਸੇ ਵੀ ਤਰ੍ਹਾਂ ਨਾਲ ਪਰਮੇਸ਼ੁਰ ਦੀ ਸ਼ਕਤੀ ਦੇ ਰਾਹ ਵਿੱਚ ਨਹੀਂ ਆਉਣਾ ਚਾਹੀਦਾ। ਸਾਨੂੰ ਉਹ ਮਹਿਮਾ ਕਦੇ ਨਹੀਂ ਲੈਣੀ ਚਾਹੀਦੀ ਜੋ ਸਿਰਫ਼ ਉਸੇ ਦੀ ਹੀ ਹੈ। ਸਾਨੂੰ ਆਤਮਾ ਦੀ ਸਮਰੱਥਾ ਦੇ ਵਿੱਚ ਪ੍ਰਚਾਰ ਕਰਨਾ ਚਾਹੀਦਾ ਹੈ।

## ਪਾਠ 5 ਅਸਾਇਨਮੈਂਟ

(1) ਮੱਤੀ ਦੇ ਸ਼ੁਭਸਮਾਚਾਰ ਦੇ ਵਿੱਚ ਪੰਜ ਮੁੱਖ ਪ੍ਰਚਾਰ ਸ਼ਾਮਿਲ ਹਨ। ਹਰੇਕ ਪ੍ਰਚਾਰ ਨੂੰ ਪੜ੍ਹੋ ਅਤੇ ਪ੍ਰਚਾਰ ਦੀ ਇੱਕ ਅਜਿਹੀ ਵਿਸ਼ੇਸ਼ਤਾ ਪਹਿਚਾਣ ਕਰੋ ਜੋ ਇਸਨੂੰ ਪ੍ਰਭਾਵਸ਼ਾਲੀ ਅਤੇ ਇਸਨੂੰ ਹੇਠਾਂ ਦਿੱਤੇ ਟੇਬਲ ਵਿੱਚ ਲਿਖੋ। ਇਸ ਅਸਾਇਨਮੈਂਟ ਦੇ ਕੋਈ ਵੀ ਸਹੀ ਜਾਂ ਗ਼ਲਤ ਉੱਤਰ ਨਹੀਂ ਹਨ। ਆਪਣੇ ਆਪ ਤੋਂ ਪੁੱਛੋ, "ਯਿਸੂ ਮੈਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਪ੍ਰੇਰਨਾ ਦਿੰਦਾ ਹੈ ਜਾਂ ਮੇਰੀ ਸਹਾਇਤਾ ਕਰਦਾ ਹੈ ਕਿ ਮੈਂ ਇਸ ਸੰਦੇਸ਼ ਨੂੰ ਯਾਦ ਕਰਾਂ ਜਾਂ ਇਸਨੂੰ ਲਾਗੂ ਕਰਾਂ?"

(2) ਜਿਵੇਂ ਤੁਸੀਂ ਅੱਗਲੇ ਪ੍ਰਚਾਰ ਨੂੰ ਤਿਆਰ ਕਰਦੇ ਹੋ ਤਾਂ ਉਨ੍ਹਾਂ ਵਿਸ਼ੇਸ਼ਤਾਵਾਂ ਦੀ ਸਮੀਖਿਆ ਕਰੋ ਜੋ ਤੁਸੀਂ ਯਿਸੂ ਦੇ ਪ੍ਰਚਾਰ ਸੰਦੇਸ਼ਾਂ ਵਿੱਚ ਵੇਖੇ ਹਨ। ਪ੍ਰਭਾਵਸ਼ਾਲੀ ਢੰਗ ਦੇ ਵਾਰਤਾਲਾਪ ਕਰਨ ਦੇ ਲਈ ਉਸਦੇ ਪ੍ਰਚਾਰ ਨੂੰ ਨਮੂਨੇ ਦੇ ਤੌਰ ਤੇ ਇਸਤੇਮਾਲ ਕਰੋ। ਇਸ ਪ੍ਰਚਾਰ ਨੂੰ ਕਲਾਸ ਦੇ ਵਿੱਚ ਹੋਰਾਂ ਨਾਲ ਵੀ ਸਾਂਝਾ ਕਰੋ। ਇਸ ਪ੍ਰਸ਼ਨ ਦੇ ਨਾਲ ਪ੍ਰਚਾਰ ਦਾ ਮੁਲਾਂਕਣ ਕਰੋ, "ਕੀ ਮੈਂ ਆਪਣੇ ਪ੍ਰਚਾਰ ਨੂੰ ਯਿਸੂ ਦੇ ਨਮੂਨੇ ਅਨੁਸਾਰ ਤਿਆਰ ਕੀਤਾ?"

| ਪ੍ਰਚਾਰ | ਵਿਸ਼ੇਸ਼ਤਾਵਾਂ |
| --- | --- |
| ਪਹਾੜੀ ਉਪਦੇਸ਼<br>(ਮੱਤੀ 5-7) | |
| ਰਸੂਲਾਂ ਨੂੰ ਭੇਜਣਾ<br>(ਮੱਤੀ 10) | |
| ਰਾਜ ਦੇ ਦ੍ਰਿਸ਼ਟਾਂਤ<br>(ਮੱਤੀ 13) | |
| ਰਾਜ ਦੇ ਵਿੱਚ ਜੀਵਨ<br>(ਮੱਤੀ 18) | |
| ਜੈਤੂਨ ਦੇ ਪਰਬਤ ਦਾ ਪ੍ਰਚਾਰ<br>(ਮੱਤੀ 24-25) | |

## ਪਾਠ 6

# ਯਿਸੂ ਅਤੇ ਪਰਮੇਸ਼ੁਰ ਦਾ ਰਾਜ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਸ਼ੁਭਸਮਾਚਾਰਾਂ ਦੇ ਪਰਮੇਸ਼ੁਰ ਦੇ ਰਾਜ ਦੇ ਅਰਥ ਨੂੰ ਸਮਝਣਾ।

(2) ਪਰਮੇਸ਼ੁਰ ਦੇ ਰਾਜ ਦੇ ਦੋਵਾਂ ਵਰਤਮਾਨ ਅਤੇ ਭਵਿੱਖ ਦੇ ਤੱਥਾਂ ਦੀ ਪਹਿਚਾਣ ਕਰਨਾ।

(3) ਪਹਾੜੀ ਉਪਦੇਸ਼ ਤੋਂ ਰਾਜ ਦੇ ਜੀਵਨ ਬਾਰੇ ਦੱਸੇ ਯਿਸੂ ਦੇ ਸਿਧਾਂਤਾਂ ਦੀ ਪਾਲਣਾ ਕਰਨਾ।

(4) ਯਿਸੂ ਦੁਆਰਾ ਦੱਸੇ ਰਾਜ ਦੇ ਦ੍ਰਿਸ਼ਟਾਂਤਾਂ ਦੀ ਸਹੀ ਵਿਆਖਿਆ ਕਰਨਾ।

(5) ਚੇਲ੍ਹੇਪਨ ਦੇ ਲਈ ਯਿਸੂ ਦੁਆਰਾ ਦੱਸੀਆਂ ਸ਼ਰਤਾਂ ਦੇ ਅਧੀਨ ਹੋ ਜਾਣਾ।

### ਸੇਵਕਾਈ ਦੇ ਲਈ ਸਿਧਾਂਤ

ਅਸੀਂ ਅਜਿਹੇ ਰਾਜਦੂਤਾਂ ਦੀ ਸੇਵਕਾਈ ਕਰਦੇ ਹਾਂ ਜੋ ਸੰਸਾਰ ਦੇ ਵਿੱਚ ਪਰਮੇਸ਼ੁਰ ਦੇ ਰਾਜ ਦੀ ਪ੍ਰਤੀਨਿਧਤਾ ਕਰਦੇ ਹਨ।

### ਜਾਣ-ਪਛਾਣ

ਪਰਮੇਸ਼ੁਰ ਦਾ ਰਾਜ ਨਵੇਂ ਨੇਮ ਦਾ ਮੁੱਢਲਾ ਵਿਸ਼ਾ ਹੈ।[28] ਰਾਜ ਸ਼ਬਦ ਮੱਤੀ ਦੇ ਵਿੱਚ 54 ਵਾਰ ਆਉਂਦਾ ਹੈ, ਮਰਕੁਸ ਵਿੱਚ 14 ਵਾਰ, ਲੂਕਾ ਦੇ ਵਿੱਚ 39 ਵਾਰ ਅਤੇ ਯੂਹੰਨਾ ਦੇ ਵਿੱਚ ਪੰਜ ਵਾਰ ਆਉਂਦਾ ਹੈ।[29]

---

[28] ਇਸ ਅਧਿਆਏ ਵਿੱਚ ਵਰਤੇ ਗਏ ਸ੍ਰੋਤਾਂ ਵਿੱਚ ਹੇਠਾਂ ਦਿੱਤੇ ਸ੍ਰੋਤ ਸ਼ਾਮਿਲ ਹਨ:

D. Matthew Allen, "The Kingdom in Matthew." (1999). । ਜੋ ਇਕ https://bible.org/article/kingdom-matthew March 22, 2021 ਤੇ ਉਪਲੱਬਧ ਹੈ।

Darrell L. Bock, Luke: Baker Exegetical Commentary on the New Testament. (Grand Rapids: Baker Books, 1994-1996)

J. Dwight Pentecost, The Words and Works of Jesus Christ. (Grand Rapids: Zondervan, 1981)

Martyn Lloyd-Jones, Studies in the Sermon on the Mount. (Grand Rapids: Eerdmans, 1959)

[29] ਮੱਤੀ ਨੇ ਅਕਸਰ "ਸਵਰਗ ਦੇ ਰਾਜ" ਦਾ ਹਵਾਲਾ ਦਿੱਤਾ ਜਦਕਿ ਲੂਕਾ ਨੇ "ਪਰਮੇਸ਼ੁਰ ਦੇ ਰਾਜ" ਦਾ ਹਵਾਲਾ ਦਿੱਤਾ। ਮੱਤੀ ਦੇ ਪਹਿਲੇ ਸ੍ਰੋਤੇ ਯਹੂਦੀ ਸਨ; ਯਹੂਦੀ ਅਕਸਰ ਪਰਮੇਸ਼ੁਰ ਦੇ ਨਾਮ ਦਾ ਉਪਯੋਗ ਕਰਨ ਤੋਂ ਪਰਹੇਜ਼ ਕਰਦੇ ਸਨ ਅਤੇ ਉਹ ਪਰਮੇਸ਼ੁਰ ਦੇ ਸਥਾਨ ਤੇ ਸਵਰਗ ਦਾ ਇਸਤੇਮਾਲ ਕਰਦੇ ਸਨ।

ਯਿਸੂ ਦੇ ਲਗਭਗ ਅੱਧੇ ਦ੍ਰਿਸ਼ਟਾਂਤ ਪਰਮੇਸ਼ੁਰ ਦੇ ਰਾਜ ਬਾਰੇ ਸਿਖਾਉਂਦੇ ਹਨ। ਉਹ ਰਾਜ ਦੇ ਬਾਰੇ ਪ੍ਰਚਾਰ ਕਰਦਾ ਹੈ। ਉਹ ਰਾਜ ਦੀ ਸਮਰੱਥਾ ਵਿਖਾਉਣ ਦੇ ਲਈ ਚੰਗਾ ਕਰਦਾ ਹੈ ਅਤੇ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਦਾ ਹੈ। ਯਿਸੂ ਦੇ ਸਵਰਗ ਤੇ ਉਠਾਏ ਜਾਣ ਤੋਂ ਬਾਅਦ ਅਰੰਭਿਕ ਕਲੀਸਿਆ ਲਗਾਤਾਰ ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਕਰਦੀ ਰਹੀ। (ਰਸੂਲਾਂ ਦੇ ਕਰਤੱਬ 8:12, ਰਸੂਲਾਂ ਦੇ ਕਰਤੱਬ 28:23)।

ਇਸ ਪਾਠ ਦੇ ਵਿੱਚ ਅਸੀਂ ਯਿਸੂ ਦੀ ਸੇਵਕਾਈ ਦੇ ਵਿੱਚ ਪਰਮੇਸ਼ੁਰ ਦੇ ਰਾਜ ਬਾਰੇ, ਅਤੇ ਅੱਜ ਦੀ ਸੇਵਕਾਈ ਦੇ ਵਿੱਚ ਪਰਮੇਸ਼ੁਰ ਦੇ ਰਾਜ ਦੇ ਪ੍ਰਭਾਵ ਬਾਰੇ ਅਧਿਐਨ ਕਰਾਂਗੇ। ਇਸ ਕੋਰਸ ਦੇ ਅੰਤ ਵਿੱਚ ਨਾਈਜੀਰੀਆ ਦੇ ਵਿੱਚ ਪਰਮੇਸ਼ੁਰ ਦੇ ਰਾਜ ਬਾਰੇ ਕੀਤਾ ਇੱਕ ਪ੍ਰਚਾਰ ਹੈ। ਇਹ ਪ੍ਰਚਾਰ ਦਰਸਾਉਂਦਾ ਹੈ ਕਿ ਕਿਵੇਂ ਰਾਜ ਦਾ ਸੰਦੇਸ਼ ਅੱਜ ਸਾਡੇ ਸੰਸਾਰ ਦੀ ਸੇਵਕਾਈ ਨੂੰ ਪ੍ਰਭਾਵਿਤ ਕਰਦਾ ਹੈ।

## ਪਰਮੇਸ਼ੁਰ ਦਾ ਰਾਜ

ਅਜਿਹੇ ਦੋ ਪ੍ਰਸ਼ਨ ਹਨ ਜੋ ਪਰਮੇਸ਼ੁਰ ਦੇ ਰਾਜ ਦੇ ਅਧਿਐਨ ਦੀ ਜਾਣ-ਪਹਿਚਾਣ ਕਰਾਉਂਦੇ ਹਨ।[30]

1. ਪਰਮੇਸ਼ੁਰ ਦਾ ਰਾਜ ਕੀ ਹੈ?
2. ਪਰਮੇਸ਼ੁਰ ਦਾ ਰਾਜ ਕਦੋਂ ਸਥਾਪਿਤ ਹੁੰਦਾ ਹੈ?

### ਪਰਮੇਸ਼ੁਰ ਦਾ ਰਾਜ ਕੀ ਹੈ?

► ਪੜ੍ਹੋ ਰਸੂਲਾਂ ਦੇ ਕਰਤੱਬ 1:1-8.

ਮੁਰਦਿਆਂ ਵਿੱਚੋਂ ਜੀ ਉੱਠਣ ਦੇ 40 ਦਿਨਾਂ ਬਾਅਦ, ਯਿਸੂ ਆਪਣੇ ਚੇਲ੍ਹਿਆਂ ਦੇ ਨਾਲ ਸੀ ਅਤੇ ਉਹ ਪਰਮੇਸ਼ੁਰ ਦੇ ਰਾਜ ਬਾਰੇ ਗੱਲਾਂ ਕਰ ਰਿਹਾ ਸੀ। ਉਸਦੇ ਸਵਰਗ ਤੇ ਉਠਾਏ ਜਾਣ ਦੇ ਕੁਝ ਸਮਾਂ ਪਹਿਲਾਂ, ਚੇਲ੍ਹਿਆਂ ਦੇ ਪੁੱਛਿਆ, "ਪ੍ਰਭੂ, ਕੀ ਤੁਸੀਂ ਇਸ ਸਮੇਂ ਇਸਰਾਏਲ ਦੇ ਰਾਜ ਨੂੰ ਬਹਾਲ ਕਰਦੇ ਹੋ? ਚੇਲ੍ਹਿਆਂ ਦੀ ਉਮੀਦ ਸੀ:

1. **ਜਲਦੀ ਨਾਲ ਆਉਣ ਵਾਲਾ ਰਾਜ:** "ਇਸ ਸਮੇਂ।" ਉਨ੍ਹਾਂ ਦੀ ਉਮੀਦ ਸੀ ਕਿ ਯਿਸੂ ਰਾਜ ਨੂੰ ਜਲਦੀ ਦੇ ਨਾਲ ਸਥਾਪਿਤ ਕਰ ਦੇਵੇਗਾ।

---

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮੱਤੀ ਨੇ "ਪਰਮੇਸ਼ੁਰ ਦੇ ਰਾਜ" ਦੇ ਸਥਾਨ ਤੇ ਜਿਆਦਾਤਰ "ਸਵਰਗ ਦਾ ਰਾਜ" ਇਸਤੇਮਾਲ ਕੀਤਾ। ਇਸ ਸਬਕ ਦੇ ਲਈ ਮੈਂ ਮੱਤੀ ਦੇ ਹਵਾਲਿਆਂ ਨੂੰ ਛੱਡ ਕੇ ਬਾਕੀ ਸਥਾਨਾਂ ਤੇ "ਪਰਮੇਸ਼ੁਰ ਦੇ ਰਾਜ" ਦਾ ਇਸਤੇਮਾਲ ਕਰਾਂਗਾ।

[30] ਪਰਮੇਸ਼ੁਰ ਦੇ ਰਾਜ ਬਾਰੇ ਇੱਕ ਵਿਡੀਓ ਲੈਕਚਰ ਦੇ ਲਈ ਤੁਸੀਂ Scot McKnight (ਸਕੋਟ ਮੈਕਨਾਈਟ) ਦਾ ਸੰਦੇਸ਼, "What and Where is the Kingdom of God?" ("ਪਰਮੇਸ਼ੁਰ ਦਾ ਰਾਜ ਕੀ ਹੈ ਅਤੇ ਕਿੱਥੇ ਹੈ?") ਵੇਖੋ ਜੋ ਕਿ http://www.seedbed.com/where-is-the-kingdom-of-god/ ਤੇ ਉਪਲੱਬਧ ਹੈ (ਮਾਰਚ 22, 2021 ਵਿੱਚ ਦਿੱਤਾ ਗਿਆ।)

2. **ਇੱਕ ਰਾਜਨੀਤਿਕ ਅਤੇ ਭੂਗੋਲਿਕ ਰਾਜ:** "ਬਹਾਲ" ਉਨ੍ਹਾਂ ਦੇ ਉਮੀਦ ਕੀਤੀ ਕਿ ਯਿਸੂ ਰੋਮ ਨੂੰ ਹਰਾ ਕੇ ਇਸਰਾਏਲ ਦੇ ਰਾਜਨੀਤਿਕ ਅਧਿਕਾਰ ਨੂੰ ਬਹਾਲ ਕਰ ਦੇਵੇਗਾ।

3. **ਇੱਕ ਰਾਸ਼ਟਰੀ ਰਾਜ:** "ਇਸਰਾਏਲ ਦੇ ਰਾਜ।" ਉਨ੍ਹਾਂ ਨੇ ਉਮੀਦ ਕੀਤੀ ਯਿਸੂ ਪੁਰਾਣੇ ਨੇਮ ਦੇ ਦਾਊਦ ਦੇ ਰਾਜਿਆਂ ਦੀ ਤਰ੍ਹਾਂ ਦੇਸ਼ ਤੇ ਰਾਜ ਕਰੇਗਾ।[31]

ਯਿਸੂ ਨੇ ਉੱਤਰ ਦਿੱਤਾ, "ਤੁਹਾਡਾ ਕੰਮ ਨਹੀਂ ਭਈ ਉਨ੍ਹਾਂ ਸਮਿਆਂ ਅਤੇ ਵੇਲਿਆਂ ਨੂੰ ਜਾਣੋ ਜੋ ਪਿਤਾ ਨੇ ਆਪਣੇ ਵੱਸ ਵਿੱਚ ਰੱਖੇ ਹਨ। ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।"

ਯਿਸੂ ਦਾ ਉੱਤਰ ਦੱਸਦਾ ਹੈ ਕਿ ਉਸਦਾ ਰਾਜ ਹੇਠਾਂ ਦੱਸੇ ਅਨੁਸਾਰ ਹੈ:

1. **ਇੱਕ ਸਮਾਂ-ਰਹਿਤ ਰਾਜ:** "ਸਮਿਆਂ ਅਤੇ ਵੇਲਿਆਂ ਨੂੰ ਜਾਣੋ ਜੋ ਪਿਤਾ ਨੇ ਆਪਣੇ ਵੱਸ ਵਿੱਚ ਰੱਖੇ ਹਨ।" ਯਿਸੂ ਦਾ ਰਾਜ ਮਨੁੱਖੀ ਸਮੇਂ ਤੇ ਨਹੀਂ ਬਲਕਿ ਪਿਤਾ ਦੇ ਸਮੇਂ ਤੇ ਨਿਰਭਰ ਨਹੀਂ ਸੀ।

2. **ਇੱਕ ਅਲੌਕਿਕ ਰਾਜ:** "ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ।" ਯਿਸੂ ਦਾ ਰਾਜ ਪਵਿੱਤਰ ਆਤਮਾ ਦੀ ਸ਼ਕਤੀ ਤੇ ਆਧਾਰਿਤ ਸੀ, ਨਾ ਕਿ ਕਿਸੇ ਰਾਜਨੀਤਿਕ ਅਧਿਕਾਰ ਤੇ।

3. **ਇੱਕ ਵਿਸ਼ਵ-ਵਿਆਪੀ ਰਾਜ:** "ਧਰਤੀ ਦੇ ਬੰਨੇ ਤੀਕੁਰ" ਯਿਸੂ ਦਾ ਰਾਜ ਸਾਰੇ ਰਾਸ਼ਟਰਾਂ ਤੱਕ ਪਹੁੰਚਿਆ। ਇਹ ਇਸਰਾਏਲ ਤੱਕ ਸੀਮਿਤ ਨਹੀਂ ਸੀ।

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਸਮੇਂ ਦੇ ਬਾਰੇ ਜਾਣਨ ਦੀ ਜਰੂਰਤ ਨਹੀਂ ਹੈ। ਇਸਦੀ ਬਜਾਏ ਉਨ੍ਹਾਂ ਨੂੰ ਦੋ ਗੱਲਾਂ ਦੇ ਬਾਰੇ ਸੋਚਣਾ ਚਾਹੀਦਾ ਹੈ: ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨਾ ਅਤੇ ਧਰਤੀ ਦੇ ਬੰਨ੍ਹਿਆਂ ਤੱਕ ਉਸਦੇ ਗਵਾਹ ਬਣਨਾ।

## ਪਰਮੇਸ਼ੁਰ ਦਾ ਰਾਜ ਕਦੋਂ ਸਥਾਪਿਤ ਹੁੰਦਾ ਹੈ?

> "ਰਾਜ ਆ ਚੁੱਕਾ ਹੈ; ਰਾਜ ਆ ਰਿਹਾ ਹੈ;
> ਰਾਜ ਅਜੇ ਆਉਣ ਵਾਲਾ ਹੈ।"
> -ਮਾਰਟਿਨ ਐਲ ਲੋਇਡ ਜੋਨਸ

ਮਸੀਹੀ ਵਿਦਵਾਨ ਪਰਮੇਸ਼ੁਰ ਦੇ ਰਾਜ ਬਾਰੇ ਤਿੰਨ ਮੁੱਢਲੀਆਂ ਧਾਰਨਵਾਂ ਦੱਸਦੇ ਹਨ।

[31] John Stott, The Message of Acts (Westmont, Illinois: InterVarsity Press, 1990), 41

*ਰਾਜ ਆਵੇਗਾ।*

ਕੁਝ ਮਸੀਹੀ ਵਿਦਵਾਨ ਅੰਤ ਦੇ ਸਮੇਂ ਵਿੱਚ ਰਾਜ ਨੂੰ ਸਥਾਪਿਤ ਹੁੰਦੇ ਹੋਏ ਵੇਖਦੇ ਹਨ ਜਦੋਂ ਯਿਸੂ ਹਜ਼ਾਰ ਸਾਲਾਂ ਦੇ ਧਰਤੀ ਤੇ ਰਾਜ ਕਰੇਗਾ। ਇਹ ਲੇਖਕ ਮੱਤੀ 24-25 ਦੇ ਵਚਨਾਂ ਨੂੰ ਵੇਖਦੇ ਹਨ ਜੋ ਰਾਜ ਦੇ ਰਾਜਨੀਤਿਕ ਅਤੇ ਖੇਤਰੀ ਤੱਥਾਂ ਤੇ ਜ਼ੋਰ ਦਿੰਦੇ ਹਨ।

*ਰਾਜ ਆ ਚੁੱਕਾ ਹੈ*

ਦੂਸਰੇ ਮਸੀਹੀ ਵਿਦਵਾਨ ਸਿਖਾਉਂਦੇ ਹਨ ਕਿ ਜਦੋਂ ਯਿਸੂ ਧਰਤੀ ਤੇ ਸੀ ਉਸ ਸਮੇਂ ਰਾਜ ਨੂੰ ਸਥਾਪਿਤ ਕਰ ਦਿੱਤਾ ਗਿਆ ਸੀ। ਉਹ ਅਜਿਹੇ ਵਚਨਾਂ ਤੇ ਜ਼ੋਰ ਦਿੰਦੇ ਹਨ ਜਿੱਥੇ ਯਿਸੂ ਦੇ ਅਜਿਹੇ ਬਿਆਨ ਹਨ ਕਿ "ਸਵਰਗ ਦਾ ਰਾਜ ਨੇੜੇ ਹੈ" ਅਤੇ "ਪਰਮੇਸ਼ੁਰ ਦਾ ਰਾਜ ਤੁਸਾਂ ਉੱਤੇ ਆ ਪਹੁੰਚਿਆਂ ਹੈ" (ਮੱਤੀ 4:17 ਅਤੇ ਲੂਕਾ 11:20)। ਰਾਜ ਦੀ ਇਹ ਧਾਰਨਾ ਰਾਜ ਦੇ ਆਤਮਿਕ ਪੱਖ ਅਤੇ ਵਿਸ਼ਵਾਸੀਆਂ ਦੇ ਦਿਲਾਂ ਵਿੱਚ ਪਰਮੇਸ਼ੁਰ ਦੇ ਰਾਜ ਤੇ ਜਿਆਦਾ ਧਿਆਨ ਕੇਂਦਰਿਤ ਕਰਦੀ ਹੈ।

*ਰਾਜ ਪਹਿਲਾਂ ਤੋਂ ਹੀ ਆ ਚੁੱਕਾ ਹੈ ਪਰ ਇਹ ਪੂਰੀ ਤਰ੍ਹਾਂ ਨਾਲ ਜਾਹਿਰ ਨਹੀਂ ਹੋਇਆ।*

ਬਹੁਤ ਸਾਰੇ ਮਸੀਹੀ ਵਿਦਵਾਨ ਸਿਖਾਉਂਦੇ ਹਨ ਕਿ ਰਾਜ ਦੇ ਵਿੱਚ ਵਰਤਮਾਨ ਅਤੇ ਭਵਿੱਖ ਦੋਵੇਂ ਸ਼ਾਮਿਲ ਹਨ। ਇਹ ਧਾਰਨਾ ਸਿਖਾਉਂਦੀ ਹੈ ਕਿ ਪਰਮੇਸ਼ੁਰ ਦਾ ਰਾਜ ਯਿਸੂ ਦੀ ਧਰਤੀ ਤੇ ਸੇਵਕਾਈ ਦੇ ਦੌਰਾਨ ਸ਼ੁਰੂ ਹੋ ਗਿਆ ਸੀ; ਇਹ ਕਲੀਸਿਆ ਦੀ ਸੇਵਕਾਈ ਦੇ ਦੁਆਰਾ ਲਗਾਤਾਰ ਫੈਲ ਰਿਹਾ ਹੈ; ਅਤੇ ਜਦੋਂ ਮਸੀਹ ਰਾਜ ਕਰਨ ਦੇ ਲਈ ਦੁਬਾਰਾ ਵਾਪਿਸ ਆਵੇਗਾ ਤਾਂ ਇਹ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਜਾਵੇਗਾ।[32] ਮਸੀਹ ਦੀ ਵਾਪਸੀ ਤੇ ਉਹ ਹਰੇਕ ਰਾਜ ਅਤੇ ਅਧਿਕਾਰ ਅਤੇ ਸ਼ਕਤੀ ਦਾ ਨਾਸ਼ ਕਰਕੇ ਉਹ ਪਰਮੇਸ਼ੁਰ ਦੇ ਰਾਜ ਨੂੰ ਛੁਡਾ ਲਵੇਗਾ (1 ਕੁਰਿੰਥੀਆਂ 15:24)। ਇਹ ਪਰਮੇਸ਼ੁਰ ਦੇ ਰਾਜ ਦੀ ਸੰਪੂਰਨ ਸਥਾਪਨਾ ਹੋਵੇਗੀ।

► ਤੁਸੀਂ ਇੰਨਾਂ ਦੇ ਵਿੱਚੋਂ ਰਾਜ ਦੀ ਕਿਹੜੀ ਧਾਰਨਾ ਦੇ ਨਾਲ ਸਹਿਮਤ ਹੋ? ਹਰੇਕ ਧਾਰਨਾ ਦਾ ਸੇਵਕਾਈ ਦੇ ਉੱਤੇ ਕੀ ਅਭਿਆਸਿਕ ਪ੍ਰਭਾਵ ਹੈ?

ਇਸ ਪਾਠ ਦੇ ਵਿੱਚ, ਅਸੀਂ ਰਾਜ ਦੇ ਅਜਿਹੇ ਤੱਥਾਂ ਬਾਰੇ ਵੇਖਾਂਗੇ ਜੋ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ ਅਤੇ ਰਾਜ ਦੇ ਅਜਿਹੇ ਤੱਥ ਜੋ ਹਾਲੇ ਪੂਰੇ ਹੋਣੇ ਬਾਕੀ ਹਨ। ਇੱਕ ਰਾਜ ਦੇ ਸ਼ਾਮਿਲ ਹੁੰਦਾ ਹੈ:

- **ਇੱਕ ਰਾਜਾ:** ਉਸਦੇ ਜਨਮ ਦੇ ਸਮੇਂ ਜੋਤਸ਼ੀਆਂ ਤੋਂ ਲੈ ਕੇ ਉਸਦੀ ਸਲੀਬ ਤੇ ਲਗਾਈ ਤਖ਼ਤੀ ਤੱਕ, ਯਿਸੂ ਨੂੰ ਇੱਕ ਰਾਜੇ ਵੱਜੋਂ ਵੇਖਿਆ ਜਾ ਸਕਦਾ ਹੈ।

---

[32] ਟੀਕਾਕਾਰ ਰਾਜ ਦੀ ਸ਼ੁਰੂਆਤ ਨੂੰ ਦਰਸਾਉਣ ਲਈ ਯਿਸੂ ਦੀ ਸੇਵਕਾਈ ਦੇ ਦੌਰਾਨ "ਰਾਜ ਦਾ ਉਦਘਾਟਨ" ਵਾਕ ਦਾ ਉਪਯੋਗ ਕਰਦੇ ਹਨ। "ਰਾਜ ਦਾ ਪੂਰੀ ਤਰ੍ਹਾਂ ਜਾਹਿਰ ਹੋਣਾ" ਯਿਸੂ ਦੀ ਵਾਪਸੀ ਦੇ ਸਮੇਂ ਰਾਜ ਦੀ ਅੰਤਿਮ ਪੂਰਨਤਾਈ ਦਾ ਅੰਤਿਮ ਪੜਾਅ ਹੋਵੇਗਾ।

- **ਅਧਿਕਾਰ**: ਯਿਸੂ ਨੇ ਆਪਣੇ ਚਮਤਕਾਰਾਂ ਅਤੇ ਕਬਰ ਦੇ ਉੱਤੇ ਉਸਦੀ ਜਿੱਤ ਦੇ ਨਾਲ ਆਪਣੇ ਅਧਿਕਾਰ ਨੂੰ ਵਿਖਾਇਆ।
- **ਕਾਨੂੰਨ**: ਯਿਸੂ ਨੇ ਪਹਾੜੀ ਉਪਦੇਸ਼ ਦੇ ਵਿੱਚ ਰਾਜ ਦੇ ਕਾਨੂੰਨ ਦਾ ਸਾਰ ਪੇਸ਼ ਕੀਤਾ।
- **ਖੇਤਰ**: ਯਿਸੂ ਨੇ ਸਿਖਾਇਆ ਕਿ ਰਾਜ ਧਰਤੀ ਦੇ ਬੰਨ੍ਹਿਆਂ ਤੱਕ ਫੈਲ ਜਾਂਦਾ ਹੈ ਅਤੇ ਇਸ ਵਿੱਚ ਹਰੇਕ ਭਾਸ਼ਾ ਅਤੇ ਉੱਮਤ ਦੇ ਲੋਕ ਸ਼ਾਮਿਲ ਹੁੰਦੇ ਹਨ।
- **ਲੋਕ**: ਉਹ ਸਭ ਲੋਕ ਜੋ ਰਾਜੇ ਦੁਆਰਾ ਛੁਡਾਏ ਗਏ ਹਨ ਉਨ੍ਹਾਂ ਤੇ ਉਸਦਾ ਰਾਜ ਹੈ ਅਤੇ ਉਹ ਯਿਸੂ ਦੇ ਰਾਜ ਦੇ ਨਾਗਰਿਕ ਹਨ।

## ਰਾਜ ਦਾ ਵਾਇਦਾ

► ਪੜ੍ਹੋ ਮੱਤੀ 3:1-12.

ਨਵੇਂ ਨੇਮ ਦੇ ਵਿੱਚ ਪਰਮੇਸ਼ੁਰ ਦੇ ਰਾਜ ਦਾ ਪਹਿਲਾ ਹਵਾਲਾ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਪ੍ਰਚਾਰ ਵਿੱਚ ਮਿਲਦਾ ਹੈ। ਪੁਰਾਣੇ ਨੇਮ ਦੇ ਆਖਰੀ ਨਬੀ ਵੱਜੋਂ ਯੂਹੰਨਾ ਨੇ ਇਸਰਾਏਲ ਦੇ ਧਾਰਮਿਕ ਆਗੂਆਂ ਦੇ ਕਪਟ ਦੀ ਨਿੰਦਿਆ ਕੀਤੀ। ਨਵੇਂ ਨੇਮ ਦੇ ਪਹਿਲੇ ਸੰਦੇਸ਼ਵਾਹਕ ਦੇ ਰੂਪ ਵਿੱਚ, ਉਸਨੇ ਨਵੇਂ ਰਾਜੇ ਦੇ ਲਈ ਰਾਹ ਤਿਆਰ ਕੀਤਾ।"ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ" (ਮੱਤੀ 3:2)। "ਨੇੜੇ" ਸ਼ਬਦ ਤੋਂ ਭਾਵ ਹੈ ਕਿ ਰਾਜ ਜਲਦ ਹੀ ਆ ਰਿਹਾ ਸੀ। ਇਹ ਅਜੇ ਤੱਕ ਆਇਆ ਨਹੀਂ ਸੀ, ਪਰ ਇਹ ਬਹੁਤ ਨੇੜੇ ਸੀ। ਯੂਹੰਨਾ ਇਸਰਾਏਲ ਨੂੰ ਆਉਣ ਵਾਲੇ ਮਸੀਹ ਦੇ ਲਈ ਤਿਆਰ ਕਰਨ ਦੇ ਲਈ ਪ੍ਰਚਾਰ ਕੀਤਾ ਜੋ ਨਵੇਂ ਰਾਜ ਦਾ ਅਰੰਭ ਕਰਨ ਜਾ ਰਿਹਾ ਸੀ।

ਯੂਹੰਨਾ ਦੇ ਕੈਦ ਹੋਣ ਤੋਂ ਤੁਰੰਤ ਬਾਅਦ, ਯਿਸੂ ਨੇ ਆਪਣੀ ਜਨਕਤ ਸੇਵਕਾਈ ਅਰੰਭ ਕਰ ਦਿੱਤੀ। ਉਸਨੇ ਗ਼ਲੀਲ ਦੇ ਵਿੱਚ ਯਾਤਰਾ ਕਰਦੇ ਹੋਏ ਪਰਮੇਸ਼ੁਰ ਦੇ ਰਾਜ ਦੀ ਘੋਸ਼ਣਾ ਕੀਤੀ (ਮੱਤੀ 4:23)। ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਤਰ੍ਹਾਂ, ਯਿਸੂ ਨੇ ਘੋਸ਼ਣਾ ਕੀਤੀ, "ਤੌਬਾ ਕਰੋ ਕਿਉਂਜੋ ਸਵਰਗ ਦਾ ਰਾਜ ਨੇੜੇ ਆਇਆ ਹੈ" (ਮੱਤੀ 4:17)।

► ਪੜ੍ਹੋ ਮੱਤੀ 10:5-42.

ਯਿਸੂ ਨੇ ਬਾਰ੍ਹਾਂ ਚੇਲ੍ਹਿਆਂ ਨੂੰ ਇਸਰਾਏਲ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੇ ਕੋਲ ਰਾਜ ਦੇ ਸੰਦੇਸ਼ ਦਾ ਪ੍ਰਚਾਰ ਕਰਨ ਦੇ ਲਈ ਘੱਲਿਆ। ਉਨ੍ਹਾਂ ਨੇ ਵੀ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਯਿਸੂ ਦੀ ਤਰ੍ਹਾਂ ਪ੍ਰਚਾਰ ਕੀਤਾ, "ਸਵਰਗ ਦਾ ਰਾਜ ਨੇੜੇ ਆਇਆ ਹੈ" (ਮੱਤੀ 10:5-7)।

ਚੇਲ੍ਹਿਆਂ ਦੀ ਸੇਵਕਾਈ ਉਨ੍ਹਾਂ ਦੇ ਸੁਆਮੀ ਦੀ ਸੇਵਕਾਈ ਦੇ ਆਧਾਰ ਤੇ ਹੀ ਸੀ। ਯਿਸੂ ਦੀ ਹੀ ਤਰ੍ਹਾਂ ਉਨ੍ਹਾਂ ਨੇ ਰਾਜ ਦੀ ਘੋਸ਼ਣਾ ਕਰਨੀ ਸੀ ਅਤੇ ਲੋਕਾਂ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਨੀਆਂ ਸਨ। ਯਿਸੂ ਦੀ ਹੀ ਤਰ੍ਹਾਂ ਉਨ੍ਹਾਂ ਨੇ ਬਿਮਾਰਾਂ ਨੂੰ ਚੰਗਿਆਂ ਕੀਤਾ ਅਤੇ ਭੂਤਾਂ

ਨੂੰ ਬਾਹਰ ਕੱਢਿਆ ਚਿੰਨ੍ਹ ਸਨ ਕਿ ਪਰਮੇਸ਼ੁਰ ਦਾ ਰਾਜ ਸ਼ੈਤਾਨ ਦੀ ਹਕੂਮਤ ਨੂੰ ਤੋੜ ਰਿਹਾ ਸੀ। ਯਿਸੂ ਨੇ ਆਪਣੇ ਪ੍ਰਤੀਨਿਧੀਆਂ ਨੂੰ ਭੇਜਿਆ ਕਿ ਉਹ ਬਿਮਾਰਾਂ ਨੂੰ ਚੰਗੇ ਕਰਨ, ਮੁਰਦੇ ਜਿੰਦਾ ਕਰਨ, ਕੋੜ੍ਹੀਆਂ ਨੂੰ ਸ਼ੁੱਧ ਕਰਨ ਅਤੇ ਭੂਤਾਂ ਨੂੰ ਬਾਹਰ ਕੱਢਣ (ਮੱਤੀ 10:8)।

## ਰਾਜ ਦਾ ਉਦਘਾਟਨ

► ਪੜ੍ਹੋ ਮੱਤੀ 12:22-23.

ਰਾਜ ਦਾ ਵਾਇਦਾ ਨਵਾਂ ਨਹੀਂ ਸੀ। ਪੁਰਾਣੇ ਨੇਮ ਦੇ ਨਬੀਆਂ ਨੇ ਭਵਿੱਖ ਦੇ ਰਾਜ ਦਾ ਵਾਇਦਾ ਕੀਤਾ ਸੀ। ਪਰ, ਯਿਸੂ ਨੇ ਘੋਸ਼ਣਾ ਕੀਤੀ ਕਿ ਰਾਜ ਸਿਰਫ਼ ਇੱਕ ਭਵਿੱਖ ਦੀ ਹੀ ਉਮੀਦ ਨਹੀਂ ਹੈ, ਪਰ ਇਹ ਵਰਤਮਾਨ ਅਸਲੀਅਤ ਹੈ। ਯਿਸੂ ਨੇ ਪਰਮੇਸ਼ੁਰ ਦੇ ਰਾਜ ਦੇ ਉਦਘਾਟਨ ਦੀ ਘੋਸ਼ਣਾ ਕੀਤੀ। ਜਿੱਥੇ ਵੀ ਯਿਸੂ ਸੀ ਉੱਥੇ ਹੀ ਪਰਮੇਸ਼ੁਰ ਦਾ ਰਾਜ ਵੀ ਮੌਜੂਦ ਸੀ।

ਭੂਤਾਂ ਦੇ ਉੱਤੇ ਉਸਦੀ ਸ਼ਕਤੀ ਦੇ ਨਾਲ, ਯਿਸੂ ਨੇ ਅਜਿਹੇ ਰਾਜੇ ਦੀ ਸ਼ਕਤੀ ਵਿਖਾਈ ਜਿਸਨੇ ਸ਼ੈਤਾਨ ਦੇ ਰਾਜ ਨੂੰ ਜਿੱਤ ਲਿਆ ਸੀ। ਯਿਸੂ ਦੁਆਰਾ ਦੁਸ਼ਟ-ਆਤਮਾਵਾਂ ਦੇ ਜਕੜੇ ਵਿਅਕਤੀ ਨੂੰ ਆਜਾਦ ਕਰਨ ਤੋਂ ਬਾਅਦ, ਫ਼ਰੀਸੀਆਂ ਨੇ ਦਾਅਵਾ ਕੀਤਾ ਕਿ ਯਿਸੂ ਭੂਤਾਂ ਦੇ ਸਰਦਾਰ ਬਆਲ-ਜ਼ਬੂਲ ਦੀ ਸਹਾਇਤਾ ਦੇ ਨਾਲ ਭੂਤਾਂ ਨੂੰ ਕੱਢਦਾ ਹੈ। ਯਿਸੂ ਨੇ ਉੱਤਰ ਦਿੱਤਾ ਕਿ ਉਹ ਪਰਮੇਸ਼ੁਰ ਦੀ ਸ਼ਕਤੀ ਦੇ ਨਾਲ ਸ਼ੈਤਾਨ ਦੇ ਰਾਜ ਨੂੰ ਜਿੱਤ ਰਿਹਾ ਹੈ: "ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ" (ਮੱਤੀ 12:28)। ਯਿਸੂ ਨੇ ਸ਼ੈਤਾਨ ਦੇ ਰਾਜ ਉੱਤੇ ਹਮਲਾ ਕਰ ਦਿੱਤਾ ਸੀ।

► ਪੜ੍ਹੋ ਮੱਤੀ 11:1-24.

ਯਿਸੂ ਦੇ ਚਮਤਕਾਰ ਉਸਦੇ ਰਾਜ ਦੀ ਸ਼ੁਰੂਆਤ ਦੇ ਚਿੰਨ੍ਹ ਸਨ। ਯੂਹੰਨਾ ਦਾ ਸ਼ੁਭਸਮਾਚਾਰ ਯਿਸੂ ਦੇ ਚਮਤਕਾਰਾਂ ਲਈ ਚਿੰਨ੍ਹ ਸ਼ਬਦ ਦੀ ਵਰਤੋਂ ਕਰਦਾ ਹੈ। ਚਮਤਕਾਰ ਯਿਸੂ ਦੀ ਈਸ਼ਵਰਤਾਈ ਦੇ ਚਿੰਨ੍ਹ ਅਤੇ ਨਵੇਂ ਰਾਜ ਦੇ ਸਬੂਤ ਸਨ।

ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਘੋਸ਼ਣਾ ਕੀਤੀ ਕਿ "ਸਵਰਗ ਦਾ ਰਾਜ ਨੇੜੇ ਹੈ।" ਉਸਨੇ ਇੱਕ ਰਾਜਨੀਤਿਕ ਰਾਜ ਦੀ ਉਮੀਦ ਕੀਤੀ ਜਿਸ ਨਾਲ ਇਸਰਾਏਲ ਦਾ ਛੁਟਕਾਰਾ ਹੁੰਦਾ। ਇਸਦੀ ਬਜਾਏ, ਯੂਹੰਨਾ ਨੇ ਆਪਣੇ ਆਪ ਨੂੰ ਕੈਦ ਦੇ ਵਿੱਚ ਮੌਤ ਦੀ ਸਜਾ ਦਾ ਸਾਹਮਣਾ ਕਰਦੇ ਹੋਏ ਪਾਇਆ! ਉਸਨੇ ਆਪਣੇ ਚੇਲ੍ਹਿਆਂ ਨੂੰ ਪੁੱਛਣ ਲਈ ਘੱਲਿਆ, "ਭਈ ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ਯਾ ਅਸੀਂ ਕਿਸੇ ਹੋਰ ਨੂੰ ਉਡੀਕੀਏ? (ਮੱਤੀ 11:3) ਯਿਸੂ ਦੀ ਸੇਵਕਾਈ ਯੂਹੰਨਾ ਦੀ ਇੱਕ ਅਜਿਹੇ ਰਾਜਨੀਤਿਕ ਮਸੀਹਾ ਦੀ ਉਮੀਦ ਦੇ ਨਾਲ ਮੇਲ ਨਹੀਂ ਖਾ ਰਹੀ ਸੀ ਜੋ ਧਰਤੀ ਤੇ ਆਪਣੇ ਰਾਜ ਨੂੰ ਸਥਾਪਿਤ ਕਰਦਾ।

ਯਿਸੂ ਨੇ ਮਸੀਹ ਦੇ ਕੰਮਾਂ ਵੱਲ ਸੰਕੇਤ ਕਰਦੇ ਹੋਏ ਉੱਤਰ ਦਿੱਤਾ।

ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਜੋ ਕੁੱਝ ਤੁਸੀਂ ਸੁਣਦੇ ਅਤੇ ਵੇਖਦੇ ਹੋ ਸੋ ਯੂਹੰਨਾ ਨੂੰ ਜਾ ਦੱਸਿਓ ਕਿ ਅੰਨੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ, ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ ਅਤੇ ਗ਼ਰੀਬਾਂ ਨੂੰ ਖ਼ੁਸ਼ ਖ਼ਬਰੀ ਸੁਣਾਈ ਜਾਂਦੀ ਹੈ। ਅਤੇ ਧੰਨ ਉਹ ਹੈ ਜੋ ਮੇਰੇ ਕਾਰਨ ਠੋਕਰ ਨਾ ਖਾਵੇ (ਮੱਤੀ 11:4-6)।

ਯਿਸੂ ਨੇ ਯੂਹੰਨਾ ਨੂੰ ਅਜਿਹੇ ਚਿੰਨ੍ਹਾਂ ਦੇ ਬਾਰੇ ਯਾਦ ਦਿਵਾਇਆ ਜੋ ਮਸੀਹ ਦੇ ਬਾਰੇ ਭਵਿੱਖਬਾਣੀ ਕੀਤੇ ਗਏ ਸਨ ਅਤੇ ਹੁਣ ਪੂਰੇ ਹੋ ਰਹੇ ਸਨ। ਭਾਵੇਂਕਿ ਯਿਸੂ ਨੇ ਯੂਹੰਨਾ ਦੀ ਤਾਕਤ ਅਤੇ ਹੌਂਸਲੇ ਦੀ ਸ਼ਲਾਘਾ ਕੀਤੀ, ਪਰ ਉਸਨੇ ਘੋਸ਼ਣਾ ਕੀਤੀ ਕਿ ਸਵਰਗ ਦੇ ਰਾਜ ਵਿੱਚ ਸਭ ਤੋਂ ਛੋਟਾ ਵੀ ਯੂਹੰਨਾ ਨਾਲੋਂ ਵੱਡਾ ਹੈ। ਕਿਉਂ? ਯਿਸੂ ਸਾਰੇ ਸੁਭਾਗਾਂ ਵਾਲੇ ਇੱਕ ਨਵੇਂ ਰਾਜ ਨੂੰ ਸਥਾਪਿਤ ਕਰਨ ਦੇ ਲਈ ਆਇਆ ਸੀ। ਨਵੇਂ ਨੇਮ ਦੇ ਸਭ ਤੋਂ ਛੋਟੇ ਵਿਅਕਤੀ ਦੇ ਕੋਲ ਅਜਿਹੇ ਸੁਭਾਗ ਹਨ ਜੋ ਪੁਰਾਣੇ ਨੇਮ ਦੇ ਮਹਾਨ ਸੰਤਾਂ ਨੇ ਕਦੇ ਨਹੀਂ ਵੇਖੇ। ਨਵੇਂ ਨੇਮ ਦੇ ਵਿਸ਼ਵਾਸੀਆਂ ਨੇ ਪੁਰਾਣੇ ਨੇਮ ਦੇ ਵਾਇਦਿਆਂ ਨੂੰ ਪੂਰੇ ਹੁੰਦੇ ਵੇਖਿਆ। ਵਾਇਦਾ ਕੀਤਾ ਹੋਇਆ ਰਾਜ ਅਰੰਭ ਹੋ ਚੁੱਕਾ ਸੀ।

## ਰਾਜ ਦੇ ਵਿੱਚ ਜੀਵਨ: ਪਹਾੜੀ ਉਪਦੇਸ਼

ਸ਼ੁਭਸਮਾਚਾਰਾਂ ਦੇ ਵਿੱਚ ਦਰਜ ਕੀਤਾ ਯਿਸੂ ਦਾ ਸਭ ਤੋਂ ਲੰਬਾ ਪ੍ਰਚਾਰ ਪਹਾੜੀ ਉਪਦੇਸ਼ ਹੈ। ਇਸ ਪ੍ਰਚਾਰ ਦਾ ਸਾਂਝਾ ਵਿਸ਼ਾ ਪਰਮੇਸ਼ੁਰ ਦਾ ਰਾਜ ਹੈ। ਇਹ ਅਲੱਗ-ਅਲੱਗ ਤਰੀਕਿਆਂ ਨਾਲ ਵੇਖਿਆ ਜਾਂਦਾ ਹੈ:

- ਪਹਿਲੇ ਧੰਨ ਹੋਣ ਦੇ ਸਿਧਾਂਤ ਸਿਖਾਉਂਦੇ ਹਨ ਕਿ ਸਵਰਗ ਦਾ ਰਾਜ ਆਤਮਾ ਦੇ ਵਿੱਚ ਗ਼ਰੀਬ ਲੋਕਾਂ ਦੇ ਲਈ ਸੀ (ਮੱਤੀ 5:3)। ਧੰਨ ਹੋਣ ਦਾ ਆਖਰੀ ਸਿਧਾਂਤ ਸਿਖਾਉਂਦਾ ਹੈ ਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੈ ਜੋ ਧਰਮ ਦੇ ਕਾਰਨ ਸਤਾਏ ਜਾਂਦੇ ਹਨ (ਮੱਤੀ 5:10)। ਇਹ ਦੋਵੇਂ ਬਾਕੀ ਦੇ ਧੰਨ ਹੋਣ ਦੇ ਸਿਧਾਂਤਾਂ ਦੇ ਦੁਆਲੇ ਇੱਕ ਕਵਰ ਬਣਾਉਂਦੇ ਹਨ ਜੋ ਇਹ ਦਰਸਾਉਂਦੇ ਹਨ ਕਿ ਧੰਨ ਹੋਣ ਦਾ ਮੁੱਢਲਾ ਵਿਸ਼ਾ ਸਵਰਗ ਦਾ ਰਾਜ ਹੈ।

- ਯਿਸੂ ਦੇ ਅਧਿਕਾਰ ਦੇ ਦਾਅਵੇ ਸ਼ਰਾ ਦੀ ਮੁੜ-ਵਿਆਖਿਆ ਕਰਦੇ ਹਨ (ਮੱਤੀ 5:21-48)। ਇਹ ਇੱਕ ਅਜਿਹੇ ਰਾਜੇ ਦਾ ਕੰਮ ਹੈ ਜਿਸਦੇ ਕੋਲ ਵਿਆਖਿਆ ਕਰਨ ਅਤੇ ਆਪਣੇ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਦਾ ਅਧਿਕਾਰ ਹੈ।

- ਯਿਸੂ ਨੇ ਚੇਲ੍ਹਿਆਂ ਨੂੰ ਪ੍ਰਾਥਨਾ ਕਰਨਾ ਸਿਖਾਇਆ, "ਤੁਹਾਡਾ ਰਾਜ ਆਵੇ, ਜਿਵੇਂ ਸਵਰਗ ਦੇ ਵਿੱਚ ਪੂਰੀ ਹੁੰਦੀ ਹੈ ਧਰਤੀ ਤੇ ਵੀ ਹੋਵੇ" (ਮੱਤੀ 6:9-13)। ਸਾਨੂੰ ਧਰਤੀ ਤੇ ਪਰਮੇਸ਼ੁਰ ਦੇ ਰਾਜ ਦੇ ਵਿਕਾਸ ਲਈ ਪ੍ਰਾਥਨਾ ਕਰਨ ਲਈ ਬੁਲਾਇਆ ਗਿਆ ਹੈ। ਜਦੋਂ ਪਰਮੇਸ਼ੁਰ ਦੇ ਲੋਕ ਪਹਾੜੀ ਉਪਦੇਸ਼ ਦੇ ਅਨੁਸਾਰ ਜਿਉਂਦੇ ਹਨ, ਤਾਂ ਰਾਜ ਦਾ ਵਿਕਾਸ ਹੁੰਦਾ ਹੈ ਅਤੇ ਪਰਮੇਸ਼ੁਰ ਦਾ ਅਧਿਕਾਰ ਰਾਜ ਦੇ ਨਵੇਂ ਨਾਗਰਿਕਾਂ ਦੇ ਵਿੱਚ ਵਿਕਸਿਤ ਹੁੰਦਾ ਹੈ।

- ਪ੍ਰਚਾਰ ਦੇ ਅੰਤ ਵਿੱਚ, ਯਿਸੂ ਨੇ ਸਿਖਾਇਆ ਕਿ ਸਵਰਗ ਦੇ ਰਾਜ ਵਿੱਚ ਦਾਖਿਲ ਹੋਣ ਦੇ ਲਈ ਸਮਰੱਥੀ ਕੰਮ ਹੀ ਕਾਫੀ ਨਹੀਂ ਹਨ। ਸਿਰਫ਼ ਉਹੀ ਦਾਖਿਲ ਹੋਵੇਗਾ ਜੋ ਸਵਰਗੀ ਪਿਤਾ ਦੀ ਇੱਛਾ ਤੇ ਚੱਲਦਾ ਹੈ (ਮੱਤੀ 7:21)

**ਪਹਾੜੀ ਉਪਦੇਸ਼ ਨੂੰ ਪੜਣ ਦੇ ਲਈ ਸਿਧਾਂਤ**

ਜਦੋਂ ਅਸੀਂ ਪਹਾੜੀ ਉਪਦੇਸ਼ ਨੂੰ ਪੜਦੇ ਹਾਂ ਤਾਂ ਸਾਨੂੰ ਤਿੰਨ ਸਿਧਾਂਤ ਯਾਦ ਰੱਖਣੇ ਚਾਹੀਦੇ ਹਨ।

**(1) ਪਹਾੜੀ ਉਪਦੇਸ਼ ਦੇ ਵਿੱਚ ਦਿੱਤੇ ਹੁਕਮਾਂ ਦੀ ਪਾਲਣਾ ਕਰਨ ਦੇ ਨਾਲ ਅਸੀਂ ਸਵਰਗ ਦੇ ਰਾਜ ਦੀ ਨਾਗਰਿਕਤਾ ਕਮਾ ਨਹੀਂ ਸਕਦੇ।**

ਸਾਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ, "ਇਸ ਪ੍ਰਚਾਰ ਜੀਵਨ ਬਿਤਾਓ ਅਤੇ ਤੁਸੀਂ ਇੱਕ ਮਸੀਹੀ ਬਣ ਜਾਓਗੇ।" ਇਸਦੀ ਬਜਾਏ ਸਾਨੂੰ ਇਸ ਪ੍ਰਚਾਰ ਨੂੰ ਰਾਜ ਦੇ ਇੱਕ ਨਾਗਰਿਕ ਦੇ ਜੀਵਨ ਲਈ ਦਿਸ਼ਾ-ਨਿਰਦੇਸ਼ ਵੱਜੋਂ ਪੜਣਾ ਚਾਹੀਦਾ ਹੈ: "ਇਸ ਪ੍ਰਕਾਰ ਜੀਵਨ ਬਿਤਾਓ ਕਿਉਂਕਿ ਤੁਸੀਂ ਇੱਕ ਮਸੀਹੀ ਹੋ।" ਅਸੀਂ ਸਿਰਫ਼ ਕ੍ਰਿਪਾ ਦੇ ਦੁਆਰਾ ਬਚਾਏ ਗਏ ਹਾਂ; ਇਸ ਲਈ ਪਰਮੇਸ਼ੁਰ ਦੇ ਰਾਜ ਮੈਂਬਰਾਂ ਵੱਜੋਂ ਸਾਨੂੰ ਉਸਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**(2) ਪਹਾੜੀ ਉਪਦੇਸ਼ ਚੇਲ੍ਹਿਆਂ ਦੇ ਲਈ ਹੈ, ਅਵਿਸ਼ਵਾਸੀਆਂ ਦੇ ਲਈ ਨਹੀਂ।**

ਇਹ ਕਿਸੇ ਧਰਮ-ਨਿਰਪੱਖ ਦੇਸ਼ ਦਾ ਸੰਵਿਧਾਨ ਨਹੀਂ ਹੈ। ਜਦੋਂ ਤੁਹਾਡੇ ਅਵਿਸ਼ਵਾਸੀ ਗੁਆਂਢੀ ਇੰਨਾਂ ਸਿਧਾਂਤਾਂ ਤੇ ਚੱਲਣ ਦਾ ਇਨਕਾਰ ਕਰ ਦਿੰਦੇ ਹਨ ਤਾਂ ਹੈਰਾਨ ਨਾ ਹੋਵੋ! ਇਹ ਪਰਮੇਸ਼ੁਰ ਦੇ ਰਾਜ ਦੇ ਜੀਵਨ ਦਾ ਵਰਣਨ ਹੈ, ਮਨੁੱਖੀ ਰਾਜਾਂ ਦੇ ਜੀਵਨ ਦਾ ਨਹੀਂ।

**(3) ਪਹਾੜੀ ਉਪਦੇਸ਼ ਹਰੇਕ ਵਿਸ਼ਵਾਸੀ ਦੇ ਲਈ ਹੈ**

ਬਹੁਤ ਸਾਰੇ ਲੋਕਾਂ ਨੇ ਇਸ ਪ੍ਰਚਾਰ ਦੀਆਂ ਮੰਗਾਂ ਨੂੰ ਇਸ ਤਰਕ ਦੇ ਨਾਲ ਨਜ਼ਰ-ਅੰਦਾਜ ਕਰ ਦਿੰਦੇ ਹਨ ਕਿ ਇਹ ਸਿਧਾਂਤ ਆਮ ਵਿਸ਼ਵਾਸੀਆਂ ਦੇ ਲਈ ਲਾਗੂ ਨਹੀਂ ਹੁੰਦੇ। ਕਈ ਕਹਿੰਦੇ ਹਨ, "ਇਹ ਆਉਣ ਵਾਲੇ ਹਜ਼ਾਰ ਸਾਲਾਂ ਦੇ ਰਾਜ ਦੇ ਕਾਨੂੰਨ ਹਨ।" ਕਈਆਂ ਨੇ ਕਿਹਾ ਹੈ, "ਇਹ ਸਿਰਫ਼ ਕੁਝ ਸੰਤਾਂ ਦੇ ਲਈ ਹੈ। ਜਿਆਦਾਤਰ ਮਸੀਹੀ ਇੰਨ੍ਹਾਂ ਹੁਕਮਾਂ ਤੇ ਨਹੀਂ ਚੱਲ ਸਕਦੇ।" ਕੁਝ ਹੋਰਾਂ ਨੇ ਕਿਹਾ ਹੈ, "ਇਹ ਪ੍ਰਚਾਰ ਵਿਖਾਉਂਦਾ ਹੈ ਕਿ ਅਸੀਂ ਕਦੇ ਵੀ ਪਰਮੇਸ਼ੁਰ ਦੇ ਹੁਕਮਾਂ ਨੂੰ ਸੰਤੁਸ਼ਟ ਨਹੀਂ ਕਰ ਸਕਦੇ। ਜਦੋਂ ਅਸੀਂ ਵੇਖਦੇ ਹਾਂ ਕਿ ਅਸੀਂ ਕਦੇ ਵੀ ਪਰਮੇਸ਼ੁਰ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੇ, ਤਾਂ ਅਸੀਂ ਸਿਰਫ਼ ਕ੍ਰਿਪਾ ਤੇ ਨਿਰਭਰ ਹੋ ਜਾਂਦੇ ਹਾਂ।"

ਪਰ ਅਰੰਭਿਕ ਕਲੀਸਿਆ ਦੇ ਵਿੱਚ ਇਸ ਪ੍ਰਚਾਰ ਨੂੰ ਹਰੇਕ ਵਿਸ਼ਵਾਸੀ ਦੀ ਦਿਸ਼ਾ-ਨਿਰਦੇਸ਼ ਦੇ ਲਈ ਪੜ੍ਹਿਆ ਜਾਂਦਾ ਸੀ। 1 ਪਤਰਸ ਅਤੇ ਯਾਕੂਬ ਦੀਆਂ ਪੱਤ੍ਰੀਆਂ ਵਿੱਚ ਇਸ ਪ੍ਰਚਾਰ ਦੇ ਬਹੁਤ ਸਾਰੇ ਹੁਕਮਾਂ ਨੂੰ ਦੁਹਰਾਇਆ ਗਿਆ ਹੈ। ਯਿਸੂ ਨੇ ਪਵਿੱਤਰਤਾਈ ਦੇ ਲਈ ਪਰਮੇਸ਼ੁਰ ਦੇ ਪੱਧਰ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਫ਼ਰੀਸੀਆਂ ਨਾਲੋਂ ਨੀਵਾਂ ਪੱਧਰ ਰੱਖਣ ਦੀ ਬਜਾਏ, ਯਿਸੂ ਨੇ ਆਪਣੇ ਪੈਰੋਕਾਰਾਂ

ਦੇ ਲਈ ਉਨ੍ਹਾਂ ਨਾਲੋਂ ਉੱਚਾ ਪੱਧਰ ਰੱਖਿਆ: "ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸੇ ਬਿਧ ਨਾ ਵੜੋਗੇ" (ਮੱਤੀ 5:20)।

### ਪਰਮੇਸ਼ੁਰ ਦੇ ਰਾਜ ਵਿੱਚ ਜੀਵਨ

► ਪੜ੍ਹੋ ਮੱਤੀ 5-7.

ਜੇਕਰ ਯਿਸੂ ਨੇ ਧਰਤੀ ਤੇ ਆਪਣੀ ਸੇਵਕਾਈ ਦੇ ਦੌਰਾਨ ਰਾਜ ਨੂੰ ਅਰੰਭ ਕੀਤਾ ਸੀ, ਤਾਂ ਹੁਣ ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਜਿਉਂਦੇ ਹਾਂ। ਪਹਾੜੀ ਉਪਦੇਸ਼ ਸਵਰਗ ਦੇ ਰਾਜ ਦੇ ਨਾਗਰਿਕ ਦੇ ਜੀਵਨ ਦੇ ਚਰਿੱਤਰ ਨੂੰ ਦਰਸਾਉਂਦਾ ਹੈ। ਇੱਥੇ ਪ੍ਰਚਾਰ ਦੇ ਵਿਸ਼ਿਆਂ ਤੇ ਇੱਕ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

**(1) ਪਰਮੇਸ਼ੁਰ ਦੇ ਰਾਜ ਦੀਆਂ ਕਦਰਾਂ-ਕੀਮਤਾਂ ਸੰਸਾਰ ਦੀਆਂ ਕਦਰਾਂ ਕੀਮਤਾਂ ਨਾਲੋਂ ਅਲੱਗ ਹਨ।**

ਕੋਈ ਵੀ ਧਰਤੀ ਦਾ ਹਾਕਮ ਨਹੀਂ ਕਹਿੰਦਾ ਕਿ ਗ਼ਰੀਬ ਹੋਣਾ, ਸੋਗ ਕਰਨਾ, ਆਪਣੇ ਹੱਕਾਂ ਦਾ ਤਿਆਗ ਕਰ ਦੇਣਾ, ਜਾਂ ਸਤਾਏ ਜਾਣਾ ਧੰਨ ਹੈ। ਧੰਨ ਹੋਣ ਦੇ ਸਿਧਾਂਤ ਯਿਸੂ ਦੇ ਸਮੇਂ ਦੇ ਰੋਮੀ ਰਾਜ ਅਤੇ ਸਾਡੇ ਅੱਜ ਦੇ ਸੰਸਾਰ ਦੀਆਂ ਕਦਰਾਂ ਕੀਮਤਾਂ ਨਾਲੋਂ ਬਿਲਕੁਲ ਅਲੱਗ ਸਨ। ਪਰਮੇਸ਼ੁਰ ਦਾ ਰਾਜ ਮਨੁੱਖੀ ਰਾਜ ਨਾਲੋਂ ਅਲੱਗ ਹੈ।

**(2) ਪਰਮੇਸ਼ੁਰ ਰਾਜ ਦੇ ਨਾਗਰਿਕਾਂ ਨੂੰ ਆਪਣੇ ਸੰਸਾਰ ਨੂੰ ਪ੍ਰਭਾਵਿਤ ਕਰਨਾ ਚਾਹੀਦਾ ਹੈ।**

ਯਿਸੂ ਦੇ ਦਿਨਾਂ ਵਿੱਚ ਅਸੈਂਸ ਨਾਮਕ ਇੱਕ ਧਾਰਮਿਕ ਸਮੂਹ ਦੀ ਧਾਰਨਾ ਸੀ ਕਿ ਲੋਕਾਂ ਨੂੰ ਸਮਾਜ ਤੋਂ ਬਾਹਰ ਜਾ ਕੇ ਇਕਾਂਤ ਦੇ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ। ਯਿਸੂ ਨੇ ਕਿਹਾ, "ਨਹੀ! ਤੁਹਾਨੂੰ ਅਜਿਹੇ ਨਮਕ ਬਣਨਾ ਚਾਹੀਦਾ ਹੈ ਜੋ ਆਪਣੇ ਸੰਸਾਰ ਨੂੰ ਸੁਆਦਲਾ ਬਣਾਉਂਦਾ ਅਤੇ ਸੰਭਾਲ ਕੇ ਰੱਖਦਾ ਹੈ। ਤੁਹਾਨੂੰ ਅਜਿਹਾ ਚਾਨਣ ਬਣਨਾ ਚਾਹੀਦਾ ਹੈ ਜੋ ਤੁਹਾਡੇ ਸਵਰਗੀ ਪਿਤਾ ਦੀ ਮਹਿਮਾ ਕਰ ਸਕੇ।" ਹਾਲਾਂਕਿ ਪਰਮੇਸ਼ੁਰ ਦਾ ਰਾਜ ਮੁੱਢਲੇ ਰੂਪ ਵਿੱਚ ਆਤਮਿਕ ਹੈ, ਸਾਡੇ ਸੰਸਾਰ ਨੂੰ ਰਾਜ ਦੇ ਨਾਗਰਿਕਾਂ ਦੀ ਮੌਜੂਦਗੀ ਤੋਂ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਲਾਭ ਮਿਲਣਾ ਚਾਹੀਦਾ ਹੈ।

> "ਸ਼ੁੱਧ ਮਨ ਵਾਲੇ ਸਿਰਫ਼ ਪਰਮੇਸ਼ੁਰ ਨੂੰ ਹੀ ਨਹੀਂ ਵੇਖਦੇ ਪਰ ਉਹ ਅਜਿਹੀਆਂ ਪੱਤ੍ਰੀਆਂ ਬਣ ਜਾਂਦੇ ਹਨ ਜਿਸਦੇ ਦੁਆਰਾ ਸਮਾਜ ਉਸਨੂੰ ਵੇਖਦਾ ਹੈ
>
> -ਲਿਓਨ ਹੇਸਨ

ਅਸੀਂ ਅਜਿਹੇ ਬਹੁਤ ਸਾਰੇ ਮਸੀਹੀਆਂ ਦੀਆਂ ਉਦਾਹਰਨਾਂ ਦੀ ਸੂਚੀ ਬਣਾ ਸਕਦੇ ਹਾਂ ਜੋ ਸਮਾਜ ਦੇ ਲਈ ਨਮਕ ਅਤੇ ਚਾਨਣ ਹਨ। ਵਿਲਿਅਮ ਵਿਲਬਰਫੋਰਸ ਨੇ ਬ੍ਰਿਟੇਨ ਦੇ ਸੰਸਦ ਭਵਨ ਵਿੱਚ ਗ਼ੁਲਾਮਾਂ ਦੇ ਵਿਉਪਾਰ ਨੂੰ ਖ਼ਤਮ ਕਰਨ ਵਿੱਚ ਅਗਵਾਈ ਕੀਤੀ; ਮੈਥੋਡਿਸਟ ਜਾਗ੍ਰਿਤੀ ਨੇ ਅੰਗਰੇਜ਼ੀ ਸਮਾਜ ਦੇ ਸਾਰੇ ਪੱਧਰਾਂ ਦੇ ਵਿੱਚ ਸੁਧਾਰ ਲਿਆਂਦਾ; ਵਿਲਿਅਮ ਕੈਰੀ ਨੇ ਭਾਰਤ ਦੇ ਵਿੱਚ ਕਾਨੂੰਨੀ ਭਰੂਣ ਹੱਤਿਆ ਅਤੇ ਸਤੀ ਪ੍ਰਥਾ (ਵਿਧਵਾ ਨੂੰ ਸਾੜਨ) ਦੇ

ਵਿਰੁੱਧ ਦੀ ਲੜਾਈ ਲੜੀ; ਮਸੀਹੀਆਂ ਨੇ ਸਿੱਖਿਆ ਫੈਲਾਈ ਹੈ, ਹਸਪਤਾਲ ਅਤੇ ਅਨਾਥ-ਆਸ਼ਰਮ ਸਥਾਪਿਤ ਕੀਤੇ ਹਨ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਗ਼ਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਕੀਤੀ ਹੈ।

**(3) ਪਰਮੇਸ਼ੁਰ ਦੇ ਰਾਜ ਦੇ ਨਾਗਰਿਕ ਕਾਨੂੰਨ ਦੀਆਂ ਸੀਮਿਤ ਮੰਗਾਂ ਤੋਂ ਵੱਧ ਕੇ ਪਿਤਾ ਦੇ ਪਿਆਰ ਨੂੰ ਵਿਖਾਉਂਦੇ ਹਨ।**

ਯਿਸੂ ਸ਼ਰਾ ਦੇ ਸਥਾਨ ਤੇ ਕੋਈ ਹੋਰ ਚੀਜ਼ ਲਿਆਉਣ ਨਹੀਂ ਆਇਆ, ਪਰ ਉਹ ਸ਼ਰਾ ਨੂੰ ਪੂਰਿਆਂ ਕਰਨ ਦੇ ਲਈ ਆਇਆ। "ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ" (ਮੱਤੀ 5:17) ਪੂਰਾ ਕਰਨ ਤੋਂ ਭਾਵ ਹੈ ਕਿਸੇ ਚੀਜ਼ ਨੂੰ ਪੂਰਿਆਂ ਕਰਨ ਜਾਂ ਉਸਦੀ ਪੂਰਨ ਪ੍ਰਾਪਤੀ ਕਰਨਾ। ਯਿਸੂ ਸ਼ਰਾ ਨੂੰ ਖੰਡਣ ਦੇ ਲਈ ਨਹੀਂ ਆਇਆ ਪਰ ਉਹ ਇਸਦੇ ਪਿੱਛੇ ਦੀ ਆਤਮਾ ਨੂੰ ਉਜਾਗਰ ਕਰਨ ਦੇ ਲਈ ਆਇਆ। ਆਪਣੀਆਂ ਛੇ ਉਦਾਹਰਨਾਂ ਦੀ ਲੜੀ ਦੇ ਵਿੱਚ ਯਿਸੂ ਦੱਸਦਾ ਹੈ ਕਿ ਰਾਜ ਦੇ ਨਾਗਰਿਕਾਂ ਦੀ ਧਾਰਮਿਕਤਾ ਫ਼ਰੀਸੀਆਂ ਅਤੇ ਗ੍ਰੰਥੀਆਂ ਤੇ ਨਾਲੋਂ ਵਧੀਕ ਹੋਣੀ ਚਾਹੀਦੀ ਹੈ।

| ਸ਼ਰਾ | ਰਾਜ ਦੇ ਨਾਗਰਿਕ |
|---|---|
| ਸ਼ਰਾ ਖ਼ੂਨ ਕਰਨ ਤੋਂ ਮਨ੍ਹਾ ਕਰਦੀ ਹੈ। | ਰਾਜ ਦੇ ਨਾਗਰਿਕ ਇਸਦੇ ਇਰਾਦੇ ਦੀ ਜੜ੍ਹ-ਕ੍ਰੋਧ ਨੂੰ ਸੰਬੋਧਿਤ ਕਰਦੇ ਹਨ। |
| ਸ਼ਰਾ ਵਿਭਚਾਰ ਕਰਨ ਤੋਂ ਮਨ੍ਹਾ ਕਰਦੀ ਹੈ। | ਰਾਜ ਦੇ ਨਾਗਰਿਕ ਕਿਸੇ ਔਰਤ ਤੇ ਕਾਮੁਕ ਇਰਾਦੇ ਨਾਲ ਨਜ਼ਰ ਨਹੀਂ ਮਾਰਦੇ। |
| ਸ਼ਰਾ "ਤਲਾਕ ਦੇ ਪ੍ਰਮਾਣ ਪੱਤਰ" ਦੀ ਮੰਗ ਕਰਦੀ ਹੈ। | ਰਾਜ ਦੇ ਨਾਗਰਿਕ ਵਿਆਹ ਸੰਬੰਧ ਦੇ ਵਿੱਚੋਂ ਬਾਹਰ ਨਿਕਲ ਜਾਣ ਦੀ ਬਜਾਏ ਇਸਦੇ ਵਿੱਚ ਬਣੇ ਰਹਿਣ ਦੇ ਰਾਹ ਲੱਭਦੇ ਹਨ। |
| ਸ਼ਰਾ ਝੂਠੀ ਸੌਂਹ ਖਾਣ ਤੋਂ ਮਨ੍ਹਾ ਕਰਦੀ ਹੈ। | ਰਾਜ ਦੇ ਨਾਗਰਿਕ ਦੀ "ਹਾਂ" ਜਾਂ "ਨਾਂਹ" ਹੀ ਕਾਫੀ ਹੈ। |
| ਸ਼ਰਾ ਬਦਲੇ ਨੂੰ ਸੀਮਿਤ ਕਰਦੀ ਹੈ ("ਅੱਖ ਦੇ ਬਦਲੇ ਅੱਖ")। | ਰਾਜ ਦੇ ਨਾਗਰਿਕ ਬਦਲੇ ਨਾਲ ਨਹੀਂ ਸਗੋਂ ਪਿਆਰ ਨਾਲ ਵਿਵਹਾਰ ਕਰਦੇ ਹਨ। |

| | |
|---|---|
| ਸ਼ਰਾ ਦੇ ਵਿੱਚ ਗੁਆਂਢੀ ਦੇ ਨਾਲ ਪਿਆਰ ਕਰਨ ਦੀ ਮੰਗ ਕੀਤੀ ਜਾਂਦੀ ਹੈ। | ਰਾਜ ਦੇ ਨਾਗਰਿਕ ਆਪਣੇ ਦੁਸ਼ਮਣਾਂ ਦੇ ਨਾਲ ਵੀ ਪਿਆਰ ਕਰਦੇ ਹਨ।[33] ਉਹ ਆਪਣੇ ਸਵਰਗੀ ਪਿਤਾ ਦੇ ਪਿਆਰ ਅਤੇ ਉਸਦੀ ਦਯਾ ਨੂੰ ਪ੍ਰਗਟ ਕਰਦੇ ਹਨ (ਲੂਕਾ 6:36)। |

**(4) ਰਾਜ ਦੇ ਨਾਗਰਿਕ ਦੂਸਰਿਆਂ ਨੂੰ ਪ੍ਰਸੰਨ ਕਰਨ ਦੀ ਬਜਾਏ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਵਧੇਰੇ ਚਿੰਤਾ ਕਰਦੇ ਹਨ।**

ਫ਼ਰੀਸੀ ਚਾਹੁੰਦੇ ਸਨ ਕਿ ਲੋਕ ਉਨ੍ਹਾਂ ਦੀ ਖੁੱਲ੍ਹਦਿਲੀ ਨੂੰ ਵੇਖਣ; ਰਾਜ ਦੇ ਨਾਗਰਿਕ ਗੁਪਤ ਦੇ ਵਿੱਚ ਦਿੰਦੇ ਹਨ। ਕਪਟੀ ਲੋਕ ਚਾਹੁੰਦੇ ਸਨ ਕਿ ਲੋਕ ਉਨ੍ਹਾਂ ਦੀਆਂ ਪ੍ਰਭਾਵਸ਼ਾਲੀ ਪ੍ਰਾਥਨਾਵਾਂ ਨੂੰ ਸੁਣਨ; ਰਾਜ ਦੇ ਨਾਗਰਿਕ ਸਾਧਾਰਨ ਢੰਗ ਅਤੇ ਬੋਝ ਨਾਲ ਪ੍ਰਾਥਨਾ ਕਰਦੇ ਹਨ। ਫ਼ਰੀਸੀ ਚਾਹੁੰਦੇ ਸਨ ਕਿ ਬਾਕੀ ਦੇ ਲੋਕ ਲੰਬੇ ਵਰਤਾਂ ਦੇ ਲਈ ਉਨ੍ਹਾਂ ਦਾ ਆਦਰ ਕਰਨ; ਰਾਜ ਦੇ ਨਾਗਰਿਕ ਸਿਰਫ਼ ਪਿਤਾ ਦੇ ਪ੍ਰਤੀਫ਼ਲ ਲਈ ਵਰਤ ਰੱਖਦੇ ਹਨ।

**(5) ਰਾਜ ਦੇ ਨਾਗਰਿਕ ਆਪਣੇ ਧਨ ਤੇ ਭਰੋਸਾ ਨਹੀਂ ਰੱਖਦੇ ਜਾਂ ਆਪਣੀਆਂ ਲੋੜਾਂ ਦੇ ਪ੍ਰਤੀ ਚਿੰਤਾ ਨਹੀਂ ਕਰਦੇ।**

ਇਸਦੀ ਬਜਾਏ ਉਹ ਆਪਣੇ ਸਵਰਗੀ ਪਿਤਾ ਦੁਆਰਾ ਪ੍ਰਦਾਨ ਕੀਤੇ ਜਾਣ ਤੇ ਭਰੋਸਾ ਰੱਖਦੇ ਹਨ।

**(6) ਰਾਜ ਦੇ ਨਾਗਰਿਕ ਦੂਸਰਿਆਂ ਤੇ ਦੋਸ਼ ਨਹੀਂ ਲਗਾਉਂਦੇ।**

ਪਰ, ਉਹ ਝੂਠੇ ਸਿੱਖਿਅਕਾਂ ਦੇ ਬੁਰੇ ਫ਼ਲਾਂ ਦੀ ਪਰਖ ਕਰਨ ਦੇ ਵਿੱਚ ਬਹੁਤ ਧਿਆਨਪੂਰਵਕ ਹੁੰਦੇ ਹਨ।

**(7) ਰਾਜ ਦੇ ਨਾਗਰਿਕ ਆਪਣੀਆਂ ਪ੍ਰਾਥਨਾਵਾਂ ਦੇ ਵਿੱਚ ਵਿਸ਼ਵਾਸ ਰੱਖਦੇ ਹਨ।**

ਰਾਜ ਦੇ ਨਾਗਰਿਕ ਆਪਣੀਆਂ ਪ੍ਰਾਥਨਾਵਾਂ ਦੇ ਵਿੱਚ ਵਿਸ਼ਵਾਸ ਰੱਖਦੇ ਹਨ ਕਿਉਂਕਿ ਉਹ ਜਾਣਦੇ ਹਨ ਉਨ੍ਹਾਂ ਦਾ ਸਵਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦਿੰਦਾ ਹੈ! (ਮੱਤੀ 7:11)

**(8) ਰਾਜ ਦੇ ਨਾਗਰਿਕ ਜਾਣਦੇ ਹਨ ਕਿ ਰਾਹ ਸਿਰਫ਼ ਦੋ ਹੀ ਹਨ।**

ਇੱਕ ਖੁੱਲ੍ਹਾ ਫਾਟਕ ਹੈ ਅਤੇ ਇੱਕ ਭੀੜਾ। ਇੱਕ ਚੰਗਾ ਰੁੱਖ ਹੈ ਅਤੇ ਇੱਕ ਬੁਰਾ ਰੁੱਖ। ਇੱਕ ਬੁੱਧਵਾਨ ਮਿਸਤਰੀ ਹੈ ਅਤੇ ਇੱਕ ਮੂਰਖ ਮਿਸਤਰੀ। ਰਾਜ ਦੇ ਨਾਗਰਿਕ ਪਰਖ ਕਰਨ ਵਾਲੇ ਹੁੰਦੇ ਹਨ।

[33] ਪੁਰਾਣਾ ਨੇਮ ਇਸਰਾਏਲ ਨੂੰ ਆਪਣੇ "ਵੈਰੀਆਂ ਦੇ ਨਾਲ ਨਫ਼ਰਤ ਕਰਨ" ਦੇ ਲਈ ਹੁਕਮ ਨਹੀਂ ਦਿੰਦਾ। ਇਹ ਪੁਰਾਣੇ ਨੇਮ ਦੇ ਬਾਰੇ ਗ਼ਲਤ ਧਾਰਨਾ ਹੈ।

## ਰਾਜ ਸਿਧਾਂਤਾਂ ਦੇ ਦੁਆਰਾ ਜਿਉਣਾ

ਅਸੀਂ ਪਹਾੜੀ ਉਪਦੇਸ਼ ਦੇ ਸਿਧਾਂਤਾਂ ਦੁਆਰਾ ਕਿਵੇਂ ਜੀ ਸਕਦੇ ਹਾਂ? ਇਸਦੀ ਕੁੰਜੀ ਮੱਤੀ 5:48 ਵਿੱਚ ਹੈ। ਰਾਜ ਦੇ ਨਾਗਰਿਕਾਂ ਨੂੰ ਸਾਡੇ ਸਵਰਗੀ ਪਿਤਾ ਜਿਹੇ ਬਣਨ ਦੇ ਲਈ ਕਿਹਾ ਗਿਆ ਹੈ। ਯਿਸੂ ਦੀ ਸਿੱਖਿਆ ਇੰਨੀ ਆਸਾਨ ਅਤੇ ਇੰਨੀ ਕਠਿਨ ਹੈ। ਅਸੀਂ ਸਿਰਫ਼ ਪਰਮੇਸ਼ੁਰ ਦੀ ਕ੍ਰਿਪਾ ਦੇ ਨਾਲ ਹੀ ਯਿਸੂ ਦੀ ਸਿੱਖਿਆ ਦੇ ਅਨੁਸਾਰ ਜੀ ਸਕਦੇ ਹਾਂ। ਅਸੀਂ ਆਪਣੀ ਤਾਕਤ ਦੇ ਨਾਲ ਉਸ ਉਪਦੇਸ਼ ਦੀਆਂ ਮੰਗਾਂ ਨੂੰ ਕਦੇ ਪੂਰਿਆਂ ਨਹੀਂ ਕਰ ਸਕਦੇ। ਸਿਰਫ਼ ਆਤਮਾ ਹੀ ਰਾਜ ਦੇ ਜੀਵਨ ਨੂੰ ਸੰਭਵ ਬਣਾਉਂਦਾ ਹੈ।

> "ਪਹਾੜੀ ਉਪਦੇਸ਼ ਸ਼ਰਤਾਂ ਦੇ ਆਧਾਰ ਤੇ ਪਿਆਰ ਕਰਨ, ਸਵੈ-ਲਾਭ ਦੇ ਲਈ ਪਿਆਰ ਕਰਨ ਜਾਂ ਸੱਚੀ ਧਾਰਮਿਕਤਾ ਦੀ ਬੁਲਾਹਟ ਨੂੰ ਨਜ਼ਰਅੰਦਾਜ ਕਰਨ ਦੇ ਵਿਰੁੱਧ ਚੇਤਾਵਨੀ ਹੈ। ਅਸਲ ਦੇ ਵਿੱਚ, ਇਹ ਉਪਦੇਸ਼ ਮਾਫ਼ੀ, ਦਾਨ ਦੇਣ, ਧੰਨਵਾਦੀ ਹੋਣ ਅਤੇ ਪਰਮੇਸ਼ੁਰ ਦੀ ਤਰ੍ਹਾਂ ਪਿਆਰ ਕਰਨ ਦੇ ਬਾਰੇ ਹੈ"
>
> -ਡਾਰੇਲ ਬੋਕ

ਜਦੋਂ ਅਸੀਂ ਪਹਾੜੀ ਉਪਦੇਸ਼ ਤੋਂ ਪ੍ਰਚਾਰ ਕਰਦੇ ਹਾਂ ਤਾਂ ਸਾਨੂੰ ਇਹ ਸਿਧਾਂਤ ਸਮਝਣਾ ਚਾਹੀਦਾ ਹੈ। ਜੇਕਰ ਅਸੀਂ ਇਸ ਉਪਦੇਸ਼ ਨੂੰ ਸ਼ਰਾ ਦੇ ਰੂਪ ਵਿੱਚ ਪ੍ਰਚਾਰ ਕਰਾਂਗੇ, ਤਾਂ ਅਸੀਂ ਲੋਕਾਂ ਨੂੰ ਨਿਰਾਸ਼ ਅਤੇ ਖਿਝੇ ਹੋਏ ਬਣਾ ਸਕਦੇ ਹਾਂ। ਜਦੋਂ ਅਸੀਂ ਇਸ ਉਪਦੇਸ਼ ਨੂੰ ਪਰਮੇਸ਼ੁਰ ਦੀ ਕ੍ਰਿਪਾ ਦੁਆਰਾ ਹੋਣ ਵਾਲੇ ਰਾਜ ਦੇ ਜੀਵਨ ਦੇ ਨਮੂਨੇ ਵੱਜੋਂ ਪੇਸ਼ ਕਰਦੇ ਹਾਂ, ਜਿਸਨੂੰ ਪੁੱਤਰ ਦੇ ਬਲੀਦਾਨ ਦੁਆਰਾ ਖਰੀਦਿਆ ਗਿਆ ਅਤੇ ਪਵਿੱਤਰ ਆਤਮਾ ਦੇ ਦੁਆਰਾ ਸ਼ਕਤੀ ਦਿੱਤੀ ਗਈ ਹੈ-ਤਦ ਹੀ ਪਹਾੜੀ ਉਪਦੇਸ਼ ਸ਼ੁਭਸਮਾਚਾਰ, ਖੁਸ਼ਖਬਰੀ ਬਣ ਜਾਂਦਾ ਹੈ।

► ਪਹਾੜੀ ਉਪਦੇਸ਼ ਨੂੰ ਪੜਣ ਅਤੇ ਇਸਦੇ ਸਾਰ ਤੇ ਝਾਤ ਮਾਰਨ ਤੋਂ ਬਾਅਦ, ਚਰਚਾ ਕਰੋ:

- ਤੁਹਾਡੇ ਸਮਾਜ ਦੇ ਮਸੀਹੀਆਂ ਲਈ ਪਹਾੜੀ ਉਪਦੇਸ਼ ਦੀ ਕਿਹੜੀ ਸਿੱਖਿਆ ਸਭ ਤੋਂ ਕਠਿਨ ਹੈ?
- ਇੱਕ ਮਸੀਹੀ ਆਗੂ ਦੇ ਰੂਪ ਵਿੱਚ ਪਹਾੜੀ ਉਪਦੇਸ਼ ਦੀ ਕਿਹੜੀ ਸਿੱਖਿਆ ਤੁਹਾਡੇ ਲਈ ਸਭ ਤੋਂ ਕਠਿਨ ਹੈ?

## ਰਾਜ ਦਾ ਭੇਤ: ਰਾਜ ਦੇ ਦ੍ਰਿਸ਼ਟਾਂਤ

ਯਹੂਦੀ ਸਿੱਖਿਅਕ ਜਾਣਦੇ ਸਨ ਕਿ ਅਸੀਂ ਕਹਾਣੀਆਂ ਨੂੰ ਪ੍ਰਸਤਾਵਿਤ ਬਿਆਨਾਂ ਨਾਲੋਂ ਕਿਤੇ ਜ਼ਿਆਦਾ ਲੰਬੇ ਸਮੇਂ ਲਈ ਯਾਦ ਰੱਖਦੇ ਹਾਂ। ਇਸੇ ਕਾਰਨ ਦ੍ਰਿਸ਼ਟਾਂਤ ਯਹੂਦੀ ਧਰਮ ਗੁਰੂਆਂ ਦਾ ਸਿਖਾਉਣ ਦਾ ਇੱਕ ਪ੍ਰਸਿੱਧ ਤਰੀਕਾ ਸੀ। ਯਿਸੂ ਨੇ ਪਰਮੇਸ਼ੁਰ ਦੇ ਰਾਜ ਦੀਆਂ ਡੂੰਘੀਆਂ ਸਚਿਆਈਆਂ ਨੂੰ ਦੱਸਣ ਦੇ ਲਈ ਦ੍ਰਿਸ਼ਟਾਂਤਾਂ ਦਾ ਉਪਯੋਗ ਕੀਤਾ।

ਯਿਸੂ ਦੀ ਅਰੰਭਿਕ ਸੇਵਕਾਈ ਦੇ ਵਿੱਚ, ਦ੍ਰਿਸ਼ਟਾਂਤਾਂ ਦੇ ਉਪਯੋਗ ਕਾਰਨ ਉਹ ਦ੍ਰਿਸ਼ਟਾਂਤਾਂ ਦੇ ਦੁਆਰਾ ਦੁਸ਼ਮਣਾਂ ਦੇ ਵਿਰੋਧ ਤੋਂ ਦੂਰ ਰਹਿ ਕੇ ਆਪਣੇ ਚੇਲ੍ਹਿਆਂ ਨੂੰ ਸਿਖਾ ਪਾਉਂਦਾ ਸੀ। ਬਾਅਦ ਦੇ ਵਿੱਚ, ਯਿਸੂ ਯਰੂਸ਼ਲਮ ਦੇ ਧਾਰਮਿਕ ਆਗੂਆਂ ਨੂੰ ਸਿੱਧਾ ਸੰਬੋਧਿਤ ਕਰਦਾ ਸੀ; ਪਰ ਅਰੰਭਿਕ ਸਾਲਾਂ ਦੇ ਦੌਰਾਨ, ਉਸਦਾ ਧਿਆਨ ਚੇਲ੍ਹਿਆਂ ਨੂੰ ਸਿਖਾਉਣ ਵਿੱਚ ਲੱਗਾ ਹੋਇਆ ਸੀ।

ਬਹੁਤ ਸਾਰੇ ਲੋਕ ਦ੍ਰਿਸ਼ਟਾਂਤਾਂ ਨੂੰ ਸੁਣਦੇ ਸਨ ਪਰ ਸਮਝਦੇ ਨਹੀਂ ਸਨ। ਉਹ ਸੁਣਦੇ ਹਨ ਪਰ ਕਦੇ ਨਹੀਂ ਸਮਝਦੇ; ਉਹ ਵੇਖਦੇ ਹਨ ਪਰ ਕਦੇ ਬੁੱਝ ਨਹੀਂ ਪਾਉਂਦੇ (ਮੱਤੀ 13:14)। ਕਿਉਂ? ਕਿਉਂਕਿ ਕਿ ਉਨ੍ਹਾਂ ਨੇ ਆਪਣੇ ਦਿਲ ਕਠੋਰ ਕਰ ਲਏ ਹਨ। ਯਸਾਯਾਹ ਨੇ ਇਸ ਪ੍ਰਕਾਰ ਭਵਿੱਖਬਾਣੀ ਕੀਤੀ:

> ਇਸ ਪਰਜਾ ਦਾ ਮਨ ਮੋਟਾ ਹੋ ਗਿਆ ਹੈ, ਉਹ ਕੰਨਾਂ ਨਾਲ ਉੱਚਾ ਸੁਣਦੇ ਹਨ, ਇੰਨ੍ਹਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਹਨ, ਮਤੇ ਉਹ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁਣਨ, ਅਤੇ ਮਨ ਨਾਲ ਸਮਝਣ ਅਤੇ ਮੁੜ ਆਉਣ, ਅਤੇ ਮੈਂ ਇੰਨ੍ਹਾਂ ਨੂੰ ਚੰਗਾ ਕਰਾਂ (ਮੱਤੀ 13:15, ਯਸਾਯਾਹ 6:9 ਦਾ ਹਵਾਲਾ)।

ਦ੍ਰਿਸ਼ਟਾਂਤਾਂ ਦੇ ਦੁਆਰਾ ਯਿਸੂ ਉਨ੍ਹਾਂ ਨੂੰ ਸਿਖਾ ਸਕਦਾ ਸੀ ਜਿੰਨ੍ਹਾਂ ਦੇ ਕੰਨ ਖੁੱਲ੍ਹੇ ਸਨ।

ਮੱਤੀ 13 ਦੇ ਵਿੱਚ ਰਾਜ ਦੇ ਭੇਤਾਂ ਬਾਰੇ ਦ੍ਰਿਸ਼ਟਾਂਤਾਂ ਦੀ ਇੱਕ ਲੜੀ ਪੇਸ਼ ਕੀਤੀ ਗਈ ਹੈ (ਮੱਤੀ 13:11)। ਇਹ ਦ੍ਰਿਸ਼ਟਾਂਤ ਯਿਸੂ ਦੇ ਪੈਰੋਕਾਰਾਂ ਲਈ ਪਰਮੇਸ਼ੁਰ ਦੇ ਰਾਜ ਦੇ ਸੁਭਾਅ ਦਾ ਪ੍ਰਗਟੀਕਰਨ ਕਰਦੇ ਹਨ, ਜਦਕਿ ਇੰਨਾਂ ਦੁਆਰਾ ਅਵਿਸ਼ਵਾਸੀ ਆਗੂਆਂ ਤੋਂ ਬਹੁਤ ਸਾਰੀਆਂ ਗੱਲਾਂ ਲੁਕਾ ਲਈਆਂ ਜਾਂਦੀਆਂ ਹਨ।

► ਜਾਰੀ ਰੱਖਣ ਤੋਂ ਪਹਿਲਾਂ, ਰੁਕੋ ਅਤੇ ਮੱਤੀ 13:1-52 ਅਤੇ ਲੂਕਾ 19:11-27 ਪੜ੍ਹੋ। ਜਿਵੇਂ ਤੁਸੀਂ ਦ੍ਰਿਸ਼ਟਾਂਤਾਂ ਦਾ ਅਧਿਐਨ ਕਰਦੇ ਹੋ ਇੰਨ੍ਹਾਂ ਦੇ ਮੁੱਢਲੇ ਵਿਸ਼ਿਆਂ ਨੂੰ ਸੰਖੇਪ ਦੇ ਵਿੱਚ ਇੱਕ ਜਾਂ ਦੋ ਵਾਕਾਂ ਦੇ ਵਿੱਚ ਅੱਗੇ ਦਿੱਤੇ ਟੇਬਲ ਲਿਖੋ। ਹਰੇਕ ਦ੍ਰਿਸ਼ਟਾਂਤ ਦੇ ਵਿੱਚੋਂ ਅੱਜ ਦੀ ਸੇਵਕਾਈ ਦੇ ਲਈ ਇੱਕ ਲਾਗੂ ਕਰਨ ਵਾਲੀ ਗੱਲ ਦੀ ਭਾਲ ਕਰੋ। ਉਦਾਹਰਨ ਦੇ ਲਈ ਪਹਿਲੇ ਦ੍ਰਿਸ਼ਟਾਂਤ ਨੂੰ ਪੂਰਾ ਕੀਤਾ ਗਿਆ ਹੈ।

| **ਰਾਜ ਦੇ ਦ੍ਰਿਸ਼ਟਾਂਤ** | | |
|---|---|---|
| **ਦ੍ਰਿਸ਼ਟਾਂਤ** | **ਵਿਸ਼ਾ** | **ਅੱਜ ਦੇ ਸੇਵਕਾਈ ਦੇ ਲਈ ਸਬਕ** |
| **ਬੀਜ਼ ਬੀਜ਼ਣ ਵਾਲਾ** | ਬੀਜ਼ ਦੇ ਪ੍ਰਤੀ ਸੁਣਨ ਵਾਲੇ ਦੀ ਪ੍ਰਤੀਕਿਰਿਆ ਇਸਦੇ ਫ਼ਲ ਨੂੰ ਨਿਰਧਾਰਿਤ ਕਰਦੀ ਹੈ। | ਜਦੋਂ ਮੈਂ ਪ੍ਰਚਾਰ ਕਰਦਾ ਅਤੇ ਸਿਖਾਉਂਦਾ ਹਾਂ, ਤਾਂ ਮੈਨੂੰ ਨਤੀਜਿਆਂ ਦੇ ਲਈ ਪਰਮੇਸ਼ੁਰ ਤੇ ਭਰੋਸਾ ਕਰਨਾ ਚਾਹੀਦਾ ਹੈ। ਮੈਂ ਵਾਢੀ ਦੇ ਲਈ ਜਿੰਮੇਦਾਰ ਨਹੀਂ ਹਾਂ; ਮੈਂ ਵਫ਼ਾਦਾਰੀ ਦੇ ਨਾਲ ਬੀਜ਼ ਬੀਜ਼ਣ ਦੇ ਲਈ ਜਿੰਮੇਦਾਰ ਹਾਂ। |
| **ਜੰਗਲੀ ਬੂਟੀ** | | |

| | | |
|---|---|---|
| ਰਾਈ ਦਾ ਦਾਣਾ | | |
| ਖ਼ਮੀਰ | | |
| ਲੁਕਿਆ ਹੋਇਆ ਧਨ | | |
| ਬਹੁ-ਕੀਮਤੀ ਮੋਤੀ | | |
| ਜਾਲ਼ | | |
| ਘਰ ਦਾ ਸੁਆਮੀ | | |
| ਦਸ ਅਸ਼ਰਫ਼ੀਆਂ | | |

**ਬੀਜ਼ ਬੀਜ਼ਣ ਵਾਲੇ ਦਾ ਦ੍ਰਿਸ਼ਟਾਂਤ (ਮੱਤੀ 13:3-9, 18-23; ਲੂਕਾ 8:5-18)**

ਰਾਜ ਦੇ ਬਾਰੇ ਇਸ ਲੜੀ ਪਹਿਲਾ ਦ੍ਰਿਸ਼ਟਾਂਤ ਸਿਖਾਉਂਦਾ ਹੈ ਕਿ ਬੀਜ਼ ਦੇ ਪ੍ਰਤੀ ਸਾਡੀ ਪ੍ਰਤੀਕਿਰਿਆ ਬੀਜ਼ ਦੇ ਫ਼ਲ ਪੈਦਾ ਕਰਨ ਨੂੰ ਨਿਰਧਾਰਿਤ ਕਰਦਾ ਹੈ। ਸਵਰਗ ਦੇ ਰਾਜ ਵਿੱਚ, ਕੁਝ ਵਿਸ਼ਵਾਸ ਕਰਨਗੇ ਅਤੇ ਫ਼ਲ ਲਿਆਉਣਗੇ ਜਦਕਿ ਦੂਸਰੇ ਵਿਸ਼ਵਾਸ ਕਰਨ ਤੋਂ ਇਨਕਾਰ ਕਰ ਦੇਣਗੇ ਜਾਂ ਪਹਿਲੀ ਪ੍ਰਤੀਕਿਰਿਆ ਤੋਂ ਬਾਅਦ ਡਿੱਗ ਪੈਣਗੇ।

ਇਸ ਦ੍ਰਿਸ਼ਟਾਂਤ ਨੂੰ ਮਿੱਟੀਆਂ ਦਾ ਦ੍ਰਿਸ਼ਟਾਂਤ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਵੱਖ-ਵੱਖ ਕਿਸਾਨਾਂ  ਦਾ ਨਹੀਂ ਸਗੋਂ ਵੱਖ-ਵੱਖ ਤਰ੍ਹਾਂ ਦੀਆਂ ਜ਼ਮੀਨਾਂ ਦਾ ਦ੍ਰਿਸ਼ਟਾਂਤ ਹੈ। ਹਰੇਕ ਉਦਾਹਰਨ ਦੇ ਵਿੱਚ, ਬੀਜ਼ ਇੱਕ ਸਮਾਨ ਸਨ ਅਤੇ ਕਿਸਾਨ ਵੀ ਇੱਕ ਹੀ ਸੀ; ਅੰਤਰ ਜ਼ਮੀਨ ਦੇ ਵਿੱਚ ਹੀ ਸੀ। ਜਿਵੇਂ ਅਸੀਂ ਰਾਜ ਦੇ ਸੰਦੇਸ਼ ਦੀ ਘੋਸ਼ਣਾ ਕਰਦੇ ਹਾਂ, ਤਾਂ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਕੁਝ ਸੁਣਨ ਵਾਲੇ ਲੋਕ ਜਿਆਦਾ ਚੰਗੀ ਤਰ੍ਹਾਂ ਪ੍ਰਤੀਕਿਰਿਆ ਨਹੀਂ ਕਰਦੇ। ਇਸਦੇ ਨਾਲ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਯਿਸੂ ਨੇ ਸਿਖਾਇਆ ਕਿ ਕੁਝ ਸੁਣਨ ਵਾਲੇ ਫ਼ਲਦਾਇਕ ਜ਼ਮੀਨ ਹੋਣਗੇ ਜਦਕਿ ਦੂਸਰੇ ਲੋਕ ਵਚਨ ਦੇ ਸਾਹਮਣੇ ਆਪਣੇ ਆਪ ਨੂੰ ਕਠੋਰ ਕਰ ਲੈਣਗੇ।

ਬੀਜ਼ ਬੀਜ਼ਣ ਵਾਲੇ ਦੇ ਦ੍ਰਿਸ਼ਟਾਂਤ ਦੇ ਪ੍ਰਤੀ ਲੂਕਾ ਦੀ ਸਮਾਪਤੀ ਵਿਖਾਉਂਦੀ ਹੈ ਕਿ ਇਹ ਦ੍ਰਿਸ਼ਟਾਂਤ ਸਚਿਆਈ ਨੂੰ ਸੁਣਨ ਦੇ ਬਾਰੇ ਹੈ। "ਇਸ ਕਰਕੇ ਚੌਕਸ ਰਹੋ ਜੋ ਕਿਸ ਤਰਾਂ ਸੁਣਦੇ ਹੋ ਕਿਉਂਕਿ ਜਿਹ ਦੇ ਕੋਲ ਕੁਝ ਹੋਵੇ ਉਹ ਨੂੰ ਦਿੱਤਾ ਜਾਵੇਗਾ ਅਤੇ ਜਿਹ ਦੇ ਕੋਲ ਨਾ ਹੋਵੇ ਉਸ ਤੋਂ ਉਹ ਵੀ ਜੋ ਉਹ ਆਪਣੀ ਜਾਚ ਵਿੱਚ ਰੱਖਦਾ ਹੈ ਲੈ ਲਿਆ ਜਾਵੇਗਾ" (ਲੂਕਾ 8:18)। ਜਦੋਂ ਕੋਈ ਵਿਅਕਤੀ ਸਚਿਆਈ ਦੇ ਪ੍ਰਤੀ ਸਕਰਾਤਮਕਤਾ ਦੇ ਨਾਲ ਪ੍ਰਤੀਕਿਰਿਆ ਕਰਦੇ ਹਨ, ਤਾਂ ਉਨ੍ਹਾਂ ਨੂੰ ਹੋਰ ਜਿਆਦਾ ਸਚਿਆਈ ਪ੍ਰਾਪਤ ਹੁੰਦੀ ਹੈ। ਉਪਦੇਸ਼ ਦੇ ਵਿੱਚ ਹੋਰ ਦ੍ਰਿਸ਼ਟਾਂਤ ਦੇਣ ਤੋਂ ਪਹਿਲਾਂ ਯਿਸੂ ਨੇ ਆਪਣੇ ਸ੍ਰੋਤਿਆਂ ਨੂੰ ਸਿਖਾਇਆ ਕਿ ਫ਼ਲਦਾਇਕ ਜ਼ਮੀਨ ਦੇ ਤੌਰ ਤੇ ਕਿਵੇਂ ਸੁਣਨਾ ਚਾਹੀਦਾ ਹੈ।

**ਜੰਗਲੀ ਬੂਟੀ ਦਾ ਦ੍ਰਿਸ਼ਟਾਂਤ (ਮੱਤੀ 13:24-30, 36-43)**

ਯਹੂਦੀ ਲੋਕਾਂ ਦੀ ਉਮੀਦ ਸੀ ਕਿ ਪਰਮੇਸ਼ੁਰ ਦਾ ਰਾਜ ਦੁਸ਼ਟਾਂ ਦੇ ਉੱਤੇ ਜਲਦੀ ਦੇ ਨਾਲ ਸਜ਼ਾ ਲੈ ਕੇ ਆਵੇਗਾ। ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਅਜਿਹੇ ਸਮੇਂ ਦੇ ਲਈ ਤਿਆਰ ਕੀਤਾ ਜਿੱਥੇ ਵਿਸ਼ਵਾਸੀ ਅਤੇ ਅਵਿਸ਼ਵਾਸੀ ਦੋਵੇਂ ਸੰਸਾਰ ਦੇ ਵਿੱਚ ਇਕੱਠੇ ਰਹਿਣਗੇ। ਇਸ ਕਹਾਣੀ ਦੇ ਵਿੱਚ ਖੇਤ ਸੰਸਾਰ ਹੈ (ਮੱਤੀ 13:38)। ਸਿਰਫ਼ ਸੰਸਾਰ ਦੇ ਅੰਤ ਵਿੱਚ ਹੀ ਸਵਰਗਦੂਤ ਜੰਗਲੀ ਬੂਟੀ ਨੂੰ ਇਕੱਠਿਆਂ ਕਰਨਗੇ ਅਤੇ ਉਨ੍ਹਾਂ ਨੂੰ ਅੱਗ ਦੇ ਨਾਲ ਸਾੜਣਗੇ (ਮੱਤੀ 13:40)। ਪਰਮੇਸ਼ੁਰ ਦਾ ਰਾਜ ਪਰਮੇਸ਼ੁਰ ਦੇ ਸਮੇਂ ਵਿੱਚ ਵਿਕਸਿਤ ਹੋਵੇਗਾ ਨਾ ਕਿ ਮਨੁੱਖ ਦੇ ਸਮੇਂ ਵਿੱਚ।

**ਰਾਈ ਦੇ ਦਾਣੇ ਦਾ ਦ੍ਰਿਸ਼ਟਾਂਤ (ਮੱਤੀ 13:31-32)**

ਕੋਈ ਵੀ ਯਿਸੂ ਦੀ ਧਰਤੀ ਤੇ ਕੀਤੀ ਸੇਵਕਾਈ ਨੂੰ ਵੇਖ ਕੇ ਭਵਿੱਖ ਦੇ ਵਿੱਚ ਸੰਸਾਰ ਭਰ ਦੇ ਵਿੱਚ ਕਲੀਸਿਆ ਦੇ ਫੈਲ ਜਾਣ ਦੇ ਬਾਰੇ ਨਹੀਂ ਕਹਿ ਸਕਦਾ ਸੀ। ਚੇਲ੍ਹੇ ਅਣਪੜ੍ਹ, ਗ਼ਰੀਬ ਅਤੇ ਡਰੇ ਹੋਏ ਸਨ। ਉਨ੍ਹਾਂ ਦੇ ਕੋਲ ਸ਼ਕਤੀ, ਸਮਾਜਿਕ ਰੁਤਬਾ ਜਾਂ ਰਾਜਨੀਤਿਕ ਤਾਕਤ ਨਹੀਂ ਸੀ। ਉਹ ਛੋਟੇ ਜਿਹੇ ਰਾਈ ਦੇ ਦਾਣੇ ਦੇ ਸਮਾਨ ਸਨ। ਪਰ ਜਿਵੇਂ ਰਾਈ ਦਾ ਛੋਟਾ ਦਾਣਾ ਇੱਕ ਵੱਡਾ ਬੂਟਾ ਜਾਂ ਝਾੜੀ ਬਣ ਜਾਂਦਾ ਹੈ, ਉਸੇ ਪ੍ਰਕਾਰ ਪਰਮੇਸ਼ੁਰ ਦਾ ਰਾਜ ਸਾਰੇ ਸੰਸਾਰ ਤੱਕ ਪਹੁੰਚ ਜਾਵੇਗਾ।

ਯਿਸੂ ਦੇ ਸ੍ਰੋਤੇ ਉਸਨੂੰ ਪਰਮੇਸ਼ੁਰ ਦੇ ਰਾਜ ਦੀ ਰਾਈ ਦੇ ਦਾਣੇ ਨਾਲ ਤੁਲਨਾ ਕਰਦੇ ਹੋਏ ਸੁਣ ਕੇ ਬਹੁਤ ਹੈਰਾਨ ਹੋਏ ਹੋਣਗੇ। ਯਹੂਦੀ ਧਰਮ ਗੁਰੂਆਂ ਦੀ ਉਮੀਦ ਸੀ ਕਿ ਪਰਮੇਸ਼ੁਰ ਦਾ ਰਾਜ ਮਹਿਮਾ ਅਤੇ ਸ਼ਕਤੀ ਦੇ ਵਿੱਚ ਆਵੇਗਾ। ਉਹ ਪਾਪੀਆਂ ਦੇ ਉੱਤੇ ਸਜ਼ਾ ਦੇ ਪ੍ਰਗਟਾਵੇ ਦੀ ਉਮੀਦ ਕਰ ਰਹੇ ਸਨ; ਉਨ੍ਹਾਂ ਨੇ ਰੋਮ ਦੇ ਵਿਰੁੱਧ ਇੱਕ ਸੈਨਿਕ ਬਗਾਵਤ ਦੀ ਉਮੀਦ ਕੀਤੀ; ਉਹ ਯਹੂਦੀ ਰਾਜ ਦੀ ਸਥਾਪਨਾ ਦੇ ਸਮੇਂ ਸਮਾਜਿਕ ਉਥਲ-ਪੁਥਲ ਦੀ ਉਮੀਦ ਕਰ ਰਹੇ ਸਨ। ਇਸਦੇ ਬਜਾਏ ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਇੱਕ ਘੱਟ ਆਕਰਸ਼ਨ ਵਾਲੀ ਸ਼ੁਰੂਆਤ ਦੇ ਲਈ ਤਿਆਰ ਕੀਤਾ।

ਜਦੋਂ ਅਸੀਂ ਨਵੇਂ ਨੇਮ ਨੂੰ ਪੜਦੇ ਹਾਂ, ਤਾਂ ਅਸੀਂ ਪਹਿਲੀ ਸਦੀ ਦੇ ਵਿੱਚ ਯਹੂਦਿਆ ਦੇ ਗ਼ੈਰ-ਮਹੱਤਵ ਬਾਰੇ ਭੁੱਲ ਸਕਦੇ ਹਾਂ। ਯਹੂਦਿਆ ਨਵੇਂ ਨੇਮ ਦਾ ਕੇਂਦਰ ਹੈ, ਪਰ ਇਹ ਪਹਿਲੀ ਸਦੀ ਦੇ ਕੇਂਦਰ ਨਾਲੋਂ ਬਹੁਤ ਦੂਰ ਸੀ। ਆਪਣੇ ਦੇਸ਼ ਦੀ ਰਾਜਧਾਨੀ ਵਾਲੇ ਸ਼ਹਿਰ ਦੇ ਬਾਰੇ ਸੋਚੋ। ਪਹਿਲੀ ਸਦੀ ਦੇ ਵਿੱਚ ਯਹੂਦਿਆ ਦੀ ਅਜਿਹੀ ਭੂਮਿਕਾ ਨਹੀਂ ਸੀ; ਇਹ ਭੂਮਿਕਾ ਰੋਮ ਦੇ ਕੋਲ ਸੀ। ਕਿਸੇ ਅਜਿਹੇ ਸ਼ਹਿਰ ਦੇ ਬਾਰੇ ਸੋਚੋ ਜਿੱਥੇ ਬਹੁਤ ਵੱਡਾ ਵਿਸ਼ਵਵਿਦਿਆਲੇ ਅਤੇ ਸਿੱਖਿਆ ਪ੍ਰਣਾਲੀ ਹੋਵੇ। ਪਹਿਲੀ ਸਦੀ ਦੇ ਵਿੱਚ ਇਹ ਯਹੂਦਿਆ ਦੀ ਭੂਮਿਕਾ ਨਹੀਂ ਸੀ; ਇਹ ਭੂਮਿਕਾ ਅਥੈਨੇ ਅਤੇ ਸਿਕੰਦਰੀਆ ਦੇ ਕੋਲ ਸੀ।

ਸੰਸਾਰ ਦੇ ਬਾਕੀ ਦੇਸ਼ਾਂ ਦੇ ਸੰਬੰਧ ਵਿੱਚ, ਯਹੂਦਿਆ ਰਾਜਨੀਤਿਕ ਤੌਰ ਤੇ ਬਹੁਤ ਮਹੱਤਵਪੂਰਨ ਨਹੀਂ ਸੀ; ਇਹ ਆਰਥਿਕ ਤੌਰ ਤੇ ਮਹੱਤਵਪੂਰਨ ਨਹੀਂ ਸੀ; ਇਹ ਸਮਾਜਿਕ ਤੌਰ ਤੇ ਮਹੱਤਵਪੂਰਨ ਨਹੀਂ ਸੀ। ਆਪਣੇ ਦੇਸ਼ ਦੇ ਸਭ ਤੋਂ ਮਹੱਤਵਪੂਰਨ ਇਲਾਕੇ ਦੇ ਬਾਰੇ ਸੋਚੋ; ਰੋਮੀ ਸਾਮਰਾਜ ਦੇ ਵਿੱਚ ਇਹ ਸਥਾਨ ਯਹੂਦਿਆ ਨਹੀਂ ਸੀ।

ਰਾਈ ਦੇ ਦਾਣੇ ਦਾ ਦ੍ਰਿਸ਼ਟਾਂਤ ਨੇ ਵਿਖਾਇਆ ਇਕ ਕਿ ਪਰਮੇਸ਼ੁਰ ਦਾ ਰਾਜ ਮਨੁੱਖਾਂ ਦੇ ਛੋਟੇ ਜਿਹੇ ਝੁੰਡ ਜੋ ਰੋਮੀ ਸਾਮਰਾਜ ਦੇ ਪਿੱਛੜੇ ਹੋਏ ਕੋਨੇ ਵਿੱਚ ਉਸ ਤੋਂ ਇੱਕ ਅਜਿਹਾ ਰੁੱਖ ਬਣਿਆ ਜੋ ਸਾਰੇ ਦੇਸ਼ਾਂ ਤੱਕ ਪਹੁੰਚ ਗਿਆ।[34] ਯਹੂਦੀ ਧਰਮ ਗੁਰੂ ਸੋਚਦੇ ਸਨ ਕਿ ਪਰਮੇਸ਼ੁਰ ਦਾ ਰਾਜ ਸਿਰਫ਼ ਯਹੂਦੀਆਂ ਤੱਕ ਹੀ ਸੀਮਿਤ ਰਹੇਗਾ; ਯਿਸੂ ਨੇ ਸਿਖਾਇਆ ਕਿ ਪਰਮੇਸ਼ੁਰ ਦਾ ਰਾਜ ਧਰਤੀ ਦੇ ਬੰਨ੍ਹਿਆਂ ਤੱਕ ਪਹੁੰਚ ਜਾਵੇਗਾ।

### ਖ਼ਮੀਰ ਦਾ ਦ੍ਰਿਸ਼ਟਾਂਤ (ਮੱਤੀ 13:33)

ਖ਼ਮੀਰ ਦਾ ਦ੍ਰਿਸ਼ਟਾਂਤ ਵੀ ਰਾਜ ਦੇ ਅਲੋਕਿਕ ਵਾਧੇ ਨੂੰ ਦਰਸਾਉਂਦਾ ਹੈ। ਯਿਸੂ ਨੇ ਰਾਜ ਦੇ ਵਾਧੇ ਨੂੰ ਦਰਸਾਉਣ ਦੇ ਲਈ ਖ਼ਮੀਰ ਦੇ ਚਿੰਨ੍ਹ ਦਾ ਉਪਯੋਗ ਕੀਤਾ। ਆਟੇ ਦੇ ਤਿੰਨ ਮਾਪ 100 ਲੋਕਾਂ ਲਈ ਰੋਟੀ ਪੈਦਾ ਕਰ ਦਿੰਦੇ ਸਨ। ਇਸਦੀ ਛੋਟੀ ਸ਼ੁਰੂਆਤ ਦੇ ਬਾਵਜੂਦ, ਰਾਜ ਇੱਕ ਸਮਰੱਥੀ ਸ਼ਕਤੀ ਦੇ ਬਦਲ ਜਾਵੇਗਾ।

ਖ਼ਮੀਰ ਦਾ ਦ੍ਰਿਸ਼ਟਾਂਤ ਰਾਜ ਦੇ ਸਥਿਰ ਵਾਧੇ ਨੂੰ ਵਿਖਾਉਂਦਾ ਹੈ। ਖ਼ਮੀਰ ਨਾਟਕੀ ਨਹੀਂ ਹੈ; ਇਹ ਬਰੂਦ ਵਾਂਗ ਫਟਦਾ ਨਹੀਂ ਹੈ; ਇਹ ਚੁੱਪਚਾਪ ਰੋਟੀ ਦੇ ਰਾਹੀਂ ਆਪਣਾ ਕੰਮ ਕਰਦਾ ਹੈ। ਯਹੂਦੀ ਧਰਮ ਗੁਰੂਆਂ ਨੇ ਸੋਚਿਆ ਕਿ ਪਰਮੇਸ਼ੁਰ ਦਾ ਰਾਜ ਸੰਸਾਰ ਭਰ ਦੇ ਵਿੱਚ ਚਿੰਨ੍ਹਾਂ ਦੇ ਦੁਆਰਾ ਅਰੰਭ ਹੋਵੇਗਾ; ਯਿਸੂ ਨੇ ਵਿਖਾਇਆ ਕਿ ਰਾਜ ਹੌਲੀ-ਹੌਲੀ ਪਰ ਸਥਿਰਤਾ ਦੇ ਨਾਲ ਵਧੇਗਾ, ਜਦੋਂ ਤੱਕ ਇਹ ਪੂਰੇ ਸੰਸਾਰ ਤੱਕ ਨਾ ਪਹੁੰਚ ਜਾਏ।

---

[34] ਦਾਨੀਏਲ 4:12 ਅਤੇ ਹਿਜ਼ਕੀਏਲ 31:6 ਦੇ ਵਿੱਚ ਕਿਸੇ ਰੁੱਖ ਤੇ ਪੰਛੀਆਂ ਦਾ ਬਸੇਰਾ ਇੱਕ ਅਜਿਹੇ ਰਾਜ ਨੂੰ ਦਰਸਾਉਂਦਾ ਹੈ ਜਿਸ ਵਿੱਚ ਬਹੁਤ ਸਾਰੇ ਦੇਸ਼ ਹੋਣ।

### ਲੁਕੇ ਹੋਏ ਧਨ ਅਤੇ ਬਹੁ-ਕੀਮਤੀ ਮੋਤੀ ਦਾ ਦ੍ਰਿਸ਼ਟਾਂਤ (ਮੱਤੀ 13:44-46)

ਇਹ ਦ੍ਰਿਸ਼ਟਾਂਤ ਰਾਜ ਦੇ ਅਨੰਦ ਦੇ ਬਾਰੇ ਹਨ। ਦੋਵਾਂ ਦੇ ਵਿੱਚ ਇੱਕ ਮਨੁੱਖ ਨੇ ਕੁਝ ਅਜਿਹਾ ਬਹੁ-ਕੀਮਤੀ ਲੱਭਿਆ ਕਿ ਉਸਨੇ ਸਭ ਕੁਝ ਵੇਚ ਕੇ ਇਸਨੂੰ ਖ਼ਰੀਦ ਲਿਆ। ਇਸ ਦ੍ਰਿਸ਼ਟਾਂਤ ਦਾ ਧਿਆਨ ਮਨੁੱਖ ਦੇ ਬਲੀਦਾਨ ਦੇ ਬਾਰੇ ਨਹੀਂ ਹੈ, ਪਰ ਕੁਝ ਬਹੁ-ਕੀਮਤੀ ਮਿਲ ਜਾਣ ਦੇ ਕਾਰਨ ਉਸਦੇ ਅਨੰਦ ਦੇ ਬਾਰੇ ਹੈ। ਉਹ ਆਪਣੇ ਅਨੰਦ ਦੇ ਵਿੱਚ ਜਾਂਦਾ ਹੈ ਅਤੇ ਸਭ ਕੁਝ ਵੇਚ ਦਿੰਦਾ ਹੈ! ਸੱਚੇ ਚੇਲ੍ਹੇ ਸਭ ਕੁਝ ਛੱਡ ਕੇ ਯਿਸੂ ਦੇ ਪਿੱਛੇ ਚੱਲਣ ਦੇ ਵਿੱਚ ਅਨੰਦ ਮਨਾਉਂਦੇ ਹਨ।

ਇਹ ਦ੍ਰਿਸ਼ਟਾਂਤ ਰਾਜ ਦੇ ਵੱਡੇ ਮੁੱਲ ਨੂੰ ਵਿਖਾਉਂਦੇ ਹਨ। ਪਰਮੇਸ਼ੁਰ ਦਾ ਰਾਜ ਸਾਡੇ ਜੀਵਨ ਦੇ ਹਰੇਕ ਰਵੱਈਏ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਹੋਰ ਸਥਾਨ ਤੇ ਯਿਸੂ ਨੇ ਕਿਹਾ, "ਅਤੇ ਜੇ ਤੇਰੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਕੱਢ ਸੁੱਟ। ਕਾਣਾ ਹੋਕੇ ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਤੇਰੇ ਲਈ ਇਸ ਨਾਲੋਂ ਭਲਾ ਹੈ ਜੋ ਦੋ ਅੱਖਾਂ ਹੁੰਦਿਆਂ ਤੂੰ ਨਰਕ ਵਿੱਚ ਸੁੱਟਿਆ ਜਾਵੇਂ" (ਮਰਕੁਸ 9:47)। ਪਰਮੇਸ਼ੁਰ ਦੇ ਰਾਜ ਵਿੱਚ ਦਾਖਲਾ ਧਰਤੀ ਤੇ ਕੀਤੇ ਜਾਣ ਵਾਲੇ ਕਿਸੇ ਵੀ ਬਲੀਦਾਨ ਦੇ ਯੋਗ ਹੈ।

### ਜਾਲ਼ ਦਾ ਦ੍ਰਿਸ਼ਟਾਂਤ (ਮੱਤੀ 13:47-50)

ਗਲੀਲ ਦੀ ਝੀਲ ਉੱਤੇ ਮੱਛੀਆਂ ਫੜਨ ਵਾਲੀਆਂ ਬੇੜੀਆਂ ਇੱਕ ਵੱਡੇ ਜਾਲ ਨੂੰ ਘਸੀਟਦੀਆਂ ਸਨ, ਜਿਸ ਵਿੱਚ ਖਾਣਯੋਗ ਮੱਛੀਆਂ ਅਤੇ ਨਾ ਖਾਣ ਯੋਗ ਦੋਵੇਂ ਫਸ ਜਾਂਦੇ ਸਨ। ਕਿਨਾਰੇ ਤੇ ਵਾਪਸ ਆਉਣ ਤੋਂ ਬਾਅਦ, ਮਛੇਰੇ ਚੰਗੀ ਮੱਛੀ ਨੂੰ ਮਾੜੀਆਂ ਤੋਂ ਵੱਖ ਕਰ ਦਿੰਦੇ ਸਨ।

ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਦੀ ਤਰ੍ਹਾਂ, ਇਸ ਦ੍ਰਿਸ਼ਟਾਂਤ ਦੇ ਚੇਲ੍ਹਿਆਂ ਨੂੰ ਯਾਦ ਦਿਵਾਇਆ ਕਿ ਯੁੱਗ ਦੇ ਅੰਤ ਸਮੇਂ ਨਿਆਂ ਹੋਵੇਗਾ। ਇੱਕ ਜਲਦੀ ਆ ਜਾਣ ਵਾਲੇ ਨਿਆਂ ਦੀ ਉਮੀਦ ਕਰਨ ਦੀ ਬਜਾਏ, ਉਨ੍ਹਾਂ ਨੂੰ ਇਹ ਜਾਣਦੇ ਹੋਏ ਰਾਜ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਆਪਣੇ ਸਮੇਂ ਦੇ ਵਿੱਚ ਧਰਮੀਆਂ ਅਤੇ ਬੁਰਿਆਂ ਦਾ ਨਿਆਂ ਕਰੇਗਾ। ਇੱਕ ਅੰਤਿਮ ਨਿਆਂ ਹੋਵੇਗਾ ਜਿਸ ਵਿੱਚ ਚੰਗਿਆਂ ਨੂੰ ਬੁਰਿਆਂ ਤੋਂ ਅਲੱਗ ਕੀਤਾ ਜਾਵੇਗਾ, ਪਰ ਸਾਨੂੰ ਇਸਦਾ ਸਮਾਂ ਪਰਮੇਸ਼ੁਰ ਦੇ ਹੱਥਾਂ ਵਿੱਚ ਛੱਡ ਦੇਣਾ ਚਾਹੀਦਾ ਹੈ।

### ਘਰ ਦੇ ਸੁਆਮੀ ਦਾ ਦ੍ਰਿਸ਼ਟਾਂਤ (ਮੱਤੀ 13:51-52)

ਯਿਸੂ ਨੇ ਦ੍ਰਿਸ਼ਟਾਂਤਾਂ ਦੀ ਇਹ ਲੜੀ ਚੇਲ੍ਹਿਆਂ ਨੂੰ ਇਹ ਸਿਖਾਉਂਦੇ ਹੋਏ ਅਰੰਭ ਕੀਤੀ ਸੀ ਕਿ ਉਹ ਫ਼ਲਦਾਇਕ ਜ਼ਮੀਨ ਹੋਣੇ ਚਾਹੀਦੇ ਹਨ। ਉਸਨੇ ਇਸ ਲੜੀ ਦੀ ਸਮਾਪਤੀ ਦੂਸਰਿਆਂ ਦੇ ਨਾਲ ਸਾਂਝਾ ਕਰਨ ਦੀ ਜਿੰਮੇਵਾਰੀ ਬਾਰੇ ਸਿਖਾਉਂਦੇ ਹੋਏ ਕੀਤੀ। ਸਿਖਲਾਈ ਪਾਏ ਹੋਏ ਹਰੇਕ ਗ੍ਰੰਥੀ ਦੇ ਲਈ ਇਹ ਜਰੂਰੀ ਸੀ ਕਿ ਉਹ ਆਪਣੇ ਗਿਆਨ ਦੇ ਖਜ਼ਾਨੇ ਵਿੱਚੋਂ ਦੂਸਰਿਆਂ ਨੂੰ ਕੁਝ ਸਿਖਾਵੇ। ਅਸੀਂ ਸਿਰਫ਼ ਆਪਣੇ ਫਾਇਦੇ ਦੇ ਲਈ ਹੀ ਨਹੀਂ ਸਿੱਖਦੇ। ਚੇਲ੍ਹਿਆਂ ਨੂੰ ਸਿਖਲਾਈ ਦਿੱਤੀ ਗਈ ਤਾਂ ਕਿ ਉਹ ਦੂਸਰਿਆਂ ਚੇਲ੍ਹਿਆਂ ਨੂੰ ਸਿਖਲਾਈ ਦੇ ਸਕਣ।

### ਦਸ ਅਸ਼ਰਫ਼ੀਆਂ ਦਾ ਦ੍ਰਿਸ਼ਟਾਂਤ[35] (ਲੂਕਾ 19:11-27)

► ਪੜ੍ਹੋ ਲੂਕਾ 19:11-27

ਇਹ ਦ੍ਰਿਸ਼ਟਾਂਤ ਲੂਕਾ ਦੇ ਵਿੱਚ ਹੈ, ਪਰ ਮੱਤੀ ਅਜਿਹੇ ਹੀ ਇੱਕ ਦ੍ਰਿਸ਼ਟਾਂਤ ਨੂੰ ਯਿਸੂ ਦੇ ਜੈਤੂਨ ਪਹਾੜ ਵਾਲੇ ਉਪਦੇਸ਼ ਵਿੱਚ ਦੱਸਦਾ ਹੈ। ਯਿਸੂ ਨੇ ਦਸ ਅਸ਼ਰਫ਼ੀਆਂ ਦਾ ਦ੍ਰਿਸ਼ਟਾਂਤ ਉਸ ਸਮੇਂ ਦਿੱਤਾ ਜਦੋਂ ਉਹ ਯਰੂਸ਼ਲਮ ਦੇ ਨੇੜੇ ਸੀ, ਕਿਉਂਕਿ ਲੋਕ ਸੋਚ ਰਹੇ ਸਨ ਕਿ ਪਰਮੇਸ਼ੁਰ ਦਾ ਰਾਜ ਜਲਦੀ ਨਾਲ ਆ ਜਾਵੇਗਾ (ਲੂਕਾ 19:11)।

ਜਿਵੇਂ ਹੀ ਯਿਸੂ ਯਰੂਸ਼ਲਮ ਦੇ ਨੇੜੇ ਪਹੁੰਚਿਆ, ਤਾਂ ਲੋਕਾਂ ਦੀ ਇੱਕ ਰਾਜਨੀਤਿਕ ਮਸੀਹ ਦੀ ਉਮੀਦ ਦੀ ਉਤਸੁਕਤਾ ਬਹੁਤ ਜਿਆਦਾ ਵੱਧ ਗਈ। ਯਿਸੂ ਨੇ ਇਹ ਦ੍ਰਿਸ਼ਟਾਂਤ ਆਪਣੇ ਚੇਲ੍ਹਿਆਂ ਨੂੰ ਇਹ ਸਿਖਾਉਣ ਦੇ ਲਈ ਦਿੱਤਾ ਕਿ ਉਹ ਰਾਜ ਦੇ ਲਈ ਉਡੀਕ ਕਰਦੇ ਹੋਏ ਵਫ਼ਾਦਾਰੀ ਵਿੱਚ ਬਣੇ ਰਹਿਣ। ਉਨ੍ਹਾਂ ਨੂੰ ਸੁਆਮੀ ਦੁਆਰਾ ਦਿੱਤੀ ਚੀਜ਼ ਨੂੰ ਲੁਕਾਉਣ ਦੀ ਜਰੂਰਤ ਨਹੀਂ ਸੀ, ਇਸਦੀ ਬਜਾਏ ਉਨ੍ਹਾਂ ਨੂੰ ਆਪਣੇ ਸ੍ਰੋਤਾਂ ਦਾ ਉਪਯੋਗ ਰਾਜ ਦੇ ਵਾਧੇ ਲਈ ਕਰਨਾ ਚਾਹੀਦਾ ਹੈ।

## ਰਾਜ ਦੀ ਸੰਪੂਰਨ ਸਥਾਪਨਾ

► ਪੜ੍ਹੋ ਮੱਤੀ 24-25

ਯਿਸੂ ਦੀ ਅਰੰਭਿਕ ਸਿੱਖਿਆ ਦੇ ਵਿੱਚ ਜਿਆਦਾਤਰ ਰਾਜ ਦੀ ਸ਼ੁਰੂਆਤ ਦੇ ਧਿਆਨ ਦਿੱਤਾ ਗਿਆ। ਜਿਵੇਂ ਹੀ ਉਹ ਧਰਤੀ ਤੇ ਆਪਣੀ ਸੇਵਕਾਈ ਦੇ ਅੰਤ ਤੱਕ ਪਹੁੰਚਿਆ, ਤਾਂ ਯਿਸੂ ਨੇ ਜਿਆਦਾ ਭਵਿੱਖ ਸੰਬੰਧੀ ਰਾਜ ਦੀ ਸੰਪੂਰਨ ਸਥਾਪਨਾ ਸੰਬੰਧੀ ਗੱਲ ਕੀਤੀ। ਮੱਤੀ 24 ਅਤੇ 25 ਵਿੱਚ ਜੈਤੂਨ ਪਹਾੜ ਤੇ ਦਿੱਤਾ ਉਪਦੇਸ਼ ਰਾਜ ਦੇ ਵਾਇਦਿਆਂ ਦੀ ਭਵਿੱਖ ਦੇ ਵਿੱਚ ਪੂਰੇ ਹੋਣ ਬਾਰੇ ਯਿਸੂ ਦੀ ਬਹੁਤ ਹੀ ਵਿਖਿਆਤਮਕ ਸਿੱਖਿਆ ਹੈ।

## ਇੱਕ ਨੇੜੇ ਦੀ ਝਾਤ: ਹੇਰੋਦੇਸ ਦੀ ਹੈਕਲ

19 ਈ.ਪੂ ਦੇ ਵਿੱਚ ਹੇਰੋਦੇਸ ਨੇ ਹੈਕਲ ਦੇ ਵੱਡੇ ਨਵੀਨੀਕਰਨ ਦੀ ਸ਼ੁਰੂਆਤ ਕੀਤੀ।[36] 516 ਈ.ਪੂ ਵਿੱਚ ਜ਼ਰੁੱਬਾਬਲ ਦੁਆਰਾ ਬਣਾਈ ਹੈਕਲ ਸੁਲੇਮਾਨ ਦੀ ਪਹਿਲੀ ਹੈਕਲ ਨਾਲੋਂ ਛੋਟੀ ਅਤੇ ਸਾਧਾਰਣ ਸੀ। ਹੇਰੋਦੇਸ ਦਾ ਇਰਾਦਾ ਸੀ ਕਿ ਉਹ ਇਸਨੂੰ ਇਸਦੀ ਅਰੰਭਿਕ ਸੁੰਦਰਤਾ ਵਿੱਚ ਲਿਆਵੇ। ਉਸਨੇ ਇੱਕ ਉਸਾਰੀ ਦਾ ਕੰਮ ਸ਼ੁਰੂ ਕੀਤਾ ਜੋ 80 ਸਾਲ ਚੱਲਿਆ। ਉਸਨੇ 10,000 ਗੁਣੀ ਕਾਮਿਆਂ ਨੂੰ

---

[35] ਇੱਕ "ਅਸ਼ਰਫ਼ੀ" ਪੈਸੇ ਦੀ ਇੱਕ ਇਕਾਈ ਸੀ। ਇਹ ਕਿਸੇ ਮਜ਼ਦੂਰ ਦੀ ਤਿੰਨ ਮਹੀਨੇ ਦੀ ਮਜ਼ਦੂਰੀ ਦੇ ਬਰਾਬਰ ਸੀ।

[36] "Temple Comparison" was created by SGC with a photo by Ricardo Gandelman (CC BY 2.0) and temple plans from EB Vol. IV and Gal m, available from https://www.flickr.com/photos/sgc-library/52345523784, public domain (CC0).

ਉਸਾਰੀ ਦੇ ਕੰਮ ਤੇ ਲਗਾਇਆ ਅਤੇ ਹੈਕਲ ਦੇ ਉਨ੍ਹਾਂ ਹਿੱਸਿਆਂ ਵਿੱਚ ਕੰਮ ਕਰਨ ਲਈ 1,000 ਲੇਵੀਆਂ ਨੂੰ ਸਿਖਲਾਈ ਦਿੱਤੀ ਜਿੱਥੇ ਸਿਰਫ਼ ਜਾਜਕ ਹੀ ਜਾ ਸਕਦੇ ਸਨ।

ਹੇਰੋਦੇਸ ਨੂੰ ਉਮੀਦ ਸੀ ਕਿ ਉਹ ਸੰਸਾਰ ਦੇ ਵਿੱਚ ਸਭ ਤੋਂ ਵੱਡੀ ਹੈਕਲ ਦੀ ਉਸਾਰੀ ਕਰਨ ਵਾਲੇ ਵੱਜੋਂ ਜਾਣਿਆ ਜਾਵੇਗਾ। ਯਿਸੂ ਦੀ ਸੇਵਕਾਈ ਦੇ ਸਮੇਂ ਇਹ ਕੰਮ 46 ਸਾਲਾਂ ਤੋਂ ਚੱਲ ਰਿਹਾ ਸੀ (ਯੂਹੰਨਾ 2:20)। ਪੂਰੀ ਹੈਕਲ 63 ਏ.ਡੀ ਦੇ ਵਿੱਚ ਸੰਪੂਰਨ ਹੋਈ ਅਤੇ ਸੱਤ ਸਾਲਾਂ ਦੇ ਬਾਅਦ 70 ਏ.ਡੀ ਦੇ ਵਿੱਚ ਰੋਮੀ ਸੈਨਾਪਤੀ ਟਾਈਟਸ ਦੁਆਰਾ ਯਰੂਸ਼ਲਮ ਦੀ ਘੇਰਾਬੰਦੀ ਦੇ ਸਮੇਂ ਇਸਨੂੰ ਬਰਬਾਦ ਕਰ ਦਿੱਤਾ ਗਿਆ।




ਹੇਰੋਦੇਸ ਦੁਆਰਾ ਬਣਾਈ ਹੈਕਲ ਦਾ ਆਕਾਰ ਸੁਲੇਮਾਨ ਦੀ ਹੈਕਲ ਨਾਲੋਂ ਦੋ ਗੁਣਾ ਜਿਆਦਾ ਸੀ, ਜਿਸਦੇ ਵਿੱਚ ਪਰਬਾਂ ਦੇ ਸਮੇਂ ਯਰੂਸ਼ਲਮ ਵਿੱਚ ਆਉਣ ਵਾਲੇ ਹਜ਼ਾਰਾਂ ਯਹੂਦੀ ਸ਼ਰਧਾਲੂਆਂ ਦੇ ਲਈ ਬਹੁਤ ਸਾਰਾ ਸਥਾਨ ਸੀ। ਇਹ ਰੋਮੀ ਸਾਮਰਾਜ ਦਾ ਇੱਕ ਬਹੁਤ ਮਹਾਨ ਅਜੂਬਾ ਸੀ।

## ਰਾਜ ਦੀ ਸੰਪੂਰਨ ਸਥਾਪਨਾ (ਜਾਰੀ ਹੈ)

ਯਰੂਸ਼ਲਮ ਦੇ ਵਿੱਚ ਯਿਸੂ ਦੇ ਆਖਰੀ ਹਫ਼ਤੇ ਦੇ ਦੌਰਾਨ, ਚੇਲ੍ਹਿਆਂ ਨੇ ਉਸਦੇ ਵੱਲ ਹੈਕਲ ਦੀਆਂ ਇਮਾਰਤਾਂ ਬਾਰੇ ਸੰਕੇਤ ਕੀਤਾ। ਕਿਉਂਕਿ ਹੈਕਲ ਦਾ ਕੰਮ ਅਜੇ ਵੀ ਚੱਲ ਰਿਹਾ ਸੀ, ਉਹ ਸ਼ਾਇਦ ਕਿਸੇ ਅਜਿਹੀ ਵਿਸ਼ੇਸ਼ਤਾ ਦੀ ਗੱਲ ਕਰ ਰਹੇ ਸਨ ਜੋ ਹੈਕਲ ਦੇ ਵਿੱਚ ਉਨ੍ਹਾਂ ਦੀ ਪਿੱਛਲੀ ਫੇਰੀ ਤੋਂ ਬਾਅਦ ਬਦਲ ਚੁੱਕੀ ਸੀ।

ਯਿਸੂ ਨੇ ਹੈਕਲ ਦੀ ਤਬਾਹੀ ਦੇ ਬਾਰੇ ਭਵਿੱਖਬਾਣੀ ਕਰਦੇ ਹੋਏ ਉੱਤਰ ਦਿੱਤਾ। “ਕੀ ਤੁਸੀਂ ਇਨ੍ਹਾਂ ਸਭਨਾਂ ਚੀਜ਼ਾਂ ਨੂੰ ਨਹੀਂ ਵੇਖਦੇ ? ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ ਐਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਏਗਾ ਜੋ ਡੇਗਿਆ ਨਾ ਜਾਵੇ। ਜਦ ਉਹ ਜੈਤੂਨ ਦੇ ਪਹਾੜ ਉੱਤੇ ਬੈਠਾ ਹੋਇਆ ਸੀ ਉਹ ਦੇ ਚੇਲੇ ਉਹ ਤੇ ਕੋਲ ਵੱਖਰੇ ਹੋ ਕੇ ਆਏ ਅਤੇ ਪੁੱਛਿਆ, ਸਾਨੂੰ ਦੱਸ ਜੋ ਏਹ ਗੱਲਾਂ ਕਦ ਹੋਣਗੀਆਂ ਅਤੇ ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ?” (ਮੱਤੀ 24:2,3)

ਚੇਲ੍ਹਿਆਂ ਦਾ ਪ੍ਰਸ਼ਨ ਦੋ ਹਿੱਸਿਆਂ ਦੇ ਵਿੱਚ ਸੀ; ਯਿਸੂ ਦਾ ਉੱਤਰ ਵੀ ਦੋ ਹਿੱਸਿਆਂ ਦੇ ਵਿੱਚ ਸੀ। ਜਿਵੇਂ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਦੇ ਵਿੱਚ ਨੇੜਲੇ ਅਤੇ ਦੂਰ ਦੇ ਸਮੇਂ ਦੇ ਤੱਥ ਹੁੰਦੇ ਸਨ, ਯਿਸੂ ਦੀ ਭਵਿੱਖਬਾਣੀ ਦੇ ਵਿੱਚ ਕੁਝ ਅਜਿਹੀਆਂ ਘਟਨਾਵਾਂ ਸ਼ਾਮਿਲ ਸਨ ਜੋ ਜਲਦ ਹੋਣ ਵਾਲੀਆਂ ਅਤੇ ਸਨ ਅਤੇ ਕੁਝ ਅਜਿਹੀਆਂ ਸਨ ਜੋ ਯੁੱਗ ਦੇ ਅੰਤ ਦੇ ਸਮੇਂ ਹੋਣਗੀਆਂ।

- ਚੇਲ੍ਹਿਆਂ ਨੇ ਪੁੱਛਿਆ, “ਇਹ ਗੱਲਾਂ ਕਦੋਂ ਹੋਣਗੀਆਂ?” “ਇਹ ਗੱਲਾਂ” (ਹੈਕਲ ਦੀ ਤਬਾਹੀ ਜਿਸ ਵਿੱਚ ਇੱਕ ਵੀ ਪੱਥਰ ਦੂਸਰੇ ਤੇ ਨਹੀਂ ਛੱਡਿਆ ਜਾਵੇਗਾ) ਜੋ 70 ਏ.ਡੀ ਵਿੱਚ ਹੋਈਆਂ।
- ਚੇਲ੍ਹਿਆਂ ਨੇ ਪੁੱਛਿਆ, “ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ?” ਯਿਸੂ ਨੇ ਭਵਿੱਖ ਦੀ ਵਾਪਸੀ ਦੀ ਗੱਲ ਕਰਦੇ ਹੋਏ ਕਿਹਾ, “ਮਨੁੱਖ ਦੇ ਪੁੱਤ੍ਰ ਨੂੰ ਸਮਰੱਥਾ ਵਿੱਚ ਆਉਂਦਿਆਂ ਵੇਖਣਗੀਆਂ” (ਮੱਤੀ 24:30)

ਯਿਸੂ ਨੇ ਵਿਖਾਇਆ ਕਿ ਇਸ ਰਾਜ ਦੇ ਵਿੱਚ ਸਾਰੇ ਦੇਸ਼ਾਂ ਦੇ ਲੋਕ ਸ਼ਾਮਿਲ ਹੋਣਗੇ, ਦੋਵੇਂ ਯਹੂਦੀ ਅਤੇ ਪਰਾਈਆਂ ਕੌਮਾਂ। ਉਸਨੇ ਵਿਖਾਇਆ ਕਿ ਪਰਾਈਆਂ ਕੌਮਾਂ ਨੂੰ ਸ਼ਾਮਿਲ ਕਰਨ ਦੀ ਯੋਜਨਾ “ਸੰਸਾਰ ਦੇ ਅਰੰਭ ਤੋਂ ਹੀ” (ਮੱਤੀ 25:34) ਪਰਮੇਸ਼ੁਰ ਦੀ ਯੋਜਨਾ ਸੀ। ਪਰਮੇਸ਼ੁਰ ਦੇ ਰਾਜ ਉਸਦੇ ਲੋਕਾਂ ਲਈ ਪਰਮੇਸ਼ੁਰ ਦੀ ਸਦੀਪਕ ਯੋਜਨਾ ਸੀ।

ਜੈਤੂਨ ਦੇ ਪਹਾੜ ਦੇ ਉਪਦੇਸ਼ ਦੇ ਦੋ ਦ੍ਰਿਸ਼ਟਾਂਤ ਸਾਨੂੰ ਸਿਖਾਉਂਦੇ ਹਨ ਕਿ ਸਾਨੂੰ ਰਾਜ ਦੀ ਉਡੀਕ ਕਰਦੇ ਹੋਏ ਫ਼ਲਦਾਇਕ ਬਣਨਾ ਚਾਹੀਦਾ ਹੈ। ਪੰਜ ਮੂਰਖ ਕੁਆਰੀਆਂ ਨੇ ਉਡੀਕ ਤਾਂ ਕੀਤੀ ਪਰ ਬਿਨਾਂ ਤਿਆਰੀ ਦੇ। ਇੱਕ ਤੋੜੇ ਵਾਲੇ ਨੌਕਰ ਨੇ ਉਡੀਕ ਤਾਂ ਕੀਤੀ ਪਰ ਉਸਨੇ ਇਮਾਨਦਾਰੀ ਨਾਲ ਪ੍ਰਬੰਧ ਨਹੀਂ ਕੀਤਾ। ਰਾਜ ਦੇ ਨਾਗਰਿਕਾਂ ਵੱਜੋਂ ਸਾਨੂੰ ਵਫ਼ਾਦਾਰੀ ਦੇ ਲਈ ਅਤੇ ਧੀਰਜ ਦੇ ਨਾਲ ਰਾਜੇ ਦੀ ਸੇਵਾ ਕਰਨ ਦੇ ਲਈ ਬੁਲਾਇਆ ਗਿਆ ਹੈ।

ਮੱਤੀ 13 ਦੇ ਵਿੱਚ ਵਾਇਦਾ ਕੀਤਾ ਹੋਇਆ ਹੈ ਕਿ ਅੰਤਿਮ ਨਿਆਂ ਦੇ ਸਮੇਂ ਭਲੇ ਅਤੇ ਬੁਰਿਆਂ ਨੂੰ ਅਲੱਗ ਕੀਤਾ ਜਾਵੇਗਾ। ਮੁੱਢਲਾ ਪਾਠ ਇਹ ਨਹੀਂ ਹੈ ਕਿ ਇਹ ਨਿਆਂ ਕਦੋਂ ਅਤੇ ਕਿਵੇਂ ਹੋਵੇਗਾ। ਇਸਦੀ ਬਜਾਏ, ਯਿਸੂ ਦੀ ਸਿੱਖਿਆ ਇਹ ਹੈ ਕਿ ਅੰਤਿਮ ਨਿਆਂ ਦੀ ਤਿਆਰੀ ਦੇ ਲਈ ਰਾਜ ਦੇ ਨਾਗਰਿਕਾਂ ਨੂੰ ਅੱਜ ਕਿਵੇਂ ਜਿਉਣਾ ਚਾਹੀਦਾ ਹੈ। ਉਸ ਦਿਨ ਰਾਜਾ ਕਹੇਗਾ, “ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ” (ਮੱਤੀ 25:40)। ਸਾਨੂੰ

ਲਗਾਤਾਰ ਰਾਜੇ ਦੇ ਵਾਪਿਸ ਆਉਣ ਤਿਆਰੀ ਵਿੱਚ ਰਹਿਣਾ ਚਾਹੀਦਾ ਹੈ। ਜਦੋਂ ਉਸਦੀ ਵਾਪਸੀ ਸਮੇਂ ਤਾਂ ਸਾਡਾ ਵਫ਼ਾਦਾਰ ਹੋਣਾ ਬਹੁਤ ਜਰੂਰੀ ਹੈ।

## ਲਾਗੂਕਰਨ: ਚੇਲ੍ਹੇ ਹੋਣ ਦੀ ਕੀਮਤ

► ਪੜ੍ਹੋ ਲੂਕਾ 9:21-27

ਰਾਜ ਦੀ ਨਾਗਰਿਕਤਾ ਸਿਰਫ਼ ਪਰਮੇਸ਼ੁਰ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ। ਅਸੀਂ ਭਲੇ ਕੰਮਾਂ ਦੇ ਦੁਆਰਾ ਰਾਜ ਦੇ ਨਾਗਰਿਕ ਨਹੀਂ ਬਣਦੇ। ਪਰ ਇਸਦਾ ਇਹ ਅਰਥ ਨਹੀਂ ਹੈ ਕਿ ਚੇਲ੍ਹੇ ਹੋਣ ਦੇ ਜੀਵਨ ਦੀ ਕੋਈ ਕੀਮਤ ਨਹੀਂ ਹੈ। ਲੂਕਾ 9 ਦੇ ਵਿੱਚ ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਚੇਲ੍ਹੇ ਹੋਣ ਦੀ ਕੀਮਤ ਦੇ ਬਾਰੇ ਸਿਖਾਇਆ।

ਡਾਲਸ ਵਿਲਾਰਡ ਨੇ ਲਿਖਿਆ, "ਕ੍ਰਿਪਾ ਯਤਨਾਂ ਦੇ ਵਿਰੁੱਧ ਨਹੀਂ ਹੈ; ਕ੍ਰਿਪਾ ਕਮਾਉਣ ਦੇ ਵਿਰੁੱਧ ਹੈ।"[37] ਚੇਲ੍ਹਿਆਂ ਦੇ ਰੂਪ ਵਿੱਚ ਸਾਡੇ ਦੁਆਰਾ ਕੀਤੇ ਜਾਣ ਵਾਲੇ ਯਤਨ ਕ੍ਰਿਪਾ ਦੇ ਵਿਰੁੱਧ ਨਹੀਂ ਹਨ। ਅਸਲ ਦੇ ਵਿੱਚ ਸਾਡੇ ਕੋਲ ਚੇਲ੍ਹੇ ਬਣਨ ਦੀ ਸਮਰੱਥਾ ਸਿਰਫ਼ ਪਰਮੇਸ਼ੁਰ ਦੀ ਕ੍ਰਿਪਾ ਤੋਂ ਹੀ ਮਿਲਦੀ ਹੈ।

ਕ੍ਰਿਪਾ ਕਰਕੇ ਯਿਸੂ ਦੀ ਸਿੱਖਿਆ ਦੇ ਢੰਗ ਤੇ ਧਿਆਨ ਦਵੋ: **ਪਹਿਲਾਂ ਸਲੀਬ ਅਤੇ ਫਿਰ ਮਹਿਮਾ।**

- ਯਿਸੂ ਨੇ ਆਪਣੀ ਮੌਤ ਅਤੇ ਜੀ ਉੱਠਣ ਦੇ ਬਾਰੇ ਭਵਿੱਖਬਾਣੀ ਕੀਤੀ (ਲੂਕਾ 9:21-22)। ਇਹ ਉਹ ਕੀਮਤ ਸੀ ਜੋ ਯਿਸੂ ਨੇ ਸਾਨੂੰ ਰਾਜ ਦੀ ਨਾਗਰਿਕਤਾ ਪ੍ਰਦਾਨ ਕਰਨ ਦੇ ਲਈ ਅਦਾ ਕੀਤੀ।
- ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਦੱਸਿਆਂ ਕਿ ਚੇਲ੍ਹੇ ਹੋਣ ਦੀ ਕੀ ਕੀਮਤ ਹੋਵੇਗੀ (ਲੂਕਾ 9:23-25)। "ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।" ਯਿਸੂ ਨੇ ਰਾਜ ਦੀ ਸਥਾਪਨਾ ਕਰਨ ਦੇ ਲਈ ਸਲੀਬ ਤੇ ਦੁੱਖ ਝੱਲਿਆ; ਜੇਕਰ ਅਸੀਂ ਰਾਜ ਦੇ ਵਿੱਚ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਆਪਣੀ ਸਲੀਬ ਚੁੱਕਣੀ ਚਾਹੀਦੀ ਹੈ।
- ਯਿਸੂ ਨੇ ਪਰਮੇਸ਼ੁਰ ਦੇ ਰਾਜ ਬਾਰੇ ਗੱਲ ਕੀਤੀ (ਲੂਕਾ 9:26-27)। "ਜੋ ਕੋਈ ਮੈਥੋਂ ਅਤੇ ਮੇਰਿਆਂ ਬਚਨਾਂ ਤੋਂ ਸ਼ਰਮਾਏਗਾ ਮਨੁੱਖ ਦਾ ਪੁੱਤ੍ਰ ਵੀ ਉਸ ਤੋਂ ਸ਼ਰਮਾਏਗਾ ਜਿਸ ਵੇਲੇ ਆਪਣੇ ਅਤੇ ਪਿਤਾ ਦੇ ਅਤੇ ਪਵਿੱਤ੍ਰ ਦੂਤਾਂ ਦੇ ਤੇਜ ਨਾਲ ਆਵੇਗਾ।"

---

[37] Dallas Willard, The Great Omission: Reclaiming Jesus's Essential Teachings on Discipleship. (New York: HarperOne, 2006)

ਅਸੀਂ ਸਲੀਬ ਵਿੱਚ ਸਾਂਝੇ ਹੋਣ ਤੋਂ ਬਿਨਾਂ ਰਾਜ ਦੀ ਮਹਿਮਾ ਵਿੱਚ ਸਾਂਝੀ ਨਹੀਂ ਹੋ ਸਕਦੇ। ਯਿਸੂ "ਨੇ ਆਪਣੇ ਆਪ ਨੂੰ ਮੌਤ ਤੱਕ, ਸਗੋਂ ਸਲੀਬ ਦੀ ਮੌਤ ਤੱਕ ਨੀਵਿਆਂ ਕੀਤਾ। **ਇਸ ਲਈ**, ਪਰਮੇਸ਼ੁਰ ਨੇ ਉਸਨੂੰ ਅੱਤ ਉੱਚਿਆਂ ਕੀਤਾ" (ਫਿਲਿੱਪੀਆਂ 2:8-9)।

ਪਰਮੇਸ਼ੁਰ ਦੀ ਸੰਤਾਨ ਦੇ ਰੂਪ ਵਿੱਚ, ਅਸੀਂ ਇਸੇ ਨਮੂਨੇ ਤੇ ਚੱਲਦੇ ਹਾਂ। "ਅਤੇ ਪਰਮ ਕਿਰਪਾਲੂ ਪਰਮੇਸ਼ੁਰ ਜਿਹ ਨੇ ਤੁਹਾਨੂੰ ਆਪਣੇ **ਸਦੀਪਕ ਤੇਜ** ਦੇ ਲਈ ਮਸੀਹ ਵਿੱਚ ਸੱਦਿਆ ਜਦ ਤੁਸਾਂ ਥੋੜਾ ਚਿਰ **ਦੁਖ ਭੋਗ ਲਿਆ** ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆ ਕਰੇਗਾ" (ਪਤਰਸ ਦੀ ਪਹਿਲੀ ਪੱਤ੍ਰੀ 5:10)। ਰਾਜ ਦਾ ਜੀਵਨ ਇਸੇ ਪ੍ਰਕਾਰ ਦਾ ਹੈ। ਮਹਿਮਾ ਵਿੱਚ ਉੱਚਾ ਉਠਾਏ ਜਾਣ ਤੋਂ ਪਹਿਲਾਂ ਮਸੀਹ ਨੇ ਸਲੀਬ ਦਾ ਦੁੱਖ ਝੱਲਿਆ। ਉਸਦੇ ਪੈਰੋਕਾਰਾਂ ਨੂੰ ਵੀ ਸਦੀਪਕ ਮਹਿਮਾ ਦਾ ਅਨੰਦ ਲੈਣ ਤੋਂ ਪਹਿਲਾਂ ਸਲੀਬ ਉਠਾਉਣੀ ਪਵੇਗੀ।

ਯਿਸੂ ਸਮਰਪਿਤ ਚੇਲ੍ਹਿਆਂ ਦੀ ਭਾਲ ਵਿੱਚ ਸੀ। ਉਸਨੇ ਆਪਣੇ ਚੇਲ੍ਹਿਆਂ ਲਈ ਤਿੱਖੇ ਦਿਮਾਗ਼ ਦੀ ਲੋੜ ਨਹੀਂ ਸੀ; ਉਸਨੇ ਉਨ੍ਹਾਂ ਤੋਂ ਵਫ਼ਾਦਾਰ ਦਿਲ ਰੱਖਣ ਦੀ ਲੋੜ ਸੀ। ਚੇਲ੍ਹੇ ਹੋਣ ਦੀ ਕੀ ਕੀਮਤ ਹੈ? "ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ" (ਮੱਤੀ 16:24)।

1. **ਚੇਲ੍ਹੇ ਦੇ ਲਈ ਆਪਣੇ ਆਪ ਦਾ ਇਨਕਾਰ ਕਰਨਾ ਜਰੂਰੀ ਹੈ।** ਆਪਣੇ ਆਪ ਨੂੰ "ਨਾਂਹ" ਬਹੁਤ ਕਠਿਨ ਕੰਮ ਹੈ।

2. **ਚੇਲ੍ਹੇ ਦੇ ਲਈ ਆਪਣੀ ਸਲੀਬ ਨੂੰ ਚੁੱਕਣਾ ਜਰੂਰੀ ਹੈ।** ਯਿਸੂ ਦੇ ਪੈਰੋਕਾਰ ਸਮਝ ਗਏ ਕਿ ਸਲੀਬ ਦਾ ਅਰਥ ਮੌਤ ਹੈ। ਸਲੀਬ ਦੁੱਖਾਂ ਅਤੇ ਸ਼ਰਮਿੰਦਗੀ ਨੂੰ ਦਰਸਾਉਂਦੀ ਹੈ। ਪਰ ਅਰੰਭਿਕ ਮਸੀਹੀ ਜਾਣਦੇ ਸਨ ਕਿ ਚੇਲ੍ਹੇ ਹੋਣ ਦੇ ਲਈ ਸਲੀਬ ਜਰੂਰੀ ਹੈ। ਜਦੋਂ ਇਗਨੇਸ਼ੀਅਸ਼ ਸ਼ਹੀਦ ਹੋਣ ਦੇ ਲਈ ਰੋਮ ਜਾ ਰਿਹਾ ਸੀ, ਉਸਨੇ ਕਿਹਾ, "ਮੈਂ ਇੱਕ ਚੇਲ੍ਹਾ ਹੋਣ ਦੀ ਸ਼ੁਰੂਆਤ ਕਰ ਰਿਹਾ ਹਾਂ।" ਚੇਲ੍ਹੇ ਬਣਨ ਦੇ ਲਈ ਸਲੀਬ ਜਰੂਰੀ ਹੈ।

3. **ਇੱਕ ਚੇਲ੍ਹੇ ਨੂੰ ਆਪਣੇ ਚਰਿੱਤਰ ਅਤੇ ਵਿਵਹਾਰ ਦੇ ਵਿੱਚ ਲਗਾਤਾਰ ਯਿਸੂ ਦੇ ਪਿੱਛੇ ਚੱਲਦੇ ਰਹਿਣਾ ਚਾਹੀਦਾ ਹੈ।** ਪਿੱਛੇ ਚੱਲਣਾ ਵਰਤਮਾਨ ਕਾਲ ਹੈ।

ਕੀ ਚੇਲ੍ਹੇ ਹੋਣ ਦੀ ਕੀਮਤ ਅਰਥ ਪੂਰਨ ਹੈ? ਯਿਸੂ ਨੇ ਚੇਲ੍ਹਾ ਬਣਨ ਦੇ ਤਿੰਨ ਕਾਰਨ ਦਿੱਤੇ। ਹੈਰਾਨੀ ਦੀ ਗੱਲ ਹੈ ਕਿ ਇਸੇ ਤਿੰਨ ਕਾਰਨਾਂ ਦੇ ਕਰਕੇ ਬਹੁਤ ਸਾਰੇ ਲੋਕ ਚੇਲ੍ਹੇ ਨਹੀਂ ਬਣਦੇ। ਸਾਨੂੰ ਚੇਲ੍ਹੇ ਹੋਣ ਦੀ ਕੀਮਤ ਕਿਉਂ ਅਦਾ ਕਰਨੀ ਚਾਹੀਦੀ ਹੈ?

1. **ਸੁਰੱਖਿਆ।** ਜੋ ਕੋਈ ਵੀ ਸਲੀਬ ਤੋਂ ਦੂਰ ਰਹਿ ਕੇ ਆਪਣੇ ਜੀਵਨ ਨੂੰ ਬਚਾਉਣ ਦਾ ਯਤਨ ਕਰਦਾ ਹੈ ਉਹ ਨਾਸ਼ ਹੋ ਜਾਵੇਗਾ (ਲੂਕਾ 9:24)।

2. **ਅਸਲ ਅਮੀਰੀ।** ਜੋ ਕੋਈ ਯਿਸੂ ਦੇ ਨਾਲ ਪਹਿਚਾਣੇ ਜਾਣ ਦਾ ਇਨਕਾਰ ਕਰੇਗਾ ਉਹ ਸਭ ਕੁਝ ਗੁਆ ਦੇਵੇਗਾ (ਲੂਕਾ 9:25)।

3. **ਪ੍ਰਤੀਫ਼ਲ।** ਜੋ ਯਿਸੂ ਦੇ ਪਿੱਛੇ ਚੱਲਦੇ ਹਨ ਉਨ੍ਹਾਂ ਦਾ ਹੀ ਰਾਜ ਦੇ ਵਿੱਚ ਸੁਆਗਤ ਹੋਵੇਗਾ (ਲੂਕਾ 9:26-27)।

► ਪੜ੍ਹੋ ਲੂਕਾ 14:25-33.

ਯਿਸੂ ਨੇ ਬਾਅਦ ਦੇ ਵਿੱਚ ਚੇਲ੍ਹੇਪਨ ਦੇ ਬਾਰੇ ਆਪਣੀ ਸਿੱਖਿਆ ਹੋਰ ਵਿਸਤਾਰ ਨਾਲ ਦਿੱਤੀ। ਉਸ ਦੀਆਂ ਹਦਾਇਤਾਂ ਤਿੰਨ ਹਿੱਸਿਆਂ ਦੇ ਵਿੱਚ ਹਨ:

1. ਚੇਲ੍ਹੇ ਹੋਣ ਦੀ ਕੀਮਤ (ਲੂਕਾ 14:26-27)
2. ਕੀਮਤ ਦੀ ਪਹਿਚਾਣ ਕੀਤੇ ਬਿਨਾਂ ਚੇਲ੍ਹੇ ਬਣਨ ਦੀ ਮੂਰਖਤਾ (ਲੂਕਾ 14:28-32)
3. ਚੇਲ੍ਹੇ ਹੋਣ ਦੀ ਕੀਮਤ ਦੇ ਬਾਰੇ ਯਾਦ ਦਿਵਾਉਣਾ (ਲੂਕਾ 14:33)

ਜੇਕਰ ਤੁਸੀਂ ਇੱਕ ਕਾਰ ਖਰੀਦਣ ਦੇ ਲਈ ਜਾਂਦੇ ਹੋ, ਤਾਂ ਕਈ ਵਾਰ ਕਾਰ ਵੇਚਣ ਵਾਲਾ ਸਾਡੇ ਤੋਂ ਇਸਦੀ ਅੰਤਿਮ ਕੀਮਤ ਨੂੰ ਲੁਕਾਉਂਦਾ ਹੈ। ਉਹ ਕਹਿੰਦਾ ਹੈ, "ਇਸ ਸੁੰਦਰ ਕਾਰ ਦੇ ਵੱਲ ਵੇਖੋ!" "ਇਸ ਕਾਰ ਦੀ ਤਾਕਤ ਨੂੰ ਮਹਿਸੂਸ ਕਰੋ!" ਜਦੋਂ ਤੁਹਾਨੂੰ ਉਸ ਕਾਰ ਦੇ ਨਾਲ ਪਿਆਰ ਹੋ ਜਾਂਦਾ ਫਿਰ ਹੀ ਉਹ ਤੁਹਾਨੂੰ ਇਸਦੀ ਕੀਮਤ ਦੇ ਬਾਰੇ ਦੱਸਦਾ ਹੈ।

ਯਿਸੂ ਨੇ ਕਦੇ ਆਪਣੇ ਚੇਲ੍ਹਿਆਂ ਨੂੰ ਰਾਜ ਦੇ ਲਈ ਕਿਸੇ ਆਸਾਨ ਰਾਹ ਦਾ ਪ੍ਰਸਤਾਵ ਨਹੀਂ ਦਿੱਤਾ। ਉਸਨੇ ਇਸਦੀ ਕੀਮਤ ਦੇ ਨਾਲ ਹੀ ਸ਼ੁਰੂਆਤ ਕੀਤੀ:

> ਜੇ ਕੋਈ ਮੇਰੇ ਕੋਲ ਆਵੇ ਅਰ ਆਪਣੇ ਪਿਉ ਅਤੇ ਮਾਂ ਅਤੇ ਤੀਵੀਂ ਅਤੇ ਬਾਲ ਬੱਚਿਆਂ ਅਤੇ ਭਾਈਆਂ ਅਤੇ ਭੈਣਾਂ ਨਾਲ ਸਗੋਂ ਆਪਣੀ ਜਾਨ ਨਾਲ ਵੀ ਵੈਰ ਨਾ ਰੱਖੇ ਤਾਂ ਓਹ ਮੇਰਾ ਚੇਲਾ ਨਹੀਂ ਹੋ ਸੱਕਦਾ। ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਆਵੇ ਮੇਰਾ ਚੇਲਾ ਨਹੀਂ ਹੋ ਸੱਕਦਾ (ਲੂਕਾ 14:26-27)।

ਇਸ ਵਚਨ ਦੇ ਵਿੱਚ ਕਿਸੇ ਚੀਜ਼ ਦੇ ਵੈਰ ਰੱਖਣ ਦਾ ਭਾਵ ਹੈ ਇਸਨੂੰ ਕਿਸੇ ਹੋਰ ਚੀਜ਼ ਨਾਲੋਂ ਘੱਟ ਪਿਆਰ ਕਰਨਾ। ਯਿਸੂ ਕਹਿ ਰਿਹਾ ਹੈ, "ਜਦੋਂ ਤੱਕ ਤੁਸੀਂ ਮੈਨੂੰ ਆਪਣੇ ਪਿਤਾ, ਮਾਤਾ, ਪਤਨੀ, ਬੱਚਿਆਂ, ਭਰਾਵਾਂ, ਭੈਣਾਂ ਅਤੇ ਇੱਥੋਂ ਤੱਕ ਕਿ ਆਪਣੇ ਜੀਵਨ ਨੂੰ ਮੇਰੇ ਨਾਲੋਂ ਪਿਆਰ ਕਰੋਗੇ ਉਦੋਂ ਤੱਕ ਤੁਸੀਂ ਮੇਰੇ ਚੇਲ੍ਹੇ ਨਹੀਂ ਬਣ ਸਕਦੇ!"

ਇੱਕ ਚੇਲ੍ਹਾ ਹੋਣ ਦੀ ਕੀ ਕੀਮਤ ਹੈ? ਸਭ ਕੁਝ! ਮਸੀਹ ਦਾ ਚੇਲ੍ਹਾ ਹੋਣਾ ਮਸੀਹ ਦੇ ਵਾਇਦਿਆਂ ਦੇ ਵਿੱਚ ਸਾਂਝੀ ਹੋਣ ਦੇ ਅਨੰਦ ਨਾਲੋਂ ਵੱਧ ਕੇ ਹੈ; ਇਹ ਸਲੀਬ ਵਿੱਚ ਸਾਂਝੀ ਹੋਣ ਦੀ ਮੰਗ ਕਰਦਾ ਹੈ।

►ਯੂਹੰਨਾ ਦਾ ਸ਼ੁਭਸਮਾਚਾਰ ਚੇਲ੍ਹੇ ਹੋਣ ਦੀਆਂ ਤਿੰਨ ਹੋਰ ਸ਼ਰਤਾਂ ਦਿੰਦਾ ਹੈ। ਪੜ੍ਹੋ ਯੂਹੰਨਾ 8:31, ਯੂਹੰਨਾ 13:35 ਅਤੇ ਯੂਹੰਨਾ 15:8. ਕੀ ਤੁਸੀਂ ਆਪਣੀ ਸੇਵਕਾਈ ਦੇ ਵਿੱਚ ਲੂਕਾ ਅਤੇ ਯੂਹੰਨਾ ਦੇ ਵਿੱਚ ਚੇਲ੍ਹੇ ਹੋਣ ਦੀਆਂ ਸ਼ਰਤਾਂ ਦੇ ਆਧਾਰ ਤੇ ਚੇਲ੍ਹੇ ਬਣਾ ਰਹੇ ਹੋ?

## ਸਮਾਪਤੀ: ਪਰਮੇਸ਼ੁਰ ਦਾ ਰਾਜ ਕੀ ਹੈ?

ਜਦੋਂ ਤੱਕ ਮਸੀਹ ਵਾਪਿਸ ਨਹੀਂ ਆਉਂਦਾ, ਉਸ ਸਮੇਂ ਤੱਕ ਅਸੀਂ ਰਾਜ ਦੇ ਬਾਰੇ ਉਸਦੀ ਸਿੱਖਿਆ ਦੇ ਸਾਰੇ ਵੇਰਵੇ ਨੂੰ ਨਹੀਂ ਜਾਣ ਸਕਦੇ। ਪਰ ਸ਼ੁਭਸਮਾਚਾਰ ਪਰਮੇਸ਼ੁਰ ਦੇ ਰਾਜ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਵਿਖਾਉਂਦੇ ਹਨ:

- ਪਰਮੇਸ਼ੁਰ ਦਾ ਰਾਜ ਆਤਮਿਕ ਰਾਜ ਹੈ। "ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ (ਰੋਮੀਆਂ 14:17)।
- ਨਵਾਂ ਜਨਮ ਸਾਨੂੰ ਸ਼ੈਤਾਨ ਦੀ ਸ਼ਕਤੀ ਤੋਂ ਛੁਟਕਾਰਾ ਦਿੰਦਾ ਹੈ ਅਤੇ ਸਾਨੂੰ ਪਰਮੇਸ਼ੁਰ ਦੇ ਰਾਜ ਦਾ ਹਿੱਸਾ ਬਣਾ ਦਿੰਦਾ ਹੈ।
- ਅੰਤ ਸਮੇਂ ਦੇ ਵਿੱਚ ਪਰਮੇਸ਼ੁਰ ਦੇ ਰਾਜ ਵਿੱਚ ਭੌਤਿਕ, ਰਾਜਨੀਤਿਕ ਸ਼ਾਸਨ ਸ਼ਾਮਿਲ ਹੋਵੇਗਾ।
- ਪਰਮੇਸ਼ੁਰ ਦਾ ਰਾਜ ਵਿਸ਼ਵਵਿਆਪੀ ਹੈ; ਇਹ ਯਹੂਦੀ ਦੇਸ਼ ਤੱਕ ਸੀਮਿਤ ਨਹੀਂ ਹੈ।
- ਇਸ ਸਮੇਂ ਪਰਮੇਸ਼ੁਰ ਦਾ ਰਾਜ ਸੰਸਾਰ ਦੇ ਵਿੱਚ ਕੰਮ ਕਰ ਰਿਹਾ ਹੈ। ਰਾਜ ਕੋਈ ਸਰੀਰਰ ਰਾਜ ਨਹੀਂ ਹੈ। 10 ਅਸ਼ਰਫ਼ੀਆਂ ਦੇ ਦ੍ਰਿਸ਼ਟਾਂਤ ਵਿੱਚ, ਇੱਕ ਰਾਜ ਦੇ ਕੋਲ ਹਕੂਮਤ ਕਰਨ ਦਾ ਅਧਿਕਾਰ ਸੀ, ਇਹ ਕੋਈ ਭੂਗੋਲਿਕ ਸਥਾਨ ਨਹੀਂ ਸੀ (ਲੂਕਾ 19:11-12)।
- ਪਰਮੇਸ਼ੁਰ ਦਾ ਰਾਜ ਅਲੋਕਿਕ ਹੈ। ਮਨੁੱਖ ਬੀਜ਼ ਬੀਜ਼ਦਾ ਹੈ; ਉਹ ਇਸਨੂੰ ਵਧਾ ਨਹੀਂ ਸਕਦਾ। ਰਾਜ ਦਾ ਵਾਧਾ ਪਰਮੇਸ਼ੁਰ ਦੀ ਸ਼ਕਤੀ ਦੇ ਨਾਲ ਹੁੰਦਾ ਹੈ।
- ਪਰਮੇਸ਼ੁਰ ਦਾ ਰਾਜ ਭਵਿੱਖ ਦੀ ਇੱਕ ਧੁੰਦਲੀ ਉਮੀਦ ਨਾਲੋਂ ਜਿਆਦਾ ਹੈ; ਇਹ ਵਰਤਮਾਨ ਦੀ ਅਸਲੀਅਤ ਹੈ ਜੋ ਇੱਕ ਜਲਦੀ ਨਾਲ ਕੀਤੀ ਜਾਣ ਵਾਲੀ ਪ੍ਰਤੀਕਿਰਿਆ ਦੀ ਮੰਗ ਕਰਦੀ ਹੈ।
- ਪਰਮੇਸ਼ੁਰ ਦਾ ਰਾਜ ਯਿਸੂ ਦੀ ਸੇਵਕਾਈ ਦੇ ਨਾਲ ਅਰੰਭ ਹੋਇਆ। ਦੁਸ਼ਟ ਆਤਮਾਵਾਂ ਦੇ ਉੱਤੇ ਉਸਦੀ ਸ਼ਕਤੀ ਨੇ ਸ਼ੈਤਾਨ ਦੇ ਰਾਜ ਉੱਤੇ ਪਰਮੇਸ਼ੁਰ ਦੇ ਰਾਜ ਦੀ ਜਿੱਤ ਨੂੰ ਵਿਖਾਇਆ।
- ਪਰਮੇਸ਼ੁਰ ਦਾ ਰਾਜ ਕਲੀਸਿਆ ਦੀ ਸੇਵਕਾਈ ਦੇ ਦੁਆਰਾ ਲਗਾਤਾਰ ਵਿਕਸਿਤ ਹੋ ਰਿਹਾ ਹੈ। ਪਹਾੜੀ ਉਪਦੇਸ਼ ਵਿਖਾਉਂਦਾ ਹੈ ਕਿ ਵਿਸ਼ਵਾਸੀਆਂ ਨੂੰ ਇਸ ਵਰਤਮਾਨ ਯੁੱਗ ਦੇ ਵਿੱਚ ਕਿਵੇਂ ਜਿਉਣ ਦੇ ਲਈ ਬੁਲਾਇਆ ਗਿਆ ਹੈ।

- ਪਰਮੇਸ਼ੁਰ ਦਾ ਰਾਜ ਮਹਿਮਾ ਵਿੱਚ ਰਾਜ ਕਰਨ ਲਈ ਮਸੀਹ ਦੀ ਵਾਪਸੀ ਦੇ ਸਮੇਂ ਪੂਰੀ ਤਰ੍ਹਾਂ ਦੇ ਨਾਲ ਸਥਾਪਿਤ ਹੋ ਜਾਵੇਗਾ। ਸ਼ੈਤਾਨ ਦੀ ਸ਼ਕਤੀ ਟੁੱਟ ਜਾਵੇਗੀ, ਅਤੇ ਪਰਮੇਸ਼ੁਰ ਸਦਾ ਦੇ ਲਈ ਰਾਜ ਕਰੇਗਾ।

► ਇਸ ਕੋਰਸ ਦੇ ਬਿਲਕੁਲ ਪਿੱਛੇ ਇੱਕ ਪ੍ਰਚਾਰ ਸੰਦੇਸ਼ ਹੈ ਜਿਸਦਾ ਵਿਸ਼ਾ "ਰਾਜ ਦਾ ਸ਼ੁਭਸਮਾਚਾਰ" ਹੈ। ਪਾਠ 7 ਦੇ ਵਿੱਚ ਜਾਣ ਤੋਂ ਪਹਿਲਾਂ ਇਸਨੂੰ ਪੜ੍ਹੋ।

## ਪਾਠ 6 ਦਾ ਅਸਾਇਨਮੈਂਟ

ਯਿਸੂ ਦੇ ਪਹਾੜੀ ਉਪਦੇਸ਼ ਦੇ ਆਧਾਰਿਤ ਤਿੰਨ ਪ੍ਰਚਾਰ ਸੰਦੇਸ਼ਾਂ ਦੀ ਲੜੀ ਤਿਆਰ ਕਰੋ। ਤੁਹਾਡੇ ਪ੍ਰਚਾਰ ਦਾ ਵਿਸਾ "ਪਰਮੇਸ਼ੁਰ ਦੇ ਰਾਜ ਵਿੱਚ ਜੀਵਨ" ਹੋਣਾ ਚਾਹੀਦਾ ਹੈ। ਵਿਖਾਓ ਕਿ ਅੱਜ ਸਾਨੂੰ ਸਵਰਗ ਰਾਜ ਦੇ ਨਾਗਰਿਕਾਂ ਵੱਜੋਂ ਕਿਵੇਂ ਜਿਉਣਾ ਚਾਹੀਦਾ ਹੈ। ਨਿਸਚਿਤ ਕਰੋ ਕਿ ਤੁਸੀਂ ਪ੍ਰਚਾਰ ਨੂੰ ਖੁਸ਼ਖ਼ਬਰੀ ਦੀ ਤਰ੍ਹਾਂ ਸੁਣਾਓ। ਵਿਖਾਓ ਕਿ ਕਿਵੇਂ ਪਰਮੇਸ਼ੁਰ ਦੀ ਕ੍ਰਿਪਾ ਸਾਨੂੰ ਰਾਜ ਦੇ ਨਾਗਰਿਕਾਂ ਦੀ ਤਰ੍ਹਾਂ ਜਿਉਣ ਲਈ ਸ਼ਕਤੀ ਪ੍ਰਦਾਨ ਕਰਦੀ ਹੈ।

# ਪਾਠ 7

# ਯਿਸੂ ਦੀ ਤਰ੍ਹਾਂ ਪਿਆਰ ਕਰਨਾ

## ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਯਿਸੂ ਦੇ ਜੀਵਨ ਅਤੇ ਸੇਵਕਾਈ ਦੇ ਵਿੱਚ ਪਿਆਰ ਦੇ ਕੇਂਦਰੀ ਹੋਣ ਪਹਿਚਾਣ ਕਰਨਾ।

(2) ਇਹ ਸਮਝਣਾ ਕਿ ਪਰਮੇਸ਼ੁਰ ਦੇ ਨਾਲ ਪਿਆਰ ਕਰਨ ਦੇ ਵਿੱਚ ਪਰਮੇਸ਼ੁਰ ਦੇ ਨਾਲ ਸੰਬੰਧ, ਪਰਮੇਸ਼ੁਰ ਦਾ ਵਚਨ ਅਤੇ ਪਰਮੇਸ਼ੁਰ ਦੀ ਇੱਛਾ ਤੇ ਭਰੋਸਾ ਕਰਨਾ ਸ਼ਾਮਿਲ ਹੈ।

(3) ਸੇਵਕਾਈ ਦੇ ਵਿੱਚ ਲੋਕਾਂ ਦੇ ਲਈ ਯਿਸੂ ਦੇ ਪਿਆਰ ਦੀ ਰੀਸ ਕਰਨਾ।

(4) ਪਰਮੇਸ਼ੁਰ ਦੇ ਅੱਗੇ ਲਗਾਤਾਰ ਸਮਰਪਣ ਕਰਨ ਦੇ ਮਹੱਤਵ ਦੀ ਸ਼ਲਾਘਾ ਕਰਨਾ।

(5) ਪ੍ਰਤੀਦਿਨ ਦੇ ਜੀਵਨ ਵਿੱਚ ਯਿਸੂ ਦੇ ਚਰਿੱਤਰ ਨੂੰ ਵਿਖਾਉਣਾ।

## ਸੇਵਕਾਈ ਦੇ ਲਈ ਸਿਧਾਂਤ

ਮਸੀਹ ਜਿਹਾ ਪਿਆਰ ਮਸੀਹ ਜਿਹੀ ਸੇਵਕਾਈ ਦੇ ਲਈ ਪ੍ਰੇਰਨਾ ਹੈ।

## ਜਾਣ-ਪਛਾਣ

ਯਿਸੂ ਦਾ ਜੀਵਨ ਅਤੇ ਸੇਵਕਾਈ ਪਿਆਰ ਦੇ ਦੁਆਰਾ ਪ੍ਰੇਰਿਤ ਸੀ। ਉਸਨੇ ਬਾਰ-ਬਾਰ ਵਿਖਾਇਆ ਕਿ ਉਸਦੇ ਜੀਵਨ ਅਤੇ ਸੇਵਕਾਈ ਦਾ ਕੇਂਦਰੀ ਬਿੰਦੂ ਪਰਮੇਸ਼ੁਰ ਅਤੇ ਦੂਸਰਿਆਂ ਦੇ ਲਈ ਪਿਆਰ ਹੈ। ਜੇਕਰ ਅਸੀਂ ਯਿਸੂ ਦੀ ਉਦਾਹਰਨ ਦੇ ਚੱਲਦੇ ਹਾਂ ਤਾਂ ਸਾਡੇ ਜੀਵਨ ਅਤੇ ਸੇਵਕਾਈ ਦਾ ਕੇਂਦਰ ਪਿਆਰ ਹੋਣਾ ਚਾਹੀਦਾ ਹੈ। ਇਹ ਨੇਕ ਸਾਮਰੀ ਦੇ ਦ੍ਰਿਸ਼ਟਾਂਤ ਦੇ ਵਿੱਚ ਬਹੁਤ ਹੀ ਸਪੱਸ਼ਟ ਹੈ।

► ਪੜ੍ਹੋ ਲੂਕਾ 10:25-37

ਇਹ ਦ੍ਰਿਸ਼ਟਾਂਤ ਦੇਣ ਦੇ ਠੀਕ ਪਹਿਲਾਂ ਯਿਸੂ ਨੇ ਕਿਹਾ ਕਿ ਪਰਮੇਸ਼ੁਰ ਨੇ ਇਹ “ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਲੁਕਾਇਆ ਅਰ ਉਨ੍ਹਾਂ ਨੂੰ ਇਆਣਿਆਂ ਉੱਤੇ ਪਰਗਟ ਕੀਤਾ” (ਲੂਕਾ 10:21)। ਇਹ ਆਤਮਿਕ ਸਮਝ ਦੇ ਬਾਰੇ ਇੱਕ ਮਹੱਤਵਪੂਰਨ ਪਾਠ ਸਿਖਾਉਂਦਾ ਹੈ। ਆਤਮਿਕ ਸਚਿਆਈ ਨੂੰ ਸਮਝਣ ਦੇ ਲਈ ਦਿਮਾਗੀ ਸਮਝ ਨਾਲੋਂ ਜਿਆਦਾ ਦੀ ਜਰੂਰਤ ਹੁੰਦੀ ਹੈ; ਇਸਦੇ ਲਈ ਪਰਕਾਸ਼ ਦੀ ਜਰੂਰਤ ਹੁੰਦੀ ਹੈ। ਪਰਮੇਸ਼ੁਰ ਦੀ ਸਚਿਆਈ ਇੰਨੀ ਸਾਧਾਰਨ ਹੈ ਕਿ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਦੇ

ਨਾਲ ਇੱਕ ਵੀ ਇਸਨੂੰ ਸਮਝ ਸਕਦਾ ਹੈ, ਪਰ ਇਹ ਇੰਨਾ ਡੂੰਘਾ ਹੈ ਕਿ ਕੋਈ ਵਿਦਵਾਨ ਵੀ ਇਸਨੂੰ ਸਿਰਫ਼ ਆਪਣੀ ਦਿਮਾਗੀ ਬੁੱਧ ਦੇ ਨਾਲ ਸਮਝ ਨਹੀਂ ਸਕਦਾ।

ਇਹ ਕਿਵੇਂ ਹੋ ਸਕਦਾ ਹੈ? ਕੀ ਪਰਮੇਸ਼ੁਰ ਉਨ੍ਹਾਂ ਤੋਂ ਸਚਿਆਈ ਨੂੰ ਲੁਕਾਉਂਦਾ ਹੈ ਜੋ ਇਸਦੀ ਇੱਛਾ ਰੱਖਦੇ ਹਨ? ਇਸਦੇ ਉੱਤਰ ਵਿੱਚ ਦੋ ਸਿਧਾਂਤ ਸ਼ਾਮਿਲ ਹਨ।

1. **ਆਤਮਿਕ ਸਚਿਆਈ ਦਾ ਪ੍ਰਗਟਾਵਾ ਸਿਰਫ਼ ਪਵਿੱਤਰ ਆਤਮਾ ਦੇ ਦੁਆਰਾ ਹੋ ਸਕਦਾ ਹੈ।** ਪੌਲੁਸ ਨੇ ਲਿਖਿਆ ਕਿ "ਇਸੇ ਪਰਕਾਰ ਪਰਮੇਸ਼ੁਰ ਦੇ ਆਤਮਾ ਤੋਂ ਬਿਨਾ ਪਰਮੇਸ਼ੁਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ।" ਇਸੇ ਕਾਰਨ ਅਸੀਂ ਆਤਮਾ ਦੁਆਰਾ ਸਿਖਾਏ ਜਾਂਦੇ ਹਾਂ, ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ (1 ਕੁਰਿੰਥੀਆਂ 2:11, 13)

2. **ਆਤਮਿਕ ਸਚਿਆਈ ਸਿਰਫ਼ ਸਵੀਕਾਰ ਵਾਲੇ ਸ੍ਰੋਤਿਆਂ ਤੇ ਪ੍ਰਗਟ ਕੀਤੀ ਜਾਂਦੀ ਹੈ।** ਪੌਲੁਸ ਅੱਗੇ ਲਿਖਦਾ ਹੈ "ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ" (1 ਕੁਰਿੰਥੀਆਂ 2:14)।

ਬੀਜ਼ ਬੀਜ਼ਣ ਵਾਲੇ ਦ੍ਰਿਸ਼ਟਾਂਤ ਵਿਖਾਉਂਦਾ ਹੈ ਕਿ ਬੀਜ਼ ਦੇ ਫ਼ਲ ਨੂੰ ਸੁਣਨ ਵਾਲੇ ਦਾ ਰਵੱਈਆ ਨਿਰਧਾਰਿਤ ਕਰਦਾ ਹੈ (ਮੱਤੀ 13:1-23)। ਜੋ ਸਚਿਆਈ ਨੂੰ ਸਵੀਕਾਰ ਕਰਦੇ ਹਨ ਉਹ ਹੀ ਸਚਿਆਈ ਨੂੰ ਸੁਣ ਕੇ ਇਸਨੂੰ ਸਮਝ ਸਕਦੇ ਹਨ।[38]

ਲੂਕਾ 10:25 ਦਾ ਉਪਦੇਸ਼ਕ ਇਸ ਸਿਧਾਂਤ ਦੇ ਲਈ ਇੱਕ ਅਸਲ ਜੀਵਨ ਦੀ ਉਦਾਹਰਨ ਹੈ। ਉਪਦੇਸ਼ਕ ਦਾ ਪ੍ਰਸ਼ਨ ਸਚਿਆਈ ਦੇ ਲਈ ਉਸਦੀ ਭੁੱਖ ਦੇ ਵਿੱਚੋਂ ਨਹੀਂ ਆਇਆ; ਉਹ ਸਿਰਫ਼ ਯਿਸੂ ਦੀ ਪ੍ਰੀਖਿਆ ਕਰਨੀ ਚਾਹੁੰਦਾ ਸੀ। ਯਿਸੂ ਦਾ ਉੱਤਰ ਸੁਣਨ ਤੋਂ ਬਾਅਦ, ਉਪਦੇਸ਼ਕ ਦੀ ਪ੍ਰਤੀਕਿਰਿਆ ਫ਼ਲਦਾਇਕ ਜ਼ਮੀਨ ਵਾਲੀ ਪ੍ਰਤੀਕਿਰਿਆ ਨਹੀਂ ਸੀ। ਇਸਦੀ ਬਜਾਏ, ਉਸਨੇ ਇੱਕ ਹੋਰ ਪ੍ਰਸ਼ਨ ਕੀਤਾ ਤਾਂ ਕਿ ਉਹ ਆਪਣੇ ਆਪ ਨੂੰ ਸਹੀ ਠਹਿਰਾ ਸਕੇ (ਲੂਕਾ 10:29)।

---

[38] ਧਿਆਨ ਦਿਓ ਖਾਸ ਕਰਕੇ ਮੱਤੀ 13:12. ਜੋ ਸਚਿਆਈ ਨੂੰ ਸਵੀਕਾਰ ਕਰਦਾ ਹੈ ਉਹ ਹੋਰ ਸਚਿਆਈ ਨੂੰ ਪ੍ਰਾਪਤ ਕਰਦਾ ਹੈ: ਜਿਸਦੇ ਕੋਲ ਕੁਝ ਹੈ ਉਸਨੂੰ ਹੋਰ ਦਿੱਤਾ ਜਾਵੇਗਾ" ਜੋ ਸਚਿਆਈ ਦਾ ਇਨਕਾਰ ਕਰਦਾ ਹੈ ਉਸਨੂੰ ਉਸ ਸਚਿਆਈ ਤੋਂ ਵੀ ਅੰਨ੍ਹਾ ਕਰ ਦਿੱਤਾ ਜਾਂਦਾ ਹੈ ਜੋ ਉਸਨੇ ਪਹਿਲਾਂ ਸੁਣੀ ਹੈ: ਜਿਸਦੇ ਕੋਲ ਨਹੀਂ ਹੈ, ਜੋ ਉਸਦੇ ਕੋਲ ਹੈ ਉਹ ਵੀ ਲੈ ਲਿਆ ਜਾਵੇਗਾ।"

ਯਿਸੂ ਨੇ ਇਸ ਪ੍ਰਸ਼ਨ ਦਾ ਉੱਤਰ ਦਿੱਤਾ, ਸਦੀਪਕ ਜੀਵਨ ਪ੍ਰਾਪਤ ਕਰਨ ਦੇ ਲਈ ਮੈਂ ਕੀ ਕਰਾਂ?" ਇਸਦਾ ਉੱਤਰ ਸ਼ਰਾ ਦੇ ਵਿੱਚ ਲਿਖਿਆ ਹੋਇਆ ਹੈ, "ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ" (ਲੂਕਾ 10:27)।

ਇਹ ਸਾਡੇ ਲਈ ਯਿਸੂ ਦੁਆਰਾ ਦਿੱਤੀ ਉਦਾਹਰਨ ਦਾ ਕੇਂਦਰ ਹੈ। ਯਿਸੂ ਦੀ ਤਰ੍ਹਾਂ ਜਿਉਣਾ ਅਤੇ ਸੇਵਕਾਈ ਕਰਨਾ, ਸਾਨੂੰ ਯਿਸੂ ਦੀ ਤਰ੍ਹਾਂ ਪਰਮੇਸ਼ੁਰ ਦੇ ਨਾਲ ਅਤੇ ਆਪਣੇ ਗੁਆਂਢੀਆਂ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ। ਮਸੀਹ ਜਿਹੇ ਪਿਆਰ ਦੇ ਬਿਨਾਂ ਇਸ ਕੋਰਸ ਦੇ ਹੋਰ ਕਿਸੇ ਪਾਠ ਦਾ ਕੋਈ ਮਤਲਬ ਨਹੀਂ ਹੋਵੇਗਾ। ਪਿਆਰ ਦੇ ਬਿਨਾਂ – ਪ੍ਰਾਥਨਾ, ਆਗੂਪੁਣਾ, ਸਿੱਖਿਆ ਅਤੇ ਪ੍ਰਚਾਰ ਦਾ ਕੋਈ ਅਸਲ ਮਤਲਬ ਨਹੀਂ ਹੋਵੇਗਾ।

ਸ਼ਾਇਦ ਇਹ ਬਹੁਤ ਸਾਧਾਰਨ ਜਾਪਦਾ ਹੈ। ਤੁਸੀਂ ਕਹਿ ਸਕਦੇ ਹੋ, "ਜੀ ਹਾਂ, ਸਾਨੂੰ ਪਰਮੇਸ਼ੁਰ ਦੇ ਨਾਲ ਅਤੇ ਆਪਣੇ ਗੁਆਂਢੀਆਂ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ। ਮੈਂ ਇਸ ਬਾਰੇ ਪਹਿਲਾਂ ਤੋਂ ਹੀ ਜਾਣਦਾ ਹਾਂ!" ਪਰ ਪ੍ਰਤੀਦਿਨ ਦੀ ਸੇਵਕਾਈ ਦੇ ਬੋਝ ਵਿੱਚ ਅਸੀਂ ਪਿਆਰ ਕਰਨ ਦੇ ਦਿਲ ਨੂੰ ਗੁਆ ਸਕਦੇ ਹਾਂ। ਸਾਡੀ ਕਲੀਸਿਆ ਦੇ ਮੈਂਬਰਾਂ ਨੂੰ ਪਿਆਰ ਕੀਤੇ ਬਿਨਾਂ ਉਨ੍ਹਾਂ ਦੇ ਵਿੱਚ ਸੇਵਕਾਈ ਕਰਨਾ ਸੰਭਵ ਹੈ। ਇਹ ਸੰਭਵ ਹੈ ਕਿ ਅਸੀਂ ਆਪਣੇ ਪਰਿਵਾਰਾਂ ਨੂੰ ਪਿਆਰ ਕੀਤੇ ਬਿਨਾਂ ਉਨ੍ਹਾਂ ਦੇ ਲਈ ਸੇਵਕਾਈ ਕਰੀਏ। ਪਰਮੇਸ਼ੁਰ ਨੂੰ ਪਿਆਰ ਕੀਤੇ ਬਿਨਾਂ ਮਸੀਹਤ ਦੇ ਵਿੱਚ ਕੰਮ ਕਰਨਾ ਸੰਭਵ ਹੈ। ਮਸੀਹੀ ਸੇਵਕਾਈ ਦੇ ਲਈ ਸਾਡੀ ਪ੍ਰੇਰਨਾ ਮਸੀਹ ਜਿਹੇ ਪਿਆਰ ਤੋਂ ਆਉਣੀ ਚਾਹੀਦੀ ਹੈ।

## ਯਿਸੂ ਦੀ ਤਰ੍ਹਾਂ ਪਰਮੇਸ਼ੁਰ ਨੂੰ ਪਿਆਰ ਕਰਨਾ

ਮਨੁੱਖਤਾ ਦੇ ਲਈ ਯਿਸੂ ਦੀ ਸੇਵਾ ਪਿਤਾ ਦੇ ਪਿਆਰ ਦੁਆਰਾ ਪ੍ਰੇਰਿਤ ਸੀ। ਸੇਵਕਾਈ ਦੇ ਵਿੱਚ ਥਕਾਵਟ ਅਤੇ ਅਕਾਵਟ ਨੂੰ ਦੂਰ ਰੱਖ ਦੇ ਲਈ ਇਹ ਜਰੂਰੀ ਹੈ ਕਿ ਸਾਡੀ ਸੇਵਕਾਈ ਪਿਤਾ ਦੇ ਪਿਆਰ ਦੁਆਰਾ ਪ੍ਰੇਰਿਤ ਹੋਵੇ। ਪਰਮੇਸ਼ੁਰ ਦੇ ਪਿਆਰ ਤੋਂ ਬਿਨਾਂ ਕੀਤੀ ਜਾਣ ਵਾਲੀ ਸੇਵਕਾਈ ਜਲਦ ਹੀ ਖਾਲੀ ਅਤੇ ਰਹਿਤ ਬਾਂਝ ਬਣ ਜਾਵੇਗੀ।

ਪਿਤਾ ਦੇ ਲਈ ਯਿਸੂ ਦੇ ਪਿਆਰ ਦੇ ਤਿੰਨ ਤੱਥ ਸਾਡੇ ਲਈ ਨਮੂਨਾ ਹੋਣੇ ਚਾਹੀਦੇ ਹਨ: ਸੰਬੰਧ, ਗਿਆਨ ਅਤੇ ਭਰੋਸਾ।

### ਯਿਸੂ ਨੇ ਪਿਤਾ ਦੇ ਨਾਲ ਇੱਕ ਨੇੜਤਾ ਦਾ ਸੰਬੰਧ ਬਣਾ ਕੇ ਰੱਖਿਆ

ਸ਼ੁਭਸਮਾਚਾਰ ਬਾਰ-ਬਾਰ ਯਿਸੂ ਦਾ ਪਿਤਾ ਦੇ ਨਾਲ ਨੇੜਤਾ ਦੇ ਸੰਬੰਧ ਨੂੰ ਵਿਖਾਉਂਦੇ ਹਨ। ਇਹ ਵੇਖਿਆ ਜਾ ਸਕਦਾ ਹੈ:

- ਯਿਸੂ ਦੁਆਰਾ ਆਪਣੇ ਮਾਪਿਆਂ ਨੂੰ ਦਿੱਤੇ ਬਿਆਨ ਵਿੱਚ, "ਭਲਾ, ਤੁਸੀਂ ਨਹੀਂ ਜਾਣਦੇ ਸਾਓ ਭਈ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮਾਂ ਵਿੱਚ ਲੱਗਾ ਰਹਾਂ?" (ਲੂਕਾ 2:49)

- ਯੂਹੰਨਾ 17 ਦੇ ਵਿੱਚ ਯਿਸੂ ਦੀ ਨੇੜਤਾ ਦੀ ਪ੍ਰਾਥਨਾ ਦੇ ਵਿੱਚ।
- ਸਲੀਬ ਦੇ ਉੱਤੇ ਯਿਸੂ ਦੀ ਦਰਦ ਭਰੀ ਚਿੱਲਾਹਟ ਦੇ ਵਿੱਚ, "ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?" (ਮੱਤੀ 27:46)

ਗਤਸਮਨੀ ਦੇ ਬਾਗ਼ ਵਿੱਚ ਯਿਸੂ ਨੇ ਪਰਿਵਾਰ ਦੀ ਨੇੜਤਾ ਵਾਲੀ ਭਾਸ਼ਾ ਦੇ ਵਿੱਚ ਪਰਮੇਸ਼ੁਰ ਨੂੰ "ਅੱਬਾ, ਪਿਤਾ" ਕਹਿ ਕੇ ਸੰਬੋਧਿਤ ਕੀਤਾ (ਮਰਕੁਸ 14:36)। ਇਹ ਇੱਕ ਅਜਿਹੇ ਪੁੱਤਰ ਦੀ ਭਾਸ਼ਾ ਸੀ ਜੋ ਪਿਤਾ ਦੇ ਸੰਬੰਧ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਸੀ।

ਯਹੂਦੀਆਂ ਦੀਆਂ ਪਰੰਪਰਾਗਤ ਪ੍ਰਾਥਨਾਵਾਂ ਦੇ ਵਿੱਚ ਪਰਮੇਸ਼ੁਰ ਦੇ ਕਈ ਨਾਂ ਉਪਯੋਗ ਕੀਤੇ ਜਾਂਦੇ ਸਨ: ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਪਰਮੇਸ਼ੁਰ; ਸਾਡੇ ਪੁਰਖਿਆਂ ਦਾ ਪਰਮੇਸ਼ੁਰ; ਮੁਬਾਰਕ; ਸਮਰੱਥੀ; ਇਸਰਾਏਲ ਨੂੰ ਛੁਡਾਉਣ ਵਾਲਾ। ਯਿਸੂ ਦੇ ਇੱਕ ਨੇੜਤਾ ਵਾਲੇ ਨਾਮ *ਅੱਬਾ* ਦਾ ਉਪਯੋਗ ਕੀਤਾ। ਯਿਸੂ ਆਪਣੇ ਪਿਤਾ ਦੇ ਨਾਲ ਨੇੜਤਾ ਦੇ ਸੰਬੰਧ ਵਿੱਚ ਰਹਿੰਦਾ ਸੀ।

ਕੈਨੇਥ ਈ. ਬੈਲੀ ਦੇ ਮੱਧ-ਪੂਰਬ ਦੇ ਵਿੱਚ ਸਿਖਾਉਂਦੇ ਹੋਏ ਬਹੁਤ ਸਾਲ ਬਿਤਾਏ। ਉਹ ਲਿਖਦਾ ਹੈ ਕਿ ਮੱਧ-ਪੂਰਬ ਦੇ ਵਿੱਚ ਬੱਚੇ ਜੋ ਪਹਿਲਾ ਸ਼ਬਦ ਸਿੱਖਦੇ ਹਨ ਉਹ *ਅੱਬਾ* ਹੈ। *ਅੱਬਾ* ਉਹ ਨਾਮ ਹੈ ਜਿਸ ਨਾਲ ਬੱਚਾ ਆਪਣੇ ਪਿਤਾ ਨੂੰ ਪੁਕਾਰਦਾ ਹੈ।

ਪੌਲੁਸ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਦੀ ਸੰਤਾਨ ਹੋਣ ਦੇ ਨਾਤੇ ਸਾਡੇ ਕੋਲ ਵੀ ਉਸਨੂੰ "*ਅੱਬਾ! ਪਿਤਾ!*" ਕਹਿਣ ਦਾ ਸੁਭਾਗ ਹੈ (ਰੋਮੀਆਂ 8:15, ਗਲਾਤੀਆਂ 4:6)। ਅਸੀਂ ਅਜਿਹੇ ਪਰਮੇਸ਼ੁਰ ਦੀ ਅਰਾਧਨਾ ਨਹੀਂ ਕਰਦੇ ਜੋ ਸਾਡੇ ਤੋਂ ਦੂਰ ਰਹਿੰਦਾ ਹੈ। ਇਸਦੀ ਬਜਾਏ, ਯਿਸੂ ਦੀ ਤਰ੍ਹਾਂ ਅਸੀਂ ਪਿਤਾ ਦੇ ਪਿਆਰ ਵਿੱਚ ਸੁਰੱਖਿਅਤ ਅਤੇ ਆਰਾਮਦਾਇਕ ਢੰਗ ਨਾਲ ਨਿਵਾਸ ਕਰਦੇ ਹਾਂ।

ਪਾਸਬਾਨਾਂ ਦੇ ਤੌਰ ਤੇ ਅਸੀਂ ਆਪਣੀ ਸੇਵਕਾਈ ਨੂੰ ਸਾਡੀ ਸੇਵਕਾਈ ਦੀ ਸਫਲਤਾ ਦੇ ਆਧਾਰ ਤੇ ਨਾਪਣ ਦੇ ਪਰਤਾਵੇ ਵਿੱਚ ਆ ਸਕਦੇ ਹਾਂ। ਜੇਕਰ ਸਾਡੀ ਕੀਮਤ ਕਲੀਸਿਆ ਦੇ ਆਕਾਰ, ਕਲੀਸਿਆ ਦੀ ਪ੍ਰਵਾਨਗੀ, ਜਾਂ ਸਾਡੇ ਸਾਥੀਆਂ ਦੀ ਪਹਿਚਾਣ ਨਾਲ ਆਉਂਦੀ ਹੈ, ਤਾਂ ਅਸੀਂ ਸਫਲਤਾ ਦੇ ਲਈ ਆਪਣੀ ਇਮਾਨਦਾਰੀ ਦਾ ਬਲੀਦਾਨ ਕਰਨ ਦੇ ਪਰਤਾਵੇ ਵਿੱਚ ਆ ਸਕਦੇ ਹਾਂ। ਜਦੋਂ ਸਾਡੇ ਯਤਨ ਅਸਫਲ ਰਹਿਣਗੇ ਤਾਂ ਅਸੀਂ ਨਿਰਾਸ਼ ਹੋ ਜਾਵਾਂਗੇ। ਪਰ ਜੇਕਰ ਸਾਨੂੰ ਭਰੋਸਾ ਹੋਵੇਗਾ ਕਿ ਸਾਡੀ ਸਫਲਤਾ ਦੀ ਪਰਵਾਹ ਕੀਤੇ ਬਿਨਾਂ *ਅੱਬਾ* ਸਾਨੂੰ ਪਿਆਰ ਕਰਦਾ ਹੈ, ਤਾਂ ਅਸੀਂ ਨਤੀਜਾ ਉਸਦੇ ਉੱਤੇ ਛੱਡ ਸਕਦੇ ਹਾਂ। ਉਸਦਾ ਪਿਆਰ ਸਾਡੇ ਕੰਮਾਂ ਦੀ ਪੇਸ਼ਕਸ਼ ਤੇ ਨਿਰਭਰ ਨਹੀਂ ਹੈ।

### ਯਿਸੂ ਆਪਣੇ ਪਿਤਾ ਦੀ ਇੱਛਾ ਨੂੰ ਜਾਣਦਾ ਸੀ

ਧਰਤੀ ਤੇ ਆਪਣੀ ਸੇਵਕਾਈ ਦੇ ਅੰਤ ਦੇ ਸਮੇਂ, ਯਿਸੂ ਨੇ ਗਵਾਹੀ ਦਿੱਤੀ, "ਮੈਂ ਉਹ ਕੰਮ ਪੂਰਾ ਕਰ ਦਿੱਤਾ ਜੋ ਤੂੰ ਮੈਨੂੰ ਕਰਨ ਲਈ ਕਿਹਾ" (ਯੂਹੰਨਾ 17:4)। ਯਿਸੂ ਜਾਣਦਾ ਸੀ ਕਿ ਉਸਦੇ ਪਿਤਾ ਨੇ ਉਸਨੂੰ ਕਿਹੜਾ ਕੰਮ ਪੂਰਾ ਕਰਨ ਦੇ ਲਈ ਭੇਜਿਆ ਹੈ, ਅਤੇ ਉਸਨੇ ਉਸ ਕੰਮ ਨੂੰ ਪੂਰਾ ਕਰਨ ਦੇ ਲਈ ਆਪਣੇ ਜੀਵਨ ਨੂੰ ਸਮਰਪਿਤ ਕਰ ਦਿੱਤਾ।

ਆਪਣੀ ਮਨੁੱਖਤਾ ਦੇ ਵਿੱਚ, ਯਿਸੂ ਨੇ ਪਿਤਾ ਦੀ ਇੱਛਾ ਬਾਰੇ ਪ੍ਰਾਥਨਾ ਅਤੇ ਵਚਨ ਦੇ ਦੁਆਰਾ ਸਿੱਖਿਆ। ਪ੍ਰਾਥਨਾ ਦੇ ਦੁਆਰਾ, ਯਿਸੂ ਨੇ ਪਿਤਾ ਦੀ ਇੱਛਾ ਬਾਰੇ ਪਤਾ ਕੀਤਾ।

ਯਿਸੂ ਨੇ ਵਚਨ ਦੇ ਦੁਆਰਾ ਵੀ ਪਿਤਾ ਦੀ ਇੱਛਾ ਬਾਰੇ ਪਤਾ ਕੀਤਾ। ਕਫਰਨਾਹੂਮ ਦੇ ਵਿੱਚ, ਉਸਦੀ ਆਪਣੀ ਮਿਸ਼ਨ ਦਾ ਸਾਰ ਯਸਾਯਾਹ ਦੀਆਂ ਭਵਿੱਖਬਾਣੀਆਂ ਦੀ ਪੂਰਤੀ ਦੇ ਦੁਆਰਾ ਦੱਸਿਆ (ਲੂਕਾ 4:18-19)। ਜਦੋਂ ਉਸਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਸੰਦੇਸ਼ਵਾਹਕਾਂ ਨੂੰ ਉੱਤਰ ਦਿੱਤਾ ਉਸਨੇ ਆਪਣੀ ਮਸੀਹੀ ਸੇਵਕਾਈ ਨੂੰ ਸਾਬਿਤ ਕਰਨ ਦੇ ਲਈ ਯਸਾਯਾਹ ਦੇ ਸ਼ਬਦਾਂ ਦਾ ਉਪਯੋਗ ਕੀਤਾ (ਮੱਤੀ 11:4-5)। ਯਿਸੂ ਵਚਨਾਂ ਨੂੰ ਜਾਣਦਾ ਸੀ।

ਸਾਰੇ ਨਵੇਂ ਨੇਮ ਦੇ ਦੌਰਾਨ ਅਸੀਂ ਵੇਖਦੇ ਹਾਂ ਕਿ ਮਸੀਹੀ ਲੋਕ ਕਠਿਆ ਸਮਿਆਂ ਦੇ ਵਿੱਚ ਵਚਨਾਂ ਦਾ ਹਵਾਲਾ ਦਿੰਦੇ ਹਨ। ਸ਼ਹੀਦੀ ਦਾ ਸਾਹਮਣਾ ਕਰਦੇ ਹੋਏ, ਇਸਤੀਫਾਨ ਦੇ ਅੰਤਿਮ ਸੰਦੇਸ਼ ਦੇ ਵਿੱਚ ਮੁੱਖ ਤੌਰ ਤੇ ਪੁਰਾਣੇ ਨੇਮ ਦੇ ਵਚਨ ਅਤੇ ਯਿਸੂ ਮਸੀਹ ਦੇ ਵਿੱਚ ਉਨ੍ਹਾਂ ਦੀ ਪੂਰਤੀ ਪਾਈ ਜਾਂਦੀ ਹੈ (ਰਸੂਲਾਂ ਦੇ ਕਰਤੱਬ 7:1-53)। ਜਦੋਂ ਯਹੂਦੀਆਂ ਆਗੂਆਂ ਨੇ ਮਸੀਹੀਆਂ ਨੂੰ ਯਿਸੂ ਦਾ ਪ੍ਰਚਾਰ ਨਾ ਕਰਨ ਦਾ ਹੁਕਮ ਦਿੱਤਾ, ਤਾਂ ਕਲੀਸਿਆ ਦੇ ਲੋਕ ਇਕੱਠੇ ਹੋਏ। ਉਨ੍ਹਾਂ ਦੀ ਪ੍ਰਾਥਨਾ ਦੇ ਵਿੱਚ ਜ਼ਬੂਰ 2 ਦਾ ਲੰਬਾ ਹਵਾਲਾ ਹੈ (ਰਸੂਲਾਂ ਦੇ ਕਰਤੱਬ 4:24-30, ਜ਼ਬੂਰ 2:1-2)। ਅਰੰਭਿਕ ਵਿਸ਼ਵਾਸੀ ਵਚਨਾਂ ਨੂੰ ਜਾਣਦੇ ਸਨ। ਇਹ ਪ੍ਰਚਾਰ ਅਤੇ ਪ੍ਰਾਥਨਾ ਦੇ ਲਈ ਉਨ੍ਹਾਂ ਦੀ ਸੁਭਾਵਿਕ ਭਾਸ਼ਾ ਸੀ।

ਕਲੀਸਿਆ ਦੇ ਇਤਿਹਾਸ ਦੇ ਦੌਰਾਨ, ਜਿੰਨ੍ਹਾਂ ਪ੍ਰਚਾਰਕਾਂ ਨੇ ਸੰਸਾਰ ਨੂੰ ਬਦਲਿਆ ਹੈ ਉਹ ਵਚਨਾਂ ਵਾਲੇ ਪੁਰਸ਼ ਸਨ। ਮਾਰਟਿਨ ਲੂਥਰ ਨੇ ਇੱਕ ਪਰੰਪਰਾਗਤ ਧਾਰਮਿਕ ਸਭਾ ਦੇ ਵਿੱਚ ਗਵਾਹੀ ਦਿੱਤੀ, "ਮੈਂ ਵਚਨਾਂ ਦੇ ਦੁਆਰਾ ਬੱਝਾ ਹੋਇਆ ਹਾਂ ਅਤੇ ਮੇਰਾ ਵਿਵੇਕ ਪਰਮੇਸ਼ੁਰ ਦੇ ਵਚਨ ਦਾ ਗੁਲਾਮ ਹੈ।" ਜੌਨ ਵੈਸਲੀ ਆਪਣੇ ਆਪ ਨੂੰ "ਕਿਤਾਬ ਵਾਲੇ ਮਨੁੱਖ" ਵੱਜੋਂ ਦਰਸਾਉਂਦਾ ਸੀ। ਚਾਰਲਸ ਸਪਰਜਨ ਨੇ ਕਿਹਾ ਕਿ ਪ੍ਰਚਾਰਕਾਂ ਨੂੰ ਵਚਨ ਉਦੋਂ ਤੱਕ ਖਾਂਦੇ ਰਹਿਣਾ ਚਾਹੀਦਾ ਹੈ ਜਦੋਂ ਤੱਕ "ਤੁਹਾਡੇ ਵਿੱਚੋਂ ਬਾਈਬਲ ਦਾ ਸਾਰ ਵਹਿਣ ਨਾ ਲੱਗ ਜਾਵੇ। ਹਡਸਨ ਟੇਲਰ ਨੇ ਵਚਨਾਂ ਦੇ ਨਾਲ ਇੰਨਾ ਜਿਆਦਾ ਸਮਾਂ ਬਿਤਾਇਆ ਕਿ ਇੱਕ ਲੇਖਕ ਨੇ ਲਿਖਿਆ, "ਬਾਈਬਲ ਉਹ ਮੌਸਮ ਸੀ ਜਿਸ ਵਿੱਚ ਹਡਸਨ ਟੇਲਰ ਰਹਿੰਦਾ ਸੀ।" ਇੰਨ੍ਹਾਂ ਮਨੁੱਖਾਂ ਨੇ ਆਪਣੇ ਸੰਸਾਰ ਨੂੰ ਬਦਲਿਆ ਕਿਉਂਕਿ ਉਨ੍ਹਾਂ ਨੇ ਵਚਨ ਦਾ ਅਧਿਕਾਰ ਦੇ ਨਾਲ ਪ੍ਰਚਾਰ ਕੀਤਾ।

> "ਕਦੇ ਵੀ ਚੰਗੀਆਂ ਕਿਤਾਬਾਂ ਨੂੰ ਬਾਈਬਲ ਦਾ ਸਥਾਨ ਨਾ ਲੈਣ ਦਿਓ, ਖੂਹ ਤੋਂ ਹੀ ਪੀਓ!"
>
> -ਐਮੀ ਕਾਰਮਾਈਕਲ

ਜੇਕਰ ਅਸੀਂ ਯਿਸੂ, ਅਰੰਭਿਕ ਮਸੀਹੀਆਂ ਅਤੇ ਇਤਿਹਾਸ ਦੇ ਮਹਾਨ ਪ੍ਰਚਾਰਕਾਂ ਦੀ ਤਰ੍ਹਾਂ ਸੇਵਕਾਈ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਵੀ ਆਪਣਾ ਰਵੱਈਆ ਅਤੇ ਸੋਚ ਪਰਮੇਸ਼ੁਰ ਦੇ ਵਚਨ ਤੇ ਆਧਾਰਿਤ ਕਰਨੀ ਚਾਹੀਦੀ ਹੈ। ਪਰਮੇਸ਼ੁਰ ਦਾ ਵਚਨ ਪੌਲੁਸ ਦੀ ਸੇਵਕਾਈ ਦਾ ਪ੍ਰਮੁੱਖ ਅਧਿਕਾਰ ਸੀ (2 ਤਿਮੋਥਿਉਸ 3:16-17)। ਯਿਸੂ ਨੇ ਪ੍ਰਾਥਨਾ ਕੀਤੀ ਕਿ ਉਸਦੇ ਚੇਲ੍ਹੇ ਸੇਵਕਾਈ ਦੇ ਲਈ ਸ਼ੁੱਧ ਜਾਂ ਅਲੱਗ ਕੀਤੇ ਜਾਣ। ਇਹ ਵਚਨ ਦੇ ਦੁਆਰਾ ਹੀ

ਹੋਣਾ ਸੀ: "ਓਹਨਾਂ ਨੂੰ ਸਚਿਆਈ ਨਾਲ ਪਵਿੱਤ੍ਰ ਕਰ । ਤੇਰਾ ਬਚਨ ਸਚਿਆਈ ਹੈ" (ਯੂਹੰਨਾ 17:17)। ਵਚਨ ਨੇ ਸੇਵਕਾਈ ਦੇ ਵਿੱਚ ਚੇਲ੍ਹਿਆਂ ਨੂੰ ਪ੍ਰਭਾਵਸ਼ਾਲੀ ਬਣਾਇਆ; ਵਚਨ ਸਾਨੂੰ ਵੀ ਸੇਵਕਾਈ ਦੇ ਵਿੱਚ ਪ੍ਰਭਾਵਸ਼ਾਲੀ ਬਣਾਉਂਦਾ ਹੈ।

ਅਜਿਥ ਫੈਰਨਾਂਡੋ ਨੇ ਆਪਣਾ ਜੀਵਨ ਸ੍ਰੀ ਲੰਕਾ ਦੇ ਵਿੱਚ ਸੇਵਕਾਈ ਕਰਦੇ ਹੋਏ ਬਿਤਾਇਆ ਹੈ। ਉਹ ਲਿਖਦਾ ਹੈ ਕਿ ਉਸਨੇ ਇੱਕ ਅਭਿਆਸ ਬਣਾਇਆ ਹੈ ਕਿ ਉਹ ਪ੍ਰਚਾਰ ਦੇ ਵਿੱਚ ਕੋਈ ਵੀ ਮੁੱਖ ਬਿਆਨ ਇਸਨੂੰ ਵਚਨ ਦੇ ਆਧਾਰਿਤ ਕਰਨ ਤੋਂ ਬਿਨਾਂ ਨਹੀਂ ਦਿੰਦਾ। ਇਸਦੇ ਨਾਲ ਉਸਦਾ ਪ੍ਰਚਾਰ ਵਚਨਾਂ ਤੇ ਆਧਾਰਿਤ ਰਹਿੰਦਾ ਹੈ। ਮਸੀਹੀਆਂ ਦੇ ਰੂਪ ਵਿੱਚ, ਅਸੀਂ ਪਰਮੇਸ਼ੁਰ ਨੂੰ ਵਚਨਾਂ ਦੇ ਦੁਆਰਾ ਹੀ ਜਾਣਦੇ ਹਾਂ। ਸੇਵਕਾਂ ਦੇ ਰੂਪ ਵਿੱਚ, ਅਸੀਂ ਪਰਮੇਸ਼ੁਰ ਦੇ ਵਚਨਾਂ ਦੇ ਨਾਲ ਮਜ਼ਬੂਤ ਕਲੀਸਿਆਵਾਂ ਨੂੰ ਬਣਾਉਂਦੇ ਹਾਂ।

**ਯਿਸੂ ਆਪਣੇ ਪਿਤਾ ਤੇ ਭਰੋਸਾ ਰੱਖਦਾ ਸੀ**

ਯਿਸੂ ਦੀ ਧਰਤੀ ਤੇ ਸੇਵਕਾਈ ਦੇ ਦੌਰਾਨ ਪਿਤਾ ਦੇ ਨਾਲ ਉਸਦੇ ਸੰਬੰਧ ਦਾ ਸਾਰ ਗਤਸਮਨੀ ਵਿੱਚ ਉਸ ਦੁਆਰਾ ਕੀਤੀ ਪ੍ਰਾਥਨਾ ਦੇ ਸ਼ਬਦਾਂ ਵਿੱਚ ਦੱਸਿਆ ਜਾ ਸਕਦਾ ਹੈ "ਪਰ ਮੇਰੀ ਨਹੀਂ ਸਗੋਂ ਤੇਰੀ ਮਰਜ਼ੀ ਪੂਰੀ ਹੋਵੇ" (ਮੱਤੀ 26:39)। ਇਹ ਸੰਪੂਰਨ ਭਰੋਸੇ ਅਤੇ ਸਮਰਪਣ ਦੀ ਭਾਸ਼ਾ ਹੈ।

ਕਿਸੇ ਅਜਿਹੇ ਵਿਅਕਤੀ ਦੀ ਮਰਜ਼ੀ ਅੱਗੇ ਪੂਰੀ ਤਰ੍ਹਾਂ ਝੁਕਣਾ ਬਹੁਤ ਔਖਾ ਹੈ ਜਿਸ ਤੇ ਅਸੀਂ ਭਰੋਸਾ ਨਹੀਂ ਕਰਦੇ। ਸਾਨੂੰ ਬਾਹਰੀ ਤੌਰ ਤੇ ਝੁਕਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ, ਪਰ ਸਾਡਾ ਦਿਲ ਅਜਿਹੇ ਵਿਅਕਤੀ ਦੇ ਕਾਬੂ ਵਿੱਚ ਰਹਿਣ ਤੋਂ ਵਿਰੋਧ ਕਰਦਾ ਹੈ ਜਿਸ ਤੇ ਅਸੀਂ ਭਰੋਸਾ ਨਹੀਂ ਕਰਦੇ। ਯਿਸੂ ਪਿਤਾ ਦੀ ਮਰਜ਼ੀ ਦੇ ਅੱਗੇ ਝੁਕ ਗਿਆ ਕਿਉਂਕਿ ਉਸਨੂੰ ਪਿਤਾ ਦੇ ਪਿਆਰ ਅਤੇ ਭਲਿਆਈ ਤੇ ਪੂਰਨ ਭਰੋਸਾ ਸੀ।

► ਪੜ੍ਹੋ ਯੂਹੰਨਾ 5:1-47

ਯਿਸੂ ਦੀ ਸਾਰੀ ਸੇਵਕਾਈ ਪਿਤਾ ਤੇ ਉਸਦੇ ਨਿਰਭਰ ਰਹਿਣ ਦੇ ਇਸ ਰਵੱਈਏ ਨੂੰ ਵਿਖਾਉਂਦੀ ਹੈ। ਜਦੋਂ ਯਹੂਦੀ ਆਗੂਆਂ ਨੇ ਸਬਤ ਦੇ ਦਿਨ ਇੱਕ ਲੰਗੜੇ ਮਨੁੱਖ ਨੂੰ ਚੰਗਾ ਕਰਨ ਕਰਕੇ ਉਸਦਾ ਵਿਰੋਧ ਕੀਤਾ, ਤਾਂ ਉਸਨੇ ਉੱਤਰ ਦਿੱਤਾ:

> ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਪੁੱਤ੍ਰ ਆਪ ਤੋਂ ਕੁਝ ਨਹੀਂ ਕਰ ਸੱਕਦਾ ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ ਪੁੱਤ੍ਰ ਵੀ ਉਵੇ ਹੀ ਕਰਦਾ ਹੈ.... ਮੈਂ ਆਪ ਕੁਝ ਨਹੀਂ ਕਰ ਸੱਕਦਾ। ਜਿਹਾ ਮੈਂ ਸੁਣਦਾ ਹਾਂ ਤਿਹਾ ਹੀ ਨਿਆਉਂ ਕਰਦਾ ਹਾਂ ਅਰ ਮੇਰਾ ਨਿਆਉਂ ਸੱਚਾ ਹੈ ਕਿਉਂ ਜੋ ਮੈਂ ਆਪਣੀ ਮਰਜ਼ੀ ਨਹੀਂ ਭਾਲਦਾ ਪਰ ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ (ਯੂਹੰਨਾ 5:19, 30)।

ਯਿਸੂ ਨੇ ਪਹਿਲਾਂ ਹੀ ਪਰਮੇਸ਼ੁਰ ਹੋਣ ਦਾ ਦਾਅਵਾ ਕੀਤਾ ਸੀ: "ਮੇਰਾ ਪਿਤਾ ਹੁਣ ਤੀਕੁਰ ਕੰਮ ਕਰਦਾ ਹੈ ਅਤੇ ਮੈਂ ਵੀ ਕੰਮ ਕਰਦਾ ਹਾਂ" (ਯੂਹੰਨਾ 5:17)। ਭਾਵੇਂ ਕਿ ਯਿਸੂ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਸੀ, ਉਹ ਆਪਣੀ ਧਰਤੀ ਦੀ ਸੇਵਕਾਈ ਦੇ ਮਿਸ਼ਨ ਲਈ ਆਪਣੀ

ਨੀਵੀਂ ਭੂਮਿਕਾ ਦੇ ਅੱਗੇ ਸਮਰਪਣ ਕਰਦਾ ਹੈ। ਯਿਸੂ ਅਤੇ ਪਿਤਾ ਇੱਕ ਬਰਾਬਰ ਹਨ, ਪਰ ਉਸਨੇ ਪਿਤਾ ਦੀ ਇੱਛਾ ਦੇ ਅੱਗੇ ਸਮਰਪਣ ਕੀਤਾ।

ਜਦੋਂ ਕੁਝ ਮਹੀਨਿਆਂ ਦੇ ਬਾਅਦ ਫ਼ਰੀਸੀਆਂ ਅਤੇ ਗ੍ਰੰਥੀਆਂ ਨੇ ਉਸਦਾ ਵਿਰੋਧ ਕੀਤਾ, ਤਾਂ ਯਿਸੂ ਨੇ ਇੱਕ ਵਾਰ ਫਿਰ ਤੋਂ ਆਪਣੇ ਪਿਤਾ ਦੇ ਅਧਿਕਾਰ ਵੱਲ ਸੰਕੇਤ ਕਰਦੇ ਹੋਏ ਆਪਣੇ ਕੰਮਾਂ ਦਾ ਬਚਾਅ ਕੀਤਾ: "ਤਾਂ ਯਿਸੂ ਨੇ ਆਖਿਆ ਕਿ ਜਾਂ ਤੁਸੀਂ ਮਨੁੱਖ ਦੇ ਪੁੱਤ੍ਰ ਨੂੰ ਉੱਚਾ ਕਰੋਗੇ ਤਾਂ ਜਾਣੋਗੇ ਭਈ ਮੈਂ ਉਹੋ ਹਾਂ ਅਤੇ ਇਹ ਜੋ ਮੈਂ ਆਪਣੀ ਵੱਲੋਂ ਕੁਝ ਨਹੀਂ ਕਰਦਾ ਪਰ ਜਿੱਦਾਂ ਪਿਤਾ ਨੇ ਮੈਨੂੰ ਸਿਖਾਲਿਆ ਹੈ ਓਦਾਂ ਹੀ ਮੈਂ ਏਹ ਗੱਲਾਂ ਆਖਦਾ ਹਾਂ" (ਯੂਹੰਨਾ 8:28)। ਕਿਉਂਕਿ ਉਹ ਪਰਮੇਸ਼ੁਰ ਤੇ ਪੂਰਾ ਭਰੋਸਾ ਰੱਖਦਾ ਸੀ, ਇਸ ਕਾਰਨ ਯਿਸੂ ਆਪਣੀ ਇੱਛਾ ਦੇ ਨਾਲ ਪਿਤਾ ਦੀ ਮਰਜ਼ੀ ਦੇ ਅੱਗੇ ਸਮਰਪਣ ਕੀਤਾ।

ਕਲੀਸਿਆ ਆਗੂਪੁਣੇ ਦੇ ਵਿੱਚ ਇੱਕ ਕਠਿਨ ਸੰਤੁਲਨ ਦੀ ਜਰੂਰਤ ਹੁੰਦੀ ਹੈ। ਬਹੁਤ ਸਾਰੇ ਪਾਸਬਾਨਾਂ ਅਤੇ ਕਲੀਸਿਆਈ ਆਗੂਆਂ ਦੇ ਕੋਲ ਮਜ਼ਬੂਤ ਆਗੂਪੁਣੇ ਦੇ ਗੁਣ ਹਨ। ਆਗੂਆਂ ਦੇ ਰੂਪ ਵਿੱਚ, ਉਨ੍ਹਾਂ ਦੇ ਕੋਲ ਮਜ਼ਬੂਤ ਰਾਏ ਅਤੇ ਵਿਅਕਤੀਤਵ ਹਨ। ਇਹ ਇੱਕ ਆਗੂ ਦੇ ਲਈ ਇੱਕ ਕੀਮਤੀ ਮਸਰੱਥਾ ਹੋ ਸਕਦੀ ਹੈ। ਪਰ ਇਸ ਸਮਰੱਥਾ ਦਾ ਪਰਮੇਸ਼ੁਰ ਦੇ ਅੱਗੇ ਸਮਰਪਣ ਦੇ ਨਾਲ ਸੰਤੁਲਨ ਹੋਣਾ ਚਾਹੀਦਾ ਹੈ। ਜਦ ਤੱਕ ਅਸੀਂ ਭਰੋਸਾ ਕਰਕੇ ਪਰਮੇਸ਼ੁਰ ਦੇ ਅੱਗੇ ਝੁਕਦੇ ਨਹੀਂ ਹਾਂ, ਤਾਂ ਇਹ ਸੰਭਾਵਨਾ ਰਹਿੰਦੀ ਹੈ ਕਿ ਅਸੀਂ ਪਰਮੇਸ਼ੁਰ ਦੇ ਰਾਹ ਅੱਗੇ ਝੁਕਣ ਦੀ ਬਜਾਏ ਆਪਣੀ ਰਾਏ ਅੱਗੇ ਰੱਖ ਸਕਦੇ ਹਾਂ।

ਸ਼ਾਇਦ ਬਾਈਬਲ ਦੀ ਬਿਹਤਰੀਨ ਉਦਾਹਰਨ ਮੂਸਾ ਹੈ। ਮੂਸਾ ਬਹੁਤ ਹਲੀਮ ਸੀ, ਧਰਤੀ ਤੇ ਰਹਿਣ ਵਾਲੇ ਸਾਰੇ ਲੋਕਾਂ ਨਾਲੋਂ ਜਿਆਦਾ ਹਲੀਮ (ਗਿਣਤੀ 12:3)। ਮੂਸਾ ਮਜ਼ਬੂਤ ਸੀ, ਪਰ ਉਹ ਹਲੀਮ ਵੀ ਸੀ। ਉਸਨੇ ਫਿਰਊਨ ਦਾ ਸਾਹਮਣਾ ਕੀਤਾ, ਜੋ ਮਿਸਰ ਦਾ ਸਭ ਤੋਂ ਤਾਕਤਵਰ ਮਨੁੱਖ ਸੀ। ਉਸਨੇ ਇਸਰਾਏਲ ਦੇ ਢੀਠ ਲੋਕਾਂ ਦੀ ਉਜਾੜ ਦੇ ਵਿੱਚੋਂ ਦੀ ਅਗਵਾਈ ਕੀਤੀ। ਮੂਸਾ ਇੱਕ ਮਜ਼ਬੂਤ ਆਗੂ ਸੀ। ਪਰ ਉਹ ਪਰਮੇਸ਼ੁਰ ਦੇ ਅੱਗੇ ਝੁਕ ਗਿਆ ਸੀ। ਪ੍ਰਭਾਵਸ਼ਾਲੀ ਕਲੀਸਿਆਈ ਆਗੂਆਂ ਨੂੰ ਚਾਹੀਦਾ ਹੈ ਕਿ ਸਾਡੇ ਕੁਦਰਤੀ ਗੁਣ ਪਰਮੇਸ਼ੁਰ ਦੇ ਅੱਗੇ ਝੁਕ ਜਾਣ। ਇਹ ਤਦ ਹੀ ਸੰਭਵ ਹੈ ਜਦੋਂ ਅਸੀਂ ਵਿਸ਼ਵਾਸ ਅਤੇ ਭਰੋਸੇ ਦੇ ਜੀਵਨ ਦੇ ਨਾਲ ਪਰਮੇਸ਼ੁਰ ਦੇ ਸੰਗ ਚੱਲਦੇ ਹਾਂ।

► ਪਿਤਾ ਦੇ ਨਾਲ ਪਿਆਰ ਕਰਨ ਸੰਬੰਧੀ ਇੰਨਾਂ ਤਿੰਨ ਤੱਥਾਂ ਦੇ ਵਿੱਚੋਂ (ਸੰਬੰਧ, ਵਚਨ ਦਾ ਗਿਆਨ ਅਤੇ ਭਰੋਸੇ ਦੇ ਆਧਾਰ ਤੇ ਝੁਕਣਾ) ਤੁਹਾਡੇ ਲਈ ਨਿੱਜੀ ਤੌਰ ਤੇ ਸਭ ਤੋਂ ਵੱਡੀ ਚੁਣੌਤੀ ਕਿਹੜੀ ਹੈ?

### ਇੱਕ ਨੇੜੇ ਦੀ ਝਾਤ: ਕੀ ਯਿਸੂ ਨੇ ਪਰਮੇਸ਼ੁਰ ਹੋਣ ਦਾ ਦਾਅਵਾ ਕੀਤਾ?

ਝੂਠੇ ਧਾਰਮਿਕ ਧੜੇ ਜਿਵੇਂ ਮੋਰਮੋਨਿਜ਼ਮ ਅਤੇ ਯਹੋਵਾਹ ਵਿਟਨੈਸ ਅਤੇ ਨਾਲ ਹੀ ਕੁਝ ਗ਼ੈਰ-ਮਸੀਹੀ ਧਰਮ ਜਿਵੇਂ ਕਿ ਇਸਲਾਮ ਯਿਸੂ ਦੇ ਪਰਮੇਸ਼ੁਰ ਹੋਣ ਦਾ ਇਨਕਾਰ ਕਰਦੇ ਹਨ। ਉਹ ਯਿਸੂ ਨੂੰ ਇੱਕ ਮਹਾਨ ਸਿੱਖਿਅਕ ਜਾਂ ਨਬੀ ਮੰਨਦੇ ਹਨ, ਜੋ ਰਚਿਆ ਹੋਇਆ

ਹੈ, ਅਤੇ ਇੱਥੋਂ ਤੱਕ ਕਿ ਮਸੀਹ ਵੀ ਮੰਨਦੇ ਹਨ। ਪਰ ਉਹ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਯਿਸੂ ਸੱਚਮੁੱਚ ਪਰਮੇਸ਼ੁਰ ਸੀ।[39]

ਇੰਨ੍ਹਾਂ ਦੇ ਪੈਰੋਕਾਰ ਅਕਸਰ ਦਾਅਵਾ ਕਰਦੇ ਹਨ, "ਯਿਸੂ ਨੇ ਕਦੇ ਵੀ ਪਰਮੇਸ਼ੁਰ ਹੋਣ ਦਾ ਦਾਅਵਾ ਨਹੀਂ ਕੀਤਾ। ਉਸਨੇ ਕਿਹਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਇੱਕ ਤਰੀਕੇ ਨਾਲ ਅਸੀਂ ਪਰਮੇਸ਼ੁਰ ਦੇ ਪੁੱਤਰ ਹਾਂ।"

ਕੀ ਯਿਸੂ ਨੇ ਪਰਮੇਸ਼ੁਰ ਹੋਣ ਦਾ ਦਾਅਵਾ ਕੀਤਾ? ਜੀ ਹਾਂ, ਜਿੰਨ੍ਹਾਂ ਲੋਕਾਂ ਨੇ ਯਿਸੂ ਨੂੰ ਸੁਣਿਆ ਉਹ ਉਸਦੇ ਦਾਅਵਿਆਂ ਨੂੰ ਸਮਝਦੇ ਸਨ। ਜਦੋਂ ਯਿਸੂ ਪਰਮੇਸ਼ੁਰ ਨੂੰ "ਮੇਰਾ ਪਿਤਾ" ਕਹਿ ਕੇ ਸੰਬੋਧਿਤ ਕੀਤਾ ਤਾਂ ਯਹੂਦੀ ਆਗੂਆਂ ਨੇ ਉਸਨੂੰ ਮਾਰਨ ਦਾ ਯਤਨ ਕੀਤਾ। ਕਿਉਂ? "ਇਸ ਕਾਰਨ ਯਹੂਦੀ ਹੋਰ ਵੀ ਉਹ ਦੇ ਮਾਰ ਸੁੱਟਣ ਦੇ ਮਗਰ ਪਏ ਕਿਉਂਕਿ ਉਹ ਕੇਵਲ ਸਬਤ ਦੇ ਦਿਨ ਨੂੰ ਹੀ ਨਹੀਂ ਟਾਲਦਾ ਸਗੋਂ ਪਰਮੇਸ਼ੁਰ ਨੂੰ ਆਪਣਾ ਪਿਤਾ ਕਹਿ ਕੇ ਆਪ ਨੂੰ ਪਰਮੇਸ਼ੁਰ ਦੇ ਤੁੱਲ ਬਣਾਉਂਦਾ ਸੀ" (ਯੂਹੰਨਾ 5:18)।

ਯਿਸੂ ਦੇ ਪਰਮੇਸ਼ੁਰ ਹੋਣ ਦੇ ਇੱਕ ਸਭ ਤੋਂ ਸਪੱਸ਼ਟ ਦਾਅਵੇ ਦੇ ਵਿੱਚ ਉਸਨੇ ਯਹੂਦੀ ਆਗੂਆਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਹੋਣ ਤੋਂ ਪਹਿਲਾਂ, ਮੈਂ ਹਾਂ" (ਯੂਹੰਨਾ 8:58)। ਇਹ ਉਹ ਸ਼ਬਦ ਹਨ ਜੋ ਪਰਮੇਸ਼ੁਰ ਨੇ ਬਲਦੀ ਹੋਈ ਝਾੜੀ ਦੇ ਵਿੱਚੋਂ ਮੂਸਾ ਦੇ ਅੱਗੇ ਆਪਣੇ ਆਪ ਦਾ ਪ੍ਰਗਟਾਵਾ ਕਰਨ ਦੇ ਲਈ ਉਪਯੋਗ ਕੀਤੇ ਸਨ: "ਤੂੰ ਇਸਰਾਏਲੀਆਂ ਨੂੰ ਐਉਂ ਆਖੀਂ ਕਿ "ਮੈ ਹਾਂ" ਨਾਮੀ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ" (ਕੂਚ 3:14)। ਇੰਨਾਂ ਵਚਨਾਂ ਦੇ ਨਾਲ ਯਿਸੂ ਉਹ ਪਰਮੇਸ਼ੁਰ ਹੋਣ ਦਾ ਦਾਅਵਾ ਕਰ ਰਿਹਾ ਹੈ ਜੋ ਮੂਸਾ ਦੇ ਸਾਹਮਣੇ ਪ੍ਰਗਟ ਹੋਇਆ ਸੀ। ਯਹੂਦੀ ਆਗੂ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਸਨ ਕਿ ਇੰਨਾਂ ਸ਼ਬਦਾਂ ਤੋਂ ਯਿਸੂ ਦਾ ਕੀ ਭਾਵ ਹੈ। ਇਸਦੀ ਪ੍ਰਤੀਕਿਰਿਆ ਦੇ ਵਿੱਚ ਉਨ੍ਹਾਂ ਨੇ ਉਸਨੂੰ ਸੁੱਟਣ ਦੇ ਲਈ ਪੱਥਰ ਫੜ ਲਏ। ਇਹ ਪਰਮੇਸ਼ੁਰ ਦੇ ਵਿਰੁੱਧ ਕੁਫ਼ਰ ਦੇ ਲਈ – ਪਰਮੇਸ਼ੁਰ ਹੋਣ ਦਾ ਝੂਠਾ ਦਾਅਵਾ ਕਰਨ ਦੇ ਲਈ ਦਿੱਤੀ ਜਾਣ ਵਾਲੀ ਸਜ਼ਾ ਸੀ (ਲੇਵੀਆਂ 24:16)।

ਯਿਸੂ ਦੀ ਪੇਸ਼ੀ ਦੇ ਸਮੇਂ ਕੈਫ਼ਾ ਨੇ ਪੁੱਛਿਆ, "ਕੀ ਤੂੰ ਮਸੀਹ ਪਰਮਧੰਨ ਦਾ ਪੁੱਤ੍ਰ ਹੈਂ?" ਯਿਸੂ ਦਾ ਉੱਤਰ ਬਹੁਤ ਸਟੀਕ ਸੀ: "ਮੈਂ ਹਾਂ ਅਰ ਤੁਸੀਂ ਮਨੁੱਖ ਦੇ ਪੁੱਤ੍ਰ ਨੂੰ ਕੁਦਰਤ ਦੇ ਸੱਜੇ ਹੱਥ ਬਿਰਾਜਮਾਨ ਹੋਇਆ ਅਤੇ ਆਕਾਸ਼ ਦੇ ਬੱਦਲਾਂ ਨਾਲ ਆਉਂਦਾ ਵੇਖੋਗੇ।" ਇਸ ਉੱਤਰ ਦੇ ਨਾਲ ਯਿਸੂ ਨੇ ਉਹ ਹੋਣ ਦਾ ਦਾਅਵਾ ਕੀਤਾ ਜੋ ਪਰਮੇਸ਼ੁਰ ਦੇ ਸੱਜੇ ਹੱਥ ਬੈਠਦਾ ਹੈ ਅਤੇ ਦਾਨੀਏਲ ਦੀ ਭਵਿੱਖਬਾਣੀ ਵਿੱਚ ਦੱਸਿਆ ਮਨੁੱਖ ਦਾ ਪੁੱਤਰ ਹੋਣ ਦਾ ਦਾਅਵਾ ਕੀਤਾ ਜੋ ਸੰਸਾਰ ਦਾ ਨਿਆਂ ਕਰਨ ਦੇ ਆਵੇਗਾ (ਜ਼ਬੂਰ 110:1 ਅਤੇ ਦਾਨੀਏਲ 7:13-14)। ਕੈਫ਼ਾ ਜਾਣਦਾ ਸੀ ਕਿ ਉਹ ਪਰਮੇਸ਼ੁਰ ਹੋਣ ਦਾ ਦਾਅਵਾ ਕਰ ਰਿਹਾ ਹੈ। ਉਸਨੇ ਆਪਣੇ ਕੱਪੜੇ ਪਾੜੇ ਅਤੇ ਕਿਹਾ, "ਤੁਸੀਂ ਇਹ ਕੁਫ਼ਰ ਸੁਣਿਆ ਹੈ" (ਮਰਕੁਸ 14:61-64)।

---

[39] ਇੰਨ੍ਹਾਂ ਝੂਠੇ ਧਰਮਾਂ ਦੀ ਸਿੱਖਿਆ ਦੇ ਬਾਰੇ ਅਧਿਐਨ ਕਰਨ ਦੇ ਲਈ, ਕ੍ਰਿਪਾ ਕਰਕੇ Shepherds Global Classroom ਦੇ ਕੋਰਸ, ਸੰਸਾਰ ਦੇ ਵਿਸ਼ਵਾਸਾਂ ਦੀਆਂ ਪਰੰਪਰਾਵਾਂ ਦਾ ਅਧਿਐਨ ਕਰੋ।

ਤੁਸੀਂ ਯਿਸੂ ਦੇ ਦਾਅਵਿਆਂ ਤੇ ਵਿਸ਼ਵਾਸ ਕਰਨ ਦਾ ਇਨਕਾਰ ਕਰ ਸਕਦੇ ਹੋ, ਪਰ ਤੁਸੀਂ ਸ਼ੁਭਸਮਾਚਾਰਾਂ ਨੂੰ ਧਿਆਨਪੂਰਵਕ ਪੜ੍ਹ ਇਹ ਨਹੀਂ ਕਹਿ ਸਕਦੇ ਕਿ ਯਿਸੂ ਨੇ ਆਪ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਦਾਅਵਾ ਨਹੀਂ ਕੀਤਾ।ਉਸਦੇ ਸੁਣਨ ਵਾਲਿਆਂ ਨੇ ਉਸਦੇ ਦਾਅਵਿਆਂ ਨੂੰ ਸੁਣਿਆ ਅਤੇ ਜਾਂ ਉਨ੍ਹਾਂ ਨੇ ਉਸਨੂੰ ਪਰਮੇਸ਼ੁਰ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਜਾਂ ਉਸਨੂੰ ਝੂਠਾ ਨਬੀ ਅਤੇ ਕੁਫ਼ਰ ਬੋਲਣ ਵਾਲਾ ਕਹਿ ਕੇ ਮਾਰਨ ਦਾ ਯਤਨ ਕੀਤਾ।

## ਗੁਆਂਢੀਆਂ ਨੂੰ ਯਿਸੂ ਦੀ ਤਰ੍ਹਾਂ ਪਿਆਰ ਕਰਨਾ

ਜਦੋਂ ਯਿਸੂ ਸਿਖਾ ਰਿਹਾ ਸੀ, ਤਾਂ ਉਹ ਅਕਸਰ ਚੁੰਗੀ ਲੈਣ ਵਾਲਿਆਂ ਅਤੇ ਪਾਪੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਸੀ। ਯਿਸੂ ਨੇ ਸਿਰਫ਼ ਇੰਨ੍ਹਾਂ ਲੋਕਾਂ ਨੂੰ ਸਿਖਾਇਆ ਹੀ ਨਹੀਂ, ਸਗੋਂ ਉਹ ਉਨ੍ਹਾਂ ਦੇ ਨਾਲ ਖਾਂਦਾ ਸੀ। ਜਦੋਂ ਫ਼ਰੀਸੀਆਂ ਨੇ ਯਿਸੂ ਨੂੰ ਸਵੈ-ਇੱਛਾ ਦੇ ਨਾਲ ਪਾਪੀਆਂ ਦੇ ਨਾਲ ਖਾਂਦੇ ਹੋਏ ਵੇਖਿਆ, ਤਾਂ ਉਨ੍ਹਾਂ ਨੇ ਉਸਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਯਿਸੂ ਨੇ ਤਿੰਨ ਕਹਾਣੀਆਂ ਦੇ ਨਾਲ ਉੱਤਰ ਦਿੱਤਾ, ਤੁਹਾਨੂੰ ਪਿਛੋਕੜ ਦੇ ਦੋ ਮਹੱਤਵਪੂਰਨ ਤੱਥਾਂ ਨੂੰ ਸਮਝਣਾ ਚਾਹੀਦਾ ਹੈ।

1. ਯਿਸੂ ਦੇ ਦਿਨਾਂ ਵਿੱਚ ਕਿਸੇ ਵਿਅਕਤੀ ਦੇ ਨਾਲ ਖਾਣ ਦਾ ਅਰਥ ਸੀ ਕਿ ਤੁਸੀਂ ਉਨ੍ਹਾਂ ਦੇ ਨਾਲ ਸੰਬੰਧ ਸਥਾਪਿਤ ਕਰ ਰਹੇ ਹੋ।[40] ਜਦੋਂ ਯਿਸੂ ਨੇ ਪਾਪੀਆਂ ਦੇ ਖਾਧਾ, ਇਸਦਾ ਅਰਥ ਹੈ ਕਿ ਉਹ ਜਾਣ-ਬੁੱਝ ਕੇ ਉਨ੍ਹਾਂ ਦੇ ਨਾਲ ਸੰਗਤੀ ਕਰ ਰਿਹਾ ਸੀ। ਯਿਸੂ ਨੇ ਵਿਖਾਇਆ ਕਿ ਪਰਮੇਸ਼ੁਰ ਇਸ ਗੱਲ ਦੀ ਉਡੀਕ ਨਹੀਂ ਕਰਦਾ ਕਿ ਲੋਕ ਉਸਦੇ ਕੋਲ ਆਉਣ; ਇਸਦੀ ਬਜਾਏ ਪਰਮੇਸ਼ੁਰ ਕਿਰਿਆਸ਼ੀਲ ਤਰੀਕੇ ਦੇ ਨਾਲ ਗੁਆਚਿਆਂ ਹੋਇਆਂ ਦੀ ਭਾਲ ਕਰਦਾ ਹੈ।

2. ਯਿਸੂ ਦੇ ਦਿਨਾਂ ਦੇ ਯਹੂਦੀ ਲੋਕ ਇਹ ਉਮੀਦ ਕਰਦੇ ਸਨ ਕਿ ਧਰਮੀ ਵਿਅਕਤੀ ਪਾਪੀ ਲੋਕਾਂ ਦੇ ਨਾਲ ਸੰਬੰਧ ਰੱਖਣ ਤੋਂ ਦੂਰ ਰਹਿੰਦਾ ਹੈ। ਯਹੂਦੀ ਧਰਮ ਗੁਰੂਆਂ ਨੇ ਸਿਖਾਇਆ ਕਿ ਜਦੋਂ ਮਸੀਹ ਆਵੇਗਾ, ਉਹ ਦੁਸ਼ਟਾਂ ਦੇ ਨਾਲ ਕੋਈ ਸੰਗਤੀ ਨਹੀਂ ਰੱਖੇਗਾ ਅਤੇ ਉਹ ਸਿਰਫ਼ ਧਰਮੀਆਂ ਦੇ ਨਾਲ ਹੀ ਖਾਵੇਗਾ।

► ਪੜ੍ਹੋ ਲੂਕਾ 15:1-32

ਇਹ ਇੱਕ ਦ੍ਰਿਸ਼ਟਾਂਤ ਹੈ ਜਿਸਦੇ ਤਿੰਨ ਹਿੱਸੇ ਹਨ: ਇੱਕ ਗੁਆਚੀ ਹੋਈ ਭੇਡ, ਇੱਕ ਗੁਆਚਿਆ ਸਿੱਕਾ ਅਤੇ ਇੱਕ ਗੁਆਚਿਆ ਹੋਇਆ ਪੁੱਤਰ। ਹਰੇਕ ਦੇ ਵਿੱਚ ਮੁੱਖ ਵਿਸ਼ਾ ਕਿਸੇ ਵਿਅਕਤੀ ਨੂੰ ਉਹ ਮਿਲ ਜਾਣਾ ਹੈ ਜੋ ਗੁਆਚ ਗਿਆ ਸੀ। ਯਿਸੂ ਵਿਖਾਉਂਦਾ ਹੈ ਕਿ ਜਦੋਂ ਇੱਕ ਪਾਪੀ ਤੋਬਾ ਕਰਦਾ ਹੈ ਤਾਂ ਸਵਰਗ ਵਿੱਚ ਅਨੰਦ ਮਨਾਇਆ ਜਾਂਦਾ ਹੈ।

---

[40] ਇਹ ਕਹਾਉਤਾਂ ਦੀ ਕਿਤਾਬ ਵਿੱਚ ਦੱਸਿਆ ਹੋਇਆ ਹੈ। ਇਸਤਰੀ ਬੁੱਧ "ਭੋਲਿਆਂ" ਨੂੰ ਸੱਦਾ ਦਿੰਦੀ ਹੈ ਕਿ ਉਹ ਉਸਦੀ ਮੇਜ਼ ਤੇ ਖਾਣ (ਕਹਾਉਤਾਂ 9:1-6)। ਇਸਤਰੀ ਬੁੱਧ ਦੇ ਨਾਲ ਸੰਬੰਧ ਦੇ ਦੁਆਰਾ ਭੋਲੇ ਬੁੱਧਵਾਨ ਬਣ ਜਾਣਗੇ।

ਯਹੂਦੀ ਧਰਮ ਗੁਰੂਆਂ ਦੇ ਵਿੱਚ ਇੱਕ ਪ੍ਰਸਿੱਧ ਕਹਾਉਤ ਸੀ: "ਜਦੋਂ ਕਿਸੇ ਪਾਪੀ ਦਾ ਨਾਸ਼ ਹੁੰਦਾ ਹੈ ਤਾਂ ਸਵਰਗ ਦੇ ਵਿੱਚ ਪਰਮੇਸ਼ੁਰ ਦੇ ਅੱਗੇ ਅਨੰਦ ਮਨਾਇਆ ਜਾਂਦਾ ਹੈ।" ਯਿਸੂ ਨੇ ਇਸਨੂੰ ਉਲਟਾ ਕਰ ਦਿੱਤਾ: "ਜਦੋਂ ਇੱਕ ਪਾਪੀ ਤੋਬਾ ਕਰਦਾ ਹੈ ਤਾਂ ਸਵਰਗ ਵਿੱਚ ਅਨੰਦ ਮਨਾਇਆ ਜਾਂਦਾ ਹੈ।" ਯਿਸੂ ਅਤੇ ਦੂਸਰੇ ਧਰਮ ਗੁਰੂਆਂ ਦੇ ਵਿੱਚ ਕੀ ਅੰਤਰ ਸੀ? ਪਿਆਰ ਦਾ। ਯਿਸੂ ਨੇ ਵਿਖਾਇਆ ਕਿ ਪਿਆਰ ਭਰੇ ਦਿਲ ਦੇ ਨਾਲ ਸੇਵਾ ਕਰਨ ਦਾ ਕੀ ਅਰਥ ਹੈ।

> "ਇਹ ਦ੍ਰਿਸ਼ਟਾਂਤ ਵਿਖਾਉਂਦੇ ਹਨ ਕਿ ਸ਼ੁਭਸਮਾਚਾਰ ਉਨ੍ਹਾਂ ਦੇ ਲਈ ਨਹੀਂ ਹੈ ਜਿੰਨ੍ਹਾਂ ਦਾ ਸਭ ਕੁਝ ਠੀਕ ਹੈ। ਸ਼ੁਭਸਮਾਚਾਰ ਉਨ੍ਹਾਂ ਦੇ ਲਈ ਹੈ ਜੋ ਜਾਣਦੇ ਹਨ ਕਿ ਉਨ੍ਹਾਂ ਦਾ ਸਭ ਕੁਝ ਠੀਕ ਨਹੀਂ ਹੈ।"
>
> -ਸਮੂਏਲ ਲੈਮਰਸਨ

ਜਦੋਂ ਅਸੀਂ ਪਿਆਰ ਤੋਂ ਬਿਨਾਂ ਸੇਵਾ ਕਰਦੇ ਹਾਂ ਤਾਂ ਰੁਤਬਾ ਅਤੇ ਅਹੁਦਾ ਲੋਕਾਂ ਨਾਲੋਂ ਜਿਆਦਾ ਮਹੱਤਵਪੂਰਨ ਬਣ ਜਾਂਦੇ ਹਨ। ਪਰ ਜਦੋਂ ਅਸੀਂ ਪਿਆਰ ਭਰੇ ਦਿਲ ਨਾਲ ਸੇਵਕਾਈ ਕਰਦੇ ਹਾਂ, ਤਾਂ ਅਸੀਂ ਗੁਆਚੇ ਹੋਇਆਂ ਦੇ ਲਈ ਆਪਣੇ ਰੁਤਬੇ ਨੂੰ ਗੁਆ ਦੇਣ ਦੀ ਵੀ ਇੱਛਾ ਰੱਖਦੇ ਹਾਂ। ਯਿਸੂ ਪਿਆਰ ਦੇ ਲੋੜਵੰਦ ਲੋਕਾਂ ਨੂੰ ਪਿਆਰ ਵਿਖਾਉਣ ਦੇ ਲਈ ਧਾਰਮਿਕ ਆਗੂਆਂ ਦੀ ਅਲੋਚਨਾ ਸਹਿਣ ਦੇ ਲਈ ਵੀ ਤਿਆਰ ਸੀ।

► ਜੇਕਰ ਅਸੀਂ ਪੁੱਛੀਏ, "ਕੀ ਤੁਸੀਂ ਉਜਾੜੂ ਪੁੱਤਰ ਨੂੰ ਪਿਆਰ ਵਿਖਾਓਗੇ?" ਤਾਂ ਅਸੀਂ ਸਭ ਉੱਤਰ ਦੇਵਾਂਗੇ, "ਜੀ ਹਾਂ।" ਅਸੀਂ ਸਹੀ ਉੱਤਰ ਬਾਰੇ ਜਾਣਦੇ ਹਾਂ! ਇਸਦੀ ਬਜਾਏ ਇਹ ਪੁੱਛੋ, "ਅਜਿਹਾ ਉਜਾੜੂ ਪੁੱਤਰ ਕੌਣ ਸੀ ਜੋ ਪਿੱਛਲੀ ਵਾਰ ਮੇਰੇ ਨਾਲ ਮਿਲਿਆ ਸੀ? ਮੈਂ ਉਸ ਵਿਅਕਤੀ ਨੂੰ ਪਿਆਰ ਕਿਵੇਂ ਵਿਖਾਇਆ?"

### ਯਿਸੂ ਨੇ ਦਰਦ ਸਹਿ ਰਹੇ ਲੋਕਾਂ ਤੇ ਤਰਸ ਕਰਨ ਦੇ ਦੁਆਰਾ ਪਿਆਰ ਨੂੰ ਵਿਖਾਇਆ

ਸ਼ੁਭਸਮਾਚਾਰਾਂ ਨੂੰ ਪੜਦੇ ਹੋਏ, ਕੀ ਤੁਸੀਂ ਅਜਿਹੇ ਪਾਪੀਆਂ ਵੱਲ ਧਿਆਨ ਦਿੱਤਾ ਹੈ ਜੋ ਧਾਰਮਿਕ ਆਗੂਆਂ ਤੋਂ ਭੱਜ ਜਾਂਦੇ ਸਨ ਅਤੇ ਯਿਸੂ ਦੇ ਵੱਲ ਭੱਜੇ ਆਉਂਦੇ ਸਨ? ਪਾਪੀ ਯਿਸੂ ਦੀ ਹਜੂਰੀ ਦੀ ਭਾਲ ਕਿਉਂ ਕਰਦੇ ਸਨ?

ਇਹ ਅਜਿਹਾ ਨਹੀਂ ਹੈ ਕਿ ਯਿਸੂ ਨੇ ਪਾਪ ਨੂੰ ਨਜ਼ਰਅੰਦਾਜ ਕੀਤਾ; ਉਸਨੇ ਫ਼ਰੀਸੀਆਂ ਨਾਲੋਂ ਵੀ ਉੱਚ ਪੱਧਰੀ ਧਾਰਮਿਕਤਾ ਦੀ ਮੰਗ ਕੀਤੀ (ਮੱਤੀ 5:20)। ਪਾਪੀ ਯਿਸੂ ਦੇ ਵੱਲ ਦੌੜਦੇ ਸਨ ਕਿਉਂਕਿ ਉਹ ਤਰਸ ਦੇ ਨਾਲ ਭਰਿਆ ਹੋਇਆ ਸੀ। ਉਸਨੇ ਪਾਪ ਨੂੰ ਨਜ਼ਰਅੰਦਾਜ ਨਹੀਂ ਕੀਤਾ, ਪਰ ਉਸਨੂੰ ਅਜਿਹੇ ਵਿਅਕਤੀ ਦੇ ਤਰਸ ਆਉਂਦਾ ਸੀ ਜੋ ਪਾਪ ਦਾ ਗ਼ੁਲਾਮ ਬਣ ਚੁੱਕਾ ਸੀ।

ਅਸੀਂ ਵਿਭਚਾਰ ਵਿੱਚ ਫੜੀ ਗਈ ਔਰਤ ਦੇ ਪ੍ਰਤੀ ਯਿਸੂ ਦੇ ਸ਼ਬਦਾਂ ਨੂੰ ਵੇਖਦੇ ਹਾਂ। ਜਦੋਂ ਉਸ ਤੇ ਦੋਸ਼ ਲਗਾਉਣ ਵਾਲੇ ਚਲੇ ਗਏ, ਯਿਸੂ ਨੇ ਕਿਹਾ, "ਮੈਂ ਵੀ ਤੈਨੂੰ ਸਜ਼ਾ ਨਹੀਂ ਦਿੰਦਾ, ਜਾਹ, ਏਦੋਂ ਅੱਗੇ ਫੇਰ ਪਾਪ ਨਾ ਕਰੀਂ (ਯੂਹੰਨਾ 8:11)। ਯਿਸੂ ਨੇ ਪਾਪ ਨੂੰ ਨਜ਼ਰਅੰਦਾਜ ਨਹੀਂ ਕੀਤਾ; ਉਸਨੇ ਮੰਗ ਕੀਤੀ ਕਿ ਇਹ ਔਰਤ ਆਪਣੇ ਪਾਪ ਵਾਲੇ ਜੀਵਨ ਨੂੰ ਤਿਆਗ ਦੇਵੇ। ਪਰ ਉਸਨੇ ਸਜ਼ਾ ਦੇਣ ਦੀ ਬਜਾਏ ਤਰਸ ਵਿਖਾਇਆ।

ਲੂਕਾ ਦਾ ਸ਼ੁਭਸਮਾਚਾਰ ਯਿਸੂ ਦੇ ਤਰਸ ਤੇ ਖਾਸ ਧਿਆਨ ਦਿੰਦਾ ਹੈ। ਲੂਕਾ ਜ਼ੱਕੀ ਦੀ ਕਹਾਣੀ ਦੱਸਦਾ ਹੈ, ਇੱਕ ਅਜਿਹਾ ਮਸੂਲੀਆ ਸੀ ਜਿਸਨੂੰ ਬਾਕੀ ਧਾਰਮਿਕ ਆਗੂਆਂ ਦੇ ਤਿਆਗ ਦਿੱਤਾ ਹੋਵੇਗਾ। ਵੇਖਣ ਵਾਲਿਆਂ ਹੈਰਾਨ ਕਰਦੇ ਹੋਏ, ਯਿਸੂ ਨੇ ਅਜਿਹੇ ਵਿਅਕਤੀ ਦੇ ਘਰ ਜਾਣ ਦਾ ਫੈਸਲਾ ਲਿਆ ਜੋ ਇੱਕ ਪਾਪੀ ਸੀ (ਲੂਕਾ 19:7)।

► ਪੜ੍ਹੋ ਲੂਕਾ 5:12-16

ਇਸ ਚੰਗਿਆਈ ਦਾ ਜ਼ਿਕਰ ਕਰਦੇ ਹੋਏ, ਲੂਕਾ ਅਜਿਹਾ ਵੇਰਵਾ ਦਿੰਦਾ ਹੈ ਜਿਸਨੇ ਭੀੜ ਨੂੰ ਹੈਰਾਨ ਕਰ ਦਿੱਤਾ ਹੋਵੇਗਾ। ਯਿਸੂ ਨੇ ਆਪਣਾ ਹੱਥ ਵਧਾਇਆ ਅਤੇ ਉਸਨੂੰ ਛੂਹਿਆ। ਪੁਰਾਤਨ ਸੰਸਾਰ ਦੇ ਵਿੱਚ ਕੋਈ ਵੀ ਕਦੇ ਕੋੜ੍ਹੀ ਨੂੰ ਨਹੀਂ ਛੂੰਹਦਾ ਸੀ! ਛੂਤ ਦੀ ਸੰਭਾਵਨਾ ਦੇ ਕਾਰਨ ਇਹ ਡਾਕਟਰੀ ਤੌਰ ਤੇ ਖ਼ਤਰਨਾਕ ਸੀ। ਅਤੇ ਇੱਕ ਯਹੂਦੀ ਲਈ, ਅਜਿਹਾ ਕਰਨ ਦੇ ਨਾਲ ਇੱਕ ਵਿਅਕਤੀ ਰਸਮੀ ਤੌਰ ਤੇ ਅਸ਼ੁੱਧ ਬਣ ਜਾਂਦਾ ਸੀ।

> ਲੋਕ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਤੁਸੀਂ ਕਿੰਨਾ ਜਾਣਦੇ ਹੋ ਜਦੋਂ ਤੱਕ ਉਹ ਇਹ ਨਹੀਂ ਜਾਣਦੇ ਕਿ ਤੁਸੀਂ ਕਿੰਨੀ ਪਰਵਾਹ ਕਰਦੇ ਹੋ"
>
> – ਥਿਓਡੋਰ ਰੂਸਵੈਲਟ

ਯਿਸੂ ਨੇ ਕੋੜ੍ਹੀ ਨੂੰ ਕਿਉਂ ਛੂਹਿਆ? ਉਸਨੂੰ ਤਰਸ ਆਇਆ। "ਅਤੇ ਉਸ ਨੇ ਤਰਸ ਖਾ ਕੇ ਆਪਣਾ ਹੱਥ ਲੰਮਾ ਕੀਤਾ ਅਰ ਉਹ ਨੂੰ ਛੋਹ ਕੇ ਕਿਹਾ, ਮੈਂ ਚਾਹੰਦਾ ਹਾਂ,ਤੂੰ ਸ਼ੁੱਧ ਹੋ ਜਾਹ" (ਮਰਕੁਸ 1:41)। ਇਸ ਕੋੜ੍ਹੀ ਨੂੰ ਸਰੀਰਕ ਚੰਗਿਆਈ ਦੀ ਲੋੜ ਸੀ, ਪਰ ਉਸਨੂੰ ਭਾਵਨਾਤਮਕ ਚੰਗਿਆਈ ਦੀ ਵੀ ਲੋੜ ਸੀ। ਕੋੜ੍ਹੀਆਂ ਨੂੰ ਆਮ ਲੋਕਾਂ ਨਾਲੋਂ ਦੂਰ ਰਹਿਣਾ ਪੈਂਦਾ ਸੀ। ਕੋੜ੍ਹ ਪੈਣ ਤੋਂ ਬਾਅਦ, ਇਸ ਮਨੁੱਖ ਨੇ ਕਦੇ ਕਿਸੇ ਦੂਸਰੇ ਮਨੁੱਖ ਦੇ ਛੂਹਣ ਨੂੰ ਮਹਿਸੂਸ ਨਹੀਂ ਕੀਤਾ ਸੀ। ਯਿਸੂ ਬਿਨਾਂ ਛੂਹੇ ਵੀ ਇਸ ਰੋਗੀ ਸਰੀਰ ਵਾਲੇ ਵਿਅਕਤੀ ਨੂੰ ਚੰਗਾ ਕਰ ਸਕਦਾ, ਪਰ ਉਹ ਜਾਣਦਾ ਸੀ ਕਿ ਕੋੜ੍ਹੀ ਨੂੰ ਕਿਸੇ ਦੂਸਰੇ ਮਨੁੱਖ ਦੁਆਰਾ ਛੂਹੇ ਜਾਣ ਦੀ ਜਰੂਰਤ ਹੈ। ਯਿਸੂ ਨੂੰ ਉਸ ਤੇ ਤਰਸ ਆਇਆ।

ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੇਵਕਾਈ ਕਰਨਾ ਚਾਹੁੰਦੇ ਹਾਂ, ਤਾਂ ਸਾਡੇ ਕੋਲ ਵੀ ਯਿਸੂ ਦੀ ਤਰ੍ਹਾਂ ਤਰਸ ਵਾਲਾ ਮਨ ਹੋਣਾ ਚਾਹੀਦਾ ਹੈ। ਜਦੋਂ ਪਾਪੀ ਲੋਕ ਯਿਸੂ ਦੀਆਂ ਅੱਖਾਂ ਦੇ ਵੱਲ ਵੇਖਦੇ ਸਨ ਉਨ੍ਹਾਂ ਨੂੰ ਉਨਾਂ ਦੇ ਵਿੱਚ ਪਿਆਰ ਭਰਿਆ ਤਰਸ ਨਜ਼ਰ ਆਉਂਦਾ ਸੀ। ਜਦੋਂ ਪਾਪੀ ਲੋਕ ਤੁਹਾਡੀਆਂ ਅੱਖਾਂ ਦੇ ਵਿੱਚ ਵੇਖਦੇ ਹਨ ਤਾਂ ਉਨ੍ਹਾਂ ਨੂੰ ਕੀ ਨਜ਼ਰ ਆਉਂਦਾ ਹੈ?

### ਯਿਸੂ ਨੇ ਲੋੜਵੰਦਾਂ ਦੀ ਸੇਵਾ ਕਰਨ ਦੁਆਰਾ ਪਿਆਰ ਵਿਖਾਇਆ

ਇਹ ਕਹਿਣਾ ਆਸਾਨ ਹੈ, "ਮੈਨੂੰ ਲੋੜਵੰਦਾਂ ਤੇ ਤਰਸ ਆਉਂਦਾ ਹੈ;" ਪਰ ਉਨ੍ਹਾਂ ਦੀਆਂ ਲੋੜਾਂ ਦੇ ਲਈ ਸੇਵਾ ਕਰਨੀ ਕਠਿਨ ਹੈ। ਯਿਸੂ ਨੇ ਆਪਣੇ ਆਸ-ਪਾਸ ਦੇ ਲੋਕਾਂ ਦੀ ਸੇਵਾ ਕਰਕੇ ਪਿਆਰ ਨੂੰ ਵਿਖਾਇਆ। ਯਿਸੂ ਦੀ ਸਾਰੀ ਸੇਵਕਾਈ ਦੂਸਰਿਆਂ ਦੀ ਸੇਵਾ ਦੇ ਲਈ ਸੀ। ਪੌਲੁਸ ਨੇ ਲਿਖਿਆ ਕਿ ਯਿਸੂ ਨੇ ਇੱਕ ਸੇਵਕ ਦਾ ਰੂਪ ਧਾਰ ਕੇ ਆਪਣੇ ਆਪ ਨੂੰ ਸੱਖਣਾ ਕੀਤਾ (ਫਿਲਿੱਪੀਆਂ 2:7)। ਯਿਸੂ ਨੇ

ਆਪਣੇ ਚੇਲ੍ਹਿਆਂ ਨੂੰ ਕਿਹਾ, "ਕਿਉਂਕਿ ਮਨੁੱਖ ਦਾ ਪੁੱਤ੍ਰ ਵੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਲਈ ਨਿਸਤਾਰੇ ਦੇ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ" (ਮਰਕੁਸ 10:45)।

ਯਿਸੂ ਦੇ ਚਮਤਕਾਰ ਉਸ ਦੁਆਰਾ ਦੂਸਰਿਆਂ ਦੀ ਕੀਤੀ ਸੇਵਾ ਨੂੰ ਦਰਸਾਉਂਦੇ ਹਨ। ਚਮਤਕਾਰ ਮਸੀਹ ਦੇ ਮਿਸ਼ਨ ਦੇ ਚਿੰਨ੍ਹ ਸਨ, ਪਰ ਉਹ ਮਨੁੱਖੀ ਲੋੜਾਂ ਨੂੰ ਪੂਰਿਆਂ ਕਰਨ ਦੇ ਸਾਧਨ ਵੀ ਸਨ। ਕਈ ਵਾਰ ਚਮਤਕਾਰ ਸਿਰਫ਼ ਬਹੁਤ ਘੱਟ ਗਿਣਤੀ ਦੇ ਲੋਕਾਂ ਲਈ ਹੀ ਕੀਤੇ ਜਾਂਦੇ ਸਨ। ਕਈ ਵਾਰ ਉਨ੍ਹਾਂ ਦਾ ਲਾਭ ਅਜਿਹੇ ਲੋਕਾਂ ਨੂੰ ਮਿਲਿਆ ਜਿੰਨ੍ਹਾਂ ਦੇ ਕੋਲ ਕੋਈ ਤਾਕਤ ਜਾਂ ਪ੍ਰਭਾਵ ਨਹੀਂ ਸੀ। ਕਈ ਵਾਰ ਉਸਦੇ ਚਮਤਕਾਰਾਂ ਦੇ ਕਾਰਨ (ਸਬਤ ਦੇ ਦਿਨ) ਉਸਦਾ ਹੋਰ ਜਿਆਦਾ ਇਨਕਾਰ ਕਰ ਦਿੱਤਾ ਗਿਆ।

ਯਿਸੂ ਨੇ ਆਪਣੇ ਚਮਤਕਾਰ ਤਾਕਤਵਰ ਲੋਕਾਂ ਦਾ ਪੱਖ ਪ੍ਰਾਪਤ ਕਰਨ ਲਈ ਨਹੀਂ ਕੀਤੇ; ਉਸਨੇ ਲੋੜਵੰਦਾਂ ਦੀ ਸਹਾਇਤਾ ਕਰਨ ਦੇ ਲਈ ਚਮਤਕਾਰ ਕੀਤੇ। ਵਚਨਾਂ ਦੇ ਵਿੱਚ ਦੋ ਸਥਾਨਾਂ ਦੇ ਦਰਜ ਹੈ ਕਿ ਯਿਸੂ ਨੇ ਚਮਤਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ। ਫ਼ਰੀਸੀਆਂ ਨੇ ਉਸਦੇ ਨਾਲ ਬਹਿਸ ਕੀਤੀ, "ਉਸ ਦੇ ਪਰਤਾਉਣ ਲਈ ਆਕਾਸ਼ ਵਲੋਂ ਕੋਈ ਨਿਸ਼ਾਨ ਉਸ ਤੋਂ ਮੰਗ ਕੇ ਉਸ ਨਾਲ ਝਗੜਾ ਕਰਨ ਲੱਗੇ" (ਮਰਕੁਸ 8:11)। ਯਿਸੂ ਨੇ ਕੋਈ ਨਿਸ਼ਾਨ ਵਿਖਾਉਣ ਤੋਂ ਮਨ੍ਹਾ ਕਰ ਦਿੱਤਾ। ਫਿਰ ਪੇਸ਼ੀ ਦੇ ਦੌਰਾਨ ਹੇਰੋਦੇਸ ਚਾਹੁੰਦਾ ਸੀ ਕਿ ਯਿਸੂ ਉਸਦੇ ਲਈ ਕੋਈ ਚਮਤਕਾਰ ਕਰੇ (ਲੂਕਾ 23:8)। ਯਿਸੂ ਨੇ ਹੇਰੋਦੇਸ ਨੂੰ ਉੱਤਰ ਤੱਕ ਦੇਣ ਤੋਂ ਇਨਕਾਰ ਕਰ ਦਿੱਤਾ। ਯਿਸੂ ਸ਼ੱਕ ਕਰਨ ਵਾਲੇ ਸ੍ਰੋਤਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਮੰਗ ਕਰਨ ਤੇ ਕੋਈ ਚਮਤਕਾਰ ਨਹੀਂ ਕਰਦਾ ਸੀ।

ਭਾਵੇਂ ਕਿ ਯਿਸੂ ਨੇ ਹੇਰੋਦੇਸ ਅੰਤੀਪਾਸ ਦੇ ਲਈ ਕਿਸੇ ਚਮਤਕਾਰ ਨੂੰ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਉਸਨੇ ਮਛਵਾਰੇ ਦੀ ਸੱਸ ਨੂੰ , ਕੋੜ੍ਹੀਆਂ ਨੂੰ, ਅੰਨ੍ਹੇ ਭਿਖਾਰੀਆਂ ਨੂੰ ਅਤੇ ਭੂਤਾਂ ਦੇ ਜ਼ਕੜੇ ਅਜਿਹੇ ਲੋਕਾਂ ਨੂੰ ਚੰਗਿਆਂ ਕੀਤਾ ਜੋ ਇਸਦੇ ਬਦਲੇ ਉਸਨੂੰ ਕੁਝ ਵੀ ਵਾਪਿਸ ਨਹੀਂ ਦੇ ਸਨ। ਉਸਨੇ ਅਜਿਹੇ 5,000 ਲੋਕਾਂ ਨੂੰ ਖੁਵਾਇਆ ਜੋ ਧੰਨਵਾਦੀ ਨਾ ਹੋ ਕੇ ਉਸਨੂੰ ਛੱਡ ਗਏ ਅਤੇ ਉਸਨੇ ਮਹਾਂ-ਜਾਜਕ ਦੇ ਸੇਵਕ ਨੂੰ ਚੰਗਿਆਂ ਕੀਤਾ ਜੋ ਉਸਨੂੰ ਫੜਣ ਦੇ ਲਈ ਆਇਆ ਸੀ। ਯਿਸੂ ਨੇ ਆਪਣੇ ਚਮਤਕਾਰਾਂ ਦੇ ਦੁਆਰਾ ਲੋੜਵੰਦਾਂ ਦੀ ਸਹਾਇਤਾ ਕੀਤੀ।

ਪਾਸਬਾਨਾਂ ਅਤੇ ਕਲੀਸਿਆਈ ਆਗੂਆਂ ਦੇ ਤੌਰ ਤੇ ਆਪਣੇ ਫੈਸਲਿਆਂ ਨੂੰ ਤਰਕਸ਼ੀਲ ਬਣਾ ਕੇ ਅਸੀਂ ਉਨ੍ਹਾਂ ਦੀ ਸਹਾਇਤਾ ਕਰਨ ਦਾ ਫੈਸਲਾ ਲੈ ਸਕਦੇ ਹਾਂ ਜੋ ਸਾਡੀ ਸਹਾਇਤਾ ਕਰ ਸਕਦੇ ਹਨ। ਜਦੋਂ ਅਸੀਂ ਗ਼ਰੀਬਾਂ ਦੀ ਬਜਾਏ ਜਿਆਦਾ ਸਮਾਂ ਧਨੀ ਲੋਕਾਂ ਦੇ ਨਾਲ ਬਿਤਾਉਂਦੇ ਹਾਂ, ਤਾਂ ਅਸੀਂ ਕਹਿ ਸਕਦੇ ਹਾਂ, "ਵਿਉਪਾਰੀ ਲੋਕ ਕਲੀਸਿਆ ਦੀ ਸੇਵਕਾਈ ਦਾ ਸਮਰਥਨ ਕਰ ਸਕਦੇ ਹਨ।" ਜਦੋਂ ਅਸੀਂ ਕਿਸੇ ਵਿਧਵਾ ਦੇ ਕੋਲ ਜਾਣ ਦੀ ਬਜਾਏ ਕਿਸੇ ਪ੍ਰਭਾਵਸ਼ਾਲੀ ਅਧਿਕਾਰੀ ਦੇ ਕੋਲ ਚਲੇ ਜਾਂਦੇ ਹਾਂ ਤਾਂ ਅਸੀਂ ਬਹਾਨਾ ਲਗਾ ਸਕਦੇ ਹਾਂ, "ਉਹ ਇੱਕ ਪ੍ਰਭਾਵਸ਼ਾਲੀ ਵਿਅਕਤੀ ਹੈ ਉਹ ਪਰਮੇਸ਼ੁਰ ਦੇ ਕੰਮ ਦੇ ਵਿੱਚ ਸਹਾਇਤਾ ਕਰ ਸਕਦਾ ਹੈ।" ਯਿਸੂ ਨੇ ਅਜਿਹਾ ਕਦੇ ਨਹੀਂ ਕੀਤਾ। ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੇਵਕਾਈ ਕਰਨਾ ਚਾਹੁੰਦੇ ਹੋ, ਤਾਂ ਸਾਨੂੰ ਯਿਸੂ ਦੀ ਤਰ੍ਹਾਂ ਸੇਵਕ ਬਣਨਾ ਚਾਹੀਦਾ ਹੈ। ਉਸੇ ਦੀ ਤਰ੍ਹਾਂ, ਸਾਨੂੰ ਸੇਵਾ ਕਰਵਾਉਣ ਦੀ ਨਹੀਂ ਸਗੋਂ ਸੇਵਾ ਕਰਨ ਦੀ ਭਾਲ ਕਰਨੀ ਚਾਹੀਦੀ ਹੈ (ਮੱਤੀ 20:28)। ਪੌਲੁਸ ਨੇ ਲਿਖਿਆ,

"ਕਿਉਂ ਜੋ ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪਰਚਾਰ ਕਰਦੇ ਹਾਂ ਭਈ ਉਹ ਪ੍ਰਭੂ ਹੈ ਅਤੇ ਅਸੀਂ ਆਪ ਯਿਸੂ ਦੇ ਨਮਿੱਤ ਤੁਹਾਡੇ ਦਾਸ ਹਾਂ" (2 ਕੁਰਿੰਥੀਆਂ 4:5)।

ਕੁਝ ਪਾਸਬਾਨ ਮਹਿਸੂਸ ਕਰਦੇ ਹਨ, "ਮੇਰੇ ਕੋਲ ਚੰਗੀ ਸਿੱਖਿਆ ਹੈ। ਮੈਂ ਆਪਣੀ ਕਲੀਸਿਆ ਦੇ ਵਿੱਚ ਕਿਸੇ ਕਿਸਾਨ ਦਾ ਸੇਵਕ ਨਹੀਂ ਹਾਂ!" ਪੌਲੁਸ ਨੇ ਅਜਿਹਾ ਕਦੇ ਮਹਿਸੂਸ ਨਹੀਂ ਕੀਤਾ। ਪੌਲੁਸ ਦੇ ਕੋਲ ਸਭ ਤੋਂ ਬਿਹਤਰ ਸਿੱਖਿਆ ਸੀ, ਪਰ ਉਹ ਮਸੀਹ ਦੇ ਕਾਰਨ ਕੁਰਿੰਥੀਆਂ ਦੇ ਲਈ ਇੱਕ ਦਾਸ ਬਣ ਗਿਆ। ਉਹ ਕਹਿ ਸਕਦਾ ਸੀ, "ਮੇਰੀ ਸਿੱਖਿਆ ਵੱਲ ਵੇਖੋ; ਮੈਂ ਯਹੂਦੀ ਸਾਹਿਤ, ਯੂਨਾਨੀ ਫਲਸਫੇ ਅਤੇ ਮਸੀਹੀ ਧਰਮ ਸ਼ਾਸਤਰ ਦੇ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੈ। ਮੈਂ ਮਹਾਂ-ਸਭਾ, ਯੂਨਾਨੀ ਉੱਚ-ਅਦਾਲਤ ਅਤੇ ਰੋਮੀ ਅਦਾਲਤ ਦੇ ਵਿੱਚ ਬੋਲ ਸਕਦਾ ਹਾਂ। ਇਸਦੀ ਬਜਾਏ ਉਸਨੇ ਕਿਹਾ, "ਮੈਂ ਆਪਣੇ ਸੁਆਮੀ ਯਿਸੂ ਦੀ ਖਾਤਿਰ ਕੁਰਿੰਥੁਸ ਦੇ ਸਭ ਤੋਂ ਘੱਟ ਪੜ੍ਹੇ ਲਿਖੇ ਵਿਅਕਤੀ ਦਾ ਵੀ ਦਾਸ ਹਾਂ।"

ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੇਵਕਾਈ ਕਰਨੀ ਚਾਹੁੰਦੇ ਹਾਂ, ਤਾਂ ਸਾਡੇ ਕੋਲ ਇੱਕ ਦਾਸ ਜਿਹੀ ਹਲੀਮੀ ਹੋਣੀ ਚਾਹੀਦੀ ਹੈ। ਸੇਵਕਾਂ ਦੇ ਰੂਪ ਵਿੱਚ, ਸਾਡੀ ਜੀਵਨ ਸ਼ੈਲੀ ਕਿਸੇ ਰਾਜਪਾਲ ਦੀ ਤਰ੍ਹਾਂ ਸ਼ਾਹੀ ਨਹੀਂ ਹੋਣੀ ਚਾਹੀਦੀ। ਜੇਕਰ ਅਸੀਂ ਯਿਸੂ ਦੀ ਤਰ੍ਹਾਂ ਪਿਆਰ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਹਲੀਮ ਸੇਵਕ ਬਣਨਾ ਚਾਹੀਦਾ ਹੈ।

### ਯਿਸੂ ਨੇ ਆਪਣੇ ਦੁਸ਼ਮਣਾਂ ਦੇ ਉੱਤੇ ਦਯਾ ਕਰ ਕਰਕੇ ਪਿਆਰ ਵਿਖਾਇਆ

► ਪੜ੍ਹੋ ਮੱਤੀ 5:43-48

ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਸਿਖਾਇਆ ਕਿ ਉਹ ਆਪਣੇ ਸਵਰਗੀ ਪਿਤਾ ਦੀ ਤਰ੍ਹਾਂ ਸੰਪੂਰਨ ਹੋਣ ਇਸਦਾ ਅਰਥ ਹੈ ਉਸ ਪ੍ਰਕਾਰ ਪਿਆਰ ਕਰਨਾ ਜਿਵੇਂ ਸਵਰਗੀ ਪਿਤਾ ਕਰਦਾ ਹੈ। ਇਸਦਾ ਅਰਥ ਹੈ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਨਾ ਅਤੇ ਆਪਣੇ ਸਤਾਉਣ ਵਾਲਿਆਂ ਦੇ ਲਈ ਪ੍ਰਾਥਨਾ ਕਰਨਾ। ਜਦੋਂ ਤੁਸੀਂ ਇਸ ਪ੍ਰਕਾਰ ਦਾ ਪਿਆਰ ਵਿਖਾਉਗੇ ਤਾਂ ਸੰਸਾਰ ਜਾਣੇਗਾ ਕਿ ਤੁਸੀਂ ਆਪਣੇ ਸਵਰਗੀ ਪਿਤਾ ਦੀ ਸੰਤਾਨ ਹੋ।

ਯਿਸੂ ਦੇ ਪਹਾੜੀ ਉਪਦੇਸ਼ ਦਾ ਪ੍ਰਚਾਰ ਕਰਨ ਤੋਂ 200 ਸਾਲ ਪਹਿਲਾਂ, ਇੱਕ ਯਹੂਦੀ ਗ੍ਰੰਥੀ ਨੇ ਸਿੱਖਿਆਵਾਂ ਦੇ ਇੱਕ ਸੰਗ੍ਰਿਹ ਨੂੰ ਲਿਖਿਆ ਜਿਸਨੂੰ *ਸਿਰਾਕ* ਕਿਹਾ ਜਾਂਦਾ ਹੈ। ਧਿਆਨ ਦਿਉ ਕਿ ਉਸਨੇ ਆਪਣੇ ਲੋਕਾਂ ਨੂੰ ਸਹਾਇਤਾ ਦੀ ਯੋਗਤਾ ਨਾ ਰੱਖਣ ਵਾਲਿਆਂ ਦੇ ਨਾਲ ਕਿਵੇਂ ਵਿਵਹਾਰ ਕਰਨਾ ਸਿਖਾਇਆ:[41]

---

[41] ਸਿਰਾਕ 12:1-7, *ਗੁੱਡ ਨਿਊਜ਼ ਅਨੁਵਾਦ*

- ਜਦੋਂ ਤੁਸੀਂ ਕੋਈ ਭਲਾ ਕੰਮ ਕਰੋ ਤਾਂ ਇਸ ਗੱਲ ਨੂੰ ਪੱਕਿਆਂ ਕਰੋ ਕਿ ਇਸਦਾ ਲਾਭ ਕਿਸਨੂੰ ਮਿਲ ਰਿਹਾ ਹੈ; ਅਜਿਹਾ ਕਰਨ ਦੇ ਨਾਲ ਤੁਹਾਡਾ ਕੰਮ ਬਰਬਾਦ ਨਹੀਂ ਹੋਵੇਗਾ।
- ਹਲੀਮ ਲੋਕਾਂ ਦਾ ਭਲਾ ਕਰੋ, ਪਰ ਅਜਿਹੇ ਲੋਕਾਂ ਨੂੰ ਕੁਝ ਨਾ ਦਿਉ ਜੋ ਭਗਤ ਨਹੀਂ ਹਨ।
- ਅਜਿਹੇ ਲੋਕਾਂ ਨੂੰ ਖਾਣਾ ਨਾ ਦਿਉ, ਨਹੀਂ ਤਾਂ ਉਹ ਤੁਹਾਡੀ ਦਯਾ ਨੂੰ ਤੁਹਾਡੇ ਹੀ ਵਿਰੁੱਧ ਉਪਯੋਗ ਕਰਨਗੇ। ਜੋ ਵੀ ਭਲਾ ਕੰਮ ਤੁਸੀਂ ਅਜਿਹੇ ਲੋਕਾਂ ਦੇ ਲਈ ਕਰੋਗੇ ਅਜਿਹੇ ਲੋਕ ਉਸਦੀ ਦੁਗਣੀ ਮੁਸੀਬਤ ਤੁਹਾਡੇ ਤੇ ਲਿਆਉਣਗੇ।
- ਮਹਾਂ-ਪ੍ਰਤਾਪੀ ਆਪ ਪਾਪੀਆਂ ਨਾਲ ਨਫ਼ਰਤ ਕਰਦਾ ਹੈ, ਉਹ ਉਨ੍ਹਾਂ ਨੂੰ ਸਜ਼ਾ ਦੇਵੇਗਾ।
- ਚੰਗੇ ਲੋਕਾਂ ਨੂੰ ਚੰਗਾ ਦਿਓ, ਪਰ ਪਾਪੀਆਂ ਦੀ ਸਹਾਇਤਾ ਨਾ ਕਰੋ।

ਯਿਸੂ ਦੇ ਦਿਨਾਂ ਵਿੱਚ ਬੈਨ ਸੀਰਾ ਦੀਆਂ ਲਿਖਤਾਂ ਨੂੰ ਯਹੂਦੀਆਂ ਦੇ ਦੁਆਰਾ ਧਰਮ ਸ਼ਾਸਤਰ ਮੰਨਿਆ ਜਾਂਦਾ ਸੀ। ਜਦੋਂ ਯਿਸੂ ਨੇ ਕਿਹਾ, "ਤੁਸਾਂ ਸੁਣਿਆਂ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ," (ਮੱਤੀ 5:43) ਸ਼ਾਇਦ ਉਸਨੇ ਇਸੇ ਲਿਖਤ ਦਾ ਹਵਾਲਾ ਦਿੱਤਾ ਹੋਵੇਗਾ। *ਸਿਰਾਕ* ਕਹਿੰਦਾ ਸੀ, "ਭਲਿਆਈ ਸਿਰਫ਼ ਧਰਮੀਆਂ ਦੇ ਲਈ ਕਰੋ। ਆਪਣੇ ਭਲੇ ਕੰਮ ਦੁਸ਼ਟਾਂ ਤੇ ਬਰਬਾਦ ਨਾ ਕਰੋ।"

► ਹੁਣ ਮੱਤੀ 5:43-48 ਨੂੰ ਦੁਬਾਰਾ ਪੜ੍ਹੋ। ਕੀ ਤੁਸੀਂ ਵੇਖ ਸਕਦੇ ਹੋ ਕਿ ਯਿਸੂ ਦੀ ਸਿੱਖਿਆ ਨੇ ਲੋਕਾਂ ਨੂੰ ਹੈਰਾਨ ਕਿਉਂ ਕੀਤਾ?

ਪੁਰਾਣੇ ਨੇਮ ਦੇ ਵਿੱਚ ਪਰਮੇਸ਼ੁਰ ਨੇ ਲੋਕਾਂ ਨੂੰ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਨਾ ਸਿਖਾਇਆ। ਇਹ ਨਵੀਂ ਗੱਲ ਨਹੀਂ ਸੀ। ਇੱਥੇ ਇੱਕ ਪ੍ਰੀਖਿਆ ਦਾ ਪ੍ਰਸ਼ਨ ਹੈ ਜੋ ਪੁਰਾਣੇ ਨੇਮ ਦੀ ਇੱਕ ਕਲਾਸ ਦੇ ਵਿੱਚ ਇੱਕ ਕਾਲਜ਼ ਪ੍ਰੋਫੈਸਰ ਨੇ ਆਪਣੇ ਵਿਦਿਆਰਥੀਆਂ ਨੂੰ ਦਿੱਤਾ।

*ਤੁਹਾਡਾ ਗੁਆਂਢੀ ਕਲੀਸਿਆ ਦਾ ਦੁਸ਼ਮਣ ਹੈ। ਜਦੋਂ ਤੁਸੀਂ ਲੰਘਦੇ ਹੋ, ਉਹ ਗਾਲਾਂ ਕੱਢਦਾ ਹੈ। ਉਹ ਤੁਹਾਨੂੰ ਧੋਖਾ ਦੇਣ ਦਾ ਯਤਨ ਕਰਦਾ ਹੈ ਅਤੇ ਇੱਥੋਂ ਤੱਕ ਕਿ ਤੁਹਾਡੇ ਪਸ਼ੂਆਂ ਨੂੰ ਚੋਰੀ ਕਰਦਾ ਹੈ। ਇੱਕ ਤੂਫਾਨੀ ਮੀਂਹ ਵਾਲੇ ਦਿਨ ਤੁਸੀਂ ਵੇਖਦੇ ਹੋ ਕਿ ਤੁਹਾਡੇ ਗੁਆਂਢੀ ਦੀ ਗਾਂ ਖੁੱਲ੍ਹ ਗਈ ਹੈ ਅਤੇ ਭੱਜ ਰਹੀ ਹੈ। ਤੁਹਾਡੀ ਤੁਹਾਡੇ ਗੁਆਂਢੀ ਦੇ ਪ੍ਰਤੀ ਕੀ ਜਿੰਮੇਵਾਰੀ ਹੈ?*

1. *ਕੀ ਤੁਸੀਂ ਇੱਕ ਸੋਟਾ ਲੈ ਕੇ ਉਸਨੂੰ ਹੋਰ ਅੱਗੇ ਭਜਾ ਦੇਵੋਗੇ?*

ਵਿਦਿਆਰਥੀ ਜਾਣਦੇ ਸਨ ਕੀ ਇਹ ਉੱਤਰ ਨਹੀਂ ਹੈ!

2. *ਤੁਸੀਂ ਇਸਨੂੰ ਨਜ਼ਰਅੰਦਾਜ ਕਰ ਦਿੰਦੇ ਹੋ ਅਤੇ ਕਹਿੰਦੇ ਹੋ, "ਇਹ ਮੇਰੀ ਸਮੱਸਿਆ ਨਹੀਂ ਹੈ?"*

ਬਹੁਤ ਸਾਰੇ ਵਿਦਿਆਰਥੀਆਂ ਦੇ ਇਹ ਵਿਕਲਪ ਚੁਣਿਆ। ਉਨ੍ਹਾਂ ਨੇ ਕਿਹਾ, 'ਇਹ ਗੁਆਂਢੀ ਦੀ ਗਾਂ ਹੈ, ਮੇਰੀ ਗਾਂ ਨਹੀਂ ਹੈ। ਮੈਂ ਆਪਣੇ ਕੰਮ ਤੇ ਧਿਆਨ ਦਿੰਦਾ ਹਾ, ਇਸਦੇ ਇਲਾਵਾ, ਮੇਰਾ ਗੁਆਂਢੀ ਮੈਨੂੰ ਪਸੰਦ ਵੀ ਨਹੀਂ ਕਰਦਾ; ਉਹ ਮੇਰੀ ਸਹਾਇਤਾ ਦੀ ਸ਼ਲਾਘਾ ਨਹੀਂ ਕਰੇਗਾ।"

3. *ਕੀ ਤੁਸੀਂ ਕੂਚ 23:4 ਦੀ ਆਗਿਆਕਾਰੀ ਕਰਦੇ ਹੋ? "ਜਦ ਤੂੰ ਆਪਣੇ ਵੈਰੀ ਦੇ ਬਲਦ ਅਥਵਾ ਖੋਤੇ ਨੂੰ ਖੁੱਲ੍ਹਾ ਫਿਰਦਾ ਵੇਖੇਂ ਤਾਂ ਤੂੰ ਜਰੂਰ ਉਹ ਉਸ ਨੂੰ ਮੋੜ ਦੇਹ।"*

ਪੁਰਾਣੇ ਨੇਮ ਦੇ ਵਿੱਚ ਵੀ ਪਰਮੇਸ਼ੁਰ ਦੇ ਲੋਕਾਂ ਨੂੰ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਨ ਦੇ ਲਈ ਬੁਲਾਇਆ ਗਿਆ ਸੀ। ਯਿਸੂ ਦੇ ਦਿਨਾਂ ਵਿੱਚ ਲੋਕ ਕੂਚ 23 ਦਾ ਘੱਟ ਅਤੇ ਸਿਰਾਕ ਦਾ ਜਿਆਦਾ ਹਵਾਲਾ ਦੇਣ ਦੀ ਸੰਭਾਵਨਾ ਦੇ ਵਿੱਚ ਸਨ। ਉਨ੍ਹਾਂ ਨੂੰ ਅਜਿਹੀ ਸਿੱਖਿਆ ਪਸੰਦ ਸੀ ਜਿਸ ਵਿੱਚ ਉਹ ਆਪਣੇ ਗੁਆਂਢੀਆਂ ਦੇ ਨਾਲ ਪਿਆਰ ਕਰ ਸਕਣ ਅਤੇ ਆਪਣੇ ਦੁਸ਼ਮਣਾਂ ਦੇ ਨਾਲ ਨਫ਼ਰਤ ਕਰ ਸਕਣ! ਯਿਸੂ ਨੇ ਕਿਹਾ, "ਤੁਹਾਨੂੰ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਡਾ ਸਵਰਗੀ ਪਿਤਾ ਭਲਿਆਂ ਅਤੇ ਬੁਰਿਆਂ ਦੋਨਾਂ ਨੂੰ ਪਿਆਰ ਕਰਦਾ ਹੈ।"

ਇਹ ਅਸਲ ਜੀਵਨ ਵਿੱਚ ਕਿਵੇਂ ਵਿਖਾਈ ਦਿੰਦਾ ਹੈ? ਆਪਣੀ ਸੇਵਕਾਈ ਦੇ ਵਿੱਚ ਅਜਿਹੇ ਹਲਾਤਾਂ ਦੀ ਕਲਪਨਾ ਕਰੋ:

*ਜਨਤਕ ਤੌਰ 'ਤੇ ਤੁਹਾਡਾ ਵਿਰੋਧ ਕਰਨ ਵਾਲੇ ਲੋਕਾਂ ਦਾ ਇੱਕ ਸਮੂਹ ਜੋ ਤੁਹਾਡੇ ਬਹੁਤ ਸਾਰੇ ਵਿਸ਼ਵਾਸਾਂ ਨੂੰ ਸਾਂਝਾ ਕਰਨ ਵਾਲਾ ਦਿਸ਼ਦਾ ਹੈ। ਉਹ ਤੁਹਾਡੇ ਤੋਂ ਅਜਿਹੇ ਪ੍ਰਸ਼ਨ ਪੁੱਛਦੇ ਹਨ ਜਿੰਨਾਂ ਨਾਲ ਉਹ ਤੁਹਾਨੂੰ ਫਸਾ ਸਕਣ; ਉਹ ਤੁਹਾਡੀ ਕਲੀਸਿਆ ਦੇ ਲੋਕਾਂ ਨੂੰ ਕਹਿੰਦੇ ਹਨ ਕਿ ਤੁਸੀਂ ਝੂਠੇ ਸਿੱਖਿਅਕ ਹੋ; ਉਹ ਉਮੀਦ ਕਰਦੇ ਹਨ ਕਿ ਤੁਸੀਂ ਕੁਝਾ ਅਜਿਹਾ ਕਰੋਗੇ ਜਿਸ ਕਾਰਨ ਤੁਸੀਂ ਆਪਣੇ ਮੈਂਬਰਾਂ ਦੇ ਵਿੱਚ ਮੁਸੀਬਤ ਵਿੱਚ ਪੈ ਜਾਓ। ਤੁਸੀਂ ਉਨ੍ਹਾਂ ਦੇ ਨਾਲ ਕਿਵੇਂ ਵਿਵਹਾਰ ਕਰੋਗੇ?*

1. *ਉਨ੍ਹਾਂ ਨੂੰ ਭਜਾ ਦਿੰਦੇ ਹੋ ਅਤੇ ਉਨ੍ਹਾਂ ਨੂੰ ਕਦੇ ਵਾਪਿਸ ਨਾ ਆਉਣ ਲਈ ਕਹਿੰਦੇ ਹੋ?*

2. *ਉਨ੍ਹਾਂ ਦੇ ਨਾਲ ਉਸੇ ਪ੍ਰਕਾਰ ਵਿਵਹਾਰ ਕਰਦੇ ਹੋ ਜਿਵੇਂ ਉਨ੍ਹਾਂ ਨੇ ਤੁਹਾਡੇ ਨਾਲ ਕੀਤਾ?*

3. *ਉਨ੍ਹਾਂ ਦੀਆਂ ਗ਼ਲਤੀਆਂ ਦੇ ਪ੍ਰਤੀ ਸੱਚੇ ਰਹਿੰਦੇ ਹੋ, ਪਰ ਉਨ੍ਹਾਂ ਨੂੰ ਪਿਆਰ ਦੇ ਨਾਲ ਉੱਤਰ ਦਿੰਦੇ ਹੋ?*

ਫ਼ਰੀਸੀਆਂ ਨੇ ਹਰ ਤਰੀਕੇ ਦੇ ਨਾਲ ਯਿਸੂ ਦਾ ਵਿਰੋਧ ਕਰਨ ਦਾ ਯਤਨ ਕੀਤਾ। ਉਹ ਉਨ੍ਹਾਂ ਦੀਆਂ ਗ਼ਲਤੀਆਂ ਦੇ ਪ੍ਰਤੀ ਸੱਚਾ ਸੀ; ਪਰ ਉਹ ਸਦਾ ਉਨ੍ਹਾਂ ਦੇ ਨਾਲ ਪਿਆਰ ਵਾਲਾ ਵਿਵਹਾਰ ਕਰਦਾ ਸੀ।

ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੇਵਕਾਈ ਕਰਨੀ ਚਾਹੁੰਦੇ ਹਾਂ, ਤਾਂ ਸਾਨੂੰ ਜਰੂਰ ਹੀ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ। ਇਹ ਯਿਸੂ ਦੀ ਇੱਕ ਸਭ ਤੋਂ ਜਿਆਦਾ ਮੰਗ ਕਰਨ ਵਾਲੀ ਸਿੱਖਿਆ ਹੈ। ਜੋ ਸਾਨੂੰ ਧੋਖਾ ਦਿੰਦਾ ਹੈ, ਜੋ ਸਾਡੇ ਸੰਦੇਸ਼ ਤੋਂ ਮੁੜ ਜਾਂਦਾ ਹੈ, ਜੋ ਸਾਨੂੰ ਸਤਾਉਂਦਾ ਹੈ, ਸਾਨੂੰ ਅਜਿਹੇ ਸਭ ਲੋਕਾਂ ਦੇ ਲਈ ਪਿਆਰ ਵਿਖਾਉਣਾ ਚਾਹੀਦਾ ਹੈ।

## ਲਾਗੂਕਰਨ: ਇੱਕ ਮਸੀਹੀ ਦੇ ਜੀਵਨ ਵਿੱਚ ਯਿਸੂ ਦਾ ਚਰਿੱਤਰ

ਆਪਣੇ ਗੁਆਂਢੀ ਅਤੇ ਪਰਮੇਸ਼ੁਰ ਦੇ ਨਾਲ ਪਿਆਰ ਕਰਨ ਦੇ ਬਾਰੇ ਲਿਖਣਾ ਬਹੁਤ ਆਸਾਨ ਹੈ। ਪਰ ਪ੍ਰਤੀਦਿਨ ਦੇ ਜੀਵਨ ਵਿੱਚ ਪਿਆਰ ਵਿਖਾਉਣਾ ਬਹੁਤ ਕਠਿਨ ਹੈ। ਜਦੋਂ ਅਸੀਂ ਆਪਣੇ ਅੰਦਰ ਯਿਸੂ ਦੇ ਚਰਿੱਤਰ ਨੂੰ ਵਿਕਸਿਤ ਕਰਦੇ ਹਾਂ ਫਿਰ ਹੀ ਅਸੀਂ ਸੰਸਾਰ ਦੇ ਨਾਲ ਉਸ ਨੂੰ ਸਾਂਝਾ ਕਰ ਸਕਦੇ ਹਾਂ।

ਕੀ ਯਿਸੂ ਦੇ ਚਰਿੱਤਰ ਨੂੰ ਆਪਣੇ ਵਿੱਚ ਵਿਕਸਿਤ ਕਰਨਾ ਸੰਭਵ ਹੈ? ਵਚਨ ਸਾਨੂੰ ਸਿਖਾਉਂਦਾ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਅਜਿਹੀ ਯੋਗਤਾ ਦੇ ਸਕਦਾ ਹੈ ਅਸੀਂ ਉਸਦੀ ਤਰ੍ਹਾਂ ਸੋਚ ਸਕੀਏ। ਉਹ ਆਪਣੇ ਲੋਕਾਂ ਨੂੰ ਨਵਾਂ ਆਤਮਾ ਦੇਣਾ ਚਾਹੁੰਦਾ ਹੈ ਜਿਸ ਨਾਲ ਅਸੀਂ ਉਨ੍ਹਾਂ ਵਸਤਾਂ ਦੀ ਇੱਛਾ ਰੱਖ ਸਕਦੇ ਹਾਂ ਜਿੰਨਾਂ ਦੀ ਇੱਛਾ ਪਰਮੇਸ਼ੁਰ ਕਰਦਾ ਹੈ ਤਾਂ ਕਿ ਅਸੀਂ ਸਵੈ-ਇੱਛਾ ਦੇ ਨਾਲ ਉਸਦੀ ਬੁਲਾਹਟ ਅਨੁਸਾਰ ਜੀ ਸਕੀਏ (ਹਿਜ਼ਕੀਏਲ 36:26-27)। ਪਰਮੇਸ਼ੁਰ ਸਾਡੇ ਅੰਦਰ ਆਪਣੇ ਪੁੱਤਰ ਦੇ ਚਰਿੱਤਰ ਨੂੰ ਵਿਕਸਿਤ ਕਰਨਾ ਚਾਹੁੰਦਾ ਹੈ।

ਸੁਣੋ ਕਿ ਓਸਵਾਲਡ ਚੈਂਬਰਜ਼ ਨੇ ਪ੍ਰਤੀਦਿਨ ਦੇ ਜੀਵਨ ਦੀ ਵਫ਼ਾਦਾਰੀ ਦੇ ਬਾਰੇ ਕੀ ਕਿਹਾ:

> ਜਦੋਂ ਤੁਹਾਡੇ ਕੋਲ ਪਰਮੇਸ਼ੁਰ ਦਾ ਦਰਸ਼ਨ ਨਹੀਂ ਹੁੰਦਾ, ਤਾਂ ਜੀਵਨ ਦੇ ਵਿੱਚ ਕੋਈ ਉਤਸੁਕਤਾ ਨਹੀਂ ਹੁੰਦੀ, ਅਤੇ ਕੋਈ ਤੁਹਾਨੂੰ ਵੇਖਦਾ ਜਾਂ ਉਤਸ਼ਾਹਿਤ ਨਹੀਂ ਕਰਦਾ, ਉਸਦੀ ਭਗਤੀ ਦੇ ਵਿੱਚ ਅੱਗਲਾ ਕਦਮ ਚੁੱਕਣ ਦੇ ਲਈ ਤੁਹਾਨੂੰ ਸਰਬ-ਸ਼ਕਤੀਮਾਨ ਪਰਮੇਸ਼ੁਰ ਦੀ ਕ੍ਰਿਪਾ ਦੀ ਲੋੜ ਪੈਂਦੀ ਹੈ... ਸ਼ੁਭਸਮਾਚਾਰ ਦਾ ਪ੍ਰਚਾਰ ਕਰਨ ਨਾਲੋਂ ਵੀ ਜਿਆਦਾ ਇਸਦੇ ਲਈ ਪਰਮੇਸ਼ੁਰ ਦੀ ਬਹੁਤ ਸਾਰੀ ਕ੍ਰਿਪਾ ਦੀ ਲੋੜ ਪੈਂਦੀ ਹੈ, ਅਤੇ ਉਸਦੇ ਉੱਤੇ ਨਿਰਭਰ ਰਹਿਣ ਦੀ ਮਾਨਸਿਕਤਾ, ਤਾਂ ਕਿ ਅਸੀਂ ਅੱਗਲਾ ਕਦਮ ਚੁੱਕ ਸਕੀਏ।
>
> ਜੋ ਗੱਲ ਲੰਬੇ ਸਮੇਂ **ਦੇ** ਲਈ ਪਰਮੇਸ਼ੁਰ ਦੇ ਲਈ ਅਤੇ ਉਸਦੇ ਲੋਕਾਂ ਲਈ ਇੱਕ ਚੰਗੀ ਗਵਾਹੀ ਨੂੰ ਲਿਆਉਂਦੀ ਹੈ ਉਹ ਸਥਿਰ ਧੀਰਜ ਹੈ, ਉਸ ਸਮੇਂ ਵੀ ਜਦੋਂ ਸਾਡਾ ਕੰਮ ਦੂਸਰਿਆਂ ਦੇ ਦੁਆਰਾ ਵੇਖਿਆ ਨਹੀਂ ਜਾ ਸਕਦਾ। ਅਤੇ ਇੱਕ ਬਿਨਾਂ ਹਾਰ ਵਾਲੇ ਜੀਵਨ ਨੂੰ ਜਿਉਣ ਦਾ ਇੱਕ ਹੀ ਤਰੀਕਾ ਹੈ ਕਿ ਅਸੀਂ ਪਰਮੇਸ਼ੁਰ ਦੇ ਵੱਲ ਵੇਖਦੇ ਰਹੀਏ। ਪਰਮੇਸ਼ੁਰ ਤੋਂ ਪੁੱਛੋ ਕਿ ਉਹ ਤੁਹਾਡੀਆਂ ਅੱਖਾਂ ਨੂੰ ਜੀ ਉੱਠੇ ਮਸੀਹ ਦੇ ਉੱਤੇ ਲਗਾ ਕੇ ਰੱਖੇ...[42]

---

[42] Oswald Chambers, My Utmost for His Highest (ਮਾਰਚ 6) ਜੋ ਕਿ https://utmost.org/taking-the-next-step/ ਮਾਰਚ 22, 2021 ਤੋਂ ਲਿਆ ਗਿਆ ਹੈ।

ਅਸੀਂ ਸੇਵਕਾਈ ਦੇ ਵਿੱਚ ਇਸ ਵਫ਼ਾਦਾਰੀ ਨੂੰ ਕਿਵੇਂ ਬਣਾਈ ਰੱਖ ਸਕਦੇ ਹਾਂ? ਅਸੀਂ ਪ੍ਰਤੀ ਹਫ਼ਤੇ, ਪ੍ਰਤੀ ਸਾਲ ਪਰਮੇਸ਼ੁਰ ਅਤੇ ਆਪਣੇ ਗੁਆਂਢੀ ਦੇ ਨਾਲ ਕਿਵੇਂ ਪਿਆਰ ਕਰ ਸਕਦੇ ਹਾਂ? ਸਾਨੂੰ ਆਪਣੇ ਪ੍ਰਤੀਦਿਨ ਦੇ ਜੀਵਨ ਵਿੱਚ ਯਿਸੂ ਦੇ ਚਰਿੱਤਰ ਨੂੰ ਕਿਵੇਂ ਵਿਕਸਿਤ ਕਰਨਾ ਚਾਹੀਦਾ ਹੈ। ਇਹ ਕਰਨ ਦੇ ਲਈ ਸਾਨੂੰ ਮਸੀਹ ਦੇ ਮਨ ਦੀ ਜਰੂਰਤ ਹੈ।

### ਯਿਸੂ ਦੇ ਮਨ ਦਾ ਇੱਕ ਵਰਣਨ

► ਪੜ੍ਹੋ ਫ਼ਿਲਿੱਪੀਆਂ 2:1-16.

ਫ਼ਿਲਿੱਪੈ ਦੀ ਕਲੀਸਿਆ ਦੇ ਵਿੱਚ ਪੌਲੁਸ ਦੁਆਰਾ ਦੁਆਰਾ ਦਿੱਤੀ ਹਦਾਇਤ ਯਿਸੂ ਮਸੀਹ ਦੇ ਚਰਿੱਤਰ ਨੂੰ ਆਪਣੇ ਅੰਦਰ ਵਿਕਸਿਤ ਕਰਨ ਦਾ ਇੱਕ ਬਹੁਤ ਵਧੀਆ ਦਿਸ਼ਾ-ਨਿਰਦੇਸ਼ ਹੈ। ਕਲੀਸਿਆ ਦੇ ਵਿੱਚ ਕਿਸੇ ਨਿੱਜੀ ਝਗੜੇ ਦੇ ਕਾਰਨ ਫੁੱਟ ਪੈ ਗਈ ਹੈ, ਪੌਲੁਸ ਨੇ ਲਿਖਿਆ, “ਧੜੇਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ। ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ” (ਫ਼ਿਲਿੱਪੀਆਂ 2:3-4)।

ਉਹ ਇਸਨੂੰ ਕਿਵੇਂ ਪ੍ਰਾਪਤ ਕਰ ਸਕਦੇ ਸਨ? ਤਦ ਹੀ ਜੇਕਰ ਉਹ ਪੌਲੁਸ ਦੀ ਹਦਾਇਤ ਦੀ ਆਗਿਆਕਾਰੀ ਕਰਦੇ ਕਿ ਉਨ੍ਹਾਂ ਵਿੱਚ ਉਹੀ ਸੁਭਾਓ ਹੋਵੇ ਜੋ ਮਸੀਹ ਯਿਸੂ ਦਾ ਸੀ” (ਫ਼ਿਲਿੱਪੀਆਂ 2:5)।

ਪੌਲੁਸ ਨੇ ਅਜਿਹੀਆਂ ਚਾਰ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਈ ਜੋ ਮਸੀਹੀ ਜੀਵਨ ਦੇ ਵਿਰੁੱਧ ਹਨ।[43] ਇਹ ਵਿਸ਼ੇਸ਼ਤਾਵਾਂ ਮਸੀਹੀ ਗਵਾਹੀ ਨੂੰ ਅਤੇ ਮਸੀਹੀ ਸੇਵਕਾਂ ਦੇ ਪ੍ਰਭਾਵ ਨੂੰ ਬਰਬਾਦ ਕਰ ਦਿੰਦੀਆਂ ਹਨ। ਪੌਲੁਸ ਨੇ ਕਿਹਾ:

**(1) ਸੁਆਰਥ ਦੇ ਨਾਲ ਕੁਝ ਨਾ ਕਰੋ (ਫ਼ਿਲਿੱਪੀਆਂ 2:3)।**

ਫੋਕਾ ਸੁਆਰਥ ਪੁੱਛਦਾ ਹੈ, “ਇਸ ਵਿੱਚ ਮੇਰਾ ਕੀ ਫਾਇਦਾ ਹੈ? ਇਸ ਨਾਲ ਮੈਨੂੰ ਕਿਵੇਂ ਲਾਭ ਮਿਲ ਸਕਦਾ ਹੈ?” ਕੀ ਤੁਸੀਂ ਯਿਸੂ ਨੂੰ ਅਜਿਹਾ ਕਹਿੰਦੇ ਹੋਏ ਕਲਪਨਾ ਕਰ ਸਕਦੇ ਹੋ, “ਇਸ ਵਿੱਚ ਮੇਰਾ ਕੀ ਫਾਇਦਾ ਹੈ?” ਕੋੜ੍ਹੀ ਨੂੰ ਚੰਗਾ ਕਰਨ ਤੋਂ ਪਹਿਲਾਂ ਜਾਂ ਸਲੀਬ ਤੇ ਜਾਣ ਤੋਂ ਪਹਿਲਾਂ? ਬਿਲਕੁਲ ਵੀ ਨਹੀਂ!”

---

[43] ਇਹ ਭਾਗ ਡੇਨਿਸ Dennis F. Kinlaw, *The Mind of Christ* (ਮਸੀਹ ਦੇ ਮਨ ਤੋਂ ਲਿਆ ਗਿਆ ਹੈ) (Anderson, Indiana: Warner Press, 1988), 101-107.

ਪੌਲੁਸ ਕਹਿੰਦਾ ਹੈ, "ਜੇਕਰ ਸਾਡੇ ਕੋਲ ਮਸੀਹ ਦਾ ਮਨ ਹੈ- ਜੇਕਰ ਅਸੀਂ ਮਸੀਹ ਦੀ ਤਰ੍ਹਾਂ ਸੋਚਦੇ ਹਾਂ-ਤਾਂ ਅਸੀਂ ਕੁਝ ਵੀ ਫੋਕੇ ਸੁਆਰਥ ਦੇ ਨਾਲ ਨਹੀਂ ਕਰਾਂਗੇ।" ਸਾਡਾ ਰਵੱਈਆ ਇੱਕ ਸੇਵਕ ਵਾਲਾ ਹੋਵੇਗਾ। ਅਸੀਂ ਪੁੱਛਾਂਗੇ, ਮੈਂ ਕਿਵੇਂ ਸੇਵਾ ਕਰ ਸਕਦਾ ਹਾਂ?" ਇਹ ਨਹੀਂ ਕਿ "ਮੇਰੀ ਸੇਵਾ ਕਿਵੇਂ ਹੋ ਸਕਦੀ ਹੈ?"

**(2) ਫੋਕੇ ਘਮੰਡ ਦੇ ਨਾਲ ਕੁਝ ਨਾ ਕਰੋ (ਫ਼ਿਲਿੱਪੀਆਂ 2:3)।**

ਫੋਕਾ ਘਮੰਡ ਪੁੱਛਦਾ ਹੈ, ਇਸਦੇ ਨਾਲ ਮੈਂ ਕਿਸ ਪ੍ਰਕਾਰ ਦਾ ਵਿਖਾਂਗਾ?" "ਕੀ ਲੋਕ ਪ੍ਰਭਾਵਿਤ ਹੋਣਗੇ?" ਇੱਕ ਵਾਰ ਫਿਰ ਤੋਂ ਕੀ ਤੁਸੀਂ ਯਿਸੂ ਨੂੰ ਅਜਿਹਾ ਕਹਿੰਦੇ ਹੋਏ ਕਲਪਨਾ ਕਰ ਸਕਦੇ ਹੋ, "ਕੀ ਲੋਕ ਪ੍ਰਭਾਵਿਤ ਹੋਣਗੇ? ਖੂਹ ਦੇ ਕੋਲ ਸਾਮਰੀ ਇਸਤਰੀ ਨੂੰ ਮਿਲਣ ਤੋਂ ਪਹਿਲਾਂ? ਬਿਲਕੁਲ ਨਹੀਂ!

ਪੌਲੁਸ ਕਹਿੰਦਾ ਹੈ, "ਜੇਕਰ ਸਾਡੇ ਕੋਲ ਮਸੀਹ ਦਾ ਮਨ ਹੈ-ਜੇਕਰ ਅਸੀਂ ਯਿਸੂ ਦੀ ਤਰ੍ਹਾਂ ਸੋਚਦੇ ਹਾਂ-ਤਾਂ ਅਸੀਂ ਕਦੇ ਵੀ ਫੋਕੇ ਘਮੰਡ ਨਾਲ ਕੁਝ ਨਹੀਂ ਕਰਾਂਗੇ।" ਅਸੀਂ ਯਿਸੂ ਨੂੰ ਵਿਖਾਉਣ ਦੇ ਮੌਕਿਆਂ ਦੀ ਭਾਲ ਕਰਾਂਗੇ, ਆਪਣੇ ਰੁਤਬੇ ਨੂੰ ਵਧਾਉਣ ਵਾਲੇ ਮੌਕਿਆਂ ਦੇ ਲਈ ਨਹੀਂ।

**(3) ਸਭ ਕੰਮ ਬਿਨਾਂ ਬੁੜ-ਬੁੜ ਕੀਤੇ ਕਰੋ (ਫ਼ਿਲਿੱਪੀਆਂ 2:14)।**

ਬੁੜ-ਬੁੜ ਕਹਿੰਦਾ ਹੈ, "ਮੈਨੂੰ ਇਸ ਨਾਲੋਂ ਵਧੀਆ ਮਿਲਣਾ ਚਾਹੀਦਾ ਹੈ!" ਕੀ ਤੁਸੀਂ ਯਿਸੂ ਨੂੰ ਅਜਿਹਾ ਕਹਿੰਦੇ ਹੋਏ ਕਲਪਨਾ ਕਰ ਸਕਦੇ ਹੋ, "ਮੈਨੂੰ ਆਪਣੇ ਚੇਲ੍ਹਿਆਂ ਦੇ ਪੈਰ ਧੋਣ ਦੀ ਜਰੂਰਤ ਨਹੀਂ ਹੈ। ਮੈਂ ਇੱਕ ਸਿੱਖਿਅਕ ਹਾਂ। ਮੈਨੂੰ ਕੁਝ ਵਧੀਆ ਮਿਲਣਾ ਚਾਹੀਦਾ ਹੈ।" ਬਿਲਕੁਲ ਨਹੀਂ!

ਪੌਲੁਸ ਕਹਿੰਦਾ ਹੈ, "ਜੇਕਰ ਸਾਡੇ ਕੋਲ ਮਸੀਹ ਦਾ ਮਨ ਹੈ-ਜੇਕਰ ਅਸੀਂ ਮਸੀਹ ਦੀ ਤਰ੍ਹਾਂ ਸੋਚਦੇ ਹਾਂ-ਤਾਂ ਅਸੀਂ ਬਿਨਾਂ ਬੁੜ-ਬੁੜ ਕਰਨ ਦੇ ਸੇਵਕਾਈ ਕਰਾਂਗੇ-ਅਸੀਂ ਬਹੁਤ ਕਠਿਨ ਸਥਿਤੀ ਦੇ ਵਿੱਚ ਵੀ ਬਿਨਾਂ ਬੁੜ-ਬੁੜ ਕੀਤੇ ਸੇਵਾ ਕਰਾਂਗੇ।" ਅਸੀਂ ਜਾਣ ਲਵਾਂਗੇ ਕਿ ਅਸੀਂ ਕਿਸੇ ਚੀਜ਼ ਦੀ ਯੋਗਤਾ ਨਹੀਂ ਰੱਖਦੇ। ਜਦੋਂ ਅਸੀਂ ਇਸ ਗੱਲ ਨੂੰ ਯਾਦ ਕਰਦੇ ਹਾਂ ਕਿ ਜੋ ਕੁਝ ਵੀ ਸਾਡੇ ਕੋਲ ਹੈ ਉਹ ਪਰਮੇਸ਼ੁਰ ਦੀ ਕ੍ਰਿਪਾ ਦੇ ਕਾਰਨ ਹੀ ਹੈ, ਇਹ ਸੇਵਕਾਈ ਦੀਆਂ ਚੁਣੌਤੀਆਂ ਦੇ ਬਾਰੇ ਸਾਡੀ ਧਾਰਨਾ ਨੂੰ ਬਦਲ ਦਿੰਦਾ ਹੈ।

ਹੈਲੇਨ ਰੋਜ਼ਵਿਆਰੇ ਵੀਹਵੀਂ ਸਦੀ ਦੀ ਇੱਕ ਬਹੁਤ ਮਹਾਨ ਮਿਸ਼ਨਰੀ ਸੀ। ਉਹ ਇੱਕ ਮੈਡੀਕਲ ਡਾਕਟਰ ਸੀ ਜਿਸਦੀ ਸਿਖਲਾਈ ਕੈਮਬ੍ਰਿਜ਼ ਯੂਨੀਵਰਸਿਟੀ ਦੇ ਵਿੱਚ ਹੋਈ ਸੀ। ਜਦੋਂ ਉਹ ਜ਼ਾਇਰ ਨਾਮਕ ਸਥਾਨ ਵਿੱਚ ਇੱਕ ਮਿਸ਼ਨਰੀ ਦੇ ਤੌਰ ਤੇ ਕੰਮ ਕਰ ਰਹੀ ਸੀ, ਤਾਂ ਉਹ ਇੱਕ ਹਸਪਤਾਲ ਬਣਾਉਣਾ ਚਾਹੁੰਦੀ ਸੀ। ਕਿਉਂਕਿ ਉੱਥੇ ਕੋਈ ਸਮੱਗਰੀ ਨਹੀਂ ਸੀ ਇਸ ਲਈ ਪਹਿਲਾ ਕਦਮ ਇੱਟਾਂ ਬਣਾਉਣਾ ਸੀ। ਡਾ. ਰੋਜ਼ਵਿਆਰੇ ਨੇ ਅਫਰੀਕਨ ਕਾਮਿਆਂ ਦੇ ਨਾਲ ਭੱਠੇ ਤੇ ਆਪ ਕੰਮ ਕੀਤਾ।

ਜਦੋਂ ਉਹ ਇੱਟਾਂ ਬਣਾਉਣ ਦਾ ਕੰਮ ਕਰਦੀ ਸੀ ਤਾਂ ਉਸਦੇ ਕੋਮਲ ਹੱਥਾਂ ਵਿੱਚੋਂ ਲਹੂ ਵਹਿਣ ਲੱਗ ਜਾਂਦਾ ਸੀ। ਉਸਨੇ ਬੁੜ-ਬੁੜਾਉਣਾ ਅਰੰਭ ਕੀਤਾ, "ਪਰਮੇਸ਼ੁਰ ਮੈਂ ਅਫਰੀਕਾ ਦੇ ਵਿੱਚ ਇੱਕ ਸਰਜ਼ਨ ਬਣਨ ਦੇ ਲਈ ਆਈ ਸੀ, ਇੱਟਾਂ ਬਣਾਉਣ ਦੇ ਲਈ ਨਹੀਂ! ਬੇਸ਼ੱਕ ਇਸ ਨੀਵੇਂ ਕੰਮ ਨੂੰ ਕਰਨ ਦੇ ਲਈ ਹੋਰ ਲੋਕ ਹਨ।"

ਕੁਝ ਹਫ਼ਤਿਆਂ ਦੇ ਬਾਅਦ, ਇੱਕ ਅਫਰੀਕਨ ਕਾਮੇ ਨੇ ਉਸਨੂੰ ਕਿਹਾ, "ਡਾਕਟਰ ਜੀ, ਜਦੋਂ ਤੁਸੀਂ ਸਰਜ਼ਰੀ ਕਮਰੇ ਵਿੱਚ ਹੁੰਦੇ ਹੋ, ਤਾਂ ਤੁਸੀਂ ਡਾਕਟਰ ਦੇ ਰੂਪ ਵਿੱਚ ਸਾਨੂੰ ਬਹੁਤ ਡਰਾ ਦਿੰਦੇ ਹੋ। ਪਰ ਜਦੋਂ ਤੁਸੀਂ ਇੱਟਾਂ ਬਣਾਉਣ ਦਾ ਕੰਮ ਕਰਦੇ ਹੋ ਤਾਂ ਤੁਹਾਡੀਆਂ ਉਂਗਲੀਆਂ ਦੇ ਵਿੱਚੋਂ ਸਾਡੀ ਹੀ ਤਰ੍ਹਾਂ ਖੂਨ ਵਹਿੰਦਾ ਹੈ, ਤੁਸੀਂ ਸਾਡੀ ਭੈਣ ਹੋ ਅਤੇ ਅਸੀਂ ਤੁਹਾਨੂੰ ਪਿਆਰ ਕਰਦੇ ਹਾਂ।" ਰੋਜ਼ਵਿਆਰੇ ਨੂੰ ਇੱਕ ਦਮ ਸਮਝ  ਆ ਗਈ, "ਪਰਮੇਸ਼ੁਰ ਨੇ ਮੈਨੂੰ ਅਫ਼ਰੀਕਾ ਦੇ ਵਿੱਚ ਸਿਰਫ਼ ਸਰਜ਼ਨ ਦਾ ਕੰਮ ਕਰਨ ਲਈ ਨਹੀਂ ਭੇਜਿਆ; ਉਸਨੇ ਮੈਨੂੰ ਮਸੀਹ ਦਾ ਪਿਆਰ ਵਿਖਾਉਣ ਦੇ ਲਈ ਭੇਜਿਆ ਹੈ।"

**(4) ਤੁਸੀਂ ਸਭ ਕੰਮ ਬਿਨਾਂ ਝਗੜੇ ਦੇ ਕਰੋ (ਫ਼ਿਲਿੱਪੀਆਂ 2:14)।**

ਝਗੜਾ ਕਰਨ ਵਾਲਾ ਕਹਿੰਦਾ ਹੈ, ਹਾਂ, ਪ੍ਰਭੂ, ਪਰ...." ਮੈਂ ਆਗਿਆ ਪਾਲਣ ਕਰਨ ਦਾ ਇਛੁੱਕ ਹਾਂ, ਪਰ..." ਇੱਕ ਵਾਰ ਫਿਰ ਤੋਂ ਕੀ ਤੁਸੀਂ ਯਿਸੂ ਨੂੰ ਅਜਿਹਾ ਕਹਿੰਦੇ ਹੋਏ ਕਲਪਨਾ ਕਰ ਸਕਦੇ ਹੋ, "ਪਿਤਾ ਮੈਂ ਤੁਹਾਡੀ ਸੇਵਾ ਕਰ ਰਿਹਾ ਹਾਂ: ਇਸਨੂੰ ਇਸਨੂੰ ਇੰਨਾ ਕਠਿਨ ਕਿਉਂ ਬਣਾ ਰਹੇ ਹੋ?" ਅਸੀਂ ਯਿਸੂ ਨੂੰ ਪਿਤਾ ਦੇ ਨਾਲ ਝਗੜਾ ਕਰਨ ਦੀ ਕਲਪਨਾ ਨਹੀਂ ਕਰ ਸਕਦੇ।

ਪੌਲੁਸ ਕਹਿੰਦਾ ਹੈ, "ਜੇਕਰ ਸਾਡੇ ਕੋਲ ਮਸੀਹ ਵਾਲਾ ਮਨ ਹੈ-ਜੇਕਰ ਅਸੀਂ ਮਸੀਹ ਦੀ ਤਰ੍ਹਾਂ ਸੋਚਦੇ ਹਾਂ-ਤਾਂ ਅਸੀਂ ਝਗੜਾ ਨਹੀਂ ਕਰਾਂਗੇ ਅਤੇ ਨਾ ਹੀ ਆਸਾਨ ਰਾਹ ਦੀ ਭਾਲ ਕਰਾਂਗੇ।" ਅਸੀਂ ਇੱਕ ਸੌਖੇ ਰਾਹ ਦੀ ਭਾਲ ਕਰਦੇ ਹੋਏ ਆਪਣੇ ਜੀਵਨਾਂ ਦੇ ਵਿੱਚ ਪਰਮੇਸ਼ੁਰ ਦੀ ਇੱਛਾ ਦੇ ਨਾਲ ਸਮਝੌਤਾ ਨਹੀਂ ਕਰਾਂਗੇ। ਪਰਮੇਸ਼ੁਰ ਦੇ ਅੱਗੇ ਸਾਡਾ ਉੱਤਰ ਹੋਵੇਗਾ "ਹਾਂ, ਪ੍ਰਭੂ।" ਅਸੀਂ ਮਸੀਹ ਵਾਲਾ ਮਨ ਰੱਖਾਂਗੇ।

ਕਿਉਂਕਿ ਪੌਲੁਸ ਨੇ ਫ਼ਿਲਿੱਪੀਆਂ ਨੂੰ ਆਪਣੇ ਵਿੱਚ ਮਸੀਹ ਦਾ ਮਨ ਰੱਖਣ ਦਾ ਸੱਦਾ ਦਿੱਤਾ, ਤਾਂ ਉਹ ਸਪੱਸ਼ਟ ਤੌਰ ਤੇ ਵਿਸ਼ਵਾਸ ਕਰਦਾ ਸੀ ਕਿ ਇਹ ਸੰਭਵ ਹੈ। ਉਹ ਜਾਣਦਾ ਸੀ ਕਿ ਉਹ ਇੱਕ ਹਲੀਮ, ਆਗਿਆਕਾਰੀ ਆਤਮਾ ਰੱਖ ਸਕਦੇ ਹਨ ਜੋ ਯਿਸੂ ਦੇ ਜੀਵਨ ਦੇ ਚਿੰਨ੍ਹ ਸਨ। ਅਸੀਂ ਮਸੀਹ ਜਿਹਾ ਮਨ ਕਿਵੇਂ ਪ੍ਰਾਪਤ ਕਰ ਸਕਦੇ ਹਨ?

**ਸਾਡੇ ਮਨ ਵਚਨਾਂ ਦੇ ਦੁਆਰਾ ਪਰਿਵਰਤਿਤ ਹੁੰਦੇ ਹਨ**

ਇਸ ਪਾਠ ਵਿੱਚ ਅਸੀਂ ਪਹਿਲਾਂ ਵੇਖਿਆ, ਕਿ ਵਚਨ ਸਾਨੂੰ ਪਰਮੇਸ਼ੁਰ ਦੀ ਇੱਛਾ ਕਿਵੇਂ ਸਿਖਾਉਂਦੇ ਹਨ। ਯਿਸੂ ਪਰਮੇਸ਼ੁਰ ਦੇ ਵਚਨਾਂ ਨੂੰ ਜਾਣਦਾ ਸੀ। ਰਸੂਲ ਪਰਮੇਸ਼ੁਰ ਦੇ ਵਚਨਾਂ ਨੂੰ ਜਾਣਦੇ ਸਨ। ਕਲੀਸਿਆ ਦੇ ਇਤਿਹਾਸ ਵਿੱਚ ਹਰੇਕ ਲੰਬੀ ਚੱਲਣ ਵਾਲੀ ਆਤਮਿਕ ਬੇਦਾਰੀ ਪਰਮੇਸ਼ੁਰ ਦੇ ਵਚਨਾਂ ਦੇ ਨਾਲ ਹੀ ਅਰੰਭ ਹੋਈ ਹੈ।

ਪੌਲੁਸ ਨੇ ਫ਼ਿਲਿੱਪੈ ਦੇ ਵਿਸ਼ਵਾਸੀਆਂ ਨੂੰ ਚੁਣੌਤੀ ਦਿੱਤੀ ਕਿ ਉਹ ਜੀਵਨ ਦੇ ਵਚਨਾਂ ਨੂੰ ਮਜ਼ਬੂਤੀ ਨਾਲ ਫੜੀ ਰੱਖਣ (ਫ਼ਿਲਿੱਪੀਆਂ 2:16)। ਸ਼ੁਭਸਮਾਚਾਰ ਦੇ ਵਿੱਚ ਉਨ੍ਹਾਂ ਭਰੋਸਾ ਅਤੇ ਸਮਰਪਣ ਉਨ੍ਹਾਂ ਨੂੰ ਇਸ ਸੰਸਾਰ ਦੇ ਵਿੱਚ ਚਾਣਨ ਬਣਾ ਦੇਵੇਗਾ।

ਅਸੀਂ ਪਰਮੇਸ਼ੁਰ ਦੇ ਵਚਨਾਂ ਪੂਰਨ ਅਧਿਐਨ ਦੁਆਰਾ ਹੀ ਮਸੀਹ ਦੀ ਤਰ੍ਹਾਂ ਸੋਚਣਾ ਅਰੰਭ ਕਰਦੇ ਹਾਂ, ਤਾਂ ਕਿ ਅਸੀਂ ਮਸੀਹ ਵਾਲਾ ਮਨ ਪ੍ਰਾਪਤ ਕਰੀਏ। ਇਸਦਾ ਅਰਥ ਇਹ ਨਹੀਂ ਹੈ ਕਿ ਤੁਹਾਨੂੰ ਵਚਨਾਂ ਨੂੰ ਸਿੱਖਣ ਦੇ ਲਈ ਇਬਰਾਨੀ ਅਤੇ ਯੂਨਾਨੀ ਦਾ ਅਧਿਐਨ ਕਰਨਾ ਪਵੇਗਾ; ਇਸਦਾ ਅਰਥ ਇਹ ਨਹੀਂ ਹੈ ਕਿ ਤੁਹਾਡੇ ਕੋਲ ਬਾਈਬਲ ਟੀਕੇ ਦੀ ਵੱਡੀ ਲਾਈਬ੍ਰੇਰੀ ਹੋਣੀ ਚਾਹੀਦੀ ਹੈ; ਇਸਦਾ ਸਾਧਾਰਨ ਤੌਰ ਤੇ ਅਰਥ ਹੈ ਕਿ ਤੁਹਾਨੂੰ ਪਰਮੇਸ਼ੁਰ ਦੇ ਵਚਨਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ। ਇਸ ਤੁਹਾਡੀ ਪ੍ਰਤੀਦਿਨ ਦੀ ਖੁਰਾਕ ਦਾ ਹਿੱਸਾ ਹੋਣਾ ਚਾਹੀਦਾ ਹੈ।

ਮਸੀਹੀਆਂ ਦੇ ਰੂਪ ਵਿੱਚ, ਪਰਮੇਸ਼ੁਰ ਦਾ ਵਚਨ ਸਾਡਾ ਪ੍ਰਤੀਦਿਨ ਦਾ ਭੋਜਨ ਹੋਣਾ ਚਾਹੀਦਾ ਹੈ। ਇਹ ਕਿਸੇ ਫ਼ਰਜ ਦੀ ਤਰ੍ਹਾਂ ਨਹੀਂ ਬਲਕਿ ਇੱਕ ਅਨੰਦਮਈ ਕੰਮ ਹੋਣਾ ਚਾਹੀਦਾ ਹੈ। ਕੋਈ ਵੀ ਕਿਸੇ ਤੰਦਰੁਸਤ ਵਿਅਕਤੀ ਨੂੰ ਨਹੀਂ ਕਹਿੰਦਾ, "ਅੱਜ ਤੁਹਾਨੂੰ ਖਾਣਾ ਖਾਣ ਦੀ ਜਰੂਰਤ ਹੈ! ਜੇਕਰ ਤੁਸੀਂ ਖਾਣਾ ਨਹੀਂ ਖਾਉਗੇ, ਤਾਂ ਤੁਸੀਂ ਬਿਮਾਰ ਹੋ ਜਾਉਗੇ।" ਤੁਹਾਨੂੰ ਬਸ ਇਹੀ ਕੰਮ ਕਰਨਾ ਹੈ ਕਿ ਤੁਸੀਂ ਚੰਗੇ ਖਾਣੇ ਨੂੰ ਉਪਲੱਭਧ ਕਰਾਏ, ਅਤੇ ਤੰਦਰੁਸਤ ਵਿਅਕਤੀ ਖਾਣਾ ਚਾਹੁੰਦਾ ਹੈ! ਪਰਮੇਸ਼ੁਰ ਦਾ ਵਚਨ ਹਰੇਕ ਭੁੱਖੇ ਮਸੀਹੀ ਦਾ ਭੋਜਣ ਹੋਣਾ ਚਾਹੀਦਾ ਹੈ।

ਜਦੋਂ ਅਸੀਂ ਪਰਮੇਸ਼ੁਰ ਦੇ ਵਚਨਾਂ ਨੂੰ ਖਾਂਦੇ ਹਾਂ, ਤਾਂ ਸਾਡੇ ਮਨ ਮਸੀਹ ਦੇ ਮਨ ਵਿੱਚ ਪਰਿਵਰਤਿਤ ਹੋ ਜਾਂਦੇ ਹਨ। ਬਹੁਤ ਸਾਰੇ ਮਸੀਹੀ ਨਵਾਂ ਜਨਮ ਪਾਏ ਹੋਏ ਹਨ, ਪਰ ਉਹ ਉਸੇ ਤਰ੍ਹਾਂ ਸੋਚਦੇ ਰਹਿੰਦੇ ਹਨ ਜਿਵੇਂ ਨੂੰ ਅਵਿਸ਼ਵਾਸੀ ਹੋਣ ਦੇ ਸਮੇਂ ਸੋਚਦੇ ਸਨ। ਉਨ੍ਹਾਂ ਦੇ ਮਨ ਮਸੀਹ ਦੇ ਮਨ ਵਿੱਚ ਪਰਿਵਰਤਿਤ ਨਹੀਂ ਹੋਏ ਹਨ। ਅਜਿਹਾਂ ਕਿਉਂ?

ਸਾਨੂੰ ਨਵੇਂ ਵਿਸ਼ਵਾਸੀਆਂ ਦੇ ਤੌਰ ਤੇ ਆਪਣੇ ਮਨ ਨੂੰ ਮਸੀਹ ਦੀ ਤਰ੍ਹਾਂ ਸੋਚਣ ਵਾਲੇ ਮਨ ਵਿੱਚ ਕਿਵੇਂ ਪਰਿਵਰਤਿਤ ਕਰਨਾ ਚਾਹੀਦਾ ਹੈ। ਮਸੀਹੀ ਬਣਨ ਤੋਂ ਪਹਿਲਾਂ, ਤੁਸੀਂ ਪਹਿਲਾਂ ਆਪਣੀਆਂ ਜਰੂਰਤਾਂ ਦੇ ਬਾਰੇ ਸੋਚਦੇ ਸੀ। ਸ਼ਾਇਦ ਤੁਸੀਂ ਇੱਕ ਗ਼ਰੀਬ ਵਿਅਕਤੀ ਨੂੰ ਵੇਖਦੇ ਸੀ, ਪਰ ਤੁਸੀਂ ਸੋਚਦੇ ਸੀ, "ਮੈਨੂੰ ਤਾਂ ਆਪ ਪੈਸਿਆਂ ਦੀ ਜਰੂਰਤ ਹੈ। ਮੈਂ ਇਸ ਵਿਅਕਤੀ ਨੂੰ ਕੁਝ ਨਹੀਂ ਦੇ ਸਕਦਾ।" ਇੱਕ ਮਸੀਹੀ ਦੇ ਤੌਰ ਤੇ ਤੁਸੀਂ ਪਰਮੇਸ਼ੁਰ ਦੇ ਵਚਨ ਵਿੱਚ ਪੜਦੇ ਹੋ, "ਜਿਹੜਾ ਦੀਣਾਂ ਨੂੰ ਦਾਨ ਕਰਦਾ ਹੈ ਉਹ ਨੂੰ ਕੋਈ ਥੁੜ ਨਾ ਹੋਵੇਗੀ" (ਕਹਾਉਤਾਂ 28:27)। ਤੁਸੀਂ ਯਿਸੂ ਦੇ ਵਚਨਾਂ ਨੂੰ ਸੁਣਦੇ ਹੋ, "ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ, ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ" (ਲੂਕਾ 6:38)। ਤੁਸੀਂ ਪੈਸੇ ਦੇ ਬਾਰੇ ਮਸੀਹ ਦੀ ਤਰ੍ਹਾਂ ਸੋਚਣਾ ਸ਼ੁਰੂ ਕਰਦੇ ਹੋ। ਤੁਸੀਂ ਪਰਮੇਸ਼ੁਰ ਦੇ ਵਚਨ ਦੁਆਰਾ ਮਸੀਹ ਦੇ ਮਨ ਨੂੰ ਪ੍ਰਾਪਤ ਕਰ ਰਹੇ ਹੋ।

ਮਸੀਹੀ ਬਣਨ ਤੋਂ ਪਹਿਲਾਂ ਅਸੀਂ ਸਾਡਾ ਨੁਕਸਾਨ ਕਰਨ ਵਾਲਿਆਂ ਦਾ ਨੁਕਸਾਨ ਕਰਨ ਦਾ ਯਤਨ ਕਰਦੇ ਸੀ। ਜਦੋਂ ਕੋਈ ਸਾਨੂੰ ਦੁੱਖ ਪਹੁੰਚਾਉਂਦਾ ਸੀ ਤਾਂ ਅਸੀਂ ਕ੍ਰੋਧ ਦੇ ਪ੍ਰਤੀਕਿਰਿਆ ਕਰਦੇ ਸੀ। ਪਰ ਮਸੀਹੀਆਂ ਦੇ ਤੌਰ ਤੇ, ਅਸੀਂ ਪੜਦੇ ਹਾਂ, "ਰਹਿਮਦਿਲੀ ਨੂੰ ਪਹਿਨ ਲਵੋ" (ਕੁਲੁੱਸੀਆਂ 3:12)। ਅਸੀਂ ਪੜਦੇ ਹਾਂ, "ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ ਅਸੀਸ ਦਿਓ ਕਿਉਂ ਜੋ ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ" (1 ਪਤਰਸ 3:9)। ਅਸੀਂ ਸਤਾਉਣ ਵਾਲਿਆਂ ਦੇ ਪ੍ਰਤੀ ਉਸੇ ਪ੍ਰਕਾਰ ਵਿਵਹਾਰ ਕਰਨਾ ਅਰੰਭ ਕਰਦੇ ਹਾਂ ਜਿਵੇਂ ਯਿਸੂ ਆਪਣੇ ਸਤਾਉਣ ਵਾਲਿਆਂ ਦੇ ਨਾਲ ਕਰਦਾ ਸੀ। ਅਸੀਂ ਪਰਮੇਸ਼ੁਰ ਦੇ ਵਚਨ ਮਸੀਹ ਦੇ ਮਨ ਨੂੰ ਪ੍ਰਾਪਤ ਕਰਦੇ ਹਾਂ।

## ਸਾਡੇ ਮਨ ਪ੍ਰਤੀਦਿਨ ਦੇ ਸਮਰਪਣ ਨਾਲ ਪਰਿਵਰਤਿਤ ਹੁੰਦੇ ਹਨ

ਪੌਲੁਸ ਨੇ ਫ਼ਿਲਿੱਪੀਆਂ ਨੂੰ ਕਿਹਾ ਕਿ ਉਹ ਆਪਣੇ ਵਿੱਚ ਮਸੀਹ ਵਾਲਾ ਮਨ ਰੱਖਣ। ਉਸਨੇ ਇਸ ਮਨ ਦਾ ਵਰਣਨ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਇਹ ਕਿਵੇਂ ਹੋ ਸਕਦਾ ਹੈ। ਉਨ੍ਹਾਂ ਨੂੰ ਵਫ਼ਾਦਾਰ ਆਗਿਆਕਾਰੀ ਦੇ ਦੁਆਰਾ ਲਗਾਤਾਰ ਆਪਣੀ ਮੁਕਤੀ ਦੇ ਕੰਮ ਨੂੰ ਨਿਭਾਉਣਾ ਚਾਹੀਦਾ ਹੈ-ਇਹ ਮੁਕਤੀ ਨੂੰ ਕਮਾਉਣ ਦੇ ਲਈ ਨਹੀਂ ਹੈ-ਪਰ ਇਸ ਲਈ ਕਿਉਂਕਿ ਪਰਮੇਸ਼ੁਰ ਪਹਿਲਾਂ ਤੋਂ ਕੰਮ ਕਰ ਰਿਹਾ ਹੈ "ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ" (ਫ਼ਿਲਿੱਪੀਆਂ 2:12-13)। ਜਦੋਂ ਉਹ ਹਲੀਮੀ ਦੇ ਨਾਲ ਪਰਮੇਸ਼ੁਰ ਦੇ ਅੱਗੇ ਸਮਰਪਣ ਕਰਦੇ ਹਨ, ਉਹ ਉਨ੍ਹਾਂ ਨੂੰ ਭਗਤੀ ਦਾ ਜੀਵਨ ਜਿਉਣ ਲਈ ਇੱਛਾ ("ਮਨਸ਼ਾ ਰੱਖਣ ਲਈ") ਅਤੇ ਸ਼ਕਤੀ ("ਕੰਮ ਕਰਨ ਲਈ") ਪ੍ਰਦਾਨ ਕਰਦਾ ਹੈ।

ਜਦੋਂ ਅਸੀਂ ਇੱਕ ਸਮਰਪਿਤ ਜੀਵਨ ਜਿਉਂਦੇ ਹਾਂ, ਤਾਂ ਪਵਿੱਤਰ ਆਤਮਾ ਸਾਡੇ ਅੰਦਰ ਉਹੀ ਵਿਸ਼ੇਸ਼ਤਾਵਾਂ ਪੈਦਾ ਕਰਦਾ ਹੈ ਜੋ ਯਿਸੂ ਦੇ ਜੀਵਨ ਅਤੇ ਸੇਵਕਾਈ ਦੇ ਵਿੱਚ ਸਨ। ਅਸੀਂ ਮਸੀਹ ਦੇ ਮਨ ਨੂੰ ਆਪਣੇ ਯਤਨਾਂ ਦੇ ਭਾਲ ਨਹੀਂ ਸਕਦੇ; ਅਸੀਂ ਸਮਰਪਣ ਦੇ ਦੁਆਰਾ ਮਸੀਹ ਦੇ ਮਨ ਨੂੰ ਪ੍ਰਾਪਤ ਕਰਦੇ ਹਾਂ।

ਇਹ ਪ੍ਰਤੀਦਿਨ ਦਾ ਸਮਰਪਣ ਹੋਣਾ ਚਾਹੀਦਾ ਹੈ। ਪੌਲੁਸ ਸਾਨੂੰ ਆਪਣੇ ਸਰੀਰਾਂ ਨੂੰ ਜਿਉਂਦੇ ਬਲੀਦਾਨ ਵੱਜੋਂ ਪੇਸ਼ ਕਰਨ ਦੇ ਲਈ ਕਹਿੰਦਾ ਹੈ (ਰੋਮੀਆਂ 12:1)। ਇੱਕ ਜਿਉਂਦਾ ਬਲੀਦਾਨ ਮੁਰਦਾ ਨਹੀਂ ਹੁੰਦਾ; ਇਹ ਲਗਾਤਾਰ ਜਿਉਂਦਾ ਰਹਿੰਦਾ ਹੈ। **ਇੱਕ ਅਜਿਹਾ ਸਮਰਪਣ** ਹੈ ਜਿਸਦੇ ਦੁਆਰਾ ਅਸੀਂ ਆਪਣੀ ਪੂਰਨ ਇੱਛਾ ਨੂੰ ਪਰਮੇਸ਼ੁਰ ਦੇ ਅੱਗੇ ਸਮਰਪਣ ਕਰਦੇ ਹਾਂ, ਪਰ **ਬਹੁਤ ਸਾਰੇ ਅਜਿਹੇ ਸਮਰਪਣ** ਹਨ ਜੋ ਉਸਦੀ ਇੱਛਾ ਦੇ ਅੱਗੇ ਲਗਾਤਾਰ ਪ੍ਰਤੀਦਿਨ ਕਰਨੇ ਪੈਂਦੇ ਹਨ।

ਨੈਂਸੀ ਲੈਅ ਡੇਮੋਸ ਸਮਰਪਿਤ ਜੀਵਨ ਦਾ ਇੱਕ ਚਿੱਤਰ ਪੇਸ਼ ਕਰਦੀ ਹੈ।[44] ਜਦੋਂ ਤੁਸੀਂ ਇੰਨਾਂ ਵਰਣਨਾਂ ਨੂੰ ਪੜ੍ਹਦੇ ਹੋ, ਤਾਂ ਪੁੱਛੋ, "ਕੀ ਮੈਂ ਇਸ ਖੇਤਰ ਦੇ ਵਿੱਚ ਪ੍ਰਤੀਦਿਨ ਸਮਰਪਣ ਦੇ ਵਿੱਚ ਜੀ ਰਿਹਾ ਹਾਂ? ਕੀ ਮੈਂ ਇਸ ਖੇਤਰ ਦੇ ਵਿੱਚ ਮਸੀਹ ਦਾ ਮਨ ਵਿਖਾ ਰਿਹਾ ਹਾਂ?"

- ਜਦੋਂ ਤੁਹਾਡਾ ਮਨ ਅਲੋਚਨਾਤਮਕ ਸ਼ਬਦਾਂ ਨੂੰ ਦੁਹਰਾਉਣਾ ਚਾਹੁੰਦਾ ਹੈ, ਆਤਮਾ ਕਹਿੰਦਾ ਹੈ, "ਕਿਸੇ ਦੀ ਬਦਨਾਮੀ ਨਾ ਕਰੋ" (ਤੀਤੁਸ 3:2)। ਸਮਰਪਿਤ ਦਿਲ ਕਹਿੰਦਾ ਹੈ, "ਹਾਂ।"
- ਜਦੋਂ ਸਰੀਰ ਕਠਿਨਾਈਆਂ ਦੇ ਬਾਰੇ ਸ਼ਿਕਾਇਤ ਕਰਨੀ ਚਾਹੁੰਦਾ ਹੈ, ਆਤਮਾ ਕਹਿੰਦਾ ਹੈ, "ਹਰ ਹਾਲਤ ਦੇ ਵਿੱਚ ਧੰਨਵਾਦ ਕਰੋ" (1 ਥੱਸਲੁਨੀਕੀਆਂ 5:18)। ਸਮਰਪਿਤ ਦਿਲ ਕਹਿੰਦਾ ਹੈ, "ਹਾਂ।"
- ਜਦੋਂ ਤੁਹਾਡਾ ਸਰੀਰ ਤੁਹਾਡੇ ਤਰਕਹੀਣ ਮਾਲਕ (ਬੌਸ) ਦਾ ਵਿਰੋਧ ਕਰਨਾ ਚਾਹੁੰਦਾ ਹੈ, ਆਤਮਾ ਕਹਿੰਦਾ ਹੈ, "ਪ੍ਰਭੂ ਦੇ ਨਮਿੱਤ ਮਨੁੱਖ ਦੇ ਹਰੇਕ ਪਰਬੰਧ ਦੇ ਅਧੀਨ ਹੋਵੋ" (1 ਪਤਰਸ 2:13)। ਸਮਰਪਿਤ ਦਿਲ ਕਹਿੰਦਾ ਹੈ, "ਹਾਂ।"

ਜਦੋਂ ਅਸੀਂ ਸਮਰਪਣ ਕਰਦੇ ਹਾਂ, ਤਾਂ ਜੋ ਆਤਮਾ ਮਸੀਹ ਦੇ ਵਿੱਚ ਵੱਸਦਾ ਸੀ, ਉਹੀ ਸਾਡੇ ਵਿੱਚ ਵਾਸ ਕਰਦਾ ਹੈ। ਆਤਮਾ ਦੇ ਦੁਆਰਾ-ਸਾਡੇ ਆਪਣੇ ਭਲੇ ਇਰਾਇਦਾਂ ਦੁਆਰਾ ਨਹੀਂ-ਸਾਨੂੰ ਸਮਰੱਥਾ ਮਿਲਦੀ ਹੈ ਕਿ ਅਸੀਂ ਪ੍ਰਤੀਦਿਨ ਦੇ ਜੀਵਨ ਦੀਆਂ ਨਿਰਾਸ਼ਾਵਾਂ, ਸੇਵਕਾਈ ਦੇ ਵਿੱਚ ਆਉਣ ਵਾਲੀ ਨਿਰਾਸ਼ਾ ਅਤੇ ਸ਼ੈਤਾਨ ਦੁਆਰਾ ਆਉਣ ਵਾਲੀ ਪ੍ਰੀਖਿਆ ਦੇ ਅੱਗੇ ਮਸੀਹ ਦੇ ਸਮਾਨ ਪ੍ਰਤੀਕਿਰਿਆ ਕਰਨ ਦਾ ਬਲ ਪ੍ਰਾਪਤ ਕਰਦੇ ਹਾਂ।

> "ਪਵਿੱਤਰ ਜੀਵਨ ਜਿਉਣ ਦਾ ਭੇਤ ਯਿਸੂ ਦੀ ਰੀਸ ਕਰਨ ਦੇ ਵਿੱਚ ਨਹੀਂ, ਪਰ ਯਿਸੂ ਨੂੰ ਮੇਰੇ ਜੀਵਨ ਵਿੱਚ ਆਪਣਾ ਪ੍ਰਗਟਾਵਾ ਕਰਨ ਦੇਣਾ ਹੈ.... ਸ਼ੁੱਧੀਕਰਨ ਦਾ ਅਰਥ ਯਿਸੂ ਦੇ ਕੋਲੋਂ ਪਵਿੱਤਰ ਰਹਿਣ ਦਾ ਬਲ ਲੈਣਾ ਨਹੀਂ ਹੈ; ਇਹ ਉਸ ਪਵਿੱਤਰਤਾਈ ਨੂੰ ਲੈਣਾ ਹੈ ਜੋ ਉਸਦੇ ਵਿੱਚ ਪ੍ਰਗਟ ਹੋਈ ਸੀ"
>
> -ਓਸਵਾਲਡ ਚੈਂਬਰਜ਼

► ਹਾਲ ਹੀ ਦੇ ਵਿੱਚ ਕਿਸੇ ਅਜਿਹੇ ਸਮੇਂ ਨੂੰ ਸਾਂਝਾ ਕਰੋ ਜਦੋਂ ਸਰੀਰ ਦੀਆਂ ਇੱਛਾਵਾਂ ਦਾ ਪਰਮੇਸ਼ੁਰ ਦੀ ਇੱਛਾ ਦੇ ਨਾਲ ਵਿਰੋਧ ਹੋਇਆ। ਪ੍ਰੀਖਿਆ ਦੇ ਸਮੇਂ ਤੁਸੀਂ ਪ੍ਰਤੀਦਿਨ ਦੇ ਸਮਰਪਣ ਨੂੰ ਕਿਵੇਂ ਜੀਵਿਆ? ਕੀ ਤੁਹਾਡੇ ਜੀਵਨ ਵਿੱਚ ਕੋਈ ਮੌਜੂਦਾ ਪ੍ਰੀਖਿਆ ਹੈ ਜਿਸਦੇ ਵਿੱਚ ਤੁਹਾਨੂੰ ਇੱਕ ਵਾਰ ਫਿਰ ਤੋਂ ਪਰਮੇਸ਼ੁਰ ਦੀ ਇੱਛਾ ਦੇ ਅੱਗੇ ਸਮਰਪਣ ਕਰਨਾ ਚਾਹੀਦਾ ਹੈ?ਕਲਾਸ ਦੇ ਰੂਪ ਵਿੱਚ, ਇੰਨਾਂ ਖੇਤਰਾਂ ਦੇ ਬਾਰੇ ਇੱਕ ਦੂਸਰੇ ਦੇ ਲਈ ਪ੍ਰਾਥਨਾ ਕਰੋ।

---

[44] Nancy Leigh DeMoss, *Surrender (ਸਮਰਪਣ)* ਤੋਂ ਲਿਆ ਗਿਆ (Chicago: Moody Press, 2008), 223-224.

## ਸਮਾਪਤੀ: ਪਰਮੇਸ਼ੁਰ ਮਸੀਹ ਜਿਹੇ ਪਿਆਰ ਦੇ ਦੁਆਰਾ ਕੰਮ ਕਰਦਾ ਹੈ

ਅਸੀਂ ਇੱਕ ਪਰੇਸ਼ਾਨ ਸੰਸਾਰ ਦੇ ਵਿੱਚ ਰਹਿੰਦੇ ਹਾਂ। ਇੰਨ੍ਹਾਂ ਸਬਕਾਂ ਨੂੰ ਪੜ੍ਹਣ ਵਾਲੇ ਬਹੁਤ ਸਾਰੇ ਲੋਕ ਅਜਿਹੇ ਹਾਲਤਾਂ ਵਿੱਚ ਰਹਿੰਦੇ ਹਨ ਜਿੱਥੇ ਕਲੀਸਿਆ ਨੂੰ ਸਰਕਾਰ, ਝੂਠੇ ਧਰਮਾਂ ਅਤੇ ਸਮਾਜਿਕ ਦਬਾਅ ਦੇ ਦੁਆਰਾ ਧਮਕਾਇਆ ਜਾਂਦਾ ਹੈ। ਕੀ ਇਹ ਸੋਚਣਾ ਤਰਕਸ਼ੀਲ ਹੈ ਕਿ ਅਸੀਂ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਰਕੇ ਇਸ ਸੰਸਾਰ ਨੂੰ ਬਦਲ ਸਕਦੇ ਹਾਂ? ਜਦੋਂ ਸਾਡਾ ਦੁਸ਼ਮਣ ਸਾਨੂੰ ਮਾਰਨ ਦੇ ਯਤਨ ਕਰ ਰਿਹਾ ਹੈ ਤਾਂ ਅਸੀਂ ਆਪਣੇ ਦੁਸ਼ਮਣਾਂ ਦੇ ਨਾਲ ਪਿਆਰ ਕਿਵੇਂ ਕਰ ਸਕਦੇ ਹਾਂ?

ਇੱਕ ਰਿਪੋਟਰ ਨੇ ਬਗ਼ਦਾਦ ਦੇ ਵਿੱਚ ਰਹਿਣ ਵਾਲੇ ਇੱਕ ਇਰਾਕੀ ਮਸੀਹੀ ਦੇ ਨਾਲ ਗੱਲਬਾਤ ਕੀਤੀ। [45] ਜਦੋਂ ਰਿਪੋਟਰ ਇਸ ਆਦਮੀ ਦੇ ਨਾਲ ਗੱਲ ਕਰ ਰਿਹਾ ਸੀ, ਤਾਂ ਆਈ ਐਸ ਆਈ ਐਸ ਉਸਦੇ ਘਰ ਤੋਂ 40 ਮਿੰਟ ਦੀ ਦੂਰੀ ਤੇ ਸਨ। ਰਿਪੋਟਰ ਨੇ ਪੁੱਛਿਆ, "ਕੀ ਤੁਹਾਡੀ ਕਲੀਸਿਆ ਹੁਣ ਵੀ ਅਰਾਧਨਾ ਦੇ ਲਈ ਇਕੱਠੀ ਹੁੰਦੀ ਹੈ?" ਮਸੀਹੀ ਨੇ ਉੱਤਰ ਦਿੱਤਾ: "ਜੀ ਹਾਂ! ਅਸਲ ਵਿੱਚ ਅਸੀਂ ਆਪਣੀ ਕਲੀਸਿਆ ਦੇ ਵਿੱਚ ਦੋ ਨਵੇਂ ਪ੍ਰਾਥਨਾ ਸਮੂਹ ਸ਼ੁਰੂ ਕੀਤੇ ਹਨ-ਇੱਕ ਜੋ ਉੱਤਰ ਦੇ ਵਿੱਚ ਸਤਾਏ ਹੋਏ ਲੋਕਾਂ ਦੇ ਲਈ ਪ੍ਰਾਥਨਾ ਕਰਦਾ ਹੈ, ਅਤੇ ਦੂਸਰਾ ਸਮੂਹ ਸਾਡੇ ਦੁਸ਼ਮਣਾਂ ਦੇ ਲਈ ਪ੍ਰਾਥਨਾ ਕਰਦਾ ਹੈ।"

ਬਗ਼ਦਾਦ ਦੇ ਵਿੱਚ ਸੈਂਟ ਜੌਰਜ਼ ਕਲੀਸਿਆ ਦੇ ਮੈਂਬਰ ਆਪਣੇ ਦੁਸ਼ਮਣਾਂ ਦੇ ਲਈ ਪ੍ਰਾਥਨਾ ਕਰਦੇ ਹਨ। ਉਹ ਮੁਸਲਿਮ ਵਿਧਵਾਵਾਂ ਨੂੰ ਖਾਣੇ ਦੇ ਪੈਕੇਟ ਦਿੰਦੇ ਹਨ। ਉਹ ਆਪਣੇ ਦੁਸ਼ਮਣਾਂ ਨੂੰ ਪਿਆਰ ਕਰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਯਿਸੂ ਦੇ ਨਮੂਨੇ ਤੇ ਚੱਲਣ ਦੇ ਲਈ ਸੱਦਿਆ ਗਿਆ ਹੈ।

ਇਹ ਲੇਖ ਸਾਨੂੰ ਉਸ ਸਚਿਆਈ ਦੀ ਯਾਦ ਦਿਵਾਉਂਦਾ ਹੈ ਜੋ ਪੂਰੇ ਇਤਿਹਾਸ ਦੇ ਵਿੱਚ ਵੇਖੀ ਜਾ ਸਕਦੀ ਹੈ। ਪਰਮੇਸ਼ੁਰ ਦਾ ਕੰਮ ਕਰਨ ਦਾ ਤਰੀਕਾ ਅਕਸਰ ਮਨੁੱਖ ਦੇ ਕੰਮ ਕਰਨ ਦੇ ਤਰੀਕੇ ਨਾਲੋਂ ਅਲੱਗ ਹੁੰਦਾ ਹੈ। ਮਨੁੱਖ ਨੇ ਮੱਧ ਯੁੱਗ ਦੇ ਵਿੱਚ ਮੁਸਲਿਮ ਲੋਕਾਂ ਦੇ ਵਿਰੁੱਧ ਸੈਨਿਕ ਧਰਮ ਯੁੱਧ ਦੇ ਦੁਆਰਾ ਕੰਮ ਕੀਤਾ; ਪਰਮੇਸ਼ੁਰ ਰੇਮੋਂਡ ਲੱਲ ਦੇ ਦੁਆਰਾ ਕੰਮ ਕਰਦਾ ਹੈ ਜੋ ਇਸਲਾਮਿਕ ਸੰਸਾਰ ਦੇ ਵਿੱਚ ਆਪਣੀ ਆਖਰੀ ਮਿਸ਼ਨਰੀ ਯਾਤਰਾ ਦੇ ਦੌਰਾਨ 82 ਸਾਲ ਦੀ ਉਮਰ ਵਿੱਚ ਮਰ ਗਿਆ। ਮਨੁੱਖ ਸੈਨਿਕ ਬਲ ਦੇ ਦੁਆਰਾ ਕੰਮ ਕਰਦਾ ਹੈ; ਪਰਮੇਸ਼ੁਰ ਹਡਸਨ ਟੈਲਰ ਦੇ ਦੁਆਰਾ ਕੰਮ ਕਰਦਾ ਹੈ ਜਿਸਨੇ ਚੀਨ ਦੇ ਵਿੱਚਲੇ ਇਲਾਕਿਆਂ ਤੱਕ ਸ਼ੁਭਸਮਾਚਾਰ ਪਹੁੰਚਾਉਣ ਦੇ ਲਈ ਆਪਣਾ ਜੀਵਨ ਦੇ ਦਿੱਤਾ। ਮਨੁੱਖ ਬਲ ਦੇ ਦੁਆਰਾ ਕੰਮ ਕਰਦਾ ਹੈ; ਪਰਮੇਸ਼ੁਰ ਅਕਸਰ ਨਿਰਬਲਤਾਈ ਦੇ ਦੁਆਰਾ ਕੰਮ ਕਰਦਾ ਹੈ।

---

[45] Mindy Belz, "How Does the Church Move the World?" *World Magazine*, May 27, 2017

ਪਰਮੇਸ਼ੁਰ ਦੇ ਰਾਹ ਕਦੇ ਮਨੁੱਖ ਦੇ ਰਾਹ ਨਹੀਂ ਹੁੰਦੇ। ਪਰ ਅੰਤ ਦੇ ਵਿੱਚ, ਜਿੱਤ ਪਰਮੇਸ਼ੁਰ ਦੀ ਹੀ ਹੁੰਦੀ ਹੈ। ਜਦੋਂ ਮਸੀਹੀ ਯਿਸੂ ਦੀ ਤਰ੍ਹਾਂ ਪਿਆਰ ਕਰਦੇ ਹਨ ਤਾਂ ਸਾਡਾ ਸੰਸਾਰ ਸਦੀਪਕਤਾ ਦੇ ਲਈ ਬਦਲਦਾ ਹੈ। ਬਦਲਾਅ ਧੀਮਾ ਅਤੇ ਅਕਸਰ ਪੀੜਾਦਾਇਕ ਹੁੰਦਾ ਹੈ, ਪਰ ਇਹ ਡਿੱਗੇ ਹੋਏ ਸੰਸਾਰ ਦੇ ਵਿੱਚ ਪਰਮੇਸ਼ੁਰ ਦੇ ਕੰਮ ਕਰਨ ਦਾ ਤਰੀਕਾ ਹੈ।

ਯਿਸੂ ਦੀ ਤਰ੍ਹਾਂ ਸੇਵਕਾਈ ਕਰਨ ਦਾ ਅਰਥ ਹੈ ਕਿ ਅਸੀਂ ਯਿਸੂ ਦੀ ਤਰ੍ਹਾਂ ਪਿਆਰ ਕਰੀਏ। ਇੱਕ ਵਾਰ ਇੱਕ ਬਜ਼ੁਰਗ ਸ਼ੁਭਸਮਾਚਾਰ ਪ੍ਰਚਾਰਕ ਦੇ ਕੋਲੋਂ ਉਸਦੀ ਸੇਵਕਾਈ ਦੇ ਭੇਤ ਬਾਰੇ ਪੁੱਛਿਆ ਗਿਆ। ਉਸਨੇ ਕਿਹਾ, "ਲੋਕ ਇੱਕ ਹੀ ਤਰੀਕੇ ਨਾਲ ਜਾਣ ਸਕਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ, ਉਹ ਇਹ ਹੈ ਕਿ **ਤੁਸੀਂ** ਉਨ੍ਹਾਂ ਨੂੰ ਕਿੰਨਾ ਪਿਆਰ ਕਰਦੇ ਹੋ।" ਸ਼ੁਭਸਮਾਚਾਰ ਪ੍ਰਚਾਰਕ ਸਮਝ ਗਿਆ ਕਿ ਮਸੀਹ ਦਾ ਪਿਆਰ ਸਾਡੇ ਦੁਆਰਾ ਚਮਕਦਾ ਹੈ, ਅਸੀਂ ਸੰਸਾਰ ਨੂੰ ਪਰਮੇਸ਼ੁਰ ਦੇ ਕੋਲ ਲਿਆਉਂਦੇ ਹਾਂ। ਯਿਸੂ ਦੀ ਤਰ੍ਹਾਂ ਪਿਆਰ ਕਰਨ ਦਾ ਇਹੀ ਅਰਥ ਹੈ।

## ਪਾਠ 7 ਅਸਾਇਨਮੈਂਟ

ਇਸ **ਪਾਠ** ਦੇ ਵਿੱਚ ਅਸੀਂ ਵੇਖਿਆ ਹੈ ਯਿਸੂ ਨੇ ਕਿਵੇਂ ਪਿਆਰ ਕੀਤਾ। ਇਹ ਅਸਾਇਨਮੈਂਟ ਤੁਹਾਨੂੰ ਅਜਿਹੇ ਤਰੀਕੇ ਲੱਭਣ ਲਈ ਕਹਿੰਦਾ ਹੈ ਜਿੰਨਾਂ ਦੇ ਦੁਆਰਾ ਤੁਸੀਂ ਆਪਣੇ ਗੁਆਂਢੀਆਂ ਨੂੰ ਪਿਆਰ ਕਰਨ ਦੇ ਵਿੱਚ ਯਿਸੂ ਦੇ ਨਮੂਨੇ ਤੇ ਚੱਲ ਸਕਦੇ ਹੋ। ਇਸ ਕੰਮ ਨੂੰ ਕਰਨ ਦੇ ਵਿੱਚ ਜਿਆਦਾ ਸਮਾਂ ਨਹੀਂ ਲੱਗਦਾ; ਪਰ ਇਸਦਾ ਲਾਗੂਕਰਨ ਕਰਨ ਦੇ ਵਿੱਚ ਲੰਬਾ ਸਮਾਂ ਲੱਗ ਸਕਦਾ ਹੈ! ਇਸਦਾ ਲਾਗੂਕਰਨ ਕਰਨ ਦੇ ਵਿੱਚ ਅਸਫਲ ਨਾ ਹੋਵੋ। ਸਾਨੂੰ ਯਿਸੂ ਦੀ ਤਰ੍ਹਾਂ ਪਿਆਰ ਕਰਨ ਦੇ ਲਈ ਬੁਲਾਇਆ ਗਿਆ ਹੈ।

ਸ਼ੁਭਸਮਾਚਾਰਾਂ ਦੇ ਵਿੱਚੋਂ ਯਿਸੂ ਦੁਆਰਾ ਲੋਕਾਂ ਨਾਲ ਪਿਆਰ ਕਰਨ ਦੇ ਤਿੰਨ ਨਮੂਨੇ ਦਵੋ। ਫਿਰ ਆਪਣੇ ਜੀਵਨ ਦੇ ਲਈ ਤਿੰਨ ਖਾਸ ਲਾਗੂਕਰਨ ਦਿਓ। ਤੁਸੀਂ ਯਿਸੂ ਦੇ ਨਮੂਨੇ ਤੇ ਕਿਵੇਂ ਚੱਲੋਗੇ? ਇਹ ਅਸਾਇਨਮੈਂਟ ਤੁਹਾਡੇ ਲਈ ਹੈ; ਜਿੰਨਾ ਹੋ ਸਕਦਾ ਹੈ ਉਨੇ ਖਾਸ ਤੌਰ ਤੇ ਲਿਖੋ।

| ਯਿਸੂ ਦੀ ਉਦਾਹਰਨ | ਮੇਰਾ ਲਾਗੂਕਰਨ |
|---|---|
| | |
| | |
| | |

## ਪਾਠ 8

# ਸਲੀਬ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਦੁੱਖਾਂ ਦੇ ਹਫ਼ਤੇ ਦੇ ਦੌਰਾਨ ਯਿਸੂ ਦੀ ਸੇਵਕਾਈ ਦੇ ਪ੍ਰਤੀ ਵੱਖ-ਵੱਖ ਪ੍ਰਤੀਕਿਰਿਆਵਾਂ ਦੀ ਪਹਿਚਾਣ ਕਰਨੀ।

(2) ਅੰਜੀਰ ਦੇ ਰੁੱਖ ਨੂੰ ਸ਼ਰਾਪ ਦੇਣ ਦੀ ਜੀਵਿਤ ਦ੍ਰਿਸ਼ਟਾਂਤ ਨੂੰ ਸਮਝਣਾ।

(3) ਉਸ ਕਮਜ਼ੋਰੀ ਨੂੰ ਸਮਝਣਾ ਜਿਸ ਦੇ ਕਾਰਨ ਪਤਰਸ ਅਸਫਲ ਹੋਇਆ।

(4) ਸਲੀਬ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਮਸੀਹੀ ਜੀਵਨ ਅਤੇ ਸੇਵਕਾਈ ਦੀ ਨੀਂਹ ਵੱਜੋਂ ਪ੍ਰਸ਼ੰਸਾ ਕਰਨੀ।

### ਸੇਵਕਾਈ ਦੇ ਲਈ ਸਿਧਾਂਤ

ਸਾਰੀ ਪ੍ਰਭਾਵਸ਼ਾਲੀ ਸੇਵਕਾਈ ਸਲੀਬ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਮਰੱਥਾ ਦੁਆਰਾ ਹੀ ਕੀਤੀ ਜਾਂਦੀ ਹੈ।

### ਜਾਣ-ਪਛਾਣ

ਸ਼ੁਭਸਮਾਚਾਰਾਂ ਦੀ ਕਹਾਣੀ ਦਾ ਸਿਖਰ ਯਿਸੂ ਦੁੱਖਾਂ ਦੀ ਕਹਾਣੀ ਦੇ ਵਿੱਚ ਆਉਂਦਾ ਹੈ। ਸ਼ੁਭਸਮਾਚਾਰਾਂ ਦੇ ਕੁੱਲ 89 ਅਧਿਆਇਆਂ ਦੇ ਵਿੱਚੋਂ 30 ਅਧਿਆਏ ਯਰੂਸ਼ਲਮ ਦੇ ਵਿੱਚ ਜੇਤੂ ਦਾਖਲੇ ਤੋਂ ਲੈ ਕੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਲਈ ਸਮਰਪਿਤ ਕੀਤੇ ਗਏ ਹਨ। ਯੂਹੰਨਾ ਦਾ ਲਗਭਗ ਅੱਧਾ ਸ਼ੁਭਸਮਾਚਾਰ ਇਸੇ ਹਫ਼ਤੇ ਦੇ ਬਾਰੇ ਹੈ। ਇਹ ਯਿਸੂ ਦੇ ਸਾਰੇ ਜੀਵਨ ਅਤੇ ਉਸਦੀ ਸੇਵਕਾਈ ਦਾ ਸਿਖਰ ਹੈ। ਇਸ ਪਾਠ ਦੇ ਵਿੱਚ ਅਸੀਂ ਧਰਤੀ ਤੇ ਯਿਸੂ ਦੀ ਸੇਵਕਾਈ ਦੇ ਅੰਤਿਕ ਹਫ਼ਤੇ ਦੇ ਵਿੱਚੋਂ ਸਾਡੇ ਜੀਵਨ ਅਤੇ ਸੇਵਕਾਈ ਦੇ ਲਈ ਪਾਠ ਸਿੱਖਾਂਗੇ।

► ਪਾਠ ਨੂੰ ਜਾਰੀ ਰੱਖਣ ਤੋਂ ਪਹਿਲਾਂ, ਇੰਨ੍ਹਾਂ ਦੋ ਪ੍ਰਸ਼ਨਾਂ ਦੀ ਚਰਚਾ ਕਰੋ:

- ਸਲੀਬੀਕਰਨ ਦਾ ਮੇਰੇ ਲਈ ਕੀ ਅਰਥ ਹੈ, ਸਿੱਖਿਆ ਦੇ ਵੱਜੋਂ ਅਤੇ ਨਿੱਜੀ ਤੌਰ ਤੇ*?*
- ਮੁਰਦਿਆਂ ਵਿੱਚੋਂ ਜੀ ਉੱਠਣ ਦਾ ਮੇਰੇ ਲਈ ਕੀ ਅਰਥ ਹੈ, ਸਿੱਖਿਆ ਦੇ ਵੱਜੋਂ ਅਤੇ ਨਿੱਜੀ ਤੌਰ ਤੇ*?*

## ਯਿਸੂ ਦੇ ਪ੍ਰਤੀ ਪ੍ਰਤੀਕਿਰਿਆਵਾਂ: ਯਿਸੂ ਦੀ ਜਨਤਕ ਸੇਵਕਾਈ ਦਾ ਅੰਤਿਮ ਹਫ਼ਤਾ

ਸ਼ੁਭਸਮਾਚਾਰ ਲਿਖਾਰੀਆਂ ਨੇ ਮੁੱਢਲਾ ਜ਼ੋਰ ਉਨ੍ਹਾਂ ਲੋਕਾਂ ਦੀ ਪ੍ਰਤੀਕਿਰਿਆ ਸੀ ਜੋ ਯਿਸੂ ਨੂੰ ਮਿਲੇ। ਉਦਾਹਰਨ ਦੇ ਲਈ, ਯਿਸੂ ਦੀ ਸੇਵਕਾਈ ਦੇ ਅਰੰਭ ਵਿੱਚ, ਮੱਤੀ ਜੋਤਸ਼ੀਆਂ ਦੀ ਅਰਾਧਨਾ ਦੀ ਤੁਲਨਾ ਹੇਰੋਦੇਸ ਦੀ ਪ੍ਰਤੀਕਿਰਿਆ ਦੇ ਨਾਲ ਕਰਦਾ ਹੈ ਜਿਸਨੇ ਇਸ ਵਿਰੋਧੀ ਰਾਜੇ ਨੂੰ ਮਾਰਨ ਯਤਨ ਕੀਤਾ। ਯੂਹੰਨਾ ਇੱਕ ਯਹੂਦੀ ਧਰਮ ਗੁਰੂ ਨਿਕੁਦਿਮੁਸ ਦੀ ਪ੍ਰਤੀਕਿਰਿਆ ਦੀ ਤੁਲਨਾ, ਖੂਹ ਤੇ ਮਿਲਣ ਵਾਲੀ ਅਸਿੱਖਿਅਤ ਔਰਤ ਦੇ ਨਾਲ ਕਰਦਾ ਹੈ।

► ਪੜ੍ਹੋ ਮੱਤੀ 10:32-39.

ਕੋਈ ਵੀ ਯਿਸੂ ਦੇ ਸੰਦੇਸ਼ ਦੇ ਪ੍ਰਤੀ ਨਿਰਪੱਖ ਨਹੀਂ ਰਹਿ ਸਕਦਾ; ਜਾਂ ਤਾਂ ਅਸੀਂ ਉਸਦੇ ਦਾਅਵਿਆਂ ਨੂੰ ਸਵੀਕਾਰ ਕਰ ਲੈਂਦੇ ਹਾਂ ਜਾਂ ਉਸਦਾ ਇਨਕਾਰ ਕਰ ਦਿੰਦੇ ਹਾਂ। ਯਿਸੂ ਨੇ ਆਪਣੀ ਸੇਵਕਾਈ ਦਾ ਵਰਣਨ ਅਜਿਹੀ ਤਲਵਾਰ ਦੇ ਵੱਜੋਂ ਕੀਤਾ ਜੋ ਇੰਨਾਂ ਦੋ ਸਮੂਹਾਂ ਨੂੰ ਅਲੱਗ ਕਰਦੀ ਹੈ। ਪਰਿਵਾਰ ਯਿਸੂ ਦੇ ਪ੍ਰਤੀ ਉਨ੍ਹਾਂ ਦੀ ਪ੍ਰਤੀਕਿਰਿਆ ਦੇ ਵਿੱਚ ਵੰਡੇ ਗਏ; ਇੱਥੋਂ ਤੱਕ ਕਿ ਯਿਸੂ ਦੇ ਆਪਣੇ ਪਰਿਵਾਰ ਨੇ ਪ੍ਰੀਖਿਆ ਦਾ ਸਾਹਮਣਾ ਕੀਤਾ (ਯੂਹੰਨਾ 7:5, ਮਰਕੁਸ 3:21)। ਕੋਈ ਵੀ ਨਿਰਪੱਖ ਨਹੀਂ ਰਹਿ ਸਕਿਆ।

ਯਿਸੂ ਦੇ ਪ੍ਰਤੀ ਵੱਖ-ਵੱਖ ਵਿਰੋਧੀ ਪ੍ਰਤੀਕਿਰਿਆਵਾਂ ਉਸਦੀ ਜਨਤਕ ਸੇਵਕਾਈ ਦੇ ਅੰਤਿਮ ਹਫ਼ਤੇ ਵਿੱਚ ਹੋਰ ਵੀ ਜਿਆਦਾ ਨਾਟਕੀ ਬਣ ਗਈਆਂ। ਇਹ ਵਿਰੋਧੀ ਧਾਰਨਾਵਾਂ ਸਲੀਬ ਦੇ ਵੀ ਜਾਰੀ ਰਹੀਆਂ, ਜਿਸ ਵਿੱਚ ਦੋ ਚੋਰਾਂ ਨੇ ਯਿਸੂ ਦੇ ਪ੍ਰਤੀ ਬਹੁਤ ਅਲੱਗ ਤਰੀਕੇ ਨਾਲ ਪ੍ਰਤੀਕਿਰਿਆਵਾਂ ਕੀਤੀਆਂ।

### ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰਨ ਦੇ ਪ੍ਰਤੀ ਪ੍ਰਤੀਕਿਰਿਆਵਾਂ

► ਪੜ੍ਹੋ ਯੂਹੰਨਾ 11:1-57.

ਇੱਥੋਂ ਤੱਕ ਕਿ ਲਾਜ਼ਰ ਨੂੰ ਜਿਉਂਦਾ ਕਰਨ ਤੋਂ ਪਹਿਲਾਂ, ਧਾਰਮਿਕ ਆਗੂਆਂ ਨੇ ਯਿਸੂ ਦਾ ਵਿਰੋਧ ਕੀਤਾ। ਜਦੋਂ ਯਿਸੂ ਪਰਤਿਸਠਾ ਦੇ ਪਰਬ ਦੌਰਾਨ ਸਰਦੀਆਂ ਦੇ ਵਿੱਚ ਹੈਕਲ ਦੇ ਵਿੱਚ ਗਿਆ, ਜਾਂ ਯਹੂਦੀਆਂ ਆਗੂਆਂ ਨੇ ਉਸ ਤੇ ਈਸ਼ਵਰ ਨਿੰਦਾ ਦਾ ਦੋਸ਼ ਲਗਾਇਆ ਅਤੇ ਉਸ ਤੇ ਪਥਰਾਅ ਕਰਨ ਦਾ ਯਤਨ ਕੀਤਾ। ਕਿਉਂਕਿ ਇਹ ਅਜੇ ਉਸਦੇ ਬਲੀਦਾਨ ਦਾ ਸਮਾਂ ਨਹੀਂ ਸੀ, ਯਿਸੂ ਉਨ੍ਹਾਂ ਦੇ ਵਿੱਚੋਂ ਨਿੱਕਲ ਕੇ ਯਰਦਨ ਦੇ ਨੇੜੇ ਹੁੰਦੇ ਹੋਏ ਧਾਰਮਿਕ ਕੇਂਦਰ ਯਰੂਸ਼ਲਮ ਤੋਂ ਦੂਰ ਚਲਾ ਗਿਆ (ਯੂਹੰਨਾ 10:22-42)।

ਜਦੋਂ ਲਾਜ਼ਰ ਦੀ ਮੌਤ ਦੀ ਖ਼ਬਰ ਆਈ ਤਾਂ ਚੇਲ੍ਹੇ ਜਾਣਦੇ ਸਨ ਕਿ ਯਿਸੂ ਦੇ ਲਈ ਯਹੂਦਿਆ ਦੇ ਵਿੱਚ ਵਾਪਿਸ ਜਾਣਾ ਖ਼ਤਰਨਾਕ ਸੀ। ਬਾਈਬਲ ਵਿੱਚ ਪੜ੍ਹਨ ਵਾਲੇ ਅਕਸਰ ਥੋਮੇ ਦਾ ਉਸਦੇ ਸ਼ੱਕ ਅਤੇ ਨਿਰਾਸਾ ਦੇ ਲਈ ਮਜ਼ਾਕ ਉਡਾਉਂਦੇ ਹਨ, ਪਰ ਉਹ ਆਪਣੇ ਸੁਆਮੀ ਦੇ ਪ੍ਰਤੀ ਵਫ਼ਾਦਾਰ ਸੀ। ਉਹ (ਸਹੀ) ਅੰਦਾਜਾ ਲਗਾਉਂਦਾ ਹੈ ਕਿ ਯਿਸੂ ਯਹੂਦਿਆ ਦੇ ਵਿੱਚ ਮਾਰਿਆ ਜਾਵੇਗਾ, ਪਰ ਥੋਮਾ ਵਫ਼ਾਦਾਰ ਸੀ। ਜਦੋਂ ਯਿਸੂ ਯਹੂਦਿਆ ਮੁੜਣ ਦੇ ਲਈ ਮਜ਼ਬੂਰ ਕਰਦਾ ਹੈ। ਥੋਮਾ ਆਪਣੇ ਸੰਗੀ ਚੇਲ੍ਹਿਆਂ ਨੂੰ ਕਹਿੰਦਾ ਹੈ, "ਆਓ ਅਸੀਂ ਭੀ ਚੱਲੀਏ

ਭਈ ਉਹ ਦੇ ਨਾਲ ਮਰੀਏ” (ਯੂਹੰਨਾ 11:16)। ਥੋਮਾ ਦੁਆਰਾ ਬਾਅਦ ਦੇ ਵਿੱਚ ਕੀਤੇ ਸ਼ੱਕ ਦੇ ਬਾਵਜੂਦ, ਸਾਨੂੰ ਇਸ ਡਰੇ ਹੋਏ ਚੇਲ੍ਹੇ ਦੀ ਵਫ਼ਾਦਾਰੀ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਕੀ ਇਹ ਕੋਈ ਹੈਰਾਨੀ ਦੀ ਗੱਲ ਹੈ ਕਿ ਥੋਮਾ ਭਾਰਤ ਦੇ ਵਿੱਚ ਸ਼ੁਭਸਮਾਚਾਰ ਲੈ ਕੇ ਗਿਆ ਅਤੇ ਉੱਥੇ ਸ਼ਹੀਦ ਹੋਇਆ?

ਬੈਤਅਨਿਯਾ ਜਿਹੇ ਛੋਟੇ ਨਗਰ ਦੇ ਵਿੱਚ ਲਾਜ਼ਰ ਨੂੰ ਜਿਉਂਦਾ ਕਰਨ ਦੀ ਘਟਨਾ ਨੂੰ ਲੁਕਾ ਕੇ ਨਹੀਂ ਰੱਖਿਆ ਜਾ ਸਕਿਆ। ਧਾਰਮਿਕ ਆਗੂ ਇਸ ਨਾਟਕੀ ਘਟਨਾ ਨੂੰ ਲੁਕਾ ਨਹੀਂ ਸਕਦੇ ਸਨ। ਯੂਹੰਨਾ ਇਸ ਚਮਤਕਾਰ ਦੇ ਬਾਰੇ ਅਲੱਗ-ਅਲੱਗ ਪ੍ਰਤੀਕਿਰਿਆਵਾਂ ਨੂੰ ਵਿਖਾਉਂਦਾ ਹੈ।

### *ਭੀੜ ਦੀ ਪ੍ਰਤੀਕਿਰਿਆ*

ਜਿਵੇਂ ਹੀ ਲਾਜ਼ਰ ਦੇ ਜੀ ਉੱਠਣ ਦੀ ਖ਼ਬਰ ਫੈਲੀ, ਤਾਂ ਜਨਤਾ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਯਿਸੂ ਰੋਮ ਦੇ ਰਾਜ ਨੂੰ ਖ਼ਤਮ ਕਰ ਦੇਵੇਗਾ ਅਤੇ ਯਰੂਸ਼ਲਮ ਦੇ ਵਿੱਚ ਦਾਊਦ ਦੇ ਰਾਜ ਨੂੰ ਸਥਾਪਿਤ ਕਰੇਗਾ। ਉਨ੍ਹਾਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਯਿਸੂ ਵਾਇਦਾ ਕੀਤਾ ਹੋਇਆ ਮਸੀਹ ਹੈ। “ਤਦੋਂ ਬਥੇਰਿਆਂ ਨੇ ਉਨ੍ਹਾਂ ਯਹੂਦੀਆਂ ਵਿੱਚੋਂ ਜਿਹੜੇ ਮਰਿਯਮ ਕੋਲ ਆਏ ਸਨ ਇਹ ਜੋ ਕੁਝ ਯਿਸੂ ਨੇ ਕੀਤਾ ਵੇਖ ਕੇ ਉਸ ਉੱਤੇ ਨਿਹਚਾ ਕੀਤੀ” (ਯੂਹੰਨਾ 11:45 ਅਤੇ 12:11)। ਬਹੁਤ ਸਾਰੇ ਲੋਕਾਂ ਨੇ ਯਿਸੂ ਤੇ ਵਿਸ਼ਵਾਸ ਕੀਤਾ ਅਤੇ ਫ਼ਰੀਸੀਆਂ ਨੇ ਕਿਹਾ, “ਵੇਖੋ ਜਗਤ ਉਹ ਦੇ ਪਿੱਛੇ ਲੱਗ ਤੁਰਿਆ!” (ਯੂਹੰਨਾ 12:19)। ਜਦੋਂ ਯਿਸੂ ਗਧੀ ਦੇ ਬੱਚੇ ਤੇ ਸਵਾਰ ਹੋ ਕੇ ਯਰੂਸ਼ਲਮ ਵਿੱਚ ਦਾਖਲ ਹੋਇਆ ਇਸਦੇ ਨਾਲ ਭੀੜਾਂ ਦੇ ਜੋਸ਼ ਨੂੰ ਪ੍ਰੇਰਨਾ ਮਿਲੀ।

### *ਧਾਰਮਿਕ ਆਗੂਆਂ ਦੀ ਪ੍ਰਤੀਕਿਰਿਆ*

ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰਨ ਦੀ ਘਟਨਾ ਨੇ ਧਾਰਮਿਕ ਆਗੂਆਂ ਦੁਆਰਾ ਯਿਸੂ ਦੇ ਮਸੀਹ ਹੋਣ ਦੇ ਦਾਅਵੇ ਦਾ ਇਨਕਾਰ ਕਰਨ ਦੇ ਮੌਕੇ ਨੂੰ ਬਰਬਾਦ ਕਰ ਦਿੱਤਾ। ਭੀੜਾਂ ਯਿਸੂ ਦੇ ਵੱਲ ਜਾ ਰਹੀਆਂ ਸਨ ਅਤੇ ਧਾਰਮਿਕ ਆਗੂਆਂ ਦੇ ਕੋਲ ਸਿਰਫ਼ ਦੋ ਹੀ ਵਿਕਲਪ ਬਚੇ ਸਨ:

1. **ਮੰਨ ਲੈਣ ਕਿ ਯਿਸੂ ਉਹੀ ਹੈ ਜੋ ਹੋਣ ਦਾ ਉਹ ਦਾਅਵਾ ਕਰਦਾ ਹੈ।** ਪਰ ਇਸਦੇ ਨਾਲ ਉਨ੍ਹਾਂ ਨੂੰ ਸ਼ਕਤੀ ਦੇ ਲਈ ਆਪਣੀ ਕਾਮਨਾ ਦਾ ਤਿਆਗ ਕਰਨਾ ਪੈਣਾ ਸੀ। ਯਿਸੂ ਨੇ ਪਹਿਲਾਂ ਹੀ ਉਨ੍ਹਾਂ ਦੇ ਕਪਟੀ ਸੁਭਾਅ ਦੀ ਨਿੰਦਾ ਕੀਤੀ ਸੀ। ਜੇਕਰ ਉਹ ਮਨ ਲੈਂਦੇ ਕਿ ਯਿਸੂ ਮਸੀਹ ਹੈ, ਤਾਂ ਉਹ ਯਹੂਦੀ ਲੋਕਾਂ ਦੇ ਆਗੂਆਂ ਵੱਜੋਂ ਆਪਣੇ ਅਹੁਦੇ ਨੂੰ ਗੁਆ ਦਿੰਦੇ।
2. **ਯਿਸੂ ਨੂੰ ਫੜ ਲੈਂਦੇ ਅਤੇ ਮਾਰ ਦਿੰਦੇ।** ਜੇਕਰ ਉਹ ਯਿਸੂ ਦੇ ਮਸੀਹ ਹੋਣ ਤੋਂ ਇਨਕਾਰ ਕਰਦੇ, ਤਾਂ ਉਨ੍ਹਾਂ ਨੂੰ ਉਸਨੂੰ ਮਾਰਨਾ ਪੈਣਾ ਸੀ।

ਧਾਰਮਿਕ ਆਗੂਆਂ ਨੇ ਆਪਣਾ ਪੱਖ ਇਹ ਦੱਸ ਕੇ ਆਪਣਾ ਬਚਾਅ ਕੀਤਾ ਕਿ ਯਿਸੂ ਨੂੰ ਮਾਰਨਾ ਉਨ੍ਹਾਂ ਦੇ ਦੇਸ਼ ਦੇ ਭਲੇ ਦੇ ਲਈ ਹੈ। ਇਤਿਹਾਸ ਦੇ ਕਮਜ਼ੋਰ ਆਗੂਆਂ ਦੀ ਤਰ੍ਹਾਂ ਉਨ੍ਹਾਂ ਨੇ ਆਪਣੇ ਫੈਸਲੇ ਦਾ ਬਹਾਨਾ ਬਣਾਇਆ। "ਇਸ ਲਈ ਪਰਧਾਨ ਜਾਜਕਾਂ ਅਤੇ ਫ਼ਰੀਸੀਆਂ ਨੇ ਮਹਾ ਸਭਾ ਇਕੱਠੀ ਕਰ ਕੇ ਕਿਹਾ, ਅਸੀਂ ਕੀ ਕਰਦੇ ਹਾਂ, ਕਿਉਂ ਜੋ ਇਹ ਮਨੁੱਖ ਬਹੁਤ ਨਿਸ਼ਾਨ ਵਿਖਾਉਂਦਾ ਹੈ? ਜੇ ਅਸੀਂ ਉਸ ਨੂੰ ਐਵੇਂ ਛੱਡ ਦੇਈਏ ਤਾਂ ਸਭ ਉਸ ਉੱਤੇ ਨਿਹਚਾ ਕਰਨਗੇ ਅਤੇ ਰੋਮੀ ਆ ਜਾਣਗੇ ਅਤੇ ਨਾਲੇ ਸਾਡੀ ਜਗ੍ਹਾ ਅਰ ਨਾਲੇ ਸਾਡੀ ਕੌਮ ਭੀ ਲੈ ਲੈਣਗੇ।" (ਯੂਹੰਨਾ 11:47-48)। ਉਨ੍ਹਾਂ ਨੂੰ ਡਰ ਸੀ ਕਿ ਯਿਸੂ ਰੋਮ ਦੇ ਵਿਰੁੱਧ ਇੱਕ ਕ੍ਰਾਂਤੀ ਦੀ ਅਗਵਾਈ ਕਰੇਗਾ। ਉਹ ਸਮਝ ਨਹੀਂ ਪਾਏ ਕਿ ਉਸਦਾ ਰਾਜ ਆਤਮਿਕ ਸੀ।

"ਸਾਡੀ ਜਗ੍ਹਾ" ਦਾ ਅਰਥ ਸ਼ਾਇਦ ਹੈਕਲ ਹੈ, ਅਤੇ "ਸਾਡੀ ਕੌਮ" ਉਸ ਆਜਾਦੀ ਦਾ ਹਵਾਲਾ ਸੀ ਜੋ ਰੋਮ ਨੇ ਯਹੂਦੀਆਂ ਨੂੰ ਦਿੱਤੀ ਸੀ (ਵੇਖੋ ਰਸੂਲਾਂ ਦੇ ਕਰਤੱਬ 6:13 ਅਤੇ ਰਸੂਲਾਂ ਦੇ ਕਰਤੱਬ 21:28)। ਭਾਵੇਂ ਕਿ ਯਹੂਦਿਆ ਰੋਮ ਦੇ ਅਧੀਨ ਸੀ, ਯਹੂਦੀਆਂ ਨੂੰ ਹੈਕਲ ਦੇ ਵਿੱਚ ਅਰਾਧਨਾ ਕਰਨ, ਆਪਣੀਆਂ ਧਾਰਮਿਕ ਰੀਤਾਂ ਪੂਰੀਆਂ ਕਰਨ ਦੀ ਅਤੇ ਮਹਾਂ ਸਭਾ ਦੇ ਦੁਆਰਾ ਆਪਣੀ ਕੁਝ ਨਾਗਰਿਕ ਸਰਕਾਰ ਰੱਖਣ ਦੀ ਆਜਾਦੀ ਸੀ। ਜੇਕਰ ਰੋਮ ਕ੍ਰਾਂਤੀ ਨੂੰ ਦਬਾ ਦਿੰਦਾ ਤਾਂ ਉਹ ਇਹ ਸਭ ਗੁਆ ਦਿੰਦੇ।

ਕੈਫਾਸ ਨੇ ਮਹਾਂ-ਸਭਾ ਨੂੰ ਕਿਹਾ ਕਿ ਸਾਰੀ ਕੌਮ ਦੇ ਦੁੱਖ ਭੋਗਣ ਦੀ ਬਜਾਏ ਇੱਕ ਮਨੁੱਖ ਦਾ ਮਰਨਾ ਸਹੀ ਹੈ (ਯੂਹੰਨਾ 11:49-50)। ਵਿਅੰਗਮਈ ਢੰਗ ਦੇ ਨਾਲ, ਯਿਸੂ ਨੂੰ ਮਾਰਨ ਤੋਂ ਬਾਅਦ, ਮਹਾਂ ਸਭਾ ਦਾ ਡਰ ਸੱਚ ਹੋ ਗਿਆ। ਯਿਸੂ ਦੇ ਮਾਰੇ ਜਾਣ ਦੇ ਚਾਲੀ ਸਾਲਾਂ ਦੇ ਬਾਅਦ, ਰੋਮੀਆਂ ਨੇ ਇੱਕ ਯਹੂਦੀ ਬਗ਼ਾਵਤ ਨੂੰ ਦਬਾਉਂਦੇ ਹੋਏ ਹੈਕਲ ਨੂੰ ਢਾਹ ਦਿੱਤਾ, ਅਤੇ ਯਹੂਦੀਆਂ ਦੇ ਕੋਲੋਂ ਉਨ੍ਹਾਂ ਦੇ ਹੱਕ ਲੈ ਲਏ ਗਏ ਅਤੇ ਉਹ ਸਭ ਕੁਝ ਕੀਤਾ ਜਿਸ ਤੋਂ ਕੈਫਾਸ ਬਚਣ ਦਾ ਯਤਨ ਕਰ ਰਿਹਾ ਸੀ।

ਕਿਉਂਕਿ ਉਹ ਸਾਰੇ ਸਬੂਤਾਂ ਨੂੰ ਮਿਟਾਉਣ ਤੋਂ ਬਿਨਾਂ ਇਸ ਚਮਤਕਾਰ ਨੂੰ ਲੁਕਾ ਨਹੀਂ ਸਕਦੇ ਸਨ, ਇਸ ਲਈ ਮਹਾਂ ਸਭਾ ਨੇ ਕੌਮ ਨੂੰ ਬਚਾਉਣ ਦੇ ਲਈ ਯਿਸੂ ਦੇ ਲਾਜ਼ਰ ਦੋਵਾਂ ਨੂੰ ਮਾਰਨ ਫੈਸਲਾ ਕੀਤਾ (ਯੂਹੰਨਾ 11:53 ਅਤੇ ਯੂਹੰਨਾ 12:10)। ਚਮਤਕਾਰ ਜਰੂਰੀ ਤੌਰ ਤੇ ਅਵਿਸ਼ਵਾਸੀਆਂ ਨੂੰ ਪ੍ਰਭਾਵਿਤ ਨਹੀਂ ਕਰਦੇ। ਅਸੀਂ ਅਕਸਰ ਸੋਚਦੇ ਹਾਂ, "ਜੇਕਰ ਕਿਸੇ ਤਰ੍ਹਾਂ ਪਰਮੇਸ਼ੁਰ ਇੱਕ ਚਮਤਕਾਰ ਦੇ ਦੁਆਰਾ ਆਪਣੇ ਆਪ ਨੂੰ ਸਾਬਿਤ ਕਰ ਦੇਵੇ, ਤਾਂ ਹਰ ਕੋਈ ਵਿਸ਼ਵਾਸ ਕਰ ਲਵੇਗਾ।" ਪਰ ਚਮਤਕਾਰ ਸਿਰਫ਼ ਸ਼ੱਕ ਕਰਨ ਵਾਲਿਆਂ ਦੇ ਅਵਿਸ਼ਵਾਸ ਨੂੰ ਹੋਰ ਜਿਆਦਾ ਕਠੋਰ ਕਰਦਾ ਹੈ।

ਧਨੀ ਅਤੇ ਲਾਜ਼ਰ (ਇਹ ਉਹ ਲਾਜ਼ਰ ਨਹੀਂ ਹੈ ਜਿਸਨੂੰ ਯਿਸੂ ਨੇ ਜਿਉਂਦਾ ਕੀਤਾ ਸੀ) ਦੀ ਕਹਾਣੀ ਦੇ ਵਿੱਚ, ਧਨੀ ਮਨੁੱਖ ਦੇ ਅਬਰਾਹਾਮ ਦੇ ਅੱਗੇ ਮਿੰਨਤ ਕੀਤੀ ਕਿ ਉਹ ਲਾਜ਼ਰ ਨੂੰ ਉਸਦੇ ਭਾਈਆਂ ਨੂੰ ਚੇਤਾਵਨੀ ਦੇਣ ਦੇ ਲਈ ਘੱਲੇ। ਅਬਰਾਹਾਮ ਨੇ ਕਿਹਾ, "ਪਰ ਉਹ ਨੇ ਉਸ ਨੂੰ ਕਿਹਾ, ਜੇ ਮੂਸਾ ਅਤੇ ਨਬੀਆਂ ਦੀ ਨਾ ਸੁਣਨ ਤਾਂ ਭਾਵੇਂ ਮੁਰਦਿਆਂ ਵਿੱਚੋਂ ਭੀ ਕੋਈ ਜੀ ਉੱਠੇ ਪਰ ਓਹ ਨਾ ਮੰਨਣਗੇ" (ਲੂਕਾ 16:31)। ਵਚਨ ਹੀ ਸਚਿਆਈ ਦੀ ਗਵਾਹੀ ਦੇ ਲਈ ਕਾਫੀ ਹੈ। ਜੇਕਰ ਅਸੀਂ ਵਚਨਾਂ ਦਾ ਇਨਕਾਰ ਕਰ ਦਿੰਦੇ ਹਾਂ, ਤਾਂ ਬਾਕੀ ਦੇ ਸਬੂਤ ਸਾਨੂੰ ਪ੍ਰਭਾਵਿਤ ਨਹੀਂ ਕਰ ਸਕਦੇ।

**ਯਿਸੂ ਦੇ ਪ੍ਰਤੀ ਪ੍ਰਤੀਕਿਰਿਆਵਾਂ: ਮਰੀਅਮ**

► ਪੜ੍ਹੋ ਮੱਤੀ 26:6-13 ਅਤੇ ਯੂਹੰਨਾ 12:1-11.

ਧਰਤੀ ਤੇ ਯਿਸੂ ਦੀ ਸਾਰੀ ਸੇਵਕਾਈ ਦੇ ਦੌਰਾਨ, ਮਰੀਅਮ, ਲਾਜ਼ਰ ਅਤੇ ਮਾਰਥਾ ਦੀ ਭੈਣ ਯਿਸੂ ਦੀ ਇੱਕ ਬਹੁਤ ਸਮਰਪਿਤ ਪੈਰੋਕਾਰ ਸੀ। ਇੱਕ ਪਹਿਲਾਂ ਦੀ ਕਹਾਣੀ ਦੇ ਵਿੱਚ, ਮਾਰਥਾ ਨੇ ਸ਼ਿਕਾਇਤ ਕੀਤੀ ਮਰੀਅਮ ਬੈਠ ਕੇ ਯਿਸੂ ਨੂੰ ਸੁਣਦੀ ਹੈ ਜਦਕਿ ਮਾਰਥਾ ਨੂੰ ਕੰਮ ਕਰਨਾ ਪੈਂਦਾ ਹੈ। ਉਸ ਕਹਾਣੀ ਦੇ ਵਿੱਚ ਯਿਸੂ ਨੇ ਮਰੀਅਮ ਦੀ ਸ਼ਲਾਘਾ ਕੀਤੀ ਜਿਸਨੇ "ਤਾਂ ਉਹ ਚੰਗਾ ਹਿੱਸਾ ਪਸਿੰਦ ਕੀਤਾ ਹੈ ਜੋ ਉਸ ਤੋਂ ਖੋਹਿਆ ਨਾ ਜਾਵੇਗਾ" (ਲੂਕਾ 10:42)।

ਯਿਸੂ ਦੀ ਮੌਤ ਤੋਂ ਇੱਕ ਹਫ਼ਤੇ ਤੋਂ ਵੀ ਘੱਟ ਦੇ ਸਮੇਂ ਦੌਰਾਨ ਯਿਸੂ ਅਤੇ ਉਸਦੇ ਚੇਲ੍ਹੇ ਸ਼ਮਓਨ ਕੋੜ੍ਹੀ ਦੇ ਘਰ ਗਏ। ਲਾਜ਼ਰ ਅਤੇ ਉਸਦੀਆਂ ਭੈਣਾਂ ਨੂੰ ਸਮੂਹ ਦੇ ਨਾਲ ਜੁੜਣ ਦਾ ਸੱਦਾ ਦਿੱਤਾ ਗਿਆ। ਖਾਣੇ ਦੇ ਸਮੇਂ, ਮਰੀਅਮ ਨੇ ਇੱਕ ਮਹਿੰਗਮੁੱਲੇ ਅਤਰ ਦੀ ਸ਼ੀਸ਼ੀ ਨੂੰ ਯਿਸੂ ਦੇ ਸਿਰ ਅਤੇ ਪੈਰਾਂ ਤੇ ਡੋਲ੍ਹਿਆ। ਇਸ ਅਤਰ ਦੀ ਕੀਮਤ 300 ਦੀਨਾਰੀ ਸੀ, ਜੋ ਕਿ ਇੱਕ ਸਾਲ ਦੀ ਮਜ਼ਦੂਰੀ ਦੇ ਬਰਾਬਰ ਸੀ। ਉਨ੍ਹਾਂ ਦਿਨਾਂ ਦੇ ਵਿੱਚ ਬੈਂਕ ਨਹੀਂ ਹੁੰਦੇ ਹਨ, ਇਹ ਸ਼ਾਇਦ ਮਰੀਅਮ ਦੇ ਦੁਆਰਾ ਜੋੜ੍ਹੇ ਹੋਏ ਪੈਸੇ ਸਨ।

ਚੇਲ੍ਹੇ ਗੁੱਸੇ ਸਨ ਕਿ ਮਰੀਅਮ ਦੇ ਬਹੁਤ ਸਾਰੇ ਪੈਸੇ ਨੂੰ ਬਰਬਾਦ ਕਰ ਦਿੱਤਾ ਹੈ (ਮੱਤੀ 26:8, ਮਰਕੁਸ 14:5), ਪਰ ਮਰੀਅਮ ਸਿਰਫ਼ ਇੱਕ ਵਿਅਕਤੀ ਦੀ ਰਾਏ ਬਾਰੇ ਪਰਵਾਹ ਕਰਦੀ ਸੀ, ਉਹ ਯਿਸੂ ਸੀ। ਉਸਨੇ ਅਜਿਹੇ ਪਿਆਰ ਦੇ ਨਾਲ ਇਹ ਕੰਮ ਕੀਤਾ ਜਿਸ ਦੇ ਨਾਲ ਉਹ ਬਾਕੀਆਂ ਦੀ ਰਾਏ ਨਹੀਂ ਵੇਖ ਰਹੀ ਸੀ। ਉਸਨੇ ਪਰਵਾਹ ਨਹੀਂ ਕੀਤੀ ਕਿ ਅਤਰ ਦੀ ਕਿੰਨੀ ਕੀਮਤ ਸੀ, ਉਸਨੇ ਪਰਵਾਹ ਨਹੀਂ ਕੀਤੀ ਕਿ ਬਾਕੀ ਇਸਦੇ ਬਾਰੇ ਕੀ ਸੋਚਦੇ ਹਨ। ਉਹ ਆਪਣੇ ਸੁਆਮੀ ਦੀ ਅਰਾਧਨਾ ਕਰ ਰਹੀ ਸੀ, ਅਤੇ ਹੋਰ ਕੁਝ ਵੀ ਮਹੱਤਵਪੂਰਨ ਨਹੀਂ ਸੀ।

ਜਦੋਂ ਚੇਲ੍ਹਿਆਂ ਨੇ ਮਰੀਅਮ ਦੇ ਕੰਮ ਦਾ ਵਿਰੋਧ ਕੀਤਾ, ਤਾਂ ਯਿਸੂ ਨੇ ਉਨ੍ਹਾਂ ਨੂੰ ਫਟਕਾਰ ਲਗਾਈ: "ਉਸਨੂੰ ਇਕੱਲਿਆਂ ਛੱਡ ਦਿਉ...ਉਸਨੇ ਮੇਰੇ ਲਈ ਇੱਕ ਸੁੰਦਰ ਕੰਮ ਕੀਤਾ ਹੈ" (ਮਰਕੁਸ 14:6)। ਇਹ ਜਾਣਦੇ ਹੋਏ ਕਿ ਸਲੀਬ ਹੁਣ ਕੁਝ ਹੀ ਦਿਨ ਦੂਰ ਹੈ, ਯਿਸੂ ਨੇ ਮਰੀਅਮ ਦੁਆਰਾ ਕੀਤੇ ਕੰਮ ਦੇ ਚਿੰਨ੍ਹ ਨੂੰ ਸਮਝਿਆ: "ਇਹ ਅਤਰ ਜੋ ਉਸ ਨੇ ਮੇਰੀ ਦੇਹੀ ਉੱਤੇ ਪਾਇਆ ਸੋ ਮੇਰੇ ਕਫ਼ਨਾਉਣ ਦਫ਼ਨਾਉਣ ਲਈ ਕੀਤਾ ਹੈ" (ਮੱਤੀ 26:12)। ਯਿਸੂ ਨੇ ਇਸ ਇਸਤਰੀ ਦਾ ਆਦਰ ਕੀਤਾ ਜਿਸਨੇ ਆਪਣੇ ਨਿਰਸਵਾਰਥ ਕੰਮ ਦੇ ਨਾਲ ਪਿਆਰ ਭਰੀ ਅਰਾਧਨਾ ਕੀਤੀ।

ਜਿਵੇਂ ਅਸੀਂ ਮਰੀਅਮ ਦੁਆਰਾ ਯਿਸੂ ਨੂੰ ਮਸਹ ਕਰਨ ਦੀ ਕਹਾਣੀ ਨੂੰ ਪੜਦੇ ਹਾਂ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ, "ਮੈਂ ਯਿਸੂ ਨੂੰ ਕਿੰਨਾ ਪਿਆਰ ਕਰਦਾ ਹਾਂ? ਕੀ ਮੈਂ ਉਸਦੀ ਜਿਆਦਾ ਪਰਵਾਹ ਕਰਦਾ ਹਾਂ ਜਾਂ ਵੇਖਣ ਵਾਲਿਆਂ ਦੀ ਰਾਏ ਸੀ?" ਮਰੀਅਮ ਸੱਚਮੁੱਚ ਯਿਸੂ ਨੂੰ ਪਿਆਰ ਕਰਦੀ ਸੀ।

## ਯਿਸੂ ਦੇ ਪ੍ਰਤੀ ਪ੍ਰਤੀਕਿਰਿਆਵਾਂ: ਸ਼ਾਹੀ ਦਾਖਲਾ

► ਮੱਤੀ 21:1-11 ਅਤੇ ਯੂਹੰਨਾ 12:12-19.

ਐਤਵਾਰ ਵਾਲੇ ਦਿਨ, ਯਿਸੂ ਇੱਕ ਗਧੀ ਦੇ ਬੱਚੇ ਤੇ ਸਵਾਰ ਹੋ ਕੇ ਯਰੂਸ਼ਲਮ ਆਇਆ। ਇੱਕ ਸਾਧਾਰਨ ਦਿਨ ਤੇ, ਇਸ ਦੇ ਕੋਈ ਵੀ ਗੱਲ ਅਜੀਬ ਨਹੀਂ ਹੁੰਦੀ; ਇੱਕ ਗ਼ਲੀਲੀ ਸਿੱਖਿਅਕ ਆਪਣੇ ਪੈਰੋਕਾਰਾਂ ਦੇ ਇੱਕ ਛੋਟੇ ਸਮੂਹ ਦੇ ਨਾਲ ਯਰੂਸ਼ਲਮ ਦੇ ਵਿੱਚ ਪਸਾਹ ਦੇ ਪਰਬ ਦੇ ਆ ਰਿਹਾ ਹੈ। ਪਰ ਇਹ ਸਾਧਾਰਨ ਸਮਾਂ ਨਹੀਂ ਸੀ। ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿੰਦਾ ਕਰਨ ਦੇ ਕਾਰਨ ਪਸਾਹ ਦੀ ਇਹ ਧਾਰਮਿਕ ਯਾਤਰਾ ਨੂੰ ਧਾਰਮਿਕ ਅਤੇ ਰਾਜਨੀਤਿਕ ਬਿਆਨ ਦੇ ਵਿੱਚ ਬਦਲ ਦਿੱਤਾ।

ਮੱਤੀ ਯਿਸੂ ਦੇ ਯਰੂਸ਼ਲਮ ਵਿੱਚ ਦਾਖਲੇ ਦੇ ਧਾਰਮਿਕ ਮਹੱਤਵ ਨੂੰ ਪ੍ਰਗਟ ਕਰਦਾ ਹੈ। ਮੱਤੀ ਵਿਖਾਉਂਦਾ ਹੈ ਕਿ ਯਿਸੂ ਦੇ ਦਾਖਲੇ ਨੇ ਜ਼ਕਰਯਾਹ ਦੀ ਭਵਿੱਖਬਾਣੀ ਦੀ ਪੂਰਤੀ ਕੀਤੀ। ਭੀੜ ਦੇ ਸ਼ਬਦ ਜ਼ਬੂਰ 118 ਦੇ ਵਿੱਚੋਂ ਆਏ, ਇੱਕ ਪਸਾਹ ਦਾ ਜ਼ਬੂਰ ਜੋ ਯਰੂਸ਼ਲਮ ਦੇ ਵਿੱਚ ਸ਼ਾਹੀ ਦਾਖਲੇ ਦਾ ਵਰਣਨ ਕਰਦਾ ਹੈ (ਮੱਤੀ 21:4-11, ਜ਼ਕਰਯਾਹ 9:9, ਜ਼ਬੂਰ 118:26)।

ਇਹ ਦਾਖਲਾ ਰਾਜਨੀਤਿਕ ਮਹੱਤਵ ਦੇ ਭਰਿਆ ਹੋਇਆ ਸੀ:

- ਭੀੜਾਂ ਆਪਣੇ ਕੱਪੜੇ ਰਾਹ ਵਿਛਾਉਂਦੇ ਹਨ ਜੋ ਰਾਜੇ ਦੇ ਅੱਗੇ ਅਧੀਨਗੀ ਨੂੰ ਦਰਸਾਉਂਦਾ ਹੈ (ਮੱਤੀ 21:8, 2 ਰਾਜਿਆਂ 9:13)
- ਮੈਕਾਬਿਅਨ ਦੇ ਸਮੇਂ ਕਾਲ ਤੋਂ ਖ਼ਜੂਰ ਦੀਆਂ ਟਾਹਣੀਆਂ ਕਿਸੇ ਸੈਨਿਕ ਦੁਸ਼ਮਣ ਦੇ ਤੇ ਜਿੱਤ ਨੂੰ ਦਰਸਾਉਂਦੀਆਂ ਹਨ (ਯੂਹੰਨਾ 12:13, 1 ਮੈਕਾਬੀਸ 13:51)।
- “ਹੋਸੰਨਾ” ਦਾ ਅਰਥ ਸੀ “ਸਾਨੂੰ ਬਚਾਓ”, ਜੋ ਕਿ ਛੁਟਕਾਰੇ ਦੇ ਲਈ ਦੁਹਾਈ ਸੀ।
- “ਦਾਊਦ ਦਾ ਪੁੱਤਰ” ਇੱਕ ਸ਼ਾਹੀ ਅਤੇ ਮਸੀਹ ਦੇ ਲਈ ਅਹੁਦਾ ਸੀ।

ਲੋਕਾਂ ਦਾ ਵਿਸ਼ਵਾਸ ਸੀ ਕਿ ਯਿਸੂ ਰੋਮ ਦੇ ਰਾਜ ਨੂੰ ਖ਼ਤਮ ਕਰਕੇ ਆਪਣੇ ਰਾਜ ਨੂੰ ਸਥਾਪਿਤ ਕਰਨ ਦੇ ਲਈ ਯਰੂਸ਼ਲਮ ਆ ਰਿਹਾ ਹੈ। ਦਾਊਦ ਦੇ ਰਾਜ ਦੀ ਲੰਬੀ ਉਡੀਕ ਖ਼ਤਮ ਹੋ ਗਈ ਹੈ। ਨਬੀਆਂ ਦੁਆਰਾ ਕੀਤੇ ਗਏ ਵਾਇਦੇ ਜਲਦ ਹੀ ਪੂਰੇ ਹੋ ਜਾਣਗੇ।

ਕੁਝ ਹੀ ਦਿਨਾਂ ਦੇ ਬਾਅਦ, ਇੰਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਚੀਖ ਕੇ ਕਹਿਣਗੇ, “ਉਸਨੂੰ ਸਲੀਬ ਤੇ ਚੜ੍ਹਾਉ! ਕਿਉਂ? ਕਿਉਂਕਿ ਉਹ ਗ਼ਲਤ ਕਾਰਨਾਂ ਦੇ ਕਰਕੇ ਯਿਸੂ ਦੀ ਪ੍ਰਸ਼ੰਸਾ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਰੋਮ ਦੇ ਰਾਜ ਨੂੰ ਖ਼ਤਮ ਕਰ ਦੇਵੇਗਾ, ਪਰ ਉਸਦਾ ਕੋਈ ਸੈਨਿਕ ਬਗ਼ਾਵਤ ਕਰਨ ਦਾ ਕੋਈ ਇਰਾਦਾ ਨਹੀਂ ਸੀ। ਉਹ ਇੱਕ ਰਾਜਨੀਤਿਕ ਰਾਜ ਦੀ ਭਾਲ ਕਰ ਰਹੇ ਸਨ, ਪਰ ਉਹ ਇੱਕ ਆਤਮਿਕ ਰਾਜ ਲਿਆ ਰਿਹਾ ਸੀ। ਉਨ੍ਹਾਂ ਦੀ ਨਿਰਾਸ਼ਾ ਦੇ ਵਿੱਚ, ਇਹ ਭੀੜ ਜਲਦ ਹੀ ਯਿਸੂ ਦੇ ਵਿਰੁੱਧ ਹੋ ਗਈ।

ਰਾਜਨੀਤਿਕ ਤੌਰ ਤੇ ਤਾਕਤਵਰ ਅਤੇ ਸਮਾਜਿਕ ਤੌਰ ਤੇ ਕੁਲੀਨ ਮਹਾਂ-ਸਭਾ ਦੇ ਮੈਂਬਰ ਪਹਿਲਾਂ ਹੀ ਯਿਸੂ ਨੂੰ ਮਾਰਨ ਦਾ ਫੈਸਲਾ ਕਰ ਚੁੱਕੇ ਸਨ; ਜਲਦ ਹੀ ਸ਼ਕਤੀਹੀਨ ਲੋਕ ਵੀ ਉਸਦੇ ਵਿਰੁੱਧ ਹੋ ਜਾਣਗੇ। ਇਹ ਜਾਣਦੇ ਹੋਏ ਕਿ ਅੱਗੇ ਕੀ ਹੈ, ਯਿਸੂ ਆਪਣਾ ਇਨਕਾਰ ਕਰਨ ਵਾਲੇ ਸ਼ਹਿਰ ਦੇ ਭਵਿੱਖ ਦੇ ਲਈ ਰੋਇਆ (ਲੂਕਾ 19:41-44)। ਯਿਸੂ ਜਾਣਦਾ ਸੀ ਕਿ ਉਸਦਾ ਸ਼ਾਹੀ ਦਾਖਲਾ ਉਸਨੂੰ ਸਲੀਬ ਦੇ ਵੱਲ ਲੈ ਕੇ ਜਾ ਰਿਹਾ ਹੈ। ਭੀੜਾਂ ਨੇ ਜ਼ਬੂਰ 118:26 ਦਾ ਹਵਾਲਾ ਦਿੱਤਾ, "ਧੰਨ ਹੈ ਉਹ ਜੋ ਪ੍ਰਭੂ ਦੇ ਨਾਮ ਤੇ ਆਉਂਦਾ ਹੈ!" ਯਿਸੂ ਉਸ ਜ਼ਬੂਰ ਦੇ ਅੱਗਲੇ ਵਚਨ ਨੂੰ ਜਾਣਦਾ ਸੀ "ਜਗ ਪਸ਼ੂ ਨੂੰ ਰੱਸਿਆਂ ਨਾਲ ਬੰਨ੍ਹ ਦਿਉ, ਜਗਵੇਦੀ ਦੇ ਸਿੰਙਾਂ ਤੀਕ!" (ਜ਼ਬੂਰ 118:27, ਪੰਜਾਬੀ ਅਨੁਵਾਦ ਬੀ ਐਸ ਆਈ) ਯਿਸੂ ਯਰੂਸ਼ਲਮ ਦੇ ਵਿੱਚ ਇੱਕ ਅਜਿਹੇ ਬਲੀਦਾਨ ਦੀ ਤਰ੍ਹਾਂ ਦਾਖਿਲ ਹੋਇਆ ਜੋ ਜਲਦ ਹੀ ਵੇਦੀ ਤੇ ਬੰਨ੍ਹਿਆ ਜਾਵੇਗਾ, ਜੋ ਇੱਕ ਰੋਮੀ ਸਲੀਬ ਸੀ।

### ਇੱਕ ਨੇੜੇ ਦੀ ਝਾਤ: ਯਿਸੂ ਅੰਜੀਰ ਦੇ ਰੁੱਖ ਨੂੰ ਸ਼ਰਾਪ ਦਿੰਦਾ ਹੈ

► ਪੜ੍ਹੋ ਮਰਕੁਸ 11:12-25.

ਸਾਰੇ ਇੱਕ ਸਮਾਨ ਸ਼ੁਭਸਮਾਚਾਰਾਂ ਦੇ ਵਿੱਚ ਯਿਸੂ ਦੇ ਦੁਆਰਾ ਬਾਂਝ ਅੰਜੀਰ ਦੇ ਰੁੱਖ ਨੂੰ ਸ਼ਰਾਪ ਦੇਣ ਦੀ ਕਹਾਣੀ ਉਸਦੀ ਜਨਤਕ ਸੇਵਕਾਈ ਦੇ ਅੰਤਿਮ ਹਫ਼ਤੇ ਦੇ ਵਿੱਚ ਦੱਸੀ ਗਈ ਹੈ। ਯਿਸੂ ਨੇ ਅੰਜੀਰ ਦੇ ਰੁੱਖ ਨੂੰ ਬੈਤਅਨੀਆ ਦੇ ਵਿੱਚ ਇੱਕ ਰਾਤ ਬਿਤਾਉਣ ਤੋਂ ਬਾਅਦ ਸੋਮਵਾਰ ਦੇ ਦਿਨ ਯਰੂਸ਼ਲਮ ਆਉਣ ਦੇ ਸਮੇਂ ਸ਼ਰਾਪ ਦਿੱਤਾ ਸੀ। ਮੰਗਲਵਾਰ ਦੇ ਦਿਨ ਚੇਲ੍ਹਿਆਂ ਦੇ ਵੇਖਿਆ ਕਿ ਰੁੱਖ ਸਿਰਫ਼ 24 ਘੰਟਿਆਂ ਦੇ ਵਿੱਚ ਹੀ ਸੁੱਕ ਗਿਆ ਸੀ।

ਭਾਵੇਂ ਕਿ ਇਹ ਅੰਜੀਰ ਦੇ ਫ਼ਲ ਦੀ ਰੁੱਤ ਨਹੀਂ ਸੀ (ਮਰਕੁਸ 11:13), ਪਰ ਪੱਤਿਆਂ ਤੋਂ ਭਾਵ ਸੀ ਕਿ ਰੁੱਖ ਤੇ ਹਰੀਆਂ ਅੰਜੀਰਾਂ ਹੋਣੀਆਂ ਚਾਹੀਦੀਆਂ ਸਨ। ਅੰਜੀਰ ਦੇ ਰੁੱਖ ਉੱਤੇ ਫ਼ਲ ਪੱਤਿਆਂ ਦੇ ਆਉਣ ਤੋਂ ਕੁਝ ਹੀ ਸਮੇਂ ਦੇ ਬਾਅਦ ਦਿੱਖਣ ਲੱਗ ਪੈਂਦਾ ਸੀ। ਜਦੋਂ ਕਿਸੇ ਰੁੱਖ ਦੇ ਉੱਤੇ ਪਹਿਲਾਂ ਲੱਗਣ ਵਾਲੀਆਂ ਅੰਜੀਰਾਂ ਤੋਂ ਬਿਨਾਂ ਹੀ ਪੱਤੇ ਹੁੰਦੇ ਸਨ ਤਾਂ ਇਸਦਾ ਅਰਥ ਸੀ ਕਿ ਇਸ ਸਾਲ ਰੁੱਖ ਫ਼ਲ ਨਹੀਂ ਦੇਵੇਗਾ।

ਇਹ ਕਹਾਣੀ ਇਸਰਾਏਲ ਦੇ ਫ਼ਲ ਨਾ ਦੇਣ ਦਾ ਜੀਵਿਤ ਦ੍ਰਿਸ਼ਟਾਂਤ ਸੀ।[46] ਪਰਮੇਸ਼ੁਰ ਨੇ ਇਸਰਾਏਲ ਨੂੰ ਕੌਮਾਂ ਨੂੰ ਬਰਕਤ ਦੇਣ ਦੇ ਲਈ ਚੁਣਿਆ ਸੀ (ਉਤਪਤ 12:3)। ਇਸਦੀ ਬਜਾਏ, ਇਸਰਾਏਲ ਨੇ ਯਹੋਵਾਹ ਦੇ ਨਾਮ ਨੂੰ ਸ਼ਰਮਿੰਦਾ ਹੀ ਕੀਤਾ ਸੀ।

ਹੈਕਲ ਸਾਰੀਆਂ ਕੌਮਾਂ ਦੇ ਲਈ ਪ੍ਰਾਥਨਾ ਕਰਨ ਦਾ ਸਥਾਨ ਸੀ (ਯਸਾਯਾਹ 56:7)। ਇਸਦੀ ਬਜਾਏ, ਹੈਕਲ ਡਾਕੂਆਂ ਦੀ ਖੋਹ ਬਣ ਚੁੱਕੀ ਸੀ, ਜਿੱਥੇ ਤਾਕਤਵਰ ਮਹਾਂ-ਜਾਜਕ ਗ਼ਰੀਬਾਂ ਨੂੰ ਲੁੱਟਦੇ ਸਨ।

---

[46] ਪੁਰਾਣੇ ਨੇਮ ਦੇ ਵਿੱਚ, ਅੰਜੀਰ ਦਾ ਰੁੱਖ ਇਸਰਾਏਲ ਨੂੰ ਦਰਸਾਉਂਦਾ ਸੀ (ਉਦਾਹਰਨ: ਯਿਰਮਿਆਹ 8:13, ਹੋਸ਼ੇਆ 9:10, ਯੋਏਲ 1:7)।

ਅੰਜੀਰ ਦਾ ਰੁੱਖ ਬਾਂਝ ਸੀ; ਇਸਰਾਏਲ ਵੀ ਬਾਂਝ ਸੀ। ਅੰਜੀਰ ਦੇ ਰੁੱਖ ਦਾ ਇਨਕਾਰ ਦਿੱਤਾ ਗਿਆ; ਇਸਰਾਏਲ ਦਾ ਵੀ ਜਲਦ ਹੀ ਇਨਕਾਰ ਕਰ ਦਿੱਤਾ ਜਾਵੇਗਾ।

ਅੰਜੀਰ ਦੇ ਰੁੱਖ ਨੂੰ ਸ਼ਰਾਪ ਦੇਣਾ ਯਿਸੂ ਦੀ ਜਨਤਕ ਸੇਵਕਾਈ ਦੇ ਅੰਤਿਮ ਦਿਨਾਂ ਵਿੱਚ ਨਿਆਂ ਦੇ ਪ੍ਰਤੀ ਦਿੱਤੇ ਜਾਣ ਵਾਲੇ ਸੰਦੇਸ਼ਾਂ ਦੀ ਲੜੀ ਦੇ ਵਿੱਚੋਂ ਇੱਕ ਸੀ:

1. ਅੰਜੀਰ ਦੇ ਬਾਂਝ ਰੁੱਖ ਦਾ ਜਿਉਂਦਾ ਦ੍ਰਿਸ਼ਟਾਂਤ (ਮਰਕੁਸ 11:12-14, 20-25)।
2. ਹੈਕਲ ਨੂੰ ਸਾਫ ਕਰਨਾ (ਮਰਕੁਸ 11:15-19)।
3. ਦੁਸ਼ਟ ਕਿਸਾਨਾਂ ਦਾ ਦ੍ਰਿਸ਼ਟਾਂਤ (ਮਰਕੁਸ 12:1-12)।
4. ਧਾਰਮਿਕ ਆਗੂਆਂ ਦੇ ਨਾਲ ਵਿਵਾਦ (ਮਰਕੁਸ 12:13-40)।
5. ਯਿਸੂ ਹੈਕਲ ਦੇ ਬਰਬਾਦ ਹੋਣ ਦੀ ਭਵਿੱਖਬਾਣੀ ਕਰਦਾ ਹੈ (ਮਰਕੁਸ 13:1-37)।

## ਯਿਸੂ ਦੇ ਪ੍ਰਤੀ ਪ੍ਰਤੀਕਿਰਿਆਵਾਂ: ਯਿਸੂ ਦੀ ਜਨਤਕ ਸੇਵਕਾਈ ਦਾ ਅੰਤਿਮ ਹਫ਼ਤਾ (ਜਾਰੀ ਹੈ)

### ਯਿਸੂ ਦੇ ਪ੍ਰਤੀ ਪ੍ਰਤੀਕਿਰਿਆਵਾਂ: ਧਾਰਮਿਕ ਆਗੂ

► ਪੜ੍ਹੋ ਮੱਤੀ 21:23-22:46.

ਲਾਜ਼ਰ ਨੂੰ ਜਿਉਂਦਾ ਕਰਨ ਤੋਂ ਬਾਅਦ, ਧਾਰਮਿਕ ਆਗੂਆਂ ਨੇ ਯਿਸੂ ਨੂੰ ਮਾਰਨ ਦਾ ਪੱਕਾ ਫੈਸਲਾ ਕਰ ਲਿਆ ਸੀ। ਪਰ ਆਮ ਲੋਕਾਂ ਦੇ ਵਿੱਚ ਉਸਦੀ ਪ੍ਰਸਿੱਧੀ ਨੇ ਇਸ ਕੰਮ ਨੂੰ ਬਹੁਤ ਕਠਿਨ ਬਣਾ ਦਿੱਤਾ। ਉਹ ਕਿਸੇ ਨਾ ਕਿਸੇ ਤਰ੍ਹਾਂ ਯਿਸੂ ਨੂੰ ਲੋਕਾਂ ਦੀਆਂ ਨਜ਼ਰਾਂ ਦੇ ਵਿੱਚੋਂ ਹੇਠਾਂ ਸੁੱਟਣਾ ਚਾਹੁੰਦੇ ਸਨ। ਯਿਸੂ ਦੇ ਸ਼ਾਹੀ ਦਾਖਲੇ ਤੋਂ ਬਾਅਦ ਦੇ ਦਿਨਾਂ ਵਿੱਚ, ਧਾਰਮਿਕ ਆਗੂਆਂ ਨੇ ਹੈਕਲ ਦੇ ਵਿੱਚ ਕਈ ਸਾਰੇ ਵਿਵਾਦ ਕੀਤੇ। ਉਹ ਯਿਸੂ ਨੂੰ ਫਸਾਉਣਾ ਚਾਹੁੰਦੇ ਸਨ, ਪਰ ਉਹ ਬਾਰ-ਬਾਰ ਅਸਫਲ ਹੀ ਹੋਏ। ਸਗੋਂ ਭੀੜ ਨੇ ਯਿਸੂ ਨੂੰ ਆਪਣੀ ਬੁੱਧ ਅਤੇ ਸਮਝ ਦੇ ਨਾਲ ਧਾਰਮਿਕ ਆਗੂਆਂ ਨੂੰ ਸ਼ਰਮਿੰਦਿਆਂ ਕਰਦੇ ਹੋਏ ਵੇਖਿਆ।

ਪਹਿਲਾਂ ਮਹਾਂ-ਜਾਜਕ ਅਤੇ ਬਜ਼ੁਰਗਾਂ ਨੇ ਉਸਦੇ ਹੈਕਲ ਨੂੰ ਸਾਫ ਕਰਨ ਅਤੇ ਜਨਤਕ ਤੌਰ ਤੇ ਸਿਖਾਉਣ ਦੇ ਅਧਿਕਾਰ ਦੇ ਬਾਰੇ ਪੁੱਛਿਆ। ਯਿਸੂ ਨੇ ਉਨ੍ਹਾਂ ਨੂੰ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਬਾਰੇ ਪ੍ਰਸ਼ਨ ਪੁੱਛ ਕੇ ਫਸਾਉਣ ਦੇ ਦੁਆਰਾ ਪ੍ਰਤੀਕਿਰਿਆ ਕੀਤੀ।

ਫਿਰ ਯਿਸੂ ਨੇ ਤਿੰਨ ਅਜਿਹੇ ਦ੍ਰਿਸ਼ਟਾਂਤ ਦਿੱਤੇ ਜੋ ਧਾਰਮਿਕ ਆਗੂਆਂ ਦੀ ਨਿੰਦਾ ਕਰਦੇ ਸਨ। ਦੋ ਪੁੱਤਰਾਂ ਦਾ ਦ੍ਰਿਸ਼ਟਾਂਤ ਵਿਖਾਉਂਦਾ ਹੈ ਧੰਦਾ ਨਹੀਂ ਸਗੋਂ ਆਗਿਆਕਾਰੀ ਰਾਜ ਦੇ ਵਿੱਚ ਪਰਮੇਸ਼ੁਰ ਦੇ ਨਾਲ ਤੁਹਾਡੇ ਸੰਬੰਧ ਨੂੰ ਦਰਸਾਉਂਦੀ ਹੈ। ਦੁਸ਼ਟ ਕਿਸਾਨਾਂ ਦੇ ਦ੍ਰਿਸ਼ਟਾਂਤ ਨੇ ਯਿਸੂ ਨੂੰ ਮਸੀਹ ਸਵੀਕਾਰ ਨਾ ਕਰਨ ਦੇ ਨਤੀਜਿਆਂ ਨੂੰ ਦਰਸਾਉਂਦਾ ਹੈ। ਅੰਤ ਦੇ ਵਿੱਚ ਵਿਆਹ ਭੋਜ ਦਾ ਦ੍ਰਿਸ਼ਟਾਂਤ

ਦਰਸਾਉਂਦਾ ਹੈ ਕਿ ਜਿੰਨ੍ਹਾਂ ਧਾਰਮਿਕ ਆਗੂਆਂ ਨੂੰ ਭੋਜ ਦੇ ਲਈ ਸੱਦਾ ਦਿੱਤਾ ਗਿਆ ਸੀ ਹੁਣ ਉਨ੍ਹਾਂ ਦਾ ਇਨਕਾਰ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਸੱਦਿਆ ਗਿਆ ਹੈ ਜੋ ਇਸਦੇ ਯੋਗ ਪ੍ਰਤੀਤ ਨਹੀਂ ਹੁੰਦੇ ਪਰ ਉਨ੍ਹਾਂ ਨੇ ਸੱਦੇ ਨੂੰ ਸਵੀਕਾਰ ਕੀਤਾ ਹੈ।

ਯਿਸੂ ਨੂੰ ਨੀਵਾਂ ਵਿਖਾਉਣ ਦਾ ਪੱਕਾ ਫੈਸਲਾ ਕਰ ਚੁੱਕੇ ਧਾਰਮਿਕ ਆਗੂਆਂ ਨੇ ਉਸਨੂੰ ਫਸਾਉਣ ਦੇ ਲਈ ਪ੍ਰਸ਼ਨਾਂ ਦੀ ਲੜੀ ਉਸਦੇ ਅੱਗੇ ਰੱਖੀ। ਉਨ੍ਹਾਂ ਦਾ ਉਦੇਸ਼ ਸਚਿਆਈ ਦੇ ਬਾਰੇ ਸਿੱਖਣਾ ਨਹੀਂ ਸੀ; ਉਨ੍ਹਾਂ ਉਦੇਸ਼ ਯਿਸੂ ਨੂੰ ਬਰਬਾਦ ਕਰਨਾ ਸੀ। ਯਿਸੂ ਜਾਣਦਾ ਸੀ ਕਿ ਉਹ ਸਚਿਆਈ ਦੀ ਇੱਛਾ ਨਹੀਂ ਰੱਖਦੇ ਹਨ, ਇਸ ਲਈ ਉਸਨੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਸਿੱਧੇ ਉੱਤਰ ਨਹੀਂ ਦਿੱਤੇ।

ਯਿਸੂ ਨੂੰ ਫਸਾਉਣ ਦੇ ਵਿੱਚ ਅਸਫਲ ਹੋਣ ਦੇ ਬਾਅਦ, ਆਗੂਆਂ ਨੇ ਅਜਿਹਾ ਕਰਨਾ ਬੰਦ ਕਰ ਦਿੱਤਾ। ਮੱਤੀ ਇਸ ਭਾਗ ਦਾ ਅੰਤ ਉਨ੍ਹਾਂ ਦੀ ਅਸਫਲਤਾ ਨੂੰ ਵਿਖਾਉਂਦੇ ਹੋਏ ਕਰਦਾ ਹੈ: "ਅਤੇ ਕੋਈ ਉਹ ਨੂੰ ਇੱਕ ਬਚਨ ਤੀਕਰ ਜਵਾਬ ਨਾ ਦੇ ਸੱਕਿਆ, ਨਾ ਉਸ ਦਿਨ ਤੋਂ ਕਿਸੇ ਦਾ ਹਿਆਉਂ ਪਿਆ ਜੋ ਉਸ ਅੱਗੇ ਕੋਈ ਪ੍ਰਸ਼ਨ ਕਰੇ।" (ਮੱਤੀ 22:46)। ਮਰਕੁਸ ਇਹ ਵਿਵਾਦ ਵੇਖਣ ਤੋਂ ਬਾਅਦ ਲੋਕਾਂ ਦੇ ਅਨੰਦ ਦੇ ਬਾਰੇ ਗੱਲ ਕਰਦਾ ਹੋਇਆ ਸਮਾਪਤੀ ਕਰਦਾ ਹੈ, "ਅਤੇ ਵੱਡੀ ਭੀੜ ਖੁਸ਼ੀ ਨਾਲ ਉਹ ਦੀ ਸੁਣਦੀ ਸੀ" (ਮਰਕੁਸ 12:37)।

► ਇੱਕ ਪਾਸਬਾਨ ਜਾਂ ਮਸੀਹੀ ਆਗੂ ਦੇ ਰੂਪ ਵਿੱਚ, ਤੁਹਾਡੇ ਕੋਲੋਂ ਅਕਸਰ ਬਹੁਤ ਕਠਿਨ ਪ੍ਰਸ਼ਨ ਕੀਤੇ ਜਾਣਗੇ। ਤੁਸੀਂ ਸੱਚੇ ਪ੍ਰਸ਼ਨਾਂ ਅਤੇ ਤੁਹਾਨੂੰ ਫਸਾਉਣ ਦਾ ਯਤਨ ਕਰਨ ਵਾਲੇ ਲੋਕਾਂ ਦੇ ਵਿੱਚਕਾਰ ਪਰਖ ਕਿਵੇਂ ਕਰ ਸਕਦੇ ਹੋ? ਇੰਨਾਂ ਦੋਨਾਂ ਤਰ੍ਹਾਂ ਦੇ ਪ੍ਰਸ਼ਨਾਂ ਦੇ ਪ੍ਰਤੀ ਤੁਹਾਡੀ ਪ੍ਰਤੀਕਿਰਿਆ ਅਲੱਗ-ਅਲੱਗ ਹੋਣੀ ਚਾਹੀਦੀ ਹੈ? (ਇਸ ਤੁਲਨਾ ਦੀ ਉਦਾਹਰਨ ਦੇ ਲਈ ਵੇਖੋ ਕਹਾਉਤਾਂ 26:4-5)।

## ਪੇਸ਼ੀ ਅਤੇ ਸਲੀਬੀਕਰਨ

► ਪੜ੍ਹੋ 1 ਕੁਰਿੰਥੀਆਂ 15:1-8.

ਯਿਸੂ ਦੇ ਸਵਰਗ ਤੇ ਉਠਾਏ ਜਾਣ ਦੇ ਵੀਹ ਸਾਲਾਂ ਬਾਅਦ, ਪੌਲੁਸ ਨੇ ਕੁਰਿੰਥੁਸ ਦੇ ਵਿੱਚ ਇੱਕ ਕਲੀਸਿਆ ਤਿਆਰ ਕੀਤੀ। ਇਸ ਕਲੀਸਿਆ ਦੇ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਪਿਛੋਕੜਾਂ ਵਾਲੇ ਲੋਕ ਸਨ। ਕਲੀਸਿਆ ਦੇ ਯਹੂਦੀ ਸਨ ਜੋ ਇਬਰਾਨੀ ਪਵਿੱਤਰ ਸ਼ਾਸਤਰ ਨੂੰ ਜਾਣਦੇ ਸਨ ਅਤੇ ਇਸਦੇ ਵਿੱਚ ਪਰਾਈਆਂ ਕੌਮਾਂ ਦੇ ਅਜਿਹੇ ਲੋਕ ਵੀ ਸਨ ਜੋ ਸੱਚੇ ਪਰਮੇਸ਼ੁਰ ਦੇ ਬਾਰੇ ਕੁਝ ਵੀ ਨਹੀਂ ਜਾਣਦੇ ਸਨ।

ਕੁਰਿੰਥੁਸ ਦੀ ਕਲੀਸਿਆ ਵਿੱਚ ਫੁੱਟ ਪਈ ਹੋਈ ਸੀ ਅਤੇ ਗ਼ਲਤ ਸਿੱਖਿਆ ਦਾ ਖ਼ਤਰਾ ਸੀ। ਇੰਨ੍ਹਾਂ ਸਮੱਸਿਆਵਾਂ ਦੇ ਜੁਆਬ ਵਿੱਚ ਪੌਲੁਸ ਨੇ ਉਨ੍ਹਾਂ ਨੂੰ ਉਸ ਪਹਿਲੇ ਸੰਦੇਸ਼ ਦੀ ਯਾਦ ਦਿਵਾਈ ਜੋ ਉਸਨੇ ਪ੍ਰਚਾਰ ਕੀਤਾ ਸੀ। ਮੁੱਖ ਰੂਪ ਵਿੱਚ ਪਰਾਈਆਂ ਕੌਮਾਂ ਦੇ ਨਗਰ ਵਿੱਚ ਪੌਲੁਸ ਦੇ ਪਹਿਲੇ ਸੰਦੇਸ਼ ਵਿੱਚ ਚਾਰ ਇਤਿਹਾਸਿਕ ਘਟਨਾਵਾਂ ਸਨ:

- ਮਸੀਹ ਸਾਡੇ ਪਾਪਾਂ ਦੇ ਲਈ ਮਰਿਆ।
- ਉਹ ਦਫਨਾਇਆ ਗਿਆ।

- ਉਹ ਤੀਸਰੇ ਦਿਨ ਮੁਰਦਿਆਂ ਵਿੱਚੋਂ ਜਿਉਂਦਾ ਹੋ ਗਿਆ।
- ਉਹ ਜਨਤਕ ਤੌਰ ਤੇ – ਕੇਫਾਸ, ਬਾਰ੍ਹਾਂ ਨੂੰ, ਇੱਕ ਸਮੇਂ 500 ਭਾਈਆਂ ਨੂੰ, ਯਾਕੂਬ ਨੂੰ ਅਤੇ ਸਾਰੇ ਰਸੂਲਾਂ ਨੂੰ ਅਤੇ ਅੰਤ ਦੇ ਵਿੱਚ ਪੌਲੁਸ ਨੂੰ ਵਿਖਾਈ ਦਿੱਤਾ।

ਕੁਰਿੰਥੁਸ ਦੇ ਵਿੱਚ ਪੌਲੁਸ ਦਾ ਪਹਿਲਾ ਸੰਦੇਸ਼ ਸਲੀਬ ਦੇ ਬਾਰੇ ਸੀ: "ਮਸੀਹ ਸਾਡੇ ਪਾਪਾਂ ਦੇ ਲਈ ਮਰਿਆ।" ਸਲੀਬ ਦੇ ਸੰਦੇਸ਼ ਮਸੀਹੀ ਵਿਸ਼ਵਾਸ ਦਾ ਕੇਂਦਰੀ ਬਿੰਦੂ ਹੈ।

ਪੁਰਾਣੇ ਨੇਮ ਦੇ ਵਿੱਚ ਜੋ ਕੋਈ ਵਿਅਕਤੀ ਲੇਲੇ ਨੂੰ ਬਲੀਦਾਨ ਦੇ ਲਈ ਲੈ ਕੇ ਆਉਂਦਾ ਸੀ ਉਹ ਲੇਲੇ ਦੇ ਸਿਰ ਤੇ ਆਪਣੇ ਹੱਥ ਰੱਖਦਾ ਸੀ ਤਾਂ ਕਿ ਉਹ ਬਲੀਦਾਨੀ ਮੌਤ ਦੇ ਨਾਲ ਜੁੜ ਸਕੇ। ਸਕੀਏ। ਆਪਣੇ ਹੱਥ ਲੇਲੇ ਦੇ ਸਿਰ ਤੇ ਰੱਖ ਕੇ ਅਰਾਧਕ ਕਹਿੰਦਾ ਸੀ, "ਲੇਲਾ ਮੇਰੇ ਸਥਾਨ ਤੇ ਮਰ ਰਿਹਾ ਹੈ ਮੈਂ ਆਪਣੇ ਪਾਪ ਦੇ ਕਾਰਨ ਮੌਤ ਦੇ ਯੋਗ ਹਾਂ।" ਇਸੇ ਪ੍ਰਕਾਰ ਅਸੀਂ ਆਪਣੇ ਪਾਪਾਂ ਦੇ ਕਾਰਨ ਮੌਤ ਦੀ ਯੋਗਤਾ ਰੱਖਦੇ ਹਾਂ, ਪਰ ਸਾਡੇ ਸਥਾਨ ਤੇ ਮਸੀਹ ਮਰਿਆ। ਅਸੀਂ ਮਰਨ ਦੇ ਯੋਗ ਸੀ; ਪਰ ਉਹ ਮਰ ਗਿਆ ਤਾਂ ਕਿ ਅਸੀਂ ਜੀ ਸਕੀਏ।

## ਮਸੀਹ ਦੇ ਦੁੱਖ ਝੱਲਣ ਦਾ ਕਾਰਨ

ਕੀ ਉਸਨੂੰ ਕੋੜ੍ਹੇ ਮਾਰੇ ਗਏ?
ਇਹ ਇਸ ਲਈ ਕਿ ਉਸਦੇ ਮਾਰ ਖਾਣ ਦੇ ਨਾਲ ਅਸੀਂ ਨਰੋਏ ਕੀਤੇ ਜਾਈਏ।

ਕੀ ਉਹ ਬੇਕਸੂਰ ਹੋਣ ਦੇ ਬਾਵਜੂਦ ਕਸੂਰਵਾਰ ਠਹਿਰਾਇਆ ਗਿਆ?
ਇਹ ਇਸ ਲਈ ਹੋਇਆ ਤਾਂ ਕਿ ਅਸੀਂ ਕਸੂਰਵਾਰ ਹੋਣ ਦੇ ਬਾਵਜੂਦ, ਬੇਕਸੂਰ ਠਹਿਰਾਏ ਜਾਈਏ।

ਕੀ ਉਸਨੇ ਕੰਡਿਆਂ ਦਾ ਤਾਜ਼ ਪਾਇਆ?
ਇਹ ਇਸ ਲਈ ਹੋਇਆ ਤਾਂ ਕਿ ਅਸੀਂ ਮਹਿਮਾ ਦਾ ਤਾਜ ਪਹਿਨ ਸਕੀਏ।

ਕੀ ਉਸਦੀ ਪੁਸ਼ਾਕ ਉਤਾਰ ਦਿੱਤੀ ਗਈ?
ਇਹ ਇਸ ਲਈ ਹੋਇਆ ਤਾਂ ਕਿ ਅਸੀਂ ਸਦੀਪਕ ਧਾਰਮਿਕਤਾ ਦੀ ਪੁਸ਼ਾਕ ਪਹਿਨ ਸਕੀਏ।

ਕੀ ਉਸ ਦਾ ਮਜ਼ਾਕ ਉਡਾਇਆ ਗਿਆ ਸੀ ਅਤੇ ਬਦਨਾਮ ਕੀਤਾ ਗਿਆ ਸੀ?
ਇਹ ਇਸ ਲਈ ਹੋਇਆ ਤਾਂ ਕਿ ਸਾਨੂੰ ਆਦਰ ਅਤੇ ਬਰਕਤਾਂ ਮਿਲ ਸਕਣ।

ਕੀ ਉਸ ਨੂੰ ਦੋਸ਼ੀ ਮੰਨਿਆ ਗਿਆ ਸੀ, ਅਤੇ ਉਸਦੀ ਗਿਣਤੀ ਪਾਪੀਆਂ ਦੇ ਵਿੱਚ ਕੀਤੀ ਗਈ
ਇਹ ਇਸ ਲਈ ਹੋਇਆ ਤਾਂ ਕਿ ਅਸੀਂ ਬੇਕਸੂਰ ਅਤੇ ਸਾਰੇ ਪਾਪ ਤੋਂ ਛੁਡਾਏ ਹੋਏ ਮੰਨੇ ਜਾਈਏ।

ਉਸਦੇ ਬਾਰੇ ਘੋਸ਼ਣਾ ਕੀਤੀ ਗਈ ਕਿ ਉਹ ਆਪਣੇ ਆਪ ਨੂੰ ਬਚਾ ਨਹੀਂ ਸਕਦਾ?
ਇਹ ਇਸ ਲਈ ਸੀ ਤਾਂ ਕਿ ਉਹ ਬਹੁਤ ਦੂਰ ਜਾ ਚੁੱਕੇ ਲੋਕਾਂ ਨੂੰ ਵੀ ਬਚਾ ਸਕੇ।

ਕੀ ਉਹ ਅੰਤ ਦੇ ਵਿੱਚ ਮਰ ਗਿਆ ਅਤੇ ਕੀ ਇਹ ਬਹੁਤ ਹੀ ਦਰਦਨਾਕ ਅਤੇ ਸ਼ਰਮਨਾਕ ਮੌਤ ਸੀ?
ਇਹ ਇਸ ਲਈ ਸੀ ਤਾਂ ਕਿ ਅਸੀਂ ਸਦਾ ਜਿਉਂਦੇ ਰਹੀਏ, ਅਤੇ ਉੱਚੀ ਮਹਿਮਾ ਤੱਕ ਚੁੱਕੇ ਜਾਈਏ।

-ਜੇ.ਸੀ. ਰਾਇਲ[47]

## ਪੇਸ਼ੀ ਅਤੇ ਸਲੀਬੀਕਰਨ (ਜਾਰੀ ਹੈ)

### ਉਸਦਾ ਫੜਿਆ ਜਾਣਾ

► ਪੜ੍ਹੋ ਮੱਤੀ 26:1-5, 14-56.

ਦੁੱਖਾਂ ਦੇ ਹਫ਼ਤੇ ਦੇ ਬੁੱਧਵਾਰ ਵਾਲੇ ਦਿਨ, ਦੋ ਦਿਨ ਦੇ ਬਾਅਦ ਯਿਸੂ ਨੇ ਆਪਣੀ ਮੌਤ ਦੀ ਭਵਿੱਖਬਾਣੀ ਕੀਤੀ। ਮਹਾਂ ਸਭਾ ਪਸਾਹ ਦੇ ਪਰਬ ਤੋਂ ਬਾਅਦ ਭੀੜਾਂ ਦੇ ਚਲੇ ਜਾਣ ਤੋਂ ਯਿਸੂ ਦੇ ਫੜਵਾਏ ਜਾਣ ਦੀ ਯੋਜਨਾ ਬਣਾ ਰਹੀ ਸੀ, ਜੋ ਯਿਸੂ ਦੀ ਭਵਿੱਖਬਾਣੀ ਦੇ ਨੌ ਦਿਨ ਬਾਅਦ ਹੋਣਾ ਸੀ। ਪਰ ਯਹੂਦਾਹ ਨੇ ਆਪਣੇ ਸੁਆਮੀ ਨੂੰ ਧੋਖਾ ਦੇਣ ਦਾ ਪ੍ਰਸਤਾਵ ਰੱਖਿਆ, ਉਨ੍ਹਾਂ ਨੇ ਯਿਸੂ ਦੇ ਇੱਕ ਪੈਰੋਕਾਰ ਦੀ ਸਮਰਥਨ ਨਾਲ ਉਸਨੂੰ ਫੜਣ ਦੀ ਯੋਜਨਾ ਬਣਾਈ।

ਮਹਾਂ ਜਾਜਕਾਂ ਨੂੰ ਯਹੂਦਾਹ ਦੀ ਲੋੜ ਕਿਉਂ ਸੀ? ਉਹ ਯਿਸੂ ਨੂੰ ਉਸ ਸਮੇਂ ਫੜਣਾ ਚਾਹੁੰਦੇ ਸਨ ਜਦੋਂ ਉਹ ਭੀੜ ਨਾਲੋਂ ਅਲੱਗ ਹੋਵੇ। ਕਿਉਂਕਿ ਉਸਦੀ ਪ੍ਰਸਿੱਧੀ ਦੇ ਕਾਰਨ ਜੇਕਰ ਉਹ ਜਨਤਾ ਦੇ ਵਿੱਚ ਉਸਨੂੰ ਫੜਦੇ ਤਾਂ ਦੰਗੇ ਹੋ ਸਕਦੇ ਸਨ।

> ਯਿਸੂ ਨੇ ਆਪਣੀ ਈਸ਼ਵਰਤਾਈ ਦੇ ਵਿੱਚ ਮਨੁੱਖੀ ਦੁੱਖਾਂ ਤੋਂ ਛੁਟਕਾਰੇ ਦੀ ਭਾਲ ਨਹੀਂ ਕੀਤੀ; ਉਸਨੇ ਪ੍ਰਾਥਨਾ ਦਾ ਆਸਰਾ ਲਿਆ।"
>
> - ਟੀ.ਬੀ ਕਿਲਪੈਟਰਿਕ ਦਾ ਹਵਾਲਾ

ਚੇਲ੍ਹਿਆਂ ਦੇ ਨਾਲ ਪਸਾਹ ਦਾ ਭੋਜਨ ਖਾਣ ਦੇ ਬਾਅਦ, ਯਿਸੂ ਗਤਸਮਨੀ ਦੇ ਬਾਗ਼ ਵਿੱਚ ਪ੍ਰਾਥਨਾ ਕਰਨ ਦੇ ਲਈ ਗਿਆ। ਸਲੀਬ ਦੇ ਸਰੀਰਕ ਦੁੱਖਾਂ ਅਤੇ ਪਿਤਾ ਤੋਂ ਅਲੱਗ ਹੋਣ ਦੇ ਆਤਮਿਕ ਦੁੱਖ ਦਾ ਸਾਹਮਣਾ ਕਰਦੇ ਹੋਏ, ਯਿਸੂ ਨੇ ਪ੍ਰਾਥਨਾ ਕੀਤੀ, "ਹੇ ਪਿਤਾ, ਜੇ ਹੋ ਸੱਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹੋ ਜੋ ਤੂੰ ਚਾਹੁੰਦਾ ਹੈਂ" (ਮੱਤੀ 26:39)। ਬਹੁਤ ਵੱਡੀ ਪ੍ਰੀਖਿਆ ਦੇ ਵਿੱਚ ਵੀ, ਯਿਸੂ ਨੇ ਪਿਤਾ ਦੀ ਮਰਜ਼ੀ ਦੇ ਅੱਗੇ ਸਮਰਪਣ ਕੀਤਾ।

---

[47] J.C. Ryle, *Expository Thoughts on the Gospel of Matthew: A Commentary*, Updated ed. (Abbotsford, WI: Aneko Press, 2020), 331

ਉਸ ਰਾਤ ਦੇ ਪਿੱਛਲੇ ਸਮੇਂ, ਯਹੂਦਾਹ ਯਿਸੂ ਨੂੰ ਫੜਵਾਉਣ ਦੇ ਲਈ ਇੱਕ ਵੱਡੀ ਭੀੜ ਦੇ ਨਾਲ ਆਇਆ।[48] ਯਹੂਦਾਹ ਦੁਆਰਾ ਚੁੰਮੇ ਦੇ ਨਾਲ ਯਿਸੂ ਦੀ ਪਹਿਚਾਣ ਕਰਵਾਉਣ ਦੇ ਬਾਅਦ, ਯਿਸੂ ਨੇ ਸਿਪਾਹੀਆਂ ਦੇ ਨਾਲ ਗੱਲ ਕੀਤੀ। "ਸੋ ਜਾਂ ਉਸ ਨੇ ਉਨ੍ਹਾਂ ਨੂੰ ਆਖਿਆ ਮੈਂ ਹੀ ਹਾਂ ਤਾਂ ਓਹ ਪਿਛਾਹਾਂ ਨੂੰ ਹਟ ਗਏ ਅਤੇ ਭੁੰਞੇਂ ਡਿੱਗ ਪਏ" (ਯੂਹੰਨਾ 18:6)। ਸਿਪਾਹੀਆਂ ਦਾ ਇਹ ਵੱਡਾ ਸਮੂਹ ਉਸ ਮਨੁੱਖ ਤੋਂ ਡਰ ਰਿਹਾ ਸੀ ਜਿਸਦੇ ਕੋਲ ਮੌਤ ਤੇ ਉੱਤੇ ਸ਼ਕਤੀ ਸੀ। ਉਸ ਸਮੇਂ ਮੁੱਖ ਕਾਬੂ ਯਿਸੂ ਦਾ ਸੀ, ਨਾ ਕਿ ਉਸਦੇ ਵੈਰੀਆਂ ਦਾ। ਇੱਕ 19ਵੀਂ ਸਦੀ ਦੇ ਪ੍ਰਚਾਰਕ ਓਕਟਾਵਾਈਸ ਵਿਨਸਲਾਅ ਨੇ ਲਿਖਿਆ, "ਯਿਸੂ ਨੂੰ ਮਰਨ ਦੇ ਲਈ ਕਿਸਨੇ ਫੜਵਾਇਆ? ਪੈਸੇ ਦੇ ਲਈ, ਯਹੂਦਾਹ ਨੇ ਨਹੀਂ। ਡਰ ਦੇ ਕਾਰਨ ਪਿਲਾਤੁਸ ਨੇ ਨਹੀਂ। ਜਲਨ ਦੇ ਕਾਰਨ ਯਹੂਦੀਆਂ ਨੇ ਨਹੀਂ। ਇਹ ਪਿਤਾ ਨੇ ਕੀਤਾ, ਪਿਆਰ ਦੇ ਕਾਰਨ![49]

### ਪੇਸ਼ੀ

► ਪੜ੍ਹੋ ਮੱਤੀ 26:57-27:26, ਲੂਕਾ 22:54-23:25, ਯੂਹੰਨਾ 18:12-19:16.

ਯਿਸੂ ਦੀਆਂ ਪੇਸ਼ੀਆਂ ਦੇ ਵਿੱਚ ਯਹੂਦੀ ਅਤੇ ਰੋਮੀ ਪੇਸ਼ੀ ਦੋਵੇਂ ਸ਼ਾਮਿਲ ਹਨ। ਯਹੂਦੀ ਕਾਨੂੰਨ ਪ੍ਰਾਚੀਨ ਕਾਨੂੰਨੀ ਪ੍ਰਣਾਲੀਆਂ ਵਿੱਚੋਂ ਸਭ ਤੋਂ ਵੱਧ ਮਨੁੱਖੀ ਸੀ; ਯਹੂਦੀ ਕਾਨੂੰਨ ਨੇ ਜੀਵਨ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਸੀ। ਰੋਮੀ ਕਾਨੂੰਨ ਆਪਣੇ ਸਖ਼ਤ ਨਿਯਮਾਂ ਅਤੇ ਵਿਆਪਕਤਾ ਲਈ ਜਾਣਿਆ ਜਾਂਦਾ ਸੀ। ਇਹ ਪ੍ਰਾਚੀਨ ਸੰਸਾਰ ਦੀਆਂ ਦੋ ਸਭ ਤੋਂ ਵਧੀਆ ਕਾਨੂੰਨੀ ਪ੍ਰਣਾਲੀਆਂ ਸਨ, ਪਰ ਉਨ੍ਹਾਂ ਨੇ ਪਾਪੀ ਮਨੁੱਖਾਂ ਨੂੰ ਪਰਮੇਸ਼ੁਰ ਦੇ ਪੁੱਤਰ ਨੂੰ ਮਾਰਨ ਤੋਂ ਨਹੀਂ ਰੋਕਿਆ।

ਯਿਸੂ ਦੇ ਫੜਵਾਏ ਜਾਣ ਦੇ ਕੁਝ ਘੰਟਿਆਂ ਦੇ ਬਾਅਦ, ਯਿਸੂ ਨੂੰ ਛੇ ਕਾਨੂੰਨੀ ਪੇਸ਼ੀਆਂ ਦੇ ਅਧੀਨ ਕੀਤਾ ਗਿਆ। ਇਸ ਵਿੱਚ ਯਹੂਦੀ ਧਾਰਮਿਕ ਪੇਸ਼ੀਆਂ ਅਤੇ ਰੋਮੀ ਸਿਵਲ ਮੁਕੱਦਮੇ ਦੋਵੇਂ ਸ਼ਾਮਲ ਸਨ। ਇਤਿਹਾਸਕਾਰਾਂ ਨੇ ਪ੍ਰਗਟ ਕੀਤਾ ਹੈ ਕਿ ਯਹੂਦੀ ਪੇਸ਼ੀਆਂ ਯਹੂਦੀ ਸ਼ਰਾ ਦੇ ਅਨੁਸਾਰ ਗ਼ੈਰ-ਕਾਨੂੰਨੀ ਸਨ। ਯਿਸੂ ਨੂੰ ਦੋਸ਼ੀ ਕਰਾਰ ਦੇਣ ਦੀ ਕਾਹਲੀ ਦੇ ਵਿੱਚ ਮਹਾਂ-ਸਭਾ ਨੇ ਹੇਠਾਂ ਦੱਸੇ ਕੰਮ ਕੀਤੇ:

- ਰਾਤ ਦੇ ਸਮੇਂ ਪੇਸ਼ੀ ਕੀਤੀ ਗਈ (ਗ਼ੈਰ-ਕਾਨੂੰਨੀ)
- ਯਿਸੂ ਨੂੰ ਫੜਣ ਤੋਂ ਪਹਿਲਾਂ ਉਸ ਤੇ ਕੋਈ ਰਸਮੀ ਦੋਸ਼ ਨਹੀਂ ਲਗਾਏ ਗਏ (ਗ਼ੈਰ-ਕਾਨੂੰਨੀ)
- ਯਿਸੂ ਨੂੰ ਉਸਦੇ ਬਚਾਅ ਪੱਖ ਵਿੱਚ ਗਵਾਹ ਪੇਸ਼ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ (ਗ਼ੈਰ-ਕਾਨੂੰਨੀ)
- ਯਹੂਦੀ ਸ਼ਰਾ ਦੇ ਉਲਟ ਪੇਸ਼ੀ ਨੂੰ ਬਹੁਤ ਤੇਜੀ ਦੇ ਨਾਲ ਕੀਤਾ ਗਿਆ (ਗ਼ੈਰ-ਕਾਨੂੰਨੀ)

---

[48] ਯੂਹੰਨਾ 18:3 ਇਸ ਸਮੂਹ ਨੂੰ ਇੱਕ "ਜਥੇ" ਜਾਂ ਸੈਨਿਕਾਂ ਦੀ ਟੁਕੜੀ ਵੱਜੋਂ ਦੱਸਦਾ ਹੈ। ਇੱਕ ਰੋਮੀ ਸੈਨਿਕ ਟੁਕੜੀ ਵਿੱਚ ਅਕਸਰ 600 ਪੁਰਸ਼ ਹੁੰਦੇ ਸਨ।

[49] ਇਸਦਾ ਹਵਾਲਾ John Stott, *The Message of Romans* (Westmont, Illinois: InterVarsity Press, 1994), 255 ਤੋਂ ਲਿਆ ਗਿਆ ਹੈ।

ਵਿਅੰਗਮਈ ਢੰਗ ਨਾਲ, ਇਹ ਸਭ ਇਸ ਲਈ ਹੋਇਆ ਤਾਂ ਕਿ ਉਹ ਯਿਸੂ ਨੂੰ ਪਸਾਹ ਤੋਂ ਪਹਿਲਾਂ ਸਲੀਬ ਦੇ ਸਕਣ ਅਤੇ ਅਤੇ ਉਸਦੇ ਸਰੀਰ ਨੂੰ ਸਲੀਬ ਤੋਂ ਹਟਾ ਸਕਣ। ਉਨ੍ਹਾਂ ਨੇ ਪਰਮੇਸ਼ੁਰ ਦੇ ਲੇਲੇ ਨੂੰ ਮਾਰ ਦਿੱਤਾ ਤਾਂ ਕਿ ਉਹ ਸਹੀ ਸਮੇਂ ਤੇ ਪਸਾਹ ਦੇ ਲੇਲੇ ਨੂੰ ਖਾਹ ਸਕਣ!

*ਪੇਸ਼ੀਆਂ ਦਾ ਘਟਨਾਕ੍ਰਮ*

**(1) ਅੱਨਾਸ ਦੇ ਸਾਹਮਣੇ ਯਹੂਦੀ ਪੇਸ਼ੀ (ਯੂਹੰਨਾ 18:12-14, 19-23)**

ਅੱਨਾਸ ਨੂੰ ਸਾਰੇ ਜੀਵਨ ਦੇ ਲਈ ਮਹਾਂ-ਜਾਜਕ ਨਿਯੁਕਤ ਕੀਤਾ ਗਿਆ ਸੀ। ਹਾਲਾਂਕਿ ਰੋਮੀਆਂ ਨੇ ਅੰਨਾਸ ਦੇ ਸਥਾਨ ਤੇ ਉਸਦੇ ਜਵਾਈ ਕੈਫਾ ਨੂੰ ਮਹਾਂ-ਜਾਜਕ ਬਣਾ ਦਿੱਤਾ ਸੀ ਪਰ ਯਹੂਦੀ ਲੋਕ ਲਗਾਤਾਰ ਅੱਨਾਸ ਨੂੰ "ਮਹਾਂ-ਜਾਜਕ" ਕਹਿੰਦੇ ਰਹੇ। ਅੱਨਾਸ ਦੇ ਸਾਹਮਣੇ ਹੋਈ ਪਹਿਲੀ ਪੇਸ਼ੀ ਅਧਿਕਾਰਕ ਨਹੀਂ ਸੀ। ਇਸਦੇ ਵਿੱਚ ਕੋਈ ਦੋਸ਼ ਜਾਂ ਗਵਾਹ ਨਹੀਂ ਸੀ।

**(2) ਮਹਾਂ-ਸਭਾ ਦੇ ਸਾਹਮਣੇ ਯਹੂਦੀ ਪੇਸ਼ੀ (ਮੱਤੀ 26:57-68)**

ਮਹਾਂ-ਸਭਾ ਦੇ ਸਾਹਮਣੇ ਪਹਿਲੀ ਰਾਤ 2 ਵਜੇ ਦੇ ਕਰੀਬ ਹੋਈ ਹੋਵੇਗੀ ਹਾਲਾਂਕਿ ਉਹ ਕਿਸੇ ਕਾਨੂੰਨੀ ਪੇਸ਼ੀ ਨੂੰ ਸੂਰਜ ਚੜਣ ਤੋਂ ਪਹਿਲਾਂ ਨਹੀਂ ਕਰ ਸਕਦੇ ਸਨ, ਯਹੂਦੀ ਆਗੂ ਇਹ ਕੰਮ ਤੇਜੀ ਦੇ ਨਾਲ ਕਰਨਾ ਚਾਹੁੰਦੇ ਸਨ। ਭਾਵੇਂਕਿ ਰਸਮੀ ਰਾਤ ਦੀ ਪੇਸ਼ੀ ਗ਼ੈਰ-ਕਾਨੂੰਨੀ ਸੀ, ਪਰ ਮਹਾਂ-ਸਭਾ ਦੇ ਗ਼ੈਰ-ਰਸਮੀ ਪੇਸ਼ੀ ਕੀਤੀ ਜਿਸ ਵਿੱਚ ਯਿਸੂ ਤੇ ਈਸ਼ਵਰ-ਨਿੰਦਾ ਦਾ ਦੋਸ਼ ਲਗਾਇਆ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਕਿ ਉਹ ਮਾਰੇ ਜਾਣ ਦੇ ਯੋਗ ਹੈ।

**(3) ਮਹਾਂ-ਸਭਾ ਦੇ ਅੱਗੇ ਰਸਮੀ ਯਹੂਦੀ ਪੇਸ਼ੀ (ਲੂਕਾ 22:66-71)**

ਜਦੋਂ ਦਿਨ ਚੜ੍ਹਿਆ, ਤਾਂ ਮਹਾਂ-ਸਭਾ ਨੇ ਇੱਕ ਰਸਮੀ ਪੇਸ਼ੀ ਕੀਤੀ। ਇਸ ਪੇਸ਼ੀ ਦੇ ਦੌਰਾਨ ਮਹਾਂ-ਸਭਾ ਨੇ ਅਧਿਕਾਰਤ ਤੌਰ ਤੇ ਯਿਸੂ ਤੇ ਈਸ਼ਵਰ ਨਿੰਦਾ ਕਰਨ ਦੋਸ਼ ਲਗਾਇਆ।

**(4) ਪਿਲਾਤੁਸ ਦੇ ਸਾਹਮਣੇ ਪਹਿਲੀ ਰੋਮੀ ਪੇਸ਼ੀ (ਲੂਕਾ 23:1-5, ਯੂਹੰਨਾ 18:28-38)**

ਰੋਮ ਨੇ ਮਹਾਂ-ਸਭਾ ਨੂੰ ਅਪਰਾਧੀਆਂ ਨੂੰ ਮਾਰਨ ਦਾ ਅਧਿਕਾਰ ਨਹੀਂ ਦਿੱਤਾ ਸੀ (ਯੂਹੰਨਾ 18:31)। ਪਿਲਾਤੁਸ ਦੁਆਰਾ ਮੌਤ ਦੀ ਸਜਾ ਸੁਣਾਏ ਜਾਣ ਦੇ ਲਈ ਯਹੂਦੀ ਆਗੂਆਂ ਨੇ ਆਪਣੇ ਈਸ਼ਵਰ ਨਿੰਦਾ ਦੇ ਦੋਸ਼ਾਂ ਨੂੰ ਬਦਲ ਕੇ ਬਗ਼ਾਵਤ ਦਾ ਰਾਜਨੀਤਿਕ ਦੋਸ਼ ਲਗਾਇਆ। ਉਨ੍ਹਾਂ ਨੇ ਦੋਸ਼ ਲਗਾਇਆ "ਭਈ ਅਸਾਂ ਇਹ ਨੂੰ ਸਾਡੀ ਕੌਮ ਨੂੰ ਭਰਮਾਉਂਦਿਆਂ ਅਤੇ ਕੈਸਰ ਨੂੰ ਮਾਮਲਾ ਦੇਣ ਤੋਂ ਮਨੇ ਕਰਦਿਆਂ ਅਤੇ ਆਪਣੇ ਆਪ ਨੂੰ ਮਸੀਹ ਪਾਤਸ਼ਾਹ ਕਹਿੰਦਿਆ ਡਿੱਠਾ" (ਲੂਕਾ 23:2)।

ਪਸਾਹ ਦੇ ਪਰਬ ਦੇ ਦੌਰਾਨ, ਯਹੂਦੀ ਲੋਕ ਕਿਸੇ ਰੋਮੀ ਇਮਾਰਤ ਦੇ ਵਿੱਚ ਦਾਖਿਲ ਨਹੀਂ ਹੁੰਦੇ ਸਨ ਤਾਂ ਕਿ ਉਹ ਅਸ਼ੁੱਧ ਹੋ ਕੇ ਪਸਾਹ ਦੇ ਭੋਜਨ ਤੋਂ ਵਾਂਝੇ ਨਾ ਰਹਿ ਜਾਣ। ਕਿਉਂਕਿ ਉਹ ਮਹਿਲ ਵਿੱਚ ਦਾਖਿਲ ਨਹੀਂ ਹੁੰਦੇ ਸਨ, ਇਸ ਲਈ ਪਿਲਾਤੁਸ ਨੇ ਇਸ ਪੇਸ਼ੀ ਨੂੰ ਮਹਿਲ ਦੇ ਬਾਹਰ ਦੇ ਦਰਵਾਜੇ ਕੋਲ ਰੱਖਿਆ।

### (5) ਹੇਰੋਦੇਸ ਅੰਤੀਪਾਸ ਦੇ ਸਾਹਮਣੇ ਹੋਈ ਰੋਮੀ ਪੇਸ਼ੀ (ਲੂਕਾ 23:6-12)

ਪਿਲਾਤੁਸ ਜਾਣਦਾ ਸੀ ਕਿ ਯਿਸੂ ਬੇਕਸੂਰ ਹੈ, ਪਰ ਉਹ ਯਹੂਦੀ ਆਗੂਆਂ ਨੂੰ ਕ੍ਰੋਧਿਤ ਨਹੀਂ ਕਰਨਾ ਚਾਹੁੰਦਾ ਸੀ।ਜਦੋਂ ਉਸਨੇ ਸੁਣਿਆ ਕਿ ਯਿਸੂ "ਗਲੀਲ ਤੋਂ ਲੈ ਕੇ ਐਥੋਂ ਤੋੜੀ ਸਾਰੇ ਯਹੂਦਿਯਾ ਵਿੱਚ ਸਿਖਲਾਉਂਦਾ ਹੋਇਆ ਲੋਕਾਂ ਨੂੰ ਚੁੱਕਦਾ ਹੈ" (ਲੂਕਾ 23:5) ਤਾਂ ਪਿਲਾਤੁਸ ਇਸ ਪਰੇਸ਼ਾਨੀ ਤੋਂ ਬਚਣਾ ਚਾਹੁੰਦਾ ਸੀ। ਪਸਾਹ ਦੇ ਹਫ਼ਤੇ ਦੌਰਾਨ, ਹੇਰੋਦੇਸ਼ ਅੰਤੀਪਾਸ, ਗ਼ਲੀਲ ਦਾ ਹਾਕਮ ਯਰੂਸ਼ਲਮ ਦੇ ਵਿੱਚ ਸੀ।[50] ਕਿਉਂਕਿ ਯਿਸੂ ਗ਼ਲੀਲ ਤੋਂ ਸੀ, ਤਾਂ ਪਿਲਾਤੁਸ ਨੇ ਉਮੀਦ ਕੀਤੀ ਉਹ ਇਸ ਮੁਕੱਦਮੇ ਦੇ ਜੱਜ ਵੱਜੋਂ ਭੂਮਿਕਾ ਨਿਭਾਏਗਾ। ਪਿਲਾਤੁਸ ਨੇ ਯਿਸੂ ਨੂੰ ਹੇਰੋਦੇਸ ਦੇ ਕੋਲ ਘੱਲਿਆ, ਪਰ ਹੇਰੋਦੇਸ ਦੇ ਇਸ ਮਸਲੇ ਵਿੱਚ ਪੈਣ ਤੋਂ ਇਨਕਾਰ ਕਰ ਦਿੱਤਾ।

### (6) ਪਿਲਾਤੁਸ ਦੇ ਸਾਹਮਣੇ ਅੰਤਿਮ ਰੋਮੀ ਪੇਸ਼ੀ (ਮੱਤੀ 27:15-26, ਲੂਕਾ 23:13-25, ਯੂਹੰਨਾ 18:39-19:16)

ਜਦੋਂ ਯਿਸੂ ਪਿਲਾਤੁਸ ਦੀ ਅਦਾਲਤ ਵਿੱਚ ਵਾਪਿਸ ਲਿਆਂਦਾ ਗਿਆ, ਤਾਂ ਉਸਨੇ ਇੱਕ ਹੋਰ ਹੱਲ ਕੱਢਿਆ। ਪਿਲਾਤੁਸ ਜਾਣਦਾ ਸੀ ਕਿ ਯਿਸੂ ਬੇਕਸੂਰ ਸੀ: "ਵੇਖੋ ਮੈਂ ਤੁਹਾਡੇ ਸਾਹਮਣੇ ਪੁੱਛ ਗਿੱਛ ਕੀਤੀ ਅਤੇ ਜਿਹੜੀਆਂ ਗੱਲਾਂ ਦੀ ਤੁਸਾਂ ਇਸ ਉੱਤੇ ਨਾਲਸ਼ ਕੀਤੀ ਹੈ ਮੈਂ ਉਨ੍ਹਾਂ ਦੇ ਵਿਖੇ ਇਸ ਮਨੁੱਖ ਵਿੱਚ ਕੋਈ ਦੋਸ਼ ਨਹੀਂ ਵੇਖਿਆ" (ਲੂਕਾ 23:14)। ਪਿਲਾਤੁਸ ਬੇਕਸੂਰ ਯਿਸੂ ਨੂੰ ਸਜਾ ਨਹੀਂ ਦੇਣੀ ਚਾਹੁੰਦਾ ਸੀ।

ਜਦੋਂ ਆਗੂਆਂ ਨੇ ਉਸਨੂੰ ਕੈਸਰ ਦੇ ਸਾਹਮਣੇ ਉਸਦੇ ਪ੍ਰਤੀ ਵਫ਼ਾਦਾਰ ਨਾ ਹੋਣ ਦਾ ਦੋਸ਼ ਲਗਾਉਣ ਦੀ ਧਮਕੀ ਦਿੱਤੀ, ਤਾਂ ਪਿਲਾਤੁਸ ਨੇ ਉਨ੍ਹਾਂ ਦੀ ਮੰਗ ਪੂਰੀ ਕਰ ਦਿੱਤੀ। ਪਿਲਾਤੁਸ ਇੱਕ ਕਮਜ਼ੋਰ ਹਾਕਮ ਸੀ। ਪਹਿਲਾਂ ਹੋਏ ਇੱਕ ਵਿਵਾਦ ਦੇ ਵਿੱਚ ਪਿਲਾਤੁਸ ਨੇ ਸਿਪਾਹੀਆਂ ਨੂੰ ਸਮਰਾਟ ਦੀ ਮੂਰਤੀ ਦੇ ਨਾਲ ਯਰੂਸ਼ਲਮ ਵਿੱਚ ਦਾਖਿਲ ਹੋਣ ਦੀ ਪ੍ਰਵਾਨਗੀ ਦੇ ਦਿੱਤੀ। ਇੱਕ ਯਹੂਦੀ ਭੀੜ ਨੇ ਪਿਲਾਤੁਸ ਦੇ ਮਹਿਲ ਦੇ ਬਾਹਰ ਪੰਜ ਦਿਨਾਂ ਤੱਕ ਪ੍ਰਦਰਸ਼ਨ ਕੀਤਾ। ਜਦੋਂ ਉਸਨੇ ਪ੍ਰਦਰਸ਼ਨਕਾਰੀਆਂ ਨੂੰ ਮਾਰ ਦੇਣ ਦੀ ਧਮਕੀ ਦਿੱਤੀ, ਤਾਂ ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਉਹ ਪਵਿੱਤਰ ਸ਼ਹਿਰ ਦੇ ਵਿੱਚ ਕੈਸਰ ਦੀ ਮੂਰਤੀ ਲਿਆਏ ਜਾਣ ਨੂੰ ਸਹਿਣ ਕਰਨ ਦੀ ਬਜਾਏ ਮਰਨਾ ਪਸੰਦ ਕਰਨਗੇ। ਪਿਲਾਤੁਸ ਨੂੰ ਮਜ਼ਬੂਰੀ ਵੱਸ ਆਪਣਾ ਫੈਸਲਾ ਵਾਪਿਸ ਲੈਣਾ ਪਿਆ।

---

[50] ਪਸਾਹ ਦੇ ਹਫ਼ਤੇ ਦੌਰਾਨ, ਪੈਲੇਸਟਾਈਨ ਦੇ ਵਿੱਚ ਮੌਜੂਦ ਹਰੇਕ ਰੋਮੀ ਅਧਿਕਾਰੀ ਯਰੂਸ਼ਲਮ ਆ ਜਾਂਦਾ ਸੀ ਤਾਂ ਕਿ ਉਹ ਬਗਾਵਤ ਵਰਗੀ ਸਥਿਤੀ ਦੇ ਵਿੱਚ ਸਹਾਇਤਾ ਕਰ ਸਕਣ।

ਇਸ ਅਨੁਭਵ ਦੇ ਕਾਰਨ, ਪਿਲਾਤੁਸ ਯਹੂਦੀ ਲੋਕਾਂ ਨੂੰ ਡਰਦਾ ਸੀ। ਇਸ ਤੋਂ ਇਲਾਵਾ, ਰੋਮ ਦੇ ਵਿੱਚ ਉਸਦਾ ਉੱਚ ਅਧਿਕਾਰੀ ਸੇਜਾਨੁਸ ਪਿਲਾਤੁਸ ਤੇ ਭਰੋਸਾ ਨਹੀਂ ਕਰਦਾ ਸੀ ਕਿ ਉਹ ਯਹੂਦਿਆ ਦੇ ਲੋਕਾਂ ਨੂੰ ਕਾਬੂ ਵਿੱਚ ਰੱਖ ਸਕਦਾ ਹੈ। ਜਦੋਂ ਆਗੂਆਂ ਨੇ ਧਮਕੀ ਦਿੱਤੀ ਕਿ ਜੇਕਰ ਉਹ ਯਿਸੂ ਨੂੰ ਛੱਡ ਦੇਵੇਗਾ ਤਾਂ ਕੈਸਰ ਦੇ ਵਿਰੁੱਧ ਉਸਦੀ ਸ਼ਿਕਾਇਤ ਕਰਨਗੇ, ਤਾਂ ਪਿਲਾਤੁਸ ਨੇ ਉਸਨੂੰ ਸਲੀਬ ਦੇਣ ਦੇ ਲਈ ਉਨ੍ਹਾਂ ਨੇ ਹਵਾਲੇ ਕਰ ਦਿੱਤਾ (ਯੂਹੰਨਾ 19:16)। ਪਿਲਾਤੁਸ ਨੇ ਯਿਸੂ ਨੂੰ ਇਸ ਲਈ ਸਜਾ ਨਹੀਂ ਦਿੱਤੀ ਕਿ ਉਹ ਉਸਨੂੰ ਦੋਸ਼ੀ ਮੰਨਦਾ ਸੀ, ਪਰ ਉਸਨੇ ਅਜਿਹਾ ਆਪਣੀ ਹੀ ਕਮਜ਼ੋਰੀ ਦੇ ਕਾਰਨ ਕੀਤਾ।

***ਪੇਸ਼ੀ ਦੇ ਦੌਰਾਨ, ਪਤਰਸ ਯਿਸੂ ਦਾ ਇਨਕਾਰ ਕਰਦਾ ਹੈ***

ਪਸਾਹ ਭੋਜਨ ਦੇ ਦੌਰਾਨ, ਯਿਸੂ ਨੇ ਪਤਰਸ ਨੂੰ ਚੇਤਾਵਨੀ ਦਿੱਤੀ, “ਮੈਂ ਤੈਨੂੰ ਸੱਚ ਆਖਦਾ ਹਾਂ, ਜਿੰਨਾ ਚਿਰ ਤੂੰ ਮੇਰਾ ਤਿੰਨ ਵਾਰੀ ਇਨਕਾਰ ਨਾ ਕਰੇਂ ਕੁੱਕੜ ਬਾਂਗ ਨਾ ਦੇਵੇਗਾ” (ਯੂਹੰਨਾ 13:38)। ਹੁਣ, ਯਿਸੂ ਦੀ ਪੇਸ਼ੀ ਦੇ ਦੌਰਾਨ, ਪਤਰਸ ਤਿੰਨ ਵਾਰ ਯਿਸੂ ਦਾ ਇਨਕਾਰ ਕਰਦਾ ਹੈ।

ਜਿਵੇਂ ਅਸੀਂ ਪਤਰਸ ਦੇ ਸ਼ਰਮਿੰਦਗੀ ਭਰੀ ਗਿਰਾਵਟ ਨੂੰ ਵੇਖਦੇ ਹਾਂ, ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਇਕੱਲਾ ਪਤਰਸ ਹੀ ਨਹੀਂ ਸੀ ਜਿਸਨੇ ਉਸ ਰਾਤ ਯਿਸੂ ਦਾ ਸਾਥ ਛੱਡ ਦਿੱਤਾ ਸੀ। ਸਿਰਫ਼ ਪਤਰਸ ਅਤੇ ਯੂਹੰਨਾ ਹੀ ਉਸਦੀ ਪੇਸ਼ੀ ਤੇ ਮੌਜੂਦ ਸਨ। ਬਾਕੀ ਦੇ ਚੇਲ੍ਹੇ ਡਰ ਦੇ ਮਾਰੇ ਨੱਸ ਗਏ ਸਨ।

ਸਪੱਸ਼ਟ ਤੌਰ ਤੇ, ਪਤਰਸ ਯਿਸੂ ਨੂੰ ਪਿਆਰ ਕਰਦਾ ਸੀ। ਫਿਰ ਉਹ ਕਿਉਂ ਡਿੱਗ ਗਿਆ? ਪਹਿਲਾਂ ਅਸੀਂ ਯਿਸੂ ਦੀਆਂ ਪ੍ਰੀਖਿਆਵਾਂ ਤੋਂ ਪ੍ਰੀਖਿਆਵਾਂ ਦਾ ਸਾਹਮਣਾ ਕਰਨ ਦੇ ਬਾਰੇ ਪਾਠ ਸਿੱਖੇ ਹਨ। ਅਸੀਂ ਪਤਰਸ ਦੀ ਗਿਰਾਵਟ ਤੋਂ ਉਹ ਚੇਤਾਵਨੀਆਂ ਵੇਖ ਸਕਦੇ ਹਾਂ ਜੋ ਪ੍ਰੀਖਿਆ ਦੇ ਸਮੇਂ ਸਾਡੀ ਸਹਾਇਤਾ ਕਰ ਸਕਦੀਆਂ ਹਨ। ਘੱਟੋ ਘੱਟ ਦੋ ਗੱਲਾਂ ਪਤਰਸ ਦੀ ਗਿਰਾਵਟ ਦਾ ਕਾਰਨ ਬਣੀਆਂ:

**(1) ਲੋੜ ਤੋਂ ਵੱਧ ਆਤਮ-ਵਿਸ਼ਵਾਸ**

ਜਦੋਂ ਯਿਸੂ ਨੇ ਸ਼ੈਤਾਨ ਦੇ ਹਮਲੇ ਦੀ ਚੇਤਾਵਨੀ ਦਿੱਤੀ, ਪਤਰਸ ਨੇ ਘਮੰਡ ਕੀਤਾ, “ਭਾਵੇਂ ਤੇਰੇ ਨਾਲ ਮੈਨੂੰ ਮਰਨਾ ਭੀ ਪਵੇ ਤਾਂ ਵੀ ਮੈਂ ਤੇਰਾ ਇਨਕਾਰ ਕਦੀ ਨਾ ਕਰਾਂਗਾ” (ਮੱਤੀ 26:35), ਜਦੋਂ ਅਸੀਂ ਲੋੜ ਤੋਂ ਵੱਧ ਆਤਮ-ਵਿਸ਼ਵਾਸ ਦੇ ਨਾਲ ਭਰ ਜਾਂਦੇ ਹਾਂ, ਤਾਂ ਇਸਦੇ ਨਾਲ ਸਾਡੇ ਡਿੱਗ ਜਾਣ ਦਾ ਖ਼ਤਰਾ ਵੱਧ ਜਾਂਦਾ ਹੈ। ਅਸੀਂ ਸਿਰਫ਼ ਪਵਿੱਤਰ ਆਤਮਾ ਦੀ ਸਮਰੱਥਾ ਦੇ ਨਾਲ ਹੀ ਜੇਤੂ ਮਸੀਹੀ ਜੀਵਨ ਜੀ ਸਕਦੇ ਹਾਂ। ਲੋੜ ਤੋਂ ਵੱਧ ਆਤਮ-ਵਿਸ਼ਵਾਸ ਆਤਮਿਕ ਅਸਫਲਤਾ ਦਾ ਪਹਿਲਾ ਕਦਮ ਹੈ।

**(2) ਪ੍ਰਾਥਨਾ ਦੀ ਕਮੀ**

ਬਾਗ਼ ਦੇ ਵਿੱਚ, ਯਿਸੂ ਨੇ ਚੇਲ੍ਹਿਆਂ ਨੂੰ ਚੇਤਾਵਨੀ ਦਿੱਤੀ, “ਪ੍ਰਾਥਨਾ ਕਰੋ ਤਾਂ ਕਿ ਤੁਸੀਂ ਪਰਤਾਵੇ ਵਿੱਚ ਨਾ ਪਵੋ” (ਲੂਕਾ 22:40)। ਆਉਣ ਵਾਲੇ ਪਰਤਾਵੇ ਦੇ ਲਈ ਪ੍ਰਾਥਨਾ ਦੇ ਦੁਆਰਾ ਸ਼ਕਤੀ ਮੰਗਣ ਦੀ ਬਜਾਏ ਪਤਰਸ ਸੌਂ ਗਿਆ।

ਪ੍ਰਾਥਨਾ ਦੀ ਕਮੀ ਆਤਮਿਕ ਅਸਫਲਤਾ ਦੇ ਵੱਲ ਅਗਵਾਈ ਕਰਦੀ ਹੈ। ਲਗਾਤਾਰ ਚੱਲਣ ਵਾਲੀ ਪ੍ਰਾਥਨਾ ਦੇ ਬਿਨਾਂ ਜੇਤੂ ਮਸੀਹੀ ਜੀਵਨ ਨੂੰ ਬਣਾਈ ਰੱਖਣਾ ਅਸੰਭਵ ਹੈ। ਸ਼ੈਤਾਨ ਅਜਿਹੇ ਮਸੀਹੀ ਸੇਵਕਾਂ ਦੀ ਭਾਲ ਕਰਦਾ ਹੈ ਜੋ ਬਹੁਤ ਸਾਰੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ ਅਤੇ ਪ੍ਰਾਥਨਾ ਦਾ ਸਮਾਂ ਨਹੀਂ ਹੁੰਦਾ। ਉਹ ਜਾਣਦਾ ਹੈ ਕਿ ਜੇਕਰ ਅਸੀਂ ਇੰਨੇ ਰੁੱਝੇ ਹੋਏ ਹਾਂ ਕਿ ਪ੍ਰਾਥਨਾ ਹੀ ਨਹੀਂ ਕਰਦੇ ਤਾਂ ਅਸੀਂ ਜਲਦੀ ਡਿੱਗ ਪਵਾਂਗੇ।

► ਆਪਣੇ ਪੁਰਾਣੇ ਮਸੀਹੀ ਜੀਵਨ ਅਤੇ ਸੇਵਕਾਈ ਵੱਲ ਵੇਖੋ। ਉਨ੍ਹਾਂ ਸਥਾਨਾਂ ਦੇ ਬਾਰੇ ਸੋਚੋ ਜਿੱਥੇ ਤੁਸੀਂ ਪ੍ਰੀਖਿਆ ਦੇ ਵਿੱਚ ਡਿੱਗ ਪਏ, ਜਾਂ ਤੁਸੀਂ ਡਿੱਗਣ ਦੇ ਬਹੁਤ ਕਰੀਬ ਆ ਗਏ। ਕਿਹੜੇ ਤੱਥਾਂ ਦੇ ਉਸ ਗਿਰਾਵਟ ਦੇ ਵਿੱਚ ਯੋਗਦਾਨ ਪਾਇਆ? ਕੀ ਤੁਸੀਂ ਸੇਵਕਾਈ ਦੀ ਸਫਲਤਾ ਦਾ ਅਨੁਭਵ ਕਰ ਰਹੇ ਸੀ ਜਿਸਦੇ ਕਾਰਨ ਤੁਸੀਂ ਆਤਮ-ਵਿਸ਼ਵਾਸ ਵਿੱਚ ਆ ਗਏ? ਕੀ ਤੁਸੀਂ ਬਹੁਤ ਜਿਆਦਾ ਰੁੱਝੇ ਹੋਏ ਸੀ ਅਤੇ ਪ੍ਰਾਥਨਾ ਕਰਨ ਵਿੱਚ ਅਸਫਲ ਰਹੇ? ਕੀ ਕੁਝ ਹੋਰ ਅਜਿਹੇ ਤੱਥ ਹਨ ਜੋ ਭਵਿੱਖ ਦੇ ਲਈ ਚੇਤਾਵਨੀ ਦੇ ਚਿੰਨ੍ਹ ਹੋ ਸਕਦੇ ਹਨ?

### *ਪੇਸ਼ੀ ਦੇ ਦੌਰਾਨ, ਯਹੂਦਾਹ ਆਤਮਹੱਤਿਆ ਕਰ ਲੈਂਦਾ ਹੈ।*

ਪਤਰਸ ਦੇ ਇਨਕਾਰ ਦੇ ਇੱਕ ਦਮ ਬਾਅਦ ਦੇ ਵਿੱਚ ਮੱਤੀ ਸਾਨੂੰ ਯਹੂਦਾਹ ਦੇ ਆਤਮਹੱਤਿਆ ਦੀ ਕਹਾਣੀ ਦੱਸਦਾ ਹੈ। ਉਸਦੇ ਧੋਖੇ ਦੇਣ ਦੇ ਨਤੀਜੇ ਵੇਖ ਕੇ, ਯਹੂਦਾਹ ਨੇ ਆਪਣਾ ਮਨ ਬਦਲ ਲਿਆ ਅਤੇ ਚਾਂਦੀ ਦੇ 30 ਸਿੱਕੇ ਮਹਾਂ-ਜਾਜਕ ਅਤੇ ਬਜ਼ੁਰਗਾਂ ਦੇ ਕੋਲ ਵਾਪਿਸ ਲੈ ਆਇਆ, ਅਤੇ ਕਿਹਾ, "ਮੈਂ ਪਾਪ ਕੀਤਾ ਜੋ ਨਿਰਦੋਸ਼ ਜਿੰਦ ਨੂੰ ਫੜਵਾ ਦਿੱਤਾ" (ਮੱਤੀ 27:3-4)। ਯਹੂਦਾਹ ਨੇ ਉਸ ਚਾਂਦੀ ਨੂੰ ਸੁੱਟ ਦਿੱਤਾ ਜੋ ਉਸਦੇ ਧੋਖਾ ਦੇਣ ਦੇ ਲਈ ਉਸਨੂੰ ਦਿੱਤੀ ਗਈ ਸੀ ਅਤੇ ਜਾ ਕੇ ਫਾਹਾ ਲੈ ਲਿਆ (ਮੱਤੀ 27:5)। ਯਹੂਦਾਹ ਨੇ ਜੀਵਨ ਭਰ ਦੀ ਦੋਸ਼ ਭਾਵਨਾ ਦੇ ਨਾਲੋਂ ਆਤਮਹੱਤਿਆ ਦੀ ਚੋਣ ਕੀਤੀ।

ਮੱਤੀ ਪਤਰਸ ਦੀ ਤੌਬਾ ਅਤੇ ਯਹੂਦਾਹ ਦੇ ਪਛਤਾਵੇ ਨੂੰ ਨਾਲ-ਨਾਲ ਹੀ ਰੱਖਦਾ ਹੈ। ਪਤਰਸ ਅਤੇ ਯਹੂਦਾਹ ਦੋਵਾਂ ਨੇ ਹੀ ਆਪਣੇ ਕੰਮਾਂ ਦਾ ਪਛਤਾਵਾ ਕੀਤਾ। ਪਰ ਯਹੂਦਾਹ ਦੇ ਲਈ ਮੱਤੀ ਨੇ ਅਜਿਹੇ ਸ਼ਬਦ ਦਾ ਉਪਯੋਗ ਕੀਤਾ ਜੋ ਕਿਸੇ ਦੇ ਮਨ ਦੇ ਬਦਲਣ ਨੂੰ ਦਰਸਾਉਂਦਾ ਹੈ, ਇਹ ਸੱਚੀ ਤੌਬਾ ਦੇ ਲਈ ਵਰਤਿਆ ਜਾਣ ਵਾਲਾ ਆਮ ਸ਼ਬਦ ਨਹੀਂ ਸੀ। ਪਾਪ ਦੇ ਬੋਧ ਦੇ ਪ੍ਰਤੀ ਲੋਕਾਂ ਦੀ ਪ੍ਰਤੀਕਿਰਿਆ ਦਾ ਫ਼ਰਕ ਬਹੁਤ ਮਹੱਤਵਪੂਰਨ ਹੈ।

ਪੌਲੁਸ ਨੇ ਪਛਤਾਵੇ (ਪਾਪ ਦੇ ਨਤੀਜੇ ਦੇ ਦੁੱਖ) ਅਤੇ ਤੌਬਾ (ਪਾਪ ਦੇ ਪ੍ਰਤੀ ਦੁੱਖ ਅਤੇ ਦਿਸ਼ਾ ਦੇ ਵਿੱਚ ਬਦਲਾਅ) ਦੇ ਫ਼ਰਕ ਬਾਰੇ ਲਿਖਿਆ। ਰਸੂਲ ਦੇ ਲਿਖਿਆ: "ਕਿਉਂ ਜੋ ਪਰਮੇਸ਼ੁਰ ਜੋਗ ਉਦਾਸੀ ਮੁਕਤੀ ਲਈ ਅਜਿਹਾ ਤੋਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਦਾ ਕਰਦੀ ਹੈ" (2 ਕੁਰਿੰਥੀਆਂ 7:10)।

ਭਗਤੀ ਵਾਲਾ ਦੁੱਖ ਸੱਚੀ ਤੌਬਾ ਨੂੰ ਲਿਆਉਂਦਾ ਹੈ, ਜੋ ਮੁਕਤੀ ਅਤੇ ਜੀਵਨ ਦੇ ਵੱਲ ਅਗਵਾਈ ਕਰਦਾ ਹੈ। ਸੰਸਾਰਿਕ ਦੁੱਖ ਪਛਤਾਵੇ ਨੂੰ ਲਿਆਉਂਦਾ ਹੈ, ਜੋ ਦੋਸ਼ ਭਾਵਨਾ ਅਤੇ ਮੌਤ ਦੇ ਵੱਲ ਅਗਵਾਈ ਕਰਦਾ ਹੈ। ਪਤਰਸ ਅਤੇ ਯਹੂਦਾਹ ਦੋਵਾਂ ਨੂੰ ਹੀ ਪਛਤਾਵਾ ਹੋਇਆ ਪਰ ਤੌਬਾ ਸਿਰਫ਼ ਪਤਰਸ ਨੇ ਕੀਤੀ।

ਯਹੂਦਾਹ ਨੇ ਆਪਣੀ ਧੋਖੇਬਾਜ਼ੀ ਦਾ ਨਤੀਜਾ ਦੇਖਿਆ ਅਤੇ ਸ਼ਰਮ ਅਤੇ ਦੋਸ਼ ਭਾਵਨਾ ਦੇ ਉੱਤੇ ਮੌਤ ਨੂੰ ਚੁਣਿਆ; ਉਸ ਨੇ ਪਛਤਾਵਾ ਮਹਿਸੂਸ ਕੀਤਾ, ਪਰ ਤੋਬਾ ਨਹੀਂ ਕੀਤੀ। ਪਤਰਸ ਨੇ ਆਪਣੀ ਅਸਫਲਤਾ ਦਾ ਨਤੀਜਾ ਦੇਖਿਆ ਅਤੇ ਉਸਨੇ ਸੱਚੀ ਤੋਬਾ ਦੀ ਚੋਣ ਕੀਤੀ। ਯਹੂਦਾਹ ਦੇ ਪਛਤਾਵੇ ਦਾ ਨਤੀਜਾ ਮੌਤ ਸੀ; ਪਤਰਸ ਦੀ ਤੋਬਾ ਦਾ ਨਤੀਜਾ ਜੀਵਨ ਭਰ ਦੀ ਫਲਦਾਇਕ ਸੇਵਕਾਈ ਸੀ।

► ਕੀ ਤੁਸੀਂ ਅਜਿਹੇ ਲੋਕਾਂ ਨੂੰ ਵੇਖਿਆ ਹੈ ਜਿੰਨਾਂ ਦੇ ਪਾਪ ਦਾ ਪਛਤਾਵਾ ਕੀਤਾ, ਪਰ ਸੱਚੀ ਤੋਬਾ ਨਹੀਂ ਕੀਤੀ? ਇਸਦਾ ਨਤੀਜਾ ਕੀ ਨਿੱਕਲਿਆ? ਅਸੀਂ ਆਪਣੇ ਪ੍ਰਚਾਰ ਦੇ ਵਿੱਚ, ਲੋਕਾਂ ਨੂੰ ਸੱਚੀ ਤੋਬਾ ਦੇ ਸਥਾਨ ਤੱਕ ਕਿਵੇਂ ਲਿਆ ਸਕਦੇ ਹਾਂ?

**ਸਲੀਬੀਕਰਨ**

► ਪੜ੍ਹੋ ਮੱਤੀ 27:27-54.

ਯਹੂਦਿਆ ਕਿਸੇ ਰੋਮੀ ਸਿਪਾਹੀ ਦੇ ਲਈ ਇੱਕ ਭਿਆਨਕ ਸਥਾਨ ਸੀ। ਲੋਕ ਰੋਮੀ ਸਿਪਾਹੀਆਂ ਦੇ ਨਾਲ ਨਫ਼ਰਤ ਕਰਦੇ ਸਨ, ਕਨਾਨੀ ਲੋਕ ਉਨ੍ਹਾਂ ਨੂੰ ਮਾਰਨ ਦੀਆਂ ਵਿਉਂਤਾਂ ਬਣਾਉਂਦੇ ਸਨ। ਪਸਾਹ ਦੇ ਸਮੇਂ ਦੌਰਾਨ, ਸੈਨਾ ਨੂੰ ਦੰਗਿਆਂ ਦੇ ਪ੍ਰਤੀ ਉਚੇਚੇ ਤੌਰ ਤੇ ਸੁਚੇਤ ਰਹਿਣਾ ਪੈਂਦਾ ਸੀ। ਕਿਸੇ ਸੈਨਿਕ ਦੇ ਲਈ ਇਸ ਨਾਲੋਂ ਬੁਰਾ ਕੰਮ ਹੋਰ ਕੋਈ ਨਹੀਂ ਸੀ। ਜਦੋਂ ਕਿਸੇ ਯਹੂਦੀ ਕੈਦੀ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ, ਤਾਂ ਸਿਪਾਹੀ ਆਪਣੀ ਸਾਰੀ ਨਫ਼ਰਤ ਉਸ ਵਿਅਕਤੀ ਦੇ ਕੱਢਦੇ ਸਨ।

ਯਿਸੂ ਦੇ ਨਾਲ ਕੀਤਾ ਗਿਆ ਵਿਵਹਾਰ-ਮਾਰਨਾ, ਮਖੌਲ ਕਰਨਾ, ਕੰਡਿਆਂ ਦਾ ਤਾਜ ਪਾਉਣਾ- ਕਠੋਰ ਸਿਪਾਹੀਆਂ ਦੇ ਜ਼ੁਲਮ ਨੂੰ ਦਰਸਾਉਂਦਾ ਹੈ ਜੋ ਆਪਣੇ ਕੰਮ ਨਾਲ ਨਫ਼ਰਤ ਕਰਦੇ ਸਨ, ਜੋ ਆਸ-ਆਸ ਦੇ ਲੋਕਾਂ ਨਾਲ ਨਫ਼ਰਤ ਕਰਦੇ ਸਨ, ਅਤੇ ਜੋ ਅਜਿਹੇ ਲੋਕਾਂ ਨੂੰ ਸਜ਼ਾ ਦੇਣ ਵਿੱਚ ਪ੍ਰਸੰਨ ਹੁੰਦੇ ਸਨ ਜੋ ਮੁੜ ਕੇ ਮਾਰ ਨਹੀਂ ਸਕਦੇ ਸਨ। ਯਿਸੂ ਨੇ ਸਿਪਾਹੀ ਦੇ ਇਸ ਸਭ ਵਿਵਹਾਰ ਨੂੰ ਕ੍ਰੋਧ ਦੇ ਇੱਕ ਸ਼ਬਦ ਤੱਕ ਤੋਂ ਬਿਨਾਂ ਝੱਲਿਆ।

ਬਹੁਤ ਸਾਰੇ ਲੇਖ਼ਕਾਂ ਨੇ ਸਲੀਬੀਕਰਨ ਦਾ ਅਧਿਐਨ ਸਲੀਬ ਦੇ ਉੱਤੇ ਯਿਸੂ ਦੁਆਰਾ ਦਿੱਤੇ ਸੱਤ ਕਥਨਾਂ ਦੇ ਬਾਰੇ ਵੇਖਦੇ ਹੋਏ ਕੀਤਾ ਹੈ। ਕਿਸੇ ਵਿਅਕਤੀ ਦੇ ਆਖਰੀ ਸ਼ਬਦ ਦਰਸਾਉਂਦੇ ਹਨ ਕਿ ਉਸ ਵਿਅਕਤੀ ਦੇ ਲਈ ਕਿਹੜੀ ਗੱਲ ਜਰੂਰੀ ਹੈ। ਯਿਸੂ ਨੇ ਮੌਤ ਦਾ ਸਾਹਮਣਾ ਕਰਦੇ ਕੀ ਕਿਹਾ?

### *ਮਾਫੀ ਦੇ ਸ਼ਬਦ*

ਜਿਵੇਂ ਹੀ ਉਨ੍ਹਾਂ ਨੇ ਕਿੱਲਾਂ ਦੇ ਨਾਲ ਉਸਨੂੰ ਸਲੀਬ ਤੇ ਚੜ੍ਹਾਇਆ, ਤਾਂ ਯਿਸੂ ਨੇ ਪ੍ਰਾਥਨਾ ਕੀਤੀ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ" (ਲੂਕਾ 23:34)। ਉਹ ਅੰਤ ਤੱਕ, ਪਿਆਰ ਅਤੇ ਮਾਫੀ ਨੂੰ ਵਿਖਾਉਂਦਾ ਰਿਹਾ।

ਮੌਤ ਦੀ ਯੋਗਤਾ ਰੱਖਣ ਚੋਰ ਦੇ ਨਾਲ ਯਿਸੂ ਨੇ ਵਾਇਦਾ ਕੀਤਾ, "ਮੈਂ ਤੈਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸੁਰਗ ਵਿੱਚ ਹੋਵੇਂਗਾ" (ਲੂਕਾ 23:43)।

### *ਦਯਾ ਦੇ ਸ਼ਬਦ*

ਯਿਸੂ ਨੇ ਯੂਹੰਨਾ ਨੂੰ ਉਸਦੀ ਮਾਤਾ ਦੀ ਦੇਖਭਾਲ ਕਰਨ ਦਾ ਹੁਕਮ ਦਿੱਤਾ ਜਦੋਂ ਉਸਨੇ ਕਿਹਾ, "ਹੇ ਬੀਬੀ ਜੀ, ਔਹ ਵੇਖ ਤੇਰਾ ਪੁੱਤ੍ਰ!" ਅਤੇ ਯੂਹੰਨਾ ਨੂੰ ਕਿਹਾ, "ਔਹ ਵੇਖ ਤੇਰੀ ਮਾਤਾ!" (ਯੂਹੰਨਾ 19:26-27) ਪਹਿਲਾਂ ਯਿਸੂ ਨੇ ਸਿਖਾਇਆ ਸੀ ਕਿ ਡੂੰਘੇ ਪਰਿਵਾਰਿਕ ਸੰਬੰਧ ਆਤਮਿਕ ਹੁੰਦੇ ਹਨ। "ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ! ਕਿਉਂਕਿ ਜੋ ਕੋਈ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ" (ਮੱਤੀ 12:49-50)।

ਯਿਸੂ ਦੀ ਮੌਤ ਦੇ ਸਮੇਂ ਉਸਦੇ ਚਚੇਰੇ ਭਾਈ ਅਵਿਸ਼ਵਾਸੀ ਸਨ; ਉਹ ਆਤਮਿਕ ਪਰਿਵਾਰ ਦਾ ਹਿੱਸਾ ਨਹੀਂ ਸਨ। ਇਸ ਕਾਰਨ ਯਿਸੂ ਨੇ ਆਪਣੀ ਮਾਂ ਦੀ ਦੇਖਭਾਲ ਦੀ ਜਿੰਮੇਵਾਰੀ ਆਪਣੇ ਆਤਮਿਕ ਭਰਾ ਨੂੰ ਦਿੱਤੀ, ਜੋ ਯੂਹੰਨਾ ਪਿਆਰਾ ਚੇਲ੍ਹਾ ਸੀ।

### *ਸਰੀਰਕ ਕਸ਼ਟ ਦੇ ਸ਼ਬਦ*

ਪਰਮੇਸ਼ੁਰ ਦਾ ਪੁੱਤਰ ਹੋਣ ਦੇ ਕਾਰਨ ਯਿਸੂ ਸਲੀਬ ਦੇ ਉੱਤੇ ਆਪਣੇ ਸਰੀਰਕ ਦੁੱਖਾਂ ਤੋਂ ਵਾਂਝਾ ਨਹੀਂ ਰਿਹਾ। ਉਸਨੇ ਕਿਸੇ ਸਜ਼ਾ ਪਾਏ ਹੋਏ ਅਪਰਾਧੀ ਵਾਲੇ ਸਾਰੇ ਦੁੱਖਾਂ ਨੂੰ ਝੱਲਿਆ। ਸਖ਼ਤ ਗਰਮੀ ਦੇ ਵਿੱਚ ਕਈ ਘੰਟਿਆਂ ਦੇ ਬਾਅਦ, ਯਿਸੂ ਨੇ ਪੁਕਾਰਿਆ, "ਮੈਂ ਪਿਆਸਾ ਹਾਂ।" ਯੂਹੰਨਾ 19:28)

### *ਆਤਮਿਕ ਕਸ਼ਟ ਦੇ ਸ਼ਬਦ*

ਮੱਤੀ ਅਤੇ ਮਰਕੁਸ ਨੇ ਸਲੀਬ ਦੇ ਉੱਤੇ ਯਿਸੂ ਦੁਆਰਾ ਬੋਲੇ ਸਭ ਤੋਂ ਜਿਆਦਾ ਦਿਲ ਤੋੜ ਦੇਣ ਵਾਲੇ ਸ਼ਬਦਾਂ ਨੂੰ ਦਰਜ ਕੀਤਾ ਹੈ: "ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?" (ਮੱਤੀ 27:46 ਅਤੇ ਮਰਕੁਸ 15:34, ਜ਼ਬੂਰ 22:1 ਦਾ ਹਵਾਲਾ)।

ਆਪਣੀ ਮਨੁੱਖਤਾ ਦੇ ਵਿੱਚ, ਯਿਸੂ ਨੇ ਉਸੇ ਤਿਆਗ ਨੂੰ ਮਹਿਸੂਸ ਕੀਤਾ ਜੋ ਦਾਊਦ ਨੇ ਮਹਿਸੂਸ ਕੀਤਾ ਸੀ। ਜਿਵੇਂ ਲੋਕਾਂ ਨੇ ਦਾਊਦ ਦਾ ਮਖ਼ੌਲ ਉਡਾਇਆ ਸੀ ਅਤੇ ਆਪਣੇ ਸਿਰ ਹਿਲਾਏ ਸਨ (ਜ਼ਬੂਰ 22:7), ਉਸੇ ਪ੍ਰਕਾਰ ਉਨ੍ਹਾਂ ਨੇ ਯਿਸੂ ਦਾ ਅਪਮਾਨ ਕੀਤਾ ਅਤੇ ਆਪਣੇ ਸਿਰ ਹਿਲਾਏ (ਮੱਤੀ 27:39)। ਅਤੇ ਜਿਵੇਂ ਉਸ ਸਮੇਂ ਦਾਊਦ ਨੇ ਭਾਵਨਾਤਮਕ ਰੂਪ ਵਿੱਚ ਮਹਿਸੂਸ ਕੀਤਾ ਕਿ ਪਰਮੇਸ਼ੁਰ

ਨੇ ਉਸਨੂੰ ਤਿਆਗ ਦਿੱਤਾ ਹੈ, ਯਿਸੂ ਨੇ ਪੁਕਾਰ ਕੇ ਆਖਿਆ, “ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?” (ਮੱਤੀ 27:46)।

ਪਰ ਫਿਰ ਵੀ, ਦਾਊਦ ਨੇ ਵੇਖਿਆ ਕਿ ਅਸਲ ਦੇ ਵਿੱਚ ਪਰਮੇਸ਼ੁਰ ਨੇ ਉਸਨੂੰ ਤਿਆਗਿਆ ਨਹੀਂ ਸੀ। ਬਾਅਦ ਦੇ ਵਿੱਚ, ਦਾਊਦ ਨੇ ਗਵਾਹੀ ਦਿੱਤੀ,"ਕਿਉਂ ਜੋ ਉਹ ਨੇ ਦੁਖੀਏ ਦੇ ਦੁਖ ਨੂੰ ਤੁੱਛ ਨਾ ਜਾਣਿਆ ਨਾ ਉਸ ਤੋਂ ਘਿਣ ਕੀਤੀ, ਅਤੇ ਨਾ ਉਸ ਤੋਂ ਆਪਣਾ ਮੂੰਹ ਛਿਪਾਇਆ, ਸਗੋਂ ਜਦ ਉਸ ਨੇ ਉਹ ਦੀ ਦੁਹਾਈ ਦਿੱਤੀ ਤਾਂ ਉਹ ਨੇ ਸੁਣਿਆ।” (ਜ਼ਬੂਰ 22:24)।

ਇਸੇ ਪ੍ਰਕਾਰ ਯਿਸੂ ਨੇ ਵੇਖਿਆ ਕਿ ਪਰਮੇਸ਼ੁਰ ਨੇ ਉਸਨੂੰ ਤਿਆਗਿਆ ਨਹੀਂ ਸੀ। ਸਲੀਬ ਦੇ ਉੱਤੇ ਯਿਸੂ ਦੇ ਅੱਗਲੇ ਸ਼ਬਦ ਉਸਦੇ ਪਿਤਾ ਦੇ ਅੱਗੇ ਹੀ ਇੱਕ ਪੁਕਾਰ ਸੀ। ਯਿਸੂ ਨੇ ਇਹ ਜਾਣਦੇ ਹੋਏ ਪ੍ਰਾਥਨਾ ਕੀਤੀ ਕਿ ਉਸਦੇ ਪਿਤਾ ਨੇ ਉਸਨੂੰ ਤਿਆਗਿਆ ਨਹੀਂ ਸੀ, “ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ” (ਲੂਕਾ 23:46)।

ਆਪਣੀ ਮਨੁੱਖਤਾ ਦੇ ਵਿੱਚ, ਯਿਸੂ ਨੇ ਉਸੇ ਪ੍ਰਕਾਰ ਦੇ ਇਕੱਲੇਪਨ ਦਾ ਅਨੁਭਵ ਕੀਤਾ ਜਿਵੇਂ ਅਸੀਂ ਉਸ ਸਮੇਂ ਕਰਦੇ ਹਾਂ ਜਦੋਂ ਸਾਨੂੰ ਜਾਪਦਾ ਹੈ ਕਿ ਪਰਮੇਸ਼ੁਰ ਸਾਡੀਆਂ ਪ੍ਰਾਥਨਾਵਾਂ ਨੂੰ ਨਹੀਂ ਸੁਣਦਾ। ਪਰ ਯਿਸੂ ਨੇ ਇਸ ਅਸਲੀਅਤ ਦਾ ਵੀ ਅਨੁਭਵ ਕੀਤਾ ਕਿ ਸਾਡਾ ਸਵਰਗੀ ਪਿਤਾ ਕਦੇ ਆਪਣੇ ਬੱਚਿਆਂ ਨੂੰ ਤਿਆਗਦਾ ਨਹੀਂ ਹੈ। ਜਦੋਂ ਅਸੀਂ ਉਸਦੀ ਹਜ਼ੂਰੀ ਨੂੰ ਮਹਿਸੂਸ ਨਹੀਂ ਕਰਦੇ, ਉਸ ਸਮੇਂ ਵੀ ਅਸੀਂ ਇਹ ਜਾਣਦੇ ਹੋਏ ਉਸਦੇ ਅੱਗੇ ਪੁਕਾਰ ਸਕਦੇ ਹਾਂ, ਕਿ ਉਹ ਸਾਡੀ ਸੁਣਦਾ ਹੈ।

***ਤਿਆਗ ਦੇ ਸ਼ਬਦ***

“ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ” (ਲੂਕਾ 23:46)। ਆਪਣੇ ਸਾਰੇ ਜੀਵਨ ਦੇ ਦੌਰਾਨ, ਯਿਸੂ ਪਿਤਾ ਦੀ ਅਧੀਨਗੀ ਦੇ ਵਿੱਚ ਬਣਿਆ ਰਿਹਾ। ਸਲੀਬ ਦਾ ਸਾਹਮਣਾ ਕਰਦੇ ਹੋਏ, ਉਸਨੇ ਪ੍ਰਾਥਨਾ ਕੀਤੀ, “ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹੋ ਜੋ ਤੂੰ ਚਾਹੁੰਦਾ ਹੈਂ” (ਮੱਤੀ 26:39)। ਹੁਣ ਉਸਨੇ ਪਿਤਾ ਦੀ ਮਰਜ਼ੀ ਦੇ ਅੱਗੇ ਅਧੀਨਤਾ ਦਾ ਇਹ ਅੰਤਿਮ ਕਥਨ ਕਿਹਾ।

***ਜਿੱਤ ਦੇ ਸ਼ਬਦ***

“ਪੂਰਾ ਹੋਇਆ” (ਯੂਹੰਨਾ 19:30)। ਜਿੱਤ ਦੀ ਇਸ ਪੁਕਾਰ ਦੇ ਨਾਲ, ਯਿਸੂ ਨੇ ਘੋਸ਼ਣਾ ਕੀਤੀ ਕਿ ਉਸਨੇ ਉਹ ਕੰਮ ਪੂਰਾ ਕਰ ਦਿੱਤਾ ਜੋ ਪਿਤਾ ਨੇ ਉਸਨੂੰ ਕਰਨ ਦੇ ਲਈ ਘੱਲਿਆ ਸੀ। ਪਾਪ ਦੀ ਕੀਮਤ ਅਦਾ ਕਰ ਦਿੱਤੀ ਗਈ ਸੀ; ਸ਼ੈਤਾਨ ਹਾਰ ਚੁੱਕਾ ਸੀ। ਉਹ ਪ੍ਰਾਸਚਿੱਤ ਜਿਸਦੀ ਝਲਕ ਪੁਰਾਣੇ ਨੇਮ ਦੇ ਲੇਲਿਆਂ ਵਿੱਚ ਵਿਖਦੀ ਸੀ ਅਤੇ ਜਿਸਦਾ ਵਾਇਦਾ ਯਸਾਯਾਹ 53 ਵਿੱਚ ਕੀਤਾ ਗਿਆ ਸੀ ਹੁਣ ਪੂਰਾ ਹੋ ਚੁੱਕਾ ਸੀ।

ਸਲੀਬ ਤੇ ਉੱਤੇ, ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ। (੨ ਕੁਰਿੰਥੀਆਂ ਨੂੰ 5:21)। ਯਸਾਯਾਹ 53 ਦੇ ਵਿੱਚ, ਨਬੀ ਨੇ ਉਸ ਦੁਖਿਆਰੇ ਦਾਸ ਦੀ ਗੱਲ ਕੀਤੀ

ਜਿਸਨੇ ਸਾਡੇ ਪਾਪ ਉਠਾ ਲਏ (ਯਸਾਯਾਹ 53:4-12)। ਪੌਲੁਸ ਵਿਖਾਉਂਦਾ ਹੈ ਕਿ ਕਿਸੇ ਹੋਰ ਦੇ ਸਥਾਨ ਤੇ ਕੀਤੇ ਜਾਣ ਵਾਲਾ ਪ੍ਰਾਸਚਿਤ ਸਲੀਬ ਤੇ ਪੂਰਾ ਹੋਇਆ।

ਯਿਸੂ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ (੨ ਕੁਰਿੰਥੀਆਂ ਨੂੰ 5:21)। ਅਸੀਂ ਅੱਗੇ ਤੋਂ ਪਾਪ ਦੇ ਬੰਧਨ ਵਿੱਚ ਨਹੀਂ ਰਹਿੰਦੇ; ਮਸੀਹ ਦੀ ਮੌਤ ਦੇ ਦੁਆਰਾ, ਅਸੀਂ ਧਰਮੀ ਬਣਾ ਦਿੱਤੇ ਗਏ ਹਾਂ। ਪੌਲੁਸ ਸਾਧਾਰਨ ਤੌਰ ਤੇ ਇਹ ਨਹੀਂ ਕਹਿੰਦਾ ਕਿ ਉਸਦੇ ਵਿੱਚ ਸਾਨੂੰ ਧਰਮੀ ਕਿਹਾ ਜਾਂਦਾ ਹੈ। ਸਗੋਂ, ਉਸਦੇ ਵਿੱਚ ਅਸੀਂ ਪਰਮੇਸ਼ੁਰ ਦਾ ਧਰਮ ਬਣ ਗਏ ਹਾਂ। ਮਸੀਹ ਦੇ ਸਲੀਬ ਤੇ ਕੀਤੇ ਕੰਮ ਦੇ ਦੁਆਰਾ, ਇੱਕ ਅਸਲ ਪਰਿਵਰਤਨ ਆਉਂਦਾ ਹੈ। ਮਸੀਹ ਪਾਪ ਬਣ ਗਿਆ ਤਾਂ ਕਿ ਅਸੀਂ ਧਰਮੀ ਬਣ ਜਾਈਏ।

## ਹੇ ਈਸ਼ਵਰੀ ਪਿਆਰ, ਇਹ ਤੂੰ ਹੀ ਕੀਤਾ ਹੈ!

ਹੇ ਈਸ਼ਵਰੀ ਪਿਆਰ, ਇਹ ਤੂੰ ਹੀ ਕੀਤਾ ਹੈ!
ਇੱਕ ਅਮਰ ਪਰਮੇਸ਼ੁਰ ਮੇਰੇ ਲਈ ਮਰ ਗਿਆ!
ਪਿਤਾ ਦੇ ਸੰਗੀ-ਸਦੀਪਕ ਪੁੱਤਰ ਨੇ
ਰੁੱਖ ਤੇ ਮੇਰੇ ਸਾਰੇ ਪਾਪਾਂ ਨੂੰ ਸਹਿ ਲਿਆ।
ਇੱਕ ਅਮਰ ਪਰਮੇਸ਼ੁਰ ਮੇਰੇ ਲਈ ਮਰ ਗਿਆ:
ਮੇਰਾ ਪ੍ਰਭੂ, ਮੇਰਾ ਪਿਆਰ, ਸਲੀਬ ਤੇ ਚੜ੍ਹਾਇਆ ਗਿਆ!

ਉਹ ਮੇਰੇ ਤੇ ਤੁਹਾਡੇ ਲਈ ਸਲੀਬ ਦਿੱਤਾ ਗਿਆ,
ਬਾਗ਼ੀਆਂ ਨੂੰ ਪਰਮੇਸ਼ੁਰ ਦੇ ਕੋਲ ਵਾਪਿਸ ਲਿਆਉਣ ਦੇ ਲਈ।
ਵਿਸ਼ਵਾਸ ਕਰੋ, ਇਸ ਵੇਰਵੇ ਨੂੰ ਸੱਚ ਮੰਨੋ,
ਤੁਸੀਂ ਸਭ ਯਿਸੂ ਦੇ ਲਹੂ ਨਾਲ ਖਰੀਦੇ ਹੋਏ ਹੋ।
ਉਸਦੇ ਵੱਲੋਂ ਸਭ ਗ਼ਲਤੀਆਂ ਮਾਫ਼ ਕੀਤੀਆਂ ਗਈਆਂ ਹਨ:
ਮੇਰਾ ਪ੍ਰਭੂ, ਮੇਰਾ ਪਿਆਰ, ਸਲੀਬ ਤੇ ਚੜ੍ਹਾਇਆ ਗਿਆ!

ਹੇ ਸਭ, ਕੋਲੋਂ ਦੀ ਲੰਘਣ ਵਾਲਿਓ,
ਸ਼ਾਂਤੀ ਅਤੇ ਜੀਵਨ ਦੇ ਲਹੂ-ਲੁਹਾਣ ਰਾਜ-ਕੁਮਾਰ ਨੂੰ ਵੇਖੋ!
ਹੇ ਪਾਪੀਓ, ਆਓ, ਆਪਣੇ ਮੁਕਤੀਦਾਤੇ ਨੂੰ ਮਰਦੇ ਹੋਏ ਵੇਖੋ,
ਅਤੇ ਕਹੋ, 'ਕੀ ਉਸਦੇ ਦੁੱਖ ਜਿਹਾ ਕਦੇ ਕੋਈ ਹੋਰ ਦੁੱਖ ਸੀ?'

ਮੇਰੇ ਨਾਲ ਆ ਕੇ ਉਸਦੇ ਲਹੂ ਦੇ ਪ੍ਰਭਾਵ ਨੂੰ ਮਹਿਸੂਸ ਕਰੋ:

ਮੇਰਾ ਪ੍ਰਭੂ, ਮੇਰਾ ਪਿਆਰ, ਸਲੀਬ ਤੇ ਚੜ੍ਹਾਇਆ ਗਿਆ!

- ਚਾਰਲਸ ਵੈਸਲੀ

## ਪੇਸ਼ੀ ਅਤੇ ਸਲੀਬੀਕਰਨ (ਜਾਰੀ ਹੈ)

### ਦਫਨਾਇਆ ਜਾਣਾ

► ਪੜ੍ਹੋ ਮੱਤੀ 27:57-61.

ਕੁਰਿੰਥੁਸ ਦੇ ਵਿੱਚ ਪੌਲੁਸ ਦੇ ਸੰਦੇਸ਼ ਵਿੱਚ, ਉਸਨੇ ਪ੍ਰਚਾਰ ਕੀਤਾ ਕਿ ਯਿਸੂ ਸਾਡੇ ਪਾਪਾਂ ਦੇ ਲਈ ਮਰਿਆ ਅਤੇ ਦਫਨਾਇਆ ਗਿਆ (1 ਕੁਰਿੰਥੀਆਂ 15:3-4)। ਪੌਲੁਸ ਅਤੇ ਅਰੰਭਿਕ ਕਲੀਸਿਆ ਦੇ ਲਈ ਦਫਨਾਇਆ ਜਾਣਾ ਮਹੱਤਵਪੂਰਨ ਸੀ। ਅੱਜ ਕਲਿਜੀਅ ਵਿਚ ਕਈ ਪੈਸ਼ਨ ਹਫ਼ਤੇ ਦੇ ਉਤਸਵ ਸਿੱਧੇ ਗੁੱਡ ਫ੍ਰਾਈਡੇ ਤੋਂ ਈਸਟਰ ਐਤਵਾਰ ਤੱਕ ਹੀ ਚਲੇ ਜਾਂਦੇ ਹਨ। ਪਰ ਕਲੀਸਿਆ ਦੇ ਬਹੁਤ ਸਾਰੇ ਇਤਿਹਾਸ ਦੇ ਵਿੱਚ, "ਪਵਿੱਤਰ ਸ਼ਨੀਵਾਰ" ਨੂੰ ਈਸਟਰ ਦੇ ਜਾਗਣ ਦਾ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਸੀ। ਦਫਨਾਏ ਜਾਣ ਦਾ ਮਹੱਤਵ ਕੀ ਹੈ?[51]

#### *ਇਤਿਹਾਸਿਕ ਮਹੱਤਵ*

ਦਫਨਾਇਆ ਜਾਣਾ ਵਿਖਾਉਂਦਾ ਹੈ ਕਿ ਯਿਸੂ ਸੱਚਮੁੱਚ ਮਰ ਗਿਆ ਸੀ। ਜੋ ਕਿ ਇਸਲਾਮਿਕ ਦਾਅਵਿਆਂ ਦੇ ਉਲਟ ਹੈ ਜੋ ਕਹਿੰਦੇ ਹਨ ਕਿ ਯਿਸੂ ਬੇਹੋਸ਼ ਹੋ ਗਿਆ ਸੀ ਅਤੇ ਫਿਰ ਜਾਗ ਗਿਆ, ਦਫਨਾਇਆ ਜਾਣਾ ਵਿਖਾਉਂਦਾ ਹੈ ਕਿ ਉਹ ਅਸਲ ਦੇ ਵਿੱਚ ਮਰ ਗਿਆ ਸੀ। ਰੋਮੀ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਸਨ ਕਿ ਕਿਸੇ ਸਜ਼ਾ ਦਿੱਤੇ ਹੋਏ ਵਿਅਕਤੀ ਨੂੰ ਕਿਵੇਂ ਮਾਰਨਾ ਹੈ। ਇਸ ਗੱਲ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿ ਉਹ ਕਿਸੇ ਵਿਅਕਤੀ ਦੇ ਮਾਰੇ ਜਾਣ ਤੋਂ ਪਹਿਲਾਂ ਉਸਨੂੰ ਸਲੀਬ ਤੋਂ ਉਤਾਰ ਦੇਣ।

ਇਸ ਤੋਂ ਇਲਾਵਾ, ਬਹੁਤ ਭਾਰਾ ਪੱਥਰ ਅਤੇ ਰਾਖੀ ਕਰਨ ਵਾਲੇ ਸਿਪਾਹੀ ਇਸ ਗੱਲ ਨੂੰ ਪੱਕਾ ਕਰ ਰਹੇ ਸਨ ਕਿ ਉਹ ਦੀ ਲਾਸ਼ ਕਬ਼ਰ ਤੋਂ ਬਾਹਰ ਨਾ ਜਾਏ। ਜੇਕਰ ਰੋਮੀ ਸਿਪਾਹੀਆਂ ਨੇ ਗ਼ਲਤੀ ਦੇ ਨਾਲ ਮਰਨ ਤੋਂ ਪਹਿਲਾਂ ਹੀ ਯਿਸੂ ਨੂੰ ਦਫ਼ਨਾ ਦਿੱਤਾ ਸੀ ਤਾਂ ਇਹ ਸੋਚ ਤੋਂ ਵੀ ਪਰੇ ਹੈ ਕਿ ਸਲੀਬ ਤੇ ਇੰਨੇ ਘੰਟਿਆਂ ਦਾ ਕਸ਼ਟ ਝੱਲਣ ਤੋਂ ਬਾਅਦ ਕੋਈ ਕਫਨ ਨੂੰ ਹਟਾ ਕੇ ਉਸ ਵਿੱਚੋਂ ਬਾਹਰ ਆ

---

[51] James Boice ਤੋਂ ਲਿਆ ਗਿਆ, "The Burial of Jesus" ਜੋ ਕਿ http://www.alliancenet.org/tab/the-burial-of-jesus-christ-part-one ਮਾਰਚ 22, 2021 ਤੋਂ ਲਿਆ ਗਿਆ ਹੈ।

ਜਾਂਦਾ, ਅਤੇ ਬਹੁਤ ਭਾਰੇ ਪੱਥਰ ਨੂੰ ਖੁਦ ਹਟਾ ਲੈਂਦਾ ਅਤੇ ਪੇਸ਼ੇਵਰ ਸਿਪਾਹੀਆਂ ਨਾਲ ਲੜ ਕੇ ਚਲਾ ਜਾਂਦਾ। ਦਫਨਾਇਆ ਜਾਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਯਿਸੂ ਨਾਸਰੀ ਮਰ ਗਿਆ ਸੀ।

*ਭਵਿੱਖਬਾਣੀਆਂ ਦਾ ਮਹੱਤਵ*

ਲੇਲੇ ਦੇ ਕਟਣ ਲਈ ਲੈ ਜਾਣ ਬਾਰੇ ਲਿਖਦੇ ਹੋਏ, ਯਸਾਯਾਹ ਨੇ ਭਵਿੱਖਬਾਣੀ ਕੀਤੀ, ਯਸਾਯਾਹ ਨੇ ਭਵਿੱਖਬਾਣੀ ਕੀਤੀ, "ਉਸਦੀ ਕਬ਼ਰ ਦੁਸ਼ਟਾਂ ਦੇ ਵਿੱਚ ਅਤੇ ਉਸਦੀ ਮੌਤ ਦੇ ਵੇਲੇ ਧਨੀ ਦੇ ਨਾਲ ਠਹਿਰਾਈ ਗਈ" (ਯਸਾਯਾਹ 53:9)। ਯਿਸੂ ਦੇ ਦਫਨਾਏ ਜਾਣ ਨੇ ਭਵਿੱਖਬਾਣੀ ਨੂੰ ਪੂਰਾ ਕੀਤਾ।

ਯਿਸੂ ਦੇ ਮਰ ਜਾਣ ਤੋਂ ਬਾਅਦ ਅਰਮਥਿਆ ਦੇ ਯੂਸੁਫ ਨੇ ਪਿਲਾਤੁਸ ਦੇ ਕੋਲ ਜਾ ਕੇ ਉਸਦੀ ਲਾਸ਼ ਮੰਗੀ। ਯੂਸੁਫ ਮਹਾਂ-ਸਭਾ ਦਾ ਮੈਂਬਰ ਸੀ, ਪਰ ਉਹ ਯਿਸੂ ਨੂੰ ਸਜ਼ਾ ਦਿੱਤੇ ਜਾਣ ਦੇ ਨਾਲ ਸਹਿਮਤ ਨਹੀਂ ਸੀ। ਭਾਵੇਂਕਿ ਬਹੁਤ ਸਾਰੇ ਆਗੂ ਯਿਸੂ ਦੇ ਵਿਰੁੱਧ ਹੋ ਗਏ ਸਨ, ਕੁਝ ਲੋਕ ਹੁਣ ਵੀ ਪਰਮੇਸ਼ੁਰ ਦੇ ਰਾਜ ਦੀ ਭਾਲ ਕਰ ਰਹੇ ਸਨ। ਯੂਸੁਫ ਉਸਦੇ ਗੁਪਤ ਚੇਲ੍ਹਿਆਂ ਦੇ ਵਿੱਚੋਂ ਇੱਕ ਸੀ। ਉਸਨੇ ਅਤੇ ਨਿਕੁਦੀਮੁਸ ਨੇ ਯਿਸੂ ਦੇ ਸਰੀਰ ਨੂੰ ਯੂਸੁਫ ਦੀ ਕਬ਼ਰ ਦੇ ਵਿੱਚ ਦਫਨਾਇਆ (ਮੱਤੀ 27:57-60, ਮਰਕੁਸ 15:42-46, ਲੂਕਾ 23:50-54, ਯੂਹੰਨਾ 19:38-42)।

ਸੋਚੋ ਕਿ ਇਸਦੇ ਲਈ ਕਿਨੇ ਹੌਸਲੇ ਦੀ ਜਰੂਰਤ ਪਈ ਹੋਵੇਗੀ। ਇੱਥੋਂ ਤੱਕ ਕਿ ਜਦੋਂ ਯਿਸੂ ਦੇ ਚੇਲ੍ਹਿਆਂ ਨੇ ਵੀ ਉਸਨੂੰ ਤਿਆਗ ਦਿੱਤਾ ਸੀ, ਤਾਂ ਯੂਸੁਫ਼ ਇੱਕ ਅਪਰਾਧੀ ਦੇ ਨਾਲ ਆਪਣੇ ਸੰਬੰਧ ਪ੍ਰਗਟ ਕਰਦਾ ਹੋਇਆ ਅੱਗੇ ਆਇਆ। ਜਨਤਕ ਤੌਰ ਤੇ ਇਹ ਕੰਮ ਕਰਨਾ ਮਹਾਂ-ਸਭਾ ਦੇ ਵਿੱਚ ਯੂਸੁਫ ਦੇ ਅਹੁਦੇ ਅਤੇ ਸਮਾਜ ਦੇ ਵਿੱਚ ਉਸਦੇ ਰੁਤਬੇ ਦੇ ਲਈ ਬਹੁਤ ਵੱਡਾ ਖ਼ਤਰਾ ਸੀ। ਇਸ ਤੋਂ ਇਲਾਵਾ, ਯੂਸੁਫ਼ ਨੇ ਪਿਲਾਤੁਸ ਦੇ ਕ੍ਰੋਧਿਤ ਹੋ ਜਾਣ ਦਾ ਖ਼ਤਰਾ ਉਠਾਇਆ। ਰੋਮੀ ਅਧਿਕਾਰੀ ਬਹੁਤ ਹੀ ਘੱਟ ਮੁੱਦਿਆਂ ਦੇ ਵਿੱਚ ਸਲੀਬੀ ਦੀ ਸਜ਼ਾ ਦਿੱਤੇ ਗਏ ਵਿਅਕਤੀਆਂ ਦੀਆਂ ਲੋਥਾਂ ਨੂੰ ਉਨ੍ਹਾਂ ਦੇ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਸੌਂਪਦੇ ਸਨ। ਸਰੀਰ ਜਨਤਕ ਤੌਰ ਤੇ ਲਟਕਦੇ ਹੀ ਛੱਡ ਦਿੱਤੇ ਜਾਂਦੇ ਸਨ ਤਾਂ ਕਿ ਇਹ ਅਪਰਾਧੀਆਂ ਦੇ ਲਈ ਇੱਕ ਚੇਤਾਵਨੀ ਹੋਣ। ਪਿਲਾਤੁਸ ਦੁਆਰਾ ਦਿੱਤੀ ਗਈ ਪ੍ਰਵਾਨਗੀ ਇਹ ਦਰਸਾਉਂਦੀ ਹੈ ਕਿ ਪਿਲਾਤੁਸ ਜਾਣਦਾ ਸੀ ਕਿ ਯਿਸੂ ਨੇ ਕੋਈ ਅਪਰਾਧ ਨਹੀਂ ਕੀਤਾ ਸੀ।

*ਧਰਮ ਸਿੱਖਿਆ ਸੰਬੰਧੀ ਮਹੱਤਵ*

ਪੌਲੁਸ ਨੇ ਸਾਡੇ ਬਪਤਿਸਮੇ ਨੂੰ ਯਿਸੂ ਦੇ ਦਫਨਾਏ ਜਾਣ ਦੇ ਨਾਲ ਜੋੜਿਆ:

> ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਹ ਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ

ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ" (ਰੋਮੀਆਂ 6:3-4)।

ਦਫਨਾਇਆ ਜਾਣਾ ਯਿਸੂ ਦੀ ਮੌਤ ਦਾ ਜਨਤਕ ਪ੍ਰਮਾਣ ਸੀ। ਇੱਕ ਤਰ੍ਹਾਂ ਦੇ ਨਾਲ, ਬਪਤਿਸਮਾ ਸਾਡੇ ਦੁਆਰਾ ਯਿਸੂ ਦੀ ਮੌਤ ਦੇ ਭਾਗੀਦਾਰ ਹੋਣ ਦੀ ਜਨਤਕ ਗਵਾਹੀ ਹੈ। ਬਪਤਿਸਮੇ ਦੇ ਵਿੱਚ ਅਸੀ, ਆਪਣੇ ਪੁਰਾਣੇ ਜੀਵਨ ਤੋਂ ਮਰ ਜਾਣ ਦੀ ਘੋਸ਼ਨਾ ਕਰਦੇ ਹਾਂ।

ਦਫਨਾਇਆ ਜਾਣਾ ਕਿਸੇ ਵਿਅਕਤੀ ਮੌਤ ਦੀ ਅੰਤਿਮ ਪਹਿਚਾਣ ਹੁੰਦੀ ਹੈ। ਪੱਛਮ ਵਿਚ, ਸੋਗ ਕਰਨ ਵਾਲੇ ਇਸ ਧਰਤੀ 'ਤੇ "ਅਲਵਿਦਾ" ਦੀ ਅੰਤਮਤਾ ਨੂੰ ਪਛਾਣਨ ਲਈ ਦੱਬੇ ਹੋਏ ਤਾਬੂਤ 'ਤੇ ਮਿੱਟੀ ਸੁੱਟਦੇ ਹਨ। ਪੌਲੁਸ ਪਾਪ ਤੋਂ ਮਰ ਜਾਣ ਦੇ ਅੰਤਿਮ ਕਦਮ ਤੇ ਜ਼ੋਰ ਦਿੰਦਾ ਹੈ। ਜਿਵੇਂ ਮਸੀਹ ਮਰਿਆ, ਅਸੀਂ ਵੀ ਪਾਪ ਦੇ ਲਈ ਮਰ ਗਏ ਹਾਂ। ਮਸੀਹ ਦੇ ਨਾਲ ਦਫਨਾਏ ਜਾਣ ਤੋਂ ਬਾਅਦ ਪਾਪ ਦੇ ਵਿੱਚ ਜਾਣਾ ਮੁਰਦਾ ਸਰੀਰ ਨੂੰ ਪੁੱਟਣ ਦੇ ਬਰਾਬਰ ਹੈ।[52] ਅਸੀਂ ਮਸੀਹ ਦੇ ਨਾਲ ਦਫਨਾਏ ਗਏ ਹਾਂ; ਅੱਗੇ ਤੋਂ ਅਸੀਂ ਪਾਪ ਦੇ ਲਈ ਜੀਵਿਤ ਨਹੀਂ ਹਾਂ।

## ਮੁਰਦਿਆਂ ਦੇ ਵਿੱਚੋਂ ਜੀ ਉੱਠਣਾ

ਪੌਲੁਸ ਨੇ ਕੁਰਿੰਥੁਸ ਵਿਖੇ ਸਲੀਬ ਦਾ ਪ੍ਰਚਾਰ ਕੀਤਾ; ਮਸੀਹ ਸਾਡੇ ਪਾਪਾਂ ਦੀ ਖਾਤਿਰ ਮਾਰਿਆ ਗਿਆ ਅਤੇ ਦਫਨਾਇਆ ਗਿਆ; ਫਿਰ ਪੌਲੁਸ ਨੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਬਾਰੇ ਪ੍ਰਚਾਰ ਕੀਤਾ; ਮਸੀਹ ਤੀਸਰੇ ਦਿਨ ਜਿਉਂਦਾ ਹੋ ਗਿਆ ਅਤੇ ਉਹ ਬਹੁਤ ਸਾਰੇ ਗਵਾਹਾਂ ਦੇ ਅੱਗੇ ਪ੍ਰਗਟ ਹੋਇਆ (1 ਕੁਰਿੰਥੀਆਂ 15:3-8)। ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਮਸੀਹੀ ਵਿਸ਼ਵਾਸ ਦੇ ਲਈ ਬਹੁਤ ਕੇਂਦਰੀ ਗੱਲ ਹੈ।

► ਪੜ੍ਹੋ ਮੱਤੀ 27:62-28:15.

ਜਦੋਂ ਧਾਰਮਿਕ ਆਗੂਆਂ ਨੇ ਪਿਲਾਤੁਸ ਨੂੰ ਸਲੀਬ ਤੇ ਲਗਾਉਣ ਵਾਲੀ ਤਖ਼ਤੀ ਬਦਲਣ ਦੇ ਲਈ ਕਿਹਾ, ਤਾਂ ਉਸਨੇ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਯਿਸੂ ਨੂੰ ਇਸ ਚਿੰਨ੍ਹ ਦੇ ਅਧੀਨ ਸਲੀਬ ਚੜ੍ਹਾਇਆ, "ਯਿਸੂ ਨਾਸਰੀ, ਯਹੂਦੀਆਂ ਦਾ ਰਾਜਾ" (ਯੂਹੰਨਾ 19:19)। ਇੱਕ ਸਜ਼ਾ ਦਿੱਤੇ ਹੋਏ ਅਪਰਾਧੀ ਦੇ ਲਈ ਦੇ ਲਈ ਇਸ ਅਹੁਦੇ ਨੂੰ ਦੇ ਕੇ, ਪਿਲਾਤੁਸ ਨੇ ਉਨ੍ਹਾਂ ਯਹੂਦੀਆਂ ਦਾ ਮਖੌਲ ਉਡਾਇਆ ਜਿੰਨ੍ਹਾਂ ਦੇ ਨਾਲ ਉਹ ਨਫ਼ਰਤ ਕਰਦਾ ਸੀ।

---

[52] James Boice ਤੋਂ ਲਿਆ ਗਿਆ, "The Burial of Jesus" ਜੋ ਕਿ http://www.alliancenet.org/tab/the-burial-of-jesus-christ-part-one ਮਾਰਚ 22, 2021 ਤੋਂ ਲਿਆ ਗਿਆ ਹੈ।

ਸਲੀਬੀਕਰਨ ਦੇ ਬਾਅਦ, ਧਾਰਮਿਕ ਆਗੂ ਇੱਕ ਵਾਰ ਫਿਰ ਤੋਂ ਪਿਲਾਤੁਸ ਦੇ ਕੋਲ ਆਏ ਅਤੇ ਕਿਹਾ ਕਿ ਰੋਮੀ ਸਿਪਾਹੀ ਕਬ਼ਰ ਦੀ ਰਾਖੀ ਕਰਨ।

> ਮਹਾਰਾਜ, ਸਾਨੂੰ ਯਾਦ ਹੈ ਕਿ ਉਹ ਛਲੀਆ ਆਪਣੇ ਜੀਉਂਦੇ ਜੀ ਕਹਿ ਗਿਆ ਸੀ ਜੋ ਮੈਂ ਤਿੰਨਾਂ ਦਿਨਾਂ ਪਿੱਛੋਂ ਜੀ ਉੱਠਾਂਗਾ। ਇਸ ਲਈ ਹੁਕਮ ਕਰੋ ਜੋ ਤੀਏ ਦਿਨ ਤੀਕਰ ਕਬਰ ਦੀ ਰਾਖੀ ਕੀਤੀ ਜਾਏ, ਕਿਤੇ ਉਹ ਦੇ ਚੇਲੇ ਆਣ ਕੇ ਉਹ ਨੂੰ ਚੁਰਾ ਨਾ ਲੈ ਜਾਣ ਅਤੇ ਲੋਕਾਂ ਨੂੰ ਨਾ ਆਖਣ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਸੋ ਪਿਛਲੀ ਭੁੱਲ ਪਹਿਲੀ ਨਾਲੋਂ ਬੁਰੀ ਹੋਊਗੀ (ਮੱਤੀ 27:63-64)।

ਪਿਲਾਤੁਸ ਦੀ ਪ੍ਰਵਾਨਗੀ ਦੇ ਨਾਲ, ਉਨ੍ਹਾਂ ਨੇ ਕਬ਼ਰ ਨੂੰ ਸੀਲ ਕਰ ਦਿੱਤਾ ਅਤੇ ਉੱਥੇ ਰਾਖਿਆਂ ਦਾ ਇੱਕ ਸਮੂਹ ਤੈਨਾਤ ਕਰ ਦਿੱਤਾ ਜਿੰਨ੍ਹਾਂ ਨੇ ਬਾਗ਼ ਦੇ ਵਿੱਚੋਂ ਯਿਸੂ ਨੂੰ ਫੜਿਆ ਸੀ। ਇੱਕਦਮ:

> ਅਰ ਵੇਖੋ ਇੱਕ ਵੱਡਾ ਭੁਚਾਲ ਆਇਆ ਇਸ ਲਈ ਜੋ ਪ੍ਰਭੁ ਦਾ ਦੂਤ ਅਕਾਸ਼ੋਂ ਉੱਤਰਿਆ ਅਰ ਨੇੜੇ ਆਣ ਕੇ ਉਸ ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ ਅਰ ਉਸ ਉੱਤੇ ਬਹਿ ਗਿਆ। ਉਹ ਦਾ ਰੂਪ ਬਿਜਲੀ ਵਰਗਾ ਅਰ ਉਹ ਦਾ ਬਸਤ੍ਰ ਬਰਫ਼ ਜਿਹਾ ਚਿੱਟਾ ਸੀ। ਅਤੇ ਉਹ ਦੇ ਭੈ ਦੇ ਮਾਰੇ ਰਾਖੇ ਕੰਬ ਉੱਠੇ ਅਤੇ ਮੁਰਦਿਆਂ ਵਾਂਙੁ ਹੋ ਗਏ (ਮੱਤੀ 28:2-4)।

ਯਿਸੂ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਸੀ!

► ਪੜ੍ਹੋ ਯੂਹੰਨਾ 20:1-29.

ਸ਼ੁਭਸਮਾਚਾਰਾਂ ਦੇ ਵਿੱਚ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਦੇ ਵਿਖਾਈ ਦੇਣ ਦੀਆਂ ਕਈ ਘਟਨਾਵਾਂ ਦਰਜ ਹਨ। ਉਹ ਵੱਖ-ਵੱਖ ਸਥਾਨਾਂ ਤੇ ਬਹੁਤ ਸਾਰੇ ਲੋਕਾਂ ਨੂੰ ਵਿਖਾਈ ਦਿੱਤਾ।

ਸ਼ੱਕ ਕਰਨ ਵਾਲੇ ਕਈ ਵਾਰ ਵਿਵਾਦ ਕਰਦੇ ਹਨ, "ਕਬ਼ਰ ਤੇ ਔਰਤਾਂ ਭਰਮ ਦੇ ਵਿੱਚ ਸਨ। ਉਨ੍ਹਾਂ ਨੇ ਉਹੀ ਵੇਖਿਆ ਜੋ ਵੇਖਣ ਦੀ ਉਹ ਉਮੀਦ ਕਰ ਰਹੇ ਸਨ।" ਪਰ ਇੰਨ੍ਹਾਂ ਗਵਾਹਾਂ ਨੇ ਯਿਸੂ ਨੂੰ ਜਿਉਂਦਾ ਵੇਖਣ ਦੀ ਕੋਈ ਉਮੀਦ **ਨਹੀਂ** ਰੱਖੀ ਸੀ; ਉਹ ਜਾਣਦੇ ਸਨ ਕਿ ਉਹ ਮਰ ਚੁੱਕਾ ਸੀ! ਉਹ ਇਸ ਸਮੇਂ ਤੱਕ ਉਸਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੀਆਂ ਭਵਿੱਖਬਾਣੀਆਂ ਨੂੰ ਨਹੀਂ ਸਮਝੇ ਸਨ (ਯੂਹੰਨਾ 20:9)। ਇੱਥੋਂ ਤੱਕ ਕਿ ਜਦੋਂ ਗਵਾਹਾਂ ਨੇ ਕਿਹਾ ਕਿ ਉਨ੍ਹਾਂ ਨੇ ਯਿਸੂ ਨੂੰ ਵੇਖਿਆ ਹੈ, ਤਾਂ ਬਾਕੀ ਦੇ ਚੇਲ੍ਹਿਆਂ ਨੇ ਇਸ ਤੇ ਸ਼ੱਕ ਕੀਤਾ (ਮਰਕੁਸ 16:13)। ਉਨ੍ਹਾਂ ਨੇ ਉਮੀਦ ਨਹੀਂ ਕੀਤੀ ਸੀ ਕਿ ਯਿਸੂ ਮੁਰਦਿਆਂ ਦੇ ਵਿੱਚੋਂ ਜੀ ਉੱਠੇਗਾ।

ਅੰਤ ਦੇ ਵਿੱਚ ਮਰੀਅਮ ਮਗਦਲੀਨੀ ਨੂੰ (ਯੂਹੰਨਾ 20:11-18), ਇਮਾਊਸ ਦੀ ਰਾਹ ਤੇ ਦੋ ਚੇਲ੍ਹਿਆਂ ਨੂੰ (ਲੂਕਾ 24:13-32), ਗਿਆਰ੍ਹਾਂ ਚੇਲ੍ਹਿਆਂ ਨੂੰ (ਯੂਹੰਨਾ 20:19-31), ਅਤੇ ਇੱਥੋਂ ਤੱਕ ਕਿ 500 ਲੋਕਾਂ ਦੇ ਇੱਕ ਸਮੂਹ ਨੂੰ (1 ਕੁਰਿੰਥੀਆਂ 15:6), ਵਿਖਾਈ

ਦੇਣ ਦੇ ਬਾਦ ਯਿਸੂ ਦੇ ਪੈਰੋਕਾਰਾਂ ਦੇ ਜਾਣਿਆ ਕਿ ਉਹ ਸੱਚਮੁੱਚ ਜੀ ਉੱਠਿਆ ਹੈ। ਅਰੰਭਿਕ ਕਲੀਸਿਆ ਨੇ ਇੰਨਾਂ ਸ਼ਬਦਾਂ ਦੇ ਨਾਲ ਅਰਾਧਨਾ ਕਰਨੀ ਸ਼ੁਰੂ ਕੀਤੀ, "ਉਹ ਜੀ ਉੱਠਿਆ ਹੈ, ਉਹ ਸੱਚਮੁੱਚ ਜੀ ਉੱਠਿਆ ਹੈ!"

## ਲਾਗੂਕਰਨ: ਸਲੀਬ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੀ ਸਮੱਰਥਾ ਦੇ ਵਿੱਚ ਸੇਵਕਾਈ

ਬਹੁਤ ਸਾਰੇ ਸ਼ੱਕੀ ਵਿਦਵਾਨਾਂ ਦੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੀ ਘਟਨਾ ਨੂੰ ਇੱਕ ਮਨਘੜਤ ਕਹਾਣੀ ਸਮਝ ਕੇ ਉਸਨੂੰ ਨਜ਼ਰਅੰਦਾਜ ਕਰ ਦਿੱਤਾ। ਪਰ ਰਸੂਲਾਂ ਦਾ ਵਿਸ਼ਵਾਸ ਯਿਸੂ ਦੇ ਜੀਵਨ ਦੇ ਸਥਿਰ ਪ੍ਰਭਾਵ ਤੇ ਆਧਾਰਿਤ ਕਿਸੇ ਸੁੰਦਰ ਕਥਾ ਤੇ ਨਹੀਂ, ਪਰ ਉਸਦੀ ਮੌਤ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਤੱਥਾਂ ਤੇ ਆਧਾਰਿਤ ਸੀ। ਰਸੂਲ ਜਾਣਦੇ ਸਨ ਕਿ ਯਿਸੂ ਮਾਰਿਆ ਗਿਆ ਸੀ ਅਤੇ ਉਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਹੈ। ਇਸਦੇ ਨਾਲ ਹੀ ਉਨ੍ਹਾਂ ਨੂੰ ਸਤਾਅ ਅਤੇ ਮੌਤ ਤੱਕ ਨੂੰ ਝੱਲਣ ਦੀ ਹਿੰਮਤ ਮਿਲੀ। ਅੱਜ ਯਿਸੂ ਦੀ ਮੌਤ ਅਤੇ ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਸੇਵਕਾਈ ਦੇ ਨਾਲ ਕਿਵੇਂ ਗੱਲ ਕਰਦੇ ਹਨ?

### ਸਲੀਬ ਦੀ ਸਮਰੱਥਾ ਦੇ ਵਿੱਚ ਸੇਵਕਾਈ ਕਰਨਾ

► ਪੜ੍ਹੋ 1 ਕੁਰਿੰਥੀਆਂ 1:17-2:5.

ਦੂਸਰੀ ਮਿਸ਼ਨਰੀ ਯਾਤਰਾ ਤੇ, ਪੌਲੁਸ ਨੇ ਅਥੈਨੇ ਤੋਂ ਕੁਰਿੰਥੁਸ ਦੇ ਵੱਲ ਯਾਤਰਾ ਕੀਤੀ ਜਿੱਥੇ ਉਸਨੇ ਅਰਿਯੁਪਗੁਸ ਦੇ ਸਥਾਨ ਤੇ ਪ੍ਰਚਾਰ ਕੀਤਾ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਨੇ ਅਥੈਨੇ ਦੇ ਵਿੱਚ ਆਪਣੀ ਸੇਵਕਾਈ ਦੇ ਬਹੁਤ ਸੀਮਿਤ ਨਤੀਜੇ ਹੀ ਵੇਖੇ (ਰਸੂਲਾਂ ਦੇ ਕਰਤੱਬ 17:16-34)। ਉਸਨੇ ਅਥੈਨੇ ਦੇ ਵਿੱਚ ਕਲੀਸਿਆ ਸਥਾਪਨਾ ਨਹੀਂ ਕੀਤੀ, ਅਤੇ ਫਲਸਫੇ ਦੀ ਮਾਨਸਿਕਤਾ ਵਾਲੇ ਅਥੈਨੀ ਲੋਕਾਂ ਨੇ ਉਸਦੇ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਸੰਦੇਸ਼ ਦਾ ਮਜ਼ਾਕ ਉਡਾਇਆ। ਅਥੈਨੇ ਤੋਂ ਪੱਛਮ ਦੇ ਵੱਲ 75 ਕਿਲੋਮੀਟਰ ਦੂਰੀ ਤੇ ਉਸਨੇ ਕੁਰਿੰਥੁਸ ਦੇ ਵੱਲ ਯਾਤਰਾ ਕੀਤੀ, ਜੋ ਕਿ ਅਖਾਯਾ ਰਾਜ ਦਾ ਇੱਕ ਬਹੁਤ ਪ੍ਰਭਾਵਸ਼ਾਲੀ ਸ਼ਹਿਰ ਸੀ।

ਪੌਲੁਸ ਤਿੰਨ ਨਗਰਾਂ ਥੱਸਲੁਨੀਕੀਆਂ, ਬਰਿਯਾ ਅਤੇ ਅਥੈਨੇ ਦੇ ਵਿੱਚ ਵਿਰੋਧ ਦਾ ਸਾਹਮਣਾ ਕਰਨ ਤੋਂ ਬਾਅਦ ਕੁਰਿੰਥੁਸ ਦੇ ਵਿੱਚ ਆਇਆ। ਸ਼ਾਇਦ ਇਸੇ ਕਾਰਨ ਉਸਨੇ ਕਿਹਾ, "ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸੀ" (1 ਕੁਰਿੰਥੀਆਂ 2:3)। ਹਾਲਾਂਕਿ ਕਿ ਯੂਨਾਨੀ ਸ੍ਰੋਤੇ ਬੌਧਿਕ ਗੁਣ ਅਤੇ ਬੁੱਧੀਜੀਵੀ ਸੰਦੇਸ਼ ਦੀ ਭਾਲ ਵਿੱਚ ਸਨ, ਪੌਲੁਸ ਨੇ ਪੱਕਾ ਫੈਸਲਾ ਕੀਤਾ ਕਿ ਉਹ ਉਨ੍ਹਾਂ ਦੇ ਵਿੱਚਕਾਰ ਸਲੀਬ ਦਾ ਹੀ ਪ੍ਰਚਾਰ ਕਰੇਗਾ। ਉਸਦੇ ਪ੍ਰਚਾਰ ਦੀ ਸਮਰੱਥਾ ਉਸਦੀ ਬੁੱਧ ਦੇ ਕਾਰਨ ਨਹੀਂ ਪਰ ਸਲੀਬ ਦੇ ਕਾਰਨ ਸੀ। ਪੌਲੁਸ ਨੇ ਪ੍ਰਚਾਰ ਕੀਤਾ "ਪਰ ਸ਼ਬਦਾਂ ਦੇ ਗਿਆਨ ਨਾਲ ਨਹੀਂ ਭਈ ਕਿਤੇ ਐਉਂ ਨਾ ਹੋਵੇ ਜੋ ਮਸੀਹ ਦੀ ਸਲੀਬ ਅਵਿਅਰਥੀ ਹੋ ਜਾਏ" (1 ਕੁਰਿੰਥੀਆਂ 1:17)।

ਕੁਰਿੰਥੁਸ ਦੇ ਵਿੱਚ ਪੌਲੁਸ ਨੇ ਕਿਹਾ, "ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ" (1 ਕੁਰਿੰਥੀਆਂ 2:2)। ਪੌਲੁਸ ਜਾਣਦਾ ਸੀ ਕਿ ਸਲੀਬ ਦਾ ਸੰਦੇਸ਼ ਬਹੁਤ ਸਾਰੇ ਲੋਕਾਂ ਨੂੰ ਤਕਲੀਫ਼ ਪਹੁੰਚਾਏਗਾ।

> ਯਹੂਦੀ ਤਾਂ ਨਿਸ਼ਾਨੀਆਂ ਮੰਗਦੇ ਅਤੇ ਯੂਨਾਨੀ ਬੁੱਧ ਭਾਲਦੇ ਹਨ। ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ ਠੋਕਰ ਦਾ ਕਾਰਨ ਅਤੇ ਪਰਾਈਆਂ ਕੌਮਾਂ ਦੇ ਲੇਖੇ ਮੂਰਖਤਾਈ ਹੈ (1 ਕੁਰਿੰਥੀਆਂ 1:22-23)।

ਇਹ ਸੰਦੇਸ਼ ਯਹੂਦੀਆਂ ਦੇ ਲਈ ਇੱਕ ਠੋਕਰ ਜਾਂ ਬਦਨਾਮੀ ਸੀ। ਉਹ ਮਸੀਹ ਦੇ ਸਾਬਿਤ ਹੋਣ ਦੇ ਲਈ ਚਿੰਨ੍ਹਾਂ ਦੀ ਭਾਲ ਕਰਦੇ ਸਨ। ਉਹ ਆਪਣੇ ਮਨਾਂ ਦੇ ਵਿੱਚ ਇਸ ਵਿਚਾਰ ਸਮਝ ਨਹੀਂ ਸਕਦੇ ਸਨ ਕਿ ਸਲੀਬ ਤੇ ਚੜ੍ਹਾਇਆ ਗਿਆ ਮਨੁੱਖ ਚੁਣਿਆ ਹੋਇਆ ਮਸੀਹ ਹੋ ਸਕਦਾ ਹੈ। ਸ਼ਰਾ ਦੱਸਦੀ ਸੀ, "ਜੋ ਜਿਹੜਾ ਟੰਗਿਆ ਜਾਵੇ ਉਹ ਪਰਮੇਸ਼ੁਰ ਦਾ ਸਰਾਪੀ ਹੈ (ਬਿਵਸਥਾ ਸਾਰ 21:23)। ਸਲੀਬ ਦਿੱਤੇ ਹੋਏ ਮਸੀਹ ਯਿਸੂ ਦਾ ਮਸੀਹ ਹੋਣ ਦਾ ਦਾਅਵਾ ਕਰਨਾ ਯਹੂਦੀਆਂ ਦੇ ਲਈ ਬਦਨਾਮੀ ਭਰਿਆ ਸੀ।

ਪਰਾਈਆਂ ਕੌਮਾਂ ਦੇ ਲਈ ਸਲੀਬ ਦਾ ਸੰਦੇਸ਼ ਮੂਰਖਤਾ ਸੀ। ਯੂਨਾਨੀ ਕਿਸੇ ਸ਼ਹੀਦ ਦੀ ਆਦਰਯੋਗ ਮੌਤ ਦੀ ਇੱਜਤ ਕਰਦੇ ਸਨ। ਜੇਕਰ ਯਿਸੂ ਰੋਮੀਆਂ ਦੇ ਵਿਰੁੱਧ ਯੁੱਧ ਲੜਦਾ ਹੋਇਆ ਮਾਰਿਆ ਗਿਆ ਹੁੰਦਾ, ਤਾਂ ਯੂਨਾਨੀ ਬੁੱਧੀਜੀਵੀ ਉਸਦੀ ਬਹਾਦਰੀ ਦੇ ਲਈ ਉਸਦਾ ਬਹੁਤ ਆਦਰ ਕਰਦੇ। ਪਰ ਸਲੀਬ ਦੇ ਚੜ੍ਹਾਇਆ ਜਾਣਾ ਨਿਰਾਦਰ ਦੀ ਗੱਲ ਸੀ; ਇਹ ਕੋਈ ਆਦਰਯੋਗ ਮੌਤ ਨਹੀਂ ਸੀ। ਸਲੀਬੀਕਰਨ ਦੇ ਪੀੜਿਤ ਲੋਕਾਂ ਨੂੰ ਅਕਸਰ ਸਹੀ ਤਰੀਕੇ ਦੇ ਦਫਨਾਇਆ ਵੀ ਨਹੀਂ ਜਾਂਦਾ ਸੀ। ਲੋਥਾਂ ਦਾ ਮਾਸ ਪੰਛੀਆਂ ਜਾਂ ਚੂਹਿਆਂ ਦੇ ਦੁਆਰਾ ਖਾ ਲਿਆ ਜਾਂਦਾ ਸੀ, ਅਤੇ ਹੱਡੀਆਂ ਨੂੰ ਇੱਕ ਸਾਂਝੇ ਟੋਏ ਵਿੱਚ ਸੁੱਟ ਦਿੱਤਾ ਜਾਂਦਾ ਸੀ। ਸਲੀਬੀ ਦੇ ਚੜਾਏ ਗਏ ਯਹੂਦੀ ਮਨੁੱਖ ਦੇ "ਪ੍ਰਭੂ" ਹੋਣ ਦਾ ਦਾਅਵਾ ਪਰਾਈਆਂ ਕੌਮਾਂ ਦੇ ਲਈ ਇੱਕ ਬੇਤੁਕੀ ਗੱਲ ਸੀ।

ਸਲੀਬ ਯਹੂਦੀਆਂ ਦੇ ਲਈ ਨਿਰਾਦਰ ਅਤੇ ਪਰਾਈਆਂ ਕੌਮਾਂ ਦੇ ਲਈ ਮੂਰਖਤਾ ਸੀ, ਪਰ ਪੌਲੁਸ ਬਿਨਾਂ ਕਿਸੇ ਝਿਜਕ ਦੇ ਸਲੀਬ ਦਾ ਪ੍ਰਚਾਰ ਕਰਦਾ ਸੀ। ਪੌਲੁਸ ਦੀ ਉਦਾਹਰਨ ਸਾਡੇ ਲਈ ਨਮੂਨੇ ਦਾ ਕੰਮ ਕਰਦੀ ਹੈ। ਅੱਜ ਵੀ ਪਹਿਲੀ ਸਦੀ ਦੀ ਤਰ੍ਹਾਂ, ਕੁਝ ਲੋਕਾਂ ਨੂੰ ਸਲੀਬ ਦੇ ਦੁਆਰਾ ਤਕਲੀਫ਼ ਹੋਵੇਗੀ ਅਤੇ ਕਈਆਂ ਨੂੰ ਇਹ ਮੂਰਖਤਾ ਲੱਗੇਗੀ, ਪਰ ਸਾਨੂੰ ਇਸੇ ਸੰਦੇਸ਼ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਸੇਵਕਾਂ ਅਤੇ ਕਲੀਸਿਆਵਾਂ ਦੇ ਆਗੂਆਂ ਦੇ ਰੂਪ ਵਿੱਚ ਸਾਡਾ ਵਿਸ਼ਵਾਸ ਸਾਡੀ ਆਪਣੀ ਯੋਗਤਾ ਤੋਂ ਨਹੀਂ ਆਉਂਦਾ; ਸਾਡਾ ਵਿਸ਼ਵਾਸ ਸਲੀਬ ਦੇ ਸੰਦੇਸ਼ ਤੇ ਆਧਾਰਿਤ ਹੈ। ਪੌਲੁਸ ਦੇ ਕੋਲ ਬਿਹਤਰੀਨ ਸਿੱਖਿਆ ਸੀ, ਤੇਜ਼ ਦਿਮਾਗ ਸੀ ਅਤੇ ਉਹ ਆਪਣੇ ਸਮੇਂ ਬੁੱਧੀ ਜੀਵੀ ਲੋਕਾਂ ਦੇ ਨਾਲ ਵਾਦ-ਵਿਵਾਦ ਕਰ ਸਕਦਾ ਸੀ। ਪਰ ਉਸਦਾ ਮੁੱਢਲਾ ਭਰੋਸਾ ਸਿਰਫ਼ ਸਲੀਬ ਤੇ ਸੀ। ਜਦੋਂ ਅਸੀਂ ਲੋਕਾਂ ਨੂੰ ਸਿਰਫ਼ ਆਪਣੇ ਤਰਕ ਦੇ ਦੁਆਰਾ ਹੀ ਜਿੱਤਦੇ ਹਾਂ, ਤਾਂ ਉਨ੍ਹਾਂ ਦਾ ਵਿਸ਼ਵਾਸ ਮਨੁੱਖਾਂ ਦੀ ਬੁੱਧ ਤੇ ਨਿਰਭਰ ਰਹਿੰਦਾ ਹੈ; ਪਰ ਜਦੋਂ ਅਸੀਂ

ਉਨ੍ਹਾਂ ਨੂੰ ਸਲੀਬ ਦੇ ਵੱਲ ਸੰਕੇਤ ਕਰਦੇ ਹਾਂ, ਤਾਂ ਉਨ੍ਹਾਂ ਦਾ ਵਿਸ਼ਵਾਸ ਪਰਮੇਸ਼ੁਰ ਦੀ ਸਮਰੱਥਾ ਤੇ ਨਿਰਭਰ ਹੁੰਦਾ ਹੈ (1 ਕੁਰਿੰਥੀਆਂ 2:5)।

**ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਮਰੱਥਾ ਦੇ ਵਿੱਚ ਸੇਵਕਾਈ ਕਰਨਾ**

► ਪੜ੍ਹੋ ਰਸੂਲਾਂ ਦੇ ਕਰਤੱਬ 2:22-36.

ਰਸੂਲਾਂ ਦੇ ਕਰਤੱਬ ਵਿਖਾਉਂਦਾ ਹੈ ਕਿ ਮੁਰਦਿਆਂ ਵਿੱਚੋਂ ਜੀ ਉੱਠਣਾ ਅਰੰਭਿਕ ਕਲੀਸਿਆ ਦੇ ਮਸੀਹੀ ਪ੍ਰਚਾਰ ਦਾ ਕੇਂਦਰੀ ਵਿਸ਼ਾ ਸੀ। ਪੰਤੇਕੁਸਤ ਦੇ ਸਮੇਂ, ਪਤਰਸ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਨੂੰ ਇੱਕ ਅਜਿਹੇ ਸਬੂਤ ਵੱਜੋਂ ਦਰਸਾਇਆ ਜੋ ਨਬੀਆਂ ਦੁਆਰਾ ਕੀਤੇ ਵਾਅਦਿਆਂ ਦੀ ਪੂਰਤੀ ਨੂੰ ਦਰਸਾਉਂਦਾ ਹੈ।

ਅਗ੍ਰਿੱਪਾ ਦੇ ਸਾਹਮਣੇ ਆਪਣਾ ਬਚਾਅ ਪੱਖ ਰੱਖਦੇ ਹੋਏ, ਪੌਲੁਸ ਨੇ ਕਿਹਾ, "ਅਤੇ ਹੁਣ ਮੈਂ ਉਸ ਕਰਾਰ ਦੀ ਆਸ ਦੇ ਕਾਰਨ ਜਿਹੜਾ ਪਰਮੇਸ਼ੁਰ ਨੇ ਸਾਡੇ ਪਿਉ ਦਾਦਿਆਂ ਨਾਲ ਕੀਤਾ ਸੀ ਅਦਾਲਤ ਲਈ ਖੜਾ ਹਾਂ। ਓਸੇ ਕਰਾਰ ਨੂੰ ਪ੍ਰਾਪਤ ਕਰਨ ਦੀ ਆਸ ਉੱਤੇ ਸਾਡੀਆਂ ਬਾਰਾਂ ਗੋਤਾਂ ਦਿਨ ਰਾਤ ਵੱਡੇ ਜਤਨ ਨਾਲ ਪਰਮੇਸ਼ੁਰ ਦੀ ਉਪਾਸਨਾ ਕਰਦੀਆਂ ਹਨ । ਹੇ ਰਾਜਾ, ਇਸੇ ਆਸ ਦੇ ਬਦਲੇ ਯਹੂਦੀ ਮੇਰੇ ਉੱਤੇ ਨਾਲਸ਼ ਕਰਦੇ ਹਨ! "ਇਹ ਗੱਲ ਕਿਉਂ ਤੁਹਾਡੇ ਲੇਖੇ ਬੇ ਇਤਬਾਰ ਗਿਣੀਦੀ ਹੈ ਜੋ ਪਰਮੇਸ਼ੁਰ ਮੁਰਦਿਆਂ ਨੂੰ ਜਿਵਾਲੇ?" (ਰਸੂਲਾਂ ਦੇ ਕਰਤੱਬ 26:6-8)।

► ਪੜ੍ਹੋ 1 ਕੁਰਿੰਥੀਆਂ 15:12-34.

1 ਕੁਰਿੰਥੀਆਂ ਦੇ ਵਿੱਚ ਪੌਲੁਸ ਵਿਖਾਉਂਦਾ ਹੈ ਕਿ ਉਸਦੀ ਸੇਵਕਾਈ ਸਿਰਫ਼ ਸਲੀਬ ਦੀ ਸ਼ਕਤੀ ਦੇ ਵਿੱਚ ਹੀ ਨਹੀਂ, ਪਰ ਜੀ ਉੱਠਣ ਦੀ ਸ਼ਕਤੀ ਦੇ ਉੱਤੇ ਟਿਕੀ ਹੋਈ ਹੈ। ਪੌਲੁਸ ਦੱਸਦਾ ਹੈ ਕਿ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਤੋਂ ਬਿਨਾਂ, ਉਸਦੀ ਸੇਵਕਾਈ ਅਰਥਹੀਨ ਹੈ। "ਅਤੇ ਜੇ ਮਸੀਹ ਨਹੀਂ ਜੀ ਉੱਠਿਆ ਤਾਂ ਸਾਡਾ ਪਰਚਾਰ ਥੋਥਾ ਹੈ ਅਤੇ ਤੁਹਾਡੀ ਨਿਹਚਾ ਥੋਥੀ ਹੈ" (1 ਕੁਰਿੰਥੀਆਂ 15:14)। ਜੀ ਉੱਠਣ ਤੋਂ ਬਿਨਾਂ, ਯਿਸੂ ਕਿਸੇ ਅਸਫਲ ਮਸੀਹ ਨਾਲੋਂ ਵੱਧ ਕੇ ਹੋਰ ਕੁਝ ਨਹੀਂ ਹੈ। ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਬਿਨਾਂ, ਯਿਸੂ ਇੱਕ ਦਰਦਨਾਕ ਸ਼ਹੀਦ ਹੋ ਸਕਦਾ ਹੈ, ਪਰ ਉਹ ਵਾਇਦਾ ਕੀਤਾ ਹੋਇਆ ਮਸੀਹ ਨਹੀਂ ਹੋ ਸਕਦਾ।

ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਮਸੀਹੀ ਵਿਸ਼ਵਾਸ ਦਾ ਆਧਾਰ ਹੈ। "ਅਤੇ ਜੇ ਮਸੀਹ ਨਹੀਂ ਜੀ ਉੱਠਿਆ ਹੈ ਤਾਂ ਤੁਹਾਡੀ ਨਿਹਚਾ ਅਕਾਰਥ ਹੈ। ਤੁਸੀਂ ਅਜੇ ਆਪਣੇ ਪਾਪਾਂ ਵਿੱਚ ਹੋ" (1 ਕੁਰਿੰਥੀਆਂ 15:17)। ਸਲੀਬ ਦੇ ਉੱਤੇ ਮਸੀਹ ਦੇ ਪਾਪਾਂ ਦਾ ਪ੍ਰਾਸਚਿੱਤ ਪ੍ਰਦਾਨ ਕੀਤਾ, ਪਰ ਇਹ ਮੁਰਦਿਆਂ ਦੇ ਵਿੱਚੋਂ ਜੀ ਉੱਠਣਾ ਸੀ ਜਿਸਨੇ ਮੌਤ ਅਤੇ ਪਾਪ ਦੇ ਉੱਤੇ ਮਸੀਹ ਦੀ ਸਮਰੱਥਾ ਨੂੰ ਸਾਬਿਤ ਕੀਤਾ। ਪੌਲੁਸ ਕਹਿੰਦਾ ਹੈ ਕਿ ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ, ਤਾਂ ਤੁਹਾਡੀ ਨਿਹਚਾ ਅਕਾਰਥ ਹੈ ਅਤੇ ਤੁਸੀਂ ਅਜੇ ਵੀ ਪਾਪਾਂ ਦੇ ਬੰਧਨ ਵਿੱਚ ਪਏ ਹੋਏ ਹੋ।

ਮੁਰਦਿਆਂ ਵਿੱਚੋਂ ਜੀ ਉੱਠਣਾ ਮਸੀਹੀ ਉਮੀਦ ਦਾ ਆਧਾਰ ਹੈ। "ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਤਾਂ ਮਨੁੱਖ ਹੀ ਦੇ ਰਾਹੀਂ ਮੁਰਦਿਆਂ ਦੀ ਕਿਆਮਤ ਵੀ ਹੋਈ। ਜਿਸ ਤਰ੍ਹਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰ੍ਹਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ" (1 ਕੁਰਿੰਥੀਆਂ 15:21-22)। ਪੌਲੁਸ ਨੇ ਪੱਕਿਆਂ ਕੀਤਾ ਕਿ ਕੁਰਿੰਥੀਆਂ ਦੇ ਕੋਲ ਮੁਰਦਿਆਂ ਵਿੱਚੋਂ ਜੀ ਉੱਠਣ ਉਮੀਦ ਹੈ ਕਿਉਂਕਿ ਮਸੀਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਹੈ।

ਦੂਜੀ ਸਦੀ ਵਿੱਚ, ਲੂਸੀਅਨ, ਇੱਕ ਯੂਨਾਨੀ ਨਾਵਲਕਾਰ ਨੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਵਿੱਚ ਵਿਸ਼ਵਾਸ ਕਰਨ ਲਈ ਮਸੀਹੀਆਂ ਦਾ ਮਜ਼ਾਕ ਉਡਾਇਆ। ਉਸ ਨੇ ਕਿਹਾ, "ਗਰੀਬ ਦੁਖੀਆਂ ਨੂੰ ਯਕੀਨ ਹੈ ਕਿ ਉਹ ਸਦਾ ਲਈ ਰਹਿਣਗੇ। ਇਸ ਕਰਕੇ, ਉਹ ਮੌਤ ਨੂੰ ਤੁੱਛ ਸਮਝਦੇ ਹਨ ਅਤੇ ਆਪਣੀ ਨਿਹਚਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ।" ਲੂਸੀਅਨ ਮਸੀਹੀਆਂ ਦਾ ਮਜ਼ਾਕ ਉਡਾ ਰਿਹਾ ਸੀ, ਪਰ ਉਸ ਦੇ ਸ਼ਬਦ ਸੱਚ ਹਨ। ਜਿਵੇਂ ਕਿ ਲੂਸੀਅਨ ਨੇ ਕਿਹਾ, ਦੂਜੀ ਸਦੀ ਦੇ ਮਸੀਹੀ ਵਿਸ਼ਵਾਸ ਕਰਦੇ ਸਨ ਕਿ ਉਹ ਹਮੇਸ਼ਾ ਲਈ ਜੀਉਂਦੇ ਰਹਿਣਗੇ। ਇਸ ਵਿਸ਼ਵਾਸ ਕਾਰਨ ਉਹ ਵਿਸ਼ਵਾਸ ਲਈ ਮਰਨ ਲਈ ਤਿਆਰ ਸਨ।।

ਇਹ ਗੱਲ ਅੱਜ ਸਾਡੇ ਲਈ ਵੀ ਸੱਚ ਹੋਣੀ ਚਾਹੀਦੀ ਹੈ। ਜੇਕਰ ਅਸੀਂ ਸੱਚਮੁੱਚ ਵਿਸ਼ਵਾਸ ਕਰਦੇ ਹਾਂ ਕਿ ਮਸੀਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ, ਤਾਂ ਇਸਦੇ ਨਾਲ ਸਾਨੂੰ ਸਤਾਅ ਅਤੇ ਮੌਤ ਤੱਕ ਦਾ ਸਾਹਮਣਾ ਕਰਨ ਦੀ ਹਿੰਮਤ ਮਿਲਣੀ ਚਾਹੀਦੀ ਹੈ। ਮੁਰਦਿਆਂ ਵਿੱਚੋਂ ਜੀ ਉੱਠਣਾ ਸਾਡੀ ਮਸੀਹੀ ਉਮੀਦ ਦਾ ਆਧਾਰ ਹੈ।

ਮੁਰਦਿਆਂ ਵਿੱਚੋਂ ਜੀ ਉੱਠਣਾ ਸਾਡੇ ਮਸੀਹੀ ਜੀਵਨ ਦਾ ਆਧਾਰ ਹੈ। ਪੌਲੁਸ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਿੱਖਿਆ ਨੂੰ ਹੈਰਾਨੀਜਨਕ ਤਰੀਕੇ ਦੇ ਨਾਲ ਅਭਿਆਸਿਕ ਲਾਗੂਕਰਨ ਬਣਾ ਦਿੰਦਾ ਹੈ। "ਜੇ ਮੁਰਦੇ ਨਹੀਂ ਜੀ ਉੱਠਦੇ ਤਾਂ 'ਆਉ ਅਸੀਂ ਖਾਈਏ ਪੀਵੀਏ ਕਿਉਂ ਜੋ ਭਲਕੇ ਮਰਨਾ ਹੈ'... ਤੁਸੀਂ ਧਰਮ ਲਈ ਸੁਰਤ ਸਮ੍ਹਾਲੋ ਅਤੇ ਪਾਪ ਨਾ ਕਰੋ ਕਿਉਂ ਜੋ ਕਈਆਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ" (1 ਕੁਰਿੰਥੀਆਂ 15:32, 34)। ਪੌਲੁਸ ਦੇ ਅਨੁਸਾਰ ਮੁਰਦਿਆਂ ਵਿੱਚੋਂ ਜੀ ਉੱਠਣਾ ਭਗਤੀ ਭਰਿਆ ਜੀਵਨ ਜਿਉਣ ਦਾ ਮਹੱਤਵਪੂਰਨ ਕਾਰਨ ਦਿੰਦਾ ਹੈ। ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ ਤਾਂ ਅਸੀਂ ਅਪੀਕੂਰੀਆਂ ਦੀ ਤਰ੍ਹਾਂ ਕਹਿ ਸਕਦੇ ਹਾਮ, "ਖਾਉ, ਪੀਓ ਕਿਉਂਕਿ ਕੱਲ ਅਸੀਂ ਮਰ ਜਾਣਾ ਹੈ।" ਜੇਕਰ ਮੁਰਦਿਆਂ ਦਾ ਜੀ ਉੱਠਣਾ ਨਹੀਂ ਹੈ ਤਾਂ ਸਦੀਪਕਤਾ ਦੇ ਲਈ ਜਿਉਣ ਦਾ ਕੋਈ ਕਾਰਨ ਨਹੀਂ ਹੈ। ਪਰ ਪੌਲੁਸ ਜਾਰੀ ਰੱਖਦਾ ਹੈ, ਕਿਉਂਕਿ ਮੁਰਦਿਆਂ ਦਾ ਜੀ ਉੱਠਣਾ ਸੱਚ ਹੈ, ਇਸ ਲਈ ਜਾਗ ਜਾਓ ਅਤੇ ਪਾਪ ਦੇ ਜੀਵਨ ਤੋਂ ਆਜਾਦ ਹੋ ਜਾਉ। ਪਾਪ ਦੇ ਉੱਤੇ ਸਾਡੀ ਜਿੱਤ ਦੀ ਪ੍ਰੇਰਨਾ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਵਿਸ਼ਵਾਸ ਤੋਂ ਮਿਲਦੀ ਹੈ।

ਮੁਰਦਿਆਂ ਵਿੱਚੋਂ ਉੱਠਣ ਦੀ ਸਿੱਖਿਆ ਦੇ ਦੁਆਰਾ ਸਾਨੂੰ ਸੇਵਕਾਈ ਦੀਆਂ ਚੁਣੌਤੀਆਂ ਦੇ ਸਾਹਮਣੇ ਵਿਸ਼ਵਾਸ ਦੀ ਕਮੀ ਤੋਂ ਦੂਰ ਕਰਨ ਵਾਲੀ ਹੋਣੀ ਚਾਹੀਦੀ ਹੈ। ਕਿੰਨੀ ਵਾਰ ਅਸੀਂ ਪ੍ਰਾਥਨਾਵਾਂ ਦਾ ਉੱਤਰ ਨਾ ਮਿਲਣ ਦੀ ਉਮੀਦ ਕਰਦੇ ਹਾਂ? ਕਿਉਂ? ਕਿਉਂਕਿ ਅਸੀਂ ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੀ ਸ਼ਕਤੀ ਨੂੰ ਭੁੱਲ ਜਾਂਦੇ ਹਾਂ! ਕਿੰਨੀ ਵਾਰ ਅਸੀਂ ਜਿੱਤ ਦੇ ਬਹੁਤ ਘੱਟ ਭਰੋਸੇ ਦੇ ਨਾਲ ਪ੍ਰੀਖਿਆਵਾਂ ਦਾ ਸਾਹਮਣਾ ਕਰਦੇ ਹਾਂ ? ਕਿਉਂ? ਕਿਉਂਕਿ ਅਸੀਂ ਪੌਲੁਸ ਦੇ ਵਾਇਦੇ ਨੂੰ ਭੁੱਲ ਜਾਂਦੇ ਹਾਂ: "ਅਤੇ ਜੇ ਉਹ ਦਾ ਆਤਮਾ ਜਿਹ ਨੇ ਯਿਸੂ

ਨੂੰ ਮੁਰਦਿਆਂ ਵਿੱਚੋਂ ਜੀਵਾਲਿਆ ਤੁਹਾਡੇ ਵਿੱਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿੱਚ ਵੱਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ" (ਰੋਮੀਆਂ 8:11)।

ਜੇਕਰ ਮਸੀਹ ਸਾਡੇ ਵਿੱਚ ਵੱਸਦਾ ਹੈ, ਤਾਂ ਅਸੀਂ ਅੱਗੇ ਤੋਂ ਸਰੀਰ ਦੇ ਵਿੱਚ ਨਹੀਂ ਜਿਉਂਦੇ; ਅਸੀਂ ਹੁਣ ਪਾਪ ਦੇ ਕੈਦੀ ਨਹੀਂ ਰਹੇ। ਇਹ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਸਮਰੱਥਾ ਵਾਲਾ ਜੀਵਨ ਹੈ। ਜਿਸ ਸਮਰੱਥਾ ਨੇ ਯਿਸੂ ਨੂੰ ਕਬ਼ਰ ਦੇ ਵਿੱਚੋਂ ਜਿਉਂਦਾ ਕੀਤਾ ਉਹ ਸਾਨੂੰ ਪ੍ਰਤੀਦਿਨ ਪਾਪ ਦੇ ਜੀਵਨ ਤੇ ਜਿੱਤ ਪ੍ਰਦਾਨ ਕਰਦੀ ਹੈ। ਮੁਰਦਿਆਂ ਦੇ ਵਿੱਚੋਂ ਜੀ ਉੱਠਣ ਦੇ ਦੁਆਰਾ ਜਿਉਣ ਅਤੇ ਸੇਵਕਾਈ ਕਰਨ ਦਾ ਇਹੀ ਅਰਥ ਹੈ।

## ਸਮਾਪਤੀ: ਮਸੀਹ ਜਿਹੇ ਜੀਵਨ ਅਤੇ ਸੇਵਕਾਈ ਦੇ ਚਿੰਨ੍ਹ

### ਕੀ ਤੁਹਾਡਾ ਜੀਵਨ ਮਸੀਹ ਜਿਹਾ ਵਿਖਦਾ ਹੈ?

ਲੂਕਾ ਨੇ ਲਿਖਿਆ, "ਅਤੇ ਅੰਤਾਕਿਆ ਦੇ ਵਿੱਚ ਚੇਲ੍ਹੇ ਪਹਿਲੀ ਵਾਰ ਅਖਵਾਏ" (ਰਸੂਲਾਂ ਦੇ ਕਰਤੱਬ 11:26)। ਜਿਵੇਂ ਹੀ ਲੋਕ ਅੰਤਾਕਿਆ ਦੇ ਵਿਸ਼ਵਾਸੀਆਂ ਦੇ ਵੱਲ ਵੇਖਦੇ ਸਨ, ਤਾਂ ਉਨ੍ਹਾਂ ਨੇ ਅਜਿਹਾ ਕਹਿਣਾ ਅਰੰਭ ਕੀਤਾ, "ਜੋ ਮਸੀਹ ਦੀ ਤਰ੍ਹਾਂ ਵਿਵਹਾਰ ਕਰਦੇ ਹਨ। ਸਾਨੂੰ ਉਨ੍ਹਾਂ ਨੂੰ 'ਮਸੀਹੀ' ਕਹਿਣਾ ਚਾਹੀਦਾ ਹੈ" ਜਦੋਂ ਤੁਸੀਂ ਇਸ ਵਚਨ ਨੂੰ ਪੜਦੇ ਹੋ, ਆਪਣੇ ਆਪ ਤੋਂ ਪੁੱਛੋ, "ਕੀ ਮੇਰੇ ਗੁਆਂਢੀ ਮੇਰੇ ਕੰਮਾਂ, ਸ਼ਬਦਾਂ ਅਤੇ ਵਿਵਹਾਰ ਨੂੰ ਵੇਖ ਕੇ ਮੈਨੂੰ 'ਮਸੀਹੀ' ਨਾਮ ਦੇ ਨਾਲ ਬੁਲਾਉਣਗੇ? ਕੀ ਮੈਂ ਮਸੀਹ ਜਿਹਾ ਵਿਖਦਾ ਹਾਂ?" ਅੰਤਾਕਿਆ ਦੇ ਵਿਸ਼ਵਾਸੀਆਂ ਦਾ ਜੀਵਨ ਜਿਉਣ ਦਾ ਅਜਿਹਾ ਤਰੀਕਾ ਸੀ ਜੋ ਮਸੀਹ ਦੇ ਚਰਿੱਤਰ ਨੂੰ ਪ੍ਰਗਟ ਕਰਦਾ ਹੈ; ਉਹ ਮਸੀਹੀ ਸਨ।

ਬਹੁਤ ਸਾਲ ਇੱਕ ਪਾਸਬਾਨ ਦੇ ਤੌਰ ਤੇ ਸੇਵਾ ਕਰਨ ਤੋਂ ਬਾਅਦ, ਡਾ. ਐਚ.ਬੀ ਲੰਡਨ ਹੁਣ ਨਵੇਂ ਬਣੇ ਪਾਸਬਾਨਾਂ ਦੇ ਲਈ ਸਿੱਖਿਅਕ ਵੱਜੋਂ ਸੇਵਾ ਕਰਦਾ ਹੈ। ਉਸਨੇ ਅਜਿਹੇ ਆਤਮਿਕ ਖ਼ਤਰਿਆਂ ਦੇ ਬਾਰੇ ਚੇਤਾਵਨੀ ਦਿੱਤੀ ਜਿੰਨ੍ਹਾਂ ਦਾ ਸਾਹਮਣਾ ਪਾਸਬਾਨ ਕਰਦੇ ਹਨ। "ਕੋਈ ਵਿਅਕਤੀ ਪਵਿੱਤਰ ਵਸਤਾਂ ਦੇ ਕੋਲ ਰਹਿ ਕੇ ਵੀ ਪਵਿੱਤਰਤਾਈ ਤੋਂ ਅਲੱਗ ਰਹਿ ਸਕਦਾ ਹੈ। ਇਹ ਸੰਭਵ ਹੈ ਕਿ ਮਾਫੀ ਦੇ ਬਾਰੇ ਪ੍ਰਚਾਰ ਕੀਤਾ ਜਾਵੇ ਪਰ ਆਪ ਮਾਫ਼ ਨਾ ਕੀਤਾ ਜਾਵੇ। ਸੇਵਕ ਸੇਵਕਾਈ ਦੇ ਲਈ ਇੰਨੇ ਯਤਨਸ਼ੀਲ ਹੋ ਸਕਦੇ ਹਨ ਕਿ ਉਹ ਆਪਣੀ ਆਤਮਿਕ ਤੰਦਰੁਸਤੀ ਨੂੰ ਨਜ਼ਰਅੰਦਾਜ ਕਰ ਸਕਦੇ ਹਨ।"[53] ਦੂਸਰਿਆਂ ਨੂੰ ਪ੍ਰਚਾਰ ਕਰਕੇ ਆਪ ਅਯੋਗ ਠਹਿਰਣਾ ਸੰਭਵ ਹੈ (1 ਕੁਰਿੰਥੀਆਂ 9:27)।

[53] H. B. London, *They Call Me Pastor*. (Grand Rapids: Baker Books, 2000), 145

ਡਾ. ਲੰਡਨ ਨੇ ਪਾਸਬਾਨਾਂ ਦੇ ਲਈ ਦੂਸਰਿਆਂ ਦੀ ਅਗਵਾਈ ਕਰਦੇ ਸਮੇਂ ਆਤਮਿਕ ਅਸਫਲਤਾ ਤੋਂ ਦੂਰ ਰਹਿਣ ਲਈ ਕੁਝ ਸੁਝਾਅ ਦਿੱਤੇ ਹਨ। ਇਹ ਅਜਿਹੇ ਖੇਤਰ ਹਨ ਜਿੰਨ੍ਹਾਂ ਦੇ ਵਿੱਚ ਦੇ ਦੁਆਰਾ ਅਸੀਂ ਮਸੀਹ ਜਿਹੇ ਜੀਵਨ ਨੂੰ ਬਣਾ ਕੇ ਰੱਖ ਸਕਦੇ ਹਾਂ। ਉਸਨੇ ਲਿਖਿਆ ਹੈ:

- **ਆਪਣੇ ਪ੍ਰਚਾਰ ਨੂੰ ਆਪਣੇ ਤੇ ਲਾਗੂ ਕਰੋ।** ਦੂਸਰਿਆਂ ਦੇ ਲਈ ਅਜਿਹੀ ਗੱਲ ਦਾ ਕਦੇ ਪ੍ਰਚਾਰ ਨਾ ਕਰੋ ਜੋ ਤੁਸੀਂ ਖੁਦ ਨਹੀਂ ਕਰਦੇ ਹੋ।

- **ਆਪਣੀ ਆਤਮਾ ਦੀ ਦੇਖਭਾਲ ਕਰੋ।** ਕੁਝ ਡਾਕਟਰ ਆਪ ਹੀ ਬਿਮਾਰ ਹੁੰਦੇ ਹਨ। ਉਹ ਦੂਸਰਿਆਂ ਦੀ ਦੇਖਭਾਲ ਕਰਦੇ ਹਨ ਪਰ ਆਪਣੀ ਸਿਹਤ ਨੂੰ ਨਜ਼ਰ ਅੰਦਾਜ ਕਰਦੇ ਹਨ। ਕੁਝ ਪਾਸਬਾਨ ਆਤਮਿਕ ਤੌਰ ਤੇ ਬਿਮਾਰ ਹਨ। ਇੱਕ ਪਾਸਬਾਨ ਦੇ ਤੌਰ ਤੇ, ਆਪਣੇ ਆਤਮਿਕ ਯੁੱਧ ਦੀ ਫਿਕਰ ਕਰੋ।

- **ਹਲੀਮ ਬਣੋ।** ਯਾਦ ਰੱਖੋ ਕਿ ਇੱਕ ਪਾਸਬਾਨ ਇੱਕ ਚਰਵਾਹਾ ਹੈ, ਕਿਸੇ ਬੈਂਕ ਦਾ ਪ੍ਰਧਾਨ ਨਹੀਂ। ਇੱਕ ਸੇਵਕ ਬਣੋ।

- **ਨਿਰਾਸ਼ਾਵਾਂ ਦੇ ਦੁਆਰਾ ਵਿਕਾਸ ਕਰੋ।** ਤੁਸੀਂ ਸੇਵਕਾਈ ਦੇ ਵਿੱਚ ਨਿਰਾਸ਼ ਹੋਵੋਗੇ। ਤੁਸੀਂ ਕਿਸੇ ਨੂੰ ਬਹੁਤ ਸਿਖਾਉਗੇ ਅਤੇ ਉਹ ਛੱਡ ਕੇ ਚਲਾ ਜਾਵੇਗਾ। ਬਹੁਤ ਨੇੜਤਾ ਵਾਲਾ ਮਿੱਤਰ ਤੁਹਾਡੇ ਵਿਰੁੱਧ ਹੋ ਜਾਵੇਗਾ। ਕਲੀਸਿਆ ਦੇ ਮੈਂਬਰ ਤੁਹਾਡਾ ਇਨਕਾਰ ਕਰ ਦੇਣਗੇ। ਨਿਰਾਸ਼ ਹੋ ਕੇ ਆਪਣੀ ਉਮੀਦ ਨਾ ਗੁਵਾਓ।ਯਹੂਦਾਹ ਨੇ ਯਿਸੂ ਨੂੰ ਧੋਖਾ ਦਿੱਤਾ। ਦੇਮਾਸ ਪੌਲੁਸ ਨੂੰ ਛੱਡ ਕੇ ਚਲਾ ਗਿਆ। ਹੰਝੂਆਂ ਦੇ ਦੁਆਰਾ, ਵੱਧਦੇ ਰਹੋ ਅਤੇ ਇੱਜਤ ਦੀ ਰਖਵਾਲੀ ਕਰਦੇ ਰਹੋ।

**ਕੀ ਤੁਹਾਡੀ ਸੇਵਕਾਈ ਮਸੀਹ ਵਰਗੀ ਵਿਖਾਈ ਦਿੰਦੀ ਹੈ?**

ਯਿਸੂ ਦੇ ਜੀਵਨ ਅਤੇ ਸੇਵਕਾਈ ਦੇ ਬਾਰੇ ਇਸ ਪਾਠ ਦੇ ਵਿੱਚ, ਅਸੀਂ ਯਿਸੂ ਦੇ ਜੀਵਨ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦੇ ਬਾਰੇ ਵੇਖਿਆ ਹੈ। ਕੀ ਤੁਹਾਡੀ ਸੇਵਕਾਈ ਦੇ ਵਿੱਚ ਇਹ ਵਿਸ਼ੇਸ਼ਤਾਵਾਂ ਨਜ਼ਰ ਆਉਂਦੀਆਂ ਹਨ?

ਇੱਥੇ ਤੁਹਾਡੀ ਸੇਵਕਾਈ ਦਾ ਮੁਲਾਂਕਣ ਕਰਨ ਦੇ ਲਈ ਕੁਝ ਪ੍ਰਸ਼ਨ ਹਨ:

- ਕਈ ਪਾਪੀ ਬਚਾਏ ਜਾ ਰਹੇ ਹਨ? ਜਦੋਂ ਯਿਸੂ ਨੇ ਪ੍ਰਚਾਰ ਕੀਤਾ, ਲੋਕਾਂ ਨੇ ਜੀਵਨ ਪ੍ਰਾਪਤ ਕੀਤਾ। ਕੀ ਤੁਸੀਂ ਲੋਕਾਂ ਨੂੰ ਨਵੇਂ ਜਨਮ ਤੱਕ ਲਿਆ ਰਹੇ ਹੋ?

- ਕੀ ਲੋਕ ਆਤਮਾ ਦੇ ਨਾਲ ਭਰ ਰਹੇ ਹਨ? ਯਿਸੂ ਨੇ ਵਾਇਦਾ ਕੀਤਾ ਕਿ ਉਹ ਆਪਣੇ ਬੱਚਿਆਂ ਦੇ ਲਈ ਆਤਮਾ ਨੂੰ ਘੱਲੇਗਾ। ਕੀ ਇਹ ਵਾਇਦਾ ਉਨ੍ਹਾਂ ਲੋਕਾਂ ਦੇ ਵਿੱਚ ਪੂਰਾ ਹੋ ਰਿਹਾ ਹੈ ਜਿੰਨ੍ਹਾਂ ਵਿੱਚ ਤੁਸੀਂ ਸੇਵਕਾਈ ਕਰਦੇ ਹੋ?

- ਕੀ ਸ਼ੈਤਾਨ ਹਾਰ ਰਿਹਾ ਹੈ? ਕੀ ਸ਼ੈਤਾਨ ਦੇ ਗੜ੍ਹ ਢਹਿ ਰਹੇ ਹਨ? ਆਤਮਿਕ ਅਧਿਕਾਰ ਯਿਸੂ ਦੀ ਸੇਵਕਾਈ ਦਾ ਚਿੰਨ੍ਹ ਸੀ।

- ਕੀ ਦੁਖੀ ਲੋਕ ਚੰਗਿਆਈ ਪਾ ਰਹੇ ਹਨ? ਕੀ ਟੁੱਟੇ ਜੋ ਪਰਿਵਾਰ ਦੁਬਾਰਾ ਜੁੜ ਰਹੇ ਹਨ? ਕੀ ਟੁੱਟੇ ਹੋਏ ਜੀਵਨ ਸੰਪੂਰਨ ਹੋ ਰਹੇ ਹਨ? ਕੀ ਟੁੱਟੇ ਹੋਏ ਸੰਬੰਧ ਦੁਬਾਰਾ ਜੁੜ ਰਹੇ ਹਨ? ਯਿਸੂ ਨੇ ਸਰੀਰਕ, ਮਾਨਸਿਕ ਅਤੇ ਆਤਮਿਕ ਜਖ਼ਮਾਂ ਵਾਲੇ ਲੋਕਾਂ ਨੂੰ ਚੰਗਿਆਂ ਕੀਤਾ।

- ਕੀ ਲੋਕ ਕ੍ਰਿਪਾ ਅਤੇ ਸਚਿਆਈ ਨੂੰ ਵੇਖਦੇ ਹਨ? ਕੀ ਮੈਂ ਲੋਕਾਂ ਨੂੰ ਯਿਸੂ ਕੋਲ ਲਿਆ ਰਿਹਾ ਹਾਂ ਜਾਂ ਯਿਸੂ ਤੋਂ ਦੂਰ ਲੈ ਕੇ ਜਾ ਰਿਹਾ ਹਾਂ? ਯਿਸੂ ਨੇ ਪੂਰੇ ਵਿਸ਼ਵਾਸ ਅਤੇ ਕ੍ਰਿਪਾ ਦੇ ਨਾਲ ਸਚਿਆਈ ਦਾ ਪ੍ਰਚਾਰ ਕੀਤਾ।

► ਜਿਵੇਂ ਤੁਸੀਂ ਇੰਨਾਂ ਪ੍ਰਸ਼ਨਾਂ ਦੇ ਬਾਰੇ ਚਰਚਾ ਕਰਦੇ ਹੋ, ਤਾਂ ਅਜਿਹੇ ਖੇਤਰਾਂ ਬਾਰੇ ਵੇਖੋ ਜਿੰਨ੍ਹਾਂ ਦੁਆਰਾ ਤੁਹਾਡੀ ਸੇਵਕਾਈ ਵਿਕਸਿਤ ਹੋ ਸਕਦੀ ਹੈ। ਯਾਦ ਰੱਖੋ ਕਿ ਹਰੇਕ ਸੇਵਕ ਵਿਕਸਿਤ ਹੋ ਸਕਦਾ ਹੈ, ਇਸ ਕਾਰਨ ਇਸ ਸੂਚੀ ਦੁਆਰਾ ਸਵੈ-ਨਿੰਦਾ ਨਾ ਕਰਕੇ ਵਿਕਸਿਤ ਹੋਣ ਦੇ ਲਈ ਚੁਣੌਤੀ ਦੇ ਵੱਜੋਂ ਉਪਯੋਗ ਕਰੋ।

## ਪਾਠ 8 ਦੇ ਅਸਾਇਨਮੈਂਟ

(1) “ਸਲੀਬ ਤੇ ਯਿਸੂ ਦੇ ਸੱਤ ਕਥਨਾਂ” ਦੇ ਬਾਰੇ ਇੱਕ ਪ੍ਰਚਾਰ ਜਾਂ ਬਾਈਬਲ ਪਾਠ ਤਿਆਰ ਕਰੋ। ਯਿਸੂ ਦੇ ਇੰਨਾਂ ਸ਼ਬਦਾਂ ਵਿੱਚੋਂ ਅੱਜ ਦੇ ਮਸੀਹੀਆਂ ਦੇ ਲਈ ਸੰਦੇਸ਼ ਦਿਓ।

(2) ਪ੍ਰਤੀਦਿਨ ਦੇ ਮਸੀਹੀ ਜੀਵਨ ਦੇ ਵਿੱਚ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਅਰਥ ਬਾਰੇ ਇੱਕ ਪ੍ਰਚਾਰ ਜਾਂ ਬਾਈਬਲ ਪਾਠ ਤਿਆਰ ਕਰੋ। ਆਪਣੀ ਤਿਆਰੀ ਦੇ ਲਈ ਸ਼ੁਭਸਮਾਚਾਰਾਂ ਦੇ ਵਿੱਚ ਦਿੱਤੀ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਕਹਾਣੀ ਅਤੇ 1 ਕੁਰਿੰਥੀਆਂ 15:15-17 ਵਿੱਚ ਪੌਲੁਸ ਦੇ ਕਹੇ ਸ਼ਬਦਾਂ ਦਾ ਉਪਯੋਗ ਕਰੋ।

## ਪਾਠ 9

# ਇੱਕ ਵਿਰਾਸਤ ਨੂੰ ਪਿੱਛੇ ਛੱਡਣਾ

### ਪਾਠ ਦੇ ਉਦੇਸ਼

ਇਸ ਪਾਠ ਦੇ ਅੰਤ ਵਿੱਚ, ਵਿਦਿਆਰਥੀ ਹੇਠਾਂ ਦੱਸੇ ਕੰਮ ਕਰਨ ਦੇ ਯੋਗ ਹੋਣੇ ਚਾਹੀਦੇ ਹਨ:

(1) ਕਲੀਸਿਆ ਤੇ ਚੇਲ੍ਹਿਆਂ ਦੇ ਲਈ ਯਿਸੂ ਦੀ ਅੰਤਿਮ ਵਿਰਾਸਤ ਨੂੰ ਸਮਝਣਾ।

(2) ਯਿਸੂ ਦੀ ਵਿਰਾਸਤ ਦੇ ਵਿੱਚ ਮਹੱਤਵਪੂਰਨ ਮਿਸ਼ਨ ਨੂੰ ਸਮਝਣਾ।

(3) ਰਸੂਲਾਂ ਦੇ ਕਰਤੱਬ ਵਿੱਚ ਉਸਦੇ ਚੇਲ੍ਹਿਆਂ ਦੇ ਦੁਆਰਾ ਯਿਸੂ ਦੀ ਸੇਵਕਾਈ ਦੇ ਲਗਾਤਾਰ ਪੈਣ ਵਾਲੇ ਪ੍ਰਭਾਵ ਨੂੰ ਸਮਝਣਾ।

(4) ਉਸਦੀ ਆਪਣੀ ਸੇਵਕਾਈ ਦੇ ਵਿਰਾਸਤ ਨੂੰ ਪਿੱਛੇ ਛੱਡਣ ਦੇ ਲਈ ਅਭਿਆਸਿਕ ਪੜਾਵਾਂ ਨੂੰ ਵਿਕਸਿਤ ਕਰਨਾ।

### ਸੇਵਕਾਈ ਦੇ ਲਈ ਸਿਧਾਂਤ

ਸਾਡੀ ਸੇਵਕਾਈ ਦੀ ਪਰਖ ਇਸ ਗੱਲ ਤੋਂ ਹੋਵੇਗੀ ਕਿ ਜਦੋਂ ਅਸੀਂ ਚਲੇ ਜਾਂਵਾਂਗੇ ਤਾਂ ਅਸੀਂ ਪਿੱਛੇ ਕੀ ਛੱਡ ਕੇ ਜਾਵਾਂਗੇ

### ਜਾਣ-ਪਛਾਣ

ਤਿਮੋਥੀ ਬਹੁਤ ਸਾਲਾਂ ਤੱਕ ਇੱਕ ਆਦਰ ਯੋਗ ਪਾਸਬਾਨ ਰਹਿਣ ਤੋਂ ਬਾਅਦ ਆਪਣੀ ਸੇਵਾ ਮੁਕਤੀ ਦੇ ਨੇੜੇ ਆ ਰਿਹਾ ਸੀ। ਕਿਸੇ ਨੇ ਉਸਨੂੰ ਪੁੱਛਿਆ, "ਤੁਸੀਂ ਆਪਣੀ ਕਲੀਸਿਆ ਨੂੰ ਆਪਣੀ ਸੇਵਾ ਮੁਕਤੀ ਦੇ ਲਈ ਕਿਵੇਂ ਤਿਆਰ ਕਰ ਰਹੇ ਹੋ? ਅੱਗਲੇ 10 ਸਾਲਾਂ ਦੇ ਲਈ ਕਲੀਸਿਆ ਦਾ ਦਰਸ਼ਨ ਕੀ ਹੈ?" ਤਿਮੋਥੀ ਨੇ ਉੱਤਰ ਦਿੱਤਾ, "ਮੈਂ ਇੱਥੇ ਨਹੀਂ ਹੋਵਾਂਗਾ, ਇਸ ਲਈ ਮੈਂ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਕਿ ਮੇਰੇ ਚਲੇ ਜਾਣ ਤੋਂ ਬਾਅਦ ਇੱਥੇ ਕੀ ਹੋਵੇਗਾ।" ਇਸ ਪਾਸਬਾਨ ਨੇ ਸੇਵਕਾਈ ਦੇ ਇੱਕ ਮਹੱਤਵਪੂਰਨ ਸਿਧਾਂਤ ਨੂੰ ਨਹੀਂ ਸਮਝਿਆ: ਤੁਹਾਡੀ ਸੇਵਕਾਈ ਦੀ ਅੰਤਿਮ ਪਰਖ ਇਹ ਹੈ ਕਿ ਤੁਹਾਡੇ ਚਲੇ ਜਾਣ ਤੋਂ ਬਾਅਦ ਉੱਥੇ ਕੀ ਹੁੰਦਾ ਹੈ।

ਇਸ ਪਾਸਬਾਨ ਦੀ ਤੁਲਨਾ ਨਾਥਾਨ ਦੇ ਨਾਲ ਕਰੋ। ਨਾਥਾਨ 25 ਸਾਲਾਂ ਦੀ ਸੇਵਕਾਈ ਦੇ ਬਾਅਦ ਅਚਾਨਕ ਮਰ ਗਿਆ। ਉਨਾਂ ਦਿਨਾਂ ਦੇ ਦੌਰਾਨ ਨਾਥਾਨ ਨੇ ਬਹੁਤ ਸਾਰੀਆਂ ਸੇਵਕਾਈਆਂ ਦੀ ਅਗਵਾਈ ਸਥਾਨਕ ਕਲੀਸਿਆ ਦੇ ਵਿੱਚ ਕੀਤੀ। ਉਸਨੇ ਬੇਘਰੇ ਲੋਕਾਂ ਦੇ ਲਈ ਇੱਕ ਸੇਵਕਾਈ ਨੂੰ ਵਿਕਸਿਤ ਕੀਤਾ, ਇੱਕ ਨਸ਼ਾ ਛੁਡਾਊ ਕੇਂਦਰ ਅਤੇ ਨਾਲ ਹੀ ਵਿਉਪਾਰੀ ਆਗੂਆਂ ਦੇ ਲਈ ਸ਼ੁਭਸਮਾਚਾਰ ਦੀ ਸੇਵਕਾਈ ਦੇ ਲਈ ਉਪਰਾਲੇ ਕੀਤੇ। ਨਾਥਾਨ ਦੇ ਜਨਾਜ਼ੇ ਦੇ ਸਮੇਂ ਨਸ਼ਾ ਛੁਡਾਊ ਕੇਂਦਰ ਦੀ ਸੇਵਕਾਈ ਦੇ ਇੱਕ ਆਗੂ ਨੇ ਕਿਹਾ, "ਪਿੱਛਲੇ ਮਹੀਨੇ ਮੈਂ ਅਤੇ ਨਾਥਾਨ ਅੱਗਲੇ ਸਾਲ ਦੇ ਬਜ਼ਟ ਬਾਰੇ ਚਰਚਾ ਕਰਨ ਦੇ ਲਈ ਇਕੱਠੇ ਹੋਏ ਸੀ।" ਬੇਘਰੇ ਲੋਕਾਂ ਦੀ ਸੇਵਕਾਈ ਦੇ ਆਗੂ ਨੇ ਪਰਿਵਾਰਾਂ ਲਈ ਅਸਥਾਈ ਰਿਹਾਇਸ਼ ਪ੍ਰਦਾਨ ਕਰਨ ਲਈ ਇੱਕ ਨਵੀਂ ਇਮਾਰਤ ਦੇ ਨਕਸ਼ੇ ਬਾਰੇ ਜਾਣਕਾਰੀ

ਦਿੱਤੀ। ਨਾਥਾਨ ਨੇ ਬਹੁਤ ਹੀ ਧਿਆਨਪੂਰਵਕ ਢੰਗ ਨਾਲ ਭਵਿੱਖ ਦੀ ਸੇਵਕਾਈ ਦੇ ਲਈ ਯੋਜਨਾ ਬਣਾਈ ਸੀ। ਉਹ ਇੱਕ ਵਿਰਾਸਤ ਨੂੰ ਛੱਡ ਕੇ ਗਿਆ।

ਇਸ ਅੰਤਿਮ ਪਾਠ ਦੇ ਵਿੱਚ, ਅਸੀਂ ਚੇਲ੍ਹਿਆਂ ਦੇ ਲਈ ਯਿਸੂ ਦੀਆਂ ਅੰਤਿਮ ਸਿੱਖਿਆਵਾਂ, ਚੇਲ੍ਹਿਆਂ ਦੇ ਲਈ ਉਸਦੀ ਅੰਤਿਮ ਆਗਿਆ ਅਤੇ ਉਸਦੇ ਸਵਰਗ ਤੇ ਉਠਾਏ ਜਾਣ ਦੇ ਬਾਅਦ ਚੇਲ੍ਹਿਆਂ ਦੀ ਸੇਵਕਾਈ ਦੇ ਬਾਰੇ ਅਧਿਐਨ ਕਰਾਂਗੇ। ਅਸੀਂ ਆਪਣੇ ਪਿੱਛੇ ਇੱਕ ਵਿਰਾਸਤ ਨੂੰ ਛੱਡਣ ਦੇ ਬਾਰੇ ਸਬਕਾਂ ਨੂੰ ਸਿੱਖਾਂਗੇ।

► ਜੇਕਰ ਤੁਸੀਂ ਅੱਜ ਰਾਤ ਮਰ ਜਾਓ ਤਾਂ ਤੁਸੀਂ ਕਿਹੜੀ ਵਿਰਾਸਤ ਨੂੰ ਪਿੱਛੇ ਛੱਡ ਜਾਓਗੇ?

- ਤੁਹਾਡੀ ਤੁਹਾਡੇ ਪਰਿਵਾਰ ਦੇ ਲਈ ਕੀ ਵਿਰਾਸਤ ਹੈ?
- ਤੁਹਾਡੀ ਤੁਹਾਡੇ ਸਮਾਜ ਦੇ ਲਈ ਕੀ ਵਿਰਾਸਤ ਹੈ?
- ਤੁਹਾਡੀ ਆਪਣੀ ਸੇਵਕਾਈ ਦੇ ਲਈ ਕੀ ਵਿਰਾਸਤ ਹੈ?

## ਯਿਸੂ ਦਾ ਆਖਰੀ ਸੰਦੇਸ਼

ਯੂਹੰਨਾ 13-16 ਦੀ ਤੁਲਨਾ ਪੁਰਾਣੇ ਨੇਮ ਦੇ ਵਿੱਚ ਯਾਕੂਬ, ਮੂਸਾ, ਯਹੋਸ਼ੁਆ ਅਤੇ ਦਾਊਦ ਦੇ ਆਖਰੀ ਸੰਦੇਸ਼ਾਂ ਦੇ ਨਾਲ ਕੀਤੀ ਜਾ ਸਕਦੀ ਹੈ।[54] ਯਿਸੂ ਦਾ "ਆਖਰੀ ਸੰਦੇਸ਼" ਉਸਦੀ ਕੁਝ ਬਹੁਤ ਹੀ ਡੂੰਘੀ ਅਤੇ ਨੇੜਤਾ ਦੀ ਸਿੱਖਿਆ ਦਿੰਦਾ ਹੈ।

ਯੂਹੰਨਾ 13:1 ਇਸ ਆਖਰੀ ਸੰਦੇਸ਼ ਦੇ ਪ੍ਰਸੰਗ ਬਾਰੇ ਦੱਸਦਾ ਹੈ। ਯਿਸੂ ਜਾਣਦਾ ਸੀ ਕਿ ਉਸਦਾ ਸਮਾਂ ਆ ਪਹੁੰਚਿਆ ਹੈ ਕਿ ਉਹ ਸੰਸਾਰ ਨੂੰ ਛੱਡ ਕੇ ਪਿਤਾ ਦੇ ਕੋਲ ਜਾਵੇ। ਜੇਕਰ ਤੁਸੀਂ ਜਾਣਦੇ ਹੋਵੋ ਕਿ ਤੁਸੀਂ ਅੱਗਲੇ 48 ਘੰਟਿਆਂ ਦੇ ਵਿੱਚ ਮਰ ਜਾਓਗੇ, ਤਾਂ ਤੁਸੀਂ ਉਨ੍ਹਾਂ ਲੋਕਾਂ ਨੂੰ ਕੀ ਕਹੋਗੇ ਜੋ ਤੁਹਾਡੀ ਸੇਵਕਾਈ ਨੂੰ ਜਾਰੀ ਰੱਖਣਗੇ? ਉਹ ਸ਼ਬਦ ਉਨ੍ਹਾਂ ਗੱਲਾਂ ਨੂੰ ਦਰਸਾਉਣਗੇ ਜਿੰਨ੍ਹਾਂ ਨੂੰ ਤੁਸੀਂ ਆਪਣੇ ਚੇਲ੍ਹਿਆਂ ਦੇ ਲਈ ਬਹੁਤ ਮਹੱਤਵਪੂਰਨ ਸਮਝਦੇ ਹੋ।

ਅੰਤਿਮ ਭੋਜ ਤੇ ਯਿਸੂ ਨੇ ਆਪਣੇ ਕੰਮਾਂ (ਉਨ੍ਹਾਂ ਦੇ ਪੈਰ ਧੋ ਕੇ) ਅਤੇ ਆਪਣੇ ਸ਼ਬਦਾਂ ਦੇ ਦੁਆਰਾ ਆਪਣੇ ਚੇਲ੍ਹਿਆਂ ਦੇ ਲਈ ਸੰਪੂਰਨ ਪਿਆਰ ਨੂੰ ਵਿਖਾਇਆ। ਯਿਸੂ ਨੇ "ਨਿੱਜ ਲੋਕਾਂ ਨਾਲ ਜਿਹੜੇ ਜਗਤ ਵਿੱਚ ਸਨ ਪਿਆਰ ਕਰ ਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ" (ਯੂਹੰਨਾ 13:1)। "ਅੰਤ ਤੱਕ" ਦੋ ਤਰ੍ਹਾਂ ਦੇ ਵਿਚਾਰਾਂ ਬਾਰੇ ਦੱਸਦਾ ਹੈ:

1. ਇਸਦਾ ਅਰਥ ਹੈ ਕਿ ਯਿਸੂ ਨੇ ਆਪਣੇ ਸਮੇਂ ਦੇ ਅੰਤ ਤੱਕ ਉਨ੍ਹਾਂ ਨੂੰ ਪਿਆਰ ਕੀਤਾ।

[54] ਉਤਪਤ 49, ਬਿਵਸਥਾ ਸਾਰ 32-33, ਯਹੋਸ਼ੁਆ 23-24, 1 ਇਤਿਹਾਸ 28-29

2. ਇਸਦਾ ਅਰਥ ਹੈ ਕਿ ਯਿਸੂ ਨੇ ਉਨ੍ਹਾਂ ਨੂੰ ਬੇਹੱਦ ਪਿਆਰ ਕੀਤਾ। ਯਿਸੂ ਨੇ ਉਨ੍ਹਾਂ ਨੂੰ ਸੰਪੂਰਨ ਪਿਆਰ ਕੀਤਾ।

► ਪੜ੍ਹੋ ਯੂਹੰਨਾ 13:31-14:31.

## ਯਿਸੂ ਦੇ ਆਖਰੀ ਸੰਦੇਸ਼ ਵਿੱਚ ਪਾਏ ਜਾਣ ਵਾਲੇ ਹੁਕਮ ਅਤੇ ਵਾਇਦੇ

### *ਇੱਕ ਹੁਕਮ: ਇੱਕ ਦੂਸਰੇ ਨੂੰ ਪਿਆਰ ਕਰਨਾ (ਯੂਹੰਨਾ 13:34)।*

"ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ" ਇੱਕ ਅਜਿਹੇ ਚੇਲ੍ਹਿਆਂ ਦੇ ਸਮੂਹ ਲਈ ਇਹ ਇੱਕ ਕਠਿਨ ਹੁਕਮ ਸੀ ਜੋ ਆਪਣੇ ਪਿਆਰ ਨਾਲੋਂ ਜਿਆਦਾ ਝਗੜੇ ਦੇ ਲਈ ਜਾਣੇ ਜਾਂਦੇ ਸਨ।

ਇਹ ਇੱਕ ਨਵਾਂ ਹੁਕਮ ਕਿਵੇਂ ਸੀ? ਭਾਵੇਂਕਿ ਪੁਰਾਣੇ ਨੇਮ ਦੇ ਵਿੱਚ ਪਰਮੇਸ਼ੁਰ ਨੇ "ਆਪਣੇ ਗੁਆਂਢੀਆਂ ਦੇ ਨਾਲ" ਪਿਆਰ ਕਰਨ ਦੇ ਲਈ ਕਿਹਾ ਸੀ। ਪਰ ਪਿਆਰ ਦੇ ਬਾਰੇ ਯਿਸੂ ਦੀ ਸਿੱਖਿਆ ਦੇ ਵਿੱਚ ਦੋ ਨਵੇਂ ਤੱਥ ਹਨ। [55]

ਪਹਿਲੇ, ਯਿਸੂ ਨੇ ਉਸ ਦੁਆਰਾ ਦਿੱਤੇ ਹੋਏ ਹੁਕਮ ਦੇ ਲਈ ਇੱਕ **ਨਮੂਨਾ** ਪ੍ਰਦਾਨ ਕੀਤਾ। ਉਨ੍ਹਾਂ ਨੇ ਉਸਦੀ ਤਰ੍ਹਾਂ ਪਿਆਰ ਕਰਨਾ ਸੀ। ਹਲੀਮੀ ਦੇ ਨਾਲ ਉਨ੍ਹਾਂ ਦੇ ਪੈਰ ਧੋਣ ਤੋਂ ਬਾਅਦ, ਯਿਸੂ ਨੇ ਕਿਹਾ, "ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ । " ਉਸਨੇ ਅਜਿਹਾ ਪਿਆਰ ਪੇਸ਼ ਕੀਤਾ ਜਿਸਦਾ ਪ੍ਰਗਟਾਵਾ ਹਲੀਮੀ ਭਰੀ ਸੇਵਾ ਦੇ ਵਿੱਚ ਹੁੰਦਾ ਹੈ। ਚੇਲ੍ਹਿਆਂ ਨੂੰ ਉਸ ਸਮੇਂ ਵੀ ਅਤੇ ਹੁਣ ਵੀ ਯਿਸੂ ਦੀ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ। ਪਿਆਰ ਸੇਵਾ ਕਰਨ ਦੇ ਲਈ ਤੋਲੀਆ ਚੁੱਕਦਾ ਹੈ। ਪਿਆਰ ਧੋਖੇਬਾਜ ਦੀ ਵੀ ਸੇਵਾ ਕਰਦਾ ਹੈ। ਪਿਆਰ ਮੌਤ ਤੱਕ ਧੀਰਜ ਬਣਾਈ ਰੱਖਦਾ ਹੈ।

ਦੂਸਰਾ, ਮਸੀਹੀਆਂ ਦੇ ਵਿੱਚਕਾਰ ਪਿਆਰ ਯਿਸੂ ਦੇ ਸੰਦੇਸ਼ ਦੀ ਇੱਕ ਖਾਸ **ਗਵਾਹੀ** ਸੀ। "ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ" (ਯੂਹੰਨਾ 13:35)। ਬਾਅਦ ਦੇ ਵਿੱਚ, ਯਿਸੂ ਪ੍ਰਾਥਨਾ ਕਰਦਾ ਹੈ "ਕਿ ਉਹ ਸਿੱਧ ਹੋ ਕੇ ਇੱਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਅਤੇ ਓਹਨਾਂ ਨਾਲ ਪਿਆਰ ਕੀਤਾ ਜਿਵੇਂ ਤੈਂ ਮੇਰੇ ਨਾਲ ਪਿਆਰ ਕੀਤਾ" (ਯੂਹੰਨਾ 17:23)। ਕਲੀਸਿਆ ਦਾ ਪਿਆਰ ਅਤੇ ਏਕਤਾ ਯਿਸੂ ਦੇ ਸੰਦੇਸ਼ ਦੀ ਗਵਾਹੀ ਹੋਣੀ ਚਾਹੀਦੀ ਹੈ।

---

[55] Darrell L. Bock, *Jesus According to Scripture* (Grand Rapids: Baker Book House, 2002), 498

ਬਹੁਤ ਸਾਰੇ ਮਸੀਹੀਆਂ ਨੇ ਖੋਜ ਕੀਤੀ ਹੈ ਕਿ ਅਵਿਸ਼ਵਾਸੀ ਗੁਆਂਢੀਆਂ ਦੇ ਨਾਲ ਪਿਆਰ ਕਰਨਾ ਅਜਿਹੇ ਮਸੀਹੀ ਨਾਲ ਪਿਆਰ ਕਰਨ ਨਾਲੋਂ ਆਸਾਨ ਹੈ ਜਿਸਦੇ ਵਿਅਕਤੀਤਵ ਵਿੱਚ ਬਹੁਤ ਸਾਰੀਆਂ ਕਮੀਆਂ ਹਨ। ਪਰ ਮਸੀਹੀਆਂ ਦੇ ਤੌਰ ਤੇ, ਸਾਨੂੰ ਇੱਕ ਦੂਸਰੇ ਦੇ ਨਾਲ ਪਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਪੰਜਾਹ ਸਾਲਾਂ ਦੇ ਬਾਅਦ, ਯੂਹੰਨਾ ਨੇ ਕਲੀਸਿਆ ਨੂੰ ਸੰਦੇਸ਼ ਯਾਦ ਦਿਵਾਇਆ:

> ਜੇ ਕੋਈ ਆਖੇ, "ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ" ਅਤੇ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਭਰਾ ਨਾਲ ਜਿਸ ਨੂੰ ਉਹ ਨੇ ਵੇਖਿਆ ਹੈ ਪ੍ਰੇਮ ਨਹੀਂ ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹ ਨੇ ਨਹੀਂ ਵੇਖਿਆ ਪ੍ਰੇਮ ਰੱਖ ਹੀ ਨਹੀਂ ਸੱਕਦਾ। ਅਤੇ ਸਾਨੂੰ ਓਸ ਕੋਲੋਂ ਇਹ ਹੁਕਮ ਮਿਲਿਆ ਹੈ ਭਈ ਜਿਹੜਾ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹੈ ਉਹ ਆਪਣੇ ਭਰਾ ਨਾਲ ਵੀ ਪ੍ਰੇਮ ਰੱਖੇ (1 ਯੂਹੰਨਾ 4:20-21)।

ਯਿਸੂ ਨੇ ਆਪਣੇ ਆਖਰੀ ਸੰਦੇਸ਼ ਨੂੰ ਇੱਕ ਦੂਸਰੇ ਦੇ ਨਾਲ ਪਿਆਰ ਕਰਨ ਦੀ ਆਗਿਆ ਦੇ ਨਾਲ ਅਰੰਭ ਕੀਤਾ। ਇਹ ਆਗਿਆ ਹਰ ਉਸ ਗੱਲ ਦੀ ਨੀਂਹ ਹੈ ਜਿਸਦੀ ਘੋਸ਼ਣਾ ਉਸਨੇ ਇਸ ਸੰਦੇਸ਼ ਦੇ ਵਿੱਚ ਕੀਤੀ।

**ਇੱਕ ਹੁਕਮ: ਤੁਹਾਡਾ ਦਿਲ ਨਾ ਘਬਰਾਵੇ; ਵਿਸ਼ਵਾਸ ਕਰੋ (ਯੂਹੰਨਾ 14:1)।**

ਜਿਵੇਂ ਉਹ ਅਕਸਰ ਕਰਦਾ ਸੀ, ਪਤਰਸ ਨੇ ਦਖਲ ਅੰਦਾਜੀ ਕਰਦੇ ਹੋਏ ਪੁੱਛਿਆ, "ਪ੍ਰਭੂ ਤੁਸੀਂ ਕਿੱਥੇ ਜਾ ਰਹੇ ਹੋ?" ਇਸਦੇ ਉੱਤਰ ਦੇ ਵਿੱਚ ਯਿਸੂ ਨੇ ਪਤਰਸ ਦੇ ਇਨਕਾਰ ਦੀ ਭਵਿੱਖਬਾਣੀ ਕੀਤੀ। ਫਿਰ, ਯਿਸੂ ਨੇ ਪਤਰਸ ਨੂੰ, ਬਾਕੀ ਦੇ ਚੇਲ੍ਹਿਆਂ ਨੂੰ ਅਤੇ ਅੱਜ ਸਾਨੂੰ ਇੱਕ ਸੰਦੇਸ਼ ਦਿੰਦੇ ਹੋਏ ਜਾਰੀ ਰੱਖਿਆ। "ਤੁਹਾਡਾ ਦਿਲ ਨਾ ਘਬਰਾਵੇ।"

ਕਿਉਂਕਿ ਯੂਹੰਨਾ 13:38 ਤੋਂ ਬਾਅਦ ਨਵਾਂ ਅਧਿਆਏ ਆ ਜਾਂਦਾ ਹੈ, ਇਸ ਲਈ ਅਸੀਂ ਅਕਸਰ ਯੂਹੰਨਾ 14:1 ਨੂੰ ਇੰਝ ਪੜਦੇ ਹਾਂ ਜਿਵੇਂ ਇਹ ਕਿਸੇ ਨਵੇਂ ਸੰਦੇਸ਼ ਦੀ ਸ਼ੁਰੂਆਤ ਹੋਵੇ। ਯੂਹੰਨਾ 14:1 ਪਤਰਸ ਨੂੰ ਦਿੱਤੇ ਹੋਏ ਉੱਤਰ ਦਾ ਹੀ ਹਿੱਸਾ ਹੈ। ਇਸਨੂੰ ਇਸ ਪ੍ਰਕਾਰ ਪੜ੍ਹੋ:

> ਪਤਰਸ, ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ। ਤੂੰ ਆਪਣੀ ਸੋਚ ਨਾਲੋਂ ਜਿਆਦਾ ਕਮਜ਼ੋਰ ਹੈ। ਪਰ ਨਿਰਾਸ਼ ਨਾ ਹੋ; ਮੇਰੇ ਕੋਲ ਤੇਰੇ ਲਈ ਉਮੀਦ ਦਾ ਸੰਦੇਸ਼ ਹੈ, ਪਤਰਸ, ਅਤੇ ਤੁਸੀਂ ਸਾਰੇ ਮੇਰੇ ਪਹਿਲੀ ਵਾਰ ਫੜੇ ਜਾਣ ਤੇ ਡਰ ਦੇ ਕਾਰਨ ਭੱਜ ਜਾਓਗੇ। ਤੁਹਾਡਾ ਦਿਲ ਨਾ ਘਬਰਾਏ। ਪਰਮੇਸ਼ੁਰ ਤੇ ਵਿਸ਼ਵਾਸ ਕਰੋ; ਅਤੇ ਨਾਲ ਹੀ ਮੇਰੇ ਤੇ ਵੀ ਵਿਸ਼ਵਾਸ ਕਰੋ।

ਪਤਰਸ ਨੂੰ ਇਹ ਜਾਣਨ ਦੀ ਜਰੂਰਤ ਸੀ ਕਿ ਉਸ ਦੀਆਂ ਅਸਫਲਤਾਵਾਂ ਦੇ ਬਾਵਜੂਦ, ਯਿਸੂ ਦੇ ਕੋਲ ਉਮੀਦ ਦਾ ਸੰਦੇਸ਼ ਸੀ। ਚੇਲ੍ਹਿਆਂ ਨੂੰ ਇਹ ਜਾਣਨ ਦੀ ਜਰੂਰਤ ਸੀ ਕਿ ਉਨ੍ਹਾਂ ਦੇ ਡਰ ਦੇ ਬਾਵਜੂਦ, ਯਿਸੂ ਦੇ ਕੋਲ ਉਮੀਦ ਦਾ ਸੰਦੇਸ਼ ਸੀ। "ਤੁਹਾਡਾ ਦਿਲ ਨਾ ਘਬਰਾਏ" ਇਹ ਵਰਤਮਾਨ ਕਾਲ ਦੇ ਵਿੱਚ ਹੈ। ਯਿਸੂ ਦੀਆਂ ਚੇਤਾਵਨੀਆਂ ਅਤੇ ਧਾਰਮਿਕ ਆਗੂਆਂ ਦੇ ਵਿਰੋਧ ਦੇ ਕਾਰਨ, ਚੇਲ੍ਹੇ ਪਹਿਲਾਂ ਤੋਂ ਹੀ ਡਰੇ ਹੋਏ ਸਨ। ਯਿਸੂ ਕਹਿੰਦਾ ਹੈ, "ਨਾ ਘਬਰਾਓ.... ਪਰਮੇਸ਼ੁਰ ਤੇ ਵਿਸ਼ਵਾਸ ਕਰੋ; ਮੇਰੇ ਤੇ ਵੀ ਵਿਸ਼ਵਾਸ ਕਰੋ।"

ਸੇਵਕਾਈ ਦੇ ਤਨਾਅ ਦੁਆਰਾ ਘਬਰਾਉਣ ਤੋਂ ਬਚਣ ਦਾ ਇੱਕ ਹੀ ਤਰੀਕਾ ਹੈ ਵਿਸ਼ਵਾਸ ਕਰਨਾ। ਕਿਸੇ ਵੀ ਸੋਮਵਾਰ, ਦੁਨੀਆ ਭਰ ਦੇ ਪਾਸਬਾਨ ਨਿਰਾਸ਼ ਹੁੰਦੇ ਹਨ। ਕੱਲ, ਤੁਸੀਂ ਵਫ਼ਾਦਾਰੀ ਦੇ ਨਾਲ ਪ੍ਰਚਾਰ ਕੀਤਾ-ਅਤੇ ਤੁਹਾਡਾ ਇੱਕ ਮੈਂਬਰ ਗੁੱਸੇ ਹੋ ਗਿਆ। ਤੁਸੀਂ ਤੌਬਾ ਦਾ ਪ੍ਰਚਾਰ ਕੀਤਾ-ਅਤੇ ਕਿਸੇ ਨੇ ਪ੍ਰਤੀਕਿਰਿਆ ਨਹੀਂ ਕੀਤੀ। ਤੁਸੀਂ ਅਵਿਸ਼ਵਾਸੀਆਂ ਨੂੰ ਸੱਦਾ ਦਿੱਤਾ-ਅਤੇ ਕੋਈ ਵੀ ਨਹੀਂ ਆਇਆ।

ਕਈ ਦੇਸ਼ਾਂ ਦੇ ਵਿੱਚ, ਕਲੀਸਿਆ ਨੂੰ ਸਰਕਾਰ ਦੇ ਦੁਆਰਾ ਧਮਕਾਇਆ ਜਾਂਦਾ ਹੈ। ਕਈ ਦੇਸ਼ਾਂ ਦੇ ਵਿੱਚ ਇਸਲਾਮਿਕ ਅੱਤਦਾਵੀ ਕਲੀਸਿਆ ਨੂੰ ਧਮਕਾਉਂਦੇ ਹਨ। ਕਈ ਦੇਸ਼ਾਂ ਦੇ ਵਿੱਚ, ਕਲੀਸਿਆ ਨੂੰ ਸਮਾਜਿਕ ਅਸਮਾਨਤਾਵਾਂ ਦੇ ਨਾਲ ਧਮਕਾਇਆ ਜਾਂਦਾ ਹੈ-ਕੋਈ ਪਰਵਾਹ ਨਹੀਂ ਕਰਦਾ। ਯਿਸੂ ਕਹਿੰਦਾ ਹੈ, "ਘਬਰਾਉਣਾ ਬੰਦ ਕਰੋ। ਪਰਮੇਸ਼ੁਰ ਤੇ ਵਿਸ਼ਵਾਸ ਕਰੋ; ਮੇਰੇ ਤੇ ਵੀ ਵਿਸ਼ਵਾਸ ਕਰੋ।"

***ਇੱਕ ਵਾਇਦਾ: ਮੈਂ ਰਾਹ ਹਾਂ (ਯੂਹੰਨਾ 14:6)।***

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਉਨ੍ਹਾਂ ਦੇ ਲਈ ਇੱਕ ਸਥਾਨ ਤਿਆਰ ਕਰਨ ਜਾ ਰਿਹਾ ਹੈ। ਹੁਣ ਥੋਮੇ ਨੇ ਦਖਲਅੰਦਾਜੀ ਕੀਤੀ, "ਪ੍ਰਭੂ ਜੀ ਸਾਨੂੰ ਇਹੋ ਪਤਾ ਨਹੀਂ ਤੂੰ ਕਿੱਥੇ ਜਾਂਦਾ ਹੈਂ, ਫੇਰ ਰਾਹ ਕਿੱਕੁਰ ਜਾਣੀਏ?"

ਯਿਸੂ ਦੀ ਪ੍ਰਤੀਕਿਰਿਆ ਮਸੀਹੀ ਜੀਵਨ ਦੇ ਇੱਕ ਮਹੱਤਵਪੂਰਨ ਸਿਧਾਂਤ ਨੂੰ ਸਿਖਾਉਂਦਾ ਹੈ। ਯਿਸੂ ਨੇ ਇਹ ਨਹੀਂ ਕਿਹਾ, "ਮੈਂ ਇੱਥੇ ਜਾ ਰਿਹਾ ਹਾਂ।" ਇਸਦੇ ਬਜਾਏ ਉਸਨੇ ਕਿਹਾ, "ਮੈਂ ਹੀ ਰਾਹ ਹਾਂ।" ਯਿਸੂ ਨੇ ਕਿਸੇ ਰਾਹ ਜਾਂ ਦਿਸ਼ਾ ਦੇ ਵੱਲ ਸੰਕੇਤ ਨਹੀਂ ਕੀਤਾ; ਉਸਨੇ ਆਪਣੇ ਵੱਲ ਸੰਕੇਤ ਕੀਤਾ। ਵਚਨ ਦੇ ਵਿੱਚ ਇਸਦੇ ਨਾਲੋਂ ਜਿਆਦਾ ਸਪੱਸ਼ਟ ਬਿਆਨ ਹੋਰ ਕੋਈ ਵੀ ਨਹੀਂ ਹੈ ਕਿ ਪਿਤਾ ਦੇ ਕੋਲ ਜਾਣ ਦਾ ਇੱਕ ਮਾਤਰ ਰਾਹ ਯਿਸੂ ਦੇ ਦੁਆਰਾ ਹੈ। ਖੁੱਲ੍ਹੀ ਸੋਚ ਵਾਲੇ ਧਾਰਮਿਕ ਵਿਦਵਾਨਾਂ ਦੀ ਸੋਚ ਦੇ ਉਲਟ, ਯਿਸੂ ਨੇ ਸਪੱਸਟ ਤੌਰ ਤੇ ਕਿਹਾ ਕਿ ਉਹ ਪਰਮੇਸ਼ੁਰ ਦੇ ਕੋਲ ਜਾਣ ਦਾ ਇੱਕ ਮਾਤਰ ਰਾਹ ਹੈ।

***ਇੱਕ ਵਾਇਦਾ: ਤੁਸੀਂ ਵੱਡੇ ਕੰਮ ਕਰੋਗੇ (ਯੂਹੰਨਾ 14:12-14)।***

ਯਿਸੂ ਨੇ ਵਾਇਦਾ ਕੀਤਾ, "ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ ਜੇ।" ਇਹ ਕੰਮ ਇਸ ਲਈ ਵੱਡੇ ਨਹੀਂ ਹੋਣਗੇ ਕਿਉਂਕਿ ਉਹ ਜਿਆਦਾ ਅਦਭੁੱਤ ਹੋਣਗੇ, ਪਰ ਇਸ ਲਈ ਕਿਉਂਕਿ ਉਹ ਵੱਡੇ ਪੱਧਰ/ਖੇਤਰਾਂ ਵਿੱਚ ਕੀਤੇ ਜਾਣਗੇ। ਯਿਸੂ ਦੀ ਧਰਤੀ ਤੇ ਸੇਵਕਾਈ ਦੇ ਦੌਰਾਨ, ਉਸਦੇ ਕੰਮ ਇੱਕ ਭੂਗੋਲਿਕ ਖੇਤਰ ਦੇ ਵਿੱਚ ਸੀਮਿਤ ਸਨ। ਹੁਣ ਕਿਉਂਕਿ ਯਿਸੂ ਆਪਣੇ ਆਤਮਾ ਨੂੰ ਘੱਲ ਰਿਹਾ ਸੀ, ਇਸ ਲਈ ਕਲੀਸਿਆ ਦੁਆਰਾ ਕੀਤੇ ਜਾਣ ਵਾਲੇ ਪੂਰੇ ਸੰਸਾਰ ਦੇ ਵਿੱਚ ਹੋਣਗੇ।

ਯਿਸੂ ਜਾਰੀ ਰੱਖਦਾ ਹੈ, "ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।" ਇਸ ਵਾਇਦੇ ਦੇ ਨਾਲ ਦੋ ਸ਼ਰਤਾਂ ਜੁੜੀਆਂ ਹੋਈਆਂ ਹਨ।

**(1) "ਮੇਰਾ ਨਾਮ ਲੈ ਕੇ ਮੰਗੋਗੇ"**

ਇਹ ਪ੍ਰਾਥਨਾ ਦੇ ਅੰਤ "ਯਿਸੂ ਦੇ ਨਾਮ ਵਿੱਚ ਮੰਗਦੇ ਹਾਂ" ਨੂੰ ਸ਼ਾਮਿਲ ਕਰਨ ਤੋਂ ਵੱਧ ਕੇ ਹੈ। ਇਹ ਕੋਈ ਜਾਦੂ ਮੰਤਰ ਨਹੀਂ ਹੈ ਜੋ ਯਿਸੂ ਨੂੰ ਸਾਡੀਆਂ ਬੇਨਤੀਆਂ ਸਵੀਕਾਰ ਕਰਨ ਦੇ ਲਈ ਮਜਬੂਰ ਕਰਦਾ ਹੈ। ਪੂਰੀ ਬਾਈਬਲ ਦੇ ਦੌਰਾਨ, ਪਰਮੇਸ਼ੁਰ ਦਾ ਨਾਮ ਉਸਦੇ ਚਰਿੱਤਰ ਨੂੰ ਦਰਸਾਉਂਦਾ ਹੈ। "ਯਿਸੂ ਦੇ ਨਾਮ ਵਿੱਚ" ਪ੍ਰਾਥਨਾ ਕਰਨ ਦਾ ਅਰਥ ਅਜਿਹੇ ਤਰੀਕੇ ਨਾਲ ਪ੍ਰਾਥਨਾ ਕਰਨਾ ਹੈ ਜੋ ਯਿਸੂ ਦੇ ਚਰਿੱਤਰ ਅਤੇ ਉਸਦੀ ਮਰਜ਼ੀ ਦੇ ਨਾਲ ਜੁੜਿਆ ਹੋਵੇ।

ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰਨ ਦਾ ਇਹ ਅਰਥ ਵੀ ਹੋ ਸਕਦਾ ਹੈ ਕਿ ਪਿਤਾ ਦੇ ਕੋਲ ਉਸਦੇ ਪੁੱਤਰ ਦੇ ਅਧਿਕਾਰ ਦੇ ਨਾਲ ਆਉਣਾ। ਜਦੋਂ ਮੂਸਾ ਫਿਰਊਨ ਦੇ ਕੋਲ ਪ੍ਰਭੂ ਦੇ ਨਾਲ ਨਾਮ ਗੱਲ ਕਰਨ ਦੇ ਲਈ ਆਇਆ, (ਕੂਚ 5:23) ਉਹ ਉਸ ਪਰਮੇਸ਼ੁਰ ਦੇ ਅਧਿਕਾਰ ਨਾਲ ਆਇਆ ਜਿਸਨੇ ਉਸਨੂੰ ਘੱਲਿਆ ਸੀ। ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰਨਾ ਉਸਦੀ ਪ੍ਰਵਾਨਗੀ ਅਤੇ ਉਸਦੇ ਅਧਿਕਾਰ ਦੇ ਨਾਲ ਪ੍ਰਾਥਨਾ ਕਰਨਾ ਹੈ। ਅਸੀਂ ਪੁੱਤਰ ਦੀ ਵਿਚੋਲਗੀ ਦੇ ਦੁਆਰਾ ਪਿਤਾ ਦੇ ਕੋਲ ਜਾਂਦੇ ਹਾਂ ਜੋ "ਉਹ ਉਨ੍ਹਾਂ ਦੀ ਸਫਾਰਸ਼ ਕਰਨ ਨੂੰ ਸਦਾ ਜੀਉਂਦਾ ਹੈ" (ਇਬਰਾਨੀਆਂ 7:25)।

**(2) "...ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ।"**

ਸਾਡੀਆਂ ਪ੍ਰਾਥਨਾਵਾਂ ਪਰਮੇਸ਼ੁਰ ਦੀ ਵਡਿਆਈ ਦੇ ਲਈ ਹੋਣੀਆਂ ਚਾਹੀਦੀਆਂ ਹਨ। ਯਾਕੂਬ ਨੇ ਅਜਿਹੇ ਲੋਕਾਂ ਨੂੰ ਚੇਤਾਵਨੀ ਦਿੱਤੀ "ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉਂ ਜੋ ਬਦਨੀਤੀ ਨਾਲ ਮੰਗਦੇ ਹੋ ਭਈ ਆਪਣਿਆਂ ਭੋਗ ਬਿਲਾਸਾਂ ਵਿੱਚ ਉਡਾ ਦਿਓ" (ਯਾਕੂਬ 4:3)। ਜਦੋਂ ਅਸੀਂ ਯਿਸੂ ਦੇ ਵਾਇਦੇ ਦਾ ਦਾਅਵਾ ਕਰਦੇ ਹਾਂ, ਸਾਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਅਸੀਂ ਪਰਮੇਸ਼ੁਰ ਦੀ ਵਡਿਆਈ ਦੇ ਲਈ ਪ੍ਰਾਥਨਾ ਕਰੀਏ, ਸਾਡੇ ਆਪਣੇ ਉਦੇਸ਼ਾਂ ਦੇ ਲਈ ਨਹੀਂ।

***ਇੱਕ ਹੁਕਮ: ਮੇਰੇ ਹੁਕਮਾਂ ਦੀ ਪਾਲਣਾ ਕਰੋਗੇ (ਯੂਹੰਨਾ 14:15)।***

ਯਿਸੂ ਨੇ ਇੱਕ ਅਜਿਹਾ ਪੱਧਰ ਦਿੱਤਾ ਜਿਸਦੇ ਦੁਆਰਾ ਅਸੀਂ ਉਸਦੇ ਲਈ ਆਪਣੇ ਪਿਆਰ ਨੂੰ ਨਾਪ ਸਕਦੇ ਹਾਂ। "ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ।" ਜਦੋਂ ਯੂਹੰਨਾ ਨੇ ਆਪਣੀ ਪਹਿਲੀ ਪੱਤ੍ਰੀ ਲਿਖੀ ਤਾਂ ਉਸਨੇ ਇਸ ਬਿਆਨ ਨੂੰ ਯਾਦ ਕੀਤਾ: "ਪਰ ਜੇ ਕੋਈ ਉਹ ਦੇ ਬਚਨ ਦੀ ਪਾਲਨਾ ਕਰਦਾ ਹੋਵੇ ਓਸ ਵਿੱਚ ਪਰਮੇਸ਼ੁਰ ਦਾ ਪ੍ਰੇਮ ਸੱਚੀਂ ਮੁੱਚੀ ਸੰਪੂਰਨ ਕੀਤਾ ਹੋਇਆ ਹੈ" (1 ਯੂਹੰਨਾ 2:5)। ਕੁਝ ਅਧੁਨਿਕ ਪ੍ਰਚਾਰਕਾਂ ਦੇ ਉਲਟ, ਯਿਸੂ ਨੇ ਇਹ ਕਦੇ ਨਹੀਂ ਸਿਖਾਇਆ ਕਿ ਉਸਦੇ ਚੇਲ੍ਹੇ ਜਾਣਬੁੱਝ

ਕੇ ਉਸਦੇ ਹੁਕਮਾਂ ਦੀ ਅਣ-ਆਗਿਆਕਾਰੀ ਦੇ ਵਿੱਚ ਰਹਿ ਸਕਦੇ ਹਨ। ਪਿਆਰ ਸਵੈ-ਇੱਛਾ ਦੀ ਆਗਿਆਕਾਰੀ ਦੇ ਵਿੱਚ ਵੇਖਿਆ ਜਾ ਸਕਦਾ ਹੈ।

***ਇੱਕ ਵਾਇਦਾ: ਉਹ ਤੁਹਾਨੂੰ ਸਹਾਇਕ ਦੇਵੇਗਾ (ਯੂਹੰਨਾ 14:16)।***

ਯੂਹੰਨਾ 14:16 ਦੇ ਵਿੱਚ "ਸਹਾਇਕ" ਦੇ ਤੌਰ ਤੇ ਅਨੁਵਾਦ ਕੀਤਾ ਸ਼ਬਦ ਇੱਕ ਅਜਿਹੇ ਵਕੀਲ ਨੂੰ ਦਰਸਾਉਂਦਾ ਹੈ ਜੋ ਕਿਸੇ ਦੇ ਬਚਾਅ ਪੱਖ ਦੇ ਲਈ ਆਉਂਦਾ ਹੈ। ਇਹ ਅਜਿਹੇ ਸਹਾਇਕ ਜਾਂ ਦਿਲਾਸਾ ਦੇਣ ਵਾਲੇ ਨੂੰ ਦਰਸਾਉਂਦਾ ਹੈ ਜੋ ਮੁਸੀਬਤ ਦੇ ਵੇਲੇ ਦਿਲਾਸਾ ਦਿੰਦਾ ਹੈ।

ਯਿਸੂ ਨੇ ਕਿਹਾ ਕਿ ਪਿਤਾ ਤੁਹਾਨੂੰ "ਤੁਹਾਨੂੰ **ਦੂਜਾ** ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ।" ਇਸਦਾ ਅਰਥ ਹੈ ਕਿ ਪਵਿੱਤਰ ਆਤਮਾ ਦੀ ਸੇਵਕਾਈ ਯਿਸੂ ਦੀ ਸੇਵਕਾਈ ਦੀ ਤਰ੍ਹਾਂ ਹੀ ਹੋਵੇਗੀ। ਆਤਮਾ ਕਿਸੇ ਗ਼ੈਰ-ਵਿਅਕਤੀਤਵ ਸ਼ਕਤੀ ਦੇ ਤੌਰ ਨਹੀਂ ਆਉਂਦਾ, ਪਰ ਉਹ ਇੱਕ ਵਿਅਕਤੀਤਵ ਦੇ ਤੌਰ ਤੇ ਆਉਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਯਿਸੂ ਵੀ ਇੱਕ ਵਿਅਕਤੀਤਵ ਸੀ।

ਸਹਾਇਤ ਸਚਿਆਈ ਦਾ ਪਵਿੱਤਰ ਆਤਮਾ ਹੈ ਜੋ ਤੁਹਾਡੇ ਵਿੱਚ ਵਾਸ ਕਰਦਾ ਹੈ ਅਤੇ "ਤੁਹਾਡੇ ਨਾਲ ਹੋਵੇਗਾ" (ਯੂਹੰਨਾ 14:18)। ਉਹ "ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ" (ਯੂਹੰਨਾ 14:26)। ਉਸਦੀ ਸੇਵਕਾਈ ਇੰਨੀ ਸਮਰੱਥੀ ਹੋਵੇਗੀ ਕਿ ਯਿਸੂ ਨੇ ਕਿਹਾ, "ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ" (ਯੂਹੰਨਾ 16:7)।

ਯਿਸੂ ਦਾ ਜਾਣਾ ਚੇਲ੍ਹਿਆਂ ਦੇ ਲਈ ਚੰਹਾ ਕਿਵੇਂ ਹੋ ਸਕਦਾ ਸੀ? ਰੋਬਰਟ ਕੋਲਮੈਨ ਦੇ ਵਿਆਖਿਆ ਕੀਤੀ:

> ਜਦੋਂ ਉਹ ਸਰੀਰਕ ਰੂਪ ਦੇ ਵਿੱਚ ਉਨ੍ਹਾਂ ਦੇ ਨਾਲ ਸੀ (ਚੇਲ੍ਹਿਆਂ ਨੇ) ਆਤਮਾ ਤੇ ਨਿਰਭਰ ਰਹਿਣ ਦੀ ਲੋੜ ਨੂੰ ਬਹੁਤ ਘੱਟ ਸਮਝਿਆ, ਇਸ ਕਾਰਨ ਉਹ ਉਸਦੇ ਜੀਵਨ ਦੀ ਡੂੰਘੀ ਅਸਲੀਅਤ ਨੂੰ ਨਹੀਂ ਜਾਣ ਪਾਏ। ਪਰ ਉਸਦੀ ਗ਼ੈਰ-ਮੌਜੂਦਗੀ ਦੇ ਵਿੱਚ, ਉਨ੍ਹਾਂ ਦੇ ਕੋਲ ਕੋਈ ਵੀ ਦ੍ਰਿਸ਼ ਸਮਰਥਨ ਨਹੀਂ ਸੀ। ਉਨ੍ਹਾਂ ਦੇ ਬਣੇ ਰਹਿਣ ਦੇ ਲਈ ਇਹ ਜਰੂਰੀ ਸੀ ਕਿ ਉਹ ਪਿਤਾ ਦੇ ਨਾਲ ਉਸਦੇ ਅੰਦਰੂਨੀ ਵਾਰਤਾਲਾਪ ਦੇ ਬਾਰੇ ਸਿੱਖਣ। ਉਨ੍ਹਾਂ ਦੀ ਜਰੂਰਤ ਦੇ ਦੁਆਰਾ, ਉਹ ਮਸੀਹ ਦੇ ਅਜਿਹੀ ਮਹਾਨ ਸੰਗਤੀ ਦਾ ਅਨੁਭਵ ਕਰਨਗੇ ਜੋ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਕੀਤਾ ਸੀ।[56]

[56] Robert Coleman, *The Mind of the Master* (Colorado Springs: WaterBrook Press, 2000), 29

## ਵੇਲ ਦੇ ਵਿੱਚ ਜੀਵਨ

► ਪੜ੍ਹੋ ਯੂਹੰਨਾ 15:1-16:37

ਯਿਸੂ ਨੇ ਇੱਕ ਬਹੁਤ ਦੀ ਸ਼ਕਤੀਸ਼ਾਲੀ ਤਸਵੀਰ ਦੇ ਨਾਲ ਸੰਦੇਸ਼ ਜਾਰੀ ਰੱਖਿਆ। "ਮੈਂ ਸੱਚੇ ਅੰਗੂਰ ਦੀ ਵੇਲ ਹਾਂ, ਅਤੇ ਮੇਰਾ ਪਿਤਾ ਬਾਗਵਾਨ ਹੈ।" ਪੁਰਾਣਾ ਨੇਮ ਬਾਰ-ਬਾਰ ਇਸਰਾਏਲ ਨੂੰ ਇੱਕ ਵੇਲ ਦੇ ਰੂਪ ਵਿੱਚ ਦਰਸਾਉਂਦਾ ਹੈ। [57] ਪਰ ਉਸਦੇ ਪਾਪ ਦੇ ਕਾਰਨ, ਇਸਰਾਏਲ ਦੇ ਕਦੇ ਪਰਮੇਸ਼ੁਰ ਦੇ ਉਸ ਸੁੰਦਰ ਵੇਲ ਦੇ ਉਦੇਸ਼ ਪੂਰਿਆਂ ਨਹੀਂ ਕੀਤਾ ਜਿਸਦੇ ਲਈ ਉਸਨੂੰ ਲਗਾਇਆ ਸੀ। ਇਸਦੀ ਬਜਾਏ ਜਿਵੇਂ ਹੀ ਇਸਰਾਏਲ ਭੌਤਿਕ ਤੌਰ ਤੇ ਸੰਪੰਨ ਹੋਇਆ, ਉਸਨੇ ਝੂਠੇ ਦੇਵਤਿਆਂ ਦੇ ਲਈ ਜਗਵੇਦੀਆਂ ਬਣਾਈਆਂ (ਹੋਸ਼ੇਆ 10:2)। ਇੱਕ ਅਜਿਹਾ ਫ਼ਲ ਪੈਦਾ ਕਰਨ ਦੀ ਬਜਾਏ ਜੋ ਸਭਨਾਂ ਨੂੰ ਬਰਕਤ ਦਿੰਦਾ, ਇਸਰਾਏਲ ਨੇ ਜੰਗਲੀ ਅੰਗੂਰ ਪੈਦਾ ਕੀਤੇ।[58] (ਯਸਾਯਾਹ 5:2)। ਇਸਰਾਏਲ ਇੰਨਾ ਪਾਪੀ ਬਣ ਗਿਆ ਕਿ ਪਰਮੇਸ਼ੁਰ ਇਸ ਵੇਲ ਨੂੰ ਸਾੜ ਦੇਣ ਤੋਂ ਇਲਾਵਾ ਇਸਦੇ ਨਾਲ ਹੋਰ ਕੁਝ ਨਹੀਂ ਕਰ ਸਕਿਆ (ਹਿਜਕੀਏਲ 15:1-6)।

ਯਿਸੂ ਇੱਕ ਸੱਚੀ ਅੰਗੂਰ ਦੀ ਵੇਲ ਵੱਜੋਂ ਆਇਆ। ਉਹ ਉਸ ਕੰਮ ਨੂੰ ਪੂਰਾ ਕਰਨ ਦੇ ਲਈ ਆਇਆ ਜਿਸ ਵਿੱਚ ਇਸਰਾਏਲ ਕੌਮ ਅਸਫਲ ਹੋ ਗਈ ਸੀ; ਉਹ ਇਸਰਾਏਲ ਦੀ ਬੁਲਾਹਟ ਨੂੰ ਪੂਰਿਆਂ ਕਰਨ ਆਇਆ ਜੋ ਪਰਾਈਆਂ ਕੌਮਾਂ ਦੇ ਲਈ ਬਰਕਤ ਬਣਨਾ ਸੀ।

ਯਿਸੂ ਨੇ ਚੇਲ੍ਹਿਆਂ ਨੂੰ ਕਿਹਾ ਕਿ ਉਹ ਆਪ ਵੇਲ ਹੈ ਅਤੇ ਬਾਕੀ ਉਸ ਦੀਆਂ ਟਾਹਣੀਆਂ ਹਨ। ਯਿਸੂ ਦਾ ਸੰਦੇਸ਼ ਸਪੱਸ਼ਟ ਸੀ: ਫ਼ਲਦਾਰ ਹੋਣਾ ਪੂਰੀ ਤਰ੍ਹਾਂ ਦੇ ਨਾਲ ਇਸ ਗੱਲ ਤੇ ਨਿਰਭਰ ਹੈ ਕਿ ਉਸਦੇ ਵਿੱਚ ਬਣੇ ਰਹਿਣ ਦੀ ਇੱਛਾ ਕਿੰਨੀ ਹੈ।

> ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ । ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ (ਯੂਹੰਨਾ 15:5)।

ਵੇਲ ਤੋਂ ਬਿਨਾਂ, ਚੇਲ੍ਹੇ ਕੁਝ ਵੀ ਨਹੀਂ ਕਰ ਸਕਦੇ ਸਨ; ਅੱਜ ਵੀ ਅਸੀਂ ਵੇਲ ਤੋਂ ਬਿਨਾਂ ਕੁਝ ਵੀ ਨਹੀਂ ਕਰ ਸਕਦੇ ਹਾਂ। ਜਦੋਂ ਅਸੀਂ ਸੇਵਕਾਈ ਨੂੰ ਆਪਣੇ ਬਲ ਨਾਲ ਕਰਨ ਦਾ ਯਤਨ ਕਰਦੇ ਹਾਂ, ਤਾਂ ਖਿਝ ਅਤੇ ਸ਼ਕਤੀਹੀਨਤਾ ਜਰੂਰ ਆਵੇਗੀ। ਅਜਿਹਾ ਕਿਉਂ? ਕਿਉਂਕਿ ਅਸੀਂ ਕਦੇ ਵੀ ਆਪਣੇ ਆਪ ਤੋਂ ਫ਼ਲ ਪੈਦਾ ਕਰਨ ਦੇ ਲਈ ਨਹੀਂ ਬਣਾਏ ਗਏ ਸੀ।

---

[57] ਜ਼ਬੂਰ 80:8-9, ਯਸਾਯਾਹ 5:1-7, ਯਸਾਯਾਹ 27:2-6, ਹੋਸ਼ੇਆ 10:1-2

[58] "ਜੰਗਲੀ" ਤੋਂ ਭਾਵ ਹੈ "ਖੱਟਾ" ਸੁਆਦ ਇਹ ਆਪ ਲਗਾਏ ਹੋਏ ਅੰਗੂਰਾਂ ਦੀ ਤਰ੍ਹਾਂ ਮਿੱਠੇ ਨਹੀਂ ਹੁੰਦੇ।

ਸਾਡਾ ਆਤਮਿਕ ਜੀਵਨ ਵੀ ਵੇਲ ਦੇ ਨਾਲ ਲਗਾਤਾਰ ਸੰਬੰਧ ਰੱਖਣ ਦੇ ਦੁਆਰਾ ਹੀ ਬਣਿਆ ਰਹਿੰਦਾ ਹੈ। "ਜੇ ਕੋਈ ਮੇਰੇ ਵਿੱਚ ਨਾ ਰਹੇ ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਅਤੇ ਸੁੱਕ ਜਾਂਦਾ ਹੈ ਅਰ ਲੋਕ ਉਨ੍ਹਾਂ ਨੂੰ ਇਕੱਠੀਆਂ ਕਰ ਕੇ ਅੱਗ ਵਿੱਚ ਝੋਕਦੇ ਹਨ ਅਤੇ ਓਹ ਸਾੜੀਆਂ ਜਾਂਦੀਆਂ ਹਨ" (ਯੂਹੰਨਾ 15:6)। ਹਾਲਾਂਕਿ ਇਹ ਵਚਨ ਇੱਕ ਚੇਤਾਵਨੀ ਹੈ, ਪਰ ਇਹ ਇੱਕ ਉਤਸ਼ਾਹਿਤ ਕਰਨ ਵਾਲੀ ਗੱਲ ਵੀ ਹੈ। ਵੇਲ ਤੋਂ ਬਿਨਾਂ ਅਸੀਂ ਬੇਕਾਰ ਅਤੇ ਨਿਕੰਮੇ ਹਾਂ। ਪਰ ਜੇਕਰ ਅਸੀਂ ਵੇਲ ਦੇ ਬਣੇ ਰਹਿੰਦੇ ਹਾਂ, ਤਾਂ ਸਾਡੇ ਅੰਦਰ ਜੀਵਨ ਅਤੇ ਫ਼ਲਦਾਇਕਤਾ ਹੁੰਦੀ ਹੈ। ਸਾਡਾ ਆਤਮਿਕ ਜੀਵਨ ਸਾਡੇ ਆਪਣੇ ਬਲ ਤੇ ਨਿਰਭਰ ਨਹੀਂ ਹੈ; ਅਤੇ "ਵੇਲ ਦੇ ਵਿੱਚ" ਜਿਉਂਦੇ ਹਾਂ।

ਇਹ ਵਿਸ਼ਾ ਇੱਕ ਵਾਰ ਫਿਰ ਤੋਂ ਇਬਰਾਨੀਆਂ ਦੇ ਵਿੱਚ ਵੇਖਿਆ ਜਾਂਦਾ ਹੈ। ਸਾਡਾ ਮਹਾਨ ਮਹਾਂ-ਜਾਜਕ, ਯਿਸੂ, "ਸਫਾਰਸ਼ ਕਰਨ ਨੂੰ ਸਦਾ ਜੀਉਂਦਾ ਹੈ" ਉਨ੍ਹਾਂ ਦੇ ਲਈ ਜੋ ਪਰਮੇਸ਼ੁਰ ਦੇ ਨੇੜੇ ਆਉਂਦੇ ਹਨ (ਇਬਰਾਨੀਆਂ 7:25)। ਹੋਵਾਰਡ ਹੈਂਡ੍ਰਿਕ ਸੰਘਰਸ਼ ਕਰ ਰਹੇ ਅਜਿਹੇ ਪਾਸਬਾਨਾਂ ਨੂੰ ਉਤਸ਼ਾਹਿਤ ਕੀਤਾ ਜੋ ਇਕੱਲੇ ਮਹਿਸੂਸ ਕਰ ਰਹੇ ਸਨ: "ਜੇਕਰ ਤੁਹਾਡੇ ਕੋਲ ਅਜਿਹਾ ਕੋਈ ਨਹੀਂ ਹੈ ਜੋ ਤੁਹਾਡੇ ਲਈ ਪ੍ਰਾਥਨਾ ਕਰੇ, ਤਾਂ ਇਹ ਕਦੇ ਨਾ ਭੁੱਲੋ ਕਿ ਮਸੀਹ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।" ਉਹ ਸਾਡਾ ਵਿਚੋਲਾ ਹੈ; ਉਹ ਸਾਡੇ ਆਤਮਿਕ ਜੀਵਨ ਦਾ ਸ੍ਰੋਤ ਹੈ।

ਯਿਸੂ ਨੇ ਆਪਣੇ ਚੇਲ੍ਹਿਆਂ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਨੂੰ ਵੇਲ ਦੇ ਵਿੱਚ ਬਣੇ ਰਹਿਣਾ ਚਾਹੀਦਾ ਹੈ। ਇਹ ਅੱਜ ਵੀ ਸੱਚ ਹੈ। ਪਾਸਬਾਨ ਅਤੇ ਕਲੀਸਿਆਈ ਆਗੂਆਂ ਦੇ ਤੌਰ ਤੇ, ਤੁਹਾਨੂੰ ਕਦੇ ਵੀ ਆਪਣੇ ਬਲ ਨਾਲ ਸੇਵਾ ਨਹੀਂ ਕਰਨੀ ਚਾਹੀਦੀ। ਤੁਸੀਂ ਵੇਲ ਅਤੇ ਉਸ ਮਹਾਨ ਮਹਾਂ ਜਾਜਕ ਦੀ ਸ਼ਕਤੀ ਦੇ ਵਿੱਚ ਰਹਿੰਦੇ ਹੋ ਜੋ ਤੁਹਾਡੇ ਲਈ ਉਸ ਸਮੇਂ ਵਿਚੋਲਗੀ ਕਰਦਾ ਹੈ ਜਦੋਂ ਤੁਹਾਡੇ ਕੋਲ ਆਪਣੀ ਵਿਚੋਲਗੀ ਕਰਨ ਦਾ ਬਲ ਨਹੀਂ ਹੁੰਦਾ।

ਯਿਸੂ ਦੇ ਆਖਰੀ ਸੰਦੇਸ਼ ਦੇ ਬਾਕੀ ਹਿੱਸੇ ਦੇ ਵਿੱਚ, ਉਸਨੇ ਚੇਲ੍ਹਿਆਂ ਨੂੰ ਇੱਕ ਵਾਰ ਫਿਰ ਤੋਂ ਸਿਖਾਇਆ ਕਿ ਉਨ੍ਹਾਂ ਨੂੰ ਇੱਕ ਦੂਸਰੇ ਦੇ ਨਾਲ ਪਿਆਰ ਕਰਨਾ ਚਾਹੀਦਾ ਹੈ। ਉਸਨੇ ਉਨ੍ਹਾਂ ਨੂੰ ਇਸ ਸੰਸਾਰ ਦੀ ਨਫ਼ਰਤ ਦਾ ਸਾਹਮਣਾ ਕਰਨ ਦੇ ਲਈ ਤਿਆਰ ਕੀਤਾ। ਸੰਸਾਰ ਨੇ ਯਿਸੂ ਦੇ ਨਫ਼ਰਤ ਕੀਤੀ; ਸੰਸਾਰ ਯਿਸੂ ਦੇ ਸੱਚੇ ਪੈਰੋਕਾਰਾਂ ਦੇ ਨਾਲ ਵੀ ਨਫ਼ਰਤ ਕਰੇਗਾ।

ਫਿਰ ਯਿਸੂ ਨੇ ਪਵਿੱਤਰ ਆਤਮਾ ਦੇ ਕੰਮ ਬਾਰੇ ਹੋਰ ਜਿਆਦਾ ਵਿਆਖਿਆ ਕੀਤੀ। ਇਸ ਸੰਦੇਸ਼ ਦੇ ਪਹਿਲੇ ਹਿੱਸੇ ਵਿੱਚ, ਉਸਨੇ ਪਵਿੱਤਰ ਆਤਮਾ ਘੱਲਣ ਦਾ ਵਾਇਦਾ ਕੀਤਾ। ਹੁਣ ਉਸਨੇ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਕੰਮ ਬਾਰੇ ਹੋਰ ਜਿਆਦਾ ਸਿਖਾਇਆ। ਆਤਮਾ ਸੰਸਾਰ ਨੂੰ ਕਾਇਲ ਕਰੇਗਾ; ਉਹ ਚੇਲ੍ਹਿਆਂ ਦੀ ਸਚਿਆਈ ਦੇ ਵਿੱਚ ਅਗਵਾਈ ਕਰੇਗਾ; ਉਹ ਪੁੱਤਰ ਦੀ ਵਡਿਆਈ ਕਰੇਗਾ।

ਉਸਨੇ ਇੱਕ ਵਾਰ ਫਿਰ ਤੋਂ ਕੁਝ ਸਮੇਂ ਦੇ ਬਾਅਦ ਆਪਣੀ ਵਿਦਾਇਗੀ ਦੀ ਗੱਲ ਕੀਤੀ। ਅਤੇ ਉਸਨੇ ਫਿਰ ਉਨ੍ਹਾਂ ਦੇ ਨਾਲ ਮੁਸੀਬਤ ਦੇ ਵਿੱਚ ਸ਼ਾਂਤੀ ਦੀ ਗੱਲ ਕੀਤੀ। ਇਸ ਸੰਦੇਸ਼ ਦੇ ਪਹਿਲੇ ਹਿੱਸੇ ਵਿੱਚ, ਯਿਸੂ ਨੇ ਆਗਿਆ ਦਿੱਤੀ, "ਤੁਹਾਡਾ ਦਿਲ ਨਾ ਘਬਰਾਵੇ।

ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ" (ਯੂਹੰਨਾ 14:1)। ਉਸਨੇ ਇਸ ਸੰਦੇਸ਼ ਦੀ ਸਮਾਪਤੀ ਇੱਕ ਸਮਾਨ ਉਤਸ਼ਾਹ ਦੇ ਨਾਲ ਕੀਤੀ: "ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਸਲਾਂ ਰੱਖੋਂ, ਮੈਂ ਜਗਤ ਨੂੰ ਜਿੱਤ ਲਿਆ ਹੈ" (ਯੂਹੰਨਾ 16:33)।

ਧਿਆਨ ਦਿਓ ਕਿ ਦੋਵਾਂ ਉਦਾਹਰਨਾਂ ਦੇ ਵਿੱਚ, ਸਾਡੀ ਉਮੀਦ ਸਿਰਫ਼ ਮਸੀਹ ਦੇ ਵਿੱਚ ਹੈ। ਜੇਕਰ ਅਸੀਂ ਮਸੀਹ ਦੇ ਵਿੱਚ ਵਿਸ਼ਵਾਸ ਕਰਦੇ ਹਾਂ ਤਾਂ ਸਾਨੂੰ ਘਬਰਾਉਣ ਦੀ ਜਰੂਰਤ ਨਹੀਂ ਹੈ। ਇਸਦੀ ਬਜਾਏ ਸਾਨੂੰ ਹੌਂਸਲਾ ਰੱਖਣਾ ਚਾਹੀਦਾ ਹੈ ਕਿਉਂਕਿ ਮਸੀਹ ਨੇ ਸੰਸਾਰ ਨੂੰ ਜਿੱਤ ਲਿਆ ਹੈ! ਵੇਲ ਦੇ ਜੀਵਨ ਭਰੋਸੇ ਨਾਲ ਭਰਿਆ ਸ਼ਾਂਤੀ ਦਾ ਜੀਵਨ ਹੈ। ਸਾਨੂੰ ਭਰੋਸਾ ਧਰਤੀ ਦੇ ਹਾਲਾਤਾਂ ਤੇ ਆਧਾਰਿਤ ਨਹੀਂ ਹੈ। ਸਾਡਾ ਭਰੋਸਾ ਮਸੀਹ ਤੇ ਅਤੇ ਸੰਸਾਰ ਦੇ ਉੱਤੇ ਉਸਦੀ ਜਿੱਤ ਤੇ ਟਿਕਿਆ ਹੋਇਆ ਹੈ।

### ਇੱਕ ਨੇੜੇ ਦੀ ਝਾਤ: ਆਖਰੀ ਭੋਜ

ਮਿਸ਼ਨਾਹ ਪੁਰਾਤਨ ਯਹੂਦੀਆਂ ਰਸਮਾਂ ਦਾ ਵੇਰਵਾ ਹੈ। ਮਿਸ਼ਨਾਹ ਦਾ ਇੱਕ ਹਿੱਸਾ ਵਿਖਾਉਂਦਾ ਹੈ ਕਿ ਕਿਵੇਂ ਯਿਸੂ ਨੇ ਪਸਾਹ ਦੇ ਭੋਜ ਨੂੰ ਮਨਾਇਆ।[59] ਆਖਰੀ ਭੋਜ ਦੇ ਸਮੇਂ, ਸ਼ਾਇਦ ਯਿਸੂ ਅਤੇ ਉਸਦੇ ਚੇਲ੍ਹਿਆਂ ਨੇ ਉਸੇ ਨਮੂਨੇ ਦਾ ਉਪਯੋਗ ਕੀਤਾ ਜੋ 2,000 ਸਾਲਾਂ ਦੇ ਬਾਅਦ ਅੱਜ ਵੀ ਕੀਤਾ ਜਾਂਦਾ ਹੈ।

ਪਾਣੀ ਮਿਲੀ ਹੋਈ ਮੈ ਦਾ ਪਹਿਲਾ ਪਿਆਲਾ ਪਰੋਸਿਆ ਜਾਂਦਾ ਹੈ। ਪਿਆਲੇ ਦੀ ਬਰਕਤ ਦੇ ਵਿੱਚ ਕੂਚ ਦਾ ਵਾਇਦਾ ਸ਼ਾਮਿਲ ਹੈ: "ਮੈਂ ਤੈਨੂੰ ਬਾਹਰ ਲੈ ਕੇ ਆਵਾਂਗਾ।"

ਮੈ ਦਾ ਦੂਸਰਾ ਪਿਆਲਾ ਮਿਲਾ ਲਿਆ ਜਾਂਦਾ ਹੈ ਪਰ ਅਜੇ ਪਰੋਸਿਆ ਨਹੀਂ ਜਾਂਦਾ। ਸਭ ਤੋਂ ਛੋਟਾ ਪੁੱਤਰ ਪੁੱਛਦਾ ਹੈ, "ਇਹ ਰਾਤ ਬਾਕੀ ਦੀਆਂ ਰਾਤਾਂ ਨਾਲੋਂ ਅਲੱਗ ਕਿਉਂ ਹੈ?" ਪਿਤਾ ਮਿਸਰ ਦੇ ਵਿੱਚੋਂ ਇਸਰਾਏਲ ਦੇ ਛੁਟਕਾਰੇ ਦੀ ਕਹਾਣੀ ਦੇ ਨਾਲ ਉੱਤਰ ਦਿੰਦਾ ਹੈ।

ਕਹਾਣੀ ਦੇ ਬਾਅਦ, ਪਰਿਵਾਰ *ਪਸਾਹ ਦੇ ਹਾਲੇਲ* ਜ਼ਬੂਰ 113-114 ਨੂੰ ਗਾਉਂਦਾ ਹੈ। ਉਹ ਇਸ ਵਾਇਦੇ ਦੇ ਨਾਲ ਦੂਸਰਾ ਪਿਆਲਾ ਪੀਂਦੇ ਹਨ: "ਮੈਂ ਤੁਹਾਨੂੰ ਉਨ੍ਹਾਂ ਦੀ ਗ਼ੁਲਾਮੀ ਤੋਂ ਆਜਾਦ ਕਰਾਂਗਾ।"

ਬਰਕਤ ਦੇ ਬਾਅਦ ਭੋਜਨ ਪਰੋਸਿਆ ਜਾਂਦਾ ਹੈ। ਭੋਜਨ ਵਿੱਚ ਕੌੜੀ ਸਬਜੀ, ਅਖਮੀਰੀ ਰੋਟੀ, ਲੇਲਾ, ਅਤੇ ਮਸਾਲੇ ਅਤੇ ਸਿਰਕੇ ਦੇ ਨਾਲ ਤਿਆਰ ਫਲਾਂ ਦੀ ਚਟਣੀ ਸ਼ਾਮਲ ਹੈ। ਪਿਤਾ ਆਪਣੇ ਹੱਥਾਂ ਨੂੰ ਧੋਂਦਾ ਹੈ, ਰੋਟੀ ਨੂੰ ਤੋੜਦਾ ਅਤੇ ਬਰਕਤ ਦਿੰਦਾ ਹੈ, ਰੋਟੀ ਦੇ

---

[59] ਤੁਸੀਂ ਮਸੀਹੀ ਯਹੂਦੀ ਪਸਾਹ ਦੇ ਬਾਰੇ ਵਿਡੀਉ ਅੱਗੇ ਦਿੱਤੇ ਲਿੰਕ ਦੇ ਵੇਖ ਸਕਦੇ ਹੋ https://www.youtube.com/watch?v=bVoIBDIWloQ, ਤੁਸੀਂ ਅੱਗਲੇ ਲਿੰਕ ਤੋਂ ਹੋਰ ਜਿਆਦਾ ਪੜ੍ਹ ਸਕਦੇ ਹੋ http://www.crivoice.org/haggadah.html, ਮਾਰਚ 22, 2021 ਦੇ ਵਿੱਚ ਬਣਾਇਆ ਗਿਆ.

ਇੱਕ ਟੁਕੜੇ ਨੂੰ ਲੈਂਦਾ ਹੈ, ਉਸਨੂੰ ਕੌੜੀ ਸਬਜੀ ਦੇ ਨਾਲ ਲਗਾਉਂਦਾ ਹੈ, ਇਸਨੂੰ ਚਟਣੀ ਦੇ ਨਾਲ ਤਰ ਕਰਦਾ ਹੈ ਅਤੇ ਖਾਂਦਾ ਹੈ। ਫਿਰ ਉਹ ਧੰਨਵਾਦ ਕਰਦਾ ਹੈ ਅਤੇ ਲੇਲੇ ਦਾ ਇੱਕ ਟੁਕੜਾ ਖਾਂਦਾ ਹੈ। ਫਿਰ ਪਰਿਵਾਰ ਦਾ ਹਰੇਕ ਮੈਂਬਰ ਖਾਂਦਾ ਹੈ।

ਤੀਸਰੇ ਪਿਆਲੇ ਨੂੰ ਪਸਾਹ ਦੀ ਬਰਕਤ ਦਿੱਤੀ ਜਾਂਦੀ ਹੈ: "ਮੈਂ ਤੈਨੂੰ ਛੁਟਕਾਰਾ ਦੇਵਾਂਗਾ।"

ਚੌਥੇ ਪਿਆਲੇ ਨੂੰ ਪਸਾਹ ਦੇ ਵਾਇਦੇ ਨਾਲ ਬਰਕਤ ਦਿੱਤੀ ਜਾਂਦੀ ਹੈ: "ਮੈਂ ਤੈਨੂੰ ਇੱਕ ਕੌਮ ਦੀ ਤਰ੍ਹਾਂ ਲੈ ਕੇ ਜਾਵਾਂਗਾ।"

ਪਰਿਵਾਰ ਅੰਤਿਮ ਪਸਾਹ ਦੇ ਹੈਲੇਲ ਨੂੰ ਗਾਉਂਦਾ ਹੈ ਜੋ ਜ਼ਬੂਰ 115-118 ਹੈ।[60]

ਪਸਾਹ ਦੇ ਤਿਉਹਾਰ ਤੇ, ਯਹੂਦੀ ਲੋਕ ਯਾਦ ਕਰਦੇ ਹਨ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਬੰਧਨ ਤੋਂ ਛੁਟਕਾਰਾ ਦਿੱਤਾ ਸੀ। ਅਤੇ ਇਸ ਤੋਂ ਵੀ ਜਿਆਦਾ, ਉਹ ਪਰਮੇਸ਼ੁਰ ਦੇ ਵਾਇਦਿਆਂ ਦੀ ਸੰਪੂਰਨ ਪੂਰਤੀ ਦੀ ਉਡੀਕ ਕਰਦੇ ਸਨ ਜਦੋਂ ਮਸੀਹ ਉਨ੍ਹਾਂ ਨੂੰ ਸਦਾ ਦੇ ਲਈ ਸਾਰੇ ਬੰਧਨਾਂ ਤੋਂ ਆਜਾਦ ਕਰ ਦੇਵੇਗਾ।

ਆਖਰੀ ਭੋਜ ਦੇ ਇੱਕ ਦਿਨ ਬਾਅਦ, ਯਿਸੂ ਇੱਕ ਸੰਪੂਰਨ ਪਸਾਹ ਦੇ ਲੇਲੇ ਵੱਜੋਂ ਮਰ ਜਾਵੇਗਾ। ਸਲੀਬ ਦੇ ਉੱਤੇ, ਛੁਟਕਾਰੇ ਦਾ ਵਾਈਦਾ ਪੂਰਾ ਕੀਤਾ ਗਿਆ।

## ਮਹਾਂ-ਜਾਜਕ ਵਾਲੀ ਪ੍ਰਾਥਨਾ

► ਪੜ੍ਹੋ ਯੂਹੰਨਾ 17.

ਚੇਲ੍ਹਿਆਂ ਦੇ ਨਾਲ ਯਿਸੂ ਦੀ ਅੰਤਿਮ ਦਰਜ ਪ੍ਰਾਥਨਾ ਅੱਜ ਦੀ ਕਲੀਸਿਆ ਦੇ ਲਈ ਉਸਦੀ ਵਿਰਾਸਤ ਨੂੰ ਸਮਝਣ ਦੇ ਲਈ ਬਹੁਤ ਮਹੱਤਵਪੂਰਨ ਹੈ। ਇਸ ਪ੍ਰਾਥਨਾ ਨੂੰ "ਯਿਸੂ ਦੀ ਅੱਤ ਪਵਿੱਤਰ" ਪ੍ਰਾਥਨਾ ਵੀ ਕਿਹਾ ਜਾਂਦਾ ਹੈ। ਇਹ ਸਭ ਤੋਂ ਨੇੜਤਾ ਦੀ ਪ੍ਰਾਥਨਾ ਹੈ।

### ਯਿਸੂ ਨੇ ਆਪਣੇ ਲਈ ਪ੍ਰਾਥਨਾ ਕੀਤੀ (ਯੂਹੰਨਾ 17:1-5)

ਯਿਸੂ ਨੇ ਆਪਣੇ ਪਿਤਾ ਦੇ ਅੱਗੇ ਪ੍ਰਾਥਨਾ ਕੀਤੀ, "ਪੁੱਤਰ ਦੀ ਮਹਿਮਾ ਕਰੋ ਤਾਂ ਕਿ ਪੁੱਤਰ ਤੁਹਾਡੀ ਮਹਿਮਾ ਕਰੇ।" ਹਾਲਾਂਕਿ ਚੇਲ੍ਹਿਆਂ ਨੇ ਪ੍ਰਾਥਨਾ ਨੂੰ ਨਹੀਂ ਸਮਝਿਆ, ਪਰ ਉਹ ਜਲਦ ਹੀ ਇਸ ਹੈਰਾਨੀਜਨਕ ਸਚਿਆਈ ਬਾਰੇ ਸਿੱਖਣਗੇ ਕਿ ਇਹ ਪ੍ਰਾਥਨਾ ਇੱਕ ਰੋਮੀ ਸਲੀਬ ਤੇ ਪੂਰੀ ਹੋਵੇਗੀ।

ਦੁੱਖਾਂ ਦੇ ਹਫ਼ਤੇ ਦੇ ਸੋਮਵਾਰ, ਯਿਸੂ ਨੇ ਕਿਹਾ, "ਅਰ ਮੈਂ ਜੇ ਧਰਤੀ ਉੱਤੋਂ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ।" ਯੂਹੰਨਾ ਨੇ ਵਿਆਖਿਆ ਕੀਤੀ, "ਉਸ ਨੇ ਇਹ ਆਖਿਆ ਭਈ ਪਤਾ ਦੇਵੇ ਜੋ ਉਹ ਨੇ ਆਪ ਕਿਹੜੀ ਮੌਤ ਨਾਲ ਮਰਨਾ ਸੀ" (ਯੂਹੰਨਾ

---

[60] ਇਹ ਉਹ ਆਖਰੀ ਜ਼ਬੂਰ ਸੀ ਜੋ ਯਿਸੂ ਨੇ ਆਪਣੇ ਚੇਲ੍ਹਿਆਂ ਦੇ ਨਾਲ ਗਤਸਮਨੀ ਦੇ ਵੱਲ ਜਾਂਦੇ ਹੋਏ ਗਾਇਆ ਸੀ (ਮੱਤੀ 26:30)।

12:32-33)। ਯਿਸੂ ਦੀ ਮਹਿਮਾ ਜਿੱਤ ਦੇ ਦੁਆਰਾ ਨਹੀਂ ਹੋਈ, ਪਰ ਹਾਰ ਪ੍ਰਤੀਤ ਹੋਣ ਵਾਲੀ ਕਿਰਿਆ ਦੇ ਦੁਆਰਾ। ਯਿਸੂ ਦੀ ਮਹਿਮਾ ਸਲੀਬ ਦੇ ਦੁਆਰਾ ਹੋਈ।

### ਯਿਸੂ ਨੇ ਆਪਣੇ ਚੇਲ੍ਹਿਆਂ ਦੇ ਲਈ ਪ੍ਰਾਥਨਾ ਕੀਤੀ (ਯੂਹੰਨਾ 17:6-19)

ਯਿਸੂ ਨੇ ਆਪਣੇ ਚੇਲ੍ਹਿਆਂ ਦੇ ਲਈ ਤਿੰਨ ਗੱਲਾਂ ਦੇ ਲਈ ਪ੍ਰਾਥਨਾ ਕੀਤੀ। ਉਸਨੇ ਪ੍ਰਾਥਨਾ ਕੀਤੀ ਕਿ ਪਿਤਾ ਉਸਦੇ ਨਾਮ ਵਿੱਚ ਉਨ੍ਹਾਂ ਨੂੰ ਸੰਭਾਲ ਕੇ ਰੱਖੇ। ਉਸਨੇ ਪ੍ਰਾਥਨਾ ਕੀਤੀ ਕਿ ਉਹ ਉਨ੍ਹਾਂ ਨੂੰ ਦੁਸ਼ਟ ਤੋਂ ਬਚਾਏ। ਅਤੇ ਉਸਨੇ ਪ੍ਰਾਥਨਾ ਕੀਤੀ ਕਿ ਪਿਤਾ ਉਨ੍ਹਾਂ ਨੂੰ ਸਚਿਆਈ ਦੇ ਵਿੱਚ ਪਵਿੱਤਰ ਕਰੇਗਾ।

### ਯਿਸੂ ਨੇ ਸਾਰੇ ਵਿਸ਼ਵਾਸੀਆਂ ਦੇ ਲਈ ਪ੍ਰਾਥਨਾ ਕੀਤੀ (ਯੂਹੰਨਾ 17:20-26)

ਯਿਸੂ ਨੇ ਉਨ੍ਹਾਂ ਸਭਨਾਂ ਦੇ ਲਈ ਪ੍ਰਾਥਨਾ ਕੀਤੀ ਜੋ ਭਵਿੱਖ ਦੇ ਵਿੱਚ ਉਸ ਤੇ ਵਿਸ਼ਵਾਸ ਕਰਨਗੇ। ਉਸਨੇ ਪ੍ਰਾਥਨਾ ਕੀਤੀ ਕਿ ਉਹ ਸਭ ਇੱਕ ਹੋਣ। ਇਹ ਏਕਤਾ ਸੰਸਾਰ ਦੇ ਲਈ ਗਵਾਹੀ ਹੋਵੇਗੀ: "ਤਾਂ ਕਿ ਸੰਸਾਰ ਮੰਨ ਲਵੇ ਕਿ ਤੁਸੀਂ ਮੈਨੂੰ ਘੱਲਿਆ ਹੈ।"

ਯਿਸੂ ਨੇ ਸੰਸਾਰ ਦੇ ਲਈ ਪ੍ਰਾਥਨਾ ਨਹੀਂ ਕੀਤੀ: "ਮੈਂ ਸੰਸਾਰ ਦੇ ਲਈ ਪ੍ਰਾਥਨਾ ਨਹੀਂ ਕਰ ਰਿਹਾ ਪਰ ਉਨ੍ਹਾਂ ਦੇ ਲਈ ਜੋ ਤੂੰ ਮੈਨੂੰ ਦਿੱਤੇ ਹਨ" (ਯੂਹੰਨਾ 17:9)। ਇਸਦੇ ਬਜਾਏ ਉਸਨੇ ਮਸੀਹੀਆਂ ਦੇ ਲਈ ਪ੍ਰਾਥਨਾ ਕੀਤੀ, ਤਾਂ ਕਿ ਸੰਸਾਰ ਵਿਸ਼ਵਾਸ ਕਰੇ। ਕਲੀਸਿਆ ਦੇ ਲਈ ਉਸਦੀ ਅੰਤਿਮ ਪ੍ਰਾਥਨਾ ਦੇ ਵਿੱਚ, ਯਿਸੂ ਨੇ ਪ੍ਰਾਥਨਾ ਕੀਤੀ ਕਿ ਅਸੀਂ ਏਕਤਾ ਅਤੇ ਵਿਸ਼ਵਾਸਯੋਗਤਾ ਦੇ ਦੁਆਰਾ ਸੰਸਾਰ ਦੇ ਲਈ ਗਵਾਹੀ ਬਣਾਂਗੇ।

ਯਿਸੂ ਦੀ ਵਿਰਾਸਤ ਵਿਸ਼ਵਾਸੀਆਂ ਦਾ ਅਜਿਹਾ ਸਮੂਹ ਸੀ ਜੋ ਸੰਸਾਰ ਦੇ ਵਿੱਚ ਉਸਦੇ ਉਦੇਸ਼ ਨੂੰ ਪੂਰਿਆਂ ਕਰਨਗੇ। ਪੁਰਾਣੇ ਨੇਮ ਦੇ ਵਿੱਚ ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਦਿੱਤੀ ਤਾਂ ਕਿ ਉਹ ਬਾਕੀ ਦੀਆਂ ਕੌਮਾਂ ਦੇ ਲਈ ਬਰਕਤਾਂ ਦਾ ਜ਼ਰੀਆ ਬਣ ਸਕਣ (ਉਤਪਤ 12:1-3)। ਨਵੇਂ ਨੇਮ ਦੇ ਵਿੱਚ ਕਲੀਸਿਆ ਨੂੰ ਬਰਕਤ ਦਿੱਤੀ ਤਾਂ ਕਿ ਉਹ ਬਾਕੀ ਦੀਆਂ ਕੌਮਾਂ ਦੇ ਲਈ ਬਰਕਤਾਂ ਦਾ ਜ਼ਰੀਆ ਬਣ ਸਕਣ। ਯਿਸੂ ਨੇ ਪ੍ਰਾਥਨਾ ਕੀਤੀ ਕਿ ਅਸੀਂ ਦੂਸਰਿਆਂ ਦੇ ਲਈ ਬਰਕਤ ਦਾ ਜ਼ਰੀਆ ਬਣ ਕੇ ਆਪਣੇ ਉਦੇਸ਼ ਨੂੰ ਪੂਰਿਆਂ ਕਰੀਏ।

## ਚੇਲ੍ਹਿਆਂ ਦੇ ਲਈ ਯਿਸੂ ਦੀ ਅੰਤਿਮ ਆਗਿਆ

► ਪੜ੍ਹੋ ਮੱਤੀ 28:16-20, ਮਰਕੁਸ 16:15, ਲੂਕਾ 24:44-49, ਅਤੇ ਰਸੂਲਾਂ ਦੇ ਕਰਤੱਬ 1:6-11.

ਕਿਸੇ ਆਗੂ ਦਾ ਬਣਿਆ ਰਹਿਣ ਵਾਲਾ ਪ੍ਰਭਾਵ ਇਸ ਗੱਲ ਤੇ ਨਿਰਭਰ ਹੁੰਦਾ ਹੈ ਕਿ ਉਹ ਆਪਣਾ ਦਰਸ਼ਨ ਦੂਸਰਿਆਂ ਨੂੰ ਦੱਸਣ ਦੇ ਵਿੱਚ ਕਿੰਨਾ ਯੋਗ ਹੈ। ਯਿਸੂ ਦਰਸ਼ਨ ਬਾਰੇ ਦੱਸਣ ਦਾ ਇੱਕ ਨਮੂਨਾ ਪ੍ਰਦਾਨ ਕਰਦਾ ਹੈ ਜਿਸਦੇ ਨਾਲ ਸਮਰਪਿਤ ਚੇਲ੍ਹਿਆਂ ਨੂੰ ਪ੍ਰੇਰਨਾ

ਮਿਲਦੀ ਹੈ। ਉਸਦੇ ਦਰਸ਼ਨ ਦੇ ਕਾਰਨ ਚੇਲ੍ਹਿਆਂ ਨੇ ਸਾਰੇ ਰੋਮੀ ਸਾਮਰਾਜ ਦੇ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਫੈਲਾਉਣ ਦੇ ਲਈ ਆਪਣੇ ਜੀਵਨਾਂ ਨੂੰ ਸਮਰਪਿਤ ਕਰ ਦਿੱਤਾ।

ਸ਼ੁਭਸਮਾਚਾਰ ਦੇ ਵਿੱਚ ਯਿਸੂ ਦੀ ਆਗਿਆ ਦੇ ਤਿੰਨ ਬਿਆਨ ਸ਼ਾਮਿਲ ਕੀਤੇ ਗਏ ਹਨ। ਹਰੇਕ ਬਿਆਨ ਆਗਿਆ ਦੇ ਅਲੱਗ ਪਹਿਲੂ ਤੇ ਧਿਆਨ ਕੇਂਦਰਿਤ ਕਰਦਾ ਹੈ। ਮੱਤੀ ਮਿਸ਼ਨ ਦੇ ਲਈ ਅਧਿਕਾਰ ਨੂੰ ਪ੍ਰਗਟ ਕਰਦਾ ਹੈ। ਮਰਕੁਸ ਆਗਿਆ ਦੀ ਦੂਰ ਤੱਕ ਦੀ ਪਹੁੰਚ ਨੂੰ ਦਰਸਾਉਂਦਾ ਹੈ: "ਸਾਰੀ ਰਚਨਾ ਤੱਕ।" ਲੂਕਾ ਉਸ ਸੰਦੇਸ਼ ਦੀ ਸਮੱਗਰੀ ਦਾ ਸਾਰ ਦੱਸਦਾ ਹੈ ਜਿਸਦਾ ਪ੍ਰਚਾਰ ਰਸੂਲ ਕਰਨਗੇ।

ਯਿਸੂ ਦੀ ਅੰਤਿਮ ਆਗਿਆ ਦਾ ਸੰਪੂਰਨ ਬਿਆਨ ਮੱਤੀ 28:18-20 ਦੇ ਵਿੱਚ ਪਾਇਆ ਜਾਂਦਾ ਹੈ।

> ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸਾਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤ੍ਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

ਇਸ ਆਗਿਆ ਦੇ ਵਿੱਚ ਮੁੱਢਲਾ ਹੁਕਮ "ਚੇਲ੍ਹੇ ਬਣਾਉਣਾ" ਹੈ। ਆਗਿਆ ਨੂੰ ਪੂਰਾ ਕਰਨ ਦੇ ਲਈ ਸਾਡੇ ਤੋਂ ਮੰਗ ਕੀਤੀ ਜਾਂਦੀ ਹੈ ਕਿ ਅਸੀਂ ਜਾਈਏ, ਨਵੇਂ ਬਦਲੇ ਹੋਏ ਲੋਕਾਂ ਨੂੰ ਬਪਤਿਸਮਾ ਦਈਏ, ਅਤੇ ਨਵੇਂ ਵਿਸ਼ਵਾਸੀਆਂ ਨੂੰ ਸਿਖਾਈਏ। ਇਸ ਕਿਰਿਆਵਾਂ "ਚੇਲ੍ਹੇ ਬਣਾਉਣ" ਦੀ ਕੇਂਦਰੀ ਆਗਿਆ ਦਾ ਸਮਰਥਨ ਕਰਦੀਆਂ ਹਨ। ਸ਼ੁਭਸਮਾਚਾਰ ਦਾ ਪ੍ਰਚਾਰ, ਸਮਾਜ ਸੇਵਾ, ਸਿੱਖਿਆ, ਅਤੇ ਸੇਵਕਾਈ ਦੇ ਬਾਕੀ ਸਾਰੇ ਪਹਿਲੂ ਇਸ ਕੇਂਦਰੀ ਪ੍ਰਾਤਮਿਕਤਾ ਦੇ ਪ੍ਰਤੀ ਸਮਰਪਿਤ ਹਨ: ਜੋ ਇਹ ਹੈ ਕਿ ਅਸੀਂ ਚੇਲ੍ਹੇ ਬਣਾਉਣੇ ਹਨ।

### ਪਾਸਬਾਨੀ ਕਰਨ ਦਾ ਉਦੇਸ਼

ਐਡ ਮਾਰਕ ਕੁਆਰਟ, ਇੱਕ ਅਮਰੀਕਨ ਪਾਸਬਾਨ ਇੱਕ ਰੋਮਮੈਨੀਅਨ ਪਾਸਬਾਨ ਰਿਚਾਰਡ ਵਰਮਬ੍ਰਾਂਡ ਦੇ ਨਾਲ ਰਾਤ ਦਾ ਭੋਜਨ ਕਰ ਰਿਹਾ ਸੀ ਜਿਸਨੇ ਇੱਕ ਸਾਮਵਾਦੀ ਕੈਦ ਦੇ ਵਿੱਚ ਬਹੁਤ ਸਾਰੇ ਸਾਲ ਬਿਤਾਏ ਸਨ। ਰਾਤ ਦੇ ਭੋਜਨ ਦੇ ਸਮੇਂ ਵਰਮਬ੍ਰਾਂਡ ਨੇ ਮਾਰਕ ਕੁਆਟਰ ਦੀ ਕਲੀਸਿਆ ਦੇ ਇੱਕ ਮੈਂਬਰ ਨੂੰ ਪੁੱਛਿਆ, "ਕੀ ਤੁਹਾਡਾ ਪਾਸਬਾਨ ਇੱਕ ਚੰਗਾ ਪਾਸਬਾਨ ਹੈ?" ਮੈਂਬਰ ਨੇ ਉੱਤਰ ਦਿੱਤਾ, "ਜੀ ਹਾਂ।"

ਵਰਮਬ੍ਰਾਂਡ ਨੇ ਪੁੱਛਿਆ, "ਉਹ ਇੱਕ ਚੰਗਾ ਪਾਸਬਾਨ ਕਿਉਂ ਹੈ?" ਮੈਂਬਰ ਨੇ ਉੱਤਰ ਦਿੱਤਾ, "ਕਿਉਂਕਿ ਉਹ ਬਹੁਤ ਵਧੀਆ ਪ੍ਰਚਾਰ ਕਰਦਾ ਹੈ।"

ਫਿਰ ਵਰਮਬ੍ਰਾਂਡ ਨੇ ਪੁੱਛਿਆ, "ਪਰ ਕੀ ਉਹ ਚੇਲ੍ਹੇ ਬਣਾਉਂਦਾ ਹੈ?" ਪਾਸਬਾਨ ਮਾਰਕ ਕੁਆਟਰ ਨੇ ਕਿਹਾ ਕਿ ਇਸ ਪ੍ਰਸ਼ਨ ਨੇ ਉਸਦੀ ਸੇਵਕਾਈ ਦੀ ਸਾਰੀ ਦਿਸ਼ਾ ਨੂੰ ਬਦਲ ਦਿੱਤਾ। ਉਸਨੇ ਕਿਹਾ:

> ਸਾਰੇ ਪਾਸਬਾਨਾਂ ਦੇ ਲਈ ਪਰਮੇਸ਼ੁਰ ਦਾ ਉਦੇਸ਼ ਇਹ ਹੈ ਕਿ ਉਹ ਯਿਸੂ ਮਸੀਹ ਦੇ ਚੇਲ੍ਹੇ ਬਣਾਉਣ। ਅਜਿਹੇ ਜੋ ਲੋਕ ਯਿਸੂ ਦੇ ਨਾਲ ਪਿਆਰ ਕਰਦੇ ਹਨ, ਜੋ ਯਿਸੂ ਦੇ ਪਿੱਛੇ ਚੱਲਦੇ ਹਨ, ਜੋ ਯਿਸੂ ਨੂੰ ਆਪਣਾ ਪ੍ਰਭੂ ਕਹਿੰਦੇ ਹਨ। ਸਾਨੂੰ ਇਹੀ ਕੰਮ ਕਰਨ ਦੇ ਲਈ ਬੁਲਾਇਆ ਗਿਆ ਹੈ। ਕਲੀਸਿਆ ਦੇ ਮੈਂਬਰ ਬਣਾਉਣ ਦੇ ਲਈ ਨਹੀਂ। ਸੰਡੇ ਸਕੂਲ ਬਣਾਉਣ ਦੇ ਲਈ ਨਹੀਂ। ਇਮਾਰਤਾਂ ਬਣਾਉਣ ਦੇ ਲਈ ਨਹੀਂ...ਸਾਨੂੰ ਯਿਸੂ ਮਸੀਹ ਦੇ ਚੇਲ੍ਹੇ ਬਣਾਉਣ ਲਈ ਸੱਦਿਆ ਗਿਆ ਹੈ। ਇਹ ਸਭ ਇਸੇ ਦੇ ਬਾਰੇ ਹੈ।[61]

## ਇੱਕ ਨੇੜੇ ਦੀ ਝਾਤ: ਯਿਸੂ ਦਾ ਮਿਸ਼ਨ

ਯਿਸੂ ਦੇ ਆਖਰੀ ਹਫ਼ਤੇ ਦੀਆਂ ਘਟਨਾਵਾਂ ਵਿਖਾਉਂਦੀਆਂ ਹਨ ਕਿ ਉਸਦਾ ਮਿਸ਼ਨ ਅਜਿਹਾ ਰਾਜ ਬਣਾਉਣਾ ਸੀ ਜਿਸ ਵਿੱਚ ਸਾਰੀਆਂ ਕੌਮਾਂ, ਜਾਤੀਆਂ ਅਤੇ ਲੋਕ ਸ਼ਾਮਿਲ ਹੋਣਗੇ। ਯਿਸੂ ਦੀ ਸੇਵਕਾਈ ਦੇ ਆਖਰੀ ਹਫ਼ਤੇ ਦੇ ਦ੍ਰਿਸ਼ ਸਾਰੀਆਂ ਕੌਮਾਂ ਦੇ ਲਈ ਉਸਦੇ ਮਿਸ਼ਨ ਨੂੰ ਦਰਸਾਉਂਦੇ ਹਨ।

- ਯਿਸੂ ਇੱਕ ਗਧੇ ਤੇ ਸਵਾਰ ਹੋ ਕੇ ਸ਼ਹਿਰ ਦੇ ਵਿੱਚ ਦਾਖਿਲ ਹੋਇਆ। ਮੱਤੀ ਅਤੇ ਯੂਹੰਨਾ ਜ਼ਕਰਯਾਹ ਦੀ ਭਵਿੱਖਬਾਣੀ ਦਾ ਹਵਾਲਾ ਦਿੰਦੇ ਹਨ, "ਵੇਖ ਤੇਰਾ ਪਾਤਸ਼ਾਹ ਅਧੀਨਗੀ ਨਾਲ, ਗਧੀ ਉੱਤੇ ਸਗੋਂ ਗਧੀ ਦੇ ਬੱਚੇ ਉੱਤੇ, ਸਵਾਰ ਹੋਕੇ ਤੇਰੇ ਕੋਲ ਆਉਂਦਾ ਹੈ।" ਜ਼ਕਰਯਾਹ ਇਸ ਰਾਜੇ ਦੇ ਰਾਜ ਦਾ ਵਰਣਨ ਇਸ ਪ੍ਰਕਾਰ ਕਰਦਾ ਹੈ। "ਉਹ **ਕੌਮਾਂ ਲਈ** ਸ਼ਾਂਤੀ ਦੀਆਂ ਗੱਲਾਂ ਕਰੇਗਾ, ਉਹ ਦੀ ਹਕੂਮਤ ਸਮੁੰਦਰ ਤੋਂ ਸਮੁੰਦਰ ਤੀਕ ਹੋਵੇਗੀ" (ਮੱਤੀ 21:5; ਜ਼ਕਰਯਾਹ 9:9-10)।
- ਜਦੋਂ ਉਸਨੇ ਹੈਕਲ ਦੇ ਵਿੱਚ ਪਰਾਈਆਂ ਕੌਮਾਂ ਦੇ ਖੇਤਰ ਨੂੰ ਸਾਫ ਕੀਤਾ, ਤਾਂ ਯਿਸੂ ਨੇ ਯਸਾਯਾਹ ਦਾ ਹਵਾਲਾ ਦਿੱਤਾ: "ਕੀ ਇਹ ਨਹੀਂ ਲਿਖਿਆ ਹੈ ਕਿ ਮੇਰਾ ਘਰ **ਸਾਰੀਆਂ ਕੌਮਾਂ ਦੇ ਲਈ** ਪ੍ਰਾਥਨਾ ਦਾ ਘਰ ਹੋਵੇਗਾ?" (ਮਰਕੁਸ 11:17, ਯਸਾਯਾਹ 56:7 ਦਾ ਹਵਾਲਾ)। ਯਹੂਦੀ ਆਗੂਆਂ ਨੇ ਹੈਕਲ ਦੇ ਵਿੱਚ ਪਰਾਈਆਂ ਕੌਮਾਂ ਦੇ ਲਈ ਇਕੱਠੇ ਹੋਣ ਅਤੇ ਪ੍ਰਾਥਨਾ ਕਰਨ ਦੇ ਲਈ ਬਣਾਏ ਹੋਏ ਵਿਹੜੇ ਨੂੰ ਪੈਸੇ ਬਦਲਣ ਵਾਲੇ ਲੋਕਾਂ ਦੇ ਮੇਜ਼ਾਂ ਅਤੇ ਕਬੂਤਰ ਵੇਚਣ ਵਾਲਿਆਂ ਦੇ ਸਥਾਨ ਵਿੱਚ ਤਬਦੀਲ ਕਰ ਦਿੱਤਾ ਸੀ।

---

[61] Edward Markquart (ਐਡਵਾਰਡ ਮਾਰਕ) ਕੁਆਟਰ ਦਾ ਪ੍ਰਚਾਰ, ਜਿਸਦਾ ਵਿਸ਼ਾ ਹੈ "ਪੰਤੇਕੁਸਤ: ਜਾਉ, ਜਾਉ, ਜਾਉ, ਜਾਉ, ਜਾਉ, ਜੋ ਉਪਲੱਭਧ https://www.sermonsfromseattle.com/pentecost_go_go_go_go_go.htm, ਤੇ ਉਪਲੱਭਧ ਹੈ, ਨਵੰਬਰ 17,2022 ਤੋਂ ਲਿਆ ਗਿਆ।

- ਜਦੋਂ ਚੇਲਿਆਂ ਨੇ ਮਰੀਅਮ ਦੀ ਮਹਿੰਗਮੁੱਲੇ ਅਤਰ ਨੂੰ ਬਰਬਾਦ ਕਰਨ ਤੇ ਆਲੋਚਨਾ ਕੀਤੀ, ਯਿਸੂ ਦੇ ਜੁਆਬ ਦਿੱਤਾ: "ਮੈਂ ਤੁਹਾਨੂੰ ਸਤ ਆਖਦਾ ਹਾਂ ਜੋ **ਸਾਰੇ ਸੰਸਾਰ ਵਿੱਚ** ਜਿੱਥੇ ਕਿਤੇ ਖੁਸ਼ ਖਬਰੀ ਦਾ ਪਰਚਾਰ ਕੀਤਾ ਜਾਵੇਗਾ ਉੱਥੇ ਵੀ ਇਹ ਜੋ ਇਸ ਨੇ ਕੀਤਾ ਹੈ ਉਸ ਦੀ ਯਾਦਗੀਰੀ ਲਈ ਕਿਹਾ ਜਾਵੇਗਾ" (ਮਰਕੁਸ 14:9)।
- ਜੈਤੂਨ ਦੇ ਪਰਬਤ ਦੇ ਪ੍ਰਚਾਰ ਦੇ ਵਿੱਚ ਯਿਸੂ ਨੇ ਅਜਿਹੇ ਦਿਨ ਦੀ ਭਵਿੱਖਬਾਣੀ ਕੀਤੀ "ਅਤੇ ਰਾਜ ਦੀ ਇਸ ਖੁਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ **ਸਭ ਕੌਮਾਂ ਉੱਤੇ** ਸਾਖੀ ਹੋਵੇ ਤਦ ਅੰਤ ਆਵੇਗਾ" (ਮੱਤੀ 24:14)। ਇੰਨ੍ਹਾਂ ਯਹੂਦੀ ਚੇਲਿਆਂ ਦੇ ਲਈ ਜੋ ਸੋਚਦੇ ਸਨ ਕਿ ਰਾਜ ਸਿਰਫ਼ ਇਸਰਾਏਲ ਦੇ ਚੁਣੇ ਹੋਏ ਲੋਕਾਂ ਦੇ ਲਈ ਹੀ ਹੋਵੇਗਾ, ਯਿਸੂ ਨੇ ਕਿਹਾ ਕਿ ਖੁਸ਼ਖ਼ਬਰੀ ਦਾ ਪ੍ਰਚਾਰ ਸਾਰੇ ਸੰਸਾਰ ਦੇ ਵਿੱਚ ਕੀਤਾ ਜਾਵੇਗਾ।

ਪੁਰਾਣੇ ਨੇਮ ਦੇ ਨਬੀਆਂ ਨੇ ਵਿਖਾਇਆ ਸੀ ਕਿ ਮਸੀਹ ਸਾਰੀਆਂ ਕੌਮਾਂ ਦੇ ਲਈ ਆਵੇਗਾ। ਯਿਸੂ ਦੀ ਜਨਤਕ ਸੇਵਕਾਈ ਦੇ ਅੰਤਿਮ ਹਫ਼ਤੇ ਦੇ ਵਿੱਚ, ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਪਰਮੇਸ਼ੁਰ ਦੇ ਰਾਜ ਵਿੱਚ ਸਭ ਕੌਮਾਂ ਦੇ ਲੋਕ ਸ਼ਾਮਿਲ ਹੋਣਗੇ। ਨਬੀਆਂ ਦੇ ਨਾਲ ਕੀਤਾ ਵਾਇਦਾ ਕਲੀਸਿਆ ਦੇ ਦੁਆਰਾ ਪੂਰਾ ਕੀਤਾ ਜਾਣਾ ਸੀ।

## ਯਿਸੂ ਦੀ ਵਿਰਾਸਤ: ਰਸੂਲਾਂ ਦੇ ਕਰਤੱਬ ਦੀ ਕਲੀਸਿਆ

ਬਹੁਤ ਸਾਰੀਆਂ ਕਿਤਾਬਾਂ ਮਸੀਹ ਦੇ ਸਵਰਗ ਤੇ ਉਠਾਏ ਜਾਣ ਦੇ ਨਾਲ ਸਮਾਪਤ ਹੁੰਦੀਆਂ ਹਨ। ਪਰ ਯਿਸੂ ਦੀ ਸੇਵਕਾਈ ਸੇਵਕਾਈ ਦੀ ਸਗਵਾਈ ਸਿਰਫ਼ ਸਲੀਬ ਤੱਕ ਜਾਂ ਇੱਥੋਂ ਤੱਕ ਕਿ ਖਾਲੀ ਕਬ਼ਰ ਤੱਕ ਨਹੀਂ ਹੋਈ; ਉਸਦੀ ਸੇਵਕਾਈ ਪੰਤੇਕੁਸਤ ਤੱਕ ਗਈ। ਯਿਸੂ ਨੇ ਇੱਕ ਹੋਰ ਸਹਾਇਕ ਭੇਜਣ ਦਾ ਵਾਇਦਾ ਕੀਤਾ ਜੋ ਸਦਾ ਉਨ੍ਹਾਂ ਦੇ ਨਾਲ ਰਹੇਗਾ (ਯੂਹੰਨਾ 14:16)। ਇਹ ਵਾਇਦਾ ਰਸੂਲਾਂ ਦੇ ਕਰਤੱਬ ਵਿੱਚ ਪੂਰਾ ਹੋਇਆ। ਰਸੂਲਾਂ ਦੇ ਕਰਤੱਬ ਦੇ ਦੋ ਦ੍ਰਿਸ਼ ਯਿਸੂ ਦੀ ਵਿਰਾਸਤ ਦੇ ਪੂਰਾ ਹੋਣ ਨੂੰ ਵਿਖਾਉਂਦੇ ਹਨ।

### ਪੰਤੇਕੁਸਤ ਦੇ ਸਮੇਂ ਦੀ ਕਲੀਸਿਆ

► ਪੜ੍ਹੋ ਰਸੂਲਾਂ ਦੇ ਕਰਤੱਬ 1:4-11 ਅਤੇ ਰਸੂਲਾਂ ਦੇ ਕਰਤੱਬ 2:1-41.

ਸਵਰਗ ਤੇ ਉਠਾਏ ਜਾਣ ਦੇ ਕੁਝ ਹੀ ਸਮਾਂ ਪਹਿਲਾਂ ਚੇਲਿਆਂ ਨੇ ਪੁੱਛਿਆ, "ਪ੍ਰਭੂ ਕੀ ਤੁਸੀਂ ਇਸ ਸਮੇਂ ਇਸਰਾਏਲ ਦੇ ਰਾਜ ਨੂੰ ਬਹਾਲ ਕਰਦੇ ਹੋ?" ਉਹ ਉਮੀਦ ਕਰ ਰਹੇ ਸਨ ਕਿ ਯਿਸੂ ਇੱਕ ਸੰਸਾਰਿਕ, ਰਾਜਨੀਤਿਕ ਰਾਜ ਦੀ ਸਥਾਪਨਾ ਕਰੇਗਾ। ਜੀ ਉੱਠਣ ਦੇ ਕਾਰਨ ਉਨ੍ਹਾਂ ਦੇ ਮਨਾਂ ਵਿੱਚ ਧਰਤੀ ਦੇ ਰਾਜ ਦੀ ਸੰਭਾਵਨਾ ਦੀ ਸੋਚ ਪੁਨਰ ਜਾਗ੍ਰਿਤ ਹੋ ਗਈ।ਉਹ ਸੋਚ ਰਹੇ ਸਨ ਕਿ ਯਿਸੂ ਨੂੰ ਇੱਕ ਹੀ ਕੰਮ ਕਰਨ ਦੀ ਜਰੂਰਤ ਹੈ ਕਿ ਉਹ ਆਪਣੀ ਸ਼ਕਤੀ ਦਾ ਉਪਯੋਗ ਕਰਕੇ ਰੋਮ ਦੇ ਸਾਮਰਾਜ ਨੂੰ ਸਮਾਪਤ ਕਰ ਦੇਵੇ। ਯਿਸੂ ਨੇ ਉੱਤਰ ਦਿੱਤਾ,

ਤੁਹਾਡਾ ਕੰਮ ਨਹੀਂ ਭਈ ਉਨ੍ਹਾਂ ਸਮਿਆਂ ਅਤੇ ਵੇਲਿਆਂ ਨੂੰ ਜਾਣੋ ਜੋ ਪਿਤਾ ਨੇ ਆਪਣੇ ਵੱਸ ਵਿੱਚ ਰੱਖੇ ਹਨ। ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ (ਰਸੂਲਾਂ ਦੇ ਕਰਤੱਬ 1:7-8)।

"ਰਾਜ ਦੇ ਸਮੇਂ ਦੀ ਜਿੰਮੇਵਾਰੀ ਤੁਹਾਡੀ ਨਹੀਂ ਹੈ", ਯਿਸੂ ਕਹਿੰਦਾ ਹੈ। "ਇਸਦੀ, ਤੁਸੀਂ ਉਸ ਮਿਸ਼ਨ ਨੂੰ ਪੂਰਿਆਂ ਕਰੋ ਜੋ ਮੈਂ ਤੁਹਾਨੂੰ ਦਿੱਤਾ ਹੈ; ਧਰਤੀ ਦੇ ਬੰਨ੍ਹਿਆਂ ਤੱਕ ਮੇਰੇ ਗਵਾਹਾਂ ਦੇ ਰੂਪ ਵਿੱਚ ਸੇਵਕਾਈ ਕਰੋ। ਪਰ ਜਾਣ ਤੋਂ ਪਹਿਲਾਂ ਉਡੀਕ ਕਰਨਾ ਜਰੂਰੀ ਹੈ" ਲੂਕਾ ਦੇ ਵਿੱਚ ਯਿਸੂ ਨੇ ਕਿਹਾ, "ਪਰ ਜਦ ਤੀਕੁਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿੱਚ ਰਹੋ" (ਲੂਕਾ 24:49)।

ਪਸਾਹ ਦੇ ਬੀਤ ਜਾਣ ਦੇ 50 ਦਿਨਾਂ ਦੇ ਬਾਅਦ, ਜਦੋਂ 120 ਚੇਲ੍ਹੇ ਉੱਪਰੀ ਕਮਰੇ ਦੇ ਵਿੱਚ ਇਕੱਠੇ ਹੋਏ ਸਨ, ਤਾਂ ਪਵਿੱਤਰ ਆਤਮਾ ਦਾ ਵਾਇਦਾ ਪੂਰਾ ਕੀਤਾ ਗਿਆ। ਉਹ ਉਨ੍ਹਾਂ ਭਾਸ਼ਾਵਾਂ ਦੇ ਵਿੱਚ ਬੋਲਣ ਲੱਗੇ ਜੋ ਪੰਤੇਕੁਸਤ ਦੇ ਪਰਬ ਦੇ ਸਮੇਂ ਦੂਸਰੇ ਦੇਸ਼ਾਂ ਤੋਂ ਆਏ ਲੋਕਾਂ ਦੀਆਂ ਸਨ (ਰਸੂਲਾਂ ਦੇ ਕਰਤੱਬ 2:4, 6-11)। ਇਹ ਸਾਰੀਆਂ ਜਾਤੀਆਂ ਤੋਂ ਉਸਦੀ ਕਲੀਸਿਆ ਨੂੰ ਤਿਆਰ ਕੀਤੇ ਜਾਣ ਮਸੀਹ ਦੀ ਯੋਜਨਾ ਦਾ ਚਿੰਨ੍ਹ ਸੀ।

ਰਸੂਲਾਂ ਦੇ ਕਰਤੱਬ 2 ਵਿੱਚ ਦਿੱਤੀ ਗਈ ਦੇਸ਼ਾਂ ਦੀ ਸੂਚੀ ਸਾਨੂੰ ਉਤਪਤ 10 ਦੇ ਵਿੱਚ ਦਿੱਤੇ ਗਏ ਦੇਸ਼ਾਂ ਦੀ ਸੂਚੀ ਨੂੰ ਯਾਦ ਦਿਵਾਉਂਦੀ ਹੈ। ਉਤਪਤ 11 ਦੇ ਵਿੱਚ ਪਰਮੇਸ਼ੁਰ ਨੇ ਵਿਸ਼ਵਵਿਆਪੀ ਰਾਜ ਬਣਾਉਣ ਦੇ ਮਨੁੱਖਾਂ ਦੇ ਯਤਨ ਨੂੰ ਭਾਸ਼ਾਵਾਂ ਦੇ ਵਿੱਚ ਗੜਬੜੀ ਪਾਉਣ ਦੇ ਦੁਆਰਾ ਸਜ਼ਾ ਦਿੱਤੀ। ਰਸੂਲਾਂ ਦੇ ਕਰਤੱਬ 2 ਦੇ ਵਿੱਚ, ਪਰਮੇਸ਼ੁਰ ਨੇ ਭਾਸ਼ਾਵਾਂ ਦੀ ਗੜਬੜੀ ਨੂੰ ਮੁੜ-ਬਹਾਲ ਕਰਦੇ ਹੋਏ ਆਪਣੇ ਰਾਜ ਦੀ ਉਸਾਰੀ ਕਰਨੀ ਅਰੰਭ ਕੀਤੀ।

ਪੰਤੇਕੁਸਤ "ਇੰਨ੍ਹਾਂ ਨਾਲੋਂ ਵੀ ਵੱਡੇ ਕੰਮਾਂ" ਦਾ ਅਰੰਭ ਸੀ ਜਿਸਦਾ ਵਾਇਦਾ ਯਿਸੂ ਨੇ ਕੀਤਾ ਸੀ (ਯੂਹੰਨਾ 14:12)। ਯਿਸੂ ਦੀ ਵਿਰਾਸਤ ਪੂਰੀ ਹੋਣੀ ਅਰੰਭ ਹੋ ਗਈ ਸੀ। ਪਵਿੱਤਰ ਆਤਮਾ ਦਾ ਵਾਈਦਾ ਹੁਣ ਰਸੂਲਾਂ ਦੀ ਸੇਵਕਾਈ ਦੇ ਵਿੱਚ ਕਿਰਿਆਸ਼ੀਲ ਸੀ। ਇਸ ਸਮੇਂ ਤੋਂ ਬਾਅਦ ਕਲੀਸਿਆ ਪਰਮੇਸ਼ੁਰ ਦੇ ਮਹਾਨ ਉਦੇਸ਼ ਨੂੰ ਪੂਰਾ ਕਰਨਾ ਸ਼ੁਰੂ ਕਰ ਦੇਵੇਗੀ। ਜਿਵੇਂ ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ, ਹੁਣ ਪੁਰਾਣੇ ਨੇਮ ਦੇ ਵਾਇਦੇ ਕਲੀਸਿਆ ਦੇ ਦੁਆਰਾ ਪੂਰੇ ਹੋ ਰਹੇ ਸਨ।

ਜੌਨ੍ਹ ਸਟੋਟ ਨੇ ਪੰਤੇਕੁਸਤ ਦੇ ਦਿਨ ਦੇ ਚਾਰ ਤੱਥਾਂ ਦੀ ਵਿਆਖਿਆ ਕੀਤੀ।[62]

- ਪੰਤੇਕੁਸਤ ਦਾ ਦਿਨ ਧਰਤੀ ਤੇ ਯਿਸੂ ਦੇ ਮੁਕਤੀ ਦੇ ਕੰਮ ਦੀ ਅੰਤਿਮ ਕਿਰਿਆ ਸੀ।

---

[62]John W. Stott, *The Message of Acts* (Westmont, Illinois: InterVarsity Press, 1990), 60-61

- ਪੰਤੇਕੁਸਤ ਦੇ ਦਿਨ ਨੇ ਰਸੂਲਾਂ ਨੂੰ ਮਹਾਨ ਆਗਿਆ ਦੇ ਲਈ ਤਿਆਰ ਕੀਤਾ।

- ਪੰਤੇਕੁਸਤ ਦੇ ਦਿਨ ਆਤਮਾ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਪੂਰੇ ਪੁਰਾਣੇ ਨੇਮ ਦੇ ਵਿੱਚ ਪਵਿੱਤਰ ਆਤਮਾ ਨੇ ਪਰਮੇਸ਼ੁਰ ਦੇ ਸੇਵਕਾਂ ਨੂੰ ਸੇਵਕਾਈ ਦੇ ਖਾਸ ਸਮਿਆਂ ਦੇ ਲਈ ਸ਼ਕਤੀ ਦਿੱਤੀ। ਪੰਤੇਕੁਸਤ ਤੋਂ ਬਾਅਦ ਮਸੀਹੀ ਲੋਕ ਸਾਰੇ ਸਥਾਨਾਂ ਤੇ ਸਾਰੇ ਸਮਿਆਂ ਦੇ ਲਈ ਉਸਦੀ ਸੇਵਕਾਈ ਦਾ ਲਾਭ ਲੈ ਸਕਦੇ ਹਨ।

- ਪਹਿਲੀ ਮਸੀਹੀ ਬੇਦਾਰੀ ਪੰਤੇਕੁਸਤ ਦੇ ਸਮੇਂ ਹੀ ਅਰੰਭ ਹੋਈ।

ਪੰਤੇਕੁਸਤ ਦੇ ਪ੍ਰਭਾਵ ਰਸੂਲਾਂ ਦੇ ਕਰਤੱਬ ਦੀ ਬਾਕੀ ਦੀ ਸਾਰੀ ਕਿਤਾਬ ਦੇ ਵਿੱਚ ਵੇਖੇ ਜਾ ਸਕਦੇ ਹਨ। ਪੰਤੇਕੁਸਤ ਦੇ ਚਿੰਨ੍ਹ ਬਹੁਤ ਖਾਸ ਸਨ। ਪਵਿੱਤਰ ਆਤਮਾ ਦੇ ਕੀਤੀ ਜਾਣ ਵਾਲੀ ਸੇਵਕਾਈ ਦੇ ਲਈ ਅਨੰਦ, ਵਿਸ਼ਵਾਸੀਆਂ ਦੀ ਸੰਗਤੀ, ਅਰਾਧਨਾ ਦੀ ਆਜਾਦੀ, ਗਵਾਹੀ ਦੇ ਲਈ ਦਿਲੇਰੀ ਅਤੇ ਸੇਵਕਾਈ ਦੇ ਲਈ ਸ਼ਕਤੀ ਇਸਦੇ ਆਮ ਸਬੂਤ ਸਨ।

### ਅਰੰਭਿਕ ਕਲੀਸਿਆ ਦਾ ਪ੍ਰਤੀਦਿਨ ਦਾ ਜੀਵਨ

► ਪੜ੍ਹੋ ਰਸੂਲਾਂ ਦੇ ਕਰਤੱਬ 2:42-47.

ਯਿਸੂ ਦੀ ਵਿਰਾਸਤ ਦੀ ਪੂਰਤੀ ਦਾ ਦੂਸਰਾ ਦ੍ਰਿਸ਼ ਰਸੂਲਾਂ ਦੇ ਕਰਤੱਬ 2 ਅਧਿਆਏ ਦੇ ਅੰਤ ਵਿੱਚ ਪਾਇਆ ਜਾਂਦਾ ਹੈ। ਇਹ ਦ੍ਰਿਸ਼ ਅਰੰਭਿਕ ਕਲੀਸਿਆ ਦੇ ਪ੍ਰਤੀਦਿਨ ਦੇ ਜੀਵਨ ਦੇ ਦ੍ਰਿਸ਼ ਨੂੰ ਵਿਖਾਉਂਦਾ ਹੈ।

ਮਹਾਂ-ਜਾਜਕਾਈ ਦੀ ਪ੍ਰਾਥਨਾ ਦੇ ਵਿੱਚ, ਯਿਸੂ ਨੇ ਆਪਣੇ ਪੈਰੋਕਾਰਾਂ ਦੇ ਵਿੱਚਕਾਰ ਏਕਤਾ ਦੇ ਲਈ ਪ੍ਰਾਥਨਾ ਕੀਤੀ। ਉਸਨੇ ਪ੍ਰਾਥਨਾ ਕੀਤੀ ਕਿ "ਓਹ ਇੱਕੋ ਹੋਣ ਜਿਸ ਤਰਾਂ ਅਸੀਂ ਇੱਕੋ ਹਾਂ" (ਯੂਹੰਨਾ 17:22)। ਇਸ ਪ੍ਰਾਥਨਾ ਦਾ ਉੱਤਰ ਰਸੂਲਾਂ ਦੇ ਕਰਤੱਬ 2 ਵਿੱਚ ਸ਼ੁਰੂ ਹੁੰਦਾ ਹੈ। "ਵਿਸ਼ਵਾਸ ਕਰਨ ਵਾਲਿਆਂ ਦੀ ਮੰਡਲੀ ਇਕੱਠੀ ਰਹਿੰਦੀ ਸੀ;" ਉਹ ਮਿਲ ਕੇ "ਹੈਕਲ ਜਾਂਦੇ ਅਤੇ ਆਪਣੇ ਘਰਾਂ ਦੇ ਵਿੱਚ ਰੋਟੀ ਤੋੜਦੇ ਸਨ;" ਪਰਮੇਸ਼ੁਰ "ਬਚਾਏ ਜਾਂਦੇ ਲੋਕਾਂ ਨੂੰ ਪ੍ਰਤੀਦਿਨ ਉਨ੍ਹਾਂ ਦੇ ਨਾਲ ਜੋੜਦਾ ਜਾਂਦਾ ਸੀ।"

ਰਸੂਲਾਂ ਦੇ ਕਰਤੱਬ ਵਿੱਚ "ਇੱਕ ਮਨ" ਦਾ ਵਾਕ ਅਰੰਭਿਕ ਕਲੀਸਿਆ ਦੀ ਏਕਤਾ ਨੂੰ ਦਰਸਾਉਂਦਾ ਹੈ। ਯਹੂਦੀਆਂ ਅਤੇ ਪਰਾਈਆਂ ਕੌਮਾਂ ਦੀ ਇੱਕ ਇਕੱਠੀ ਕਲੀਸਿਆ ਬਣਾਉਣ ਦੇ ਸੰਘਰਸ਼, ਯਹੂਦੀ ਆਗੂਆਂ ਤੋਂ ਆਉਣ ਵਾਲੇ ਸਤਾਅ, ਰਸੂਲਾਂ ਦੇ ਵਿੱਚਕਾਰ ਨਿੱਜੀ ਵਿਵਾਦ ਦੇ ਬਾਵਜੂਦ ਕਲੀਸਿਆ ਇੱਕ ਬਣੀ ਰਹੀ। ਸਾਰੀਆਂ ਰੁਕਾਵਟਾਂ ਦੇ ਵਿਰੁੱਧ, ਯਿਸੂ ਦੀ ਪ੍ਰਾਥਨਾ "ਕਿ ਇਹ ਸਭ ਇੱਕ ਹੋਣ" ਪੂਰੀ ਹੋਈ।

► ਕੀ ਤੁਹਾਡੀ ਮੌਜੂਦਾ ਕਲੀਸਿਆ ਦੀ ਤਸਵੀਰ ਰਸੂਲਾਂ ਦੇ ਕਰਤੱਬ 2:42-47 ਦੀ ਤਸਵੀਰ ਦੀ ਤਰ੍ਹਾਂ ਵਿੱਖਦੀ ਹੈ? ਕੀ ਤੁਸੀਂ ਆਤਮਾ ਦੀ ਸ਼ਕਤੀ ਦੇ ਵਿੱਚ ਸੇਵਕਾਈ ਕਰ ਰਹੇ ਹੋ? ਜੇਕਰ ਅਜਿਹਾ ਨਹੀਂ ਹੈ, ਤਾਂ ਤੁਹਾਡੀ ਸੇਵਕਾਈ ਦੇ ਵਿੱਚ ਅਤੇ ਇਸਦੇ ਦੁਆਰਾ

ਹੋਣ ਵਾਲੇ ਪਵਿੱਤਰ ਆਤਮਾ ਦੇ ਕੰਮ ਵਿੱਚ ਕੀ ਰੁਕਾਵਟ ਹੈ? ਕੀ ਇਹ ਅਣ-ਆਗਿਆਕਾਰੀ ਹੈ? ਇਹ ਇਹ ਪ੍ਰਾਥਨਾ ਦਾ ਨਾ ਹੋਣਾ ਹੈ? ਵਿਸ਼ਵਾਸ ਦੀ ਘਾਟ ਹੈ? ਏਕਤਾ ਦੀ ਘਾਟ ਹੈ? ਤੁਸੀਂ ਆਪਣੀ ਸੇਵਕਾਈ ਦੇ ਵਿੱਚ ਆਤਮਾ ਦੀ ਬੇਦਾਰੀ ਨੂੰ ਕਿਵੇਂ ਲਿਆ ਸਕਦੇ ਹੋ?

## ਲਾਗੂਕਰਨ: ਆਪਣੇ ਪਿੱਛੇ ਇੱਕ ਵਿਰਾਸਤ ਨੂੰ ਛੱਡਣਾ

ਸੇਵਾ ਮੁਕਤ ਆਗੂਆਂ ਨੇ ਆਪਣੀ ਵਿਰਾਸਤ ਦੇ ਬਾਰੇ ਹੇਠਾਂ ਦਿੱਤੇ ਬਿੰਦੂ ਸਾਂਝੇ ਕੀਤੇ ਹਨ, ਅਗਵਾਈ ਨੂੰ ਛੱਡਣ ਦੇ ਲਈ ਉਨ੍ਹਾਂ ਦੀ ਤਿਆਰੀ ਅਤੇ ਬਦਲਾਅ ਦੇ ਸਬਕ।[63]

### (1) ਆਪਣੇ ਪਿੱਛੇ ਇੱਕ ਵਿਰਾਸਤ ਛੱਡਣ ਵਾਲੇ ਆਗੂ ਭਵਿੱਖ ਦੇ ਯੋਜਨਾ ਬਣਾਉਂਦੇ ਹਨ।

ਕਿਸੇ ਇਮਾਰਤ ਬਣਾਉਣ ਵਾਲੇ ਨੂੰ ਇਹ ਪੁੱਛਣ ਦੀ ਕਲਪਨਾ ਕਰੋ, "ਤੁਸੀਂ ਕੀ ਉਸਾਰ ਰਹੇ ਹੋ?" ਤੁਸੀਂ ਉੱਤਰ ਸੁਣ ਕੇ ਬਹੁਤ ਹੈਰਾਨ ਹੋਵੋਗੇ ਜੇਕਰ ਇਮਾਰਤ ਬਣਾਉਣ ਵਾਲਾ ਉੱਤਰ ਦੇਵੇ, "ਮੈਨੂੰ ਅਜੇ ਪਤਾ ਨਹੀਂ ਹੈ। ਮੈਂ ਇਹ ਵੇਖਣ ਦੀ ਉਡੀਕ ਕਰ ਰਿਹਾ ਹਾਂ ਕਿ ਅੱਗੇ ਕੀ ਹੋਵੇਗਾ।"

ਉਸਾਰੀ ਦਾ ਅਰੰਭ ਕਰਨ ਤੋਂ ਪਹਿਲਾਂ, ਇਮਾਰਤ ਬਣਾਉਣ ਵਾਲਾ ਅੰਤਿਮ ਉਤਪਾਦ ਦੀ ਯੋਜਨਾ ਬਣਾਉਂਦਾ ਹੈ। ਆਪਣੇ ਪਿੱਛੇ ਵਿਰਾਸਤ ਛੱਡਣ ਵਾਲੇ ਆਗੂ ਜਾਣਦੇ ਹਨ ਕਿ ਉਹ ਆਪਣੇ ਪਿੱਛੇ ਕੀ ਛੱਡ ਕੇ ਜਾ ਰਹੇ ਹਨ।

ਜਿਹੜੇ ਆਗੂ ਚੰਗੀ ਤਰ੍ਹਾਂ ਦੇ ਨਾਲ ਸਮਾਪਤੀ ਕਰਦੇ ਹਨ ਉਹ ਆਪਣੇ ਪਿੱਛੇ ਛੱਡਣ ਵਾਲੀ ਵਿਰਾਸਤ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹਨ। ਉਹ ਅੰਨ੍ਹੇਵਾਹ ਸੇਵਕਾਈ ਨਹੀਂ ਕਰਦੇ ਹਨ। ਇਹ ਆਗੂ ਵਿਸ਼ਵਾਸ ਕਰਦੇ ਹਨ, "ਪਰਮੇਸ਼ੁਰ ਨੇ ਮੈਨੂੰ ਮੇਰੀ ਸੇਵਕਾਈ ਦੇ ਖੇਤਰ ਵਿੱਚ ਇਹ ਕੰਮ ਪੂਰਾ ਕਰਨ ਦੇ ਲਈ ਬੁਲਾਇਆ ਹੈ।"

---

[63] ਇਸ ਭਾਗ ਦੀ ਇੰਟਰਵਿਊ ਦੇ ਵਿੱਚ ਅੱਗੇ ਦਿੱਤੇ ਆਗੂ ਸ਼ਾਮਿਲ ਹਨ:

Dr. Michael Avery, God's Bible School and College, Cincinnati, OH

Rev. Paul Pierpoint, Hobe Sound Bible Church and president of FEA Missions, Hobe Sound, FL

Rev. Leonard Sankey ਬਹੁਤ ਸਾਰੀਆਂ ਮਿਸ਼ਨ ਸੰਸਥਾਵਾਂ ਦਾ ਸੇਵਾ ਮੁਕਤ ਪਾਸਬਾਨ ਅਤੇ ਆਗੂ

Dr. Sidney Grant,, FEA Missions, Hobe Sound, FL ਦਾ ਸਾਬਕਾ ਪ੍ਰਧਾਨ

ਯਿਸੂ ਦੀ ਵਿਰਾਸਤ ਚੇਲ੍ਹਿਆ ਦਾ ਸਮੂਹ ਸੀ ਜੋ ਕਲੀਸਿਆ ਦੀ ਅਗਵਾਈ ਕਰਨ ਦੇ ਲਈ ਤਿਆਰ ਕੀਤੇ ਗਏ ਹਨ। ਆਪਣੀ ਸੇਵਕਾਈ ਦੀ ਸ਼ੁਰੂਆਤ ਤੋਂ ਹੀ ਉਸਨੇ ਕਾਫੀ ਸਮਾਂ ਅਤੇ ਊਰਜਾ ਇੰਨ੍ਹਾਂ ਮਨੁੱਖਾਂ ਨੂੰ ਆਪਣੀ ਵਿਰਾਸਤ ਦੇ ਤੌਰ ਤੇ ਤਿਆਰ ਕਰਨ ਦੇ ਵਿੱਚ ਲਗਾਈ।

> "ਤੁਸੀਂ ਆਪਣੀ ਵਿਰਾਸਤ ਨੂੰ ਆਪਣੇ ਜੀਵਨ ਦੇ ਅੰਤ ਵਿੱਚ ਨਹੀਂ ਸਗੋਂ ਪ੍ਰਤੀਦਿਨ ਬਣਾਉਂਦੇ ਹੋ।"
>
> -ਅਲਾਨ ਵੈਅਸ

ਜੇਕਰ ਤੁਸੀਂ ਆਪਣੇ ਪਿੱਛੇ ਇੱਕ ਵਿਰਾਸਤ ਨੂੰ ਛੱਡਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਭਵਿੱਖ ਦੀ ਯੋਜਨਾ ਬਣਾਉਣੀ ਬਹੁਤ ਜਰੂਰੀ ਹੈ। ਦੁੱਖ ਪੂਰਵਕ ਬਹੁਤ ਸਾਰੇ ਲੋਕ ਬਿਨਾਂ ਕਿਸੇ ਟੀਚੇ ਦੇ ਆਪਣੇ ਜੀਵਨ ਦੀ ਉਸਾਰੀ ਕਰਦੇ ਹਨ। ਜੇਕਰ ਉਨ੍ਹਾਂ ਨੂੰ 30, 50 ਅਤੇ ਇੱਥੋਂ ਤੱਕ ਕਿ 70 ਦੀ ਉਮਰ ਦੇ ਵਿੱਚ ਵੀ ਪੁੱਛਿਆ ਜਾਵੇ, "ਤੁਸੀਂ ਆਪਣੇ ਜੀਵਨ ਦੇ ਨਾਲ ਕੀ ਉਸਾਰੀ ਕਰ ਰਹੇ ਹੋ?" ਤਾਂ ਉੱਤਰ ਹੁੰਦਾ ਹੈ, "ਮੈਂ ਨਹੀਂ ਜਾਣਦਾ। ਮੈਂ ਇਸਦੇ ਹੋਣ ਦੀ ਉਡੀਕ ਕਰ ਰਿਹਾ ਹਾਂ।"

**(2) ਜੋ ਆਗੂ ਆਪਣੇ ਪਿੱਛੇ ਇੱਕ ਵਿਰਾਸਤ ਨੂੰ ਛੱਡਦੇ ਹਨ ਉਹ ਬਦਲਾਅ ਦੇ ਲਈ ਧਿਆਨਪੂਰਵਕ ਤਿਆਰੀ ਕਰਦੇ ਹਨ।**

ਕਿਸੇ ਉਸਾਰੀ ਦੇ ਪ੍ਰੋਜੈਕਟ ਦੇ ਅੰਤ ਦੇ ਸਮੇਂ ਕਿਸੇ ਇਮਾਰਤ ਬਣਾਉਣ ਵਾਲੇ ਵਿਅਕਤੀ ਕੋਲ ਜਾਣ ਦੀ ਕਲਪਨਾ ਕਰੋ। ਕੰਧਾਂ ਬਣ ਗਈਆਂ ਹਨ; ਛੱਤ ਪੂਰੀ ਹੋ ਚੁੱਕੀ ਹੈ; ਹੁਣ ਲਗਭਗ ਇਸ ਵਿੱਚ ਰਹਿਣ ਦਾ ਸਮਾਂ ਹੈ। ਤੁਸੀਂ ਪੁੱਛਦੇ ਹੋ, "ਇਮਾਰਤ ਦੇ ਪੂਰਾ ਹੋਣ ਵਿੱਚ ਹੋਰ ਕੀ ਕਰਨ ਵਾਲਾ ਰਹਿ ਗਿਆ ਹੈ?"

ਤੁਸੀਂ ਬਹੁਤ ਹੈਰਾਨ ਹੋਵੋਗੇ ਜੇਕਰ ਉਹ ਉੱਤਰ ਦੇਵੇ, "ਮੈਂ ਨਹੀਂ ਜਾਣਦਾ! ਮੈਂ ਇਸਦੇ ਅੰਤਿਮ ਕੰਮ ਦੇ ਬਾਰੇ ਸੋਚਣ ਵਿੱਚ ਜਿਆਦਾ ਸਮਾਂ ਨਹੀਂ ਬਿਤਾਉਂਦਾ।" ਨਹੀਂ! ਇਮਾਰਤ ਬਣਾਉਣ ਵਾਲਾ ਕੁਝ ਅਜਿਹਾ ਬਣਾ ਰਿਹਾ ਹੈ ਜੋ ਉਸ ਦੇ ਜੀਵਨ ਨਾਲੋਂ ਵੀ ਜਿਆਦਾ ਦੇਰ ਬਣਿਆ ਰਹੇਗਾ। ਉਹ ਹਰੇਕ ਕਦਮ ਦੀ ਧਿਆਨਪੂਰਵਕ ਯੋਜਨਾ ਬਣਾਉਂਦਾ ਹੈ। ਉਹ ਤੁਹਾਨੂੰ ਦੱਸ ਸਕਦਾ ਹੈ, "ਇਸ ਦਿਨ ਇਮਾਰਤ ਦਾ ਕੰਮ ਪੂਰਾ ਹੋ ਜਾਵੇਗਾ। ਇਸ ਸਮੇਂ ਤੱਕ ਇਸਦਾ ਮਾਲਿਕ ਇਸ ਵਿੱਚ ਰਹਿਣ ਲਈ ਆ ਜਾਵੇਗਾ।" ਬਦਲਾਅ ਦੇ ਲਈ ਸਭ ਕੁਝ ਤਿਆਰ ਕੀਤਾ ਜਾ ਚੁੱਕਾ ਹੈ।

ਜੋ ਆਗੂ ਆਪਣੇ ਪਿੱਛੇ ਇੱਕ ਵਿਰਾਸਤ ਨੂੰ ਛੱਡਦੇ ਹਨ ਉਹ ਬਦਲਾਅ ਦੇ ਲਈ ਧਿਆਨਪੂਰਵਕ ਤਿਆਰੀ ਕਰਦੇ ਹਨ। ਜਦੋਂ ਸੰਭਵ ਹੋਵੇ, ਉਹ ਪਹਿਲਾਂ ਤੋਂ ਹੀ ਆਪਣੇ ਅਸਤੀਫੇ ਦੀ ਯੋਜਨਾ ਬਣਾ ਲੈਂਦੇ ਹਨ, ਜਿਸ ਨਾਲ ਸੰਸਥਾ ਨੂੰ ਉਸਦੇ ਬਾਅਦ ਵਿੱਚ ਆਉਣ ਵਾਲੇ ਵਿਅਕਤੀ ਨੂੰ ਚੁਣਨ ਦੀ ਪ੍ਰਵਾਨਗੀ ਮਿਲ ਜਾਂਦੀ ਹੈ, ਇਸਦੇ ਨਾਲ ਉਸਦੇ ਬਾਅਦ ਆਉਣ ਵਾਲੇ ਵਿਅਕਤੀ ਨੂੰ ਜਿੰਮੇਵਾਰੀਆਂ ਦੇ ਲਈ ਤਿਆਰ ਹੋਣ ਦਾ ਮੌਕਾ ਮਿਲ ਜਾਂਦਾ ਹੈ। ਕੁਝ ਮਾਮਲਿਆਂ ਵਿੱਚ, ਬਾਹਰ ਜਾਣ ਵਾਲੇ ਅਤੇ ਆਉਣ ਵਾਲੇ ਆਗੂਆਂ ਦਾ ਸਮਾਂ ਸਾਂਝਾ ਹੁੰਦਾ ਹੈ ਜਿਸ ਵਿੱਚ ਨਵਾਂ ਆਗੂ ਫੈਸਲੇ ਲੈਣਾ ਸ਼ੁਰੂ ਕਰ ਦਿੰਦਾ ਹੈ ਜਦੋਂ ਕਿ ਪਿੱਛਲਾ ਆਗੂ ਸਲਾਹ ਅਤੇ ਸੁਝਾਅ ਦੇ ਲਈ ਉਪਲੱਬਧ ਹੁੰਦਾ ਹੈ।

ਵਿਰਾਸਤ ਨੂੰ ਆਪਣੇ ਪਿੱਛੇ ਛੱਡਣ ਵਾਲੇ ਆਗੂ ਉਸ ਸੇਵਕਾਈ ਨੂੰ ਬਦਲਾਅ ਦੇ ਲਈ ਤਿਆਰ ਕਰਦੇ ਹਨ ਜਿਸਦੇ ਉਹ ਅਗਵਾਈ ਕਰਦੇ ਹਨ। ਬਾਹਰ ਜਾਣ ਵਾਲੇ ਪ੍ਰਭਾਵਸ਼ਾਲੀ ਆਗੂ ਭਵਿੱਖ ਦੇ ਲਈ ਪਰਮੇਸ਼ੁਰ ਦੀ ਪ੍ਰਦਾਨ ਕਰਨ ਦੀ ਸਮਰੱਥਾ ਬਾਰੇ ਦੱਸਦੇ ਹਨ। ਉਹ ਲੋਕਾਂ ਨੂੰ ਅੱਗਲੇ ਆਗੂ ਦੇ ਅੱਗੇ ਚੰਗੇ ਤਰੀਕੇ ਦੇ ਨਾਲ ਕੰਮ ਕਰਨ ਦੇ ਲਈ ਤਿਆਰ ਕਰਦੇ ਹਨ। ਉਹ ਇਸ ਗੱਲ ਨੂੰ ਪੱਕਿਆਂ ਕਰਦੇ ਹਨ ਕਿ ਸੰਸਥਾ ਦੇ ਲੋਕ ਬਦਲਾਅ ਦੇ ਵਿੱਚ ਸੁਰੱਖਿਅਤ ਮਹਿਸੂਸ ਕਰਨ। ਇੱਕ ਆਗੂ ਨੇ ਲਿਖਿਆ, "ਮੇਰਾ ਟੀਚਾ ਇਸਨੂੰ ਇੰਨਾਂ ਨਿਰਵਿਘਨ ਬਣਾਉਣਾ ਹੈ ਕਿ ਲੋਕ ਮੇਰੇ ਚਲੇ ਜਾਣ ਨੂੰ ਪਹਿਚਾਣ ਵੀ ਨਹੀਂ ਸਕਣਗੇ।"

**(3) ਅਜਿਹੇ ਆਗੂ ਜੋ ਆਪਣੇ ਪਿੱਛੇ ਵਿਰਾਸਤ ਨੂੰ ਛੱਡਦੇ ਹਨ ਜੋ ਜਾਣਦੇ ਹਨ ਕਿ ਉਨ੍ਹਾਂ ਨੂੰ ਕਦੋਂ ਛੱਡਣਾ ਚਾਹੀਦਾ ਹੈ।**

ਆਗੂ ਦੇ ਵਿੱਚ ਜਿੰਮੇਦਾਰੀਆਂ ਨੂੰ ਅੱਗਲੇ ਆਗੂ ਨੂੰ ਸੌਂਪ ਕੇ ਬਿਨਾਂ ਕਿਸੇ ਪਛਤਾਵੇ ਦੇ ਜਾਣ ਦੀ ਸਵੈ-ਇੱਛਾ ਹੋਣੀ ਚਾਹੀਦੀ ਹੈ। ਪੁਰਾਣੇ ਆਗੂ ਸਲਾਹ ਦੇਣ ਦੇ ਲਈ ਉਪਲੱਬਧ ਹੋਣੇ ਚਾਹੀਦੇ ਹਨ, ਪਰ ਅਜਿਹਾ ਉਦੋਂ ਹੀ ਕਰਨਾ ਚਾਹੀਦਾ ਹੈ ਜਦੋਂ ਮੌਜੂਦਾ ਆਗੂ ਇਸਦੀ ਮੰਗ ਕਰੇ।

ਇਸ ਕੋਰਸ ਦੇ ਵਿੱਚ ਅਸੀਂ ਵੇਖਿਆ ਹੈ ਕਿ ਕਿਵੇਂ ਯਿਸੂ ਨੇ ਕਲੀਸਿਆ ਦੇ ਵਿੱਚ ਅਗਵਾਈ ਲੈਣ ਦੇ ਲਈ ਚੇਲ੍ਹਿਆਂ ਨੂੰ ਤਿਆਰ ਕੀਤਾ। ਪਹਿਲਾਂ, ਉਸਨੇ ਉਨ੍ਹਾਂ ਨੂੰ ਬਹੁਤ ਧਿਆਨਪੂਰਵਕ ਸਿਖਲਾਈ ਦਿੱਤੀ ਹੈ। ਫਿਰ ਉਸਨੇ ਉਨ੍ਹਾਂ ਨੂੰ ਸੇਵਕਾਈ ਕਰਨ ਦੇ ਲਈ ਭੇਜਿਆ ਅਤੇ ਫਿਰ ਉਹ ਮੁਲਾਂਕਣ ਦੇ ਲਈ ਵਾਪਿਸ ਆਏ। ਅੰਤਿਮ ਭੋਜ ਤੇ ਉਸਨੇ ਉਨ੍ਹਾਂ ਨੂੰ ਸੇਵਕਾਈ ਦੇ ਲਈ ਅੰਤਿਮ ਨਿਰਦੇਸ਼ ਦਿੱਤੇ। ਸਵਰਗ ਤੇ ਉਠਾਏ ਜਾਨ ਦੇ ਕੁਝ ਹੀ ਸਮਾਂ ਪਹਿਲਾਂ ਉਸਨੇ ਉਨ੍ਹਾਂ ਨੂੰ ਮਿਲੀ ਮਹਾਨ ਆਗਿਆ ਯਾਦ ਕਰਵਾਈ। ਯਿਸੂ ਨੇ ਬਦਲਾਅ ਦੇ ਲਈ ਉਨ੍ਹਾਂ ਨੂੰ ਧਿਆਨਪੂਰਵਕ ਤਿਆਰ ਕੀਤਾ।

ਇਹ ਦੁੱਖ ਦੀ ਗੱਲ ਹੈ ਕਿ ਅੱਜ ਬਹੁਤ ਸਾਰੇ ਮਸੀਹੀ ਅਗਵਾਈ ਦੇ ਬਦਲਾਅ ਤੇ ਬਹੁਤ ਘੱਟ ਧਿਆਨ ਦਿੰਦੇ ਹਨ। ਉਹ ਸੋਚਦੇ ਹਨ, "ਜਦੋਂ ਤੱਕ ਮੇਰੇ ਸਥਾਨ ਤੇ ਕੋਈ ਹੋਰ ਨਹੀਂ ਆ ਜਾਂਦਾ। ਇਸ ਤੋਂ ਬਾਅਦ ਇਹ ਮੇਰੀ ਸਮੱਸਿਆ ਨਹੀਂ ਹੋਵੇਗੀ।" ਇਹ ਸੱਚ ਹੈ ਕਿ ਕਈ ਵਾਰ ਅਚਾਨਕ ਆਈ ਬਿਮਾਰੀ, ਮੌਤ, ਜਾਂ ਸੇਵਕਾਈ ਦਾ ਮੁੱਖ ਬਦਲਾਅ ਬਦਲਾਅ ਤੋਂ ਪਹਿਲਾਂ ਤਿਆਰੀ ਕਰਨ ਨੂੰ ਅਸੰਭਵ ਬਣਾ ਦਿੰਦੇ ਹਨ। ਪਰ ਜਦੋਂ ਵੀ ਸੰਭਵ ਹੋਵੇ ਸਾਨੂੰ ਧਿਆਨਪੂਰਵਕ ਅੱਗਲੇ ਆਗੂ ਦੇ ਲਈ ਯੋਜਨਾ ਬਣਾਉਣੀ ਚਾਹੀਦੀ ਹੈ। ਇਹ ਭਵਿੱਖ ਦੇ ਲਈ ਵਿਰਾਸਤ ਦੀ ਸੰਭਾਲ ਕਰਨ ਦੇ ਸਭ ਤੋਂ ਮਹੱਤਵਪੂਰਨ ਕੰਮਾਂ ਦੇ ਵਿੱਚੋਂ ਇੱਕ ਹੈ।

## ਪਾਠ 9 ਦੇ ਅਸਾਇਨਮੈਂਟ

ਅੱਗੇ ਦੱਸੀਆਂ ਹਦਾਇਤਾਂ ਦੇ ਆਧਾਰ ਤੇ 3-5 ਪੰਨਿਆਂ ਦਾ ਲੇਖ ਲਿਖੋ:

(1) ਕਿਸੇ ਅਜਿਹੇ ਸੇਵਕਾਈ ਦੇ ਆਗੂ ਜਾਂ ਪਰਿਵਾਰਿਕ ਮੈਂਬਰ ਦੇ ਬਾਰੇ ਸੋਚੋ ਜਿੰਨ੍ਹਾਂ ਨੇ ਅਜਿਹੀ ਵਿਰਾਸਤ ਛੱਡੀ ਹੈ ਜਿਸਨੇ ਤੁਹਾਡੇ ਜੀਵਨ ਅਤੇ ਸੇਵਕਾਈ ਨੂੰ ਪ੍ਰਭਾਵਿਤ ਕੀਤਾ ਹੈ। ਇੱਕ ਪੰਨੇ ਤੇ, ਤੁਹਾਡੇ ਜੀਵਨ ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਲਿਖੋ। ਦੋ ਪ੍ਰਸ਼ਨਾਂ ਦਾ ਉੱਤਰ ਦਿਉ।

- ਤੁਹਾਡੇ ਜੀਵਨ ਤੇ ਉਨ੍ਹਾਂ ਦਾ ਕੀ ਪ੍ਰਭਾਵ ਸੀ?
- ਉਨ੍ਹਾਂ ਨੇ ਅਜਿਹਾ ਕੀ ਕੀਤਾ ਜਾਂ ਕਿਹਾ ਜਿਸ ਕਾਰਨ ਇਹ ਬਹੁਤ ਪ੍ਰਭਾਵਸ਼ਾਲੀ ਬਣ ਗਿਆ?

(2) ਤੁਸੀਂ ਮਰਨ ਤੋਂ ਪਹਿਲਾਂ ਕਿਸ ਤਰ੍ਹਾਂ ਦੀ ਵਿਰਾਸਤ ਨੂੰ ਪਿੱਛੇ ਛੱਡਣਾ ਚਾਹੁੰਦੇ ਹੋ? ਆਪਣੀ ਪ੍ਰਤੀਕਿਰਿਆ ਨੂੰ ਖਾਸ ਤੌਰ ਤੇ ਦੱਸੋ। 1-2 ਪੰਨਿਆਂ ਦੇ ਵਿੱਚ ਉੱਤਰ ਦਿਓ।

- ਤੁਸੀਂ ਆਪਣੇ ਪਰਿਵਾਰ ਦੇ ਲਈ ਕਿਹੜੀ ਵਿਰਾਸਤ ਛੱਡਣਾ ਚਾਹੁੰਦੇ ਹੋ?
- ਤੁਸੀਂ ਆਪਣੇ ਸਮਾਜ ਦੇ ਲਈ ਕਿਹੜੀ ਵਿਰਾਸਤ ਛੱਡਣਾ ਚਾਹੁੰਦੇ ਹੋ?
- ਤੁਸੀਂ ਆਪਣੀ ਸੇਵਕਾਈ ਦੇ ਲਈ ਕਿਹੜੀ ਵਿਰਾਸਤ ਛੱਡਣਾ ਚਾਹੁੰਦੇ ਹੋ?

(3) ਜਵਾਬ 2 ਵਿੱਚ ਤਿੰਨ ਆਈਟਮਾਂ ਵਿੱਚੋਂ ਹਰੇਕ ਲਈ, ਖਾਸ ਅਭਿਆਸਾਂ ਦੀ ਪਛਾਣ ਕਰੋ ਜਿਨ੍ਹਾਂ ਦੀ ਤੁਹਾਨੂੰ ਵਿਰਾਸਤ ਛੱਡਣ ਲਈ ਹੁਣੇ ਪਾਲਣਾ ਕਰਨੀ ਚਾਹੀਦੀ ਹੈ ਜੋ ਤੁਸੀਂ ਛੱਡਣਾ ਚਾਹੁੰਦੇ ਹੋ। 1-2 ਪੰਨਿਆਂ ਵਿੱਚ ਜਵਾਬ ਦਿਓ।

ਇਸ ਪੇਪਰ ਨੂੰ ਆਪਣੇ ਕੋਲ ਰੱਖੋ ਅਤੇ ਛੇ ਮਹੀਨਿਆਂ ਦੇ ਲਈ ਹਰ ਹਫ਼ਤੇ ਇਸਦੀ ਸਮੀਖਿਆ ਕਰੋ। ਅੱਗਲੀ ਪੀੜ੍ਹੀ ਦੇ ਲਈ ਆਪਣੀ ਵਿਰਾਸਤ ਦੀ ਯੋਜਨਾ ਬਣਾਉਣ ਦੇ ਵਿੱਚ ਇਸਦਾ ਉਪਯੋਗ ਕਰੋ।

# ਰਾਜ ਦਾ ਸ਼ੁਭਸਮਾਚਾਰ (ਇੱਕ ਪ੍ਰਚਾਰ)

ਪ੍ਰੋਫੈਸਰ ਡੈਨੀ ਮਕੈਅਨ (ਯੂਨੀਵਰਸਿਟੀ ਔਫ ਜੋਸ, ਨਾਈਜੀਰੀਆ)

ਕੁਝ ਸਾਲ ਪਹਿਲਾਂ ਗੋਂਬੇ ਦੇ ਅਮਿਰ ਨੇ ਮੈਨੂੰ ਇੱਕ ਮੁਲਾਕਾਤ ਦੇ ਲਈ ਸੱਦਾ ਦਿੱਤਾ। ਕੁਝ ਮਹੀਨੇ ਦੇ ਬਾਅਦ ਮੈਂ ਇੱਕ ਮਹਿਲ ਦੇ ਵਿੱਚ ਗਿਆ। ਇੱਕ ਅਧਿਕਾਰੀ ਨੇ ਉਹ ਸਾਰੇ ਨਿਯਮ ਦੱਸੇ ਜੋ ਅਮਿਰ ਨੂੰ ਮਿਲਦੇ ਸਮੇਂ ਧਿਆਨ ਵਿੱਚ ਰੱਖਣੇ ਜਰੂਰੀ ਸਨ। ਜਦੋਂ ਤੁਸੀਂ ਮਹਿਲ ਦੇ ਵਿੱਚ ਜਾਂਦੇ ਹੋ ਤਾਂ ਤੁਹਾਨੂੰ ਆਪਣੀ ਜੁੱਤੀ ਲਾਹ ਦੇਣੀ ਚਾਹੀਦੀ ਹੈ। ਤੁਹਾਨੂੰ ਅਮਿਰ ਦੇ ਨਾਲ ਹੱਥ ਨਹੀਂ ਮਿਲਾਉਣਾ ਚਾਹੀਦਾ ਕਿਉਂਕਿ ਉਹ ਆਮ ਲੋਕਾਂ ਦੇ ਨਾਲ ਹੱਥ ਨਹੀਂ ਮਿਲਾਉਂਦਾ। ਤੁਸੀਂ ਅਮਿਰ ਦੇ ਨਾਲ ਇੱਕ ਬਰਾਬਰ ਨਹੀਂ ਬੈਠ ਸਕਦੇ। ਤੁਹਾਨੂੰ ਰਾਜੇ ਨੂੰ "ਮਹਾਂਰਾਜ" ਜਾਂ "ਜਨਾਬ ਸ਼ਾਹੀ ਮਹਾਂਰਾਜ" ਕਹਿ ਕੇ ਸੰਬੋਧਿਤ ਕਰਨਾ ਪਵੇਗਾ।

ਹਰੇਕ ਰਾਜ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ, ਨਿਯਮ ਅਤੇ ਆਗੂ ਹੁੰਦੇ ਹਨ। ਜੇਕਰ ਤੁਸੀਂ ਉਸ ਰਾਜ ਦਾ ਹਿੱਸਾ ਹੋ ਤਾਂ ਤੁਹਾਨੂੰ ਉਸ ਰਾਜ ਅਤੇ ਇਸਦੇ ਨਿਯਮਾਂ ਨੂੰ ਸਮਝਣਾ ਪੈਂਦਾ ਹੈ। ਮੈਂ ਦੋ ਵਚਨਾਂ ਦੇ ਨਾਲ ਅਰੰਭ ਕਰਾਂਗਾ ਜੋ ਇਸ ਪ੍ਰਚਾਰ ਦੀ ਨੀਂਹ ਦੇ ਵੱਜੋਂ ਕੰਮ ਕਰਨਗੇ।

ਮੱਤੀ 6:9-10:

> ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।

ਲੂਕਾ 9:1-2:

> ਉਸ ਨੇ ਬਾਰਾਂ ਚੇਲਿਆਂ ਨੂੰ ਇੱਕਠੇ ਬੁਲਾ ਕੇ ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖ਼ਤਿਆਰ ਦਿੱਤਾ। ਅਰ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਦਾ ਪਰਚਾਰ ਕਰਨ ਅਤੇ ਰੋਗੀਆਂ ਨੂੰ ਚੰਗੇ ਕਰਨ ਲਈ ਘੱਲਿਆ।

ਇਸ ਸੰਦੇਸ਼ ਦੇ ਵਿੱਚ, ਮੈਂ ਪਰਮੇਸ਼ੁਰ ਦੇ ਰਾਜ ਦੀ ਇੱਕ ਵੱਡੀ ਤਸਵੀਰ ਦੇਣਾ ਚਾਹੁੰਦਾ ਹਾਂ ਅਤੇ ਵਿਖਾਉਣਾ ਚਾਹੁੰਦਾ ਹਾਂ ਕਿ ਇਹ ਸਚਿਆਈ ਸਾਡੇ ਜੀਵਨਾਂ ਦੇ ਵਿੱਚ ਅਭਿਆਸਿਕ ਕਿਵੇਂ ਹੋ ਸਕਦੀ ਹੈ।

## ਪਰਮੇਸ਼ੁਰ ਦਾ ਰਾਜ: ਵੱਡੀ ਤਸਵੀਰ

ਜਦੋਂ ਮੈਂ ਬੱਚਾ ਸੀ, ਮੈਂ ਸੋਚਦਾ ਸੀ ਕਿ "ਪਰਮੇਸ਼ੁਰ ਦਾ ਰਾਜ" **ਪਰਮੇਸ਼ੁਰ ਦਾ ਸਦੀਪਕ ਘਰ-ਸਵਰਗ** ਸੀ। ਰਾਜ ਦੇ ਬਹੁਤ ਸਾਰੇ ਵਚਨ ਸਾਡੇ ਸਦੀਪਕ ਘਰ ਦਾ ਹਵਾਲਾ ਦਿੰਦੇ ਹਨ। "ਨਾ ਹਰੇਕ ਜਿਹੜਾ ਮੈਨੂੰ ਪ੍ਰਭੁ! ਪ੍ਰਭੁ! ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ" (ਮੱਤੀ 7:21)।

ਜਿਵੇਂ ਮੈਂ ਹੋਰ ਅਧਿਐਨ ਕੀਤਾ, ਤਾਂ ਮੈਂ ਸਮਝਣਾ ਸ਼ੁਰੂ ਕੀਤਾ ਕਿ ਰਾਜ ਪਰਮੇਸ਼ੁਰ ਦੇ ਸਦੀਪਕ ਘਰ ਨਾਲੋਂ ਕਿਤੇ ਜਿਆਦਾ ਹੈ। ਕੁਝ ਸਮੇਂ ਦੇ ਲਈ ਮੈਂ ਸੋਚਿਆ ਕਿ ਰਾਜ ਕਿਸੇ ਤਰ੍ਹਾਂ ਦੇ ਨਾਲ **ਕਲੀਸਿਆ** ਦੇ ਹੀ ਬਰਾਬਰ ਹੈ। ਮੱਛੀਆਂ ਦੇ ਦ੍ਰਿਸ਼ਟਾਂਤ ਜਿਹੇ ਦ੍ਰਿਸ਼ਟਾਂਤ ਹਵਾਲੇ ਦਰਸਾਉਂਦੇ ਹਨ ਕਿ ਰਾਜ ਦੇ ਕੁਝ ਹਵਾਲੇ ਸਵਰਗ ਦੇ ਬਾਰੇ ਨਹੀਂ ਹਨ।

> ਫੇਰ ਸੁਰਗ ਦਾ ਰਾਜ ਇੱਕ ਜਾਲ ਵਰਗਾ ਹੈ ਜਿਹੜਾ ਝੀਲ ਵਿੱਚ ਸੁੱਟਿਆ ਗਿਆ ਅਤੇ ਹਰ ਭਾਂਤ ਦੇ ਮੱਛ ਕੱਛ ਸਮੇਟ ਲਿਆਇਆ। ਸੋ ਜਾਂ ਉਹ ਭਰ ਗਿਆ ਤਾਂ ਲੋਕ ਕੰਢੇ ਉੱਤੇ ਖਿੱਚ ਕੇ ਲੈ ਆਏ ਅਤੇ ਬੈਠ ਕੇ ਖਰੀਆਂ ਨੂੰ ਭਾਂਡਿਆਂ ਵਿੱਚ ਜਮਾ ਕੀਤਾ ਅਤੇ ਨਿਕੰਮੀਆਂ ਨੂੰ ਪਰੇ ਸੁੱਟ ਦਿੱਤਾ। ਸੋ ਜੁਗ ਦੇ ਅੰਤ ਦੇ ਸਮੇ ਅਜਿਹਾ ਹੀ ਹੋਵੇਗਾ। ਦੂਤ ਨਿੱਕਲ ਆਉਣਗੇ ਅਤੇ ਧਰਮੀਆਂ ਵਿੱਚੋਂ ਦੁਸ਼ਟਾਂ ਨੂੰ ਅੱਡ ਕਰਨਗੇ। ਅਰ ਇਨ੍ਹਾਂ ਨੂੰ ਭਖਦੇ ਭੱਠੇ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਰ ਕਚੀਚੀਆਂ ਵੱਟਣਾ ਹੋਵੇਗਾ (ਮੱਤੀ 13:47-50)।

ਇਸ ਹਵਾਲਾ ਕਲੀਸਿਆ ਦੇ ਲਈ ਹੈ। ਸਾਡੀਆਂ ਕਲੀਸਿਆਵਾਂ ਦੇ ਕੁਝ ਵਿਸ਼ਵਾਸੀ ਅਸਲ ਹਨ ਅਤੇ ਕੁਝ ਕਪਟੀ ਹਨ, ਕਲੀਸਿਆ ਦੇ ਯੁੱਗ ਦੇ ਅੰਤ ਵਿੱਚ , ਪਰਮੇਸ਼ੁਰ ਉਨ੍ਹਾਂ ਨੂੰ ਵੱਖਰਿਆਂ ਕਰੇਗਾ: ""ਨਾ ਹਰੇਕ ਜਿਹੜਾ ਮੈਨੂੰ ਪ੍ਰਭੁ! ਪ੍ਰਭੁ! ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ" (ਮੱਤੀ 7:21)।

ਜਿੰਨਾ ਜਿਆਦਾ ਮੈਂ ਅਧਿਐਨ ਕੀਤਾ, ਤਾਂ ਮੈਨੂੰ ਉਨੇ ਹੀ ਜਿਆਦਾ ਚਿੰਨ੍ਹ ਮਿਲੇ ਕਿ ਪਰਮੇਸ਼ੁਰ ਦਾ ਰਾਜ **ਕਲੀਸਿਆ ਨਾਲੋਂ ਜਿਆਦਾ ਵਿਸ਼ਾਲ** ਹੈ। ਯਿਸੂ ਨੇ ਕਿਹਾ, "ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ" (ਮੱਤੀ 12:28)। ਜੇਕਰ ਕਲੀਸਿਆ ਦਾ ਜਨਮ ਪੰਤੇਕੁਸਤ ਦੇ ਦਿਨ ਹੋਇਆ ਤਾਂ ਰਾਜ ਪਹਿਲਾਂ ਹੀ ਆ ਪਹੁੰਚਿਆ ਸੀ, ਤਾਂ ਫਿਰ ਕਲੀਸਿਆ ਅਤੇ ਰਾਜ ਦੋਵੇਂ ਇੱਕ ਸਮਾਨ ਨਹੀਂ ਹਨ।

ਇੰਨਾਂ ਵਿਚਾਰਾਂ ਨੇ ਮੈਨੂੰ ਰਾਜ ਨੂੰ ਸੰਪੂਰਨ ਦ੍ਰਿਸ਼ਟੀਕੋਣ ਵੱਲ ਵੇਖਣ ਦੇ ਲਈ ਮੈਨੂੰ ਮਜ਼ਬੂਰ ਕੀਤਾ। ਹੁਣ ਮੈਂ ਅਜਿਹਾ ਕਰਨਾ ਚਾਹੁੰਦਾ ਹਾਂ।

## ਅਦਨ ਦੇ ਬਾਗ਼ ਵਿੱਚ ਪਰਮੇਸ਼ੁਰ ਦਾ ਰਾਜ

ਰਚਨਾ ਦੇ ਦੌਰਾਨ ਪਰਮੇਸ਼ੁਰ ਨੇ ਕਿਹਾ, "ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ" (ਉਤਪਤ 1:26)। ਜਦੋਂ ਪਰਮੇਸ਼ੁਰ ਦੇ ਮਨੁੱਖਾਂ ਨੂੰ ਬਣਾਇਆ ਤਾਂ ਉਸਨੇ ਕੁਝ ਤਰੀਕਿਆਂ ਦੇ ਨਾਲ ਆਪਣੇ ਜਿਹਾ ਬਣਾਇਆ।

ਇਹ ਤਰਕਸ਼ੀਲ ਹੈ ਕਿ ਪਰਮੇਸ਼ੁਰ ਮਨੁੱਖਾਂ ਦੇ ਰਹਿਣ ਲਈ ਅਜਿਹਾ ਸਥਾਨ ਬਣਾਏਗਾ ਜਿਸਦੇ ਵਿੱਚ ਅਜਿਹੇ ਸਥਾਨ ਦੀਆਂ ਵਿਸ਼ੇਸ਼ਤਾਵਾਂ ਹੋਣਗੀਆਂ ਜਿਸ ਮਾਹੌਲ ਵਿੱਚ ਪਰਮੇਸ਼ੁਰ ਆਪ ਨਿਵਾਸ ਕਰਦਾ ਹੈ। ਅਦਨ ਦਾ ਬਾਗ਼ ਕਿਸ ਤਰ੍ਹਾਂ ਦਾ ਸੀ?

- ਉੱਥੇ ਕੋਈ ਵੀ ਪਾਪ ਜਾਂ ਨੈਤਿਕ ਗ਼ਲਤੀ ਨਹੀਂ ਸੀ; ਇਹ ਸਵਰਗ ਦੀ ਤਰ੍ਹਾਂ ਸੀ।
- ਉੱਥੇ ਕੋਈ ਵੀ ਬਿਮਾਰੀ ਜਾਂ ਮੌਤ ਜਾਂ ਦੁੱਖ ਨਹੀਂ ਸੀ; ਇਹ ਸਵਰਗ ਦੀ ਤਰ੍ਹਾਂ ਸੀ।
- ਉੱਥੇ ਕੋਈ ਵੀ ਅਣਸੁਖਾਵੀਂ ਚੀਜ਼ ਨਹੀਂ ਸੀ। ਇਹ ਸਵਰਗ ਦੀ ਤਰ੍ਹਾਂ ਸੰਪੂਰਨਤਾ ਦਾ ਸਥਾਨ ਸੀ।
- ਉੱਥੇ ਕੋਈ ਵਿਕਾਰ ਨਹੀਂ ਸੀ। ਸਭ ਕੁਝ ਉਸੇ ਪ੍ਰਕਾਰ ਕੰਮ ਕਰ ਰਿਹਾ ਸੀ ਜਿਵੇਂ ਇਸਦੀ ਰਚਨਾ ਹੋਈ ਸੀ; ਇਹ ਸਵਰਗ ਦੀ ਤਰ੍ਹਾਂ ਸੀ।

ਅਦਨ ਦਾ ਬਾਗ਼ ਧਰਤੀ ਤੇ ਪਰਮੇਸ਼ੁਰ ਦੇ ਰਾਜ ਦੀ ਤਰ੍ਹਾਂ ਸੀ। "ਉਪਰੰਤ ਪਰਮੇਸ਼ੁਰ ਨੇ ਸਰਬੱਤ ਨੂੰ ਜਿਹ ਨੂੰ ਉਸ ਨੇ ਬਣਾਇਆ ਸੀ ਡਿੱਠਾ ਅਤੇ ਵੇਖੋ ਉਹ ਬਹੁਤ ਹੀ ਚੰਗਾ ਸੀ" (ਉਤਪਤ 1:31)। ਇਹ ਧਰਤੀ ਤੇ ਪਰਮੇਸ਼ੁਰ ਦੇ ਰਾਜ ਬਾਰੇ ਪਹਿਲੀ ਟਿੱਪਣੀ ਸੀ। ਜਦੋਂ ਹਰੇਕ ਚੀਜ਼ ਚੰਗੀ ਹੁੰਦੀ ਹੈ, ਹਰੇਕ ਚੀਜ਼ ਆਪਣੇ ਸਹੀ ਸਥਾਨ ਤੇ ਹੁੰਦੀ ਤੇ ਅਤੇ ਤਰਤੀਬ ਵਿੱਚ ਹੁੰਦੀ ਹੈ। ਧਰਤੀ ਤੇ ਸਭ ਕੁਝ ਉਸੇ ਪ੍ਰਕਾਰ ਸੀ ਜਿਵੇਂ ਪਰਮੇਸ਼ੁਰ ਚਾਹੁੰਦਾ ਸੀ। ਇਹ ਤਰਤੀਬ, ਸੁੰਦਰਤਾ ਅਤੇ ਸੰਪੂਰਨਤਾਈ ਦੇ ਪਰਮੇਸ਼ੁਰ ਦੇ ਘਰ ਸਵਰਗ ਦੀ ਝਲਕ ਦਿੰਦਾ ਸੀ।

## ਅਦਨ ਦੇ ਬਾਗ਼ ਵਿੱਚ ਪਰਮੇਸ਼ੁਰ ਦੇ ਰਾਜ ਦਾ ਗੁਆਚਣਾ

ਪਰਮੇਸ਼ੁਰ ਦੇ ਧਿਆਨਪੂਰਵਕ ਹਦਾਇਤਾਂ ਦਿੱਤੀਆਂ ਕਿ ਧਰਤੀ ਤੇ ਪਰਮੇਸ਼ੁਰ ਦੇ ਰਾਜ ਨੂੰ ਕਾਇਮ ਅਤੇ ਸੰਭਾਲ ਕੇ ਕਿਵੇਂ ਰੱਖਣਾ ਹੈ। ਦੁੱਖਪੂਰਵਕ, ਮਨੁੱਖ ਨੇ ਪਰਮੇਸ਼ੁਰ ਦੇ ਪਵਿੱਤਰ ਭਰੋਸੇ ਨੂੰ ਤੋੜ ਦਿੱਤਾ ਅਤੇ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ। ਇਸਦਾ ਨਤੀਜਾ ਦੋ ਖ਼ਤਰਨਾਕ ਸਥਿਤੀਆਂ ਵਿੱਚ ਨਿੱਕਲਿਆ।

ਪਹਿਲਾ, ਪਾਪ ਸੰਸਾਰ ਦੇ ਵਿੱਚ ਦਾਖਿਲ ਹੋਇਆ ਅਤੇ ਉਸਨੇ ਮਨੁੱਖ ਦੇ ਵਿੱਚ ਪਰਮੇਸ਼ੁਰ ਦੇ ਸਰੂਪ ਨੂੰ ਵਿਗਾੜ ਦਿੱਤਾ। ਦੂਸਰਾ, ਕਿਉਂਕਿ ਮਨੁੱਖਾਂ ਨੇ ਪਰਮੇਸ਼ੁਰ ਦੇ ਸਰੂਪ ਨੂੰ ਬਹੁਤ ਹੱਦ ਤੱਕ ਗੁਆ ਦਿੱਤਾ, ਇਸ ਕਾਰਨ ਉਹ ਉਸ ਸੰਪੂਰਨ ਸਥਾਨ ਦੇ ਰਹਿਣ ਦੇ ਯੋਗ ਨਹੀਂ ਰਹੇ। ਅਦਨ ਹੁਣ ਮਨੁੱਖ ਦੇ ਰਹਿਣ ਦਾ ਢੁੱਕਵਾਂ ਸਥਾਨ ਨਹੀਂ ਰਿਹਾ।

ਇਸ ਲਈ, ਪਰਮੇਸ਼ੁਰ ਨੇ ਉਨ੍ਹਾਂ ਨੂੰ ਉਸ ਸਥਾਨ ਤੋਂ ਹਟਾ ਦਿੱਤਾ ਅਤੇ ਧਰਤੀ ਨੂੰ ਸ਼ਰਾਪ ਦਿੱਤਾ ਜਿਵੇਂ ਉਸਨੇ ਆਦਮੀ ਅਤੇ ਔਰਤ ਨੂੰ ਸ਼ਰਾਪ ਦਿੱਤਾ ਸੀ। ਪਰਮੇਸ਼ੁਰ ਨੇ ਧਰਤੀ ਨੂੰ ਸ਼ਰਾਪ ਦਿੱਤਾ ਤਾਂ ਕਿ ਉਹ ਕੰਡੇ, ਕੰਡਿਆਲੇ ਨੂੰ ਉਗਾਏਗੀ। ਧਰਤੀ ਨੇ ਆਪਣੀ ਬਹੁਤ ਸੁੰਦਰਤਾ, ਆਰਾਮ, ਉਪਜਾਊ ਸ਼ਕਤੀ ਅਤੇ ਸੁਰੱਖਿਆ ਨੂੰ ਗੁਆ ਦਿੱਤਾ। ਜਿਵੇਂ ਮਨੁੱਖ ਉਨ੍ਹਾਂ ਦੇ ਆਪਣੀ ਵੀ ਪਵਿੱਤਰਤਾਈ ਦੀ ਝਲਕ ਹਨ, ਇਸੇ ਕਰਕੇ ਧਰਤੀ ਵੀ ਉਸ ਸਥਾਨ ਦੀ ਝਲਕ ਹੀ ਹੈ ਜਿਵੇਂ ਪਰਮੇਸ਼ੁਰ ਨੇ ਇਸਨੂੰ ਪਹਿਲਾਂ ਬਣਾਇਆ ਸੀ। ਇਸ ਗੱਲ ਨੂੰ ਇਸ ਪ੍ਰਚਾਰ ਦੇ ਨਾਲ ਜੋੜਣ ਦੇ ਲਈ ਕਹੀਏ ਤਾਂ: ਪਰਮੇਸ਼ੁਰ ਦਾ ਰਾਜ ਧਰਤੀ ਤੇ ਢਹਿ ਗਿਆ।

- ਜੋ ਪਰਮੇਸ਼ੁਰ ਨੇ ਬਣਾਇਆ ਸੀ ਉਹ ਵਿਗੜ ਗਿਆ।
- ਜਿਸਨੂੰ ਪਰਮੇਸ਼ੁਰ ਨੇ ਸੁੰਦਰ ਬਣਾਇਆ ਸੀ ਹੁਣ ਉਹ ਬਦਸੂਰਤ ਹੋ ਗਿਆ।
- ਜਿਸਨੂੰ ਪਰਮੇਸ਼ੁਰ ਨੇ ਆਰਾਮਦਾਇਕ ਬਣਾਇਆ ਸੀ ਹੁਣ ਉਹ ਪੀੜਾ-ਦਾਇਕ ਬਣ ਗਿਆ।
- ਜਿਸਨੂੰ ਪਰਮੇਸ਼ੁਰ ਨੇ ਪਵਿੱਤਰ ਰਹਿਣ ਦੇ ਲਈ ਬਣਾਇਆ ਸੀ ਹੁਣ ਹ ਪਾਪ-ਮਈ ਅਤੇ ਭ੍ਰਿਸ਼ਟ ਹੋ ਗਿਆ।
- ਜੋ ਯੋਜਨਾ ਪਰਮੇਸ਼ੁਰ ਨੇ ਮਨੁੱਖਜਾਤੀ ਅਤੇ ਧਰਤੀ ਦੇ ਲਈ ਬਣਾਈ ਸੀ ਹੁਣ ਉਹ ਪੂਰੀ ਨਹੀਂ ਹੋਵੇਗੀ।

ਪਰ ਪਰਮੇਸ਼ੁਰ ਨੇ ਕੁਝ ਵੀ ਗੁਆਇਆ ਨਹੀਂ ਹੈ। ਉਹ ਹਾਰ ਨਹੀਂ ਸਕਦਾ। "ਕੋਈ ਬੁੱਧ, ਕੋਈ ਮੱਤ, ਕੋਈ ਸਲਾਹ ਨਹੀਂ ਜੋ ਯਹੋਵਾਹ ਦੇ ਵਿਰੁੱਧ ਚੱਲੇ" (ਕਹਾਉਤਾਂ 21:30)। ਸ਼ੈਤਾਨ ਨੇ ਕੋਸ਼ਿਸ ਪਰ ਉਹ ਕਦੇ ਵੀ ਪਰਮੇਸ਼ੁਰ ਨੂੰ ਜਿੱਤ ਨਹੀਂ ਸਕਿਆ।

- ਪਰਮੇਸ਼ੁਰ ਦੇ ਕੰਮ ਨੂੰ ਕੌਣ ਰੋਕ ਸਕਦਾ ਹੈ?
- ਜਦੋਂ ਪਰਮੇਸ਼ੁਰ ਹਾਂ ਕਹਿੰਦਾ ਹੈ ਤਾਂ ਫਿਰ ਕੌਣ ਨਾਂਹ ਕਹਿ ਸਕਦਾ ਹੈ?
- ਪਰਮੇਸ਼ੁਰ ਦੇ ਬਣਾਏ ਹੋਏ ਨੂੰ ਕੌਣ ਨਾਸ਼ ਕਰ ਸਕਦਾ ਹੈ?

ਪਰਮੇਸ਼ੁਰ ਹਾਰ ਨੂੰ ਸਵੀਕਾਰ ਨਹੀਂ ਕਰੇਗਾ। ਪਰਮੇਸ਼ੁਰ ਉਨ੍ਹਾਂ ਵਸਤਾਂ ਨੂੰ ਮੁੜ-ਬਹਾਲ ਕਰ ਸਕਦਾ ਹੈ ਅਤੇ ਸੰਭਾਲ ਸਕਦਾ ਹੈ ਜੋ ਖ਼ਰਾਬ ਹੋ ਚੁੱਕੀਆਂ ਹਨ। ਪਰਮੇਸ਼ੁਰ ਪ੍ਰਮੁੱਖ ਛੁਟਕਾਰਾ ਦੇਣ ਵਾਲਾ ਹੈ।

ਪਰਮੇਸ਼ੁਰ ਨੇ ਧਰਤੀ ਤੇ ਆਪਣੇ ਰਾਜ ਨੂੰ ਮੁੜ-ਬਹਾਲ ਕਰਨ ਦੀ ਯੋਜਨਾ ਬਣਾਈ।

> ਉਸਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਹੀਂ ਹੋਵੇਗੀ, ਦਾਊਦ ਦੀ ਰਾਜਗੱਦੀ ਉੱਤੇ ਅਤੇ ਉਸਦੀ ਪਾਤਸ਼ਾਹੀ ਉੱਤੇ, ਭਈ ਉਹ ਉਸਨੂੰ ਕਾਇਮ ਕਰੇ ਅਤੇ ਨਿਆਂ ਅਤੇ ਧਰਮ ਨਾਲ ਉਸਨੂੰ ਹੁਣ ਤੋਂ ਜੁੱਗੋ-ਜੁੱਗ ਸੰਭਾਲੇ। ਸੈਨਾ ਦੇ ਯਹੋਵਾਹ ਦੀ ਅਣਖ ਇਹ ਕਰੇਗੀ (ਯਸਾਯਾਹ 9:7)।

ਇੱਥੋਂ ਤੱਕ ਕਿ ਆਦਮ ਅਤੇ ਹਵਾ ਦੇ ਪਾਪ ਵਿੱਚ ਡਿੱਗਣ ਤੋਂ ਪਹਿਲਾਂ, ਪਰਮੇਸ਼ੁਰ ਦੀ ਧਰਤੀ ਤੇ ਆਪਣੇ ਰਾਜ ਨੂੰ ਮੁੜ ਬਹਾਲ ਕਰਨ ਅਤੇ ਪੁਨਰ ਉਸਾਰੀ ਕਰਨ ਦੀ ਯੋਜਨਾ ਸੀ। ਬਾਈਬਲ ਦੇ ਸਭ ਤੋਂ ਮਹੱਤਵਪੂਰਨ ਉਦੇਸ਼ਾਂ ਦੇ ਵਿੱਚੋਂ ਇੱਕ ਧਰਤੀ ਦੇ ਉੱਤੇ ਸਵਰਗ ਦੀ ਤਰ੍ਹਾਂ ਪਰਮੇਸ਼ੁਰ ਦੇ ਰਾਜ ਦੀ ਮੁੜ ਬਹਾਲੀ ਦੀ ਵਿਆਖਿਆ ਕਰਨਾ ਹੈ। ਮੁੜ ਬਹਾਲੀ ਦੀ ਪ੍ਰਕਿਰਿਆ ਹੁਣ ਵੀ ਚੱਲ ਰਹੀ ਹੈ। ਅਸੀਂ ਉਤਪਤ 12:1-3 ਦੇ ਵਿੱਚ ਇਸ ਪ੍ਰਕਿਰਿਆ ਦੀ ਸ਼ੁਰੂਆਤ ਨੂੰ ਵੇਖਦੇ ਹਾਂ।

## ਪਰਮੇਸ਼ੁਰ ਦਾ ਰਾਜ ਅਤੇ ਅਬਰਾਹਾਮ

ਜਦੋਂ ਅਬਰਾਹਾਮ ਨੇ ਇਸ ਸੰਦੇਸ਼ ਨੂੰ ਪ੍ਰਾਪਤ ਕੀਤਾ ਤਾਂ ਉਹ ਕਸਦੀਆਂ ਦੇ ਊਰ ਵਿੱਚ ਸੀ:

> ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ ਤੂੰ ਆਪਣੇ ਦੇਸ ਤੋਂ ਅਰ ਆਪਣੇ ਸਾਕਾਂ ਤੋਂ ਅਰ ਆਪਣੇ ਪਿਤਾ ਦੇ ਘਰ ਤੋਂ ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ। ਅਤੇ **ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ** ਅਰ ਮੈਂ ਤੈਨੂੰ ਅਸੀਸ ਦਿਆਂਗਾ ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ ਅਰ ਤੂੰ ਬਰਕਤ ਦਾ ਕਾਰਨ ਹੋ, ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ ਅਤੇ **ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ** (ਉਤਪਤ 12:1-3, ਕੁਝ ਗੱਲਾਂ ਜ਼ੋਰ ਦਿੱਤਾ ਗਿਆ ਹੈ)।

ਭਾਵੇਂਕਿ ਇੱਥੇ ਰਾਜ ਸ਼ਬਦ ਦਾ ਇਸਤੇਮਾਲ ਨਹੀਂ ਕੀਤਾ ਗਿਆ, ਪਰ ਇਸ ਬਿਆਨ ਦੇ ਵਿੱਚ ਦੋ ਵਾਇਦਿਆਂ ਦੇ ਕਰਕੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਧਰਤੀ ਤੇ ਆਪਣੇ ਰਾਜ ਨੂੰ ਮੁੜ ਬਹਾਲ ਕਰਨਾ ਅਰੰਭ ਕਰ ਰਿਹਾ ਸੀ।

### ਪਰਮੇਸ਼ੁਰ ਨੇ ਇਸਰਾਏਲ ਦੇ ਵਿੱਚੋਂ ਇੱਕ ਮਹਾਨ ਕੌਮ ਬਣਾਉਣ ਦਾ ਵਾਇਦਾ ਕੀਤਾ

ਇਹ ਦਿਲਚਸਪ ਹੈ ਕਿ ਲਗਭਗ ਅੱਗਲਾ ਇੱਕ ਤਿਹਾਈ ਪੁਰਾਣਾ ਨੇਮ ਇਸ ਕੌਮ ਦੀ ਉਸਾਰੀ ਕਰਨ ਵਿਆਖਿਆ ਵਿੱਚ ਬਿਤਾਇਆ ਗਿਆ ਹੈ।

ਅਸੀਂ ਇਸ ਕੌਮ ਨੂੰ ਬਣਾਉਣ ਦੇ ਵਿੱਚ ਪਰਮੇਸ਼ੁਰ ਨੂੰ ਦੋ ਸਿਧਾਂਤਾਂ ਦਾ ਉਪਯੋਗ ਕਰਦੇ ਹੋਏ ਵੇਖਦੇ ਹਾਂ ਜਿੰਨ੍ਹਾਂ ਦਾ ਉਪਯੋਗ ਉਹ ਆਪਣੀਆਂ ਯੋਜਨਾਵਾਂ ਵਿੱਚ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ।

1. ਜਦੋਂ ਪਰਮੇਸ਼ੁਰ ਧਰਤੀ ਤੇ ਕੰਮ ਕਰਦਾ ਹੈ, ਉਹ ਹਮੇਸ਼ਾਂ ਮਨੁੱਖਾਂ ਦੇ ਦੁਆਰਾ ਕੰਮ ਕਰਦਾ ਹੈ। ਪਰਮੇਸ਼ੁਰ ਧਰਤੀ ਤੇ ਆਪਣੇ ਕੰਮ ਨੂੰ ਪੂਰਿਆਂ ਕਰਨ ਦੇ ਲਈ ਆਮ ਤੌਰ ਤੇ ਸਵਰਗਦੂਤਾਂ ਨੂੰ ਨਹੀਂ ਭੇਜਦਾ ਹੈ।

2. ਜਦੋਂ ਪਰਮੇਸ਼ੁਰ ਧਰਤੀ ਤੇ ਕੰਮ ਕਰਦਾ ਹੈ ਤਾਂ ਉਹ ਸਖ਼ਤ, ਧੀਮੇ, ਔਖੇ ਅਤੇ ਉੱਨਤੀਸ਼ੀਲ ਤਰੀਕੇ ਨਾਲ ਕੰਮ ਕਰਦਾ ਹੈ, ਇਹ ਸਾਡੇ ਕੰਮ ਕਰਨ ਦੇ ਤਰੀਕੇ ਨਾਲੋਂ ਬਿਲਕੁਲ ਉੱਲਟ ਹੁੰਦਾ ਹੈ। ਕੌਮ ਨੂੰ ਬਣਾਉਣ ਦੇ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਸਨ। ਪਰ ਅੰਤ ਦੇ ਵਿੱਚ ਇਹ ਇੱਕ ਅਸਲੀਅਤ ਬਣ ਗਿਆ।

ਮੈਂ ਇਹ ਨਹੀਂ ਸੋਚਦਾ ਕਿ ਕੌਮ ਧਰਤੀ ਤੇ ਪਰਮੇਸ਼ੁਰ ਦੇ ਰਾਜ ਦੀ ਮੁੜ ਬਹਾਲੀ ਦੀ ਸੰਪੂਰਨ ਪੂਰਤੀ ਸੀ। ਪਰ ਇਹ ਉਸ ਦਿਸ਼ਾ ਦੇ ਵੱਲ ਇੱਕ ਕਦਮ ਸੀ। ਰਾਜ ਨੇ ਵਿਖਾਇਆ ਕਿ ਪਰਮੇਸ਼ੁਰ ਧਰਤੀ ਤੇ ਆਪਣੇ ਲੋਕਾਂ ਦੇ ਵਿੱਚ ਰਾਜ ਕਰੇਗਾ। ਦੁੱਖ ਪੂਰਵਕ ਮਨੁੱਖੀ ਤੱਥਾਂ ਦੇ ਕਾਰਨ ਇਹ ਸਿਰਫ਼ ਕੁਝ ਹੱਦ ਤੱਕ ਹੀ ਸਫਲ ਹੋਇਆ।

### ਪਰਮੇਸ਼ੁਰ ਨੇ ਵਾਇਦਾ ਕੀਤਾ ਅਬਰਾਹਾਮ ਦੀ ਸੰਤਾਨ ਧਰਤੀ ਦੇ ਸਾਰੇ ਲੋਕਾਂ ਦੇ ਲਈ ਬਰਕਤ ਦਾ ਕਾਰਨ ਹੋਣਗੇ

"ਤੇਰੇ ਕਾਰਨ ਧਰਤੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (ਉਤਪਤ 12:3)। ਇਹ ਵਾਇਦਾ ਯਿਸੂ ਦੇ ਆਉਣ ਦੇ ਪੂਰਾ ਹੋਇਆ।

## ਪਰਮੇਸ਼ੁਰ ਦਾ ਰਾਜ ਅਤੇ ਯਿਸੂ

ਯਿਸੂ ਦੇ ਬਪਤਿਸਮੇ ਅਤੇ ਪਰਤਾਵੇ ਤੋਂ ਬਾਅਦ ਲੂਕਾ ਯਿਸੂ ਦੇ ਬਾਰੇ ਯਹੂਦੀ ਅਰਾਧਨਾ ਘਰ ਦੇ ਜਾਣ ਦੀ ਕਹਾਣੀ ਦੇ ਬਾਰੇ ਦੱਸਦਾ ਹੈ। ਯਿਸੂ ਆਪਣੇ ਘਰੇਲੂ ਯਹੂਦੀ ਅਰਾਧਨਾ ਘਰ ਦੇ ਵਿੱਚ ਗਿਆ ਅਤੇ ਉਸਨੇ ਵਚਨਾਂ ਨੂੰ ਪੜ੍ਹਣ ਦੀ ਪਹਿਲ ਕਦਮੀ ਕੀਤੀ। ਉਸ ਦਿਨ ਯਸਾਯਾਹ 61 ਦੇ ਵਿੱਚੋਂ ਪੜ੍ਹਿਆ ਗਿਆ।

> "ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ ਇਸ ਲਈ ਜੋ ਉਸਨੇ ਮੈਨੂੰ ਮਸਹ ਕੀਤਾ, ਭਈ ਗ਼ਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾ, ਉਸ ਮੈਨੂੰ ਘੱਲਿਆਂ ਭਈ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰਾਂ ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ। ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪ੍ਰਚਾਰ ਕਰਾਂ।" ਅਤੇ ਪੋਥੀ ਬੰਦ ਕਰ ਕੇ ਸੇਵਕ ਨੂੰ ਦਿੱਤੀ ਅਤੇ ਬੈਠ ਗਿਆ ਅਰ ਸਭਨਾਂ ਦੀਆਂ ਅੱਖਾਂ ਜਿਹੜੇ ਸਮਾਜ ਵਿੱਚ ਹਾਜ਼ਰ ਸਨ ਉਸ ਤੇ ਲੱਗੀਆਂ ਹੋਈਆਂ ਸਨ। ਤਦ ਉਹ ਉਨ੍ਹਾਂ ਨੂੰ ਕਹਿਣ ਲੱਗਾ ਕਿ "ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿੱਚ ਪੂਰੀ ਹੋਈ ਹੈ।" (ਲੂਕਾ 4:18-21)।

ਆਪਣੀ ਸੇਵਕਾਈ ਦੇ ਸ਼ੁਰੂਆਤੀ ਦਿਨਾਂ ਵਿੱਚ, ਯਿਸੂ ਨੇ ਇੱਕ ਮਜ਼ਬੂਤ ਸੰਕੇਤ ਦਿੱਤਾ ਕਿ ਉਹ ਪਰਮੇਸ਼ੁਰ ਦੁਆਰਾ ਸੈਂਕੜੇ ਸਾਲਾਂ ਤੋਂ ਕੀਤੇ ਜਾ ਰਹੀ ਮੁੜ ਬਹਾਲੀ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਦੇ ਲਈ ਆਇਆ ਸੀ।

- ਪਾਪ ਦੇ ਨਤੀਜੇ ਵੱਜੋਂ, ਸੰਸਾਰ ਆਤਮਿਕ ਅਤੇ ਭੌਤਿਕ ਤੌਰ ਤੇ ਗ਼ਰੀਬ ਬਣ ਚੁੱਕਾ ਸੀ। ਪਰ ਯਿਸੂ ਨੇ ਘੋਸ਼ਣਾ ਕੀਤੀ ਕਿ ਉਸਦਾ ਮਸਹ ਕੀਤਾ ਗਿਆ ਹੈ ਤਾਂ ਉਹ "ਗ਼ਰੀਬਾਂ ਦੇ ਲਈ ਖੁਸ਼ਖ਼ਬਰੀ ਦੀ ਘੋਸ਼ਣਾ ਕਰੇ।"

- ਆਤਮਿਕ ਡਿੱਗਣ ਦੇ ਕਾਰਨ, ਮਨੁੱਖ ਜਾਤੀ ਪਾਪ ਦੀ ਕੈਦੀ ਬਣ ਚੁੱਕੀ ਸੀ। ਪਰ ਯਿਸੂ ਨੇ ਕਿਹਾ ਕਿ ਉਹ "ਬੰਧੂਆਂ ਦੇ ਲਈ ਛੁਟਕਾਰੇ ਦਾ ਪ੍ਰਚਾਰ ਕਰਨ ਆਇਆ ਹੈ।"

- ਆਤਮਿਕ ਡਿੱਗਣ ਦੇ ਕਾਰਨ ਮਨੁੱਖ ਜਾਤੀ ਆਤਮਿਕ ਤੌਰ ਤੇ ਅੰਨ੍ਹੀ ਹੋ ਚੁੱਕੀ ਸੀ, ਜਿਸਦਾ ਅਰਥ ਇਹ ਹੈ ਕਿ ਲੋਕ ਸਚਿਆਈ ਨੂੰ ਨਹੀਂ ਸਮਝਦੇ ਸਨ। ਕੁਝ ਲੋਕ ਸਰੀਰਕ ਤੌਰ ਤੇ ਅੰਨ੍ਹੇ ਹੋ ਚੁੱਕੇ ਸਨ। ਪਰ ਯਿਸੂ ਆਇਆ ਤਾਂ ਉਹ "ਅੰਨ੍ਹਿਆਂ ਨੂੰ ਵੇਖਣ ਦਾ ਪ੍ਰਚਾਰ ਕਰੇ।"

- ਮਨੁੱਖ ਦਾ ਪਤਨ ਦੇ ਕਾਰਨ ਸ਼ੈਤਾਨ ਅਤੇ ਉਸਦੇ ਦੁਸ਼ਟ ਆਤਮਾਵਾਂ ਨੇ ਲੋਕਾਂ ਨੂੰ ਕਈ ਤਰੀਕਿਆਂ ਦੇ ਨਾਲ ਦਬਾਇਆ ਸੀ। ਪਰ ਯਿਸੂ ਨੇ ਕਿਹਾ ਕਿ ਉਹ "ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ।"

ਯਿਸੂ ਕਹਿ ਰਿਹਾ ਸੀ ਕਿ ਉਸਦਾ ਉਦੇਸ਼ ਬਹੁਤ ਸਾਰੇ ਅਜਿਹੇ ਸ਼ਰਾਪਾਂ ਨੂੰ ਤੋੜਣਾ ਹੈ ਪਾਪ ਦੇ ਕਾਰਨ ਧਰਤੀ ਤੇ ਲੱਗ ਚੁੱਕੇ ਸਨ। ਜੇਕਰ ਇਸਨੂੰ ਦੂਸਰੇ ਤਰੀਕੇ ਦੇ ਨਾਲ ਕਹੀਏ, ਯਿਸੂ ਧਰਤੀ ਤੇ ਇਸ ਲਈ ਆਇਆ ਕਿ ਉਹ ਧਰਤੀ ਤੇ ਪਰਮੇਸ਼ੁਰ ਦੇ ਰਾਜ ਦੀ ਸਥਾਪਨਾ ਨੂੰ ਜਾਰੀ ਰੱਖ ਸਕੇ। ਅਤੇ ਜੇਕਰ ਅਸੀਂ ਇੱਕ ਹੋਰ ਹੀ ਤਰੀਕੇ ਦੇ ਨਾਲ ਕਹੀਏ, ਤਾਂ ਯਿਸੂ ਧਰਤੀ ਤੇ ਪਰਮੇਸ਼ੁਰ ਦੁਆਰਾ ਅਬਰਾਹਾਮ ਦੇ ਨਾਲ ਕੀਤੇ ਦੂਸਰੇ ਵਾਇਦੇ ਨੂੰ ਪੂਰਾ ਕਰਨ ਆਇਆ ਸੀ-ਧਰਤੀ ਦੇ ਸਾਰੇ ਲੋਕਾਂ ਲਈ ਬਰਕਤ ਦਾ ਕਾਰਨ ਬਣਨ ਦੇ ਵਾਈਦੇ ਲਈ। "ਆਖਿਆ ਸਮਾਂ ਪੂਰਾ ਹੋਇਆ ਅਤੇ ਪਰਮੇਸ਼ੁਰ ਦਾ ਰਾਜ ਨੇੜੇ ਆ ਗਿਆ ਹੈ। ਤੋਬਾ ਕਰੋ ਅਤੇ ਖੁਸ਼ ਖਬਰੀ ਉੱਤੇ ਪਰਤੀਤ ਕਰੋ" (ਮਰਕੁਸ 1:14-15)। ਰਾਜ ਯਿਸੂ ਦੀ ਸਾਰੀ ਸੇਵਕਾਈ ਦੇ ਦੌਰਾਨ ਉਸਦੀ ਸਿੱਖਿਆ ਦਾ ਕੇਂਦਰੀ ਵਿਸ਼ਾ ਬਣਿਆ ਰਿਹਾ।

## ਪਰਮੇਸ਼ੁਰ ਦਾ ਰਾਜ ਅਤੇ ਕਲੀਸਿਆ

ਜਿਸ ਜ਼ਰੀਏ ਦੇ ਦੁਆਰਾ ਪਰਮੇਸ਼ੁਰ ਨੇ ਪੁਰਾਣੇ ਨੇਮ ਦੇ ਸਮੇਂ ਕਾਲ ਵਿੱਚ ਕੰਮ ਕੀਤਾ ਉਹ ਇਸਰਾਏਲ ਕੌਮ ਸੀ। ਨਵੇਂ ਨੇਮ ਦੇ ਵਿੱਚ ਕਲੀਸਿਆ ਪਰਮੇਸ਼ੁਰ ਦੇ ਕੰਮ ਕਰਨ ਦਾ ਜ਼ਰੀਆ ਬਣੀ। ਕਲੀਸਿਆ ਕਈ ਕਾਰਨਾਂ ਦੇ ਕਰਕੇ ਪੁਰਾਣੇ ਨੇਮ ਨਾਲੋਂ ਜਿਆਦਾ ਉੱਨਤ ਸੀ:

- ਕਲੀਸਿਆ ਦੇ ਵਿੱਚ ਸਿਰਫ਼ ਯਹੂਦੀ ਹੀ ਨਹੀਂ ਸਗੋਂ ਸਭ ਲੋਕ ਸ਼ਾਮਿਲ ਹੋਏ।

- ਕਲੀਸਿਆ ਦੇ ਦੁਆਰਾ ਹਰੇਕ ਵਿਸ਼ਵਾਸੀ ਦੇ ਲਈ ਪਵਿੱਤਰ ਆਤਮਾ ਦਾ ਵਰਦਾਨ ਉਪਲੱਬਧ ਹੋਇਆ ਜਦਕਿ ਪੁਰਾਣੇ ਨੇਮ ਦੇ ਵਿੱਚ ਇਹ ਸਿਰਫ਼ ਕੁਝ ਵੱਡੇ ਆਤਮਿਕ ਲੋਕਾਂ ਨੂੰ ਹੀ ਮਿਲਦਾ ਸੀ।

- ਕਲੀਸਿਆ ਨੇ ਪਰਮੇਸ਼ੁਰ ਦੇ ਨਾਲ ਇੱਕ ਨਿੱਜੀ ਸੰਬੰਧ ਦੇ ਉੱਤੇ ਨਵੇਂ ਤਰੀਕੇ ਦਾ ਜ਼ੋਰ ਦਿੱਤਾ।

- ਕਲੀਸਿਆ ਨੇ ਜਾਨਵਰਾਂ ਦੇ ਬਲੀਦਾਨ ਅਤੇ ਅਤੇ ਧਾਰਮਿਕ ਰਸਮਾਂ ਦੀ ਬਜਾਏ **ਆਤਮਾ ਅਤੇ ਸਚਿਆਈ ਦੇ ਵਿੱਚ** ਅਰਾਧਨਾ ਕਰਨ ਤੇ ਜ਼ੋਰ ਦਿੱਤਾ।

## ਯਿਸੂ ਤੋਂ ਪਰਮੇਸ਼ੁਰ ਦੇ ਰਾਜ ਬਾਰੇ ਪਾਠ

ਰਾਜ ਦੇ ਬਾਰੇ ਕੁਝ ਅਜਿਹੇ ਪਾਠ ਹਨ ਜੋ ਅਸੀਂ ਯਿਸੂ ਦੇ ਜੀਵਨ ਅਤੇ ਸਿੱਖਿਆ ਤੋਂ ਸਿੱਖ ਸਕਦੇ ਹਾਂ।

### (1) ਪਰਮੇਸ਼ੁਰ ਦੇ ਰਾਜ ਦੀਆਂ ਭੂਗੋਲਿਕ ਸੀਮਾਵਾਂ ਨਹੀਂ ਹਨ ਪਰ ਜਿੱਥੇ ਕਿਤੇ ਰਾਜਾ ਹੁੰਦਾ ਹੈ ਉੱਥੇ ਰਾਜ ਹੁੰਦਾ ਹੈ।

- ਜਦੋਂ ਯਿਸੂ ਇੱਕ ਵਿਆਹ ਦੇ ਵਿੱਚ ਗਿਆ, ਤਾਂ ਉਸਨੇ ਮੈ ਪ੍ਰਦਾਨ ਕੀਤੀ ਕਿਉਂਕਿ ਉਸਦੀ ਹਜ਼ੂਰੀ ਦੇ ਦੁਆਰਾ ਰਾਜ ਉਸ ਸਥਾਨ ਤੱਕ ਫੈਲ ਗਿਆ।
- ਜਦੋਂ ਯਿਸੂ ਬਿਮਾਰਾਂ ਨੂੰ ਮਿਲਿਆ, ਉਸਨੇ ਉਨ੍ਹਾਂ ਨੂੰ ਚੰਗਿਆਂ ਕੀਤਾ ਕਿਉਂਕਿ ਉਸਦਾ ਰਾਜ ਰੋਗਾਂ ਅਤੇ ਬਿਮਾਰੀ ਤੱਕ ਵੱਧ ਗਿਆ।
- ਜਦੋਂ ਯਿਸੂ ਭੁੱਖੇ ਲੋਕਾਂ ਨੂੰ ਮਿਲਿਆ, ਉਸਨੇ ਉਨ੍ਹਾਂ ਦੇ ਭੋਜਨ ਪ੍ਰਦਾਨ ਕੀਤਾ ਕਿਉਂਕਿ ਉਸਦਾ ਰਾਜ ਲੋਕਾਂ ਦੀਆਂ ਬੁਨਿਆਦੀ ਜਰੂਰਤਾਂ ਦੀ ਸੋਚ ਰੱਖਦਾ ਸੀ।

ਯਿਸੂ ਅੱਜ ਕਿਸੇ ਵੀ ਅਜਿਹੇ ਸਥਾਨ ਨੂੰ ਸ਼ਾਮਿਲ ਕਰਕੇ ਆਪਣੇ ਰਾਜ ਨੂੰ ਵਧਾਉਣਾ ਚਾਹੁੰਦਾ ਹੈ ਜਿੱਥੇ ਉਸਦੇ ਪੈਰੋਕਾਰ ਜਾਂਦੇ ਹਨ। ਇਹ ਉਸਦੇ ਰਾਜ ਦਾ ਹਿੱਸਾ ਬਣ ਜਾਂਦਾ ਹੈ ਕਿਉਂਕਿ ਰਾਜੇ ਦੇ ਲੋਕ ਉੱਥੇ ਹਨ। ਇਹ ਸ਼ਾਹੀ ਪਰਿਵਾਰ ਦਾ ਹਿੱਸਾ ਹੋਣ ਦੇ ਨਾਤੇ ਸਾਡੀ ਜਿੰਮੇਦਾਰੀ ਹੈ। ਸਾਨੂੰ ਇਸ ਗੱਲ ਨੂੰ ਪੱਕਿਆਂ ਕਰਨਾ ਚਾਹੀਦਾ ਹੈ ਕਿ ਯਿਸੂ ਦਾ ਰਾਜ ਸਾਰੇ ਖਾਸ ਖੇਤਰ ਤੇ ਬਣਿਆ ਹੋਵੇ, ਜੋ ਸੰਸਾਰ ਦਾ ਉਹ ਖੇਤਰ ਹੈ ਜਿਸ ਤੇ ਸਾਡਾ ਪ੍ਰਭਾਵ ਹੈ।

- ਸਾਨੂੰ ਆਪਣੇ ਪਰਿਵਾਰਾਂ ਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ।
- ਸਾਨੂੰ ਆਪਣੇ ਸਮਾਜਾਂ ਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ।
- ਸਾਨੂੰ ਆਪਣੀਆਂ ਨੌਕਰੀਆਂ ਅਤੇ ਕੰਮ ਦੇ ਸਥਾਨਾਂ ਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ।
- ਸਾਨੂੰ ਆਪਣੀਆਂ ਸਥਾਨਕ ਅਤੇ ਰਾਸ਼ਟਰੀ ਸਰਕਾਰਾਂ ਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ।
- ਸਾਨੂੰ ਜਰੂਰ ਹੀ ਸਾਡੀਆਂ ਕਲੀਸਿਆਵਾਂ ਅਤੇ ਮਸੀਹੀ ਸੰਸਥਾਵਾਂ ਤੇ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਨਾ ਚਾਹੀਦਾ ਹੈ।

ਜਿੱਥੇ ਕਿਤੇ ਰਾਜੇ ਦਾ ਕੋਈ ਵਿਅਕਤੀ ਰਹਿੰਦਾ ਹੈ, ਉੱਥੇ ਰਾਜ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਸ ਪ੍ਰਕਾਰ, ਸਾਡੇ ਘਰ ਅਤੇ ਦਫਤਰ ਪਰਮੇਸ਼ੁਰ ਦੇ ਰਾਜ ਨੂੰ ਦਰਸਾਉਂਦੇ ਹਨ। ਸਾਡੇ ਸਹਿ ਕਰਮੀਆਂ ਦੇ ਨਾਲ ਸਾਡੇ ਸੰਬੰਧ ਰਾਜ ਨੂੰ ਦਰਸਾਉਂਦੇ ਹਨ। ਪਤਰਸ ਨੇ ਲਿਖਿਆ,

> ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ ਸਰੀਰਕ ਕਾਮਨਾਂ ਤੋਂ ਪਰੇ ਰਹੋ ਜਿਹੜੀਆਂ ਜਾਨ ਨਾਲ ਲੜਦੀਆਂ ਹਨ। ਅਤੇ ਪਰਾਈਆਂ ਕੌਮਾਂ ਵਿੱਚ ਆਪਣੀ ਚਾਲ ਨੇਕ ਰੱਖੋ ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਤੁਹਾਡੇ ਸ਼ੁਭ ਕਰਮਾਂ ਦੇ ਕਾਰਨ ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ ਪਰਮੇਸ਼ੁਰ ਦੀ ਵਡਿਆਈ ਕਰਨ (1 ਪਤਰਸ 2:11-12)।

ਪਰਮੇਸ਼ੁਰ ਚਾਹੁੰਦਾ ਹੈ ਕਿ ਜਿਹੜੇ ਲੋਕ ਰਾਜ ਦੇ ਨਾਗਰਿਕ ਨਹੀਂ ਹਨ ਉਹ ਸਾਡੇ ਅੰਦਰ ਰਾਜ ਨੂੰ ਵੇਖਣ। ਜੇਕਰ ਅਸੀਂ ਰਾਜ ਦੇ ਸਿਧਾਂਤਾਂ ਦੇ ਦੁਆਰਾ ਜਿਉਂਦੇ ਹਾਂ ਤਾਂ ਹੀ ਉਹ ਸਾਡੇ ਜੀਵਨਾਂ ਦੇ ਵਿੱਚ ਰਾਜ ਨੂੰ ਵੇਖ ਸਕਦੇ ਹਨ। ਕੀ ਲੋਕ ਤੁਹਾਡੇ ਅੰਦਰ ਰਾਜ ਨੂੰ ਵੇਖ ਸਕਦੇ ਹਨ?

**(2) ਪਰਮੇਸ਼ੁਰ ਦਾ ਰਾਜ ਕਿਸੇ ਖਾਸ ਲੋਕਾਂ ਦੇ ਸਮੂਹ ਦੇ ਲਈ ਨਹੀਂ ਹੈ ਪਰ ਇਹ ਉਨ੍ਹਾਂ ਦੇ ਲਈ ਹੈ ਜੋ ਉਸਦੇ ਪਿੱਛੇ ਚੱਲਦੇ ਹਨ।**

ਜਦੋਂ ਯਿਸੂ ਨੇ ਇੱਕ ਰੋਮੀ (ਪਰਾਈ ਕੌਮ) ਸਿਪਾਹੀ ਦੇ ਨੌਕਰ ਨੂੰ ਚੰਗਿਆਂ ਕੀਤਾ, ਉਸਨੇ ਕਿਹਾ,

> ਅਰ ਮੈਂ ਤੁਹਾਨੂੰ ਆਖਦਾ ਹਾਂ ਜੋ ਬਥੇਰੇ ਚੜ੍ਹਦਿਓਂ ਅਤੇ ਲਹਿੰਦਿਓਂ ਆਉਣਗੇ ਅਤੇ **ਸੁਰਗ ਦੇ ਰਾਜ** ਵਿੱਚ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਨਾਲ ਬੈਠਣਗੇ (ਮੱਤੀ 8:11, ਕੁਝ ਗੱਲਾਂ ਤੇ ਜ਼ੋਰ ਦਿੱਤਾ ਗਿਆ ਹੈ)।

ਰਾਜ ਸਭਨਾਂ ਲੋਕਾਂ ਦੇ ਲਈ ਸੀ, ਚਾਹੇ ਉਹ ਕਿਸੇ ਵੀ ਜਾਤੀ, ਭਾਸ਼ਾ ਜਾਂ ਨਸਲੀ ਪਿਛੋਕੜ ਦੇ ਹੋਣ। ਕਿਉਂਕਿ ਯਿਸੂ ਨੇ ਸਭ ਤਰ੍ਹਾਂ ਦੇ ਪਿਛੋਕੜਾਂ ਵਾਲੇ ਲੋਕਾਂ ਨੂੰ ਚੁਣਿਆ, ਇਸ ਲਈ ਸਾਨੂੰ ਯਿਸੂ ਦੇ ਪੈਰੋਕਾਰਾਂ ਨੂੰ ਹਰੇਕ ਤਰ੍ਹਾਂ ਦੇ ਪਿਛੋਕੜਾਂ ਤੋਂ ਸਵੀਕਾਰ ਕਰਨਾ ਚਾਹੀਦਾ ਹੈ। ਜਾਤੀਵਾਦ ਅਤੇ ਧੜੇਬੰਦੀ ਪਰਮੇਸ਼ੁਰ ਦੇ ਰਾਜ ਦਾ ਹਿੱਸਾ ਨਹੀਂ ਹਨ।

**(3) ਪਰਮੇਸ਼ੁਰ ਦਾ ਰਾਜ ਮਹਿੰਗੇ ਮਹਿਲਾਂ ਅਤੇ ਵਿਦੇਸ਼ੀ ਕੱਪੜਿਆਂ ਦੇ ਨਾਲ ਨਹੀਂ ਪਰ ਸਕਰਾਤਮਕ ਸਮਾਜਿਕ ਕੀਮਤਾਂ ਦੇ ਨਾਲ ਜੁੜਿਆ ਹੋਇਆ ਹੈ।**

ਜਦੋਂ ਅਸੀਂ ਰਾਜਾਂ ਦੇ ਬਾਰੇ ਸੋਚਦੇ ਹਾਂ, ਤਾਂ ਅਸੀਂ ਅਕਸਰ ਰਾਜੇ ਦੇ ਘਰ-ਮਹਿਲ ਦੇ ਬਾਰੇ ਸੋਚਦੇ ਹਾਂ। ਮਹਿਲ ਰਾਜੇ ਦੇ ਬਾਰੇ ਕੁਝ ਕਹਿੰਦਾ ਹੈ। ਪਰ ਯਿਸੂ ਨੇ ਕਿਹਾ, "ਅਤੇ ਯਿਸੂ ਨੇ ਉਹ ਨੂੰ ਆਖਿਆ ਭਈ ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਹਲਣੇ ਹਨ ਪਰ ਮਨੁੱਖ ਦੇ ਪੁੱਤ੍ਰ ਦੇ ਸਿਰ ਧਰਨ ਨੂੰ ਥਾਂ ਨਹੀਂ (ਮੱਤੀ 8:20)। ਯਿਸੂ ਦੇ ਰਾਜ ਦੀ ਵਿਸ਼ੇਸ਼ਤਾ ਦੌਲਤ ਜਾਂ ਵਿਸਤ੍ਰਿਤ ਇਮਾਰਤਾਂ

ਜਾਂ ਸ਼ਾਨਦਾਰ ਕੱਪੜੇ ਜਾਂ ਵਿਦੇਸ਼ੀ ਗਹਿਣਿਆਂ ਦੇ ਪ੍ਰਦਰਸ਼ਨ ਦੁਆਰਾ ਨਹੀਂ ਹੈ। ਯਿਸੂ ਦਾ ਰਾਜ ਇਹਨਾਂ ਬਾਹਰੀ ਚੀਜ਼ਾਂ ਦੁਆਰਾ ਨਹੀਂ ਬਲਕਿ ਸਕਾਰਾਤਮਕ ਮੁੱਲਾਂ ਦੁਆਰਾ ਦਰਸਾਇਆ ਗਿਆ ਹੈ।

**(4) ਪਰਮੇਸ਼ੁਰ ਦਾ ਰਾਜ ਬੁਰਾਈ ਅਤੇ ਹੇਰਾਫੇਰੀ ਦੁਆਰਾ ਨਹੀਂ ਪਰ ਧਾਰਮਿਕਤਾ ਅਤੇ ਸਚਿਆਈ ਦੁਆਰਾ ਦਰਸਾਇਆ ਜਾਂਦਾ ਹੈ।**

ਯਿਸੂ ਨੇ ਸਿਖਾਇਆ, "ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫਰੀਸੀਆਂ ਦੇ ਧਰਮ ਨਾਲੋਂ ਵੱਧ ਨਾ ਹੋਵੇ ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸੇ ਬਿਧ ਨਾ ਵੜੋਗੇ" (ਮੱਤੀ 5:20)। ਇੱਥੇ ਧਾਤਮਿਕਤਾ ਕੋਈ ਧਰਮ ਸਿੱਖਿਆ ਦੀ ਧਾਰਨਾ ਨਹੀਂ ਹੈ ਪਰ ਇਹ ਅਭਿਆਸਿਕ ਭਲਿਆਈ ਹੈ। ਫ਼ਰੀਸੀਆਂ ਦੇ ਕੋਲ ਬਾਹਰੀ ਧਾਰਮਿਕਤਾ ਸੀ ਜਿਸਦੀ ਬਣਤਰ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਲਈ ਕੀਤੀ ਗਈ ਸੀ। ਅਸਲ ਧਾਰਮਿਕਤਾ ਨਿਆਂ ਅਤੇ ਭਲਿਆਈ ਤੋਂ ਬਹੁਤ ਅੱਗੇ ਜਾਣੀ ਚਾਹੀਦੀ ਹੈ। ਯਿਸੂ ਦਾ ਰਾਜ ਉਨ੍ਹਾਂ ਦੁਆਰਾ ਦਰਸਾਇਆ ਜਾਂਦਾ ਹੈ ਜੋ ਸਹੀ ਕੰਮ ਕਰਦੇ ਹਨ। ਪਰਮੇਸ਼ੁਰ ਦਾ ਰਾਜ ਬਹੁਤਾਇਤ ਦੇ ਵਿੱਚ ਪ੍ਰਫੁੱਲਤ ਹੁੰਦਾ ਹੈ। ਪਰਮੇਸ਼ੁਰ ਦਾ ਰਾਜ ਉੱਥੇ ਵੀ ਪ੍ਰਫੁੱਲਤ ਹੁੰਦਾ ਹੈ ਜਿੱਥੇ ਬਹੁਤਾਇਤ ਨਹੀਂ ਹੁੰਦੀ। ਇਸ ਸੱਚ ਹੈ ਕਿਉਂਕਿ ਪਰਮੇਸ਼ੁਰ ਦਾ ਰਾਜ ਸਰੀਰਤ, ਭੌਤਿਕ ਰਾਜ ਨਹੀਂ ਹੈ ਪਰ ਇਹ ਕਦਰਾਂ ਕੀਮਤਾਂ ਅਤੇ ਗੁਣਾਂ ਤੇ ਆਧਾਰਿਤ ਹੈ।

**(5) ਪਰਮੇਸ਼ੁਰ ਦਾ ਰਾਜ ਘਮੰਡ ਅਤੇ ਰਸਮਾਂ ਦੁਆਰਾ ਨਹੀਂ ਪਰ ਹਲੀਮੀ ਅਤੇ ਸੇਵਾ ਦੁਆਰਾ ਦਰਸਾਇਆ ਜਾਂਦਾ ਹੈ।**

ਯਿਸੂ ਨੇ ਕਿਹਾ, "ਧੰਨ ਉਹ ਜਿਹੜੇ ਦਿਲ ਦੇ ਗ਼ਰੀਬ ਹਨ, ਕਿਉਂਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੈ (ਮੱਤੀ *5:3)*। "ਦਿਲ ਦੇ ਗ਼ਰੀਬ" ਵਾਕ ਹਲੀਮੀ ਨੂੰ ਦਰਸਾਉਂਦਾ ਹੈ। ਆਮ ਤੌਰ ਤੇ ਹਲੀਮੀ ਨੂੰ ਧਰਤੀ ਦੇ ਰਾਜਨੀਤਿਕ ਆਗੂਆਂ ਦੇ ਨਾਲ ਜੋੜ ਕੇ ਨਹੀਂ ਵੇਖਿਆ ਜਾਂਦਾ ਹੈ। ਰਾਜਨੀਤਿਕ ਲੋਕਾਂ ਨੂੰ ਦੂਸਰਿਆਂ ਨੂੰ ਦੱਸਣਾ ਪੈਂਦਾ ਹੈ ਕਿ ਉਹ ਆਪਣੇ ਵਿਰੋਧੀਆਂ ਨਾਲੋਂ ਬਿਹਤਰ ਕਿਵੇਂ ਹਨ। ਪਰ ਯਿਸੂ ਦਾ ਰਾਜ ਹਲੀਮੀ ਅਤੇ ਸੁਆਰਥ ਰਹਿਤ ਬਣਨ ਅਤੇ ਦੂਸਰਿਆਂ ਨੂੰ ਉੱਚਾ ਕਰਨ ਦੇ ਬਾਰੇ ਹੈ।

ਸ਼ਾਹੀ ਵਿਅਕਤੀਆਂ ਦੇ ਨਾਲ ਅਕਸਰ ਲਾਡ ਅਤੇ ਪ੍ਰਸ਼ੰਸਾ ਕੀਤੀ ਜਾਂਦੀ ਹੈ, ਉਹ ਘਮੰਡ ਮਹਿਸੂਸ ਕਰਦੇ ਹਨ ਅਤੇ ਸੋਚਦੇ ਹਨ ਕਿ ਉਹ ਦੂਜਿਆਂ ਨਾਲੋਂ ਜ਼ਿਆਦਾ ਮਹੱਤਵਪੂਰਨ ਹਨ। ਉਹ ਆਪਣੇ ਰਵੱਈਏ ਦੇ ਵਿੱਚ ਘਮੰਡੀ ਬਣ ਸਕਦੇ ਹਨ। ਪਰ ਯਿਸੂ ਨੇ ਕਿਹਾ, "ਮਨੁੱਖ ਦਾ ਪੁੱਤ੍ਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ **ਟਹਿਲ ਕਰਨ** ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ" (ਮੱਤੀ 20:28, ਕੁਝ ਗੱਲਾਂ ਤੇ ਜ਼ੋਰ ਦਿੱਤਾ ਗਿਆ ਹੈ)। ਰਾਜਾ ਹਰੇਕ ਸਥਾਨ ਤੇ ਇੰਨਾਂ ਲੋਕਾਂ ਨੂੰ ਲੈ ਕੇ ਗਿਆ ਅਤੇ ਜੋ ਉਹ ਜਾਣਦਾ ਸੀ ਉਸਦੇ ਬਾਰੇ ਉਨ੍ਹਾਂ ਨੂੰ ਸਿਖਾਇਆ। ਰਾਜਾ ਆਪਣੇ ਚੇਲ੍ਹਿਆਂ ਦੇ ਪੈਰ ਧੋਣ ਦੇ ਲਈ ਵੀ ਰਾਜੀ ਸੀ। ਅਸੀਂ ਮਹਿੰਗੀਆਂ ਅਤੇ ਸ਼ਾਨਦਾਰ ਵਸਤਾਂ ਦੇ ਨਾਲ ਨਹੀਂ ਸਗੋਂ ਆਪਣੀ ਸਾਧਾਰਣ ਹੋਣ ਅਤੇ ਹਲੀਮੀ ਦੇ ਦੁਆਰਾ ਰਾਜ ਦੇ ਸੁਭਾਅ ਨੂੰ ਦਰਸਾਉਂਦੇ ਹਾਂ।

**(6) ਪਰਮੇਸ਼ੁਰ ਦਾ ਰਾਜ ਸਰੀਰਕ ਜਨਮਾਂ ਦੇ ਦੁਆਰਾ ਨਹੀਂ ਪਰ ਯਿਸੂ ਦੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਦੇ ਵਿਕਸਿਤ ਹੁੰਦਾ ਹੈ।**

ਯਿਸੂ ਨੇ ਕਿਹਾ, "ਮੈਂ **ਸੁਰਗ ਦੇ ਰਾਜ ਦੀਆਂ ਕੁੰਜੀਆਂ** ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ (ਮੱਤੀ 16:19, ਕੁਝ ਗੱਲਾਂ ਤੇ ਜ਼ੋਰ ਦਿੱਤਾ ਗਿਆ ਹੈ)। ਜਦੋਂ ਪਰਮੇਸ਼ੁਰ ਦਾ ਬਣਾਇਆ ਹੋਇਆ ਰਾਜ ਪਾਪ ਅਤੇ ਅੰਧਕਾਰ ਅਤੇ ਵਿਗਾੜ ਦੇ ਵਿੱਚ ਡਿੱਗ ਪਿਆ, ਤਾਂ ਪਰਮੇਸ਼ੁਰ ਨੂੰ ਧਰਤੀ ਦੀ ਮੁੜ ਬਹਾਲੀ ਕਰਨੀ ਪਈ। ਪਰਮੇਸ਼ੁਰ ਨੇ ਮਨੁੱਖਤਾ ਨੂੰ ਜਿੰਮੇਵਾਰੀ ਸੌਂਪੀ ਕਿ ਉਹ ਲੋਕਾਂ ਨੂੰ ਉਸਦੇ ਰਾਜ ਵਿੱਚ ਲਿਆਉਣ ਅਤੇ ਉਹ ਸਮਾਜ ਦੇ ਹਰੇਕ ਖੇਤਰ ਦੇ ਵਿੱਚ ਉਸਦੇ ਰਾਜ ਦੀ ਉਸਾਰੀ ਕਰਨ। ਪਰਮੇਸ਼ੁਰ ਆਪਣੇ ਰਾਜ ਦੀ ਉਸਾਰੀ ਕਰਨ ਦੇ ਲਈ ਸਵਰਗਦੂਤਾਂ ਨੂੰ ਨਹੀਂ ਭੇਜੇਗਾ। ਉਹ ਇਸ ਕੰਮ ਨੂੰ ਕਰਨ ਦੇ ਲਈ ਮੇਰਾ ਅਤੇ ਤੁਹਾਡਾ ਇਸਤੇਮਾਲ ਕਰਦਾ ਹੈ। ਰਾਜ ਦੇ ਲੋਕਾਂ ਦੀ ਜਿੰਮੇਵਾਰੀ ਹੈ ਕਿ ਉਹ ਹੇਠਾਂ ਦੱਸੇ ਕੰਮ ਕਰਨ:

- ਦੂਸਰੇ ਲੋਕਾਂ ਨੂੰ ਰਾਜ ਦੇ ਵਿੱਚ ਲਿਆਉਣ।
- ਜਿੱਥੇ ਕਿਤੇ ਉਹ ਹਨ ਉੱਥੇ ਰਾਜ ਦੀ ਉਸਾਰੀ ਕਰਨ।
- ਸਮਾਜ ਦੇ ਸਾਰੇ ਹਿੱਸਿਆਂ ਦੇ ਵਿੱਚ ਰਾਜ ਦੇ ਸਿਧਾਂਤਾਂ ਨੂੰ ਲਾਗੂ ਕਰਨ।

ਇਹ ਸਾਡੀ ਜਿੰਮੇਵਾਰੀ ਅਤੇ ਸਾਡਾ ਸੁਭਾਗ ਹੈ। ਆਉ ਅਸੀਂ ਲੋਕਾਂ ਦੇ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਲਿਆਉਣ ਦੇ ਵਿੱਚ ਕਿਰਿਆਸ਼ੀਲ ਹੋਈਏ।

## ਰਸੂਲਾਂ ਦੇ ਕਰਤੱਬ ਦੇ ਵਿੱਚ ਦਿੱਤੇ ਰਾਜ ਦੇ ਸ਼ੁਭਸਮਾਚਾਰ ਦਾ ਅਭਿਆਸ ਕਰਨਾ

ਹੁਣ ਅਸੀਂ ਵੇਖਾਂਗੇ ਕਿ ਅਰੰਭਿਕ ਕਲੀਸਿਆ ਨੇ ਸਵਰਗ ਦੀ ਤਰ੍ਹਾਂ ਧਰਤੀ ਤੇ ਰਾਜ ਨੂੰ ਸਥਾਪਿਤ ਕਰਨ ਦੀ ਯਿਸੂ ਦੀ ਪ੍ਰਾਥਨਾ ਨੂੰ ਪੂਰਾ ਕਰਨ ਦਾ ਕਿਵੇਂ ਯਤਨ ਕੀਤਾ। ਇੰਨਾਂ ਉਦਾਹਰਨਾਂ ਦੇ ਵੱਲ ਧਿਆਨ ਦਿਓ:

### ਜਰੂਰਤਮੰਦਾਂ ਦੀ ਸੇਵਾ ਕਰਨਾ

ਪਰਮੇਸ਼ੁਰ ਸਦਾ ਸਮਾਜ ਦੇ ਜਰੂਰਤਮੰਦਾਂ ਦੀ ਦੇਖਭਾਲ ਕਰਦਾ ਹੈ, ਜਿੰਨ੍ਹਾਂ ਦੇ ਵਿੱਚ ਵਿਧਵਾਵਾਂ, ਅਨਾਥ ਅਤੇ ਗ਼ਰੀਬ ਲੋਕ ਸ਼ਾਮਿਲ ਹਨ। ਇਹ ਵੇਖਣਾ ਹੈਰਾਨੀ ਦੀ ਗੱਲ ਨਹੀਂ ਹੈ ਕਿ ਯਿਸੂ ਦੇ ਪੈਰੋਕਾਰ ਧਰਤੀ ਤੇ ਪਰਮੇਸ਼ੁਰ ਦੇ ਰਾਜ ਦੀ ਉਸਾਰੀ ਕਰਨ ਦੇ ਲਈ ਅਭਿਆਸਿਕ ਕੰਮਾਂ ਦੇ ਵਿੱਚ ਸ਼ਾਮਿਲ ਹੁੰਦੇ ਹਨ।

ਰਸੂਲਾਂ ਦੇ ਕਰਤੱਬ 6 ਦੇ ਵਿੱਚ ਅਸੀਂ ਅਰੰਭਿਕ ਵਿਸ਼ਵਾਸੀਆਂ ਨੂੰ ਵਿਧਵਾਵਾਂ ਦੀ ਦੇਖਭਾਲ ਕਰਦੇ ਹੋਏ ਵੇਖਦੇ ਹਾਂ। ਇੱਕ ਤਬਿਥਾ ਨਾਮ ਦੀ ਤੀਵੀਂ ਸ਼ੁਭ ਕਰਮਾਂ ਅਤੇ ਪੁੰਨ ਦਾਨ ਕਰਨ ਵਿੱਚ ਰੁੱਝੀ ਰਹਿੰਦੀ ਸੀ (ਰਸੂਲਾਂ ਦੇ ਕਰਤੱਬ 9:36)। ਪੌਲੁਸ ਅਤੇ ਬਰਨਾਬਾਸ ਨੇ ਯਰੂਸ਼ਲਮ ਵਿੱਚ ਅਕਾਲ ਦੀ ਮਾਰ ਝੱਲ ਰਹੇ ਮਸੀਹੀਆਂ ਦੇ ਲਈ ਰਾਹਤ ਦੀਆਂ ਵਸਤਾਂ ਅਤੇ ਪੈਸੇ ਇਕੱਠੇ ਕਰਕੇ ਉਨ੍ਹਾਂ ਨੂੰ ਦਿੱਤੇ

(ਰਸੂਲਾਂ ਦੇ ਕਰਤੱਬ 11:29)। ਰਸੂਲਾਂ ਦੇ ਕਰਤੱਬ ਦੇ ਅੱਗਲੇ ਹਿੱਸੇ ਵਿੱਚ, ਪੌਲੁਸ ਨੇ ਮਕਦੂਨਿਯਾ ਅਤੇ ਅਕਾਯਾ ਦੀਆਂ ਕਲੀਸਿਆਵਾਂ ਦੇ ਵਿੱਚੋਂ ਯਰੂਸ਼ਲਮ ਦੇ ਲੋੜਵੰਦਾਂ ਦੇ ਲਈ ਦਾਨ ਇਕੱਠਾ ਕੀਤਾ (ਰਸੂਲਾਂ ਦੇ ਕਰਤੱਬ 24:17)।

ਸਾਡੀਆਂ ਲੋੜਾਂ ਦੇ ਪ੍ਰਤੀ ਪਰਮੇਸ਼ੁਰ ਦੇ ਰਾਜ ਦੇ ਸਿਧਾਂਤ 2 ਕੁਰਿੰਥੀਆਂ 8:13-15 ਦੇ ਵਿੱਚ ਪੌਲੁਸ ਦੇ ਬਿਆਨ ਦੇ ਸਾਰ ਵਿੱਚ ਪਾਏ ਜਾਂਦੇ ਹਨ:

> ਕਿਉਂ ਜੋ ਮੈਂ ਇਹ ਇਸ ਲਈ ਨਹੀਂ ਆਖਦਾ ਭਈ ਹੋਰਨਾਂ ਨੂੰ ਸੌਖ ਅਤੇ ਤੁਹਾਨੂੰ ਔਖ ਹੋਵੇ। ਸਗੋਂ ਬਰਾਬਰੀ ਹੋਵੇ ਭਈ ਐਤਕੀਂ ਤੁਹਾਡਾ ਵਾਧਾ ਓਹਨਾਂ ਦੇ ਘਾਟੇ ਨੂੰ ਪੂਰਾ ਕਰੇ ਤਾਂ ਜੋ ਓਹਨਾਂ ਦਾ ਵਾਧਾ ਭੀ ਤੁਹਾਡੇ ਘਾਟੇ ਨੂੰ ਪੂਰਾ ਕਰੇ ਤਾਂ ਜੋ ਬਰਾਬਰੀ ਹੋਵੇ। ਜਿਵੇਂ ਲਿਖਿਆ ਹੋਇਆ ਹੈ, "ਜਿਸਨੇ ਵੱਧ ਲਿਆ ਸੀ ਉਹ ਵੱਧ ਨਾ ਨਿੱਕਲਿਆ ਅਤੇ ਜਿਸਨੇ ਘੱਟ ਲਿਆ ਸੀ ਉਹ ਘੱਟ ਨਾ ਨਿੱਕਲਿਆ।"

ਅਸੀਂ ਲੋੜਵੰਦਾਂ ਲੋਕਾਂ ਦੀ ਅਜਿਹੇ ਬਹੁਤ ਸਾਰੇ ਤਰੀਕਿਆਂ ਦੇ ਨਾਲ ਸਹਾਇਤਾ ਕਰ ਸਕਦੇ ਹਾਂ ਜਿਸਦੇ ਲਈ ਕਿਸੇ ਅਲੌਕਿਕ ਸ਼ਕਤੀ ਦੀ ਜਰੂਰਤ ਨਹੀਂ ਹੈ। ਸਾਨੂੰ ਇਹ ਉਡੀਕ ਨਹੀਂ ਕਰਨੀ ਚਾਹੀਦੀ ਕਿ ਪਰਮੇਸ਼ੁਰ ਸਾਨੂੰ ਕੋਈ ਅਲੌਕਿਕ ਸ਼ਕਤੀ ਦੇਵੇ ਅਤੇ ਫਿਰ ਹੀ ਅਸੀਂ ਸਮਾਜ ਦੇ ਬਿਮਾਰ ਹਾਲਾਤਾਂ ਦੇ ਬਾਰੇ ਕੁਝ ਕਰ ਸਕਦੇ ਹਾਂ।

### ਨਿਆਂ ਦੇ ਨਾਲ ਖੜੇ ਹੋਣਾ

ਪਰਮੇਸ਼ੁਰ ਦੇ ਰਾਜ ਦਾ ਇੱਕ ਮਹੱਤਵਪੂਰਨ ਹਿੱਸਾ ਨਿਆਂ ਹੈ। ਅਰੰਭਿਕ ਕਲੀਸਿਆ ਨੇ ਸਮਾਜ ਦੇ ਵਿੱਚ ਨਿਆਂ ਦੇ ਮੁੱਦੇ ਨੂੰ ਕਿਵੇਂ ਸੰਬੋਧਿਤ ਕੀਤਾ? ਜਦੋਂ ਪਤਰਸ ਅਤੇ ਯੂਹੰਨਾ ਨੂੰ ਕਿਹਾ ਗਿਆ ਕਿ ਉਹ ਯਿਸੂ ਦੇ ਨਾਮ ਦਾ ਪ੍ਰਚਾਰ ਨਹੀਂ ਕਰ ਸਕਦੇ, ਤਾਂ ਉਨ੍ਹਾਂ ਨੇ ਬਹੁਤ ਨਰਮੀ ਦੇ ਨਾਲ ਯਹੂਦੀ ਆਗੂਆਂ ਨੂੰ ਜਾਣਕਾਰੀ ਦਿੱਤੀ ਕਿ ਉਹ ਇਸਦੀ ਅਣ-ਆਗਿਆਕਾਰੀ ਕਰਨਗੇ ਕਿਉਂਕਿ ਉਨ੍ਹਾਂ ਨੂੰ ਸ਼ੁਭਸਮਾਚਾਰ ਦਾ ਪ੍ਰਚਾਰ ਕਰਨ ਦੀ ਹਦਾਇਤ ਦਿੱਤੀ ਗਈ ਹੈ। ਉਨ੍ਹਾਂ ਨੇ ਇੰਨ੍ਹਾਂ ਆਗੂਆਂ ਨੂੰ ਕਿਹਾ, "ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰੀ ਹੈ" (ਰਸੂਲਾਂ ਦੇ ਕਰਤੱਬ 5:29)।

ਜਦੋਂ ਪੌਲੁਸ ਨੂੰ ਫ਼ਿਲਿੱਪੈ ਗ਼ੈਰ-ਕਾਨੂੰਨੀ ਤਰੀਕੇ ਦੇ ਨਾਲ ਫੜ ਕੇ ਕੁੱਟਿਆ ਮਾਰਿਆ ਗਿਆ, ਤਾਂ ਉਸਨੇ ਉੰਨੀ ਦੇਰ ਤੱਕ ਜੇਲ ਨੂੰ ਛੱਡਣ ਤੋਂ ਇਨਕਾਰ ਕੀਤਾ ਜਦੋਂ ਤੱਕ ਉਸ ਅਧਿਕਾਰੀ ਨੇ ਆ ਕੇ ਉਸਨੂੰ ਜਾਣ ਲਈ ਨਹੀਂ ਕਿਹਾ ਜਿਸਨੇ ਉਸਨੂੰ ਉੱਥੇ ਰੱਖਿਆ ਸੀ। ਇਹ ਸ਼ੁਭਸਮਾਚਾਰ ਪ੍ਰਚਾਰ ਦੀ ਕਿਰਿਆ ਨਹੀਂ ਸੀ। ਉਹ ਇੰਨ੍ਹਾਂ ਲੋਕਾਂ ਨੂੰ ਮਸੀਹ ਦੇ ਲਈ ਜਿੱਤਣ ਦਾ ਯਤਨ ਨਹੀਂ ਕਰ ਰਿਹਾ ਸੀ।ਇਹ ਨਿਆਂ ਦਾ ਕੰਮ ਸੀ। ਪੌਲੁਸ ਚਾਹੁੰਦਾ ਸੀ ਕਿ ਇਹ ਆਗੂ ਸਮਝਣ ਕਿ ਉਨ੍ਹਾਂ ਨੂੰ ਸਮਾਜ ਦੇ ਵਿੱਚ ਨਿਆਂ ਦੇ ਸਿਧਾਂਤਾਂ ਦੇ ਦੁਆਰਾ ਜਿਉਣਾ ਚਾਹੀਦਾ ਹੈ।

ਪੌਲੁਸ ਨੇ ਆਪਣੇ ਕੰਮ ਨੂੰ ਸਿਰਫ਼ ਸ਼ੁਭਸਮਾਚਾਰ ਪ੍ਰਚਾਰ ਅਤੇ ਕਲੀਸਿਆ ਸਥਾਪਨਾ ਕਰਨ ਦੇ ਤੌਰ ਤੇ ਹੀ ਨਹੀਂ ਵੇਖਿਆ। ਉਹ ਇੱਕ ਬਿਮਾਰ ਸਮਾਜ ਦੇ ਵਿੱਚ ਰਹਿੰਦਾ ਹੈ, ਅਤੇ ਉਸਨੇ ਇਸ ਬਿਮਾਰੀ ਨੂੰ ਚੰਗਾ ਕਰਨ ਦੇ ਲਈ ਹਰੇਕ ਮੌਕੇ ਦਾ ਉਪਯੋਗ ਕੀਤਾ, ਜਿਸ ਵਿੱਚ ਅਨਿਆਂ ਦੀ ਬਿਮਾਰੀ ਵੀ ਸ਼ਾਮਿਲ ਸੀ।

### ਤੰਦਰੁਸਤੀ ਨੂੰ ਮੁੜ ਬਹਾਲ ਕਰਨਾ

ਆਪਣੇ ਸੁਆਮੀ ਦੀ ਤਰ੍ਹਾਂ, ਪੌਲੁਸ ਨੇ ਕੁਝ ਲੋਕਾਂ ਦੇ ਲਈ ਅਲੌਕਿਕ ਸ਼ਕਤੀ ਦੇ ਦੁਆਰਾ ਚੰਗਿਆਈ ਪ੍ਰਦਾਨ ਕੀਤੀ। ਪਰ ਉਸਨੇ ਸਿਰਫ਼ ਇਸੇ ਤਰੀਕੇ ਦਾ ਹੀ ਉਪਯੋਗ ਨਹੀਂ ਕੀਤਾ। ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ, "ਅਗਾਹਾਂ ਨੂੰ ਨਿਰਾ ਪਾਣੀ ਨਾ ਪੀਆ ਕਰ ਪਰ ਹਾਜ਼ਮੇ ਲਈ ਅਤੇ ਆਪਣੀਆਂ ਬਹੁਤੀਆਂ ਮਾਂਦਗੀਆਂ ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ" (1 ਤਿਮੋਥਿਉਸ 5:23)। ਅੰਗੂਰਾਂ ਨੂੰ ਬਣਾਈ ਹੋਈ ਮੈ ਦੇ ਵਿੱਚ ਲੋਹਾ ਹੁੰਦਾ ਹੈ। ਜੇਕਰ ਇਸਨੂੰ ਸਹੀ ਅਤੇ ਘੱਟ ਮਾਤਰਾ ਵਿੱਚ ਲਿਆ ਜਾਵੇ ਤਾਂ ਇਹ ਖ਼ੂਨ ਦੇ ਲਈ ਚੰਗੀ ਹੁੰਦੀ ਹੈ। ਪੌਲੁਸ ਨੇ ਤਿਮੋਥਿਉਸ ਨੂੰ ਉਸਦੀ ਬਿਮਾਰੀ ਨੂੰ ਚੰਗਾ ਹੋਣ ਦੇ ਲਈ ਇਸ ਕੁਦਰਤੀ ਤਰੀਕੇ ਦਾ ਇਸਤੇਮਾਲ ਕਰਨ ਦੀ ਸਲਾਹ ਦਿੱਤੀ।

ਆਪਣੇ ਚੇਲ੍ਹਿਆਂ ਨੂੰ ਇੱਕ ਸਿਖਾਉਣ ਦੀ ਯਾਤਰਾ ਤੇ ਘੱਲਣ ਤੋਂ ਬਾਅਦ, ਉਸਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਆਪ ਉਜਾੜ ਥਾਂ ਅਲੱਗ ਚੱਲੇ ਚੱਲੋ ਅਤੇ ਰਤੀ ਕੁ ਸਸਤਾਓ" (ਮਰਕੁਸ 6:31)। ਯਿਸੂ ਨੇ ਇਸ ਗੱਲ ਨੂੰ ਸਮਝਿਆ ਕਿ ਚੰਗੀ ਸੇਹਤ ਦਾ ਅਨੰਦ ਮਾਣਨ ਦੇ ਲਈ ਆਰਾਮ ਕਰਨਾ ਜਰੂਰੀ ਸੀ।

ਯਾਕੂਬ ਨੇ ਚੰਗਾਈ ਦੇ ਬਾਰੇ ਬਹੁਤ ਹੀ ਦਿਲਚਸਪ ਬਿਆਨ ਦਿੱਤਾ।

> ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਯਾ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਓਹ ਪ੍ਰਭੁ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ। ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੁ ਉਹ ਨੂੰ ਉਠਾ ਖੜਾ ਕਰੇਗਾ, ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ (ਯਾਕੂਬ 5:14-15)।

ਯੂਨਾਨੀ ਦੇ ਵਿੱਚ ਮਸਹ ਦੇ ਲਈ ਦੋ ਸ਼ਬਦ ਹਨ। ਇੱਕ ਸ਼ਬਦ ਰਸਮੀ ਤੌਰ ਤੇ ਮਸਹ ਕਰਨ ਨੂੰ ਦਰਸਾਉਂਦਾ ਹੈ ਅਤੇ ਦੂਸਰਾ ਤੇਲ ਦੇ ਦਵਾਈ ਵੱਜੋਂ ਅਤੇ ਸੁੰਦਰਤਾ ਦੇ ਲਈ ਕੀਤੇ ਉਪਯੋਗ ਨੂੰ ਦਰਸਾਉਂਦਾ ਹੈ। ਪੁਰਾਤਨ ਸੰਸਾਰ ਦੇ ਵਿੱਚ ਤੇਲ ਕਿਸੇ ਵਿਅਕਤੀ ਦੇ ਲਈ ਮੁੱਢਲੇ ਇਲਾਜ ਵੱਜੋਂ ਵਰਤਿਆ ਜਾਂਦਾ ਸੀ। ਜਦੋਂ ਨੇਕ ਸਾਮਰੀ ਨੇ ਲੁਟੇਰਿਆਂ ਨੂੰ ਜਖ਼ਮੀ ਕੀਤੇ ਵਿਅਕਤੀ ਨੂੰ ਵੇਖਿਆ, ਤਾਂ ਉਸਨੇ ਉਸਦੇ ਜਖ਼ਮਾਂ ਤੇ ਤੇਲ ਪਾਇਆ। ਪਰਮੇਸ਼ੁਰ ਕਿਸੇ ਵਿਅਕਤੀ ਨੂੰ ਪ੍ਰਾਥਨਾਵਾਂ ਦੇ ਉੱਤਰ ਵੱਜੋਂ ਚਮਤਕਾਰੀ ਢੰਗ ਨਾਲ ਕਿਸੇ ਵਿਅਕਤੀ ਨੂੰ ਚੰਗਾ ਕਰਨ ਦੀ ਚੋਣ ਕਰ ਸਕਦਾ ਹੈ। ਪਰ ਉਹ ਕਿਸੇ ਵਿਅਕਤੀ ਨੂੰ ਦਵਾਈ ਦੇ ਕੁਦਰਤੀ ਤਰੀਕੇ ਨਾਲ ਚੰਗਾ ਕਰਨ ਦੀ ਚੋਣ ਵੀ ਕਰ ਸਕਦਾ ਹੈ।

## ਸਮਾਪਤੀ

ਪਰਮੇਸ਼ੁਰ ਚਾਹੁੰਦਾ ਹੈ ਕਿ ਸਵਰਗ ਦੀ ਤਰ੍ਹਾਂ ਧਰਤੀ ਤੇ ਵੀ ਉਸਦਾ ਰਾਜ ਸਥਾਪਿਤ ਹੋਵੇ। ਰਾਜ ਨੂੰ ਸਿਧਾਂਤਾ ਦੁਆਰਾ ਚਲਾਇਆ ਜਾਂਦਾ ਹੈ, ਨਾ ਕਿ ਕਿਸੇ ਭੂਗੋਲਿਕ, ਭਾਸ਼ਾਈ ਜਾਂ ਰਾਜਨੀਤਿਕ ਵਿਸ਼ੇਸ਼ਤਾਵਾਂ ਦੁਆਰਾ। ਜਿਸ ਹੱਦ ਤੱਕ ਕਿ ਅਸੀਂ ਪਰਮੇਸ਼ੁਰ ਦੇ ਰਾਜ ਦੇ ਸਿਧਾਂਤਾਂ ਨੂੰ ਸਿਖਾਉਂਦੇ ਅਤੇ ਲਾਗੂ ਕਰਦੇ ਹਾਂ, ਅਸੀਂ ਜੀਵਨ ਦੇ ਉਨਾਂ ਖੇਤਰਾਂ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਸਥਾਪਿਤ ਕਰਦੇ ਹਾਂ।

# ਸਿਫਾਰਿਸ਼ ਕੀਤੇ ਹੋਏ ਸ੍ਰੋਤ

ਇਸ ਕੋਰਸ ਦੇ ਵਿੱਚ ਯਿਸੂ ਦੇ ਜੀਵਨ ਅਤੇ ਸੇਵਕਾਈ ਦਾ ਅੱਜ ਦੀ ਸੇਵਕਾਈ ਦੇ ਲਈ ਇੱਕ ਨਮੂਨੇ ਦੇ ਤੌਰ ਤੇ ਅਧਿਐਨ ਕੀਤਾ ਗਿਆ ਹੈ। ਇਹ ਸ਼ੁਭਸਮਾਚਾਰਾਂ ਦਾ ਵਿਖਿਆਤਮਕ ਅਧਿਐਨ ਨਹੀਂ ਹੈ। ਇਸਦੀ ਬਜਾਏ ਇਹ ਕੋਰਸ ਅੱਜ ਦੇ ਸੇਵਕਾਈ ਦੇ ਲਈ ਪਾਠ ਲੈਣ ਦੇ ਲਈ ਯਿਸੂ ਦੀ ਸੇਵਕਾਈ ਦੇ ਕੁਝ ਚੁਣੇ ਹੋਏ ਪਹਿਲੂਆਂ ਨੂੰ ਵੇਖਦਾ ਹੈ। ਯਿਸੂ ਦੇ ਜੀਵਨ ਬਾਰੇ ਸੰਪੂਰਨ ਅਧਿਐਨ ਕਰਨ ਦੇ ਲਈ ਹੇਠਾਂ ਕੁਝ ਸਿਫਾਰਿਸ਼ ਕੀਤੀਆਂ ਹੋਈਆਂ ਕਿਤਾਬਾਂ ਦੀ ਸੂਚੀ ਹੈ। ਇਹ ਕਿਤਾਬਾਂ ਇਸ ਕੋਰਸ ਦੇ ਮੁੱਢਲੇ ਸ੍ਰੋਤ ਹਨ।

*Jesus According to Scripture by Darrell Bock and The Words and Works of Jesus Christ by J. Dwight Pentecost* **ਮਸੀਹ ਦੇ ਜੀਵਨ ਦਾ ਸੰਪੂਰਨ ਅਧਿਐਨ ਹੈ।** Ajith Fernando's Jesus Driven Ministry and Robert Coleman's The Master Plan of Evangelism **ਯਿਸੂ ਦੀ ਸੇਵਕਾਈ ਸ਼ੈਲੀ** ਨੂੰ ਸਮਝਣ ਦੇ ਲਈ ਬਹੁਤ ਉੱਚੇ ਪੱਧਰ ਤੇ ਸਿਫਾਰਿਸ਼ ਕੀਤੇ ਜਾਂਦੇ ਹਨ।


Blomberg, Craig. *Jesus and the Gospels*. Nashville: Broadman & Holman, 1997.

Bock, Darrell L. *Jesus According to Scripture*. Grand Rapids: Baker Academic, 2002.

Coleman, Robert E. *The Mind of the Master*. Colorado Springs: Waterbrook Press, 1977.

Coleman, Robert E. *The Master Plan of Evangelism*. Grand Rapids: Baker Books, 1993.

Fernando, Ajith. *Jesus Driven Ministry*. Wheaton, Illinois: Crossway, 2002.

Pentecost, J. Dwight. *The Words and Works of Jesus Christ*. Grand Rapids: Zondervan, 1981.

Robertson, A. T. *Harmony of the Gospels*. New York: Harper & Row Publishers, 1922. ਜੋ ਕਿ http://www.gutenberg.org/files/36264/36264-h/36264-h.htm ਤੇ ਉਪਲੱਭਧ ਹੈ।

# ਅਸਾਇਨਮੈਂਟਾਂ ਦਾ ਰਿਕਾਰਡ

ਵਿਦਿਆਰਥੀ ਦਾ ਨਾਮ ________________________________________

ਹੇਠਾਂ ਦਿੱਤੇ ਟੇਬਲ ਦੇ ਵਿੱਚ, ਅਰੰਭਿਕ ਜਦੋਂ ਅਸਾਇਨਮੈਂਟ ਪੂਰਾ ਕੀਤਾ ਗਿਆ। Shepherds Global Classroom ਤੋਂ ਸਰਟੀਫੀਕੇਟ ਲੈਣ ਦੇ ਲਈ ਸਾਰੇ ਅਸਾਇਨਮੈਂਟ ਪੂਰੇ ਕੀਤੇ ਜਾਣਦੇ ਚਾਹੀਦੇ ਹਨ।

| ਸਬਕ | ਅਸਾਇਨਮੈਂਟ 1 | ਅਸਾਇਨਮੈਂਟ 2 | ਅਸਾਇਨਮੈਂਟ 3 |
|---|---|---|---|
| 1 | | | |
| 2 | | | |
| 3 | | | |
| 4 | | | |
| 5 | | | |
| 6 | | | |
| 7 | | | |
| 8 | | | |
| 9 | | | |

Shepherds Global Classroom ਤੋਂ ਪੂਰਿਆਂ ਕਰਨ ਦਾ ਸਰਟੀਫੀਕੇਟ ਪ੍ਰਾਪਤ ਕਰਨ ਦੀ ਐਪਲੀਕੇਸ਼ਨ ਸਾਡੇ ਵੈੱਬਪੇਜ www.shepherdsglobal.org ਤੇ ਪੂਰਾ ਕੀਤਾ ਜਾ ਸਕਦਾ ਹੈ। ਪ੍ਰਮਾਣ ਪੱਤਰ SGC ਦੇ ਸਿੱਖਿਅਕ ਜਾਂ ਆਗੂ ਨੂੰ ਡਿਜੀਟਲ ਤੌਰ ਤੇ ਭੇਜ ਦਿੱਤੇ ਜਾਣਗੇ ਜੋ ਵਿਦਿਆਰਥੀ/ਵਿਦਿਆਰਥੀਆਂ ਦੇ ਵੱਲੋਂ ਐਪਲੀਕੇਸ਼ਨ ਨੂੰ ਪੂਰਿਆਂ ਕਰਦਾ ਹੈ।